
ਸੰਸਾਰ ਦਾ

ਚੌਣਵਾਂ ਸਾਖੀ ਸਾਹਿਤ





ਪ੍ਰੋ: ਇੰਦਰ ਸਿੰਘ ਘੱਗਾ

ਸੰਸਾਰ ਦਾ -

ਚੋਣਵਾਂ ਸਾਖੀ ਸਾਹਿਤ

ਲੇਖਕ

ਪ੍ਰੋ. ਇੰਦਰ ਸਿੰਘ ਘੱਗਾ

ਮੋ. : 98551-51699

E-mail	:	info@fatehpublications.com
Web.	:	www. fatehpublications.com
ਟਾਈਪ ਸੈਟਿੰਗ	:	ਬਲਜਿੰਦਰ ਸਿੰਘ ਖਨੌਰੀ
ਪ੍ਰਕਾਸ਼ਨ	:	ਪਹਿਲੀ ਵਾਰ, ਮਈ 2011
ਛਾਪਕ	:	ਡਾਫੋਡਿਲ ਪ੍ਰਿੰਟਿਗ ਪ੍ਰੈੱਸ, ਇੰਡਸਟਰੀਅਲ ਏਰੀਆ, ਪਟਿਆਲਾ
ਮੁੱਲ	:	200 ਰੁਪਏ ($ 5, £ 10)

ਕਾਪੀਰਾਈਟ : ਸਭ ਹੱਕ ਲੇਖਕ ਦੇ ਰਾਖਵੇਂ ਹਨ

ਜ਼ਰੂਰੀ ਨੋਟ: ਪੁਸਤਕ ਨਾਲ ਸਬੰਧਤ ਵਿਵਾਦ ਕੇਵਲ ਪਟਿਆਲੇ ਦੀ ਅਦਾਲਤ ਵਿੱਚ ਹੀ ਨਿਪਟਾਏ ਜਾਣਗੇ।

ਤਤਕਰਾ

1.	ਭੂਮਿਕਾ	1
2.	ਜਿਨ੍ਹਾਂ ਸੁਣਿਆ	4
3.	ਜਿਨ੍ਹਾਂ ਪੜ੍ਹਿਆ	6
4.	ਬੋਲਣਾ	9
5.	ਸਾਖੀ - ਸਿੱਖਿਆ	13
6.	ਜਨਮ ਸਾਖੀਆਂ ਅਤੇ ਭਾਈ ਗੁਰਦਾਸ ਜੀ	17
7.	ਸਿੱਖਿਆ ਅਤੇ ਸਮਾਜ	21
8.	ਅਣਹੋਣੀਆਂ ਸਾਖੀਆਂ	25
9.	ਜਦੋਂ ਭਾਈ ਮਰਦਾਨਾ "ਭੇਡੂ ਬਣਿਆ"	29
10.	ਗੁਰੂ ਨਾਨਕ ਪੰਜਾਬ ਦਾ "ਮੋਦੀ"	33
11.	ਭਾਈ ਲਾਲੋ ਬਨਾਮ ਮਲਕ ਭਾਗੋ	38
12.	ਗੁਰੂ ਅੰਗਦ ਸਾਹਿਬ (ਸਾਖੀਆਂ)	43
13.	ਗੁਰੂ ਅਮਰਦਾਸ ਸਾਹਿਬ (ਸਾਖੀਆਂ)	47
14.	ਗੁਰੂ ਰਾਮਦਾਸ ਸਾਹਿਬ (ਸਾਖੀਆਂ)	52
15.	ਗੁਰੂ ਅਰਜਨ ਸਾਹਿਬ (ਸਾਖੀਆਂ)	58
16.	ਗੁਰੂ ਹਰਿ ਗੋਬਿੰਦ ਸਾਹਿਬ (ਸਾਖੀਆਂ)	63
17.	ਗੁਰੂ ਹਰਿ ਰਾਇ ਜੀ (ਸਾਖੀਆਂ)	71
18.	ਗੁਰੂ ਹਰਿ ਕ੍ਰਿਸ਼ਨ ਸਾਹਿਬ (ਸਾਖੀਆਂ)	74
19.	ਗੁਰੂ ਤੇਗ ਬਹਾਦਰ ਜੀ (ਸਾਖੀਆਂ)	79
20.	ਗੁਰੂ ਗੋਬਿੰਦ ਸਿੰਘ ਜੀ (ਸਾਖੀਆਂ)	92
21.	ਭਾਈ ਬਚਿੱਤਰ ਸਿੰਘ	101
22.	ਖੰਡੇ ਕੀ ਪਾਹੁਲ	103
23.	ਜਦੋਂ ਕਲਮਾਂ ਸੁੱਟ ਦਿੱਤੀਆਂ	109
	(ਸਿੱਖਿਆਦਾਇਕ ਸਾਖੀਆਂ - ਭਾਗ ਦੂਜਾ)	
24.	ਵਿੱਦਿਆ ਅਤੇ ਜ਼ਮੀਰ	115
25.	ਇਨਸਾਫ਼ ਦੀ ਚਪੇੜ	117
26.	ਇਨਸਾਫ਼ ਦੀ ਮਿਸਾਲ	120

27. ਇਨਸਾਫ਼ ਦਾ ਸਿਖਰ 122
28. ਰਾਹ ਦੇ ਕੰਡੇ 124
29. ਗੁਰੂ 'ਤੇ ਕਿਰਪਾ ਕਰੋ 127
30. ਸੇਵਾ ਦੀ ਲਗਨ 129
31. ਕਰ ਭਲਾ ਹੋ ਭਲਾ 133
32. ਅਸਲੀ ਤਿਆਗ 136
33. ਭਵਿੱਖਤ ਵਾਕ 139
34. ਮਾਂ ਦੀ ਸਿਆਣਪ 142
35. ਧਰਮ ਕਿ ਧੰਦਾ ? 145
36. ਸਮਾਧੀ ਵਾਲੀ ਗੋਲੀ 148
37. ਖ਼ਜ਼ਾਨੇ ਦਾ ਮਾਲਕ ਭਿਖਾਰੀ 152
38. ਪਰਖ ਦੇ ਸੰਦ 155
39. ਮਜਬੂਰੀ ਵਿੱਚ ਸੇਵਾ 158
40. ਧਾਰਮਕ ਸ਼ੋਰ 161
41. ਮਨ ਦੀ ਘਾੜਤ 164
42. "ਨਾਮੀ" ਦਾ ਜੀਵਨ 167
43. ਭੀੜਾਂ ਤੇ ਪੁਰਾਤਨਤਾ 169
44. ਮੱਸੇ ਰੰਘੜ ਦੀ ਰੂਹ 172
45. ਇਕਸੁਰਤਾ 175
46. ਮੁੱਲ ਦਾ ਉਪਦੇਸ਼ 177
47. ਗੁਰੂ ਜੀ ਦੇ ਉਪਕਾਰ 180
48. ਭਾਈ ਸੁਥਰਾ ਜੀ (2) 182
49. ਭਾਈ ਸੁਥਰਾ ਜੀ (3) 185
50. ਚੁੱਪ 188
51. ਸੰਗੀਤ ਦੀ ਕਦਰ 191
52. ਅਰਦਾਸ, ਜੰਗ ਅਤੇ ਅਮਨ ਦੀ 193
53. ਤਨ ਮਨ ਦੇ ਰੋਗੀ 196
54. ਫ਼ਕੀਰ ਦਾ ਕੰਬਲ 198
55. ਸਿਰ ਉੱਚਾ ਸਿਰ ਨੀਵਾਂ 200
56. ਆਜ਼ਾਦੀ 202
57. ਪੱਥਰ ਜਿਉਂਦੇ ਹਨ 205
58. ਚੰਗਿਆਈ ਤੇ ਬੁਰਾਈ 207

59. ਬਰਬਾਦੀ ਦੇ ਲੱਛਣ 210
60. ਕੋਮਲ ਕਲਾ ਮਹਾਨ ਹੈ 213
61. ਧਰਮ ਤੇ ਵਾਪਾਰ 217
62. ਸ਼ੁਕਰਾਨਾ 219
63. ਕਾਨੂੰਨ ਦੇ ਸ਼ਹੀਦ 222
64. ਆਜ਼ਾਦੀ ਦਾ ਛਲਾਵਾ 224
65. ਵਿਸ਼ਵਾਸ ਘਾਤ 227
66. ਮਿਹਨਤ ਅਤੇ ਕਿਸਮਤ 230
67. ਸੁਪਨ ਸੰਸਾਰ 232
68. ਸਿਰ ਦੀ ਭੇਟਾ 235
69. ਗੁਰੂ ਦੀ ਲਾਡਲੀ ਫ਼ੌਜ ? 237
70. ਵਫ਼ਾਦਾਰੀ ਦੀ ਇੰਤਹਾ 240
71 ਸੱਚੀ ਭਵਿੱਖਬਾਣੀ 243
72. ਸਿਰੁ ਧਰਿ ਤਲੀ 247
73. ਪੱਥਰ ਤੋਂ ਹੀਰਾ 253
74. ਰਾਜ ਮਹਿਲ ਦਾ ਦਰਵਾਜ਼ਾ 256
75. ਬੇ ਮਿਸਾਲ ਜੰਗਬਾਜ਼ 261
76. ਬਾਜ ਦੀ ਝਪਟ 265
77. ਨਿਡਰਤਾ ਦੀ ਮਿਸਾਲ 268
78. ਪੱਗ ਦੀ ਲਾਜ 271
79. ਇੱਕ ਦਲੇਰ ਔਰਤ 274
80. ਰੱਬ 'ਤੇ ਮੁਕੱਦਮਾ 276
81 ਗ਼ੁਲਾਮੀ ਦੇ ਜਕੜਬੰਦ 280
82. ਦੁੱਖ-ਸੁੱਖ ਤੋਂ ਮੁਕਤੀ 283
83. ਜੀਵਨ ਬਦਲ ਗਿਆ 287
84. ਡਰਪੋਕ ਜਾਂ ਬਹਾਦਰ 289
85. ਸ਼ਰਧਾ ਅਗਿਆਨ-ਗੁਰਬਾਣੀ ਗਿਆਨ 292
86. ਅਸੀਂ ਸਿਮਰਨ ਕਰਦੇ ਹਾਂ, ਤੁਸੀਂ ਕੰਮ ਕਰੋ 297
87. ਸਿਮਰਨ ਦੀਆਂ ਬਰਕਤਾਂ - ਦੂਜਾ ਪਾਸਾ 302
88. ਮਨੁੱਖਤਾ ਦੇ ਰਾਖੇ, ਬਜਰੰਗ ਸਿੰਘ ਦੀ ਦਾਸਤਾਨ 307
89. ਪਛਤਾਵਾ 315
90. ਹਾਲਾਤ ਅਤੇ ਇਲਾਜ 317

91. ਅਰਦਾਸ ਕਿ ਰੱਬ ਨਾਲ ਸੌਦਾ 321
92. ਅਨੋਖਾ ਡਾਕਟਰ 324
93. ਇਨਸਾਫ਼ ਦਾ ਤਰਾਜੂ 326
94. ਬਦਲੇ ਦੀ ਅੱਗ 329
95. ਅਨੋਖੀ ਅਰਦਾਸ 333
96. ਬਾ-ਕਮਾਲ ਸਿਆਣਪ 337
97. ਡਾਕੂਆਂ ਦੀ ਸ਼ਨਾਖ਼ਤ 340
98. ਮਹਾਂਬਲੀ ਰਣਜੀਤ ਸਿੰਘ 343
99. ਮਾ. ਰਣਜੀਤ ਸਿੰਘ ਇਤਿਹਾਸਕਾਰਾਂ ਦੀ ਨਜ਼ਰਾਂ 'ਚ 348
100. ਰਣਜੀਤ ਸਿੰਘ - ਪਰਉਪਕਾਰੀ ਸੀਰਤ 351
101. ਨਾਟਕ ਦੀ ਪੇਸ਼ਕਾਰੀ 357
102. ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ 359
103. ਲਾਲ ਝੰਡੀ ਵਾਲਾ ਸ਼ਹੀਦ 362
104. ਅਨੋਖਾ ਸਵਾਲ 365
105. ਆਓ ਮਾਤਮ ਕਰੀਏ - ਧਾਰਾ 295 ਏ 'ਤੇ 368
106. ਸੰਕਟ ਸਮੇਂ ਦੇ ਫ਼ੈਸਲੇ...? 378
107. ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ... 382
108. ਕੂੜੁ ਬੋਲਿ ਮੁਰਦਾਰੁ ਖਾਇ... 390
109. ਦਸਮੇਸ਼ ਦੀ ਕਲਗੀ ਦੇ ਵਾਰਿਸ 395
110. ਦਸਮ ਗ੍ਰੰਥ ਬਾਰੇ ਪਹਿਲੀ ਮਿਆਰੀ ਖੋਜ 401
111. ਬੋਧ ਸਾਖੀਆਂ 406
112. ਸੰਖੇਪ ਸਾਰ ਬਚਨ 409

ਗੁਰੂ ਫ਼ੁਰਮਾਨ

ਪਰਥਾਇ "ਸਾਖੀ" ਮਹਾਪੁਰਖ ਬੋਲਦੇ, ਸਾਝੀ ਸਗਲ ਜਹਾਨੈ ॥
ਗੁਰਮੁਖਿ ਹੋਇ ਸੁ ਭਉ ਕਰੇ, ਆਪਣਾ ਆਪੁ ਪਛਾਣੈ ॥
ਗੁਰ ਪਰਸਾਦੀ ਜੀਵਤੁ ਮਰੈ, ਤਾ ਮਨ ਹੀ ਤੇ ਮਨੁ ਮਾਨੈ ॥
ਜਿਨ ਕਉ ਮਨ ਕੀ ਪਰਤੀਤਿ ਨਾਹੀ, ਨਾਨਕ ਸੇ ਕਿਆ ਕਥਹਿ ਗਿਆਨੈ ॥ (647)

'ਆਓ ਸੱਚ ਬੋਲੀਏ'

ਝੂਠ ਦੇ ਬਾਜ਼ਾਰ ਵਿੱਚ ਆਉ ਸੱਚ ਬੋਲੀਏ।
ਪੱਥਰਾਂ ਦੀ ਮਾਰ ਵਿੱਚ ਆਉ ਸੱਚ ਬੋਲੀਏ।
ਸੀਸ ਨੇ ਸਲੀਬ ਤੇ, ਤੀਰ ਗੱਡੇ ਧੌਣ ਵਿੱਚ,
ਕਤਲ ਦੇ ਕਗਾਰ ਵਿੱਚ ਆਉ ਸੱਚ ਬੋਲੀਏ।
ਸ਼ੂਲੀਆਂ ਦੀ ਸੇਜ 'ਤੇ, ਤੇਗਿਆਂ ਦੀ ਨੋਕ 'ਤੇ,
ਚਲਦੀ ਕਟਾਰ ਵਿੱਚ ਆਉ ਸੱਚ ਬੋਲੀਏ।
ਖ਼ੂਨ ਭਿੱਜੇ ਫੁੱਲ ਨੇ ਕੌਮ ਦੇ ਜਵਾਨ ਅੱਜ,
ਏਸ ਮਾਰੋ ਮਾਰ ਵਿੱਚ ਆਉ ਸੱਚ ਬੋਲੀਏ।
ਸੰਗਤਾਂ ਸ਼ਹੀਦ ਸਨ, ਸੱਟ ਵੱਜੀ ਤਖ਼ਤ ਨੂੰ,
ਕੂੜ ਦੇ ਨਗਾਰ ਵਿੱਚ ਆਉ ਸੱਚ ਬੋਲੀਏ।
ਲੱਠ ਮਾਰ ਜੁੰਡਲੀ ਕੌਮ ਘਾਤੀ ਕੁੰਡਲੀ,
ਖ਼ੂਨ ਦੀ ਬੁਛਾਰ ਵਿੱਚ ਆਉ ਸੱਚ ਬੋਲੀਏ।
"ਸ਼ਿਘ" ਦੀ ਗ਼ੁਲਾਮ ਹੈ ਮੂੰਹ 'ਚ ਲਗਾਮ ਹੈ,
ਕੌਮ ਦੇ ਨਿਘਾਰ ਵਿੱਚ ਆਉ ਸੱਚ ਬੋਲੀਏ।
ਵੇਖ ਲਓ ਜਥੇਦਾਰ, ਪੰਥ ਲਈ ਗ਼ੱਦਾਰ,
ਚੋਰਾਂ ਤੇ ਮਕਾਰਾਂ ਵਿੱਚ ਆਉ ਸੱਚ ਬੋਲੀਏ।
ਲੇਖ ਦਸਮ ਗ੍ਰੰਥ ਦਾ, ਦੁਫਾੜ ਕੀਤਾ ਪੰਥ ਦਾ,
ਲੁੱਚੇ ਤੇ ਲਫ਼ੰਗਿਆਂ 'ਚ ਆਉ ਸੱਚ ਬੋਲੀਏ।

(ਹਰੀ ਰਤਨ ਯੁਕਤਾ, ਸਪੋਕਸਮੈਨ, 11-4-2007)



ਭੂਮਿਕਾ

ਜਦੋਂ ਤੋਂ ਮਨੁੱਖ ਜਾਤੀ ਨੇ ਬੋਲਣਾ ਸਿੱਖਿਆ ਹੈ, ਸਮਝੋ ਸਾਖੀਆਂ ਸੁਣਨੀਆਂ ਤੇ ਸੁਨਾਉਣੀਆਂ ਉਸ ਸਮੇਂ ਤੋਂ ਹੀ ਸ਼ੁਰੂ ਹੋ ਗਈਆਂ। ਜੋ ਕੁੱਝ ਇੱਕ ਇਨਸਾਨ ਨੂੰ ਪਤਾ ਲੱਗ ਗਿਆ, ਉਹੀ ਵਿਚਾਰ ਜਦੋਂ ਦੂਜੇ ਮਨੁੱਖ ਨੂੰ ਸਮਝਾਉਣ ਵਾਸਤੇ ਬੋਲਿਆ ਗਿਆ, ਉਸੇ ਨੂੰ "ਸਾਖੀ" ਕਹਿ ਸਕਦੇ ਹਾਂ। ਇਸ ਦਾ ਭਾਵ ਅਰਥ ਕੀਤਾ ਜਾਂਦਾ ਹੈ ਕਿ ਸਾਖਸੀ ਭਾਵ ਗਵਾਹੀ। ਜਿਸ ਦਾ ਮਤਲਬ ਹੈ ਕਿ ਜੋ ਘਟਨਾ ਅੱਖੀਂ ਵੇਖੀ ਹੋਵੇ। ਸੁਣਾਉਣ ਵਾਲਾ ਆਖੇ ਕਿ ਮੈਂ ਗਵਾਹ ਹਾਂ। ਮੈਂ ਉਸ ਥਾਂ ਹਾਜ਼ਰ ਸੀ। ਮੇਰੇ ਸਾਹਮਣੇ ਸਾਰਾ ਕੁੱਝ ਵਾਪਰਿਆ ਹੈ। ਗੁਰਵਾਕ ਹਨ-

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥ (894)

ਸਮੇਂ ਦੇ ਬੀਤਣ ਨਾਲ ਇਨਸਾਨ ਨੇ ਲਿਖਣਾ ਸਿਖ ਲਿਆ। ਜਿਥੇ ਪਹਿਲਾਂ ਆਪਣੇ ਵਿਚਾਰ ਕੇਵਲ ਬੋਲ ਕੇ ਹੀ ਦੂਜੇ ਤੱਕ ਪੁਚਾਏ ਜਾ ਸਕਦੇ ਸਨ। ਫਿਰ ਲਿਖ ਕੇ ਪੁਚਾਏ ਜਾਣ ਦੀ ਸਹੂਲਤ ਪ੍ਰਗਟ ਹੋ ਗਈ। "ਸਾਖੀ" ਬਾਰੇ ਪੁਰਾਣੇ ਵਿਦਵਾਨਾਂ ਨੇ ਤਾਂ ਇਹੀ ਲਿਖਿਆ ਹੈ ਕਿ ਨਿਰੋਲ ਸੱਚ, ਅੱਖੀਂ ਵੇਖੀ ਸੱਚੀ ਘਟਨਾ ਨੂੰ ਸਾਖੀ ਕਿਹਾ ਜਾਂਦਾ ਹੈ ਪਰ ਸਾਖੀ ਨਾਮ ਅਧੀਨ ਬਹੁਤ ਝੂਠ ਪ੍ਰਚਾਰਿਆ ਗਿਆ ਹੈ। ਲਿਖ ਕੇ ਅਤੇ ਬੋਲ ਕੇ ਬੇਅੰਤ ਕੁਫਰ ਲੋਕ ਮਨਾਂ ਵਿੱਚ ਠੂਸ ਦਿੱਤਾ। ਜਿਸ ਤੋਂ ਮੁਕਤ ਹੋਣ ਲਈ ਸ਼ਾਇਦ ਹਾਲੀ ਸਦੀਆਂ ਤੱਕ ਹੋਰ ਉਡੀਕ ਕਰਨੀ ਪਵੇਗੀ। ਸਾਰਾ "ਧਾਰਮਿਕ ਸਾਹਿਤ" ਕੂੜ ਕੁਫਰ ਨਾਲ ਭਰਿਆ ਪਿਆ ਹੈ। 18 ਪੁਰਾਣ ਮਿਥਿਹਾਸ ਹੀ ਤਾਂ ਹਨ।

ਸਾਖੀਆਂ ਬਾਰੇ ਕੋਈ ਵਿਅਕਤੀ ਇਹ ਦਾਹਵਾ ਨਹੀਂ ਕਰ ਸਕਦਾ ਕਿ ਇਹ ਮੇਰੀਆਂ ਲਿਖੀਆਂ ਹੋਈਆਂ ਹਨ। ਕੋਈ ਲੇਖਕ ਉਨ੍ਹਾਂ ਸਾਖੀਆਂ ਨੂੰ ਸੰਪਾਦਨ ਕਰ ਸਕਦਾ ਹੈ। ਵਧੀਆ ਤਰਤੀਬ ਦੇ ਸਕਦਾ ਹੈ। ਰੌਚਕਤਾ ਪੈਦਾ ਕਰ ਸਕਦਾ ਹੈ। ਉਸ ਦੀ ਸ਼ਬਦਾਵਲੀ ਮਾਂਜ ਸੰਵਾਰ ਸਕਦਾ ਹੈ ਪਰ ਇਹ ਦਾਹਵਾ ਕਰਨਾ ਵਾਜਬ ਨਹੀਂ ਕਿ ਇਹ ਮੇਰੀ ਰਚਨਾ ਹੈ। ਜੋ ਸਾਖੀਆਂ ਵਿਸ਼ਨੂੰ ਅਤੇ ਕ੍ਰਿਸ਼ਨ ਨਾਲ ਸਬੰਧਤ ਕਰ ਕੇ ਸੁਣਾਈਆਂ ਜਾਂਦੀਆਂ ਹਨ, ਉਹੀ ਹਜਰਤ ਮੁਹੰਮਦ ਸਾਹਿਬ ਨਾਲ ਭੀ ਜੁੜੀਆਂ ਮਿਲਦੀਆਂ ਹਨ। ਗੁਰੂ ਨਾਨਕ ਸਾਹਿਬ ਨਾਲ ਭੀ ਜੋੜੀਆਂ ਮਿਲਦੀਆਂ ਹਨ। ਅੱਗੋਂ ਸਾਧ, ਸੰਤ, ਡੇਰੇਦਾਰ ਭੀ ਆਪਣੇ ਨਾਲ ਜੋੜ ਰਹੇ ਹਨ। ਸ੍ਰੋਤਿਆਂ ਅੱਗੇ ਨਵੀਨਤਾ ਵਾਲੀਆਂ ਸਾਖੀਆਂ ਸੁਣਾਉਣ ਦੀ ਥਾਵੇਂ ਉਨ੍ਹਾਂ ਨੂੰ ਹੀ ਬਦਲ ਕੇ ਸੁਣਾ ਦਿੱਤਾ ਜਾਂਦਾ ਹੈ ਕਿਉਂਕਿ ਸੰਗਤ ਨਵੀਂ ਹੈ। ਜੇ ਬਜ਼ੁਰਗਾਂ ਨੇ ਸਾਖੀਆਂ ਸੁਣੀਆਂ ਹੋਈਆਂ ਹਨ ਤਾਂ ਕੀ ਹੋਇਆ, ਆਪਾਂ ਨਵੀਂ ਪਨੀਰੀ ਨੂੰ ਉਹੀ ਸਾਖੀਆਂ ਸੁਣਾ ਕੇ ਕਹਿ ਦਿਆਂਗੇ ਕਿ ਇਹ ਸਾਡੇ ਬਾਬਾ ਜੀ ਦੀਆਂ ਹਨ। ਹਰ ਇੱਕ ਸਟੇਜ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਧਾਰਮਕ ਬਸਤਰਾਂ ਵਿੱਚ ਸਜੇ, ਛੋਟੇ-ਵੱਡੇ ਕਥਾ ਵਾਚਕ ਪੂਰੀ ਢੀਠਤਾਈ ਨਾਲ ਕੁਫਰ ਕਹਾਣੀਆਂ ਸੁਣਾ ਕੇ ਸ੍ਰੋਤਿਆਂ ਨੂੰ ਹੋਰ ਮੂਰਖ ਬਣਾਈ ਜਾ ਰਹੇ ਹਨ।

ਜਿਵੇਂ ਕੋਈ ਘਟਨਾ ਵਾਪਰੀ ਹੈ। ਉਸੇ ਰੂਪ ਵਿੱਚ ਤਾਂ ਕੋਈ ਭੀ ਬਿਆਨ ਨਹੀਂ ਕਰ ਸਕਦਾ। ਇਸ ਪਹਿਲੂ ਬਾਰੇ ਤਾਂ ਸੋਚ ਸਕਦੇ ਹਾਂ ਜੋ ਸਾਖੀ ਸੁਣੀ-ਸੁਣਾਈ ਜਾ ਰਹੀ ਹੈ, ਅੱਜ ਦੇ ਹਾਲਾਤ ਵਿੱਚ ਇਸ ਦਾ ਕੀ ਫ਼ਾਇਦਾ ਹੈ ? ਸੁਣਾਈ ਗਈ ਸਾਖੀ ਤੋਂ ਕੀ ਸਿੱਖਿਆ ਮਿਲੀ ਹੈ ? ਸਿੱਖਾਂ ਦੀਆਂ

ਸਟੇਜਾਂ 'ਤੇ ਕਲਪਿਤ ਜਾਂ ਝੂਠੀਆਂ ਸਾਖੀਆਂ ਤਾਂ ਸੁਣਾਈਆਂ ਹੀ ਜਾਂਦੀਆਂ ਹਨ। ਸਗੋਂ ਗੰਦੀਆਂ ਤੇ ਲੁੱਚੀਆਂ ਕਹਾਣੀਆਂ ਭੀ ਮੈਂ ਸਿੱਖਾਂ ਦੀਆਂ ਸਟੇਜਾਂ ਤੋਂ ਬਹੁਤ ਵਾਰੀ ਸੁਣ ਚੁੱਕਿਆ ਹਾਂ। ਜਿਨੀ ਕੁ ਮੇਰੀ ਸਮਰੱਥਾ ਅਤੇ ਪਹੁੰਚ ਸੀ, ਉਸ ਮੁਤਾਬਕ ਮੈਂ ਅਜਿਹੇ ਗੰਦ ਮੰਦ ਨੂੰ ਧੋਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਰਾੜੇ ਵਾਲੇ (ਮਹਿੰਦਰ ਸਿੰਘ), ਲੂਲੋ ਵਾਲੇ (ਹਰਦੇਵ ਸਿੰਘ) ਟਕਸਾਲ ਵਾਲੇ, ਕਾਲੀ ਕੰਬਲੀ ਵਾਲੇ, ਨਰੈਣ ਸਿੰਘ ਮੋਨੀ ਤਪੇ ਥਰਾਜ ਵਾਲੇ ਆਦਿ ਨਾਲ ਆਹਮੋ ਸਾਹਮਣੇ "ਤੂੰ ਤੂੰ- ਮੈਂ ਮੈਂ" ਕਰ ਚੁੱਕਿਆ ਹਾਂ। ਬਹੁਤ ਸਾਰੇ ਲੇਖਕਾਂ, ਪ੍ਰੋਫੈਸਰਾਂ, ਇਤਿਹਾਸਕਾਰਾਂ ਨਾਲ ਮਗਜ਼ ਖਪਾਈ ਕਰ ਚੁੱਕਿਆ ਹਾਂ। ਨਿੱਜੀ ਤੌਰ 'ਤੇ ਜਿਨ੍ਹਾਂ ਨੂੰ ਮੈਂ ਜਾਣਦਾ ਹਾਂ। ਮਹਿਸੂਸ ਕਰਦਾ ਰਿਹਾ ਸਾਂ ਕਿ ਉਹ ਸੱਚੋ ਸੱਚ ਲਿਖਣ ਦੀ "ਮਰਦਾਨਗੀ" ਵਿਖਾਉਣਗੇ। ਹਾਲੀ ਤੱਕ ਉਨ੍ਹਾਂ ਵੱਲੋਂ ਮੇਰੇ ਪੱਲੇ ਨਿਰਾਸਤਾ ਹੀ ਪਾਈ ਗਈ ਹੈ। ਅਜਿਹੇ ਉੱਚੇ ਪੱਧਰ ਦੇ ਵਿਅਕਤੀਆਂ ਨਾਲ ਹੋਈਆਂ ਮਿਲਣੀਆਂ ਦੇ ਵੇਰਵੇ ਭੀ ਮੈਂ ਆਉਣ ਵਾਲੇ ਸਮੇਂ ਵਿੱਚ ਲਿਖਾਂਗਾ ਤਾਂ ਕਿ ਆਮ ਸਿੱਖ ਨੂੰ ਪਤਾ ਲੱਗ ਜਾਵੇ ਕਿ ਜਿਨ੍ਹਾਂ ਨੂੰ ਅਸੀਂ ਮਹਾਨ ਵਿਦਵਾਨ ਸਮਝਦੇ ਰਹੇ ਹਾਂ, ਉਹ ਕਿੰਨੇ ਡਰਪੋਕ ਮਨੁੱਖ ਹਨ। ਸਿੱਖ ਸਟੇਜਾਂ 'ਤੇ ਬੋਲਦਿਆਂ ਉਮਰਾਂ ਬੀਤ ਗਈਆਂ। ਧਰਮ ਦੇ ਅਸੂਲਾਂ 'ਤੇ ਦ੍ਰਿੜਤਾ ਨਾਲ ਪਹਿਰਾ ਦੇਣ ਦਾ ਉਪਦੇਸ਼ ਕਰਨ ਵਾਲਿਆਂ ਦੀਆਂ ਉਮਰਾਂ ਲੰਘ ਗਈਆਂ, ਖ਼ੁਦ ਸੱਚ 'ਤੇ ਪਹਿਰਾ ਨਾ ਦੇ ਸਕੇ। ਮੈਂ ਸਮਝਦਾ ਹਾਂ ਧਰਮ ਦੇ ਚੋਲੇ ਪਾਈ ਫਿਰਨ ਵਾਲਿਆਂ ਨਾਲੋਂ ਅਖ਼ਬਾਰਾਂ ਵਾਲੇ ਬਹੁਤ ਦਲੇਰ ਹਨ, ਜੋ ਲੀਡਰਾਂ, ਅਫ਼ਸਰਾਂ, ਚੋਰਾਂ, ਠੱਗਾਂ ਤੇ ਕਾਤਿਲਾਂ ਨੂੰ ਚੁਰਾਹੇ ਵਿੱਚ ਨੰਗਾ ਕਰ ਦਿੰਦੇ ਹਨ। ਟੀ.ਵੀ. ਚੈਨਲਾਂ ਵਾਲੇ ਬੇਅੰਤ ਖ਼ਤਰੇ ਸਹੇੜ ਕੇ ਪ੍ਰਧਾਨ ਮੰਤਰੀ, ਮੰਤਰੀ, ਆਹਲਾ ਅਫ਼ਸਰਾਂ ਤੱਕ ਨੂੰ ਪਸੀਨੇ ਛੁਡਾ ਦਿੰਦੇ ਹਨ। ਉਨ੍ਹਾਂ ਵੱਲੋਂ ਇਕੱਠੇ ਕੀਤੇ ਸਬੂਤਾਂ ਕਾਰਨ, ਇਨ੍ਹਾਂ ਦੀ ਮਿੱਟੀ ਪਲੀਤ ਹੋ ਜਾਂਦੀ ਹੈ। ਮੁਕੱਦਮੇ ਚੱਲ ਪੈਂਦੇ ਹਨ। "ਧਾਰਮਕ" ਵਿਅਕਤੀਆਂ ਨਾਲੋਂ ਟੀ.ਵੀ. ਚੈਨਲਾਂ ਵਾਲੇ ਜ਼ਿਆਦਾ ਦਲੇਰ ਹਨ, ਸੱਚ ਦੇ ਵੱਧ ਨੇੜੇ ਹਨ। ਧਰਮੀ ਅੱਖਵਾਉਣ ਵਾਲੇ ਝੂਠ ਬੋਲ ਕੇ, ਜ਼ਮੀਰ ਮਾਰ ਕੇ, ਨੀਵੀਆਂ ਪਾ ਕੇ, ਮੰਤਰ ਜਾਪ ਕਰ ਕੇ, ਅਗਲਾ ਜਨਮ ਸੰਵਾਰਨ ਦੀ ਆਸ ਲਾਈ ਬੈਠੇ ਹਨ।

"ਅੰਤਮ ਸੱਚ" ਕਹਿ ਸਕਣ ਦੀ ਮੇਰੀ ਸਮਰੱਥਾ ਨਹੀਂ ਹੈ। ਜਿੰਨੇ ਕੁ ਸਾਧਨ ਮੇਰੇ ਕੋਲ ਸਨ। ਜੋ ਕੁੱਝ ਮੈਂ ਵੇਖ ਪਰਖ ਸਕਿਆ ਹਾਂ, ਉਹ ਪਾਠਕਾਂ ਸਨਮੁੱਖ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਪਿਛਲੇ 40 ਕੁ ਸਾਲ ਤੋਂ ਮੈਂ ਸਾਖੀਆਂ, ਘਟਨਾਵਾਂ ਸਾਂਭਦਾ ਆ ਰਿਹਾ ਹਾਂ। ਦੁਨੀਆਂ ਭਰ ਦੇ ਧਰਮੀ ਪੁਰਖਾਂ ਦੇ ਬਚਨ, ਵਿਦਵਾਨਾਂ ਦੇ ਕਥਨ ਅਤੇ ਲੋਕ ਕਥਾਵਾਂ, ਜਿਥੋਂ ਮਿਲੀਆਂ ਇਕੱਠੀਆਂ ਕਰ ਲਈਆਂ। ਇਨ੍ਹਾਂ ਵਿੱਚ ਮਹਾਨ ਖ਼ਜ਼ਾਨਾ ਗੁਰਬਾਣੀ ਹੈ, ਭਾਈ ਗੁਰਦਾਸ ਹੈ, ਜਨਮ ਸਾਖੀਆਂ ਹਨ, ਇਤਿਹਾਸ ਹੈ, ਸਿਧਾਂਤ ਹਨ। ਅੱਗੇ ਸ਼ੇਖ ਸਾਅਦੀ ਹੈ, ਖ਼ਲੀਲ ਜਿਬਰਾਨ ਹੈ, ਮਹਾਤਮਾ ਬੁੱਧ ਹੈ, ਓਸ਼ੋ (ਰਜਨੀਸ਼) ਹੈ, ਰਸੂਲ ਹਮਜ਼ਾ ਤੋਵ ਹੈ। ਇਨ੍ਹਾਂ ਤੋਂ ਬਹੁਤ ਸਹਾਇਤਾ ਪ੍ਰਾਪਤ ਕੀਤੀ ਹੈ। ਇਨ੍ਹਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ। ਮੂਲ ਰੂਪ ਵਿੱਚ ਮੈਂ ਕੋਈ ਸਾਖੀ ਨਹੀਂ ਲਿਖੀ। ਹਰ ਇੱਕ ਸਾਖੀ ਨੂੰ ਨਵੇਂ ਪਰਿਪੇਖ ਵਿੱਚ ਨਵੇਂ ਹਾਲਾਤ ਵਿੱਚ "ਅੱਜ ਦੀ ਲੋੜ" ਮੁਤਾਬਕ ਢਾਲ ਕੇ ਪੇਸ਼ ਕੀਤਾ ਹੈ।

ਪਾਠਕਾਂ ਅੱਗੇ ਨਿਮਰਤਾ ਸਹਿਤ ਗੁਜਾਰਿਸ਼ ਹੈ ਕਿ ਇਹ ਇਤਿਹਾਸ ਦੀ ਕਿਤਾਬ ਨਹੀਂ ਹੈ। ਇਸ ਲਈ ਸਾਖੀਆਂ ਨੂੰ ਸਿੱਖਿਆ ਦੇਣ ਲੈਣ-ਲਈ ਵਰਤਿਆ ਜਾਵੇ, ਹਵਾਲੇ ਦੇਣ ਵਾਸਤੇ ਨਹੀਂ। ਮੇਰੀਆਂ ਹੁਣ ਤੱਕ ਛਪੀਆਂ 13 ਕਿਤਾਬਾਂ ਨੂੰ ਪਾਠਕਾਂ ਨੇ ਜੇ ਇੰਨਾ ਵੱਡਾ ਹੁੰਘਾਰਾ ਨਾ ਦਿੱਤਾ ਹੁੰਦਾ

ਤਾਂ ਮੈਂ ਅੱਗੋਂ ਲਿਖ ਨਹੀਂ ਸੀ ਸਕਣਾ। ਪਾਠਕਾਂ ਦੇ ਪਿਆਰ ਸਦਕਾ ਲਿਖਣ ਦੀ ਹਿੰਮਤ ਬਰਕਰਾਰ ਹੈ। ਅਜੇ ਹੋਰ ਕਈ ਵਿਸ਼ਿਆਂ ਨਾਲ ਸਬੰਧਤ ਸਮੱਗਰੀ ਇਕੱਠੀ ਕੀਤੀ ਪਈ ਹੈ। ਉਮੀਦ ਹੈ, ਅੱਗੋਂ ਭੀ ਲਿਖਣ ਦਾ ਇਹ ਕਰਮ ਜਾਰੀ ਰਹੇਗਾ।

ਸਿੱਖਾਂ ਵਾਸਤੇ ਸਾਖੀ ਦਾ ਮਾਇਨਾ ਕਹਾਣੀ (ਕਥਾ) ਨਹੀਂ ਹੋਣਾ ਚਾਹੀਦਾ। ਸਾਖੀ ਦਾ ਅਰਥ, ਸਿੱਖਿਆ, ਉਪਦੇਸ਼, ਗੁਰੂ ਦਾ ਹੁਕਮ ਗੁਰਬਾਣੀ ਸਮਝਿਆ ਜਾਵੇ। ਗੁਰਬਾਣੀ ਨੂੰ ਪਾਸੇ ਕਰ ਕੇ ਹਰ ਥਾਂ ਕਥਾ ਕਹਾਣੀਆਂ ਪ੍ਰਚੱਲਤ ਕਰ ਦਿੱਤੀਆਂ ਹਨ। ਇਹ ਸਾਖੀਆਂ ਅਣਜਾਣ ਸਿੱਖਾਂ ਵੱਲੋਂ ਲਿਖੀਆਂ ਹੋ ਸਕਦੀਆਂ ਹਨ। ਕਿਸੇ ਡਰ ਜਾਂ ਲਾਲਚ ਅਧੀਨ ਲਿਖੀਆਂ ਹੋ ਸਕਦੀਆਂ ਹਨ ਪਰ ਗੁਰਬਾਣੀ ਸਤਿਕਾਰਯੋਗ ਮਹਾਂਪੁਰਖਾਂ ਵੱਲੋਂ ਖ਼ੁਦ ਲਿਖੀ ਗਈ ਹੈ। ਸਿੱਖ ਦੇ ਜੀਵਨ ਦੀ ਥੰਮ੍ਹੀ ਗੁਰਬਾਣੀ ਹੋਵੇ, ਸਾਖੀਆਂ ਨਹੀਂ। ਗੁਰੂ ਦੀ ਸਿੱਖਿਆ ਹੀ ਸਾਖੀ ਹੈ। ਪਰਮਾਣ ਪੜ੍ਹੋ-

"ਗੁਰ ਕੀ ਸਾਖੀ ਅੰਮ੍ਰਿਤ ਬਾਣੀ", ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮ ਹੋਵੈ, ਮੁਕਤਿ ਬੈਕੁੰਠੈ ਕਰੈ ਕਿਆ ॥ (360)

"ਗੁਰ ਸਾਖੀ" ਅੰਤਰਿ ਜਾਗੀ ॥ ਤਾ ਚੰਚਲ ਮਤਿ ਤਿਆਗੀ ॥
"ਗੁਰ ਸਾਖੀ" ਕਾ ਉਜੀਆਰਾ ॥ ਤਾ ਮਿਟਿਆ ਸਗਲ ਅੰਧ੍ਯਾਰਾ ॥ (599)

ਕਥਾ ਵਾਚਕਾਂ ਨੇ ਸਟੇਜ 'ਤੇ ਵਕਤ ਪੂਰਾ ਕਰਨ ਲਈ ਸਾਖੀਆਂ ਜ਼ਰੂਰ ਸੁਣਾਉਣੀਆਂ ਹੁੰਦੀਆਂ ਹਨ। ਬਹੁਤੀ ਵਾਰੀ ਉਹ ਸਾਖੀਆਂ ਗੁਰਮਤਿ ਤੋਂ ਉਲਟ ਦਿਸ਼ਾ ਵੱਲ ਜਾ ਰਹੀਆਂ ਹੁੰਦੀਆਂ ਹਨ। ਜਿੰਨੀਆਂ ਮੈਂ ਸਾਖੀਆਂ ਇਥੇ ਦਰਜ ਕੀਤੀਆਂ ਹਨ, ਉਨ੍ਹਾਂ ਵਿੱਚੋਂ ਕੋਈ ਸੇਧ, ਸਿੱਖਿਆ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰਬਾਣੀ ਦੇ ਅਸੂਲਾਂ ਨੂੰ ਮੁੱਖ ਰੱਖਿਆ ਹੈ। ਵਿਗਿਆਨਕ ਨਜ਼ਰੀਏ ਨੂੰ ਅੱਖੋਂ ਪਰੋਖੇ ਨਹੀਂ ਹੋਣ ਦਿੱਤਾ। ਤਰਕ ਸੰਗਤ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਜਦੋਂ ਪੁਰਾਣੀਆਂ ਮਿੱਥਾਂ ਨੂੰ ਚੋਟ ਲਗਦੀ ਹੈ ਤਾਂ ਬੇਚੈਨੀ ਹੋਣੀ ਸੁਭਾਵਕ ਹੈ। ਦੁਨੀਆਂ ਵਿੱਚ ਹਰ ਕੋਈ ਵਿਕਾਸ 'ਤੇ ਸੁਧਾਰ ਵੱਲ ਕਦਮ ਵਧਾ ਰਿਹਾ ਹੈ। ਸਾਡੇ ਆਪਣਿਆਂ ਅਤੇ ਬੇਗਾਨਿਆਂ ਦੀਆਂ ਮਾਰੂ ਨੀਤੀਆਂ ਕਾਰਨ ਸਿੱਖ ਸਮਾਜ ਜ਼ਿੰਦਗੀ ਦੇ ਹਰ ਖੇਤਰ ਵਿੱਚੋਂ ਪਛੜ ਗਿਆ ਹੈ। ਧਰਮ (ਗੁਰਬਾਣੀ) ਸਾਡੀ ਜੜ੍ਹ ਹੈ, ਬਾਕੀ ਸਾਰਾ ਗਿਆਨ ਇਸ ਦੀਆਂ ਸ਼ਾਖਾ ਮੰਨਣੀਆਂ ਚਾਹੀਦੀਆਂ ਹਨ। ਜ਼ਿੰਦਗੀ ਦੇ ਕਿਸੇ ਭੀ ਖੇਤਰ ਵਿੱਚ ਕਾਮਯਾਬ ਹੋਣ ਵਾਸਤੇ ਵਿੱਦਿਆ ਪ੍ਰਾਪਤ ਕਰਨੀ ਅਤਿਅੰਤ ਜ਼ਰੂਰੀ ਹੈ। ਇਹ ਕਿਤਾਬ ਜੇਕਰ ਮਨੁੱਖ ਮਾਤਰ ਵਿੱਚ ਥੋੜੀ ਬਹੁਤ ਚੰਗਿਆੜੀ ਬਾਲ ਸਕੇ, ਨਿੱਕੇ ਦੀਵੇ ਜਿੰਨਾ ਕੁ ਚਾਨਣ ਕਰ ਸਕੇ। ਕਿਸੇ ਨਿਰਾਸ ਵਿਅਕਤੀ ਦੇ ਮਨ ਅੰਦਰ ਆਸ ਦੀ ਕਿਰਨ ਜਗਾ ਸਕੇ। ਪੰਥ ਲਈ ਕੁੱਝ ਚੰਗਾ ਕਰਨ ਦੀ ਹਿੰਮਤ ਪੈਦਾ ਕਰ ਸਕੇ। ਜੀਵਨ ਲਈ ਉਤਸ਼ਾਹ ਪੈਦਾ ਕਰ ਸਕੇ ਤਾਂ ਮੈਂ ਆਪਣੀ ਲੰਮੀ ਮਿਹਨਤ ਨੂੰ ਕਾਮਯਾਬ ਸਮਝਾਂਗਾ। ਪਾਠਕਾਂ ਦੇ ਸੁਝਾਵਾਂ ਦੀ ਉਡੀਕ ਰਹੇਗੀ।

ਹਰਿ ਕੀਆ "ਕਥਾ ਕਹਾਣੀਆਂ" ਗੁਰਿ ਮੀਤਿ ਸੁਣਾਈਆ ॥
ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥ (725)

ਮਈ - 2011 — ਗੁਰੂ ਘਰ ਦਾ ਸੇਵਕ - ਇੰਦਰ ਸਿੰਘ ਘੱਗਾ

ਜਿਨ੍ਹਾਂ ਸੁਣਿਆ

ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਉਸ ਦਾ ਦਿਮਾਗ ਹਾਲੀ ਅਣਵਰਤਿਆ, ਖਾਲੀ ਕਾਗ਼ਜ਼ ਵਾਂਗ ਕੋਰਾ ਹੁੰਦਾ ਹੈ। ਜਨਮ ਲੈ ਕੇ ਉਹ ਲਗਾਤਾਰ ਆਵਾਜ਼ਾਂ ਸੁਣਦਾ ਹੈ। ਚੰਗੀਆਂ-ਮਾੜੀਆਂ, ਖ਼ੁਸ਼ੀ ਦਾਇਕ ਜਾਂ ਦੁੱਖਦਾਇਕ। ਇੱਕ ਤਾਂ ਬੱਚਾ ਉਨ੍ਹਾਂ ਆਵਾਜ਼ਾਂ ਰਾਹੀਂ ਚੰਗੇ ਮੰਦੇ ਪ੍ਰਭਾਵ ਪ੍ਰਵਾਨ ਕਰਦਾ ਹੈ। ਦੂਜਾ, ਉਸੇ ਤਰੀਕੇ ਬੋਲਣਾ ਸਿਖਦਾ ਹੈ। ਸ਼ੁਰੂ ਦੀ ਅਵੱਸਥਾ ਵਿੱਚ ਬੱਚਾ ਜੋ ਬੋਲਦਾ ਹੈ, ਉਸ ਨੂੰ ਸ਼ਬਦ ਦੇ ਅਰਥਾਂ ਦਾ ਗਿਆਨ ਨਹੀਂ ਹੁੰਦਾ, ਸਿਰਫ਼ ਉਸ ਨੇ ਸੁਣ ਕੇ ਰੱਟਾ ਲਾਇਆ ਹੁੰਦਾ ਹੈ। ਕਈ ਵਾਰੀ ਪਰਵਾਰ ਦੇ ਮੈਂਬਰ ਕੋਈ ਬੁਰਾ ਸ਼ਬਦ ਬੋਲ ਪੈਣ। ਬੱਚਾ ਸੁਣ ਕੇ ਯਾਦ ਕਰ ਲਵੇ। ਕਿਸੇ ਖ਼ਾਸ ਵਕਤ ਉਹੀ ਯਾਦ ਕੀਤਾ ਵਾਕ ਬੱਚਾ ਦੁਹਰਾ ਦੇਵੇ। ਅਸੀਂ ਕਈ ਵਾਰੀ ਭੌਂਚੱਕੇ ਜਿਹੇ ਹੋ ਜਾਂਦੇ ਹਾਂ। ਜੇ ਉਸ ਵਕਤ ਬੱਚੇ ਦੇ ਬੋਲ ਸੁਣ ਕੇ ਖ਼ੁਸ਼ ਹੋ ਗਏ ਤਾਂ ਉਸ ਸ਼ਬਦ ਨੂੰ ਬਾਰ-ਬਾਰ ਬੋਲ ਕੇ ਬੱਚਾ ਸਾਡੀ ਖ਼ੁਸ਼ੀ ਲੈਣੀ ਚਾਹੇਗਾ। ਜੇ ਅਸੀਂ ਨਾਰਾਜ਼ ਹੋ ਗਏ ਤਾਂ ਉਸ ਸ਼ਬਦ ਨੂੰ ਤਿਆਗ ਦੇਵੇਗਾ। ਜੋ ਗਿਆਨ ਆਵਾਜ਼ ਨਾਲ ਸਬੰਧਤ ਹੈ, ਉਹ ਸਾਰਾ ਕੰਨਾਂ ਰਾਹੀਂ ਦਿਮਾਗ ਵਿੱਚ ਦਾਖ਼ਲ ਹੁੰਦਾ ਹੈ। ਬਹੁਤਾ ਗਿਆਨ ਮਨੁੱਖ ਸੁਣ ਕੇ ਹਾਸਲ ਕਰਦਾ ਹੈ।

ਜਿਸ ਮਨੁੱਖ ਦੀ ਸੁਣਨ ਸ਼ਕਤੀ ਜਨਮ ਸਮੇਂ ਤੋਂ ਹੀ ਨੁਕਸਦਾਰ ਹੋਵੇ। ਜਿਸ ਨੂੰ ਕੋਈ ਆਵਾਜ਼ ਨਾ ਸੁਣੇ, ਉਸ ਨੂੰ "ਬੋਲਾ" ਆਖੀਦਾ ਹੈ। ਵੱਡਾ ਦੁੱਖਦਾਈ ਪੱਖ ਇਹ ਹੈ ਕਿ ਬੋਲਾ ਮਨੁੱਖ ਗੂੰਗਾ ਰਹਿ ਜਾਂਦਾ ਹੈ। ਬੋਲਣ ਲਈ ਲੋੜੀਂਦੇ ਸਾਰੇ ਅੰਗ ਤੰਦਰੁਸਤ ਹੋਣ ਦੇ ਬਾਵਜੂਦ ਬੋਲਾਂ ਮਨੁੱਖ ਬੋਲਣ ਤੋਂ ਅਸਮਰੱਥ ਹੁੰਦਾ ਹੈ ਕਿਉਂਕਿ ਉਸ ਨੇ ਕੋਈ ਆਵਾਜ਼ ਸੁਣੀ ਨਹੀਂ ਹੁੰਦੀ। ਇਸੇ ਕਮੀ ਕਾਰਨ ਬੋਲਣਾ ਨਹੀਂ ਸਿੱਖ ਸਕਿਆ। ਸੱਚ ਹੈ ਕਿ ਬੋਲਣਾ ਸਿੱਖਣ ਵਾਸਤੇ ਅਤੀ ਜ਼ਰੂਰੀ ਹੈ ਕਿ ਪਹਿਲਾਂ ਸੁਣਨਾ ਸਿੱਖੀਏ। ਜ਼ੁਬਾਨ (ਜੀਭ) ਬਦੋ ਬਦੀ ਚੱਲਣਾ ਚਾਹੁੰਦੀ ਹੈ। ਉਸ ਨੂੰ ਰੋਕ ਕੇ ਵਿਦਵਾਨਾਂ ਦੇ ਵਿਚਾਰ ਵੱਧ ਤੋਂ ਵੱਧ ਸੁਣੀਏ। ਸੁਣ-ਸੁਣ ਕੇ ਗਿਆਨ ਵਿੱਚ ਵਾਧਾ ਹੁੰਦਾ ਚਲਾ ਜਾਵੇਗਾ। ਉਪਰੰਤ ਚੰਗਾ ਬੋਲਣਾ ਭੀ ਆ ਜਾਵੇਗਾ। ਧਿਆਨ ਪੂਰਬਕ ਸੁਣ ਲੈਣ ਬਾਰੇ ਅਸੀਂ ਗੁਰਬਾਣੀ ਵਿੱਚੋਂ ਪ੍ਰਮਾਣ ਪੜ੍ਹਾਂਗੇ ਪਰ ਪਹਿਲਾਂ ਭਾਈ ਗੁਰਦਾਸ ਜੀ ਦਾ ਇੱਕ ਕਬਿੱਤ ਵੀਚਾਰ ਲਈਏ -

ਪਸ਼ੂਆ ਮਾਨੁਖ ਦੇ ਅੰਤਰਿ ਅੰਤਰੁ ਇਹੈ, ਸਬਦ ਸੁਰਤਿ ਕੋ ਬਿਬੇਕ ਅਬਿਬੇਕ ਹੈ॥
ਪਸੂ ਚਰਿ ਹਉ ਕਹਿਉ ਸੁਨਿਓ ਅਨਸੁਨਿਓ ਕਰੈ, ਮਾਨਸ ਜਨਮ ਉਪਦੇਸ ਰਿਦੈ ਟੇਕ ਹੈ॥
ਪਸੂਆ ਸਬਦ ਹੀਨ ਜੀਹਬਾ ਨ ਬੋਲ ਸਕੈ, ਮਾਨਸ ਜਨਮ ਬੋਲੈ ਬਚਨ ਅਨੇਕ ਹੈ॥
ਸਬਦ ਸੁਰਤਿ ਸੁਨਿ ਸਮਝਿ ਬੋਲੈ ਬਿਬੇਕੀ, ਨਾਤਰ ਅਚੇਤ ਪਸੂ ਪ੍ਰੇਤ ਹੂ ਮੈ ਏਕ ਹੈ॥

(ਕਬਿਤ ਨੰ. 200)

ਹੇ ਭਾਈ! ਪਸ਼ੂਆਂ ਅਤੇ ਇਨਸਾਨਾਂ ਵਿੱਚ ਵੱਡਾ ਅੰਤਰ ਇਹ ਹੈ ਕਿ ਪਸ਼ੂ ਨੂੰ ਧਿਆਨ ਪੂਰਬਕ ਸ਼ਬਦ ਸੁਣਨ ਦੀ ਅਕਲ ਨਹੀਂ ਹੈ। ਮਨੁੱਖ ਸੁਣ ਕੇ ਗਿਆਨਵਾਨ (ਬਿਬੇਕੀ) ਬਣ

ਸਕਦਾ ਹੈ। ਪਸ਼ੂ ਸੁਣਦਾ ਨਹੀਂ, ਇਸੇ ਕਾਰਨ ਨਾ ਸਮਝ ਰਹਿ ਜਾਂਦਾ ਹੈ। ਪਸ਼ੂ ਸਾਡੇ ਚਾਹੁੰਦਿਆਂ ਭੀ ਕਹਿਆ ਹੋਇਆ ਅਣਸੁਣਿਆ ਕਰਦਾ ਹੈ। ਪਰ ਮਨੁੱਖ ਅਗਰ ਗਿਆਨ ਵਰਧਕ ਉਪਦੇਸ਼ ਸੁਣਦਾ ਰਹੇ ਤਾਂ ਜੀਵਨ ਸੰਵਰ ਸਕਦਾ ਹੈ। ਪਸ਼ੂ ਤਾਂ ਸ਼ਬਦ ਬੋਲ ਭੀ ਨਹੀਂ ਸਕਦੇ, ਉਨ੍ਹਾਂ ਦੀ ਜੀਭ ਮਨੁੱਖਾਂ ਵਾਂਗ ਨਹੀਂ ਪਲਟਦੀ। ਮਨੁੱਖ ਬਹੁਤ ਤਰ੍ਹਾਂ ਦੀਆਂ ਬੋਲੀਆਂ ਸਿੱਖ ਲੈਂਦਾ ਹੈ, ਫਿਰ ਬੋਲ ਸਕਦਾ ਹੈ। ਇਸ ਤਰ੍ਹਾਂ ਅਨੇਕ ਪ੍ਰਕਾਰ ਰਾਗ ਵਿੱਦਿਆ ਤੱਕ ਸਿੱਖ ਸਕਦਾ ਹੈ, ਪਰ ਪਸ਼ੂ ਨਹੀਂ ਸਿਖਦਾ। ਗੁਰੂ ਦੇ ਉਚਾਰਨ ਕੀਤੇ ਸ਼ਬਦ ਨੂੰ ਜੇਕਰ ਸਿੱਖ, ਧਿਆਨ ਪੂਰਬਕ ਸੁਣ ਲਏ, ਸੁਣ ਕੇ ਸਮਝ ਲਏ ਤਾਂ ਉਹ ਇਨਸਾਨ ਬਿਬੇਕੀ (ਉੱਚੀ ਬੁੱਧੀ ਦਾ ਮਾਲਕ) ਬਣ ਜਾਂਦਾ ਹੈ। ਜੋ ਬੋਲਦਾ ਹੈ, ਉਹ ਭੀ ਸੁਣਨਜੋਗ ਗਿਆਨ ਵਰਧਕ ਹੁੰਦਾ ਹੈ। ਵਰਨਾ ਪਸ਼ੂ ਅਤੇ ਮਨੁੱਖ ਵਿੱਚ ਕੀ ਫ਼ਰਕ ਹੈ ? ਜਿਹੋ ਜਿਹਾ ਜਾਨਵਰ ਤੇਹੋ ਜਿਹਾ ਆਦਮੀ। ਸਰੀਰ ਕਰ ਕੇ ਭਾਵੇਂ ਇਨਸਾਨ ਕਹਿ ਲਿਆ ਜਾਵੇ, ਪਰ ਵਿਹਾਰ ਵਿੱਚ ਪਸ਼ੂਆਂ ਸਮਾਨ ਹੀ ਹੈ।

"ਸੁਣਿ" ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ॥
ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨ ਦੇਹ ॥
ਬਿਨੁ ਗੁਣ ਕਾਮਿ ਨ ਆਵਈ, ਢਹਿ ਢੇਰੀ ਤਨੁ ਖੇਹ ॥ (20)

ਹੇ ਪਿਆਰੇ ਮਨ! ਧਿਆਨ ਨਾਲ ਸੁਣ ਲੈ, ਗੁਰੂ ਉੱਤਮ ਮੱਤ ਦੇ ਰਿਹਾ ਹੈ। ਇਸ ਮਨੁੱਖਾ ਦੇਹੀ ਦਾ ਫ਼ਾਇਦਾ ਉਠਾ ਲੈ। ਸਮਾਂ ਅਜਾਈਂ ਨਾ ਗੁਆ ਦੇਵੀਂ। ਜਿਤਨੀ ਦੇਰ ਸਰੀਰ ਵਿੱਚ ਤਾਕਤ ਹੈ, ਚੰਗੀ ਤਰ੍ਹਾਂ ਕੰਮ ਕਰ ਸਕਦਾ ਹੈ, ਇਸ ਤੋਂ ਚੰਗੇ ਕੰਮ ਕਰਵਾ ਲੈ। ਜੇ ਤੂੰ ਗਿਆਨਵਾਨ ਨਾ ਬਣਿਆ, ਗੁਣ ਧਾਰਨ ਨਾ ਕੀਤੇ, ਚੰਗੇ ਕੰਮ ਨਾ ਕੀਤੇ, ਫਿਰ ਜੇਹਾ ਦੁਨੀਆਂ 'ਤੇ ਆਇਆ ਜੇਹਾ ਨਾ ਆਇਆ। ਪਸ਼ੂ ਵਿੱਚ ਅਤੇ ਮਨੁੱਖ ਵਿੱਚ ਫਿਰ ਕੀ ਫ਼ਰਕ ਹੋਇਆ ?

ਜਿਨੀ "ਸੁਣਿ" ਕੈ ਮੰਨਿਆ, ਤਿਨਾ ਨਿਜ ਘਰਿ ਵਾਸੁ ॥
ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥ (27)

ਹੇ ਭਾਈ! ਜਿਨ੍ਹਾਂ ਨੇ ਧਿਆਨ ਨਾਲ ਸੁਣਿਆ, ਸੁਣ ਸਮਝ ਕੇ ਸਵੀਕਾਰ ਕਰ ਲਿਆ, ਉਨ੍ਹਾਂ ਦੀ ਭਟਕਣ ਮੁੱਕ ਜਾਂਦੀ ਹੈ। ਉਹ ਗੁਰੂ ਦੀ ਸਿੱਖਿਆ (ਮੱਤ) ਮੁਤਾਬਕ ਜੀਵਨ ਬਤੀਤ ਕਰਦੇ ਹਨ। ਨਿਰੰਕਾਰ ਦੀ ਸਿਫ਼ਤ ਸਾਲਾਹ ਤਾਂ ਕਰ ਪਰ ਗੁਰੂ ਦੇ ਦੱਸੇ ਰਸਤੇ ਉੱਤੇ ਟੁਰ। ਇਸ ਤਰ੍ਹਾਂ ਸੱਚ ਦੇ ਮਾਰਗ 'ਤੇ ਚਲਦਿਆਂ ਮਾਨੋ (ਨਿਰੰਕਾਰ) ਗੁਣਾਂ ਦਾ ਖਜ਼ਾਨਾ ਮਿਲ ਗਿਆ।

ਹਉ ਭੁਧੁ ਆਖਾ ਮੇਰੀ ਕਾਇਆ, ਤੂੰ "ਸੁਣਿ" ਸਿਖ ਹਮਾਰੀ ॥
ਨਿੰਦਾ ਚਿੰਦਾ ਕਰਹਿ ਪਰਾਈ, ਝੂਠੀ ਲਾਇਤਬਾਰੀ ॥
ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ ॥ (155)

ਹੇ ਮੇਰੀ ਸੋਹਣੀ ਕਾਇਆਂ! (ਮੇਰੇ ਮਨ) ਤੂੰ ਮੇਰੀ ਸ਼ੁੱਭ ਸਿੱਖਿਆ ਧਿਆਨ ਨਾਲ ਸੁਣ ਲੈ। ਤੂੰ ਚੰਗੇ ਕੰਮ ਛੱਡ ਕੇ ਕੇਵਲ ਨਿੰਦਿਆ ਆਦਿ ਹੀ ਕਰੀ ਜਾ ਰਹੀ ਹੈਂ, ਤੇਰੇ ਲਈ ਠੀਕ

ਨਹੀਂ ਹੈ। ਝੂਠੀਆਂ ਗੱਲਾਂ ਕਰ ਕੇ ਹੇ ਮੇਰੇ ਮਨ ਤੂੰ ਬੇ ਇਤਬਾਰਾ ਹੋ ਗਿਆ ਹੈਂ। ਪਰਾਈਆਂ ਔਰਤਾਂ ਵੱਲ ਤੂੰ ਵਾਸਨਾ ਗ੍ਰਸਤ ਅੱਖਾਂ ਨਾਲ ਵੇਖਦਾ ਹੈਂ। ਚੋਰੀਆਂ, ਠੱਗੀਆਂ ਚੰਗੀਆਂ ਨਹੀਂ ਹੁੰਦੀਆਂ। ਬਚਾ ਲੈ ਆਪਣੇ ਆਪ ਨੂੰ। ਇਹ ਸੀ ਪਹਿਲੀ ਸ਼ੁੱਭ ਮੱਤ ਧਿਆਨ ਨਾਲ ਸੁਣਨਾ, ਜਦੋਂ ਸੁਣਨ ਲੱਗ ਪਏਂ ਫਿਰ ਬੋਲਣਾ ਭੀ ਆ ਜਾਏਗਾ।

ਸ਼ੁਰੂਆਤੀ ਜੀਵਨ ਵਿੱਚ ਬੱਚੇ ਗੀਤ ਸੁਣਦੇ ਹਨ। ਮਾਂਵਾਂ ਤੋਂ ਲੋਰੀਆਂ ਸੁਣਦੇ ਹਨ। ਬਜ਼ੁਰਗਾਂ ਤੋਂ ਸਾਖੀਆਂ-ਕਹਾਣੀਆਂ ਸੁਣਦੇ ਹਨ। ਆਪੋ ਆਪਣੇ ਧਰਮਾਂ ਬਾਰੇ ਸੁਣਦੇ ਹਨ। ਸੱਭਿਆਚਾਰ ਬਾਰੇ ਸੁਣਦੇ ਹਨ। ਸ਼ੁੱਭ ਬਚਨ ਜਾਂ ਕਉੜੇ ਬੋਲ ਸੁਣਦੇ ਹਨ। ਮਧੁਰ ਸੰਗੀਤ ਤੇ ਮਿੱਠੀ ਬਾਣੀ ਸੁਣਦੇ ਹਨ। ਆਵਾਜ਼ ਦਾ ਪ੍ਰਦੂਸ਼ਣ ਸ਼ੋਰ ਤੇ ਚੀਕਾਂ ਸੁਣਦੇ ਹਨ। ਪਿਆਰ ਅਤੇ ਹਮਦਰਦੀ ਵਾਲੇ ਬਚਨ ਸੁਣਦੇ ਹਨ ਜਾਂ ਫਿਰ ਨਫ਼ਰਤ, ਈਰਖਾ ਤੇ ਗਾਲੀ ਗਲੋਚ ਵਾਲੇ ਕਠੋਰ ਸ਼ਬਦ ਸੁਣਦੇ ਹਨ। ਕੋਮਲ ਮਨ ਜੋ ਸਮਾਜ ਵਿੱਚੋਂ ਸੁਣਦਾ ਹੈ, ਸਿਖਦਾ ਹੈ, ਫਿਰ ਵੱਡਾ ਹੋ ਕੇ ਉਹੀ ਕੁੱਝ ਵਾਪਸ ਪਰਤਾਉਣ ਲੱਗ ਪੈਂਦਾ ਹੈ। ਸਮਝੋ ਬੱਚੇ ਮਾਤਾ-ਪਿਤਾ ਦੀ ਕਾਰਬਨ (ਜਾਂ ਅਸਲੀ) ਕਾਪੀ ਹਨ। ਜਿਵੇਂ ਸ਼ੀਸ਼ੇ ਵਿੱਚ ਮਨੁੱਖ ਦੀ ਆਪਣੀ ਹੀ ਸ਼ਕਲ ਦਿਸਦੀ ਹੈ। ਇਸੇ ਤਰ੍ਹਾਂ ਬੱਚਿਆਂ ਰਾਹੀਂ ਸਮਾਜ ਦੇ ਵੱਡਿਆਂ ਦੀ ਸ਼ਕਲ (ਕਰਨੀ ਕਥਨੀ) ਸਾਫ਼ ਨਜ਼ਰ ਆਉਂਦੀ ਹੈ।

oooooo

ਜਿਨ੍ਹਾਂ ਪੜ੍ਹਿਆ

ਸੁਣਨ ਤੋਂ ਬਾਅਦ ਅਗਲਾ ਕਦਮ ਹੈ ਪੜ੍ਹਨਾ। ਪੜ੍ਹਨ ਵਾਸਤੇ ਮਾਤਾ-ਪਿਤਾ ਵੱਲੋਂ ਠੀਕ ਸਮੇਂ 'ਤੇ ਬੱਚੇ ਨੂੰ ਪੜ੍ਹਨ ਲਈ ਸਾਧਨ ਮੁਹੱਈਆ ਕਰਵਾਉਣੇ ਹੁੰਦੇ ਹਨ। ਜਿਹੜੇ ਮਾਂ-ਪਿਉ ਖ਼ੁਦ ਵਿੱਦਿਆ ਦੀ ਕਦਰ ਨਹੀਂ ਜਾਣਦੇ। ਇਨੇ ਨਾ ਸਮਝ ਹਨ ਕਿ ਪੜ੍ਹੇ ਅਤੇ ਅਣਪੜ੍ਹ ਦੀ ਮਾਨਸਿਕ ਵਿੱਥ ਬਾਰੇ ਉਨ੍ਹਾਂ ਨੂੰ ਪਤਾ ਹੀ ਨਹੀਂ। ਦੁਨੀਆਂ ਅਤੇ ਸਮਾਜ ਵਿੱਚ ਪੜ੍ਹਾਈ ਕਰਨ ਵਾਲੇ ਲੋਕ ਰਾਜ ਕਰਦੇ ਹਨ। ਖ਼ੁਸ਼ਹਾਲ ਜੀਵਨ ਬਤੀਤ ਕਰਦੇ ਹਨ। ਅਣਪੜ੍ਹ ਲੋਕ ਉਨ੍ਹਾਂ ਦੇ ਪੈਰਾਂ 'ਤੇ ਸਿਰ ਰੱਖ ਕੇ, ਮੱਥੇ ਟੇਕਦੇ ਹਨ। ਉਨ੍ਹਾਂ ਦੇ ਰਹਿਮ 'ਤੇ ਜਿਉਂਦੇ ਹਨ। ਗ਼ਰੀਬੀ, ਭੁਖਮਰੀ ਅਤੇ ਤੰਗੀਆਂ-ਤੁਰਸੀਆਂ ਵਿੱਚ ਪਸ਼ੂਆਂ ਵਰਗਾ ਜੀਵਨ ਬਿਤਾਉਂਦੇ ਹਨ। ਹਜ਼ਾਰਾਂ ਸਾਲ ਪਹਿਲਾਂ ਜਦੋਂ ਆਰੀਅਨ ਲੋਕਾਂ ਨੇ ਭਾਰਤ ਉੱਤੇ ਕਬਜ਼ਾ ਜਮਾ ਲਿਆ ਸੀ ਤਦੋਂ ਇੱਥੋਂ ਦੇ ਅਸਲ ਵਸਨੀਕ ਲੋਕਾਂ ਦੀ ਪੜ੍ਹਾਈ 'ਤੇ ਤੁਰੰਤ ਰੋਕ ਲਾ ਦਿੱਤੀ। ਸਾਰੇ ਵੱਡੇ ਅਹੁਦੇ ਆਪਣੇ ਅਧਿਕਾਰ ਵਿੱਚ ਰੱਖ ਲਏ। ਘਟੀਆ ਅਤੇ ਨਖਿੱਧ ਕੰਮ ਅਣਪੜ੍ਹ ਗ਼ੁਲਾਮਾਂ ਕੋਲੋਂ ਕਰਵਾਏ ਗਏ। ਸਮਾਂ ਬੀਤਦਾ ਗਿਆ। ਇਨ੍ਹਾਂ ਗ਼ੁਲਾਮਾਂ ਦਾ ਸਾਰਾ ਕੁੱਝ ਖੁਸਦਾ ਗਿਆ। ਸਨਮਾਨ ਯੋਗ ਉੱਚੇ ਖ਼ਾਨਦਾਨਾਂ ਵਾਲੇ ਲੋਕ ਸ਼ੂਦਰ ਬਣ ਗਏ। ਇਨ੍ਹਾਂ ਲੋਕਾਂ ਨੂੰ ਇਹ ਭੀ ਭੁੱਲ ਗਿਆ ਕਿ ਅਸੀਂ ਕਦੇ ਰਾਜੇ ਸਾਂ। ਇਸ ਦੇਸ਼ ਦੇ ਮਾਲਕ ਸਾਂ। ਆਰੀਅਨ ਲੋਕ ਬਾਹਰੋਂ ਆਏ ਹੋਏ ਵਿਦੇਸ਼ੀ ਹਨ। ਸਾਡੀ ਧਰਤੀ

ਇਨ੍ਹਾਂ ਨੇ ਸਾਥੋਂ ਖੋਹ ਲਈ ਹੈ। ਅਣਪੜ੍ਹਤਾ ਕਾਰਨ ਹਰ ਮੁਹਾਜ 'ਤੇ ਹਾਰਦੇ ਚਲੇ ਗਏ।

ਅਗਲੀ ਸੋਚਣ ਵਾਲੀ ਗੱਲ ਇਹ ਹੋਇਆ ਕਰਦੀ ਹੈ ਕਿ ਅਸੀਂ ਬੱਚਿਆਂ ਨੂੰ ਪੜ੍ਹਾਈ ਕਿਹੋ ਜਹੀ ਕਰਾਈਏ ? ਕਾਬਜ਼ ਧਿਰਾਂ ਆਪਣੇ ਸਕੂਲਾਂ-ਕਾਲਜਾਂ ਵਿੱਚ ਉਹ ਪੜ੍ਹਾਈ ਕਰਾਉਂਦੀਆਂ ਹਨ, ਜਿਸ ਦੀ ਉਨ੍ਹਾਂ ਨੂੰ ਲੋੜ ਹੁੰਦੀ ਹੈ। ਸਾਰਾ ਸਲੇਬਸ ਹਾਕਮ ਜਮਾਤ ਤਿਆਰ ਕਰਦੀ ਹੈ। ਅਧਿਆਪਕ ਦੀ ਸਿੱਖਿਆ ਅਤੇ ਤਨਖਾਹ ਸਰਕਾਰਾਂ ਦੀ ਰਜ਼ਾਮੰਦੀ ਨਾਲ ਚਲਦੀ ਹੈ। ਕਾਲਜਾਂ ਵਿੱਚ ਪੜ੍ਹਾਈ ਅਤੇ ਖੋਜ ਕਾਰਜ ਕਾਬਜ਼ ਧਿਰਾਂ ਦੀ ਮਰਜ਼ੀ ਨਾਲ ਚਲਦੇ ਹਨ। ਕਿਸ ਵਿਅਕਤੀ ਜਾਂ ਕਿਸ ਘਟਨਾ ਨੂੰ ਕਿਸ ਪਾਸੇ ਮੋੜ ਦੇਣਾ ਹੈ, ਉਨ੍ਹਾਂ ਦੀ ਮਰਜ਼ੀ ਹੈ। ਰਾਜ ਕਰ ਰਹੀਆਂ ਧਿਰਾਂ ਆਪਣੇ ਪੱਖੀ ਵਿਅਕਤੀਆਂ ਨੂੰ ਕਾਇਰ ਹੋਣ 'ਤੇ ਭੀ ਬਹਾਦਰ ਸਿੱਧ ਕਰ ਸਕਦੀਆਂ ਹਨ। ਵਿਰੋਧੀਆਂ ਦੇ ਵੱਡੇ ਜੋਧਿਆਂ ਨੂੰ ਭੀ, ਭਗੌੜੇ ਵਿਖਾ ਸਕਦੀਆਂ ਹਨ। ਪਹਿਲੇ ਦਰਜੇ 'ਤੇ ਪੁੱਜੇ ਨੌਜੁਆਨਾਂ ਨੂੰ ਫੇਲ੍ਹ ਕੀਤਾ ਜਾ ਸਕਦਾ ਹੈ। ਕਲਾਸਾਂ ਵਿੱਚੋਂ ਸਦਾ ਗ਼ੈਰ ਹਾਜ਼ਰ ਵਿਦਿਆਰਥੀਆਂ ਨੂੰ ਉੱਚੀਆਂ ਡਿਗਰੀਆਂ ਦਿੱਤੀਆਂ ਜਾ ਸਕਦੀਆਂ ਹਨ। ਫਿਰ ਭੀ ਹਰ ਹਾਲਤ ਵਿੱਚ ਜੇ ਆਪਣੇ ਆਪ ਨੂੰ ਉੱਚੇ ਉਠਾਉਣ ਦਾ ਇਰਾਦਾ ਹੋਵੇ ਤਾਂ ਪੜ੍ਹਾਈ ਅਤਿਅੰਤ ਜ਼ਰੂਰੀ ਹੈ। ਪੜ੍ਹਾਈ ਇੱਕ ਅਜਿਹੀ ਮਾਸਟਰ ਚਾਬੀ ਹੈ ਕਿ ਜੋ ਹਰ ਇੱਕ ਤਾਲੇ ਨੂੰ ਖੋਲ੍ਹਣ ਦੀ ਸਮੱਰਥਾ ਰਖਦੀ ਹੈ।

ਅੱਜ ਤਾਂ ਪੜ੍ਹਾਈ ਦਾ ਰੂਪ ਹੀ ਬਦਲ ਗਿਆ ਹੈ। ਜੋ ਮਨੁੱਖ ਇਸ "ਜੁੱਗ" ਵਿੱਚ ਨਾ ਪੜ੍ਹ ਸਕਿਆ, ਫਿਰ ਉਹ ਸਦਾ ਵਾਸਤੇ ਜਿੰਦਗੀ ਦੀ ਦੌੜ ਵਿੱਚੋਂ ਪੱਛੜ ਜਾਵੇਗਾ। ਅੱਜ ਮੋਬਾਈਲ ਫ਼ੋਨ ਵਿੱਚ ਚਿਪ ਪੁਆ ਕੇ ਮਨ ਭਾਉਂਦੀ ਸਿੱਖਿਆ ਲਈ ਜਾ ਸਕਦੀ ਹੈ। ਇੰਟਰਨੈੱਟ ਨੇ ਸਾਰੀ ਦੁਨੀਆਂ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਹੈ। ਹਰ ਵਿਸ਼ੇ ਨਾਲ ਸਬੰਧਤ ਗਿਆਨ, ਇੰਟਰਨੈੱਟ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਸਿੱਖ ਸਮਾਂਜ ਵਿਚਲੇ ਬਹੁ ਗਿਣਤੀ ਤਬਕੇ ਨੇ ਤਾਂ ਹਾਲੀ ਗੁਰੂ ਗ੍ਰੰਥ ਸਾਹਿਬ ਨੂੰ ਧਿਆਨ ਨਾਲ ਸੁਣਿਆ ਹੀ ਨਹੀਂ। ਇਕਾਗਰ ਚਿੱਤ ਹੋ ਕੇ ਪੜ੍ਹਿਆ ਨਹੀਂ। ਅਰਥਾਂ ਬਾਰੇ ਜਾਣਿਆ ਨਹੀਂ। ਬਹੁ ਗਿਣਤੀ ਤਬਕਾ ਸਕੂਲਾਂ, ਕਾਲਜਾਂ ਵਿੱਚ ਪੜ੍ਹਾਈ ਕਰ ਨਹੀਂ ਸਕਿਆ। ਜਿੰਨੇ ਕੁ ਮਾਈ ਭਾਈ ਪੜ੍ਹੇ ਹੋਏ ਹੈਗੇ ਨੇ, ਉਨ੍ਹਾਂ ਇੱਕ ਵਾਰੀ ਰੋਜ਼ਗਾਰ ਪ੍ਰਾਪਤ ਕਰ ਲਿਆ ਤੇ ਮੁੜ ਕੇ ਪੁਸਤਕ ਚੁੱਕ ਕੇ ਵੇਖਣੀ ਨਹੀਂ। ਪੰਜਾਬੀ ਵਿੱਚ ਪਹਿਲੀ ਗੱਲ ਚੰਗੀਆਂ ਕਿਤਾਬਾਂ ਲਿਖੀਆਂ ਹੀ ਨਹੀਂ ਜਾਂਦੀਆਂ। ਫਿਰ ਉਨ੍ਹਾਂ ਨੂੰ ਛਾਪ ਕੇ ਪ੍ਰਕਾਸ਼ਤ ਕਰਾਉਣ ਵਾਲੇ (ਪਬਲਿਸ਼ਰ) ਮੁੱਲ ਬਹੁਤਾ ਰਖਦੇ ਹਨ। ਲੇਖਕ ਨੂੰ ਪੈਸਾ ਦਿੰਦੇ ਕੋਈ ਨਹੀਂ। ਸ਼੍ਰੋਮਣੀ ਕਮੇਟੀ ਅਤੇ ਹੋਰ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਇਸ ਪਾਸੇ ਕੋਈ ਕੰਮ ਕਰਨ ਲਈ ਤਿਆਰ ਹੀ ਨਹੀਂ। ਪਿੰਡਾਂ ਵਿੱਚ ਪੁਸਤਕ ਸਭਿਆਚਾਰ ਪੈਦਾ ਹੀ ਨਹੀਂ ਕੀਤਾ ਗਿਆ। ਲੋਕਾਂ ਦਾ ਗਿਆਨ ਵਧੇ ਤਾਂ ਕਿਵੇਂ ? ਗੁਰਵਾਕ ਪੜ੍ਹੋ-

ਹਉ ਵਾਰੀ ਜੀਉ ਵਾਰੀ "ਪੜਿ" ਬੁਝਿ ਮੰਨਿ ਵਸਾਵਣਿਆ ॥
ਗੁਰਮੁਖਿ "ਪੜਹਿ" ਹਰਿ ਨਾਮੁ ਸਲਾਹਹਿ, ਦਰਿ ਸਚੈ ਸੋਭਾ ਪਾਵਣਿਆ ॥ (127)

ਹੇ ਭਾਈ! ਮੈਂ ਬਲਿਹਾਰ ਉਨ੍ਹਾਂ ਤੋਂ! ਕੁਰਬਾਨ ਉਨ੍ਹਾਂ ਤੋਂ! ਜਿਨ੍ਹਾਂ ਨੇ ਗੁਰੂ ਦਿੱਤੇ

ਗਿਆਨ ਨੂੰ ਪੜ੍ਹ ਲਿਆ। ਗੁਰੂ ਦੇ ਹੁਕਮ ਨੂੰ ਸਮਝ ਲਿਆ ਹੈ। ਗੁਰੂ ਦੇ ਹੁਕਮ ਨੂੰ ਹਿਰਦੇ ਵਿੱਚ ਬਸਾ ਲਿਆ ਹੈ। ਸਾਰਾ ਜੀਵਨ ਗੁਰੂ ਹੁਕਮਾਂ ਮੁਤਾਬਕ ਕਰ ਲਿਆ ਹੈ। ਜੋ ਇਨਸਾਨ ਗੁਰੂ ਵੱਲੋਂ ਬਖ਼ਸ਼ਿਸ਼ ਕੀਤੇ ਗਿਆਨ (ਵਿੱਦਿਆ) ਨੂੰ ਪੜ੍ਹਦੇ ਹਨ। ਪਰਮੇਸ਼ਰ ਦੀ ਸਿਫ਼ਤ ਕਰਦੇ ਹਨ। ਸੱਚਾਈ ਦੇ ਮਾਰਗ 'ਤੇ ਚੱਲਣ ਵਾਲਿਆਂ ਦੀ ਸਦਾ ਸੋਭਾ ਹੁੰਦੀ ਹੈ, ਹਰ ਕੋਈ ਉਨ੍ਹਾਂ ਨੂੰ ਨਮਸਕਾਰਾਂ ਕਰਦਾ ਹੈ।

ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰਪਰਸਾਦੀ ਏਕੋ ਜਾਣੈ ॥
ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤ ਮਰੈ ॥
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥
ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥ (662)

ਹੇ ਭਾਈ! ਅਸਲ ਜੋਗੀ ਉਹ ਮੰਨਿਆ ਜਾਵੇਗਾ ਜਿਸ ਨੂੰ ਜਿੰਦਗੀ ਦੀ ਸਹੀ ਸੋਝੀ ਆ ਗਈ। ਜਿਉਣ ਦਾ ਸੁਚੱਜਾ ਤਰੀਕਾ ਆ ਗਿਆ। ਅਜਿਹਾ ਜੋਗੀ ਗੁਰੂ ਦੀ ਕਿਰਪਾ ਨਾਲ ਕੇਵਲ ਇੱਕ ਪਰਮੇਸ਼ਰ 'ਤੇ ਵਿਸ਼ਵਾਸ ਰਖਦਾ ਹੈ। ਅਸਲ ਕਾਜੀ (ਜੱਜ) ਉਹ ਹੈ ਜੋ ਬੁਰਾਈਆਂ ਵੱਲੋਂ ਆਪੀਣੇ ਮਨ ਨੂੰ ਰੋਕ ਲਵੇ। ਸਾਰਿਆਂ ਲਈ ਬਰਾਬਰ ਇਨਸਾਫ਼ ਕਰੇ। ਅਜਿਹਾ ਕਾਜੀ ਗੁਰੂ ਦੀ ਕਿਰਪਾ ਨਾਲ ਵਿਕਾਰਾਂ ਵੱਲੋਂ ਆਪਣੇ ਆਪ ਨੂੰ ਮਾਰ ਲੈਂਦਾ ਹੈ। ਇਨਸਾਨੀਅਤ ਦੀ ਕਦਰ ਕਰਦਾ ਹੈ। ਅਸਲ ਬ੍ਰਾਹਮਣ ਉਹ ਹੈ ਜੋ ਨਿਰੰਕਾਰ ਬਾਰੇ ਗਿਆਨ ਰਖਦਾ ਹੈ। ਜਾਤ ਜਨਮ ਕਰ ਕੇ ਕੋਈ ਬ੍ਰਾਹਮਣ ਨਹੀਂ ਹੈ। ਅਜਿਹਾ ਨੇਕ ਬ੍ਰਾਹਮਣ ਖ਼ੁਦ ਤਰ ਜਾਵੇਗਾ। ਦੂਜਿਆਂ ਨੂੰ ਸ਼ੁੱਭ ਸਿੱਖਿਆ ਦੇ ਕੇ ਪਾਰ ਲੰਘਾ ਦੇਵੇਗਾ। ਸਿਆਣਾ ਮਨੁੱਖ ਉਹ ਹੈ ਜਿਸ ਦਾ ਸਮੁੱਚਾ ਜੀਵਨ ਸੱਚਾਈ ਅਤੇ ਸਿਆਣਪ 'ਤੇ ਆਧਾਰਤ ਬਤੀਤ ਹੋ ਰਿਹਾ ਹੈ। ਅਸਲੀ ਮੁਸਲਮਾਨ ਉਹ ਹੈ ਜੋ ਆਪਣੇ ਮਨ ਵਿੱਚੋਂ ਦੂਜਿਆਂ ਪ੍ਰਤੀ ਨਫ਼ਰਤ ਤਿਆਗ ਦੇਵੇ। ਵਿਕਾਰਾਂ ਵੱਲੋਂ ਤੋਬਾ ਕਰ ਲਵੇ। ਅਸਲ ਪੜ੍ਹਿਆ ਜਾਂ ਵਿਦਵਾਨ ਉਹ ਵਿਅਕਤੀ ਹੈ, ਜੋ ਨਿਰੰਕਾਰ ਦੀ ਭੈ ਭਾਵਨੀ ਵਿੱਚ ਰਹਿੰਦਾ ਹੋਇਆ ਸੱਚਾਈ ਦੇ ਰਾਹ 'ਤੇ ਚੱਲੇ। ਜੋ ਕੇਵਲ ਕਿਤਾਬਾਂ ਪੜ੍ਹੇ ਹੀ ਨਾ ਸਗੋਂ ਪੜ੍ਹ ਕੇ ਉਨ੍ਹਾਂ 'ਤੇ ਅਮਲ ਵੀ ਕਰੇ। ਅਜਿਹਾ ਸੱਚਾਈ ਦੇ ਮਾਰਗ 'ਤੇ ਚੱਲਣ ਵਾਲਾ ਮਨੁੱਖ ਹੀ "ਨਿਰੰਕਾਰ ਦੀ ਦਰਗਾਹ" ਵਿੱਚ ਪਰਵਾਨ ਹੋਵੇਗਾ।

ਜਗਿ ਚਤੁਰੁ ਸਿਆਣਾ, ਭਰਮਿ ਭੁਲਾਣਾ ਨਾਉ ਪੰਡਿਤ "ਪੜਹਿ ਗਾਵਾਰੀ" ॥
ਨਾਉ ਵਿਸਾਰਹਿ ਬੇਦੁ ਸਮਾਲਹਿ, ਬਿਖੁ ਭੂਲੇ "ਲੇਖਾਰੀ" ॥ (1015)

ਹੇ ਭਾਈ! ਦੁਨੀਆਂ ਦੇ ਲੋਕ ਬੜੇ ਚਤੁਰ ਅਖਵਾਉਂਦੇ ਹਨ। ਬਹੁਤ ਚਲਾਕੀਆਂ ਸਿੱਖ ਲੈਂਦੇ ਹਨ ਪਰ ਜਿੰਦਗੀ ਦੇ ਸਹੀ ਰਸਤੇ ਤੋਂ ਭਟਕੇ ਹੋਏ ਹਨ। ਆਪਣੇ ਆਪ ਨੂੰ ਵਿਦਵਾਨ ਅਖਵਾ ਰਹੇ ਹਨ। ਵੱਡੇ-ਵੱਡੇ ਫ਼ਿਲਾਸਫ਼ਰ ਜਾਂ ਆਚਾਰੀਆ ਹੋਣ ਦਾ ਹੰਕਾਰ ਚੁੱਕੀ ਫਿਰਦੇ ਹਨ ਪਰ ਸਮਾਜ ਪ੍ਰਤੀ ਵਫ਼ਾਦਾਰ ਨਹੀਂ ਹਨ। ਆਮ ਲੋਕਾਂ ਦੇ ਹੱਕ ਵਿੱਚ ਰੋਹ ਭਰੀ ਆਵਾਜ਼ ਬੁਲੰਦ ਨਹੀਂ ਕਰ ਸਕਦੇ। ਇਹ ਕੇਵਲ ਵਿਦਵਾਨ ਹੋਣ ਦਾ ਭਰਮ ਪਾਲੀ ਬੈਠੇ ਹਨ। ਪਰ ਅਸਲ ਵਿੱਚ ਇਹ ਸਿਆਣੇ ਨਹੀਂ ਆਖੇ ਜਾ ਸਕਦੇ। ਇਹ ਤਾਂ ਵੱਡੇ "ਪੜ੍ਹੇ-ਲਿਖੇ ਮੂਰਖ"

ਹਨ। ਸੱਚਾਈ ਦਾ ਰਾਹ ਤਿਆਗ ਦਿੰਦੇ ਹਨ, ਨਿਰੀਆਂ ਗਿਆਨ ਦੀਆਂ ਗੱਲਾਂ ਹੀ ਕਰਦੇ ਹਨ, ਖ਼ੁਦ ਵਿਕਾਰਾਂ ਵਿੱਚ ਡੁੱਬੇ ਹੋਏ ਹਨ। ਇਸ ਤਰ੍ਹਾਂ ਇਹ ਪੜ੍ਹੇ-ਲਿਖੇ ਲੋਕ (ਲੇਖਕ, ਕਵੀ, ਸਾਹਿਤਕਾਰ) ਭਟਕੇ ਹੋਏ ਹਨ। ਜੋ ਲਿਖ ਰਹੇ ਹਨ, ਮਾਨੋਂ ਜ਼ਹਿਰ ਹੀ ਜ਼ਹਿਰ ਉਗਲ ਰਹੇ ਹਨ। ਵਿਦਵਾਨਾਂ ਦਾ ਫ਼ਰਜ਼ ਹੁੰਦਾ ਹੈ, ਖ਼ੁਦ ਨੇਕੀ ਦੇ ਰਾਹ ਚੱਲੇ, ਦੂਜਿਆਂ ਨੂੰ ਚੱਲਣ ਦੀ ਪ੍ਰੇਰਨਾ ਕਰੇ।

ਪੁਸਤਕਾਂ ਪੜ੍ਹਨੀਆਂ ਬਹੁਤ ਜ਼ਰੂਰੀ ਹਨ ਪਰ ਕਿਸ ਦੀਆਂ ਲਿਖੀਆਂ ਹੋਈਆਂ ਪੜ੍ਹੀਆਂ ਜਾਣ ? ਚੰਗੇ ਲੇਖਕਾਂ ਬਾਰੇ ਪਤਾ ਨਾ ਹੋਣ ਕਰ ਕੇ ਆਮ ਪਾਠਕ ਪੈਸਾ ਭੀ ਬਰਬਾਦ ਕਰਦਾ ਹੈ ਤੇ ਸਮਾਂ ਭੀ ਨਸ਼ਟ ਕਰਦਾ ਹੈ। ਅਜਿਹੀ ਕੋਈ ਜਾਣਕਾਰੀ ਨਹੀਂ ਹੁੰਦੀ ਕਿ ਘੱਟ ਸਮੇਂ ਵਿੱਚ ਘੱਟ ਪੈਸੇ ਖਰਚ ਕੇ, ਵੱਧ ਤੋਂ ਵੱਧ ਗਿਆਨ ਹਾਸਲ ਕਿਵੇਂ ਕੀਤਾ ਜਾ ਸਕਦਾ ਹੈ। ਪਾਠਕਾਂ ਦੀ ਸਹੂਲਤ ਵਾਸਤੇ ਚੋਣਵੀਆਂ ਪੁਸਤਕਾਂ ਦੀ ਸੂਚੀ ਮੈਂ ਆਪਣੀ ਪੁਸਤਕ "ਗੁਰਮਤਿ ਦੇ ਚੋਣਵੇਂ ਲੇਖ" ਵਿੱਚ ਛਾਪ ਦਿੱਤੀ ਹੈ ਤਾਂ ਕਿ ਪਾਠਕ ਉਸ ਨੂੰ ਪੜ੍ਹ ਕੇ ਕਿਤਾਬਾਂ ਖ਼ਰੀਦਣ ਵਾਸਤੇ ਚੋਣ ਕਰ ਸਕਣ।

oooooo

ਬੋਲਣਾ

ਜਦੋਂ ਬੱਚਾ ਜਨਮ ਲੈਂਦਾ ਹੈ, ਕੋਈ ਸ਼ਬਦ ਬੋਲ ਨਹੀਂ ਸਕਦਾ। ਬਸ ਆਪਣੇ ਜੀਵਤ ਹੋਣ ਦਾ ਸਬੂਤ ਦੇਣ ਲਈ, ਜਨਮ ਲੈਂਦਿਆਂ ਹੀ ਰੋਣਾ ਸ਼ੁਰੂ ਕਰਦਾ ਹੈ। ਕਈ ਇਹ ਭੀ ਮੰਨਦੇ ਹਨ ਕਿ ਆਰਾਮ ਵਾਲੀ ਅਚੇਤ ਹਾਲਤ ਵਿੱਚੋਂ ਇੱਕ ਦਮ ਬਦਲਵੇਂ ਵਾਤਾਵਰਣ ਵਿੱਚ ਆਉਣਾ, ਪਹਿਲਾਂ ਚੱਲ ਰਹੀ ਜੀਵਨਧਾਰਾ ਨਾਲੋਂ ਇੱਕੋ ਝਟਕੇ ਨਾਲ ਟੁੱਟਣਾ ਤੇ ਨਵੇਂ ਨਾਲ ਜੁੜਨਾ, ਇੱਕ ਵੱਡਾ "ਹਾਦਸਾ" ਮੰਨਿਆ ਜਾ ਸਕਦਾ ਹੈ। ਉਸ ਤੋਂ ਮਗਰੋਂ ਬੱਚਾ ਲਗਾਤਾਰ ਸੁਣਦਾ ਅਤੇ ਵੇਖਦਾ ਹੈ। ਭਾਵੇਂ ਸੰਕੇਤਕ ਤੌਰ 'ਤੇ ਤਾਂ ਬੱਚਾ ਲਗਾਤਾਰ ਬੋਲਦਾ ਹੀ ਰਹਿੰਦਾ ਹੈ। ਅਸਲ ਵਿੱਚ ਇਸ ਨੂੰ ਬੋਲਣਾ ਘੱਟ ਤੇ ਬੋਲਣ ਦਾ ਅਭਿਆਸ (ਪ੍ਰੈਕਟਿਸ) ਜ਼ਿਆਦਾ ਮੰਨਿਆ ਜਾ ਸਕਦਾ ਹੈ। ਜਿਹੋ ਜਿਹੇ ਵਾਤਾਵਰਣ ਵਿੱਚ ਬੱਚਾ ਪਲਦਾ ਹੈ, ਉਸੇ ਤਰ੍ਹਾਂ ਦਾ ਉਸ ਦਾ ਬੋਲਣਾ ਅਤੇ ਸੋਚਣਾ ਬਣ ਜਾਂਦਾ ਹੈ। ਵਿਦਵਾਨਾਂ ਦਾ ਕਥਨ ਹੈ, "ਜੇ ਮਨੁੱਖ ਕੋਲ ਬੋਲੀ ਨਾ ਹੁੰਦੀ ਤਾਂ ਅਕਲ ਭੀ ਨਾ ਹੁੰਦੀ।" ਸਾਡੇ ਦਿਮਾਗ ਵਿੱਚ ਬੋਲੇ ਗਏ ਅਤੇ ਸੁਣੇ ਗਏ ਸ਼ਬਦਾਂ ਦੀਆਂ "ਵੀਡੀਓ ਫ਼ਿਲਮਾਂ ਦੀ ਚਿੱਪ" ਹਰ ਚੀਜ਼ ਦਾ ਲੇਖਾ ਜੋਖਾ ਰਖਦੀ ਹੈ। ਜਦੋਂ ਅਸੀਂ ਸੋਚ ਸ਼ਕਤੀ ਤੋਂ ਕੰਮ ਲੈਂਦੇ ਹਾਂ, ਤਦੋਂ ਬੋਲੀ ਸਾਡੀ ਪ੍ਰਮੁੱਖ ਸਹਾਇਕ ਹੁੰਦੀ ਹੈ। ਇੱਕ ਪੰਜਾਬੀ ਵਿਅਕਤੀ ਇੰਗਲੈਂਡ ਵਿੱਚ ਬੇਸ਼ੱਕ ਰਹਿਣ ਲੱਗ ਪਵੇ। ਹਰ ਕੰਮ-ਕਾਰ ਵਿੱਚ ਫ਼ਰਾਟੇਦਾਰ ਇੰਗਲਿਸ਼ ਬੋਲੇ। ਕਦੀ ਗਹਿਰਾਈ ਨਾਲ ਪਰਖ ਕਰ ਕੇ ਵੇਖਣਾ ਅੰਗਰੇਜ਼ੀ ਦੇ ਸ਼ਬਦਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰ ਕੇ ਸਮਝੇਗਾ, ਕਿਉਂਕਿ ਪੰਜਾਬੀ ਬੋਲੀ ਦੇ ਸ਼ਬਦਾਂ ਰਾਹੀਂ ਉਸ ਨੇ ਮੁੱਢਲਾ ਗਿਆਨ ਹਾਸਲ ਕੀਤਾ ਹੈ।

ਸਿਆਣੇ ਪੁਰਖਾਂ ਦਾ ਆਖਣਾ ਹੈ ਕਿ "ਵੀਹ ਸਾਲ ਦੀ ਉਮਰ ਤੱਕ ਮਨੁੱਖ ਬੋਲਣਾ ਸਿਖਦਾ ਹੈ। ਚਾਲੀ ਸਾਲ ਦੀ ਉਮਰ ਤੱਕ ਜ਼ੁਬਾਨ 'ਤੇ ਕਾਬੂ ਰੱਖਣਾ ਸਿੱਖਦਾ ਹੈ। ਉਸ ਤੋਂ ਮਗਰੋਂ ਕੁੱਝ ਵਿਰਲੇ ਪੁਰਖ ਸਮਾਜ ਲਈ ਬੋਲ ਕੇ ਜਾਂ ਲਿਖ ਕੇ, ਆਪਣੇ ਗਿਆਨ ਦਾ ਖ਼ਜ਼ਾਨਾ ਛੱਡ ਕੇ ਸੰਸਾਰ ਤੋਂ ਵਿਦਾ ਹੋ ਜਾਂਦੇ ਹਨ। ਜ਼ੁਬਾਨੀ ਕੀਤੇ ਗਏ ਉਪਦੇਸ਼ ਵਿੱਚ ਰਲਾ ਪੈਣ ਦੀ ਸੰਭਾਵਨਾ ਅਧਿਕ ਹੁੰਦੀ ਹੈ। ਲਿਖਤ ਵਿੱਚ ਮਿਲਾਵਟ ਹੋਣ ਦਾ ਖ਼ਤਰਾ ਘੱਟ ਜਾਂਦਾ ਹੈ।

ਜਿਸ ਵਿਅਕਤੀ ਕੋਲ ਗਿਆਨ ਘੱਟ ਹੈ, ਉਹ ਜ਼ਿਆਦਾ ਬੋਲਦਾ ਹੈ। ਬਿਨਾਂ ਕਾਰਨ ਤੋਂ ਬੋਲਦਾ ਹੈ। ਚੀਕਾਂ ਮਾਰਦਾ ਹੈ, ਅੱਧ ਅਧੂਰੇ ਗੀਤਾਂ ਦੀਆਂ ਪੰਕਤੀਆਂ ਗਾਉਂਦਾ ਹੈ, ਘੰਗੂਰੇ ਮਾਰਦਾ ਹੈ ਜਾਂ ਫਿਰ ਰੋਂਦਾ ਹੈ, ਵਿਲਕਦਾ ਹੈ। ਬੋਲਣ ਲਈ ਜਿਥੇ ਜ਼ੁਬਾਨ (ਜੀਭ) ਦੀ ਲੋੜ ਹੈ ਉਥੇ ਨਾਲ ਹੀ ਵਿਕਸਤ ਦਿਮਾਗ ਦੀ ਲੋੜ ਹੈ। ਸਿਆਣਿਆਂ ਦਾ ਕਥਨ ਹੈ ਕਿ "ਜਿਤਨੀ ਦੇਰ ਤੱਕ, ਨਾ ਸਮਝ ਅਤੇ ਸਮਝਦਾਰ ਇਨਸਾਨ ਚੁੱਪ ਰਹਿਣਗੇ, ਉਹ ਦੋਵੇਂ ਇੱਕੋ ਜਹੇ ਪ੍ਰਤੀਤ ਹੁੰਦੇ ਹਨ। ਜਦੋਂ ਬੋਲ ਪੈਣ, ਝੱਟ ਮੂਰਖ ਅਤੇ ਸਿਆਣੇ ਦੀ ਪਛਾਣ ਹੋ ਜਾਂਦੀ ਹੈ।" ਇਹ ਭੀ ਇੱਕ ਹੈਰਾਨਕੁਨ ਗੱਲ ਮਹਿਸੂਸ ਹੁੰਦੀ ਹੈ ਕਿ ਆਪਣੇ ਜ਼ਮਾਨੇ ਵਿੱਚ ਚੋਟੀ ਦਾ ਵਿਦਵਾਨ ਸ਼ੇਖ ਸ਼ਾਅਦੀ 51 ਸਾਲ ਦੀ ਉਮਰ ਵਿੱਚ ਪੜ੍ਹਨਾ ਸਿੱਖਿਆ ਸੀ। ਗੁਲਿਸਤਾਂ ਅਤੇ ਬੋਸਤਾਂ ਨਾਮ ਦੀਆਂ ਦੋ ਪੁਸਤਕਾਂ ਲਿਖ ਕੇ ਸੰਸਾਰ ਵਿੱਚ ਆਪਣੇ ਨਾਮ ਦਾ ਡੰਕਾ ਵਜਾ ਗਿਆ। ਦੁਨੀਆਂ ਵਿੱਚ ਪ੍ਰਚੱਲਤ ਸਾਰੀਆਂ ਭਾਸ਼ਾਵਾਂ ਵਿੱਚ ਸ਼ੇਖ ਸ਼ਾਅਦੀ ਜੀ ਦੀਆਂ ਪੁਸਤਕਾਂ ਅਨੁਵਾਦ ਹੋ ਚੁੱਕੀਆਂ ਹਨ। ਅੱਜ ਕੱਲ੍ਹ ਸਾਖੀ, ਕਥਾ, ਕਹਾਣੀਆਂ, ਵਾਰਤਾ, ਵਖਿਆਨ ਭਾਵੇਂ ਸਮਾਨ ਅਰਥਾਂ ਵਿੱਚ ਵਰਤੀਂਦੇ ਵੇਖਦੇ ਹਾਂ, ਪਰ ਇਨ੍ਹਾਂ ਦੀਆਂ ਕਿਸਮਾਂ ਅਲੱਗ-ਅਲੱਗ ਹਨ। ਬੋਲਣ ਸਬੰਧੀ ਅਗਵਾਈ ਲੈਣ ਵਾਸਤੇ ਗੁਰਬਾਣੀ ਤੋਂ ਸੇਧ ਪ੍ਰਾਪਤ ਕਰੀਏ -

ਮਸਟਿ ਕਰਉ ਮੂਰਖੁ ਜਗਿ ਕਹੀਆ ॥ ਅਧਿਕ "ਬਕਉ" ਤੇਰੀ ਲਿਵ ਰਹੀਆ ॥
ਭੂਲ ਚੂਕ ਤੇਰੈ ਦਰਬਾਰਿ ॥ ਨਾਮ ਬਿਨਾ ਕੈਸੇ ਆਚਾਰ ॥ (1330)

ਹੇ ਭਾਈ! ਜੇ ਮਨੁੱਖ ਲੋੜ ਵਕਤ ਭੀ ਨਾ ਬੋਲੇ, ਸਦਾ ਖਾਮੋਸ਼ੀ ਧਾਰਨ ਕਰੀ ਰੱਖੇ, ਉਸ ਨੂੰ ਮੂਰਖ ਆਖੀਦਾ ਹੈ। ਜੋ ਵਿਅਕਤੀ ਬਹੁਤਾ ਬੋਲਦਾ ਹੈ, ਉਸ ਨੂੰ ਭੀ ਭਟਕਿਆ ਹੋਇਆ ਮੰਨਣਾ ਚਾਹੀਦਾ ਹੈ, ਉਸ ਦਾ ਮਨ ਸਥਿਰ ਨਹੀਂ ਹੈ। ਹੇ ਨਿਰੰਕਾਰ, ਤੇਰੇ ਅਟੱਲ ਨਿਅਮ ਮੁਤਾਬਕ ਭੁੱਲਾਂ-ਗ਼ਲਤੀਆਂ ਦਾ ਨਿਰਣਾ ਹੋਵੇਗਾ। ਇਹ ਗੱਲ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ, ਨਿਰੰਕਾਰ ਦੇ ਗੁਣਾਂ ਨੂੰ ਧਾਰਨ ਕਰਨ ਤੋਂ ਬਿਨਾਂ ਕਿਰਦਾਰ ਉੱਚਾ ਨਹੀਂ ਬਣਦਾ। ਵਰਤੋਂ ਵਿਹਾਰ ਵਿੱਚ ਨਿਰਮਲਤਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਇਹ ਮਨੁੱਖ ਧਰਮ ਦੇ ਰਸਤੇ ਚੱਲ ਰਿਹਾ ਹੈ।

"ਬੋਲਹਿ" ਸਾਚ ਮਿਥਿਆ ਨਹੀਂ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥ (227)

ਹੇ ਭਾਈ! ਸਦਾ ਸੱਚ ਬੋਲੋ, ਸੱਚਾ ਵਿਹਾਰ ਕਰੋ। ਝੂਠ ਨੂੰ ਆਪਣੇ ਜੀਵਨ ਵਿੱਚੋਂ ਕੱਢ ਦਿਉ। ਰਾਈ ਮਾਤਰ ਝੂਠ ਤੁਹਾਡੇ ਜੀਵਨ ਵਿੱਚ ਅਤੇ ਬੋਲਚਾਲ ਵਿੱਚ ਨਹੀਂ ਆਉਣਾ

ਚਾਹੀਦਾ। ਗੁਰੂ ਵੱਲੋਂ ਦਰਸਾਏ ਸੱਚਾਈ ਵਾਲੇ ਰਾਹ 'ਤੇ ਚੱਲੋ। ਨਿਰੰਕਾਰ ਦੇ ਹੁਕਮ ਨੂੰ ਸਮਝੋ ਅਤੇ ਵਲ-ਛਲ ਤਿਆਗ ਕੇ, ਸਾਦਗੀ ਵਾਲੀ ਜ਼ਿੰਦਗੀ ਬਿਤਾਉ।

ਸੰਤਨ ਸਿਉ ਬੋਲੇ ਉਪਕਾਰੀ ॥ ਮੂਰਖ ਸਿਉ ਬੋਲੇ ਝਖਮਾਰੀ ॥
ਬੋਲਤ ਬੋਲਤ ਬਢਹਿ ਬਿਕਾਰਾ। ਬਿਨੁ ਬੋਲੇ ਕਿਆ ਕਰਹਿ ਬੀਚਾਰਾ ॥
ਕਹੁ ਕਬੀਰ ਛੂਛਾ ਘਟੁ ਬੋਲੈ ॥ ਭਰਿਆ ਹੋਇ ਸੁ ਕਬਹੁ ਨ ਡੋਲੈ ॥ (870)

ਹੇ ਭਾਈ! ਭਲੇ ਪੁਰਖਾਂ ਨਾਲ ਵਿਚਾਰ ਚਰਚਾ ਕਰਨ ਨਾਲ ਗਿਆਨ ਵਿੱਚ ਵਾਧਾ ਹੁੰਦਾ ਹੈ। ਪਰਉਪਕਾਰ ਵਰਗੇ ਚੰਗੇ ਕੰਮ ਕਰਨ ਬਾਰੇ ਉਤਸ਼ਾਹ ਪੈਦਾ ਹੁੰਦਾ ਹੈ। ਮੂਰਖ ਨਾਲ ਗੱਲਬਾਤ ਕਰਾਂਗੇ ਤਾਂ ਸਮਾਂ ਵਿਅਰਥ ਹੀ ਬਰਬਾਦ ਕਰ ਰਹੇ ਹੋਵਾਂਗੇ। ਮੂਰਖ ਨੇ ਸਿਆਣਪ ਵਾਲੀ ਗੱਲ ਤਾਂ ਕਰਨੀ ਕੋਈ ਨਹੀਂ। ਕਈ ਵਾਰੀ ਬੇ ਮਾਹਿਨੇ ਬੋਲਣ ਕਾਰਨ ਝਗੜੇ ਝੇੜੇ ਖੜੇ ਹੋ ਜਾਂਦੇ ਹਨ। ਬੋਲੇ ਤੋਂ ਬਿਨਾਂ ਸਰਦਾ ਭੀ ਨਹੀਂ। ਵਿਚਾਰ ਚਰਚਾ ਤਾਂ ਬੋਲ ਕੇ ਹੀ ਹੋ ਸਕਦੀ ਹੈ। ਇੱਕ ਦਾ ਗਿਆਨ ਦੂਜੇ ਤੱਕ ਗੱਲਬਾਤ ਦੁਆਰਾ ਹੀ ਪੁਚਾਇਆ ਜਾ ਸਕਦਾ ਹੈ। ਪਰ ਇਹ ਭੀ ਸੱਚ ਹੈ ਕਿ ਗਿਆਨ ਅਤੇ ਗੁਣਾਂ ਤੋਂ ਸੱਖਣਾ ਮਨੁੱਖ ਜ਼ਿਆਦਾ ਬੋਲਦਾ ਹੈ, ਬਿਨਾਂ ਮਤਲਬ ਤੋਂ। ਜਿਵੇਂ ਖਾਲੀ ਘੜਾ ਬਹੁਤ ਆਵਾਜ਼ ਕੱਢਦਾ ਹੈ। ਜੇਕਰ ਭਰਿਆ ਹੋਵੇ ਤਾਂ ਕੋਈ ਆਵਾਜ਼ ਨਹੀਂ ਨਿਕਲਦੀ। ਇਸੇ ਤਰ੍ਹਾਂ ਗੁਣਵਾਨ ਅਤੇ ਤਜਰਬੇਕਾਰ ਮਨੁੱਖ ਬੋਲਦਾ ਘੱਟ ਹੈ, ਪਰ ਚੰਗਾ ਬੋਲਦਾ ਹੈ। ਕੰਮ ਵੱਧ ਕਰਦਾ ਹੈ, ਵਿਖਾਵਾ ਨਹੀਂ ਕਰਦਾ, ਅਡੋਲ ਰਹਿੰਦਾ ਹੈ।

ਭਾਈ ਗੁਰਦਾਸ ਜੀ ਉੱਚ ਕੋਟੀ ਦੇ ਵਿਦਵਾਨ ਸਨ। ਗੁਰਬਾਣੀ ਦੀਆਂ ਬਾਰੀਕੀਆਂ ਨੂੰ ਸਮਝ ਕੇ, ਵਿਸਥਾਰ ਸਹਿਤ ਦੂਜਿਆਂ ਨੂੰ ਰੋਚਕ ਢੰਗ ਨਾਲ ਸਮਝਾ ਸਕਦੇ ਸਨ। ਚੰਗਾ-ਮੰਦਾ ਬੋਲਣ 'ਤੇ ਨਤੀਜਿਆਂ ਬਾਰੇ ਭਾਈ ਸਾਹਿਬ ਜੀ ਖ਼ਬਰਦਾਰ ਕਰਦੇ ਹੋਏ ਲਿਖਦੇ ਹਨ :

ਮਧੁਰ ਬਚਨ ਸਮਸਰ ਨ ਪੁਜਸ ਮਧੁ, ਕਰਕਿ ਸਬਦਿ ਸਰਿ ਬਿਖ ਨ ਬਿਖਮ ਹੈ ॥
ਮਧੁਰ ਬਚਨ ਸੀਤਲਤਾ ਮਿਸਟਾਨਪਾਨ, ਕਰਕਿ ਸਬਦਿ ਸਤਪਤ ਕਟ ਕਮ ਹੈ ॥
ਮਧੁਰ ਬਚਨ ਕੈ ਤ੍ਰਿਪਤਿ ਅਉ ਸੰਤੋਖ ਸਾਂਤਿ, ਕਰਕਿ ਸਬਦਿ ਅਸੰਤੋਖ ਦੋਖ ਸ੍ਰਮ ਹੈ ॥
ਮਧੁਰ ਬਚਨ ਲਗਿ ਅਗਮ ਸੁਗਮ ਹੋਇ, ਕਰਕਿ ਸਬਦਿ ਲਗਿ ਸੁਗਮ ਅਗਮ ਹੈ ॥
(ਕਬਿੱਤ-246)

ਹੇ ਭਾਈ! ਪਿਆਰ ਵਾਲੇ ਮਿੱਠੇ ਬੋਲਾਂ ਦੀ ਬੜੀ ਅਹਿਮੀਅਤ ਹੈ। ਸ਼ਹਿਦ ਬਹੁਤ ਮਿੱਠਾ ਹੁੰਦਾ ਹੈ। ਪਰ ਉਸ ਦਾ ਸੁਆਦ ਥੋੜ੍ਹ ਚਿਰਾ ਹੈ। ਮਿੱਠੇ ਬੋਲਾਂ ਦੀ ਮਿਠਾਸ ਸ਼ਹਿਦ ਨਾਲੋਂ ਕਿਤੇ ਜ਼ਿਆਦਾ ਹੈ। ਕੌੜੇ ਬੋਲ ਤਾਂ ਇਉਂ ਹਨ, ਮਾਨੋਂ ਨਿਰਾ ਜ਼ਹਿਰ ਉਗਲਿਆ ਜਾ ਰਿਹਾ ਹੋਵੇ। ਜ਼ਹਿਰ ਦਾ ਅਸਰ ਸ਼ਾਇਦ ਘੱਟ ਹੋਵੇ ਪਰ ਕੌੜੇ ਬੋਲ ਲੰਮੇ ਸਮੇਂ ਤੱਕ ਚੁੱਭਦੇ ਰਹਿੰਦੇ ਹਨ। ਮਿੱਠੇ ਬੋਲ ਠੰਡਕ ਪ੍ਰਦਾਨ ਕਰਦੇ ਹਨ। ਮਾਨੋਂ ਸ਼ੁੱਧ ਮਠਿਆਈ ਦਾ ਸੁਆਦ ਮਾਣ ਰਹੇ ਹੋਈਏ। ਕੌੜੇ ਬੋਲ ਤਾਂ ਮਾਨੋ ਸਿੱਧੀ ਦਿਲ 'ਤੇ ਕਾਟ ਕਰਦੇ ਹਨ। ਇਨਸਾਨ ਵਿਲਕ ਉਠਦਾ ਹੈ। ਮਿੱਠੇ ਬਚਨ ਸੁਣ ਕੇ ਤ੍ਰਿਪਤੀ ਮਿਲਦੀ ਹੈ। ਸ਼ਾਂਤੀ ਪ੍ਰਾਪਤ ਹੁੰਦੀ ਹੈ,

ਟਿਕਾਉ ਆਉਂਦਾ ਹੈ। ਦੂਜੇ ਪਾਸੇ ਕੌੜੇ ਬੋਲਾਂ ਕਾਰਨ ਬੇਚੈਨੀ ਪੈਦਾ ਹੁੰਦੀ ਹੈ। ਦੁਸ਼ਮਣੀ ਦੀ ਭਾਵਨਾ ਪ੍ਰਬਲ ਹੋ ਉਠਦੀ ਹੈ। ਮਨ ਉਦਾਸ ਅਤੇ ਦੁਖੀ ਹੋ ਜਾਂਦਾ ਹੈ। ਮਿੱਠੇ ਬਚਨਾਂ ਨਾਲ ਬਿਗੜੇ ਕਾਰਜ ਰਾਸ ਆ ਜਾਂਦੇ ਹਨ। ਔਖੇ ਪ੍ਰਤੀਤ ਹੁੰਦੇ ਕੰਮ ਸੌਖਿਆਂ ਹੀ ਨੇਪਰੇ ਚੜ੍ਹ ਜਾਂਦੇ ਹਨ। ਕੌੜੇ ਬੋਲਾਂ ਨਾਲ ਬਣਦੇ ਕੰਮ ਰੁਕ ਜਾਂਦੇ ਹਨ। ਪੂਰ ਚੜ੍ਹਨ ਦੀ ਥਾਂਵੇਂ ਬਿਗੜ ਜਾਂਦੇ ਹਨ। ਸੌਖੇ ਕਾਰਜ ਭੀ ਔਖੇ ਬਣ ਜਾਂਦੇ ਹਨ ਤਾਂ ਤੇ ਸੋਚ ਸਮਝ ਕੇ ਸ਼ਬਦਾਂ ਦੀ ਚੋਣ ਕਰਨੀ ਚਾਹੀਦੀ ਹੈ। ਉੱਚਾ-ਨੀਂਵਾਂ, ਹੰਕਾਰ ਅਤੇ ਨਿਮਰਤਾ, ਗੁੱਸਾ ਅਤੇ ਪਿਆਰ, ਇਹ ਆਵਾਜ਼ ਰਾਹੀਂ ਪ੍ਰਗਟ ਹੋ ਜਾਂਦਾ ਹੈ। ਬੋਲਣ ਲੱਗਿਆਂ ਸੋਚ ਕੇ ਸ਼ਬਦ ਮੂੰਹ ਵਿੱਚੋਂ ਕੱਢਣਾ ਚਾਹੀਦਾ ਹੈ। ਮਾਮੂਲੀ ਜਹੇ ਅਣਸੁਖਾਵੇਂ ਬੋਲਾਂ ਕਾਰਨ ਭਿਆਨਕ ਜੰਗ ਹੋ ਚੁੱਕੇ ਹਨ। ਬੇਅੰਤ ਲੋਕ ਮਾਰੇ ਜਾਂਦੇ ਹਨ। ਕੋਇਲ ਕਿਸੇ ਨੂੰ ਕੁੱਝ ਨਹੀਂ ਦਿੰਦੀ। ਕਾਂ ਕਿਸੇ ਤੋਂ ਕੁੱਝ ਨਹੀਂ ਲੈਂਦਾ ਪਰ ਦੋਵਾਂ ਦੀ ਆਵਾਜ਼ ਕਾਰਨ ਉਨ੍ਹਾਂ ਪ੍ਰਤੀ ਰਵੱਈਆ ਵੱਖੋ ਵੱਖਰਾ ਹੈ। ਇਥੇ ਜ਼ਰੂਰੀ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਮਿੱਠਾ ਬੋਲਦਿਆਂ ਸੱਚਾਈ ਤੋਂ ਮੂੰਹ ਨਹੀਂ ਮੋੜਨਾ। ਕਿਸੇ ਭੈ ਕਾਰਨ ਝੂਠ ਨਹੀਂ ਬੋਲਣਾ। ਹਾਂ, ਸੱਚਾਈ ਨੂੰ ਭੀ ਪਿਆਰ ਭਰੇ ਤਰੀਕੇ ਨਾਲ ਪੇਸ਼ ਕਰਨਾ ਹੈ।

ਅੰਮ੍ਰਿਤ "ਬੋਲੈ" ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥
ਅੰਮ੍ਰਿਤ ਕਥਾ ਕਹੈ ਦਿਨ ਰਾਹੀ, ਅਵਰਾ ਆਖਿ ਸੁਣਾਵਣਿਆ ॥ (118)

ਹੇ ਭਾਈ! ਮੁੱਖ ਵਿੱਚੋਂ ਅੰਮ੍ਰਿਤ ਵਰਗੇ ਚੰਗੇ ਮਿੱਠੇ ਬੋਲ ਬੋਲਣੇ ਚਾਹੀਦੇ ਹਨ। ਨੈਣਾਂ ਵਿੱਚੋਂ ਸ਼ੁੱਭ ਦ੍ਰਿਸ਼ਟੀ ਪ੍ਰਗਟ ਹੋਣੀ ਚਾਹੀਦੀ ਹੈ। ਦਿਨ-ਰਾਤ ਜਦੋਂ ਬੋਲਣ ਦਾ ਮੌਕਾ ਮਿਲੇ ਮਿੱਠੇ ਬਚਨ ਬੋਲਣੇ ਚਾਹੀਦੇ ਹਨ। ਦੂਜਿਆਂ ਨੂੰ ਪਿਆਰ ਨਾਲ ਸਮਝਾਉ ਕਿ ਭਾਈ ਤੁਸੀਂ ਭੀ ਮਿਠਾਸ ਭਰੇ ਬਚਨ ਬੋਲਿਆ ਕਰੋ।

★★★★★★

ਸਾਖੀ - ਸਿੱਖਿਆ

ਸਿੱਖ ਸਾਹਿਤ ਵਿੱਚ ਸਾਖੀਆਂ ਦਾ ਇੱਕ ਅਹਿਮ ਸਥਾਨ ਹੈ। ਸਾਖੀ ਪ੍ਰੰਪਰਾ ਭਾਵੇਂ ਸਾਰੀ ਦੁਨੀਆਂ ਵਿੱਚ ਮੌਜੂਦ ਹੈ। ਪਰ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸਬੰਧਤ ਸਾਖੀਆਂ ਅਧਿਕ ਪ੍ਰਚਲਤ ਹਨ। ਭਾਵੇਂ ਸਾਖੀਆਂ ਲਿਖਤ ਰੂਪ ਵਿੱਚ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ ਤੋਂ ਲੱਗਪੱਗ ਇੱਕ ਸੌ ਸਾਲ ਬਾਅਦ ਹੋਂਦ ਵਿੱਚ ਆਈਆਂ ਹਨ। ਅਸਲ ਮਕਸਦ ਸੀ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਤੋਂ ਉਤਸ਼ਾਹ ਲੈਣਾ, ਕੁੱਝ "ਸਿੱਖਣਾ" ਹੈ। ਵੱਡੀ ਤਾਦਾਦ ਵਿੱਚ ਅਜਿਹੀਆਂ ਸਾਖੀਆਂ ਮੌਜੂਦ ਹਨ ਜੋ ਕਿਧਰੇ ਵਾਪਰੀਆਂ ਨਹੀਂ ਪਰ ਗੁਰਬਾਣੀ ਸ਼ਬਦਾਂ 'ਤੇ ਆਧਾਰਤ ਤਿਆਰ ਕੀਤੀਆਂ ਗਈਆਂ ਹਨ। ਜਦੋਂ ਛੇ-ਸੱਤ ਸਾਲ ਦੀ ਉਮਰ ਹੋਣ 'ਤੇ ਗੁਰੂ ਨਾਨਕ ਸਾਹਿਬ ਨੂੰ ਪੜ੍ਹਨੇ ਪਾਇਆ ਗਿਆ ਤਾਂ ਉਥੇ ਪਾਂਧੇ ਨੂੰ ਪੜ੍ਹਾਉਣ ਵਾਲੀ ਸਾਖੀ ਤਿਆਰ ਕਰ ਕੇ ਲੰਮੀ ਬਾਣੀ ਆਸਾ ਰਾਗ ਵਿੱਚ "ਪੱਟੀ" ਇਸ ਸਾਖੀ ਨਾਲ ਜੋੜ ਦਿੱਤੀ ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ 432 ਤੋਂ ਆਰੰਭ ਹੁੰਦੀ ਹੈ। ਕਈਆਂ ਥਾਂਵਾਂ 'ਤੇ **"ਜਾਲਿ ਮੋਹੁ ਘਸਿ ਮਸੁ ਕਰਿ, ਮਤਿ ਕਾਗਦੁ ਕਰਿ ਸਾਰੁ ॥"** (16) ਵਾਲਾ ਸ਼ਬਦ ਪਾਂਧੇ ਪਰਥਾਇ ਉਚਾਰਣ ਕੀਤਾ ਦਰਸਾਇਆ ਗਿਆ ਹੈ। ਅਸਲ ਵਿੱਚ ਇਹ ਸ਼ਬਦ ਗੁਰੂ ਜੀ ਦੇ ਜੀਵਨ ਦੇ ਵਿਸ਼ਾਲ ਗਿਆਨ ਅਤੇ ਤਜਰਬੇ ਤੋਂ ਮਗਰੋਂ ਲਿਖੇ ਹਨ। ਇਸੇ ਤਰ੍ਹਾਂ ਜੰਜੂ ਪਾਉਣ ਸਮੇਂ **"ਦਇਆ ਕਪਾਹ ਸੰਤੋਖੁ ਸੂਤੁ, ਜਤੁ ਗੰਢੀ ਸਤੁ ਵਟੁ ॥"** (471) ਵਾਲਾ ਸ਼ਬਦ, ਦਸ ਸਾਲ ਦੇ ਇਆਣੇ ਬਾਲਕ ਵੱਲੋਂ ਉਚਾਰਿਆ ਹੋਇਆ ਨਹੀਂ ਹੈ। ਇੱਕ ਪਰੌੜ ਸਰਬਪੱਖੀ ਗਿਆਨ ਦੇ ਮਾਲਕ ਗੁਰੂ ਦਾ ਉਚਾਰਨ ਕੀਤਾ ਹੋਇਆ ਹੈ, ਜੋ ਵਡੇਰੀ ਉਮਰ ਵਿੱਚ ਲਿਖਿਆ (ਉਚਾਰਿਆ) ਗਿਆ ਸੀ। ਸ਼ਬਦ 'ਤੇ ਆਧਾਰਤ ਸਾਖੀ ਤਿਆਰ ਕੀਤੀ ਗਈ ਹੈ ਪਰ ਹੈ ਚੰਗੀ। ਇਸੇ ਪ੍ਰਕਾਰ ਹੋਰ ਕਈ ਸਾਖੀਆਂ ਹਨ।

ਗੁਰਬਾਣੀ ਵਿੱਚ ਸਾਖੀ, ਸਿੱਖਿਆ, ਕਥਾ, ਕਹਾਣੀ ਆਦਿ ਸ਼ਬਦ ਬਹੁਤ ਵਾਰੀ ਵਰਤੇ ਮਿਲਦੇ ਹਨ। ਨਾਮ ਭਾਵੇਂ ਕੋਈ ਭੀ ਰੱਖ ਲਈਏ, ਗੁਰਬਾਣੀ ਉਚਾਰਣ ਦਾ ਮੂਲ ਕਾਰਨ ਸਮਾਜ ਨੂੰ ਸਿੱਖਿਆ ਦੇਣੀ ਸੀ। ਕਦੀ ਗੰਭੀਰਤਾ ਨਾਲ ਸੋਚ ਕੇ ਵੇਖੀਏ ਜੇਕਰ ਗੁਰਬਾਣੀ ਸਾਡੇ ਕੋਲ ਨਾ ਹੁੰਦੀ, ਫਿਰ ਅਸੀਂ ਸਿੱਖੀ ਦੀ ਕਲਪਣਾ ਕਰ ਸਕਦੇ ਹਾਂ ? ਜਿਨ੍ਹਾਂ ਪੱਖਾਂ 'ਤੇ ਗੁਰੂ ਸਾਹਿਬਾਨ ਨੇ ਬੇਬਾਕੀ ਨਾਲ ਲਿਖ ਕੇ (ਅਤੇ ਬੋਲ ਕੇ) ਸਮਾਜ ਨੂੰ ਸੇਧ ਦਿੱਤੀ ਹੈ, ਫਿਰ ਉਹ ਅਗਵਾਈ ਕਿੱਥੋਂ ਮਿਲਦੀ ?

ਜਿਵੇਂ ਕਿ ਘੱਟ ਜਾਂ ਵੱਧ ਅੱਜ ਤੱਕ ਵੇਖੀ ਜਾਂ ਸੁਣੀ ਘਟਨਾ ਦਾ ਰੂਪ ਬਦਲਦਾ ਹੋਇਆ ਸਮੇਂ ਦੇ ਬੀਤਣ ਨਾਲ ਹੋਰ ਦਾ ਹੋਰ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਬਹੁਤ ਮਹਾਨ ਸਨ। ਦਲੇਰ ਸਨ, ਲੰਮੀਆਂ ਖ਼ਤਰਨਾਕ ਯਾਤਰਾਵਾਂ ਕਰਨ ਵਾਲੇ ਸਨ। ਬੇਅੰਤ ਤਰ੍ਹਾਂ ਦੇ (ਚੰਗੇ-ਮੰਦੇ) ਲੋਕਾਂ ਨੂੰ ਮਿਲੇ ਸਨ। ਲੋਕਾਂ ਨੂੰ ਮਿਲਣ ਵਾਸਤੇ ਸਿੱਧੇ ਰਾਹ ਪਾਉਣ

ਲਈ ਕਈ ਤਰ੍ਹਾਂ ਦੇ ਹਾਸਰਸੀ ਹਾਲਾਤ ਪੈਦਾ ਕਰ ਲੈਂਦੇ ਸਨ। ਵੇਲਾ ਵਿਹਾ ਚੁੱਕੇ ਕਰਮ ਕਾਂਡੀ ਜੀਵਨ ਨੂੰ ਰੱਦ ਕਰ ਕੇ, ਨਵੇਂ ਧਰਮ ਦੇ ਅਸੂਲ ਨਿਰਧਾਰਤ ਕਰ ਰਹੇ ਸਨ। ਅਜਿਹੇ ਮਹਾਨ ਯੋਧੇ ਦੀ ਜ਼ਿੰਦਗੀ ਨਾਲ ਅਲੌਕਿਕ ਘਟਨਾਵਾਂ ਦਾ ਜੁੜਨਾ ਆਮ ਗੱਲ ਹੈ। ਕਰਾਮਾਤੀ ਕਹਾਣੀਆਂ ਵਿੱਚ ਸਾਖੀਕਾਰਾਂ ਨੇ ਬਾਬਾ ਜੀ ਨੂੰ ਆਮ ਤੋਂ ਖਾਸ ਮਨੁੱਖ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਗੁਰਬਾਣੀ ਦੁਆਰਾ ਪ੍ਰਗਟ ਹੋਈ ਇਨਕਲਾਬੀ ਵਿਚਾਰਧਾਰਾ ਨੂੰ ਸਮਝਣ ਅਤੇ ਜੀਵਨ ਵਿੱਚ ਅਪਣਾਉਣ ਨੂੰ ਲੰਮੇਂ ਸਮੇਂ ਦੇ ਪ੍ਰਚਾਰ ਅਤੇ ਸੰਘਰਸ਼ ਦੀ ਲੋੜ ਸੀ। ਲਗਪਗ ਸਾਰੀਆਂ (ਵਲਾਇਤ ਵਾਲੀ, ਮੇਹਰਵਾਨ ਵਾਲੀ, ਬਾਲੇ ਵਾਲੀ ਤੇ ਭਾਈ ਮਨੀ ਸਿੰਘ ਵਾਲੀ) ਜਨਮ ਸਾਖੀਆਂ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਹੁਤ ਬਾਦ ਵਿੱਚ ਲਿਖੀਆਂ ਗਈਆਂ ਹਨ, ਕਰੀਬ ਇੱਕ ਸੌ ਪੰਜਾਹ ਸਾਲ ਬਾਅਦ। ਗੁਰਬਾਣੀ ਵਿੱਚ ਸਾਖੀ ਨੂੰ ਸਿੱਖਿਆ ਜਾਂ ਗਵਾਹੀ (ਸਾਖਸ਼ੀ) ਦੇ ਅਰਥਾਂ ਵਿੱਚ ਵਰਤਿਆ ਗਿਆ ਹੈ। ਆਉ ਕੁੱਝ ਪ੍ਰਮਾਣ ਵਿਚਾਰ ਲਈਏ -

ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ "ਸਾਖੀ" ਮਿਟਿਆ ਅੰਧਿਆਰਾ ॥ (126)

ਹੇ ਭਾਈ! ਜਦੋਂ ਮਨ ਅੰਦਰ ਗੁਰੂ ਦੇ ਗਿਆਨ ਦਾ ਚਾਨਣ ਹੋ ਜਾਵੇ ਤਾਂ ਆਪਣੇ ਆਪ ਦੀ ਸਮਝ ਆ ਜਾਂਦੀ ਹੈ। ਸਾਰੇ ਕਿਤੇ ਪਰਮਾਤਮਾ ਦਾ ਅੱਟਲ ਕਾਨੂੰਨ ਵਰਤ ਰਿਹਾ ਦਿੱਸ ਆਉਂਦਾ ਹੈ। ਜਦੋਂ ਗੁਰੂ ਦੀ ਉੱਤਮ ਸਿੱਖਿਆ ਪ੍ਰਾਪਤ ਹੋ ਜਾਵੇ ਤਾਂ ਅਗਿਆਨਤਾ ਵਾਲਾ ਹਨ੍ਹੇਰਾ ਮਿਟ ਜਾਂਦਾ ਹੈ। ਮਨੁੱਖ ਨੂੰ ਜ਼ਿੰਦਗੀ ਜਿਉਣ ਦਾ ਵੱਲ ਆ ਜਾਂਦਾ ਹੈ।

ਗੁਰ "ਸਾਖੀ" ਅੰਤਰਿ ਜਾਗੀ ॥ ਤਾਂ ਚੰਚਲ ਮਤਿ ਤਿਆਗੀ ॥
ਗੁਰ "ਸਾਖੀ" ਕਾ ਉਜੀਆਰਾ ॥ ਤਾ ਮਿਟਿਆ ਸਗਲ ਅੰਧ੍ਹਾਰਾ ॥ (599)

ਹੇ ਭਾਈ! ਗੁਰੂ ਦੀ ਸ਼ੁੱਭ ਸਿੱਖਿਆ (ਉਪਦੇਸ਼) ਨਾਲ ਅੰਤਰ ਆਤਮਾ ਜਾਗ ਪਈ। ਹੁਣ ਚੰਚਲਤਾ ਵਾਲੀ ਭੈੜੀ ਮੱਤ (ਬੁਰੇ ਕੰਮ) ਤਿਆਗ ਦਿੱਤੀ। ਗੁਰੂ ਦੀ ਸਿੱਖਿਆ ਨੇ ਜੀਵਨ ਦਾ ਰਾਹ ਰੋਸ਼ਨ ਕਰ ਦਿੱਤਾ। ਅਗਿਆਨਤਾ ਕਾਰਨ ਜੀਵਨ ਕੁਰਾਹੇ ਪਿਆ ਹੋਇਆ ਸੀ। ਹੁਣ ਸਹੀ ਜੀਵਨ ਰਾਹ ਪ੍ਰਾਪਤ ਹੋ ਗਿਆ ਹੈ।

ਪਰਥਾਇ "ਸਾਖੀ" ਮਹਾ ਪੁਰਖ ਬੋਲਦੇ, ਸਾਝੀ ਸਗਲ ਜਹਾਨੈ ॥
ਗੁਰਮੁਖਿ ਹੋਇ ਸੁ ਭਉ ਕਰੇ, ਆਪਣਾ ਆਪੁ ਪਛਾਣੈ ॥ (647)

ਹੇ ਗੁਰਸਿੱਖੋ! ਗੁਰੂ ਭਾਵੇਂ ਵਕਤ ਮੁਤਾਬਕ ਕਿਸੇ ਇੱਕ ਵਿਅਕਤੀ ਨੂੰ ਸ਼ੁੱਭ ਸਿੱਖਿਆ ਦੇ ਰਿਹਾ ਹੋਵੇ, ਪਰ ਉਹ ਉਪਦੇਸ਼ ਸਾਰੇ ਸੰਸਾਰ ਦੇ ਲੋਕਾਂ ਲਈ ਸਾਂਝਾ ਅਤੇ ਲਾਭਦਾਇਕ ਹੋਇਆ ਕਰਦਾ ਹੈ। ਇਹ ਨਹੀਂ ਕਿ ਸਿਰਫ਼ ਉਸੇ ਇੱਕ ਮਨੁੱਖ ਲਈ ਹੈ। ਇਸ ਲਈ ਗੁਰਸਿੱਖਾਂ ਨੂੰ ਗੁਰੂ ਦੀ ਆਖੀ ਗੱਲ ਮੰਨ ਕੇ, ਆਪਣੇ ਮੂਲ ਦੀ ਪਛਾਣ ਕਰਨੀ ਚਾਹੀਦੀ ਹੈ। ਮਨੁੱਖਾ ਜੀਵਨ ਦੀ ਕਦਰ ਕਰਨੀ ਚਾਹੀਦੀ ਹੈ।

ਜਿਨ੍ਹਾਂ ਸਮਿਆਂ ਵਿੱਚ ਜਨਮ ਸਾਖੀਆਂ ਲਿਖੀਆਂ ਗਈਆਂ, ਤਦੋਂ "ਸ਼ਰਧਾ" ਵਾਲਾ ਪੱਖ ਜ਼ਿਆਦਾ ਭਾਰੂ ਸੀ, ਗਿਆਨ ਵਾਲਾ ਪੱਖ ਕਾਫ਼ੀ ਪਿਛਾਂਹ ਸੀ। ਗੁਰਬਾਣੀ ਨੂੰ ਖ਼ੁਦ ਸਮਝ ਕੇ ਦੂਜਿਆਂ ਨੂੰ ਸਮਝਾਉਣ ਵਾਲੇ ਵਿਰਲੇ ਸਿੱਖ ਸਨ। ਭਾਈ ਗੁਰਦਾਸ ਜੀ ਤੇ ਭਾਈ


ਮਨੀ ਸਿੰਘ ਤੋਂ ਬਾਅਦ ਗੁਰੂ ਕਾਲ ਵਿੱਚ ਹੋਇਆ ਕੋਈ ਅਜਿਹਾ ਸਿੱਖ ਨਹੀਂ ਲਭਦਾ, ਜਿਸ ਦੀਆਂ ਲਿਖਤਾਂ ਤੋਂ ਅਸੀਂ ਗੁਰਮਤਿ ਦੀ ਸਹੀ ਸੇਧ ਪ੍ਰਾਪਤ ਕਰ ਸਕੀਏ। ਵੈਸੇ ਭਾਈ ਮਨੀ ਸਿੰਘ ਜੀ ਨੇ ਖ਼ੁਦ ਕੁੱਝ ਲਿਖਿਆ ਹੋਵੇ ਹਾਲੇ ਇਹ ਭੀ ਖੋਜ ਦਾ ਵਿਸ਼ਾ ਹੈ। ਕਿਉਂਕਿ ਭਾਈ ਮਨੀ ਸਿੰਘ ਦਾ ਨਾਂ ਵਰਤ ਕੇ (ਯਾਦ ਰਹੇ ਮਨੀ ਸਿੰਘ ਭੀ ਦੋ ਹੋਏ ਹਨ) ਕਈ ਸਾਰੇ ਹੋਰ ਲੋਕਾਂ ਨੇ, ਸ਼ੱਕੀ ਜਿਹੀਆਂ ਕਥਾ ਕਹਾਣੀਆਂ ਲਿਖ ਕੇ ਪੰਥ ਵਿੱਚ ਪ੍ਰਚਾਰ ਦਿੱਤੀਆਂ। ਭਾਈ ਨੰਦ ਲਾਲ ਜੀ ਦੀ ਰਚਨਾ ਫ਼ਾਰਸੀ ਵਿੱਚ ਹੋਣ ਕਰ ਕੇ ਆਮ ਸਿੱਖ ਦੀ ਪਹੁੰਚ ਤੋਂ ਪਰ੍ਹੇ ਹੈ। ਸਿੱਖੀ ਨੂੰ ਧਾਰਨ ਕਰਨ ਵਾਲੇ ਲੋਕਾਂ ਦਾ ਪਹਿਲਾ "ਧਰਮ" ਬ੍ਰਾਹਮਣੀ ਜਾਂ ਵੈਦਿਕ ਧਰਮ ਸੀ। ਉਨ੍ਹਾਂ ਲੋਕਾਂ ਵਿੱਚ ਬ੍ਰਾਹਮਣ ਨੇ ਸਦੀਆਂ ਤੋਂ ਜੋ ਕੁੱਝ ਪ੍ਰਚਾਰਿਆ, ਉਹੀ ਸਾਰਾ ਕਰਮਕਾਂਡ ਤੇ ਪੌਰਾਣਕ ਕੂੜ ਕਹਾਣੀਆਂ ਹਰ ਇਕ ਦੇ ਮਨ ਮਸਤਕ 'ਤੇ ਹਾਵੀ ਸਨ। ਅਜਿਹੇ ਲੇਖਕਾਂ ਅਤੇ ਪ੍ਰਚਾਰਕਾਂ ਨੇ ਸਾਰਾ ਬ੍ਰਾਹਮਣੀ ਪੌਰਾਣਕ ਕੂੜਾ ਕਚਰਾ ਗੁਰੂ ਸਾਹਿਬ ਦੀਆਂ ਸਾਖੀਆਂ ਵਿੱਚ ਉਲੱਦ ਦਿੱਤਾ। ਜਦੋਂ ਮੌਕਾ ਮਿਲਿਆ ਗੁਰਬਾਣੀ ਦੇ ਅਰਥ ਕਰਨ ਦਾ, ਤਦੋਂ ਸਾਰੇ ਬ੍ਰਹਮਾ, ਵਿਸ਼ਨੂੰ ਅਤੇ ਹੋਰ ਦੇਵੀ-ਦੇਵਤੇ, ਗੁਰੂ ਸਾਹਿਬ ਜੀ ਦੇ ਬਰਾਬਰ ਲਿਆ ਬਿਠਾਏ। ਹੁਣ ਸਮੇਂ ਦੀ ਲੋੜ ਹੈ ਕਿ "ਨਿਆਰਾ ਪੰਥ" ਜਾਂ "ਨਿਆਰਾ ਖ਼ਾਲਸਾ" ਬਣਾਉਣ ਵਾਸਤੇ, ਉਨ੍ਹਾਂ ਫ਼ਜ਼ੂਲ ਕਹਾਣੀਆਂ ਨੂੰ ਰੱਦ ਕਰ ਦੇਈਏ। ਕਰਾਮਾਤੀ ਘਟਨਾਵਾਂ ਨੂੰ ਤਿਆਗ ਦੇਈਏ। ਹਰ ਇੱਕ ਘਟਨਾ ਜਾਂ ਕਹਾਣੀ ਨੂੰ ਗੁਰਬਾਣੀ ਦੀ ਪਰਖ ਕਸਵੱਟੀ 'ਤੇ ਪਰਖ ਕੇ ਪਾਠਕਾਂ ਤੱਕ ਪਹੁੰਚਾਈਏ।

ਅੱਜ ਵਿੱਦਿਆ ਦਾ ਅਤੇ ਵਿਗਿਆਨ ਦਾ ਜੁੱਗ ਹੈ। ਗੁਰਬਾਣੀ ਦੇ ਅਰਥ ਵਧੀਆ ਤਰੀਕੇ ਦੇ ਹੋ ਚੁੱਕੇ ਹਨ। ਗੁਰਬਾਣੀ ਅੰਦਰ ਵਰਤੀ ਵਿਆਕਰਣ ਸਮਝ ਆ ਚੁੱਕੀ ਹੈ। ਜਿੰਨੀਆਂ ਸਾਖੀਆਂ ਲਿਖ ਕੇ ਪਾਠਕਾਂ ਤੱਕ ਪਹੁੰਚਾਈਆਂ ਜਾਣ, ਉਨ੍ਹਾਂ ਸਾਰੀਆਂ ਨੂੰ ਗੁਰਬਾਣੀ ਦੇ ਚਾਨਣ ਵਿੱਚ ਹੀ ਪੇਸ਼ ਕੀਤਾ ਜਾਵੇ। ਜਿਨ੍ਹਾਂ ਲੋਕਾਂ ਦੀ ਬੁੱਧੀ ਵਿਕਸਤ ਨਹੀਂ ਹੋਈ ਹੁੰਦੀ, ਉਹ ਨਵੀਨਤਾ ਦਾ ਸਦਾ ਵਿਰੋਧ ਹੀ ਕਰਦੇ ਹਨ। ਪੁਰਾਤਨਤਾ ਨੂੰ ਗਲ ਨਾਲ ਲਾਈ ਰੱਖਣਾ ਚਾਹੁੰਦੇ ਹਨ। ਗੁਰਬਾਣੀ ਦੇ ਅਰਥ ਵਿਦਵਾਨਾਂ ਨੇ ਇੱਕ-ਦੂਜੇ ਤੋਂ ਵਧੀਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸੇ ਕਾਰਨ ਸਮੇਂ-ਸਮੇਂ 'ਤੇ ਆਪੋ ਆਪਣੀ ਸਮਝ ਸਮਰੱਥਾ ਮੁਤਾਬਕ, ਬਹੁਤ ਸਾਰੇ ਟੀਕਾ ਕਾਰਾਂ ਨੇ ਥੋੜ੍ਹੇ ਜਾਂ ਪੂਰੇ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਕੀਤੇ ਹਨ। ਅੱਗੋਂ ਹੋਰ ਵਧੀਆ ਅਰਥ ਹੁੰਦੇ ਰਹਿਣਗੇ। ਇਸੇ ਤਰ੍ਹਾਂ ਇਤਿਹਾਸ ਦੀ ਖੋਜ ਅਤੇ ਪੇਸ਼ਕਾਰੀ ਨਿਰੰਤਰ ਹੁੰਦੀ ਰਹਿਣੀ ਚਾਹੀਦੀ ਹੈ ਤਾਂ ਕਿ ਕਮੀਆਂ ਦੂਰ ਕੀਤੀਆਂ ਜਾ ਸਕਣ। ਦੁਨੀਆਂ ਦੇ ਸਾਰੇ ਸਮਝਦਾਰ ਲੋਕ ਵਿਕਾਸ ਮੁਖੀ ਹਨ, ਲਗਾਤਾਰ ਸੁਧਾਰ ਕਰਨ ਦੀ ਇੱਛਾ ਰਖਦੇ ਹਨ। ਸਾਡੀ ਵਰਤੋਂ ਵਾਲੀ ਹਰ ਇੱਕ ਵਸਤੂ ਪਹਿਲਾਂ ਨਾਲੋਂ ਵਧੀਆ ਬਣਾਈ ਜਾ ਰਹੀ ਹੈ। ਇੱਕ ਨਿੱਕੀ ਸੂਈ ਤੋਂ ਲੈ ਕੇ ਰੇਲਾਂ, ਹਵਾਈ ਜਹਾਜ਼ ਤੱਕ ਹੋਰ ਸੁਧਾਰ ਕੇ ਵਧੀਆ ਬਣਾਏ ਜਾ ਰਹੇ ਹਨ। ਖਾਣ ਪੀਣ ਦੇ ਸੁਆਦ ਵਿਕਸਤ ਹੋ ਰਹੇ ਹਨ। ਕੱਪੜਿਆਂ ਦੀ ਬਣਤਰ ਅਤੇ ਪਹਿਨਣ ਦੇ ਢੰਗ ਵਿਕਾਸ ਕਰ ਰਹੇ ਹਨ। ਫਿਰ ਇਤਿਹਾਸ ਦੀ ਖੋਜ ਖੜੋਤ ਦਾ ਸ਼ਿਕਾਰ ਕਿਉਂ ਹੋਵੇ ? ਸਮੇਂ ਦੀ ਲੋੜ ਮੁਤਾਬਕ ਨਵਾਂ ਇਤਿਹਾਸ ਕਿਉਂ

ਨਾ ਲਿਖਿਆ ਜਾਵੇ ? ਸਾਖੀਆਂ ਨੂੰ ਵਿਗਿਆਨਕ ਤਰਤੀਬ ਕਿਉਂ ਨਾ ਦਿੱਤੀ ਜਾਵੇ ? ਵਿਕਾਸ ਜਾਂ ਖੋਜ ਤੋਂ ਗੁਰਬਾਣੀ ਇਨਕਾਰੀ ਨਹੀਂ ਹੈ। ਪੜ੍ਹੋ -

ਸੇਵਾ ਸੁਰਤਿ ਰਹਸਿ ਗੁਣ ਗਾਵਾਂ, ਗੁਰਮੁਖਿ ਗਿਆਨੁ ਬੀਚਾਰਾ ॥
"ਖੋਜੀ" ਉਪਜੈ ਬਾਦੀ ਬਿਨਸੈ, ਹਉ ਬਲਿ ਬਲਿ ਗੁਰ ਕਰਤਾਰਾ ॥
ਹਮ ਨੀਚ ਹੁਤੇ ਹੀਣ ਮਤਿ ਝੂਠੇ, ਤੂੰ ਸਬਦਿ ਸਵਾਰਣਹਾਰਾ ॥
ਆਤਮ ਚੀਨਿ ਤਹਾ ਰੂ ਤਾਰਣ , ਸਚੁ ਤਾਰੇ ਤਾਰਣਹਾਰਾ ॥ (1255)

ਹੇ ਭਾਈ! ਸੇਵਾ ਕੀ ਹੈ, ਸੁਰਤ ਜੋੜ ਕੇ (ਧਿਆਨ ਪੂਰਬਕ) ਗੁਰੂ ਦੇ ਉਪਦੇਸ਼ ਨੂੰ ਸੁਣਨਾ ਤੇ ਸਮਝਣਾ। ਗੁਰਮੁਖਿ (ਗੁਰੂ) ਦੇ ਲਾਸਾਨੀ ਗਿਆਨ ਨੂੰ ਮਨ ਮਸਤਕ ਅੰਦਰ ਬਸਾਉਣਾ। ਬਾਰ-ਬਾਰ ਉਸ 'ਤੇ ਵਿਚਾਰ ਕਰਨੀ। ਗ਼ਲਤ ਕੀ ਹੈ ਤੇ ਠੀਕ ਕੀ ਹੈ ਦਾ ਨਿਰਣਾ ਕਰਨ ਦੇ ਸਮਰੱਥ ਬਣ ਜਾਣਾ। ਇਸ ਤਰੀਕੇ ਖੋਜੀ ਬਿਰਤੀ ਵਾਲਾ ਮਨੁੱਖ ਨਵਾਂ ਜੀਵਨ ਰਾਹ ਅਖਤਿਆਰ ਕਰਦਾ ਹੈ, ਜੋ ਗੁਰੂ ਨੇ ਦੱਸਿਆ ਹੁੰਦਾ ਹੈ। ਪਹਿਲੇ ਗ਼ਲਤ ਰਸਤੇ ਨੂੰ ਤਿਆਗ ਦਿੰਦਾ ਹੈ। ਜੋ ਕੇਵਲ ਵਾਦ-ਵਿਵਾਦ ਵਿੱਚ ਉਲਝ ਜਾਂਦੇ ਹਨ, ਉਨ੍ਹਾਂ ਦਾ ਜੀਵਨ ਬਿਨਸ ਜਾਂਦਾ ਹੈ, ਖੜੋਤ ਵਿੱਚ ਚਲਾ ਜਾਂਦਾ ਹੈ। ਅਸੀਂ ਨਿਰੰਕਾਰ ਤੋਂ ਬਲਿਹਾਰ ਜਾਂਦੇ ਹਾਂ, ਜਿਸ ਨੇ ਵਿਕਾਸ ਮੁਖੀ ਬੁੱਧ ਬਖ਼ਸ਼ ਦਿੱਤੀ। ਅਸੀਂ (ਆਮ ਮਨੁੱਖ) ਬਹੁਤ ਨੀਚ ਬਿਰਤੀ ਵਾਲੇ ਸਾਂ। ਹੀਣ ਭਾਵਨਾ ਵਿੱਚ ਰਹਿ ਕੇ ਸਵੈਮਾਣ ਤੋਂ ਸੱਖਣੇ ਹੋ ਗਏ ਸਾਂ। ਅਸੀਂ ਝੂਠ-ਫਰੇਬ ਨੂੰ ਆਪਣੀ ਜ਼ਿੰਦਗੀ ਦਾ ਸਹਾਰਾ ਮੰਨ ਲਿਆ ਸੀ। ਪਰ ਰੱਬ ਜੀ ਤੁਹਾਡੇ ਬਖ਼ਸ਼ਿਸ਼ ਕੀਤੇ ਸ਼ਬਦ (ਗਿਆਨ) ਨਾਲ ਸਹੀ ਮਾਇਨਿਆਂ ਵਿੱਚ ਮਨੁੱਖ ਹੋਣ ਦਾ ਅਹਿਸਾਸ ਜਾਗਿਆ ਹੈ। ਤੇਰੇ ਗਿਆਨ ਨੇ ਕੁਰਾਹੇ ਪਿਆਂ ਨੂੰ ਸਹੀ ਰਾਹ ਟੋਰ ਦਿੱਤਾ। ਅਸੀਂ ਆਪਣਾ ਮਨੰ ਪਰਖਿਆ, ਬਾਰ-ਬਾਰ ਉਸ ਨੂੰ ਸਮਝਾ ਲਿਆ। ਫਿਰ ਵਿਸ਼ਵਾਸ ਹੋ ਗਿਆ ਕਿ ਨਿਰੰਕਾਰ 'ਤੇ ਭਰੋਸਾ ਰੱਖੀਏ। ਗੁਰੂ ਦਰਸਾਏ ਮਾਰਗ 'ਤੇ ਚੱਲੀਏ। ਸਦਾ ਖੋਜੀ ਸੁਭਾ ਬਣਾ ਕੇ ਰੱਖੀਏ, ਇਸ ਤਰ੍ਹਾਂ ਅੱਗੇ ਤੋਂ ਅੱਗੇ ਹੀ ਵਧਦੇ ਚਲੇ ਜਾਵਾਂਗੇ।



ਜਨਮ ਸਾਖੀਆਂ ਅਤੇ ਭਾਈ ਗੁਰਦਾਸ ਜੀ

ਭਾਈ ਗੁਰਦਾਸ ਜੀ ਆਪਣੇ ਸਮੇਂ ਦੇ ਮਹਾਂ ਵਿਦਵਾਨ ਸਿੱਖ ਸਨ। ਉਨ੍ਹਾਂ ਵੱਲੋਂ ਉਚਾਰਨ ਕੀਤੀਆਂ ਵਾਰਾਂ ਵਿੱਚ ਜਿੱਥੇ ਗੁਰਬਾਣੀ ਵਿਆਖਿਆ ਕਰਦਿਆਂ ਟੀਕਾਕਾਰੀ ਦੀਆਂ ਸ਼ਾਨਦਾਰ ਰਵਾਇਤਾਂ ਕਾਇਮ ਹੋਈਆਂ ਹਨ, ਉਥੇ ਨਾਲ ਹੀ ਉਨ੍ਹਾਂ ਨੇ ਬਹੁਤ ਸਾਰਾ "ਇਤਿਹਾਸ" ਭੀ ਵਾਰਾਂ ਵਿੱਚ ਸਮੋਇਆ ਹੈ। ਹੁਣ ਤੱਕ ਭਾਈ ਗੁਰਦਾਸ ਜੀ ਦੇ 675 ਕਬਿੱਤ ਅਤੇ ਚਾਲੀ ਵਾਰਾਂ ਸਿੱਖ ਪੰਥ ਵਿੱਚ ਪ੍ਰਵਾਨੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦੀ ਉਮਰ ਈ. 1543 ਤੋਂ 1637 ਤੱਕ ਸਵੀਕਾਰੀ ਜਾਂਦੀ ਹੈ। ਭਾਈ ਜੀ ਨੇ ਜਿੰਨਾ ਕੁ ਹੋ ਸਕਿਆ, ਵਾਰਾਂ ਵਿੱਚ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਬਹੁਤ ਮਹੱਤਵਪੂਰਨ ਘਟਨਾਵਾਂ ਦੇ ਕੇਵਲ ਸੰਕੇਤ ਮਿਲਦੇ ਹਨ, ਪੂਰੇ ਵਿਸਥਾਰ ਸਹਿਤ ਵੇਰਵੇ ਨਹੀਂ ਮਿਲਦੇ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਬਾਰੇ ਕੇਵਲ ਸੰਕੇਤ ਹੈ। ਛੇਵੇਂ ਪਾਤਿਸ਼ਾਹ ਦੀਆਂ ਜੰਗਾਂ ਬਾਰੇ ਕੋਈ ਵਿਸਥਾਰ ਨਹੀਂ। ਹੋ ਸਕਦਾ ਹੈ, ਉਨ੍ਹਾਂ ਵੱਲੋਂ ਲਿਖਿਆ ਗਿਆ ਬਹੁਤ ਸਾਰਾ ਸਾਹਿਤ ਸਾਡੇ ਤੱਕ ਪਹੁੰਚਿਆ ਹੀ ਨਾ ਹੋਵੇ। ਨਿੱਤ ਦੇ ਜੰਗਾਂ ਅਤੇ ਉਜਾੜਿਆਂ ਵਿੱਚ ਨਸ਼ਟ ਹੋ ਗਿਆ ਹੋਵੇ। ਖ਼ੈਰ! ਜੋ ਕੁੱਝ ਸਾਡੇ ਤੱਕ ਪੁੱਜ ਗਿਆ ਹੈ, ਉਸ ਲਈ ਅਕਾਲ ਪੁਰਖ ਦਾ ਸ਼ੁਕਰਾਨਾ ਹੈ।

ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਰਾਹੀਂ ਭਾਰਤ ਵਿੱਚ ਵਰਤ ਰਹੇ ਵਰਤਾਰੇ ਦਾ ਚੰਗਾ ਖੁਲਾਸਾ ਕੀਤਾ ਹੈ। ਜੋਗੀਆਂ, ਬ੍ਰਾਮਹਣਾਂ, ਵੇਦਾਂ, ਮੁਸਲਮਾਨਾਂ, ਜੁੱਗਾਂ ਦਾ ਅਤੇ ਆਪਸੀ ਵੈਰ ਵਿਰੋਧ ਦਾ ਕਾਫ਼ੀ ਵਿਸਥਾਰ ਹੈ। ਪਹਿਲੀ ਵਾਰ ਦੀਆਂ ਪ੍ਰਥਮ ਬਾਈ ਪਉੜੀਆਂ ਇਸੇ ਵਿਵਾਦ ਦਾ ਖੁਲਾਸਾ ਕਰਦੀਆਂ ਹਨ। ਤੇਈਵੀਂ ਪਉੜੀ ਰਾਹੀਂ ਗੁਰੂ ਨਾਨਕ ਸਾਹਿਬ ਦੇ ਆਗਮਨ ਦਾ ਵਰਨਣ ਕੀਤਾ ਹੈ –

"ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ ॥"

ਭਾਈ ਗੁਰਦਾਸ ਜੀ ਨੇ ਅੱਗੇ ਗੁਰੂ ਨਾਨਕ ਸਾਹਿਬ ਜੀ ਵੱਲੋਂ ਕੀਤੇ ਗਏ ਪ੍ਰਮੁੱਖ ਕਾਰਜ ਜਾਂ ਘਟਨਾਵਾਂ ਦਰਜ ਕੀਤੀਆਂ ਹਨ। ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨਾਲ ਸਬੰਧਤ ਹੋਣ ਕਰ ਕੇ ਸਾਰੀਆਂ ਜਨਮ ਸਾਖੀਆਂ ਵਿੱਚ (ਘੱਟ ਜਾਂ ਵੱਧ) ਅਨੇਕ ਕਰਾਮਾਤਾਂ ਤਾਂ ਜੋੜੀਆਂ ਹੀ ਹਨ। ਬਹੁਤ ਥਾਂਈਂ ਅਜਿਹੀਆਂ ਅਣਹੋਣੀਆਂ ਤੇ ਬੇਲੋੜੀਆਂ ਸਾਖੀਆਂ ਦਰਜ ਕੀਤੀਆਂ ਮਿਲਦੀਆਂ ਹਨ ਜੋ ਤ੍ਰੈਕਾਲ ਅਸੰਭਵ ਹਨ। ਕੁੱਝ ਸਾਖੀਆਂ ਤਾਂ ਸਗੋਂ ਗੁਰੂ ਜੀ ਦਾ ਘੋਰ ਅਪਮਾਨ ਕਰਨ ਵਾਲੀਆਂ ਭੀ ਹਨ। ਵਿੱਦਿਆ ਦਾ ਚਾਨਣ ਆਉਣ ਕਰ ਕੇ ਸੰਪਾਦਕਾਂ ਜਾਂ ਪ੍ਰਕਾਸ਼ਕਾਂ ਨੇ ਕਈ ਜ਼ਿਆਦਾ ਇਤਰਾਜ਼ਯੋਗ ਸਾਖੀਆਂ ਅੱਜ ਕੱਲ੍ਹ ਛੱਡ ਦਿੱਤੀਆਂ ਹਨ। ਭਾਈ ਗੁਰਦਾਸ ਜੀ ਨੇ ਗੁਰੂ ਬਾਬੇ ਵੱਲੋਂ ਮੱਝਾਂ ਚਾਰਨੀਆਂ, ਖੇਤ ਹਰਿਆ ਕਰਨਾ, ਰੁੱਖ ਦੀ ਛਾਂ ਨਾ ਫਿਰਨੀ, ਸੱਪ ਨੇ ਸਿਰ 'ਤੇ ਛਾਂ ਕਰਨੀ, ਸੱਚਾ ਸੌਦਾ ਕਰਨਾ, ਪੰਜੇ ਨਾਲ ਪੱਥਰ ਰੋਕਣਾ ਜਾਂ ਰੀਠੇ ਮਿੱਠੇ ਕਰਨ ਵਰਗੀਆਂ ਕਲਪਤ ਸਾਖੀਆਂ ਨਹੀਂ ਲਿਖੀਆਂ।

ਇਨ੍ਹਾਂ "ਕਰਾਮਾਤੀ" ਸਾਖੀਆਂ ਨਾਲ ਸਮਾਜ ਨੂੰ ਪਹਿਲਾਂ ਕੀ ਸਿੱਖਿਆ ਮਿਲੀ ਤੇ ਅੱਜ ਕੀ ਸੇਧ ਮਿਲ ਰਹੀ ਹੈ ? ਇਨ੍ਹਾਂ ਸਾਰੀਆਂ ਸਾਖੀਆਂ ਵਿੱਚ ਗੁਰੂ ਬਾਬਾ ਜੀ ਨੂੰ ਨਾ ਸਮਝ, ਲਾ ਪ੍ਰਵਾਹ, ਘਰ ਉਜਾੜਨ ਵਾਲਾ, ਗਵਾਰ ਜਿਹਾ ਹੀ ਤਾਂ ਵਿਖਾਇਆ ਗਿਆ ਹੈ। ਮੱਝਾਂ ਨੂੰ ਖੇਤਾਂ ਵਿੱਚ ਅਵਾਰਾ ਛੱਡ ਕੇ ਖ਼ੁਦ ਰੁੱਖ ਹੇਠਾਂ ਸੌਂ ਜਾਣਾ, ਕੋਈ ਸਿਆਣਪ ਥੋੜ੍ਹਾ ਹੀ ਸਿੱਧ ਹੁੰਦੀ ਹੈ ? ਵਪਾਰ ਵਾਸਤੇ ਦਿੱਤੀ ਮੋਟੀ ਰਕਮ ਨਾਲ ਅੰਨ ਦਾਣਾ ਖ਼ਰੀਦ ਕੇ ਵੇਹਲੜ ਸਾਧਾਂ ਨੂੰ ਖੁਆ ਦੇਣਾ ਕੋਈ ਚੰਗੀ ਗੱਲ ਸੀ ? ਫਿਰ ਪਿਤਾ ਕਾਲੂ ਜੀ ਤੋਂ ਮਾਰ ਭੀ ਵਾਹਵਾ ਪੁਆ ਦਿੱਤੀ। ਬਾਲਾ ਨਾਮ ਦਾ (ਕਾਲਪਨਿਕ) ਵਿਅਕਤੀ ਜੇ ਗੁਰੂ ਨਾਨਕ ਨੂੰ ਨਾ ਬਚਾਉਂਦਾ, ਪਤਾ ਨਹੀਂ ਪਿਤਾ ਜੀ ਨੇ ਤਾਂ ਹੋਰ ਕਿੰਨੀ ਡਾਂਗ ਵਾਹੁਣੀ ਸੀ ?

ਗੁਰੂ ਨਾਨਕ ਸਾਹਿਬ ਦੀ ਮਹਾਨ ਅਜ਼ਮਤ (ਰੱਬੀ ਨੂਰ) ਦਾ ਫ਼ਸਲ ਨੂੰ ਪਤਾ ਲੱਗ ਗਿਆ, ਉਹ ਮੱਝਾਂ ਦੇ ਉਜਾੜੇ ਤੋਂ ਬਾਅਦ ਭੀ ਟਹਿਕਣ ਲੱਗ ਪਈ। ਇੱਕ ਰੁੱਖ ਨੂੰ ਬਾਬਾ ਜੀ ਦੀ ਮਹਾਨਤਾ ਦਾ ਇਲਮ ਹੋ ਗਿਆ, ਉਸ ਦੀ ਛਾਂ ਰੁਕ ਗਈ। ਇੱਕ ਜ਼ਹਿਰੀਲੇ ਸੱਪ ਨੂੰ ਗਿਆਨ ਹੋ ਗਿਆ ਕਿ ਇਸ ਮਹਾਨ ਚਿਹਰੇ 'ਤੇ ਧੁੱਪ ਨਹੀਂ ਆਉਣੀ ਚਾਹੀਦੀ। ਮੈਨੂੰ (ਸੱਪ ਨੂੰ) ਚਾਹੀਦਾ ਹੈ ਕਿ ਛਾਂ ਕਰ ਦਿਆਂ। ਗੀਠੇ ਦੇ ਰੁੱਖ ਨੇ ਗੁਰੂ ਜੀ ਦੀ ਨਜ਼ਰ ਪੈਂਦਿਆਂ ਹੀ ਆਪਣਾ ਖਾਸਾ, ਕਉੜੇ ਤੋਂ ਮਿੱਠਾ ਕਰ ਲਿਆ। ਵਲੀ ਕੰਧਾਰੀ ਵੱਲੋਂ ਉੱਚੇ ਥਾਂ ਤੋਂ ਰੋਹੜਿਆ ਗਿਆ ਪੱਥਰ ਰੂੰ ਵਾਂਗ ਪੋਲਾ ਹੋ ਗਿਆ। ਬਾਬਾ ਜੀ ਨੂੰ ਕੋਈ ਤਕਲੀਫ਼ ਨਾ ਦਿੱਤੀ, ਸਗੋਂ ਬਾਬਾ ਜੀ ਦਾ ਪੰਜਾ ਉਸ 'ਤੇ ਛਪ ਗਿਆ। ਇਲਾਕੇ ਦੇ ਚੌਧਰੀ ਰਾਇ ਬੁਲਾਰ ਨੂੰ ਗੁਰੂ ਨਾਨਕ ਸਾਹਿਬ ਦੀ ਮਹਾਨਤਾ ਦਾ ਚੰਗੀ ਤਰ੍ਹਾਂ ਪਤਾ ਲੱਗ ਗਿਆ। ਵਾਹ ਮੇਰੇ ਨਿਰੰਕਾਰ ਜੀ ! ਗੁਰੂ ਨਾਨਕ ਸਾਹਿਬ ਦੇ ਪਿਤਾ ਜੀ ਨੂੰ ਹੋਣਹਾਰ ਪੁੱਤਰ ਦੀ ਮਹਾਨਤਾ ਬਾਰੇ ਰਾਈ ਮਾਤਰ ਪਤਾ ਨਾ ਲੱਗਿਆ। ਮਹਿਤਾ ਕਾਲੂ ਜੀ ਨਾਲੋਂ ਰੁੱਖ, ਬਿਰਖ, ਪੱਥਰ ਤੇ ਸੱਪ, ਸਭ ਸਿਆਣੇ ਤੇ ਕਾਲੂ ਜੀ.... ? ਇੰਨੇ ਨਾ ਸਮਝ ? ਇਨ੍ਹਾਂ "ਸਾਖੀਆਂ" ਦੀ ਬਦੌਲਤ ਬਣਾ ਧਰਿਆ ਗੁਰਦਵਾਰਾ ਕਿਆਰਾ ਸਾਹਿਬ। ਗੁਰਦਵਾਰਾ ਸਰਪ ਛਾਇਆ ਸਾਹਿਬ। ਖਰਾ ਸੌਦਾ ਸਾਹਿਬ, ਪੰਜਾ ਸਾਹਿਬ ਤੇ ਗੀਠਾ ਸਾਹਿਬ। ਇਨ੍ਹਾਂ ਕਾਲਪਨਿਕ ਕਹਾਣੀਆਂ ਨੂੰ ਇੰਨੀ ਵਾਰੀ ਸੁਣਾਇਆ ਗਿਆ, ਇੰਨੀ ਵਾਰੀ ਦੁਹਰਾਇਆ ਗਿਆ ਕਿ "ਸੱਚ" ਦਾ ਰੂਪ ਧਾਰਨ ਕਰ ਗਈਆਂ। ਕਿਸੇ ਨਾ ਸੋਚਿਆ ਕਿ ਇਨ੍ਹਾਂ ਕਹਾਣੀਆਂ ਨੂੰ ਸੁਣ ਕੇ ਸਿੱਖਾਂ ਨੂੰ ਕੀ ਸੇਧ ਮਿਲੇਗੀ ? ਰੱਬੀ ਗਿਆਨ, ਧੁਰ ਕੀ ਬਾਣੀ, ਜੀਵਨ ਦੀ ਥੰਮ੍ਹੀ, ਸਾਰੇ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਕਰਨ ਵਾਲੀ ਬਾਣੀ ਵਿਸਾਰ ਦਿੱਤੀ ਗਈ। ਗੁਰਬਾਣੀ ਵਿੱਚੋਂ ਪ੍ਰਗਟ ਹੋਏ ਸਿੱਖੀ ਦੇ ਅਨਮੋਲ ਸਿਧਾਂਤ ਰੁਮਾਲਿਆਂ ਵਿੱਚ ਲਿਪਟੇ ਮਰਣ ਹਾਰੇ ਹੋ ਗਏ। ਪੰਜਾ, ਸੱਪ ਤੇ ਗੀਠੇ ਵਗੈਰਾ ਗੁਰਬਾਣੀ ਨੂੰ ਹੜੱਪ ਕਰ ਗਏ। ਸਿੱਖ ਸਮਾਜ ਗੁਰਬਾਣੀ ਤੋਂ ਜੀਵਨ ਸੇਧ ਪ੍ਰਾਪਤ ਕਰਨ ਦੀ ਥਾਂਵੇਂ, ਜੰਡਾਂ ਕਰੀਰਾਂ, ਟਾਹਲੀਆਂ, ਪੱਥਰਾਂ (ਸਮੇਤ ਹੇਮਕੁੰਡ) ਆਦਿ ਵਿੱਚੋਂ ਸ਼ਾਂਤੀ ਭਾਲਣ ਨਿਕਲ ਟੁਰੇ। ਸ਼ਾਂਤੀ ਤਾਂ ਕਿਥੇ ਮਿਲਣੀ ਸੀ, ਕੀਮਤੀ ਸਮਾਂ ਅਤੇ ਪੈਸਾ ਬਰਬਾਦ ਕਰ ਆਏ। ਭਾਈ ਗੁਰਦਾਸ ਜੀ ਤਾਂ ਇਉਂ ਵਦਾਣੀਆਂ ਚੋਟਾਂ ਮਾਰਦੇ ਰਹੇ ਹਨ। ਪੜ੍ਹੋ ਪਉੜੀ –

ਜਤੀ ਸਤੀ ਚਿਰ ਜੀਵਣੇ ਸਾਹਿਬ ਸਿਧ ਨਾਥ ਗੁਰ ਚੇਲੇ ॥
ਦੇਵੀ ਦੇਵ ਰਿਖੀਸੁਰਾ ਭੈਰਉ ਖੇਤਰ ਪਾਲਿ ਬਹੁ ਮੇਲੇ ॥
ਰਾਖਸਿ ਦਾਨੋ ਦੈਤ ਲਖਿ ਅੰਦਰਿ ਦੂਜਾ ਭਾਉ ਦੁਹੇਲੇ ॥
ਹਉਮੈ ਅੰਦਰਿ ਸਭਿ ਕੋ, ਡੁਬੇ ਗੁਰੂ ਸਣੇ ਬਹੁ ਚੇਲੇ ॥
ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤਰੀ ਮੇਲੇ ॥
ਡਿਠੇ ਹਿੰਦੂ ਤੁਰਕਿ ਸਭ ਪੀਰ ਪੈਕਾਂਬਰ ਕਉਮਿ ਕਤੇਲੇ ॥
ਅੰਧੀ ਅੰਧੇ ਖੂਹੇ ਠੇਲੇ ॥ (ਭਾ. ਗੁ. ਵਾਰ 26 ਪਉੜੀ 1)

ਹੇ ਭਾਈ! ਗੁਰੂ ਨਾਨਕ ਸਾਹਿਬ ਜੀ ਨੇ ਦੁਨੀਆਂ ਵਿੱਚ ਵੱਡਾ ਚੱਕਰ ਲਾ ਕੇ ਲੋਕਾਂ ਨੂੰ ਵੇਖਿਆ, ਪਰਖਿਆ। ਕੋਈ ਜਤੀ ਹਨ, ਕੋਈ ਦਾਨੀ ਬਣਦੇ ਹਨ। ਕੋਈ ਲੰਮੀ ਉਮਰ ਕਰਨ ਦੀ ਫੜ੍ਹ ਮਾਰਦੇ ਸਨ। ਕਈ ਲੰਮੀਆਂ ਸਾਧਨਾ ਕਰਨ ਦਾ ਦਮ ਭਰਦੇ ਹਨ। ਬਹੁਤ ਸਾਰੇ ਸਿੱਧ, ਜੋਗੀ, ਗੁਰੂ ਤੇ ਚੇਲੇ ਕਈ ਬਣੇ ਵੇਖੇ ਹਨ। ਬਹੁਤ ਸਾਰੇ ਦੇਵੀ-ਦੇਵਤੇ ਮੰਨੀਦੇ ਹਨ। ਕਈ ਸਾਰੇ ਰਿਸ਼ੀ, ਮੁਨੀ ਪੂਜੇ ਜਾ ਰਹੇ ਹਨ। ਕਿਧਰੇ ਭੈਰੋ ਦੇ ਪੁਜਾਰੀ ਤੇ ਕਿਤੇ ਖੇਤਰਪਾਲ (ਜਠੇਰੇ ਵਗੈਰਾ) ਦੀਆਂ ਮੜ੍ਹੀਆਂ 'ਤੇ ਮੇਲੇ ਲਾਉਂਦੇ ਹਨ। ਕਿਸੇ ਨੂੰ ਰਾਖਸ਼ ਆਖਿਆ ਜਾ ਰਿਹਾ ਹੈ ਤੇ ਕਈ ਤਾਕਤਵਰ ਦੈਂਤ ਮੰਨੇ ਜਾ ਰਹੇ ਹਨ ਕਿਉਂਕਿ ਸਾਰੇ ਲੋਕੀਂ ਡਰੇ ਹੋਏ ਹਨ, ਇਨ੍ਹਾਂ ਦੀ ਪੂਜਾ ਕਰ ਕੇ ਡਰ ਦੂਰ ਕਰਨਾ ਚਾਹੁੰਦੇ ਹਨ। ਇਹ ਸਾਰੇ ਦੇਵੀਆਂ-ਦੇਵਤੇ ਆਦਿ ਖ਼ੁਦ ਹੀ ਹਉਮੈ ਵਿੱਚ ਡੁੱਬੇ ਹੋਏ ਹਨ, ਕਿਸੇ ਦਾ ਕੀ ਸੰਵਾਰਨਗੇ? ਇਸ ਤਰ੍ਹਾਂ ਇਹ ਗੁਰੂ ਬਣੇ ਹੋਏ ਸਾਰੇ ਖ਼ੁਦ ਤਾਂ ਡੁੱਬੇ ਹੀ ਸਨ, ਇਨ੍ਹਾਂ ਨੇ ਆਪਣੇ ਚੇਲੇ ਭੀ ਡੋਬ ਦਿੱਤੇ। ਕੁਰਾਹੇ ਪਾ ਕੇ ਜੀਵਨ ਬਰਬਾਦ ਕਰ ਦਿੱਤਾ। ਇਨ੍ਹਾਂ ਦਾ ਨਿਸਤਾਰਾ ਕਰਨ ਵਾਲਾ ਕੋਈ ਗੁਰੂ ਨਹੀਂ ਲੱਭਿਆ, ਮੈਂ (ਗੁਰੂ ਨਾਨਕ ਨੇ) ਸਾਰੇ ਤੀਰਥ ਗਾਹ ਲਏ। ਲੰਮੀਆਂ ਯਾਤਰਾਵਾਂ ਕੀਤੀਆਂ। ਅਣਗਿਣਤ ਸਾਧੂ-ਮਹਾਤਮਾ ਨੂੰ ਮਿਲਿਆ ਪਰ ਕੋਈ ਇਨਾ ਸਿਆਣਾ ਤੇ ਬਹਾਦਰ ਨਾ ਮਿਲਿਆ ਕਿ ਲੋਕਾਂ ਦੇ ਗ਼ੁਲਾਮੀ ਵਾਲੇ ਬੰਧਨ ਤੋੜਨ ਵਿੱਚ ਕੋਈ ਸੁਚੱਜੀ ਸੇਧ ਦੇ ਸਕੇ। ਹਿੰਦੂਆਂ ਦੇ ਧਰਮ ਮੁਖੀਆਂ ਨੂੰ ਮਿਲਿਆ। ਮੁਸਲਮਾਨਾਂ ਦੇ ਪੀਰਾਂ ਨੂੰ ਮਿਲ ਕੇ ਗੱਲਬਾਤ ਕੀਤੀ। ਪੀਰਾਂ-ਫ਼ਕੀਰਾਂ ਨੂੰ ਮਿਲ ਕੇ ਦੇਸ਼ਵਾਸੀਆਂ ਦੀ ਦੁਰਦਸ਼ਾ ਦੱਸੀ। ਇਹ ਸਾਰੇ ਧਰਮ ਮੁਖੀ ਹੀ ਅਸਲ ਵਿੱਚ ਆਪਣੀ ਕੌਮ (ਜੰਤਾ) ਨੂੰ ਕਤਲ ਕਰਨ ਵਾਲੇ ਹਨ। ਉਨ੍ਹਾਂ ਦੀ ਕਿਰਤ ਨੂੰ ਲੁੱਟ ਰਹੇ ਹਨ। ਅਜਿਹੇ ਅੰਨ੍ਹੇ ਧਰਮ ਮੁਖੀਆਂ ਨੇ ਸਾਰੇ ਦੇਸ਼ ਵਾਸੀਆਂ ਨੂੰ ਖੂਹ ਵਿੱਚ ਲਿਆ ਸੁੱਟਿਆ ਹੈ। ਹੁਣ ਲੋਕਾਂ ਨੂੰ ਹੰਭਲਾ ਮਾਰਨਾ ਚਾਹੀਦਾ ਹੈ ਕਿ ਲੁਟੇਰੇ ਆਗੂਆਂ ਨੂੰ ਪਾਸੇ ਸੁੱਟ ਦੇਣ।

ਬੇ-ਸਿਰ, ਪੈਰ ਦੀਆਂ ਬਹੁਤੀਆਂ ਕਹਾਣੀਆਂ ਲਿਖੀਆਂ ਸਨ (ਫ਼ਰਜ਼ੀ) ਭਾਈ ਬਾਲਾ ਨਾਮ ਦੇ ਬੰਦੇ ਨੇ। ਅਸਲ ਨਾਮ ਸੀ ਇਸ ਦਾ ਦੁਨੀ ਚੰਦ, ਜੰਡਿਆਲੇ ਗੁਰੂ ਦਾ ਰਹਿਣ ਵਾਲਾ, ਗੁਰੂ ਘਰ ਦਾ ਕੱਟੜ ਵਿਰੋਧੀ। ਇਸ ਦੀ ਲਿਖੀ ਜਨਮ ਸਾਖੀ ਭਾਈ ਸੰਤੋਖ ਸਿੰਘ ਦੇ ਹੱਥ ਆ ਗਈ। ਉਸ ਭਾਈ ਨੇ ਇਨ੍ਹਾਂ ਸਾਖੀਆਂ ਨੂੰ ਸੱਚ ਮੰਨ ਕੇ, ਹੋਰ ਮਿਰਚ ਮਸਾਲਾ ਲਾ ਕੇ ਆਪਣੇ ਲਿਖੇ "ਸੂਰਜ ਪ੍ਰਕਾਸ਼" ਗ੍ਰੰਥ ਵਿੱਚ ਫਿੱਟ ਕਰ ਦਿੱਤੀਆਂ। ਸੂਰਜ ਪ੍ਰਕਾਸ਼

ਦੀ ਗੁਰਦਵਾਰਿਆਂ ਵਿੱਚ "ਕਥਾ" ਹੋਣ ਲੱਗ ਪਈ। ਸਾਰਾ ਕੂੜ ਕੁਫਰ ਸੰਗਤਾਂ ਦੀ ਖੋਪਰੀ ਵਿੱਚ ਉਤਰਦਾ ਚਲਾ ਗਿਆ। ਜਿਸ ਕਾਰਨ ਸਿੱਖੀ ਦਾ ਬਹੁਤ ਨੁਕਸਾਨ ਹੋ ਚੁੱਕਿਆ ਹੈ। ਇਹੀ ਸੰਤੋਖ ਸਿੰਘ ਲਿਖਦਾ ਹੈ ਕਿ ਗੁਰੂ ਨਾਨਕ ਦੇ ਆਗਮਨ (ਜਨਮ) ਸਮੇਂ ਫ਼ਸਲਾਂ ਨੇ ਵਧੀਆ ਝਾੜ ਦਿੱਤਾ। ਰੁੱਖਾਂ ਨੇ ਫੱਲ-ਫੁੱਲ ਵੱਧ ਦਿੱਤੇ। ਮੱਝਾਂ-ਗਾਵਾਂ ਨੇ ਦੁੱਧ ਜ਼ਿਆਦਾ ਦੇਣਾ ਸ਼ੁਰੂ ਕਰ ਦਿੱਤਾ। ਮੌਸਮ ਸੁਹਾਵਣਾ ਬਣ ਗਿਆ....। ਪਰ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਭਾਰਤ ਦੇਸ਼ ਉੱਜੜ ਰਿਹਾ ਸੀ। ਚਾਰੇ ਬੰਨ੍ਹੇ ਕਤਲ ਓ ਗਾਰਤ ਮਚੀ ਹੋਈ ਸੀ। ਧਰਮ ਦੇ ਨਾਂ 'ਤੇ ਪਾਖੰਡ ਫੈਲਿਆ ਹੋਇਆ ਸੀ। ਲੋਕ ਘਰ ਛੱਡ ਕੇ ਦੌੜ ਰਹੇ ਸਨ। ਸਾਧ, ਜੋਗੀ ਬਣ ਰਹੇ ਸਨ। ਇਸ ਦੁਰਦਸ਼ਾ ਵਿੱਚੋਂ ਲੋਕਾਂ ਨੂੰ ਕੱਢਣ ਵਾਸਤੇ ਅਕਾਲ ਪੁਰਖ ਜੀ ਨੇ ਕਿਰਪਾ ਕਰ ਕੇ, ਗੁਰੂ ਨਾਨਕ ਨੂੰ ਧਰਤੀ 'ਤੇ ਭੇਜਿਆ। ਜੋ ਠੀਕ ਸੀ (ਭਾ. ਗੁ.) ਉਸ ਦੀ ਲਿਖਤ ਨੂੰ ਲਾਂਭੇ ਕਰ ਦਿੱਤਾ ਗਿਆ। ਗੁਰਬਾਣੀ ਭੁਲਾ ਦਿੱਤੀ ਗਈ। ਜਨਮ ਸਾਖੀਆਂ ਅਤੇ ਭਾਈ ਸੰਤੋਖ ਸਿੰਘ ਗੁਰਦਵਾਰਿਆਂ ਵਿੱਚ ਕਾਬਜ ਹੋ ਗਏ। ਜੋ ਸਿੱਖ ਮਨਾਂ ਵਿੱਚ ਕੁਫਰ ਭਰ ਗਏ। ਜੇ ਸਿੱਖਾਂ ਨੇ ਗਿਆਨਵਾਨ ਬਣਨਾ ਹੈ ਤਾਂ ਗੁਰਦਵਾਰਿਆਂ ਵਿੱਚ ਹੋ ਰਹੇ ਕੁਫਰ ਪ੍ਰਚਾਰ ਨੂੰ ਬੰਦ ਕਰਨਾ ਪਵੇਗਾ। ਪ੍ਰਚਾਰਕ ਉਚੇਰੀ ਪੜ੍ਹਾਈ ਵਾਲੇ ਤਿਆਰ ਕਰਨੇ ਹੋਣਗੇ। ਸਿੱਖ ਧਰਮ ਨਾਲ ਸਬੰਧਤ ਸਾਹਿਤ ਸੋਧ ਕੇ ਲਿਖਣਾ ਪਵੇਗਾ। ਗੁਰਦਵਾਰਾ ਪ੍ਰਬੰਧ ਨੂੰ ਗੁਰਮਤਿ ਅਨੁਸਾਰੀ ਬਣਾਉਣਾ ਪਵੇਗਾ। ਸੋਚੋ ਤਾਂ ਸਹੀ ਹੋ ਕੀ ਰਿਹਾ ਹੈ ?



ਸਿੱਖਿਆ ਅਤੇ ਸਮਾਜ

ਭਾਰਤ ਵਿੱਚ ਹਜ਼ਾਰਾਂ ਸਾਲ ਤੋਂ ਸਾਰਾ ਸਮਾਜ ਬ੍ਰਾਹਮਣੀ ਜਕੜਬੰਦ ਵਿੱਚ ਸਾਹਸਤਹੀਣ ਹੋਇਆ ਜ਼ਿੰਦਗੀ ਦੀ ਲਾਸ਼ ਨੂੰ ਘਸੀਟਦਾ ਆ ਰਿਹਾ ਸੀ। ਹਰ ਤਰ੍ਹਾਂ ਦੀ ਨਵੀਨਤਾ ਦਾ ਇੱਥੇ ਕਰੜਾ ਵਿਰੋਧ ਹੁੰਦਾ ਆ ਰਿਹਾ ਸੀ। ਪੱਥਰ ਦੇ "ਭਗਵਾਨਾਂ" ਦੀ ਪੂਜਾ ਕਰਦਿਆਂ ਲੋਕੀਂ ਖ਼ੁਦ ਪੱਥਰਾਂ ਵਰਗੇ ਹੋ ਗਏ ਸਨ, ਸੋਚ ਤੋਂ ਸੱਖਣੇ। ਵੇਦਾਂ ਨੂੰ ਅੰਤਮ ਸੱਚ ਮੰਨ ਲੈਣ ਦਾ ਪ੍ਰਚਾਰ ਸਿਖ਼ਰ 'ਤੇ ਸੀ। ਅੱਗੋਂ ਵੇਦਾਂ ਦੇ ਅਰਥ ਅਤੇ ਵਿਆਖਿਆ ਖ਼ੁਦਗਰਜ਼ ਪੁਜਾਰੀ ਦੇ ਹੱਥ ਵਿੱਚ ਸੀ। ਪੁਜਾਰੀ ਦੀ ਸਹਾਇਤਾ ਵਾਸਤੇ ਹਥਿਆਰਬੰਦ ਤਾਕਤ ਸਮੇਤ ਖੱਤਰੀ ਰਾਜੇ ਮੌਜੂਦ ਸਨ। ਜੋ ਕਥਾ, ਕਹਾਣੀਆਂ ਵੇਦਾਂ, ਰਿਸ਼ੀਆਂ ਅਤੇ ਅਵਤਾਰਾਂ ਦੇ ਨਾਮ 'ਤੇ ਮੰਦਰਾਂ ਵਿੱਚ (ਅਤੇ ਹੋਰ ਇਕੱਠਾਂ ਵਿੱਚ) ਸੁਣਾਈਆਂ ਜਾਂਦੀਆਂ ਸਨ, ਉਹ ਪ੍ਰਾਭੌਤਿਕ ਸਨ, ਕਲਪਨਾ 'ਤੇ ਆਧਾਰਤ ਸਨ। ਗ਼ੈਰ ਵਿਗਿਆਨਕ ਸਨ, ਸੱਚਾਈ ਤੋਂ ਕੋਹਾਂ ਦੂਰ ਸਨ। ਉਨ੍ਹਾਂ ਕਹਾਣੀਆਂ ਨੂੰ ਘੜਨ-ਤ੍ਰਾਸ਼ਣ ਵਾਲਾ ਸੀ ਪੁਜਾਰੀ ਟੋਲਾ। ਆਮ ਇਨਸਾਨ ਨੇ ਖੇਤ ਵੱਲ ਜਾਣਾ ਹੈ ਤਾਂ ਪੁਜਾਰੀ ਤੋਂ ਪੁੱਛ ਕੇ। ਫਸਲ ਬੀਜਣੀ ਹੈ, ਖੂਹ ਲਾਉਣਾ ਹੈ, ਸਫ਼ਰ ਕਰਨਾ ਹੈ, ਪੁਜਾਰੀ ਤੋਂ ਸ਼ੁੱਭ ਮਹੂਰਤ ਕਢਵਾ ਕੇ। ਬੱਚੇ ਦੇ ਜਨਮ ਸਮੇਂ ਪੁਜਾਰੀ ਦੀ ਮਰਜੀ, ਵਿਆਹ ਵਕਤ ਪੁਜਾਰੀ ਦਾ ਹੁਕਮਨਾਮਾ। ਮਰਨੇ 'ਤੇ ਰਸਮਾਂ ਪੁਜਾਰੀ ਨਿਭਾਏਗਾ। ਸੁਰਗਾਂ-ਨਰਕਾਂ ਦੀ ਚਾਬੀ ਭੀ ਪੁਜਾਰੀ ਦੇ ਥੈਲੇ ਵਿੱਚ। ਬਾਹਰੋਂ ਆਏ ਦੁਸ਼ਮਣਾਂ ਨਾਲ ਜੰਗ ਲੜਨੀ ਹੈ ਕਿ ਨਹੀਂ, ਪੁਜਾਰੀ ਪੱਤਰੀ ਫੋਲ ਕੇ ਫ਼ੈਸਲਾ ਸੁਣਾਏਗਾ। ਬ੍ਰਹਮਾ, ਵਿਸ਼ਨੂੰ, ਸ਼ਿਵਜੀ ਅਤੇ ਹੋਰ ਦੇਵੀਆਂ-ਦੇਵਤੇ, ਜਦੋਂ ਪੁਜਾਰੀ ਦਾ ਮਨ ਕਰੇ, ਸਭਨਾਂ ਨੂੰ ਧਰਤੀ 'ਤੇ ਬੁਲਾ ਲਵੇ। ਜਦੋਂ ਦਿਲ ਕਰੇ "ਉਡਣੇ ਖਟੋਲੇ" ਵਿੱਚ ਬਿਠਾ ਕੇ ਉਪਰ ਸੱਤਵੇਂ ਆਕਾਸ਼ 'ਤੇ ਭੇਜ ਦੇਵੇ। ਇੱਥੋਂ ਦੀ ਆਮ ਜੰਤਾ ਨੂੰ ਕੀੜੇ-ਮਕੌੜੇ ਬਣਾ ਦਿੱਤਾ ਸੀ। ਅਜਿਹੇ ਪ੍ਰਚਾਰ ਸਦਕਾ ਭਾਰਤ ਦੇਸ਼ ਦੁਨੀਆਂ ਵਿੱਚੋਂ ਅਤੀ ਪਛੜਿਆ ਹੋਇਆ "ਭੁੱਖਾ ਨੰਗਾ" ਦੇਸ਼ ਹੈ। ਇਥੇ ਲੋੜੀਦੀਆਂ ਵਸਤਾਂ ਪੈਦਾ ਨਹੀਂ ਹੁੰਦੀਆਂ। ਕਰੋੜਾਂ ਦੀ ਗਿਣਤੀ ਵਿੱਚ ਦੇਵਤੇ ਜ਼ਰੂਰ ਪੈਦਾ ਹੁੰਦੇ ਹਨ। ਇਥੇ ਫ਼ਸਲਾਂ ਵੱਧ ਝਾੜ ਨਹੀਂ ਦਿੰਦੀਆਂ, ਜ਼ਨਾਨੀਆਂ ਬਹੁਤਾ ਝਾੜ (ਬੱਚੇ) ਜ਼ਰੂਰ ਦਿੰਦੀਆਂ ਹਨ। ਉਂਞ ਕਰੋੜਾਂ ਸਾਧ ਬ੍ਰਹਮਚਾਰੀ ਹੋਣ ਦੀਆਂ ਡੀਂਗਾਂ ਮਾਰਦੇ ਹਨ। ਡੇਰਿਆਂ 'ਤੇ ਪੁੱਜੀਆਂ ਇੱਛਾਵਾਨ ਸੁੰਦਰ ਔਰਤਾਂ ਨੂੰ ਪੁੱਤਰਾਂ ਦੀਆਂ ਦਾਤਾਂ ਬਖ਼ਸ਼ ਕੇ ਖ਼ੂਬ ਨਿਹਾਲ ਕਰਦੇ ਹਨ। ਪੁਰਾਤਨਤਾ ਦੀਆਂ ਫੜਾਂ ਬਹੁਤ ਮਾਰਦੇ ਹਨ, ਨਵੀਨਤਾ ਵਾਲੀ ਇੱਕ ਭੀ ਵਿਗਿਆਨਕ ਕਾਢ ਨਹੀਂ ਕੱਢ ਸਕੇ।

ਭਾਰਤੀ ਸਮਾਜ ਦੇ ਮਨ ਮਸਤਕ ਦੁਆਲੇ ਪੁਜਾਰੀ ਵਰਗ ਨੇ "ਚੀਨ ਦੀ ਕੰਧ" ਉਸਾਰ ਦਿੱਤੀ। ਸੁਆਮੀ ਵਿਵੇਕਾ ਨੰਦ 1893 ਵਿੱਚ, ਸਰਬ ਧਰਮ ਸੰਮੇਲਣ ਵਿੱਚ ਸ਼ਾਮਲ ਹੋਣ ਲਈ "ਸਮੁੰਦਰੋਂ ਪਾਰ" ਅਮਰੀਕਾ ਦੇ ਸ਼ਹਿਰ ਸ਼ਿਕਾਗੋ ਜਾ ਕੇ ਵਾਪਸ ਮੁੜਿਆ ਤਾਂ

ਉਸ ਨੂੰ "ਮਲੇਛਾਂ ਨਾਲ ਖਾਨਪਾਨ ਕਰਨ ਵਾਲਾ ਅਛੂਤ" ਐਲਾਨਿਆ ਗਿਆ। ਉਸ ਨੇ ਬ੍ਰਾਹਮਣਾਂ ਦੇ ਪੈਰੀਂ ਪੈ ਕੇ ਮੁਆਫ਼ੀ ਮੰਗੀ। ਦੇਸ਼ ਦਾ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦਿ, ਮੁਸਲਮਾਨ ਦੇਸ਼ਾਂ ਦੀ ਯਾਤਰਾ ਕਰ ਆਇਆ ਤਾਂ ਬ੍ਰਾਹਮਣਾਂ ਵਿੱਚ "ਹਾਹਾਕਾਰ" ਮਚ ਗਈ। ਰਾਸ਼ਟਰਪਤੀ ਨੇ ਮੁਖੀ ਬ੍ਰਾਹਮਣਾਂ ਨੂੰ ਰਾਸ਼ਟਰਪਤੀ ਭਵਨ ਵਿੱਚ ਸੱਦਿਆ। ਪੂਜਾ ਕੀਤੀ, ਖਾਣਾ ਖੁਆਇਆ, ਢੇਰ ਸਾਰੀ ਦਾਨ ਦੱਛਣਾ ਦਿੱਤੀ ਤਾਂ "ਪਾਪਾਂ ਤੋਂ ਮੁਕਤ" ਹੋਇਆ। ਨਿੱਤ ਦਿਨ ਦੇ ਕੂੜ ਪ੍ਰਚਾਰ ਨੇ ਲੋਕਾਂ ਦੀ ਸੋਚ ਨੂੰ ਖ਼ਤਮ ਕਰ ਕੇ ਰੱਖ ਦਿੱਤਾ। ਜੋ ਸਾਖੀਆਂ (ਅਤੇ ਬਾਕੀ ਪ੍ਰਚਾਰ) ਗੁਰਦਵਾਰਾ ਸਟੇਜਾਂ 'ਤੇ ਸੁਣਾਈਆਂ ਜਾ ਰਹੀਆਂ ਹਨ, ਇਨ੍ਹਾਂ ਨੇ ਸਿੱਖ ਪੰਥ ਨੂੰ ਰਸਾਤਲ ਵਿੱਚ ਜਾ ਸੁੱਟਿਆ। ਗੁਰਬਾਣੀ ਇੱਕ ਕਰਾਂਤੀ ਹੈ, ਬ੍ਰਾਹਮਣੀ ਪਾਖੰਡ ਦੇ ਵਿਰੁੱਧ। ਬਗਾਵਤ ਹੈ ਜਾਲਮ ਰਾਜ ਦੇ ਵਿਰੁੱਧ। ਇਨਕਲਾਬ ਹੈ ਸਮਾਜ ਵਿੱਚ ਸਥਾਪਤ ਹੋਏ ਜਾਤਪਾਤੀ ਨਿਜ਼ਾਮ ਵਿਰੁੱਧ। ਪਹਿਲਾਂ ਤੋਂ ਸਥਾਪਤ ਹੋ ਚੁੱਕੀਆਂ ਧਾਰਮਕ ਰਹੁ-ਰੀਤਾਂ ਅਤੇ ਮਾਨਤਾਵਾਂ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਡੰਕੇ ਦੀ ਚੋਟ ਨਾਲ ਰੱਦ ਕਰ ਦਿੱਤਾ ਪਰ ਗੁਰੂ ਨਾਨਕ ਵੇਖਦਾ ਹੀ ਰਹਿ ਗਿਆ ਤੇ ਗੁਰਬਾਣੀ ਤੋਂ ਉਲਟ ਕਾਰਜ ਕਰਨ ਵਾਲੀ ਕਰਮਕਾਂਡੀ ਫ਼ੌਜ ਗੁਰਦਵਾਰਿਆਂ 'ਤੇ ਕਾਬਜ ਹੋ ਗਈ। ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਾਉਣ ਵਾਲੇ ਵਿਦਵਾਨ, ਇਸ ਤਰ੍ਹਾਂ ਤਿਆਰ ਕੀਤੇ ਗਏ ਕਿ ਉਨ੍ਹਾਂ ਨੇ ਗੁਰਬਾਣੀ ਨੂੰ "ਵੇਦਾਂ ਦਾ ਸਾਰ" ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਅੱਜ ਤੱਕ ਉਤਨੀਆਂ ਪੀਐਚ. ਡੀ. ਦੀਆਂ ਡਿਗਰੀਆਂ ਗੁਰਬਾਣੀ 'ਤੇ ਨਹੀਂ ਦਿੱਤੀਆਂ ਗਈਆਂ, ਜਿੰਨੀਆਂ ਪੌਰਾਣਕ ਗ੍ਰੰਥਾਂ ਦਾ ਮਿਲਗੋਭਾ ਦਸਮ ਗ੍ਰੰਥ 'ਤੇ ਦਿੱਤੀਆਂ ਜਾ ਚੁੱਕੀਆਂ ਹਨ। ਇਨ੍ਹਾਂ ਯੂਨੀਵਰਸਿਟੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਇੱਕ (ਮਰਹੂਮ) ਮੁਖੀ ਡਾ. ਤਾਰਨ ਸਿੰਘ ਦੀ ਸਾਖੀਆਂ ਬਾਰੇ ਲਿਖਤ ਦਾ ਨਮੂਨਾ ਵੇਖੋ-

"ਇਹ ਸਾਖੀ ਗੁਰੂ ਮਹਾਨਤਾ ਨੂੰ ਪ੍ਰਗਟ ਕਰਦੀ ਹੈ। ਸਰਪ ਸੰਸਾਰ ਵਿਚਾਰ ਅਨੁਸਾਰ ਧਨ, ਸੁੰਦਰਤਾ ਤੇ ਰਾਗ ਦਾ ਆਸ਼ਕ ਹੈ। ਗੁਰੂ ਨਾਨਕ ਦੇਵ ਜੀ ਸੁੱਤੇ ਪਏ ਹਨ, ਸਰਪ ਉਨ੍ਹਾਂ ਦੇ ਚਿਹਰੇ 'ਤੇ ਫਨ ਖਿਲਾਰ ਕੇ ਖਲੋਤਾ ਰਹਿੰਦਾ ਹੈ। ਸਰਪ ਨੇ ਲੱਭ ਲਿਆ ਹੈ ਖਜਾਨੇ ਨੂੰ, ਗੁਰੂ ਨਾਨਕ ਸੰਸਾਰ ਲਈ ਅਤਿਅੰਤ ਕੀਮਤੀ ਖ਼ਜ਼ਾਨਾ ਹਨ। ਸਰਪ ਨੇ ਲੱਭ ਲਿਆ ਹੈ ਰਾਗ ਦੇ ਭੰਡਾਰ ਨੂੰ, ਗੁਰੂ ਨਾਨਕ ਸੰਸਾਰ ਲਈ ਬਾਣੀ ਦੀ ਧੁਨ ਦਾ ਅਲਾਪ ਕਰਨ ਵਾਲਾ ਮਹਾਨ ਸੰਗੀਤਕਾਰ ਹੈ। ਸਰਪ ਉਸ ਰਾਗ 'ਤੇ ਮਸਤ ਹੈ। ਸਰਪ ਸੁੰਦਰਤਾ ਨੂੰ ਪਿਆਰ ਕਰਦਾ ਹੈ। ਇਥੇ ਸੁੰਦਰਤਾ ਦਾ ਮੁਜੱਸਮਾ ਗੁਰੂ ਨਾਨਕ ਹੈ, ਉਸ ਨੂੰ ਸਰਪ ਨੇ ਲੱਭ ਲਿਆ ਹੈ। ਸਰਪ ਜ਼ਹਿਰ ਦਾ ਸੂਚਕ ਹੈ ਪਰ ਸ਼ਿਵ ਦੇ ਗਲ ਵਿੱਚ ਲਿਪਟਿਆ ਰਹਿੰਦਾ ਹੈ, ਸ਼ਿਵ ਨੇ "ਕਾਲਕੂਟ" ਜ਼ਹਿਰ ਨੂੰ ਗਲੇ ਵਿੱਚ ਰੋਕਿਆ ਹੋਇਆ ਹੈ। ਗੁਰੂ ਨਾਨਕ ਨੇ ਵੀ ਸਾਰੇ ਸੰਸਾਰ ਦੀ ਬਿਖ ਨੂੰ ਚੂਸ ਲੈਣਾ ਹੈ। ਉਸ ਦੀ ਗਿਰਾਵਟ ਦੀ ਬਿਖ ਨੂੰ। ਸਰਪ ਇਸ ਗੱਲ ਦੀ ਗਵਾਹੀ ਹੈ। ਸਰਪ ਸੇਜਾ ਵਿਸ਼ਨੂੰ ਦੀ ਹੈ, ਜਿਸ 'ਤੇ ਉਹ ਖੀਰ ਸਾਗਰ ਵਿੱਚ ਵਿਸ਼ਰਾਮ ਕਰਦੇ ਹਨ। ਵਿਸ਼ਨੂੰ ਸੰਸਾਰ ਦਾ ਪਾਲਕ ਹੈ। ਗੁਰੂ ਨਾਨਕ ਨੂੰ ਸਰਪ ਨੇ ਸੇਜਾ ਵੀ ਦਿੱਤੀ ਹੈ ਤੇ ਉਸ ਨੇ ਫਨ ਵੀ ਖਿਲਾਰਿਆ ਹੈ, ਜਿਵੇਂ ਵਿਸ਼ਨੂੰ 'ਤੇ ਖਿਲਾਰਿਆ ਹੈ। ਇਸ ਲਈ ਗੁਰੂ

ਨਾਨਕ ਸਾਰੇ ਸੰਸਾਰ ਦਾ ਪਾਲਕ ਹੈ। (ਡਾ. ਤਾਰਨ ਸਿੰਘ – ਪੁਸਤਕ ਸਿੱਖ ਧਰਮ ਦੇ ਰਹਿਸ ਤੇ ਰਮਜ, ਪੰਨਾ 92)

ਪਾਠਕ ਜਨੋ! ਜ਼ਰਾ ਧਿਆਨ ਦੇਣਾ ਕਿ ਇਹ ਲੇਖਾਰੀ ਝੂਠ ਨੂੰ ਝੂਠ ਕਹਿਣ ਦੀ ਹਿੰਮਤ ਨਹੀਂ ਕਰ ਸਕਿਆ। ਸਗੋਂ ਝੂਠੀ ਕਹਾਣੀ ਨੂੰ ਸੱਚ ਸਾਬਤ ਕਰਨ ਵਾਸਤੇ "ਵਾਇਆ ਬਠਿੰਡਾ" ਵਾਲਾ ਲੰਮਾ ਗਧੀਗੜ੍ਹ ਪਾ ਕੇ ਬੈਠ ਗਿਆ। ਜਦੋਂ ਵੱਡੀਆਂ ਡਿਗਰੀਆਂ ਵਾਲੇ ਸਿੱਖ, ਵੱਡੇ, ਵਿੱਦਿਆ ਮੰਦਰਾਂ ਵਿੱਚ ਬੈਠ ਕੇ, ਅਜਿਹੇ ਕੂੜ ਕੁਫਰ ਨੂੰ ਮਾਨਤਾ ਦੇਈ ਜਾਣ, ਫਿਰ ਸਿੱਖ ਸਮਾਜ ਨੂੰ ਅਕਲ ਕਿਵੇਂ ਆਵੇਗੀ? ਇਹੀ ਲੇਖਕ ਇਸੇ ਪੁਸਤਕ ਦੇ ਪੰਨਾ 107 'ਤੇ ਗੁਰੂ ਅੰਗਦ ਸਾਹਿਬ ਜੀ ਨੂੰ ਪੈਰ 'ਤੇ ਕੋਹੜ ਹੋਇਆ ਲਿਖ ਕੇ, ਬਾਬਾ ਅਮਰਦਾਸ ਤੋਂ ਉਸ ਅੰਗੂਠੇ ਵਾਲੀ ਗੰਦੀ ਪੀਕ ਮੂੰਹ ਨਾਲ ਚੂਸ ਕੇ ਬਾਹਰ ਕਢਵਾਉਂਦਾ ਹੈ। "ਜਿਸ ਥਾਲੀ ਵਿੱਚ ਖਾਣਾ, ਉਸੇ ਵਿੱਚ ਛੇਕ ਪਾਣਾ", ਵਾਲਾ ਅਖਾਣ ਇਨ੍ਹਾਂ ਲੋਕਾਂ ਲਈ ਹੀ ਤਾਂ ਹੈ। ਅਜਿਹੇ ਬੇਅੰਤ ਡਾਕਟਰਾਂ ਅਤੇ ਪ੍ਰੋਫ਼ੈਸਰਾਂ ਦੀਆਂ ਲਿਖਤਾਂ ਮੈਂ ਪੜ੍ਹ ਚੁੱਕਿਆ ਹਾਂ। ਕਈਆਂ ਨੂੰ ਖ਼ੁਦ ਮਿਲ ਕੇ ਵਿਚਾਰ ਕਰ ਚੁੱਕਿਆ ਹਾਂ। ਬਿਨਾਂ ਕਿਸੇ ਦਲੀਲ ਤੋਂ ਬਸ "ਮੈ ਨਾ ਮਾਨੂੰ" ਦੀ ਰਟ ਲਾਈ ਜਾਂਦੇ ਹਨ। ਇਹ ਲੋਕ ਗੁਰਬਾਣੀ ਤੋਂ ਪੂਰੀ ਤਰ੍ਹਾਂ ਅਣਜਾਣ ਤੇ ਸੱਖਣੇ ਹਨ।


ਗੁਰਬਾਣੀ ਨੇ ਆਮ ਇਨਸਾਨ ਨੂੰ ਬਹੁਪੱਖੀ ਗਿਆਨ ਬਖ਼ਸ਼ ਕੇ, ਇਸ ਬ੍ਰਾਹਮਣੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਬਹੁਪੱਖੀ ਗਿਆਨ ਦਿੱਤਾ। ਜਿਨ੍ਹਾਂ ਨੂੰ ਗੁਰਬਾਣੀ ਸਮਝ ਆਉਂਦੀ ਗਈ, ਉਹ ਗ਼ੁਲਾਮੀ ਦੀਆਂ ਬੇੜੀਆਂ ਤੋੜ ਕੇ ਬੰਧਨਾਂ ਦੇ ਪਿੰਜਰੇ ਭੰਨ੍ਹ ਕੇ, ਆਜ਼ਾਦ ਹੋਣ ਲੱਗ ਪਏ। ਜਿਨ੍ਹਾਂ ਲੋਕਾਂ ਨੇ ਗੁਰਬਾਣੀ ਦੀ ਥਾਂ ਸਾਖੀਆਂ ਵੱਲ ਝੁਕਾ ਰੱਖਿਆ। ਜਿਨ੍ਹਾਂ ਨੇ ਗੁਰਬਾਣੀ ਨੂੰ ਸਮਝਣ ਦੀ ਥਾਵੇਂ "ਸਿਮਰਨ" ਦੀ ਤੋਤਾ ਰਟਣੀ ਸ਼ੁਰੂ ਕਰ ਲਈ, ਉਹ ਸਾਰੇ ਦੁਬਾਰਾ ਬ੍ਰਾਹਮਣੀ ਖਾਰੇ ਸਾਗਰ ਵਿੱਚ ਡਿਗਦੇ ਗਏ। ਬੰਧਨ ਗਲ ਪੁਆਉਂਦੇ ਗਏ। ਸ਼ਕਲ ਭਾਵੇਂ ਸਿੱਖਾਂ ਵਾਲੀ ਦਿਸਦੀ ਹੋਵੇ ਪਰ ਕੰਮ ਸਾਰੇ ਮੰਨੂੰ ਵਾਲੇ ਕਰਨ ਲੱਗ ਪਏ। ਗੁਰੂ ਨਾਨਕ ਬਾਬਾ ਜੀ ਦਾ ਇੱਕ ਸ਼ਬਦ ਇਸ ਪਰਥਾਏ ਵਿਚਾਰਨਾ ਲਾਹੇਵੰਦ ਰਹੇਗਾ–

ਮਛੀ ਤਾਰੂ ਕਿਆ ਕਰੇ, ਪੰਖੀ ਕਿਆ ਆਕਾਸੁ ॥
ਕੁਤੇ ਚੰਦਨੁ ਲਾਈਐ, ਭੀ ਸੋ ਕੁਤੀ ਧਾਤੁ ॥
ਬੋਲਾ ਜੇ ਸਮਝਾਈਐ, ਪੜ੍ਹੀਅਹਿ ਸਿੰਮ੍ਰਿਤਿ ਪਾਠ ॥
ਅੰਧਾ ਚਾਨਣਿ ਰਖੀਐ, ਦੀਵੇ ਬਲਹਿ ਪਚਾਸ ॥
ਚਉਣੇ ਸੁਇਨਾ ਪਾਈਐ, ਚੁਣਿ ਚੁਣਿ ਖਾਵੈ ਘਾਸੁ ॥
ਲੋਹਾ ਮਾਰਣਿ ਪਾਈਐ, ਢਹੈ ਨ ਹੋਇ ਕਪਾਸ ॥
ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥ (143)

ਹੇ ਭਾਈ! ਮੱਛੀ ਭਾਵੇਂ ਪਾਣੀ ਵਿੱਚ ਰਹਿੰਦੀ ਹੈ, ਪਰ ਪਾਣੀ ਬਾਰੇ ਉਸ ਨੂੰ ਕੋਈ ਗਿਆਨ ਨਹੀਂ ਹੈ। ਪੰਛੀ ਭਾਵੇਂ ਆਕਾਸ਼ ਵਿੱਚ ਉੱਚੀਆਂ ਉਡਾਰੀਆਂ ਲਾਉਂਦੇ ਹਨ, ਪਰ

ਆਕਾਸ਼ ਬਾਰੇ ਅਣਜਾਣ ਹਨ। ਪੱਥਰਾਂ ਨੂੰ ਜਿਥੇ ਮਰਜ਼ੀ ਟਿਕਾ ਦਿਉ ਉਨ੍ਹਾਂ 'ਤੇ ਮੌਸਮ ਦਾ ਕੋਈ ਅਸਰ ਨਹੀਂ ਹੁੰਦਾ। ਖੁਸਰੇ (ਨਿਪੁੰਸਕ) ਦਾ ਵਿਆਹ ਜੇ ਕਰ ਦਿਉ ਉਹ ਆਪਣਾ ਘਰ ਨਹੀਂ ਬਸਾ ਸਕੇਗਾ। ਪਤੀ-ਪਤਨੀ ਵਾਲੇ "ਸੁੱਖ" ਦਾ ਉਸ ਨੂੰ ਕੋਈ ਇਲਮ ਨਹੀਂ ਹੋਵੇਗਾ। ਕੁੱਤੇ ਦੇ ਸਰੀਰ 'ਤੇ ਚੰਦਨ ਦਾ ਲੇਪ ਕਰ ਦੇਈਏ, ਉਸ ਨੂੰ ਕੀ ਕਦਰ ਹੈ। ਉਸ ਨੇ ਤਾਂ ਉਹ ਕੁੱਤਪੁਣੇ ਕਰਨੇ ਹਨ, ਰੂੜੀਆਂ 'ਤੇ ਲੇਟਣਾ ਹੈ। ਕੰਨਾਂ ਤੋਂ ਬੋਲੇ ਮਨੁੱਖ ਨੂੰ ਲੈਕਚਰ ਕਰ ਕੇ ਸਮਝਾਉਣ ਦੀ ਕੋਸ਼ਿਸ਼ ਕਰੀਏ, ਬੇਕਾਰ ਹੈ। ਬੋਲੇ ਅੱਗੇ ਭਾਵੇਂ ਧਰਮ ਗ੍ਰੰਥਾਂ ਦਾ ਪਾਠ ਕਰਦੇ ਰਹੀਏ, ਭਾਵੇਂ ਵਿਦਵਾਨਾਂ ਤੋਂ ਭਾਸ਼ਣ ਕਰਾਉਂਦੇ ਰਹੀਏ, ਕੋਈ ਫ਼ਾਇਦਾ ਨਹੀਂ ਹੋਣਾ। ਅੰਨ੍ਹੇ ਮਨੁੱਖ ਨੂੰ ਖੁੱਲ੍ਹੇ ਥਾਂ ਚਾਨਣ ਵਿੱਚ ਖੜ੍ਹਾ ਕਰ ਦੇਈਏ। ਉਸ ਅੱਗੇ ਬਹੁਤ ਸਾਰੇ ਦੀਵੇ ਬਾਲ ਕੇ ਰੱਖ ਦੇਈਏ ਤਾਂ ਅੰਨ੍ਹੇ ਨੂੰ ਦਿੱਸਣ ਥੋੜਾ ਲੱਗ ਪਵੇਗਾ ? ਇਸ ਰੋਸ਼ਨੀ ਤੋਂ ਉਸ ਨੇ ਕੁੱਝ ਨਹੀਂ ਵੇਖ ਸਕਣਾ। ਪਸ਼ੂਆਂ ਦੀ ਖੁਰਲੀ ਵਿੱਚ ਸੋਨਾ ਅਤੇ ਘਾਹ ਸੁੱਟ ਦੇਈਏ ਤਾਂ ਪਸ਼ੂਆਂ ਨੂੰ ਸੋਨੇ ਦੀ ਕੀ ਕਦਰ ? ਉਨ੍ਹਾਂ ਨੇ ਤਾਂ ਵਿੱਚੋਂ ਚੁਣ-ਚੁਣ ਕੇ ਘਾਹ ਹੀ ਖਾਣਾ ਹੈ। ਜੇਕਰ ਲੋਹੇ ਨੂੰ ਧੁੱਪੇ ਸੁਕਾ ਲਈਏ, ਮਸਾਲੇ ਪਾ ਦੇਈਏ ਤਾਂ ਉਸ ਨੇ ਕਪਾਹ ਵਾਂਗ ਨਰਮ ਨਹੀਂ ਹੋ ਜਾਣਾ। ਹੇ ਨਾਨਕ! ਮੂਰਖਾਂ ਦੇ ਇਹ ਲੱਛਣ ਹਨ, ਜੋ ਉਪਰ ਬਿਆਨ ਕੀਤੇ ਹਨ। ਇਸ ਮੰਦੀ ਮਾਨਸਿਕ ਹਾਲਤ ਵਿੱਚੋਂ ਕੇਵਲ ਗੁਰੂ ਦੀ ਸਿੱਖਿਆ ਹੀ ਉਭਾਰ ਸਕਦੀ ਹੈ।

ਜਿੰਨੀ ਦੇਰ ਤੱਕ ਸਿੱਖਾਂ ਦੇ ਆਗੂ ਆਪਣੇ ਲੋਕਾਂ ਲਈ ਵਿੱਦਿਆ ਦੇਣ ਦਾ ਸੁਚੱਜਾ ਪ੍ਰਬੰਧ ਨਹੀਂ ਕਰਦੇ, ਸਿੱਖ ਹੋਰ ਰਸਾਤਲ ਵਿੱਚ ਡਿਗਦੇ ਜਾਣਗੇ। ਝੂਠੀਆਂ ਸਾਖੀਆਂ ਤਿਆਗ ਕੇ, "ਸਚ ਕੀ ਬਾਣੀ" ਨੂੰ ਪੜ੍ਹ ਕੇ ਅਤੇ ਸਮਝ ਕੇ, ਆਪਣੇ ਜੀਵਨ ਵਿੱਚ ਢਾਲਣ ਦੀ ਕੋਸ਼ਿਸ਼ ਕਰੀਏ।



ਅਣਹੋਣੀਆਂ ਸਾਖੀਆਂ

ਜਨਮ ਸਾਖੀਆਂ ਵਿੱਚੋਂ ਕਈ ਚੰਗੀਆਂ ਗੱਲਾਂ ਪੜ੍ਹੀਦੀਆਂ ਹਨ। ਬੇਅੰਤ "ਸਾਖੀਆਂ" ਬਿਨਾਂ ਸਿਰ-ਪੈਰ ਦੇ, ਬਗ਼ੈਰ ਕਿਸੇ ਆਧਾਰ ਦੇ, ਬਿਨਾਂ ਕਿਸੇ ਮਕਸਦ ਦੇ, ਆਮ ਇਨਸਾਨ ਦਾ ਦਿਮਾਗ ਖ਼ਰਾਬ ਕਰਨ ਲਈ ਲਿਖ ਮਾਰੀਆਂ ਹਨ। ਅੱਜ ਤੋਂ ਤਿੰਨ ਚਾਰ ਸੌ ਸਾਲ ਪਹਿਲਾਂ ਆਮ ਲੋਕਾਂ ਲਈ "ਕਾਲਾ ਅੱਖਰ ਮੈਸ (ਮੱਝ) ਬਰਾਬਰ ਸੀ। ਜਿਨ੍ਹਾਂ ਵਿਅਕਤੀਆਂ ਨੇ ਸਾਖੀਆਂ ਲਿਖੀਆਂ, ਉਸ ਵਕਤ ਉਹ ਸਮਾਜ ਵਿੱਚ "ਪੜ੍ਹੇ-ਲਿਖੇ" ਇਨਸਾਨ ਮੰਨੇ ਜਾਂਦੇ ਸਨ। ਜੋ ਵਿਅਕਤੀ ਅੱਖਰ ਗਿਆਨ ਤੋਂ ਭੀ ਸੱਖਣੇ ਸਨ, ਉਨ੍ਹਾਂ ਬਾਰੇ ਤਾਂ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ। ਪੜ੍ਹਿਆਂ ਦੀਆਂ ਲਿਖਤਾਂ ਸਾਨੂੰ ਅੱਜ ਸਭ ਕੁੱਝ ਸਮਝਾ ਦਿੰਦੀਆਂ ਹਨ, ਉਨ੍ਹਾਂ ਲੇਖਕਾਂ ਦਾ ਮਾਨਸਿਕ ਪੱਧਰ ਕੀ ਸੀ। "ਜਨਮ ਸਾਖੀਆਂ ਦਾ ਤਾਰਕਿਕ ਅਧਿਐਨ" ਨਾਮ ਦੀਆਂ ਦੋ ਪੁਸਤਕਾਂ ਵਿੱਚ ਡਾ. ਜਗਜੀਤ ਸਿੰਘ ਨੇ ਬੜੀ ਦਲੇਰੀ ਨਾਲ "ਗ਼ਲਤ ਨੂੰ ਗ਼ਲਤ" ਲਿਖ ਦਿੱਤਾ ਹੈ। ਹੋਰ ਕੋਈ ਡਾਕਟਰ, ਪ੍ਰੋਫੈਸਰ ਜਾਂ ਬੁੱਧੀਜੀਵੀ ਗ਼ਲਤ ਨੂੰ ਗ਼ਲਤ ਆਖਣ ਦੀ ਹਿੰਮਤ ਨਹੀਂ ਕਰ ਸਕਿਆ। ਸਾਰੇ ਲੇਖਕ ਝੂਠ ਨੂੰ ਸੱਚ ਬਣਾਉਣ ਵਾਸਤੇ "ਬਹੁਤ ਖੋਜ ਕਰਦੇ ਹਨ, ਬੜਾ ਪਸੀਨਾ ਬਹਾਉਂਦੇ ਹਨ।" ਗੁਰੂ ਬਾਬਾ ਜੀ ਦੀ ਬਾਣੀ ਕੁੱਝ ਹੋਰ ਉਪਦੇਸ਼ ਕਰਦੀ ਹੈ ਤੇ ਸਾਖੀਆਂ ਮਨੁੱਖ ਨੂੰ ਅੰਧਕਾਰ ਵੱਲ ਧੂਅ ਕੇ ਲਿਜਾ ਰਹੀਆਂ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਛਪੀ, ਡਾ. ਕਿਰਪਾਲ ਸਿੰਘ ਦੀ ਸੰਪਾਦਤ ਕੀਤੀ, "ਜਨਮ ਸਾਖੀ ਪ੍ਰੰਪਰਾ" ਕਿਤਾਬ ਮੇਰੇ ਸਨਮੁੱਖ ਹੈ। ਇਸ ਪੁਤਸਕ ਵਿੱਚ ਪੁਰਾਤਨ ਜਨਮ ਸਾਖੀ, ਮੇਹਰਵਾਨ ਵਾਲੀ, ਬਾਲੇ ਵਾਲੀ ਤੇ ਭਾਈ ਮਨੀ ਸਿੰਘ ਵਾਲੀਆਂ ਸਾਖੀਆਂ ਦੀਆਂ ਚਾਰੇ ਕਿਤਾਬਾਂ ਇੱਕੋ ਥਾਂ ਇਕੱਠੀਆਂ ਹਨ। ਇਨ੍ਹਾਂ ਦੇ ਪੁਰਾਣੇ ਲੇਖਕਾਂ ਨੂੰ ਇਹ ਭੀ ਚੇਤਾ ਨਹੀਂ ਰਹਿੰਦਾ ਕਿ ਅਸੀਂ ਪਿੱਛੇ ਕੀ ਲਿਖ ਆਏ ਹਾਂ ਤੇ ਹੁਣ ਕੀ ਲਿਖ ਰਹੇ ਹਾਂ। ਮੇਹਰਵਾਨ ਜੋ ਪਿਰਥੀਚੰਦ ਦਾ ਪੁੱਤਰ ਸੀ, ਜਿਸ ਨੇ "ਨਾਨਕ" ਨਾਮ ਦੀ ਵਰਤੋਂ ਕਰ ਕੇ ਕਵਿਤਾ ਲਿਖੀ ਸੀ, ਖ਼ੁਦ ਗੁਰੂ ਬਣ ਬੈਠਾ ਸੀ। ਉਸ ਮੇਹਰਵਾਨ ਨੇ ਅਤੇ ਉਸ ਦੇ ਪੁੱਤਰ ਹਰਿ ਜੀ ਨੇ, ਗੁਰੂ ਨਾਨਕ ਸਾਹਿਬ ਜੀ ਦੀਆਂ "ਜਨਮ ਸਾਖੀਆਂ" ਲਿਖੀਆਂ ਹਨ। ਖੀਰ ਵਿੱਚੋਂ ਇੱਕ ਦਾਣਾ ਖਾ ਲੈਣ ਦੇ ਅਖਾਣ ਵਾਂਗ, ਇੱਕ ਸਾਖੀ ਮੇਹਰਬਾਨ ਵਾਲੀ ਪਾਠਕਾਂ ਦੇ ਸਨਮੁੱਖ ਰਖਾਂਗਾ।

"ਹਿੰਦੂ ਮਿਥਿਹਾਸ ਕੋਸ਼" ਦੇ ਪੰਨਾ 442 'ਤੇ ਜਮਰਾਜ (ਹਿੰਦੀ ਵਿੱਚ ਯਮਰਾਜ) ਬਾਰੇ ਚੰਗੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ। ਜਮਰਾਜ ਅਤੇ ਧਰਮਰਾਜ ਇੱਕੋ ਪਾਤਰ ਦੇ ਦੋ ਨਾਮ ਹਨ। ਇਸ ਨੂੰ ਸੂਰਜ ਅਤੇ ਸੰਜਨਾ ਦਾ ਪੁੱਤਰ ਦੱਸਿਆ ਗਿਆ ਹੈ। ਜਮਰਾਜ ਨੇ ਇੱਕ ਵਾਰੀ ਆਪਣੀ ਮਤਰੇਈ ਮਾਂ ਛਾਇਆ ਨੂੰ ਲੱਤ ਮਾਰ ਦਿੱਤੀ। ਜਿਸ ਦੇ ਸ਼ਰਾਪ ਕਾਰਨ ਇਸ ਦੇ ਪੈਰ ਵਿੱਚ ਕੀੜੇ ਪੈ ਗਏ। ਪਿਤਾ ਨੇ ਇੱਕ ਕੁੱਕੜ ਦੇ ਦਿੱਤਾ, ਜੋ ਕੀੜੇ ਖਾ ਲੈਂਦਾ ਹੈ। ਜਮਰਾਜ ਨੂੰ ਤਕਲੀਫ ਘੱਟ ਜਾਂਦੀ ਹੈ। ਇਸ ਨੇ ਦੋ ਪਾਲਤੂ ਕੁੱਤੇ ਰੱਖੇ ਹੋਏ ਹਨ ਜਿਨ੍ਹਾਂ ਦਾ ਨਾਮ "ਸ਼ਰਮਾ" ਹੈ। ਇਹ ਕੁੱਤੇ ਮਿਰਤਕ ਦੀ ਰੂਹ ਨੂੰ ਛੇਤੀ ਉਪਰ ਲੈ ਜਾਣ ਵਾਸਤੇ ਨਸਾਉਂਦੇ ਹਨ। ਜਮਰਾਜ

ਦੀਆਂ ਚਾਰ ਅੱਖਾਂ ਹਨ, ਚੌੜੀਆਂ ਨਾਸਾਂ ਹਨ, ਚਿਹਰਾ ਹਰੇ ਰੰਗ ਦਾ ਹੈ। ਸੂਹੇ ਲਾਲ ਕੱਪੜੇ ਪਹਿਨਦਾ ਹੈ। ਝੋਟੇ ਦੀ ਸਵਾਰੀ ਕਰਦਾ ਹੈ। ਹੱਥ ਵਿੱਚ ਬਹੁਤ ਵੱਡਾ ਬਰਛਾ ਰਖਦਾ ਹੈ। ਸਾਰੇ ਲੋਕਾਂ ਦੇ ਫ਼ੈਸਲੇ ਇਸੇ ਦੇ ਹੱਥ ਵਿੱਚ ਹਨ।"

ਗੁਰੂ ਨਾਨਕ ਸਾਹਿਬ ਜੀ ਨੂੰ ਪਹਿਲਾਂ ਵੇਈਂ ਨਦੀ ਵਿੱਚ ਗੋਤਾ ਲਗਵਾਇਆ ਗਿਆ। ਅਖੇ, ਉਪਰ ਜਾਣ ਲਈ ਵੇਈਂ ਵਿੱਚੋਂ ਉਡਾਰੀ ਸੌਖੀ ਲੱਗ ਜਾਂਦੀ ਹੈ। ਕੱਪੜੇ ਨਦੀ ਕਿਨਾਰੇ ਰਹਿ ਗਏ। ਗੁਰੂ ਜੀ ਨੂੰ ਨੰਗ-ਮੁਨੰਗਾ ਧਰਮਰਾਜ ਕੋਲ ਭੇਜਿਆ। ਕੀ ਕੱਪੜੇ ਪਾ ਕੇ ਉਥੇ ਜਾਣ ਦੀ ਮਨਾਹੀ ਹੈ? ਜੇ ਉਪਰ ਉਡਾਰੀ ਲਾਉਣੀ ਹੀ ਸੀ ਤਾਂ ਨਦੀ ਵਿੱਚੋਂ ਉਡਾਣ ਘਟੋਲਾ ਜ਼ਰੂਰ ਉਡਾਉਣਾ ਸੀ ? ਬਾਹਰ ਸੁੱਕੀ ਧਰਤੀ ਤੋਂ ਉੱਡਣ ਲੱਗਿਆਂ ਉਸ ਦੇ ਟਾਇਰ ਘਿਸਦੇ ਸਨ ? ਗੁਰੂ ਬਾਬਾ ਜੀ ਨੇ ਕਿਧਰੇ ਨਹੀਂ ਲਿਖਿਆ (ਬਾਣੀ ਵਿੱਚ) ਕਿ ਰੱਬ ਜਾਂ ਧਰਮਰਾਜ ਉਪਰ ਕਿਧਰੇ ਆਸਣ ਲਾ ਕੇ ਬੈਠਾ ਹੋਇਆ ਹੈ। ਜਿਸ ਦੇ ਅੱਗੇ ਮੇਹਰਬਾਨ ਨੇ ਗੁਰੂ ਨਾਨਕ ਨੂੰ ਹੱਥ ਜੋੜ ਕੇ ਖਲਾਰਿਆ ਹੈ, ਜਿਸ ਦੇ (ਕੋਹੜ ਵਾਲੇ ਪੈਰ ਜਿਨ੍ਹਾਂ ਵਿੱਚ ਕੀੜੇ ਪਏ ਹੋਏ ਹਨ) ਚਰਨਾਂ 'ਤੇ ਗੁਰੂ ਜੀ ਦਾ ਪਵਿੱਤਰ ਸੀਸ ਟਿਕਾਇਆ ਹੈ, ਇਹ ਕੋਈ ਰੱਬ ਨਹੀਂ ਹੈ। ਹਿੰਦੂਆਂ ਦੇ ਪੌਰਾਣਕ ਗ੍ਰੰਥਾਂ ਵਿਚਲਾ ਇੱਕ ਕਲਪਤ ਦੇਵਤਾ ਧਰਮ ਰਾਜ ਉਰਫ਼ ਜਮਰਾਜ ਹੈ। (ਧਰਮਰਾਜ ਬਾਰੇ ਵਿਸਥਾਰ ਸਹਿਤ ਜਾਣਕਾਰੀ ਲੈਣੀ ਚਾਹੋ ਤਾਂ ਮੇਰੀ ਪੁਸਤਕ "ਆਵਾ-ਗਵਣ 84 ਲੱਖ ਜੂਨਾਂ" ਪੜ੍ਹ ਲੈਣੀ) ਧਰਮਰਾਜ ਝੋਟੇ ਦੀ ਸਵਾਰੀ ਕਰਦਾ ਹੈ। ਇਸ "ਮਹਾਨ" ਦੇਵਤੇ ਨੂੰ ਹਾਥੀ ਜਾਂ ਘੋੜਾ ਸਵਾਰੀ ਲਈ ਚੰਗਾ ਨਹੀਂ ਲੱਗਾ। ਝੋਟਾ ਜੋ ਵਿਚਾਰਾ ਮਸੀਂ ਕਦਮ ਪੁਟਦਾ ਹੈ, ਉਹ ਬਣਾ ਦਿੱਤਾ ਧਰਮਰਾਜ ਦਾ ਰਾਕਟ। ਕੋਟਾਨ ਕੋਟ ਧੰਨਵਾਦ ਹੈ ਸਾਖੀਕਾਰ ਮੇਹਰਵਾਨ ਜੀ ਦਾ ਕਿ ਉਸ ਨੇ ਧਰਮਰਾਜ ਦੇ ਕਿੱਲੇ ਨਾਲ ਮੱਝ ਲਿਆ ਕੇ ਬੰਨ੍ਹ ਦਿੱਤੀ। ਇਸ ਮੱਝ ਦਾ ਦੁੱਧ ਚੋ ਕੇ ਅੰਮ੍ਰਿਤ ਬਣਾ ਕੇ ਗੁਰੂ ਨਾਨਕ ਸਾਹਿਬ ਜੀ ਨੂੰ ਪਿਆਲ ਦਿੱਤਾ। ਵਰਨਾ ਧਰਮਰਾਜ ਦੀ ਸਵਾਰੀ ਮੱਝ ਨਹੀਂ ਝੋਟਾ ਹੈ। ਇਸੇ ਕਲਪਿਤ ਧਰਮ ਰਾਜ ਤੋਂ ਗੁਰੂ ਨਾਨਕ ਸਾਹਿਬ ਜੀ ਨੂੰ ਸਾਰੀਆਂ ਦਾਤਾਂ ਬਰਕਤਾਂ ਪ੍ਰਾਪਤ ਹੋਈਆਂ। ਜਿਨ੍ਹਾਂ ਨੂੰ ਅੱਗੋਂ ਗੁਰੂ ਜੀ ਨੇ ਲੋਕਾਂ ਵਿੱਚ ਵੰਡਿਆ। ਜਦੋਂ ਸਿੱਖਾਂ ਦਾ ਗੁਰੂ (ਗੁਰੂ ਨਾਨਕ) ਹੀ ਧਰਮਰਾਜ ਦਾ ਚਾਕਰ ਹੈ, ਫਿਰ ਸਿੱਖ ਕਿਵੇਂ ਇਸ ਬ੍ਰਾਹਮਣੀ ਦਲਦਲ ਵਿੱਚੋਂ ਬਾਹਰ ਨਿਕਲ ਸਕਦੇ ਹਨ ? ਇਹ ਯਾਦ ਰੱਖਣ ਯੋਗ ਨੁਕਤਾ ਹੈ ਕਿ ਜਦੋਂ ਜਨਮ ਸਾਖੀਆਂ ਲਿਖੀਆਂ ਗਈਆਂ ਸਨ, ਤਦੋਂ ਨੌਵੇਂ ਸਤਿਗੁਰੂ ਦੀ ਬਾਣੀ ਤੋਂ ਬਿਨਾਂ "ਪੋਥੀ ਸਾਹਿਬ" (ਗੁਰੂ ਗ੍ਰੰਥ ਵਾਲਾ ਕਰਤਾਰਪੁਰੀ ਰੂਪ) ਸੰਪੂਰਣ ਹੋ ਚੁੱਕੀ ਸੀ। ਧਰਮਰਾਜ ਜਾਂ ਜਮਰਾਜ ਬਾਰੇ ਗੁਰਬਾਣੀ ਵਿੱਚ ਸਪੱਸ਼ਟ ਵਿਰੋਧ ਪ੍ਰਗਟ ਹੋ ਗਿਆ ਸੀ। ਪਰ ਸਾਖੀਕਾਰਾਂ ਦੀ ਇਤਨੀ ਸਮਝ ਕਿੱਥੇ ਪਈ ਉਹ ਗੁਰਬਾਣੀ ਤੋਂ ਸੇਧ ਲੈ ਕੇ, ਕਥਾਵਾਂ ਲਿਖਣ ਨਾ ਕਿ ਪੁਰਾਣਕ ਗ੍ਰੰਥਾਂ ਵਿੱਚੋਂ। ਗੁਰਬਾਣੀ ਤਾਂ ਇਉਂ ਫੁਰਮਾਨ ਕਰਦੀ ਹੈ -

ਸਚੀ ਕਰਣੀ ਗੁਰ ਕੀ ਸਿਰਕਾਰਾ ॥ "ਆਵਣੁ ਜਾਣੁ ਨਹੀ ਜਮ ਮਾਰਾ" ॥
ਡਾਲ ਛੋਡਿ ਤਤੁ ਮੂਲੁ ਪਰਾਤਾ, ਮਨਿ ਸਚਾ ਉਮਾਹਾ ਹੇ ॥
ਹਰਿ ਕੇ ਲੋਕ ਨਹੀਂ "ਜਮੁ ਮਾਰੈ" ॥ ਨਾ ਦੁਖੁ ਦੇਖਹਿ ਪੰਥਿ ਕਰਾਰੈ ॥
ਰਾਮ ਨਾਮੁ ਘਟ ਅੰਤਰਿ ਪੂਜਾ ਅਵਰੁ ਨ ਦੂਜਾਂ ਕਾਹਾ ਹੇ ॥ (1032)

ਹੇ ਭਾਈ! ਮਨੁੱਖ ਸੱਚ ਮਾਰਗ 'ਤੇ ਚਲਦਾ ਰਹੇ। ਨਿਰੰਕਾਰ ਦੀ ਸਰਕਾਰ (ਨਿਅਮ) ਸੱਚਾਈ

'ਤੇ ਆਧਾਰਤ ਹੈ। ਗੁਰੂ ਦੀ ਮੱਤ ਲੈ ਕੇ, ਨੇਕ ਰਾਹ 'ਤੇ ਚੱਲਣ ਵਾਲਿਆਂ ਨੂੰ ਆਵਾ-ਗਵਣ ਅਤੇ ਜਮਰਾਜ ਆਦਿ ਦਾ ਕੋਈ ਡਰ ਨਹੀਂ ਹੈ। ਅਸੀਂ ਟਾਹਣੀਆਂ ਛੱਡ ਕੇ (ਦੇਵੀ, ਦੇਵਤੇ ਤਿਆਗ ਕੇ) ਪਰਮੇਸ਼ਰ ਨੂੰ ਮੰਨਦੇ ਹਾਂ। ਇਸੇ ਕਾਰਨ ਸਾਡੇ ਮਨ ਵਿੱਚ ਸੱਚੇ ਨਿਰੰਕਾਰ ਦਾ ਪਿਆਰ ਜਾਗ ਪਿਆ ਹੈ। ਰੱਬ ਨਾਲ ਜੁੜੇ ਬੰਦਿਆਂ ਨੂੰ ਜਮ ਦਾ ਡਰ ਨਹੀਂ ਰਿਹਾ। ਆਪਣੇ ਰਾਹ 'ਤੇ ਅਡੋਲ ਚਲਦੇ ਹਨ, ਕੋਈ ਦੁੱਖ-ਡਰ ਉਨ੍ਹਾਂ ਦੇ ਨੇੜੇ ਨਹੀਂ ਫਟਕਦਾ। ਹਰੀ ਦੇ ਨਾਮ ਦੀ ਹਿਰਦੇ ਵਿੱਚ ਹੀ ਪੂਜਾ ਹੁੰਦੀ ਰਹਿੰਦੀ ਹੈ। ਹੋਰ ਕਿਸੇ ਨੂੰ ਅੱਖ ਹੇਠ ਨਹੀਂ ਲਿਆਈਦਾ।

ਸਤਿਗੁਰ ਅਗੈ ਅਰਦਾਸਿ ਕਰਿ ਸਾਜਨ ਦੇਇ ਮਿਲਾਇ ॥
ਸਾਜਨਿ ਮਿਲਿਐ ਸੁਖੁ ਪਾਇਆ "ਜਮ ਦੂਤ ਮੂਏ ਬਿਖੁ ਖਾਇ" ॥ (55)

ਹੇ ਭਾਈ! ਸਤਿਗੁਰੂ ਅੱਗੇ ਬੇਨਤੀ ਕਰ, ਉਹ ਨਿਰੰਕਾਰ ਨਾਲ ਮਿਲਾ ਦੇਵੇਗਾ। ਪਰਮਾਤਮ ਦੇ ਮਿਲਣ 'ਤੇ ਅਥਾਹ ਸੁੱਖ ਪ੍ਰਾਪਤ ਹੋਵੇਗਾ। ਜਮਰਾਜ ਜਾਂ ਉਸ ਦੇ ਭੇਜੇ (ਕਲਪਿਤ) ਜਮਦੂਤ ਜ਼ਹਿਰ ਖਾ ਕੇ ਮਰ ਗਏ ਹਨ। ਉਨ੍ਹਾਂ ਕਲਪਿਤ ਪਾਤਰਾਂ ਨੇ ਆਤਮ ਹੱਤਿਆ ਕਰ ਲਈ ਹੈ। ਉਨ੍ਹਾਂ ਤੋਂ ਡਰ ਕਾਹਦਾ?

ਸਾਖੀਆਂ ਦੇ ਲੇਖਾਰੀਆਂ ਨੂੰ ਤਾਂ ਇਹ ਭੀ ਯਾਦ ਨਹੀਂ ਰਹਿੰਦਾ ਕਿ ਅਸੀਂ ਪਹਿਲਾਂ ਕੀ ਲਿਖ ਆਏ ਹਾਂ। ਹੁਣ ਉਸ ਆਪਣੀ ਲਿਖਤ ਦੀ ਕਾਟ ਤਾਂ ਨਾ ਕਰੀਏ। ਗੁਰੂ ਨਾਨਕ ਜੀ ਦੇ ਜਨਮ ਸਮੇਂ ਦੀ ਅਵੱਸਥਾ ਨੂੰ ਮੇਹਰਵਾਨ ਇਉਂ ਬਿਆਨ ਕਰਦਾ ਹੈ- "ਤਬ ਗੁਰੂ ਬਾਬ ਨਾਨਕ ਕਾਲੂ ਕੈ ਘਰਿ ਤਿਪਰਾ ਕੈ ਉਦਰਿ, ਬੇਦੀ ਕੈ ਬੰਸਿ ਪ੍ਰੜੀ ਕੈ ਜਨਮਿ, ਪੰਜਾਬ ਕੀ ਧਰਤੀ ਚਾਹਲਾ ਵਾਲੇ, ਸੰਮਤ 1526 ਵੈਸਾਖ ਮਾਸਿ ਥਿਤਿ ਤ੍ਰਿਤੀਏ ਚਾਨਣੀ ਕਉ, ਪਹਰੁ ਰਾਤਿ ਪਿਛਲੀ ਰਹਤੀ ਕਉ, ਅੰਬ੍ਰਿਤ ਵੇਲਾ ਜਨਮੁ ਲਇਆ। ਕਲਿ ਕੈ ਬਿਖੈ ਆਇ ਅਵਤਰੈ। ਅਨਹਦ ਸ਼ਬਦ ਵਾਜੇ, ਤ੍ਰੈਤੀਸ ਕਰੋੜੀ ਦੇਵਤਿਅਹੁ ਨਮਸਕਾਰੁ ਕੀਆ। ਨਵਹੁ ਨਾਥਹੁ ਨਮਸਕਾਰੁ ਕੀਆ। ਛਿਆਹੁ ਜਤੀਅਹੁ ਨਮਸਕਾਰੁ ਕੀਆ। ਚਉਰਾਸੀਹੁ ਸਿਧਹੁ ਨਮਸਕਾਰੁ ਕੀਆ। ਗੁਪਤ ਪਰਗਟਹੁ ਨਮਸਕਾਰੁ ਕੀਆ। ਸਿਧਹੁ ਸਾਧਿਕਹੁ ਨਮਸਕਾਰੁ ਕੀਆ। ਕੋਟ ਕਰੋੜੀ ਬੈਸਨਹੁ ਨਮਸਕਾਰੁ ਕੀਆ। ਬਾਜੰਤ੍ਰ ਬਾਜੇ ਗੁਰੂ ਬਾਬੇ ਕੈ ਜਨਮਿ ਕਰਿ ਕਰਿ, ਕਈ ਬੰਦੀ ਜਨ ਮੁਕਤੇ ਭਏ। ਕਈ ਜੀਵ ਥੇ ਸੇ ਧੰਨਵੰਤ ਭਏ। ਕਈ ਜੀਵ ਰੋਗੀ ਥੇ ਤਿਨ ਕੇ ਰੋਗ ਗਏ। ਗੁਰੂ ਬਾਬੇ ਕੇ ਜਨਮ ਕੇ ਸਾਥ ਸਭ ਜੀਵ ਅਨੰਦ ਭਏ। ਦੇਵ ਪਿਤਰ ਸਰਸੇ ਭਏ। ਪ੍ਰਿਥਮੀ ਕਉ ਬਹੁਤੁ ਸੁਖੁ ਉਪਜਿਆ, ਗੁਰੂ ਬਾਬੇ ਨਾਨਕ ਕੇ ਜਨਮਿ ਸਾਥਿ।" ਜਿਸ ਗੁਰੂ ਦੀ ਵਡਿਆਈ ਇਨੀ ਕੀਤੀ ਗਈ ਹੈ ਕਿ ਸਾਰੀ ਕਾਇਨਾਤ ਬਾਲ ਨਾਨਕ ਜੀ ਨੂੰ ਆਣ ਕੇ ਨਮਸਕਾਰ ਕਰ ਰਹੀ ਹੈ। ਸਾਰੇ (ਤੇਤੀ ਕਰੋੜ) ਦੇਵੀਆਂ, ਦੇਵਤੇ ਪੈਰੀਂ ਪੈ ਗਏ ਹਨ। ਫਿਰ ਵੇਈਂ ਵਿੱਚੋਂ ਦੀ ਚੁੱਭੀ ਮਾਰ ਕੇ ਜਮਰਾਜ ਕੋਲ ਜਾਣ ਦੀ (ਭੇਜਣ ਦੀ) ਕੀ ਲੋੜ ਪੈ ਗਈ ਸੀ? ਇੱਕ ਪਾਸੇ ਤਾਂ ਜਨਮ ਸਮੇਂ ਹੀ ਸਾਰੀਆਂ ਸ਼ਕਤੀਆਂ ਦਾ ਬਿਆਨ, ਦੂਜੀ ਥਾਵੇਂ ਹੋਰ ਦੇਵਤਿਆਂ ਅੱਗੇ ਬਾਬਾ ਨਾਨਕ ਨਮਸਕਾਰਾਂ ਕਰੇ? ਸਾਖੀਕਾਰ ਦੀ ਬੁੱਧੀ ਦੀ ਇਉਂ ਹੀ ਪਰਖ ਕਰਨੀ ਪਵੇਗੀ।

ਅਕਾਲ ਪੁਰਖ ਦਾ ਸਾਜਿਆ ਨਿਵਾਜਿਆ ਗੁਰੂ ਨਾਨਕ (ਸਾਖੀਕਾਰਾਂ ਮੁਤਾਬਕ) ਜਨਮ ਤੋਂ ਹੀ ਮਹਾਨ ਸੀ। ਕਰਨੀ ਵਾਲਾ ਸੀ, ਬਾਣੀ ਉਚਾਰਣ ਕਰਦਾ ਆ ਰਿਹਾ ਸੀ। ਜਨਮ ਤੋਂ "ਤੇਰੇ

ਨਾਮ, ਤੇਰੋ ਨਾਮ" ਦਾ ਸਿਮਰਣ ਕਰਦਾ ਆ ਰਿਹਾ ਸੀ। ਜਦੋਂ ਪੰਡਿਤ ਕੋਲ ਪੜ੍ਹਨੇ ਪਾਇਆ ਤਾਂ ਪਾਂਧੇ ਨੂੰ ਹੀ ਪੜ੍ਹਾ ਆਇਆ। ਪਹਿਲੇ ਦਿਨ ਪੈਂਤੀ ਅੱਖਰੀ ਪੱਟੀ ਲਿਖ ਦਿੱਤੀ। ਫਿਰ ਇੱਕ ਹੋਰ ਸ਼ਬਦ- "ਜਾਲਿ ਮੋਹੁ ਘਸਿ ਮਸੁ ਕਰਿ, ਮਤਿ ਕਾਗਦੁ ਕਰਿ ਸਾਰੁ॥" (16) ਲਿਖ ਕੇ ਪਾਂਧੇ ਅੱਗੇ ਰੱਖ ਦਿੱਤਾ। ਪਾਂਧੇ ਨੇ ਮੁਆਫ਼ੀ ਮੰਗ ਕੇ ਬਾਲ ਨਾਨਕ ਘਰ ਭੇਜ ਦਿੱਤਾ। ਫਿਰ ਮੁੱਲਾਂ ਪਾਸ ਪੜ੍ਹਨੇ ਪਾਇਆ। ਉਥੇ ਭੀ ਗੁਰੂ ਨਾਨਕ ਮੁੱਲਾਂ ਨੂੰ ਪੜ੍ਹਾਉਣ ਲੱਗ ਪਿਆ। ਲਿਖਿਆ ਹੈ ਕਿ ਇਹ ਸ਼ਬਦ ਮੁੱਲਾਂ ਪਰਥਾਏ ਉਚਾਰਨ ਕੀਤਾ- "ਦੁਨੀਆਂ ਮੁਕਾਮੇ ਫਾਨੀ॥ ਤਹਕੀਕ ਦਿਲਦਾਨੀ॥ (721) ਫਿਰ ਜਦੋਂ ਨਾਨਕ ਦਸ ਕੁ ਸਾਲ ਦਾ ਹੋਇਆ ਤਾਂ ਜੰਜੂ ਪਾਉਣ ਤੋਂ ਰੋਕ ਕੇ ਬਾਲ ਨਾਨਕ ਨੇ, ਇਹ ਸ਼ਬਦ ਉਚਾਰਨ ਕਰ ਕੇ ਸਾਰਿਆਂ ਦੀ ਬੋਲਤੀ ਬੰਦ ਕਰ ਦਿੱਤੀ। ਸ਼ਬਦ ਹੈ –

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥...

ਨਾਇ ਮਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥ (ਵਾਰ ਆਸਾ, ਪੰਨਾ 471)

ਸਾਖੀਕਾਰਾਂ ਨੇ ਬਾਲ ਉਮਰ ਤੋਂ ਹੀ ਬਾਣੀ ਉਚਾਰਨ ਕਰਨ ਦੀਆਂ ਸਾਖੀਆਂ ਲਿਖੀਆਂ ਹਨ। ਨਾਲ ਹੀ ਬਾਣੀ ਦੇ ਉਚਾਰਨ ਕੀਤੇ ਸ਼ਬਦ ਦਿੱਤੇ ਹਨ। ਅੱਗੇ ਜਾ ਕੇ ਬਾਬਾ ਜੀ ਨੂੰ ਸੱਚ ਖੰਡ ਭੇਜ ਕੇ (ਜਮਰਾਜ ਦੀ ਹਜ਼ੂਰੀ ਵਿੱਚ) ਗੁਰੂ ਹੋਣ ਦਾ ਖਿਤਾਬ ਦਵਾਉਂਦੇ ਹਨ, ਜਾਂ ਤਾਂ ਇਹ ਮੰਨ ਕੇ ਚੱਲੀਏ ਕਿ ਆਦਿ ਗੁਰੂ ਜਨਮ ਤੋਂ ਸਿੱਖਾਂ ਦੇ ਗੁਰੂ ਨਹੀਂ ਸਨ। ਗੁਰੂ ਹੋਣ ਦਾ ਖਿਤਾਬ ਤਾਂ ਵੇਈਂ ਪ੍ਰਵੇਸ਼ ਰਾਹੀਂ "ਜਮਰਾਜ" ਨੂੰ ਆਪਣਾ ਗੁਰੂ ਧਾਰਨ ਕਰਨ ਤੋਂ ਮਗਰੋਂ ਮਿਲਿਆ ਹੈ। ਉਸ ਸਮੇਂ ਗੁਰੂ ਜੀ ਦੀ ਉਮਰ ਕਰੀਬ ਛੱਤੀ ਸਾਲ ਹੋ ਚੁੱਕੀ ਸੀ। ਪਹਿਲਾਂ ਉਚਾਰਣ ਕੀਤੇ ਗਏ ਸ਼ਬਦਾਂ ਨੂੰ ਕਿਸ ਲੇਖੇ ਵਿੱਚ ਪਾਈਏ ? ਕਿਉਂਕਿ ਸਾਖੀਕਾਰ ਖ਼ੁਦ ਲਿਖ ਰਹੇ ਹਨ ਕਿ ਪੜ੍ਹਨੇ ਪਉਣ ਵਕਤ ਜੰਜੂ ਦੀ ਰਸਮ ਵਕਤ, ... ਆਹ ਆਹ ਸ਼ਬਦ ਉਚਾਰਨ ਕੀਤੇ। ਜਦੋਂ ਬਾਬਾ ਜੀ ਗੁਰੂ ਹੀ ਨਹੀਂ ਸਨ, ਫਿਰ ਉਨ੍ਹਾਂ ਸ਼ਬਦਾਂ ਦਾ ਰੁਤਬਾ ਕੀ ਹੋਵੇ ? ਸਾਡੇ ਯੂਨੀਵਰਸਿਟੀਆਂ ਵਿਚਲੇ ਵਿਦਵਾਨ ਉੱਚੀਆਂ ਡਿਗਰੀਆਂ ਦੀਆਂ ਪੰਡਾਂ ਚੁੱਕੀ ਫਿਰਦੇ ਹਨ। ਬੇਅੰਤ ਤਨਖਾਹਾਂ ਤੇ ਸਹੂਲਤਾਂ ਮਾਣ ਰਹੇ ਹਨ। ਸਿੱਖ ਧਰਮ ਦੇ ਖੋਜੀ, ਮੁਖੀ, ਪ੍ਰੋਫ਼ੈਸਰ ਤੇ ਡਾਕਟਰ ਹਨ। ਪਰ ਅਫ਼ਸੋਸ ਕਿ ਸੱਚ ਨੂੰ ਸੱਚ ਆਖਣ ਦੀ ਹਿੰਮਤ ਗੁਆ ਚੁੱਕੇ ਹਨ ਜਾਂ ਤਾਂ ਕਾਇਰ ਹਨ ਜਾਂ ਵਿਕੇ ਹੋਏ ਹਨ ਜਾਂ ਫਿਰ ਮੂਰਖ ਹਨ, ਕੀ ਸਮਝੀਏ ? ਸੱਚ ਇਹ ਹੈ ਕਿ ਤਿੰਨ ਸੌ ਸਾਲ ਪਹਿਲਾਂ ਜਿਥੇ ਸਾਖੀਕਾਰਾਂ ਦੀ ਅਕਲ ਖਲੋਤੀ ਸੀ। ਲੰਮਾ ਅਰਸਾ ਬੀਤ ਜਾਣ 'ਤੇ ਭੀ ਸਾਡੇ ਵਿਦਵਾਨਾਂ ਦੀ ਅਕਲ ਉਥੇ ਹੀ ਖੜੀ ਸਾਫ਼ ਮਹਿਸੂਸ ਕੀਤੀ ਜਾ ਸਕਦੀ ਹੈ। ਸਿੱਖਾਂ ਦੇ ਕਥਾ ਵਾਚਕ ਗੁਰਦਵਾਰਾ ਕਮੇਟੀਆਂ ਦੇ ਪ੍ਰਬੰਧਕ ਜਾਂ ਨਿੱਜੀ ਹੈਸੀਅਤ ਵਿੱਚ ਧਰਮ ਪ੍ਰਚਾਰ ਕਰਨ ਵਾਲੇ ਅਦਾਰੇ, ਕਦੀ ਕੁੰਭ ਕਰਨੀ ਨੀਂਦ ਵਿੱਚੋਂ ਜਾਗਣਗੇ ? ਜਾਂ ਫਿਰ ਮਹਾਨ ਗੁਰੂ ਸਾਹਿਬਾਨ ਦੇ ਕੀਤੇ ਅਨੇਕ ਪਰਉਪਕਾਰ ਅਤੇ ਰੱਬੀ ਬਾਣੀ ਇਸੇ ਤਰ੍ਹਾਂ ਘੱਟੇ 'ਚ ਰੁਲਦੇ ਰਹਿਣਗੇ ?



ਜਦੋਂ ਭਾਈ ਮਰਦਾਨਾ "ਭੇਡੂ ਬਣਿਆ"

ਸਾਡੇ ਆਲੇ-ਦੁਆਲੇ ਗੁਰਬਾਣੀ ਬਹੁਤ ਪੜ੍ਹੀ ਜਾ ਰਹੀ ਹੈ। ਅਖੰਡ ਪਾਠਾਂ ਦੀਆਂ ਲੜੀਆਂ, ਕੋਤਰੀਆਂ "ਵਿਧੀ ਪੂਰਵਕ" ਕਰਵਾਈਆਂ ਜਾ ਰਹੀਆਂ ਹਨ। ਆਪੋ ਆਪਣੇ ਨਿਤਨੇਮ ਦੇ ਪਾਠ ਅਤੇ ਹੋਰ ਕਈ ਤਰੀਕੇ ਦੇ ਪਾਠ, ਸਿੱਖ ਅਖਵਾਉਣ ਵਾਲੇ ਸਦੀਆਂ ਤੋਂ ਕਰਦੇ ਆ ਰਹੇ ਹਨ। ਗੁਰਬਾਣੀ ਬਹੁਤ ਮਹਾਨ ਹੈ, ਇਸ ਦਾ "ਸਿਮਰਨ" ਕਰਨ ਨਾਲ ਅਮਕੀ ਪ੍ਰਾਪਤੀ ਹੁੰਦੀ ਹੈ। ਕੀਰਤਨ ਕਰਨ ਨਾਲ ਢਮਕੀ ਪ੍ਰਾਪਤੀ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਬਾਰੇ ਮੰਨਿਆ ਗਿਆ "ਮੁੱਢਲਾ ਸਰੋਤ" (ਜਨਮ ਸਾਖੀ) ਅਣਗਿਣਤ ਵਾਰ ਛਪ ਕੇ ਸੰਸਾਰ ਵਿੱਚ ਪਹੁੰਚਦੀ ਰਹੀ ਹੈ। ਇਹ ਸਾਖੀਆਂ ਭੀ ਚਾਰ ਮੰਨੀਆਂ ਗਈਆਂ ਹਨ। ਇੱਕ ਹੈ, ਪੁਰਾਤਨ, ਦੂਜੀ ਹੈ ਮੇਹਰਵਾਨ ਵਾਲੀ, ਤੀਜੀ ਹੈ ਬਾਲੇ ਵਾਲੀ ਤੇ ਚੌਥੀ ਹੈ (ਅਖੌਤੀ) ਭਾਈ ਮਨੀ ਸਿੰਘ ਵਾਲੀ। ਪੁਰਾਤਨ (ਜਾਂ ਵਲਾਇਤ ਵਾਲੀ) ਜਨਮ ਸਾਖੀ ਦੇ ਲੇਖਕ ਬਾਰੇ ਕੁੱਝ ਪਤਾ ਨਹੀਂ। ਪ੍ਰਿਥੀ ਚੰਦ ਦਾ ਬੇਟਾ ਸੀ ਮਿਹਰਵਾਨ (ਅੱਗੋਂ ਉਸ ਦੀ ਔਲਾਦ) ਇਨ੍ਹਾਂ ਨੇ ਜੋ ਸਾਖੀਆਂ ਲਿਖੀਆਂ, ਉਹ ਗੁਰੂ ਨਾਨਕ ਸਾਹਿਬ ਨੂੰ ਮਹਾਨ ਬਣਾਉਣ ਲਈ ਨਹੀਂ। ਸਗੋਂ ਗੁਰੂ ਜੀ ਨੂੰ ਅਪਮਾਨਤ ਕਰਨ ਵਾਸਤੇ ਲਿਖੀਆਂ ਸਨ। ਇਹ ਲੋਕ ਖ਼ੁਦ ਗੁਰੂ ਬਣ ਬੈਠੇ ਸਨ। ਸਰਕਾਰ ਨਾਲ ਰਲੇ ਹੋਏ ਸਨ। ਸੰਨ 1604 ਤੋਂ ਲੈ ਕੇ, (ਜਦੋਂ ਗੁਰੂ ਅਰਜਨ ਜੀ ਸ਼ਹੀਦ ਕੀਤੇ ਗਏ) 1658 ਤੱਕ ਇਨ੍ਹਾਂ ਦਾ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਕਬਜਾ ਰਿਹਾ। ਇਸ ਤੋਂ ਮਗਰੋਂ ਭੀ ਇਸੇ ਬਿਰਤੀ ਵਾਲੇ ਇਨ੍ਹਾਂ ਦੇ ਸੰਗੀ-ਸਾਥੀ ਲੋਕ, ਦਰਬਾਰ ਸਾਹਿਬ 'ਤੇ ਕਾਬਜ ਰਹੇ। ਗੁਰੂ ਸਾਹਿਬਾਨ ਨੂੰ ਆਪਣਾ ਟਿਕਾਣਾ ਕੀਰਤਪੁਰ ਤੇ ਆਨੰਦਪੁਰ ਸਾਹਿਬ ਬਣਾਉਣਾ ਪਿਆ। ਅੰਮ੍ਰਿਤਸਰ ਬੈਠ ਕੇ ਕੇਸੋ ਰਾਮ ਬ੍ਰਾਹਮਣ ਤੋਂ ਜਨਮ ਸਾਖੀ ਲਿਖਵਾਈ ਗਈ। ਜੋ ਗੁਰਬਾਣੀ ਦੇ ਅਸੂਲਾਂ ਨਾਲ ਕਿਧਰੇ ਭੀ ਮੇਲ ਨਹੀਂ ਖਾਂਦੀ। ਬਾਲਾ ਨਾਮ ਦਾ ਵਿਅਕਤੀ ਫ਼ਰਜ਼ੀ ਸੀ। ਉਸ ਦਾ ਅਸਲੀ ਨਾਮ ਦੁਨੀ ਚੰਦ ਸੀ। ਇਸ ਸ਼ਖ਼ਸ ਨੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੀ ਬੇਸ਼ਰਮੀ ਭਰੀ ਬੇਇਜ਼ਤੀ ਕੀਤੀ ਹੈ। ਜਿਸ ਜਨਮ ਸਾਖੀ ਨੂੰ ਭਾਈ ਮਨੀ ਸਿੰਘ ਨਾਲ ਨੱਥੀ ਕੀਤਾ ਗਿਆ ਹੈ, ਇਹ ਭਾਈ ਮਨੀ ਸਿੰਘ ਨੇ ਨਹੀਂ ਲਿਖੀ। ਉਸ ਦਾ ਨਾਮ ਵਰਤ ਕੇ ਕਿਸੇ ਗੁਰੂ ਦੋਖੀ ਨੇ ਲਿਖੀ ਹੈ ਜੋ ਆਪਣੇ ਆਪ ਨੂੰ ਭਾਈ ਮਨੀ ਸਿੰਘ ਦਾ ਸੇਵਕ ਦਸਦਾ ਸੀ। ਅੱਜ ਤੱਕ ਇਨ੍ਹਾਂ ਸਾਰੀਆਂ ਸਾਖੀਆਂ ਨੇ ਗੁਰੂ ਘਰ ਦਾ ਸੰਵਾਰਿਆ ਘੱਟ ਤੋਂ ਘੱਟ ਹੈ। ਵਿਗਾੜਿਆ ਵੱਧ ਤੋਂ ਵੱਧ ਹੈ।

ਗੁਰੂ ਨਾਨਕ ਸਾਹਿਬ ਜੀ ਨਾਲ ਪੰਜਾਹ ਸਾਲ ਤੱਕ ਦਿਨ ਰਾਤ ਰਹਿ ਕੇ ਮਰਦਾਨਾ ਜੀ ਦਾ ਸ਼ੁਭਾ ਨਾ ਬਦਲਿਆ। ਗੁਰੂ ਜੀ ਦੇ ਉਪਦੇਸ਼ ਸੁਣ ਕੇ ਬੇਅੰਤ ਲੋਕੀਂ ਸੱਤ ਮਾਰਗ 'ਤੇ ਚੱਲਣ ਲੱਗ ਪਏ, ਪਰ ਮਰਦਾਨੇ 'ਤੇ ਕੋਈ ਅਸਰ ਨਾ ਹੋਇਆ ? ਦੁਨੀਆਂ ਭਰ ਦੇ ਧਰਮ ਮੁਖੀ ਗੁਰੂ ਜੀ ਨਾਲ ਅਣਗਿਣਤ ਤਰ੍ਹਾਂ ਦੇ ਸਵਾਲ ਕਰਦੇ ਗੁਰੂ ਜੀ ਦੇ ਜੁਆਬ ਸੁਣ ਕੇ ਸਾਰੇ ਨਿਰੁੱਤਰ ਹੋ ਜਾਂਦੇ, ਪਰ ਮਰਦਾਨੇ 'ਤੇ ਕੋਈ ਅਸਰ ਨਾ ਹੋਇਆ ? ਰਾਜੇ, ਅਮੀਰ, ਅਫ਼ਸਰ, ਵਾਪਾਰੀ, ਵਿਦਵਾਨ ਆਦਿ ਆ ਕੇ ਗੁਰੂ ਨਾਨਕ ਜੀ ਨਾਲ ਸੰਵਾਦ ਕਰਦੇ। ਮਰਦਾਨਾ ਜੀ ਹਰ ਵਕਤ ਕੋਲ ਰਹਿ ਕੇ ਸੁਣਦੇ,

ਪਰ ਅਕਲ ਫਿਰ ਵੀ ਨਾ ਆਈ ? ਗੁਰੂ ਬਾਬਾ ਜੀ ਦੀ ਬਾਣੀ ਨੂੰ ਮਰਦਾਨਾ ਜੀ ਯਾਦ ਕਰਦੇ, ਉਸ ਦੀ ਭਾਵਨਾ ਨੂੰ ਸਮਝਦੇ, ਕੀਰਤਨ ਕਰਦੇ, ਪਰ ਬੰਧਨਾਂ ਤੋਂ ਮੁਕਤ ਨਾ ਹੋ ਸਕੇ ? ਸਾਡੇ ਸਾਖੀਕਾਰਾਂ ਨੇ ਜੋ ਕੜ੍ਹੀ ਘੋਲ ਦਿੱਤੀ, ਉਸ ਲਈ ਤਾਂ ਅੱਜ ਅਸੀਂ ਬੇਬਸ ਹਾਂ। ਪਰ ਕੀ ਮਰਦਾਨਾ ਜੀ ਵਰਗੇ ਮਹਾਨ ਗੁਰਸਿੱਖ ਦਾ ਅਪਮਾਨ ਹੁੰਦਾ ਇਸੇ ਤਰ੍ਹਾਂ "ਸ਼ਰਧਾ" ਸਹਿਤ ਪ੍ਰਵਾਨ ਕਰੀ ਜਾਵਾਂਗੇ ? ਲੇਖਕ ਤੇ ਕਥਾਵਾਚਕ ਗੁਰਬਾਣੀ ਦੀ ਕੋਈ ਇੱਕ ਪੰਕਤੀ ਪੜ੍ਹ ਕੇ ਸੰਗਤਾਂ ਨੂੰ ਵਿਸ਼ਵਾਸ ਦੁਆਉਂਦੇ ਹਨ ਕਿ ਗੁਰੂ ਕਰੋੜਾਂ ਪਾਪਾਂ ਦਾ ਨਾਸ਼ ਕਰਨ ਵਾਲਾ ਹੈ। ਗੁਰੂ ਮੂਰਖਾਂ ਨੂੰ ਵਿਦਵਾਨ ਬਣਾ ਦਿੰਦਾ ਹੈ। ਗੁਰੂ ਗਰੀਬਾਂ ਨੂੰ ਅਮੀਰ ਕਰ ਦਿੰਦਾ ਹੈ। ਗੁਰੂ ਚੋਰਾਂ, ਠੱਗਾਂ, ਪਾਪੀਆਂ ਨੂੰ ਬੁਰਾਈ ਵੱਲੋਂ ਮੋੜ ਕੇ, ਨੇਕ ਰਸਤੇ ਪਾ ਦਿੰਦਾ ਹੈ। ਗੁਰੂ ਆਵਾ-ਗਵਣ ਤੋਂ ਮੁਕਤ ਕਰ ਦਿੰਦਾ ਹੈ। ਗੁਰੂ "ਪਸ਼ੂ-ਪ੍ਰੇਤ" ਵਰਗਿਆਂ ਨੂੰ ਮੁਕਤ ਕਰ ਦਿੰਦਾ ਹੈ, ਕੀ ਮਰਦਾਨਾ ਜੀ ਜਿਉਂਦੇ ਜੀਅ, ਬੰਧਨਾਂ ਤੋਂ ਮੁਕਤ ਨਹੀਂ ਹੋਏ ? ਜਿਨ੍ਹਾਂ ਸਿੱਖਾਂ ਨੂੰ ਗੁਰਬਾਣੀ ਸਮਝ ਆ ਗਈ, ਉਨ੍ਹਾਂ ਕੂੜ-ਕੁਫਰ ਤੇ ਪਾਖੰਡ ਤਿਆਗ ਦਿੱਤਾ। ਜਿਨ੍ਹਾਂ ਦੀ ਕੇਵਲ "ਸ਼ਰਧਾ" ਵਾਲੀ ਰਗ ਫੜਕ ਰਹੀ ਹੋਵੇ, ਉਨ੍ਹਾਂ ਨੂੰ ਗੁਰਬਾਣੀ ਦੀ ਸਮਝ ਕਿਥੇ ? ਉਹ ਤਾਂ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਦਾ ਅਪਮਾਨ ਕਰਨ ਨੂੰ ਹੀ "ਮਹਾਨ ਧਾਰਮਕ ਸ਼ਰਧਾ" ਦਸਦੇ ਹਨ। ਇੱਕ ਪ੍ਰਮਾਣ ਗੁਰਬਾਣੀ ਵਿੱਚੋਂ ਪੜ੍ਹੋ -

ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥
ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ ॥
ਪਸੂ ਪ੍ਰੇਤ ਮੁਗਧ ਕਉ ਤਾਰੇ, ਪਾਹਨ ਪਾਰਿ ਉਤਾਰੈ ॥
ਨਾਨਕ ਦਾਸ ਤੇਰੀ ਸ਼ਰਣਾਈ, ਸਦਾ ਸਦਾ ਬਲਿਹਾਰੈ ॥ (802)

"ਹੇ ਭਾਈ ! ਪਰਮੇਸ਼ਰ ਬੇਅੰਤ ਹੈ, ਮਹਾਨ ਹੈ, ਉਸ ਦੇ ਸਾਰੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ। ਜਿਹੜੇ ਵਿਅਕਤੀ (ਗੁਰੂ ਦੀ ਬਾਣੀ ਰਾਹੀਂ) ਉਸ ਦਾਂ ਜਸ ਗਾਉਣਗੇ, ਉਸ ਦਾ ਜਸ ਸਰਵਣ ਕਰਨਗੇ, ਸਾਰਿਆਂ ਦੇ ਪਾਪ-ਦੋਖ ਬਿਨਸ ਜਾਣਗੇ। ਪਸ਼ੂ ਬੁੱਧੀ ਵਾਲੇ, ਪ੍ਰੇਤ (ਕਾਲਪਨਿਕ) ਬੁੱਧੀ ਵਾਲੇ, ਮੂਰਖਾਂ ਸਿਰ ਵੱਡੇ ਮੂਰਖ, ਪੱਥਰਾਂ ਵਰਗੇ, ਜੜ੍ਹ ਵਸਤੂ ਇਨਸਾਨ, ਸਭ ਗੁਰੂ ਦੇ ਉਪਦੇਸ਼ ਨਾਲ ਤਰ ਜਾਣਗੇ। ਇਸੇ ਲਈ ਨਾਨਕ (ਸੇਵਕ) ਨੇ ਤੇਰੀ ਸ਼ਰਣ ਲਈ ਹੈ। ਤੇਰੇ ਏਨੇ ਗੁਣ ਵੇਖ ਕੇ, ਰਹਿਮਤਾਂ ਬਰਕਤਾਂ ਵੇਖ-ਸੁਣ ਕੇ, ਮੈਂ ਤੇਰੇ ਤੋਂ ਬਾਰ-ਬਾਰ ਸਦਕੇ ਜਾਂਦਾ ਹਾਂ।" ਸਾਖੀਕਾਰਾਂ ਨੇ ਗੁਰਬਾਣੀ ਨੂੰ ਪੜ੍ਹਿਆ ਹੀ ਨਹੀਂ, ਸਮਝਿਆ ਹੀ ਨਹੀਂ, ਮਨ ਆਈਆਂ ਲਿਖਦੇ ਚਲੇ ਗਏ। ਭਾਈ ਮਰਦਾਨਾ ਜੀ ਨੂੰ ਭੁੱਖਾ-ਪਿਆਸਾ, ਲਾਲਚੀ, ਡਰਪੋਕ ਵਗੈਰਾ ਤਾਂ ਸਾਖੀਕਾਰਾਂ ਨੇ ਬਣਾਇਆ ਹੀ ਸੀ। ਪਾਪ ਕਰਮ ਦੀ ਸਿਖਰ ਵੇਖੋ ਕਿ ਮਹਾਨ ਗੁਰਸਿੱਖ, ਪੰਜਾਹ ਸਾਲ ਤੱਕ ਲਗਾਤਾਰ ਬਾਣੀ ਗਾਉਣ ਤੇ ਪੜ੍ਹਨ ਵਾਲਾ, ਗੁਰੂ ਨਾਨਕ ਸੱਚੇ ਪਾਤਿਸ਼ਾਹ ਦਾ "ਧਰਮ ਭਾਈ" ਮਰਦਾਨਾ ਜੀ, "ਭੇਡੂ ਬਣਾਇਆ, ਗਲ ਵਿੱਚ ਰੱਸਾ ਪਾਇਆ, ਕਿੱਲੇ ਨਾਲ ਬੱਧਾ ਮਿਆਂਕ ਰਿਹਾ ਹੈ।" ਵੱਡੀਆਂ ਡਿਗਰੀਆਂ ਵਾਲੇ ਮਰਦਾਨੇ ਨੂੰ ਭੇਡੂ ਬਣਿਆ ਲਿਖ ਕੇ ਤੇ ਬੋਲ ਕੇ ਭੰਗੜੇ ਪਾ ਰਹੇ ਹਨ, ਖ਼ੁਸ਼ੀਆਂ ਮਨਾ ਰਹੇ ਹਨ ਤੇ ਨਿਆਰੇ ਖ਼ਾਲਸਾ ਪੰਥ ਦੀ "ਅਨਮੋਲ ਸੇਵਾ" ਕਰ ਰਹੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ "ਸੋਧ ਕੇ ਸਿੱਖ ਇਤਿਹਾਸ ਦੀ ਵੱਡਮੁੱਲੀ ਸੇਵਾ" ਕਰ ਰਿਹਾ ਡਾ.

ਕਿਰਪਾਲ ਸਿੰਘ, ਆਪਣੀ ਸੰਪਾਦਤ ਕੀਤੀ ਪੁਸਤਕ, "ਜਨਮ ਸਾਖੀ ਪ੍ਰੰਪਰਾ" ਵਿੱਚ ਲਿਖਦਾ ਹੈ ਕਿ "ਮਰਦਾਨੇ ਦੇ ਭੇਡੂ ਬਣਨ ਵਾਲੀ ਸਾਖੀ, ਪੁਰਾਤਨ ਜਨਮਸਾਖੀ ਵਿੱਚ ਹੈ। ਭਾਈ ਬਾਲੇ ਵਾਲੀ 'ਚ ਹੈ ਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿੱਚ ਵੀ ਹੈ। ਇਸ ਲਈ ਇਹ ਠੀਕ ਹੈ, ਮੰਨਣਜੋਗ ਹੈ।" ਬਾਲੇ ਵਾਲੀ ਸਾਖੀ ਵਿੱਚ ਤਾਂ ਅੱਗੇ ਹੋਰ ਚੰਦ ਚਾੜ੍ਹਿਆ ਹੋਇਆ ਹੈ। ਬਾਲਾ (ਕਲਪਿਤ) ਲਿਖਦਾ ਹੈ, "... ਮਰਦਾਨਾ ਜਾਇ ਬਸਤੀ ਵਿੱਚ ਵੜਿਆ। ਅੱਗੇ ਚਾਰ ਰੰਨਾ ਖੜੀਆਂ ਆਪਣੀ ਬੋਲੀ ਵਿੱਚ ਹਸਦੀਆਂ ਰਹੀਆਂ। ਮਰਦਾਨੇ ਜੋ ਡਿਠੋ ਨੇ ਲੱਗੀਆ ਵੰਡੀਆਂ ਪਾਵਣਿ। ਓਹੁ ਆਖੇ ਮੈਂ ਲੈਨੀਐ (ਵਾਸ਼ਨਾ ਪੂਰਤੀ ਲਈ) ਓਹੁ ਆਖੇ ਮੈਂ ਲੈਨੀਐ। ਇਕਸ ਧਾਗਾ ਗਲ ਵਿੱਚ ਪਾਇ ਗਈ। ਮਰਦਾਨੇ ਨੂੰ ਛਤ੍ਰਾ (ਭੇਡੂ) ਕਰ ਬਹਾਇਆ। ਹਿਕ ਪਹਰੁ ਗੁਜਰ ਗਇਆ ਮਰਦਾਨਾ ਨਾ ਆਇਆ। ਗੁਰੂ ਨਾਨਕ ਹੱਸਿਆ ਤਾਂ ਬਾਲੇ ਪੁੱਛਿਆ ਜੀ ਮਰਦਾਨਾ ਕਿਉਂ ਨਹੀਂ ਆਇਆ ਤਾਂ ਗੁਰੂ ਨਾਨਕ ਆਖਿਆ ਚਲ ਭਾਈ ਲੈ ਆਈਏ। ਬਾਲੇ ਆਖਿਆ ਜੀ ਮਰਦਾਨਾ ਕਿਥੇ ਹੈ ? ਗੁਰੂ ਨਾਨਕ ਆਖਿਆ, ਭਾਈ ਬਾਲਾ, ਮਰਦਾਨਾ ਛਤ੍ਰਾ ਹੋਇਆ ਬੈਠਾ ਹੈ। ਬਾਲੇ ਆਖਿਆ ਜੀ ਕਿਉਂ ਨਾ ਹੋਵੇ ਮੰਨੇ ਕਰੇ ਅਤੇ ਉਹ ਰਹੇ ਨਾਹੀ। ਭਾਈ ਬਾਲਾ ਚਲ। ਗੁਰੂ ਨਾਨਕ ਅਤੇ ਬਾਲਾ ਦੋਵੇ ਚਲੇ ਮਰਦਾਨੇ ਨੂੰ ਲੈਣ। ਅਗੇ ਦੇਖਨਿ ਤਾਂ ਮਰਦਾਨਾ ਛਤ੍ਰਾ ਹੋਇਆ ਬੈਠਾ ਹੈ। ਅਗੈ ਜੋ ਰੰਨਾ ਖੜੀਆਂ ਆਹੀਆਂ ਸੋ ਚਾਮਲ ਆਈਆ ਇਨ੍ਹਾਂ ਨੂੰ ਦੇਖਿ ਕੈ। ਇਕ (ਧਾਗਾ) ਬਾਲੇ ਦੇ ਗਲ ਘਤਿਆ, ਸੋ ਛਤ੍ਰੀ ਹੋਇ ਗਈ (ਭੇਡ ਬਣ ਗਈ) ਜਿਸ ਗੁਰੂ ਨਾਨਕ ਦੇ ਗਲ (ਧਾਗਾ) ਘਤਿਆ ਸੋ ਕੁਤੀ ਹੋਇ ਗਈ। ਗੁਰੂ ਨਾਨਕ ਆਖਿਆ, ਭਾਈ ਬਾਲਾ ਜਾਇ ਮਰਦਾਨੇ ਦੇ ਗਲੋ ਧਾਗਾ ਤੋੜਿ। ਬਾਲੇ ਨੇ ਮਰਦਾਨੇ ਦੇ ਗਲੋਂ ਧਾਗਾ ਤੋੜਿਆ, ਮਰਦਾਨਾ ਆਦਮੀ ਹੋਇਆ।" (ਜਨਮ ਸਾਖੀ ਪ੍ਰੰਪਰਾ, ਪੰਨਾ-257, ਲੇਖਕ ਡਾ. ਕਿਰਪਾਲ ਸਿੰਘ, ਪ੍ਰਕਾਸ਼ਕ: ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990 ਐਡੀਸ਼ਨ)

ਭਾਈ ਮਰਦਾਨਾ ਜੀ ਬਾਰੇ ਜੇਕਰ ਸਹੀ ਗਿਆਨ ਪ੍ਰਾਪਤ ਕਰਨਾ ਹੋਵੇ ਤਾਂ ਭਾਈ ਗੁਰਦਾਸ ਜੀ ਤੋਂ ਪੁੱਛੀਏ। ਭਾਵੇਂ ਉਨ੍ਹਾਂ ਥੋੜ੍ਹਾ ਜਿੰਨਾ ਹੀ ਲਿਖਿਆ ਹੈ, ਪਰ ਮਰਦਾਨਾ ਜੀ ਦੀ ਸ਼ਾਨਦਾਰ ਉੱਚੀ ਸ਼ਖ਼ਸੀਅਤ ਨੂੰ ਕਲਮ ਬੰਦ ਕਰ ਕੇ, ਪਾਠਕਾਂ ਦੇ ਸਨਮੁੱਖ ਰੱਖ ਦਿੱਤਾ ਹੈ। ਪੜ੍ਹੋ-

1. ਫਿਰਿ ਬਾਬਾ ਗਇਆ ਬਗਦਾਦਿ ਨੋ, ਬਾਹਰਿ ਜਾਇ ਕੀਆ ਅਸਥਾਨਾ ॥
ਇਥ ਬਾਬਾ ਅਕਾਲ ਰੂਪੁ, "ਦੂਜਾ ਰਬਾਬੀ ਮਰਦਾਨਾ" ॥ (ਵਾਰ 1, 35)
2. ਭਲਾ ਰਬਾਬ ਵਜਾਇੰਦਾ, ਮਜਲਸ "ਮਰਦਾਨਾ" ਮੀਰਾਸੀ ॥ (ਵਾਰ 11, 13)
3. "ਮੀਰਾਸੀ" ਮੀਰਾਸੀਆਂ ਨਾਮ ਧਰੀਕੁ ਮੁਰੀਦੁ ਬਿਬਾਣਾ ॥
ਕੁਤਾ ਭੂਮ ਵਖਾਣੀਐ, ਕੁਤਾ ਵਿਚਿ ਕੁਤਿਆਂ ਨਿਮਾਣਾ ॥
ਗੁਰਸਿਖ ਆਸਕੁ ਸਬਦ ਦੇ, ਕੁਤੇ ਦਾ ਪੜਕੁਤਾ ਭਾਣਾ ॥
ਕਟਣੁ ਚਟਣੁ ਕੁਤਿਆਂ, ਮੋਹੁ ਨ ਧੋਹੁ ਧ੍ਰਿਗਾਸਟੁ ਕਮਾਣਾ ॥
ਅਵਗੁਣਿਆਰੇ ਗੁਣ ਕਰਨਿ, ਗੁਰਮੁਖਿ ਸਾਧ ਸੰਗਤਿ ਕੁਰਬਾਣਾ ॥
"ਪਤਿਤ ਉਧਾਰਣੁ ਬਿਰਦੁ ਵਖਾਣਾ" ॥ (ਵਾਰ 37, 31)

1. ਭਾਈ ਗੁਰਸਿੱਖੋ! ਫਿਰ ਬਾਬਾ ਨਾਨਕ ਜੀ (ਇਸਲਾਮੀ ਦੇਸ਼) ਬਗਦਾਦ ਸ਼ਹਿਰ ਵਿੱਚ

ਜਾ ਪਹੁੰਚੇ। ਬਾਹਰ ਖੁੱਲ੍ਹੇ ਥਾਂ ਉਤਾਰਾ ਕਰ ਲਿਆ। ਬਾਬਾ ਜੀ ਖ਼ੁਦ ਤਾਂ ਰੱਬੀ ਨੂਰ ਹੈਗੇ ਹੀ ਸਨ। ਉੱਤੋਂ ਸੋਨੇ 'ਤੇ ਸੁਹਾਗੇ ਵਾਂਗ ਮਹਾਨ ਸੰਗੀਤਕਾਰ, ਗੁਰਬਾਣੀ ਨੂੰ ਸਮਝਣ-ਗਾਉਣ ਤੇ ਜੀਵਨ ਵਿੱਚ ਕਮਾਉਣ ਵਾਲਾ ਗੁਰਸਿੱਖ, ਮਰਦਾਨਾ ਸੀ।

2. ਮਰਦਾਨਾ ਜੀ ਬਹੁਤ ਨੇਕ ਗੁਰਸਿੱਖ ਸੀ। ਗੁਰੂ ਨਾਨਕ ਸਾਹਿਬ ਜੀ ਦੇ ਨਾਲ ਸਾਰੇ ਇਕੱਠਾਂ ਵਿੱਚ ਸਾਥੀ ਸੀ। ਬਾਬਾ ਜੀ ਬਾਣੀ ਗਾਉਂਦੇ ਸਨ। ਮਰਦਾਨਾ ਗਾਉਂਦੇ ਹੋਏ ਰਬਾਬ ਨਾਲ ਹੋਰ ਮਨਮੋਹਕ ਬਣਾ ਦਿੰਦੇ ਸਨ।

3. ਆਮ ਮਿਰਾਸੀਆਂ ਵਿੱਚੋਂ ਇੱਕ ਮਿਰਾਸੀ (ਮਰਦਾਨਾ) ਗੁਰੂ ਨਾਨਕ ਜੀ ਦਾ ਸੇਵਕ, ਸਿੱਖ ਬਣ ਗਿਆ। ਉਸ ਦੇ ਭਾਈਚਾਰੇ ਨੇ ਮਰਦਾਨਾ ਜੀ ਨੂੰ ਬਹੁਤ ਤਾਹਨੇ ਮਾਰੇ। ਕਈਆਂ ਆਖਿਆ ਡੂਮ ਤਾਂ ਕੁੱਤਿਆਂ ਵਰਗੇ ਹੁੰਦੇ ਹਨ, ਜਿਥੇ ਟੁਕੜਾ ਮਿਲਿਆ, ਉਸ ਦੇ ਬੂਹੇ ਅੱਗੇ ਜਾ ਬੈਠਦੇ ਹਨ। ਪਰ ਸਿੱਖਾਂ ਨੇ ਇਸ ਸਾਧਾਰਨ ਵਿਅਕਤੀ ਨੂੰ ਗੁਰੂ ਕਾ ਸਿੱਖ ਜਾਣ ਕੇ ਅਥਾਹ ਸਤਿਕਾਰ ਦਿੱਤਾ ਕਿਉਂਕਿ ਗੁਰਸਿੱਖ ਤਾਂ (ਗੁਰਬਾਣੀ) ਸ਼ਬਦ ਦੇ ਆਸ਼ਕ ਹਨ, ਸ਼ਬਦ ਭਾਵੇਂ ਕੋਈ ਪੜ੍ਹੇ ਸਿੱਖ ਉਸੇ ਦਾ ਸਤਿਕਾਰ ਕਰਦੇ ਹਨ। ਜਿਵੇਂ ਆਮ ਕੁੱਤੇ ਲੋਕਾਂ ਨੂੰ ਕੱਟਦੇ ਹਨ ਤੇ ਪਾਲਤੂ ਕੁੱਤੇ ਮਾਲਕ ਨੂੰ ਪਿਆਰ ਕਰਦੇ ਹੋਏ ਚੱਟਦੇ ਹਨ। ਇੱਕ ਧ੍ਰੋਹ ਕਮਾਉਂਦੇ ਹਨ ਤੇ ਇੱਕ ਪਿਆਰ ਕਰਦੇ ਹਨ। ਗੁਰੂ ਦੀ ਇਹ ਵਡਿਆਈ ਹੈ ਕਿ ਅਵਗੁਣਾਂ ਵਾਲੇ ਮਾਮੂਲੀ ਬੰਦਿਆਂ ਨੂੰ, ਆਪਣੇ ਉੱਤਮ ਉਪਦੇਸ਼ ਨਾਲ ਗੁਣਵਾਨ ਬਣਾ ਦਿੰਦੇ ਹਨ। ਗੁਰੂ, ਦੁਰਕਾਰੇ-ਫਿਟਕਾਰੇ ਲੋਕਾਂ ਨੂੰ ਤਾਰ ਦਿੰਦਾ ਹੈ। ਗੁਰੂ ਦੀ ਅਸਲ ਵਡਿਆਈ ਇਹੀ ਹੈ ਕਿ ਜੀਵਨ ਬਦਲ ਦਿੰਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 553 'ਤੇ ਗੁਰੂ ਨਾਨਕ ਸਾਹਿਬ ਜੀ ਨੇ ਦੋ ਥਾਈਂ ਆਪਣੇ ਸ਼ਬਦ ਮਰਦਾਨਾ ਜੀ ਨੂੰ ਸੰਬੋਧਨ ਕਰ ਕੇ ਲਿਖੇ ਹਨ। ਇਹ ਆਪਣੇ ਸਿੱਖ ਨੂੰ ਬੇਅੰਤ ਮਾਣ ਸੀ ਸਤਿਗੁਰੂ ਜੀ ਵੱਲੋਂ। ਸਿਤਮ ਜਰੀਫੀ ਵੇਖੋ! ਭਾਈ ਮਰਦਾਨਾ ਜੀ ਵਾਸਤੇ ਵਰਤੀਆਂ ਮਾਣ ਵਾਲੀਆਂ ਸਾਰੀਆਂ ਲਿਖਤਾਂ ਭੁਲਾ ਦਿੱਤੀਆਂ। ਅਪਮਾਨ ਕਰਨ ਵਾਲੀਆਂ ਕੁਫਰ ਕਹਾਣੀਆਂ ਅੱਗੇ ਧਰ ਲਈਆਂ। ਬਾਬਾ ਬੰਦਾ ਸਿੰਘ ਬਹਾਦਰ ਅਤੇ ਭਾਈ ਮਰਦਾਨਾ ਜੀ ਵਰਗੇ ਮਹਾਨ ਗੁਰਸਿੱਖਾਂ ਦਾ, ਸਿੱਖਾਂ ਨੇ ਖ਼ੁਦ ਜਿੰਨਾ ਅਪਮਾਨ ਕੀਤਾ ਹੈ, ਸ਼ਾਇਦ ਕਿਸੇ ਦੁਸ਼ਮਣ ਨੇ ਭੀ ਇੰਨਾ ਬੁਰਾ ਨਾ ਕੀਤਾ ਹੋਵੇ। ਮੌਜੂਦਾ ਸਮੇਂ ਵਿੱਚ ਭੀ ਸਿੱਖਾਂ ਦੇ ਧਰਮ ਮੁਖੀ, ਕਥਾ ਵਾਚਕ ਅਤੇ ਲੇਖਕ, ਸਮੇਂ ਨਾਲ ਕਦਮ ਮਿਲਾ ਕੇ ਟੁਰਨਾ ਨਹੀਂ ਸਿੱਖ ਸਕੇ। ਜਿਨ੍ਹਾਂ ਸੂਰਬੀਰਾਂ ਨੇ ਸਿੱਖੀ ਦੇ ਅਸੂਲਾਂ ਤੋਂ ਆਪਣਾ ਸਭ ਕੁੱਝ ਕੁਰਬਾਨ ਕਰ ਦਿੱਤਾ। ਉਨ੍ਹਾਂ ਵਿਦਵਾਨਾਂ ਅਤੇ ਬਹਾਦਰਾਂ ਨੂੰ ਕੱਖੋਂ ਹੌਲੇ ਕਰ ਦਿੱਤਾ ਆਪਣਿਆ ਨੇ।

ਸਭੇ ਗਲਾ ਜਾਤੀਆਂ, ਸੁਣਿ ਕੈ ਚੁਪ ਕੀਆ ॥
ਕਦ ਹੀ ਸੁਰਤਿ ਨ ਲਧੀਆ, ਮਾਇਆ ਮੋਹੜਿਆ ॥
ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ ॥
ਕੋਈ ਜਿ ਮੂਰਖੁ ਲੋਭੀਆ, ਮੂਲਿ ਨ ਸੁਣੀ ਕਹਿਆ ॥ (218)



ਗੁਰੂ ਨਾਨਕ ਪੰਜਾਬ ਦਾ "ਮੋਦੀ"

ਬਹੁਤ ਲੰਮੇ ਅਰਸੇ ਤੋਂ ਸੁਣਦੇ ਆ ਰਹੇ ਹਾਂ ਬਾਬਾ ਨਾਨਕ ਸੁਲਤਾਨਪੁਰ ਵਿੱਚ "ਮੋਦੀ" ਸੀ। ਅੱਗੇ ਹੋਰ ਸੁਣ ਰਹੇ ਹਾਂ ਕਿ ਗੁਰੂ ਜੀ ਤੱਕੜੀ ਨਾਲ ਅਨਾਜ ਤੋਲ ਕੇ ਸਬੰਧਤ ਲੋਕਾਂ ਨੂੰ ਦਿਆ ਕਰਦੇ ਸਨ। ਬਹੁਤੀ ਵਾਰੀ ਦਾਣੇ ਤੋਲਦਿਆਂ ਉਹ "ਤੇਰਾਂ" 'ਤੇ ਅਟਕ ਜਾਂਦੇ। ਦਾਣੇ ਤੋਲ ਕੇ ਪਾਈ ਜਾਂਦੇ, ਪਰ ਮੂੰਹੋਂ "ਤੇਰਾਂ-ਤੇਰਾਂ" ਉਚਾਰਦੇ ਰਹਿੰਦੇ। ਜਿਸ ਦਾ ਅਰਥ ਸੀ ਕਿ ਨਿਰੰਕਾਰ ਜੀ, ਸਭ ਕੁੱਝ ਤੇਰਾ ਹੈ, ਮੈਂ ਭੀ ਤੇਰਾ ਹਾਂ। ਇਹ ਲੋਕ ਸਭ ਤੇਰੇ ਹਨ... ਇਸ ਤਰ੍ਹਾਂ ਉਨ੍ਹਾਂ ਦੀ ਲਿਵ ਜੁੜ ਜਾਂਦੀ। ਨਵਾਬ ਕੋਲ ਸ਼ਿਕਾਇਤਾਂ ਪਹੁੰਚਦੀਆਂ, "ਨਾਨਕ ਜੀ ਨੇ ਤੇਰਾਂ-ਤੇਰਾਂ ਆਖ ਕੇ ਸਾਰਾ ਮੋਦੀਖਾਨਾ ਲੁਟਾ ਦਿੱਤਾ ਹੈ।" ਪੜਤਾਲ ਕਰਨ 'ਤੇ ਸਭ ਹਿਸਾਬ ਸਹੀ ਪਾਇਆ ਜਾਂਦਾ ਹੈ। ਮੈਂ ਜਦੋਂ ਇਕਾਗਰ ਚਿੱਤ ਨਾਲ਼ ਚਾਰੇ ਜਨਮ ਸਾਖੀਆਂ ਪੜ੍ਹੀਆਂ ਤਾਂ ਮਨ ਨੂੰ ਬੇਅੰਤ ਪ੍ਰੇਸ਼ਾਨੀ ਹੋਈ। ਆਓ ਵਿਚਾਰ ਕਰੀਏ-

ਅੱਜ ਤੱਕ ਲੇਖਕਾਂ ਤੇ ਪ੍ਰਚਾਰਕਾਂ ਨੇ "ਮੋਦੀ" ਦੇ ਅਰਥ ਹੀ ਨਹੀਂ ਸਮਝੇ। ਇਨ੍ਹਾਂ ਸਵਾਲਾਂ ਦੇ ਜੁਆਬ ਜਨਮ ਸਾਖੀਆਂ ਦੇ ਅੰਦਰ ਮੌਜੂਦ ਹਨ, ਪਰ ਕੋਈ ਧਿਆਨ ਨਾਲ ਪੜ੍ਹੇ ਤਾਂ ਸਹੀ। ਵਲਾਇਤ ਵਾਲੀ ਜਨਮ ਸਾਖੀ ਵਿੱਚ ਸੰਖੇਪ ਢੰਗ ਵਰਤ ਕੇ ਲਿਖਿਆ ਹੈ ਕਿ "ਭਾਈ ਜੈ ਰਾਮ (ਬੇਬੇ ਨਾਨਕੀ ਜੀ ਦਾ ਪਤੀ) ਜੀ ਸੁਲਤਾਨਪੁਰ ਵਿਖੇ ਵੱਡਾ ਅਫ਼ਸਰ ਸੀ। ਉਸ ਦੀ ਨਵਾਬ ਦੌਲਤ ਖ਼ਾਂ ਤੱਕ ਸਿੱਧੀ ਗੱਲਬਾਤ ਸੀ। ਗੁਰੂ ਨਾਨਕ ਜੀ ਦੀ ਵਿੱਦਿਆ ਅਤੇ ਸੁਭਾ ਬਾਰੇ ਭਾਈ ਜੈ ਰਾਮ ਜੀ ਨੇ ਨਵਾਬ ਨੂੰ ਸਾਰੀ ਗੱਲ ਦੱਸੀ। ਉਸ ਨੇ ਨਾਨਕ ਜੀ ਨੂੰ ਮਿਲਾਉਣ ਵਾਸਤੇ ਦਿਨ ਨੀਅਤ ਕਰ ਦਿੱਤਾ। ਮਿੱਥੇ ਦਿਨ ਜੈ ਰਾਮ ਜੀ ਅਤੇ ਗੁਰੂ ਨਾਨਕ ਸਾਹਿਬ ਜੀ ਕਾਫ਼ੀ ਸਾਰੀ ਭੇਟਾ (ਨਜ਼ਰਾਨਾ) ਲੈ ਕੇ ਨਵਾਬ ਸਨਮੁੱਖ ਜਾ ਖੜੇ ਹੋਏ। ਉਸ ਨੇ ਕੁੱਝ ਸਵਾਲ ਕੀਤੇ। ਗੁਰੂ ਨਾਨਕ ਸਾਹਿਬ ਨੇ ਦੱਸਿਆ ਕਿ ਮੈਂ ਫ਼ਾਰਸੀ (ਤੋਰਕੀ) ਪੜ੍ਹਿਆ ਹਾਂ। ਸੰਸਕ੍ਰਿਤ ਪੜ੍ਹ ਲਈ ਹੈ। ਰਾਜਨੀਤੀ ਅਤੇ ਧਰਮ ਗ੍ਰੰਥ ਪੜ੍ਹ ਚੁੱਕਿਆ ਹਾਂ। ਹਿਸਾਬ ਵਾਲੇ ਸਾਰੇ ਨੁਕਤੇ ਜਾਣਦਾ ਹਾਂ। ਵਾਪਾਰ ਦਾ ਭੀ ਕਾਫ਼ੀ ਤਜਰਬਾ ਹੈ। ਉਮੀਦ ਹੈ ਕਿ ਤੁਹਾਨੂੰ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ। ਗੁਰੂ ਨਾਨਕ ਜੀ ਦੇ ਜੁਆਬ ਸੁਣ ਕੇ ਉਸ ਦੀ ਪੂਰੀ ਤਸੱਲੀ ਹੋ ਗਈ ਕਿ ਬਹੁਤ ਵੱਡਾ ਵਿਦਵਾਨ ਤੇ ਹਿਸਾਬ ਦਾ ਮਾਹਿਰ ਹੈ। ਨੌਕਰੀ ਲਈ ਜ਼ਰੂਰੀ ਹੁਕਮ ਜਾਰੀ ਕਰ ਕੇ ਗੁਰੂ ਨਾਨਕ ਸਾਹਿਬ ਜੀ ਨੂੰ ਅਤਿਅੰਤ ਕੀਮਤੀ ਦੁਸ਼ਾਲਾ (ਸਿਰਪਾਉ) ਦੇ ਕੇ ਸਨਮਾਨ ਕੀਤਾ ਗਿਆ।

ਤੱਕੜੀ-ਵੱਟਾ ਲੈ ਕੇ, ਅਨਾਜ ਤੋਲ ਕੇ ਲੋਕਾਂ ਨੂੰ ਦੇਣ ਵਾਲਾ ਮਾਮੂਲੀ ਜਿਹਾ ਮੁਲਾਜ਼ਮ ਹੋਇਆ ਕਰਦਾ ਹੈ। ਇੰਨੇ ਛੋਟੇ ਨੌਕਰਾਂ ਦੀ ਇੰਟਰਵੀਊ ਨਵਾਬ (ਅੱਜ ਦੇ ਗਵਰਨਰ) ਨਹੀਂ ਲਿਆ ਕਰਦੇ। ਛੋਟੇ ਮੁਲਾਜ਼ਮਾਂ ਨੂੰ ਸਿਰੋਪੇ ਦੇ ਕੇ ਸਨਮਾਨਤ ਨਹੀਂ ਕੀਤਾ ਜਾਂਦਾ। ਗੁਰੂ ਨਾਨਕ ਬਾਬਾ ਜੀ ਪੰਜਾਬ ਦੇ ਸਿਵਲ ਸਪਲਾਈ ਵਿਭਾਗ ਦੇ ਮੁਖੀ ਸਨ। ਗਵਰਨਰ ਤੱਕ ਪਹੁੰਚ ਵੱਡੇ ਅਫ਼ਸਰਾਂ ਦੀ ਹੋਇਆ ਕਰਦੀ ਹੈ, ਛੋਟੇ ਮੁਲਾਜ਼ਮਾਂ ਨੂੰ ਤਾਂ ਨੇੜੇ

ਵੀ ਨਹੀਂ ਫਟਕਣ ਦਿੱਤਾ ਜਾਂਦਾ। ਹਾਂ ਕਦੀ ਕਦਾਈਂ ਆਉਂਦੇ ਜਾਂਦੇ ਨੂੰ ਦੂਰੋਂ ਭਾਵੇਂ ਵੇਖ ਲੈਣ। "ਮੋਦੀ" ਦਾ ਅਰਥ ਹੀ ਮਾਲ ਗੋਦਾਮ ਦਾ ਮੁਖੀ ਹੈ। ਜਨਮ ਸਾਖੀ ਵਿੱਚ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਅੱਗੇ ਬਹੁਤ ਸਾਰੇ ਕੰਮਚੋਰ ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ। ਉਨ੍ਹਾਂ ਦੀ ਥਾਵੇਂ ਇਮਾਨਦਾਰ ਨਵੇਂ ਬੰਦੇ ਨੌਕਰੀ 'ਤੇ ਰੱਖੇ ਗਏ। ਤਲਵੰਡੀ ਦੇ ਕਈ ਸਾਰੇ ਵਿਅਕਤੀਆਂ ਨੇ ਗੁਰੂ ਨਾਨਕ ਸਾਹਿਬ ਰਾਹੀਂ ਨੌਕਰੀ ਪ੍ਰਾਪਤ ਕੀਤੀ। ਅਨਾਜ ਤੋਲਣ ਵਾਲੇ ਵੱਟਿਆਂ ਦਾ ਜ਼ਿਕਰ ਤਿੰਨ ਜਨਮ ਸਾਖੀਆਂ ਵਿੱਚ ਨਹੀਂ ਹੈ। ਸਿਰਫ਼ ਭਾਈ ਮਨੀ ਸਿੰਘ ਜੀ ਦਾ ਨਾਮ ਵਰਤ ਕੇ ਕਿਸੇ ਅਗਿਆਤ ਵਿਅਕਤੀ ਵੱਲੋਂ ਲਿਖੀ ਗਈ ਜਨਮ ਸਾਖੀ ਵਿੱਚ ਜ਼ਿਕਰ ਹੈ। ਉਹ ਭੀ ਇਸ ਤਰ੍ਹਾਂ ਹੈ, "ਇੱਕ ਮਣ ਤੋਂ ਲੈ ਕੇ ਏਕ ਪਾਉ ਤੱਕ ਵੱਟੇ ਮਿਲੇ। ਗੁਰੂ ਨਾਨਕ ਜੀ ਨੇ ਸਭ ਤੋਂ ਛੋਟੇ ਵੱਟੇ ਪਾਉ ਨੂੰ ਨਮਸਕਾਰ ਕੀਤਾ। ਤੂੰ ਧੰਨ ਹੈ ਛੋਟਾ ਅਖਵਾਣਾ ਪਰਵਾਨ ਕੀਤਾ ਹੈ।" "ਤੇਰਾਂ-ਤੇਰਾਂ" ਤੋਲਣ ਦਾ ਹਵਾਲਾ ਕਿਸੇ ਸਾਖੀ ਵਿੱਚ ਨਹੀਂ ਹੈ। ਬਾਕੀ ਤਿੰਨੇ ਜਨਮ ਸਾਖੀਆਂ ਵਿੱਚ ਨਾ "ਤੇਰਾਂ-ਤੇਰਾਂ" ਹੈ, ਨਾ ਵੱਟਿਆਂ ਦਾ ਜ਼ਿਕਰ ਹੈ। ਪਤਾ ਨਹੀਂ ਕਿਸ ਆਧਾਰ 'ਤੇ ਅਜਿਹੀ ਮਨਘੜਤ ਸਾਖੀ ਫੈਲਾ ਦਿੱਤੀ ਗਈ ? ਪੂਜਾ ਦਾ ਧਾਨ ਖਾਣ ਵਾਲਿਆਂ ਨੇ ਸੁਲਤਾਨਪੁਰ ਵਿੱਚ ਗੁਰਦਵਾਰਾ "ਹੱਟ ਸਾਹਿਬ" ਉਸਾਰ ਲਿਆ ਹੈ। ਉਥੇ "ਵੱਟੇ ਸਾਹਿਬ" ਭੀ ਕਿਤੋਂ ਲਿਆ ਕੇ ਰੱਖ ਲਏ ਗਏ ਹਨ। ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ ਤੇ ਇੱਥੋਂ ਦਾ "ਇਤਿਹਾਸ" ਸਰਵਣ ਕਰਵਾਇਆ ਜਾਂਦਾ ਹੈ। ਨਾ ਵੱਟਿਆਂ ਦੀ ਕੋਈ ਕੀਮਤ ਹੈ, ਨਾ ਤੇਰਾਂ ਤੇਰਾਂ ਦਾ ਕੋਈ ਮੁੱਲ ਹੈ। ਗੁਰੂ ਨਾਨਕ ਸਾਹਿਬ ਜੀ ਦੀ ਇੱਕ ਹੋਰ ਅਣਮੋਲ ਵਸਤੂ ਸੀ ਜੋ ਬਹੁਤ ਡੂੰਘੇ ਖੱਡੇ ਵਿੱਚ ਦਫਨ ਕਰ ਦਿੱਤੀ ਗਈ। ਆਓ ਉਸ ਨੂੰ ਅੱਖਾਂ ਸਾਹਮਣੇ ਸਾਕਾਰ ਕਰੀਏ-

"ਖੁਰਾਕ ਵਿਭਾਗ" (ਮੋਦੀਖਾਨਾ) ਪੰਜਾਬ ਦੇ ਸਭ ਤੋਂ ਵੱਡੇ ਅਫ਼ਸਰ ਦੀ ਹੈਸੀਅਤ ਵਿੱਚ, ਗੁਰੂ ਨਾਨਕ ਸਾਹਿਬ ਜੀ ਨੇ ਕਰੀਬ ਚੌਦਾ ਸਾਲ ਬਿਤਾਏ। ਇਸ ਲੰਮੇਂ ਅਰਸੇ ਦੌਰਾਨ ਗੁਰੂ ਜੀ ਦੇ ਜੀਵਨ ਵਿੱਚ ਕਿੰਨੇ ਉਤਰਾਅ ਚੜ੍ਹਾਅ ਆਏ, ਇਤਿਹਾਸ ਖ਼ਾਮੋਸ਼ ਹੈ। ਉਨ੍ਹਾਂ ਦੇ ਨਿੱਤ ਦੇ "ਪ੍ਰਚਾਰ ਅਤੇ ਵਿਹਾਰ" ਨਾਲ ਕਿੰਨੇ ਕੁ ਲੋਕਾਂ ਦੇ ਜੀਵਨ ਬਦਲੇ, ਪੂਰੀ ਗਿਣਤੀ ਨਹੀਂ ਮਿਲਦੀ। ਅਜਿਹੇ ਸੰਕੇਤ ਜ਼ਰੂਰ ਮਿਲਦੇ ਹਨ ਕਿ ਉਨ੍ਹਾਂ ਦਾ ਕੰਮ ਕਰਨ ਦੇ ਢੰਗਾਂ ਕਾਰਨ ਬੇਈਮਾਨ ਲੋਕਾਂ ਨੇ ਤੋਹਮਤਾਂ ਬਹੁਤ ਲਾਈਆਂ। ਜੋ ਸਰਕਾਰੀ ਮੁਲਾਜ਼ਮ ਲੋਕਾਂ ਨਾਲ ਧੱਕਾ ਕਰਦੇ ਸਨ, ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਫਿਟਕਾਰਿਆ। ਜੋ ਮੁਲਾਜ਼ਮ ਖ਼ਜ਼ਾਨੇ ਨੂੰ ਸੰਨ ਲਾਉਂਦੇ ਸਨ, ਉਨ੍ਹਾਂ ਨੂੰ ਨੌਕਰੀ ਤੋਂ ਬਰਖ਼ਾਸਤ ਕੀਤਾ। ਗ਼ਰੀਬਾਂ, ਯਤੀਮਾਂ, ਅਪਾਹਜਾਂ ਲਈ ਲੰਗਰ ਸ਼ੁਰੂ ਕੀਤਾ ਗਿਆ। ਅਜਾਈਂ ਲੁੱਟੇ ਜਾ ਰਹੇ ਪੈਸੇ ਨੂੰ ਲੋਕ ਭਲਾਈ ਦੇ ਕੰਮਾਂ 'ਤੇ ਲਾਉਣਾ ਸ਼ੁਰੂ ਕੀਤਾ। ਨਿੱਤ ਦਿਨ ਦੀਆਂ ਮਿਲਣੀਆਂ ਵਕਤ, ਦੌਲਤ ਖ਼ਾਂ ਨੂੰ ਖ਼ੁਦਾ ਦਾ ਵਾਸਤਾ ਪਾ ਕੇ ਲੋਕਾਂ 'ਤੇ ਹੋ ਰਹੇ ਅਣਗਿਣਤ ਕਿਸਮ ਦੇ ਅਤਿਆਚਾਰਾਂ ਤੋਂ ਰੋਕਣ ਵਾਸਤੇ ਗੁਰੂ ਜੀ ਪ੍ਰੇਰਨਾ ਕਰਦੇ ਰਹਿੰਦੇ ਸਨ। ਦੌਲਤ ਖ਼ਾਂ ਨਵਾਬ ਆਪਣੀਆਂ ਮਜਬੂਰੀਆਂ ਦਸਦਾ ਸੀ, "ਵੇਖੋ ਨਾਨਕ ਜੀ! ਮੈਨੂੰ ਦਿੱਲੀ ਪਤੀ ਇਬਰਾਹੀਮ

ਲੋਧੀ ਦੇ ਹੁਕਮਾਂ ਮੁਤਾਬਕ ਕੰਮ ਕਰਨਾ ਪੈਂਦਾ ਹੈ। ਜੋ ਲਗਾਨ (ਟੈਕਸ) ਦਿੱਲੀ ਵੱਲੋਂ ਸਾਡੇ ਲਈ ਨਿਰਧਾਰਤ ਹੈ, ਉਹ ਇਕੱਠਾ ਕਰ ਕੇ, ਹਰ ਹਾਲਤ ਵਿੱਚ ਸਾਨੂੰ ਭੇਜਣਾ ਪੈਂਦਾ ਹੈ। ਲੋਕਾਂ ਕੋਲ ਖਾਣ ਲਈ ਅੰਨ-ਦਾਣਾ ਬਚੇ ਭਾਵੇਂ ਨਾ ਬਚੇ। ਇਸੇ ਤਰ੍ਹਾਂ ਇਸਲਾਮਿਕ ਕਾਨੂੰਨਾਂ ਨੂੰ ਲਾਗੂ ਕਰਾਉਣ ਵਾਲੇ ਮੁਫਤੀ (ਕਾਜੀ+ਜੱਜ) ਥਾਂ ਪੁਰ ਥਾਂ ਤਾਇਨਾਤ ਹਨ। ਜੇਕਰ ਮੈਂ ਉਨ੍ਹਾਂ ਦੀ ਦੱਸੀ ਸ਼ਰ੍ਹਾ ਮੁਤਾਬਕ ਫ਼ੈਸਲੇ ਨਾ ਕਰਾਂ ਤਾਂ ਮੈਨੂੰ ਇਸਲਾਮ ਵਿਰੋਧੀ ਐਲਾਨ ਕੇ ਗੱਦੀ ਤੋਂ ਉਤਾਰਿਆ ਜਾ ਸਕਦਾ ਹੈ। ਮੇਰੇ ਕੋਲ ਇਨ੍ਹਾਂ ਮੁਸ਼ਕਲਾਂ ਦਾ ਇਲਾਜ ਨਹੀਂ ਹੈ।"

ਹਰ ਰੋਜ਼ ਦੀ ਪ੍ਰੇਰਨਾ ਸਦਕਾ ਨਵਾਬ ਦੌਲਤ ਖ਼ਾਂ ਦਿੱਲੀ ਸਰਕਾਰ ਦਾ ਵਿਰੋਧੀ ਬਣਦਾ ਚਲਾ ਗਿਆ। ਇਤਨੇ ਵਿੱਚ ਬਾਬਰ ਬਾਦਸ਼ਾਹ ਨੇ ਭਾਰਤ 'ਤੇ ਹਮਲਾ ਕਰ ਦਿੱਤਾ। ਦੌਲਤ ਖ਼ਾਂ ਨੇ ਬਾਬਰ ਦੀ ਵਿਰੋਧਤਾ ਨਾ ਕਰਨ ਦੀ ਸ਼ਰਤ 'ਤੇ ਪੰਜਾਬ ਦਾ ਰਾਜ ਆਪਣੇ ਕੋਲ ਰਹਿਣ ਦਾ ਵਚਨ ਲਿਆ ਸੀ। ਮਾਮਲਾ ਦਿੱਲੀ ਭੇਜਣ ਦੀ ਥਾਵੇਂ, ਅਫ਼ਗਾਨਿਸਤਾਨ ਭੇਜ ਦਿਆ ਕਰਾਂਗਾ। ਬਾਬਰ ਨੇ ਪਹਿਲਾਂ ਭੀ ਤਿੰਨ ਵਾਰੀ ਲਾਹੌਰ ਤੱਕ ਦੇ ਇਲਾਕੇ ਦੀ ਲੁੱਟ ਮਾਰ ਕੀਤੀ ਸੀ। ਕੀਤੇ ਇਕਰਾਰ ਮੁਤਾਬਕ ਦੌਲਤ ਖ਼ਾਂ ਨੇ ਉਸ ਵਿਰੁੱਧ ਖੁੱਲ੍ਹੇਆਮ ਜੰਗ ਨਹੀਂ ਲੜੀ। ਚੌਥੀ ਵਾਰ ਬਾਬਰ ਨੇ 1526 ਈਸਵੀ ਵਿੱਚ ਭਾਰਤ 'ਤੇ ਜ਼ਬਰਦਸਤ ਹਮਲਾ ਕੀਤਾ। ਦਿੱਲੀ ਪਤੀ ਇਬਰਾਹੀਮ ਲੋਧੀ ਨੂੰ ਹਰਾ ਕੇ ਦਿੱਲੀ ਦੇ ਤਖ਼ਤ 'ਤੇ ਕਾਬਜ ਹੋ ਗਿਆ। ਪੰਜਾਬ ਵਿੱਚ ਆਪਣਾ ਸੁਤੰਤਰ ਰਾਜ ਕਾਇਮ ਕਰਨ ਦੀ ਇੱਛਾ ਰੱਖਣ ਵਾਲੇ ਦੌਲਤ ਖ਼ਾਂ ਨੂੰ ਬਾਬਰ ਨੇ ਗ੍ਰਿਫ਼ਤਾਰ ਕਰਵਾ ਲਿਆ। ਦੌਲਤ ਖ਼ਾਂ ਨਾਲ ਬਾਬਰ ਨੇ ਧੋਖਾ ਕੀਤਾ। ਕੁੱਝ ਮਹੀਨਿਆਂ ਦੇ ਤਸੀਹੇ ਸਹਿਦਾ ਇਹ ਬਹਾਦਰ ਦੌਲਤ ਖ਼ਾਂ ਲੋਧੀ, ਬਾਬਰ ਦੀ ਕੈਦ ਵਿੱਚ ਹੀ ਖ਼ੁਦਾ ਨੂੰ ਪਿਆਰਾ ਹੋ ਗਿਆ।

ਭਾਵੇਂ ਦੌਲਤ ਖ਼ਾਂ ਆਪਣੇ ਇਰਾਦੇ ਵਿੱਚ ਤਾਂ ਕਾਮਯਾਬ ਨਹੀਂ ਹੋਇਆ, ਪਰ ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਸਦਕਾ ਇਸ ਦੇ ਜੀਵਨ ਵਿੱਚ ਇੱਕ ਵਿਸ਼ੇਸ਼ ਤਬਦੀਲੀ ਜ਼ਰੂਰ ਆਈ ਸੀ। ਆਜ਼ਾਦੀ ਦੀ ਪ੍ਰਾਪਤੀ ਵਾਸਤੇ ਇਸ ਨੇ ਆਪਣੀ ਜਾਨ ਤੱਕ ਨਿਛਾਵਰ ਕਰ ਦਿੱਤੀ। ਭਾਈ ਗੁਰਦਾਸ ਜੀ ਨੇ ਨਵਾਬ ਦੌਲਤ ਖ਼ਾਂ ਦਾ ਨਾਮ ਗੁਰੂ ਨਾਨਕ ਦੇ ਸਿੱਖ ਦੇ ਤੌਰ 'ਤੇ ਦਰਜ ਕੀਤਾ ਹੈ। ਪੜ੍ਹੋ-

ਦਉਲਤ ਖਾਂ ਲੋਧੀ ਭਲਾ, ਹੋਆ ਜਿੰਦ ਪੀਰੁ ਅਬਿਨਾਸੀ॥ (ਵਾਰ 13, 11)

(ਦੌਲਤ ਖ਼ਾਂ ਬਾਰੇ ਸੰਖੇਪ ਵੇਰਵਾ ਸਿੱਖ ਪੰਥ ਵਿਸ਼ਵ ਕੋਸ਼, ਡਾ. ਰਤਨ ਸਿੰਘ ਜੱਗੀ, ਪੰਨਾ 988 ਅਤੇ ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ਪੰਨਾ 654 'ਤੇ ਵੇਖ ਸਕਦੇ ਹੋ।)

ਗੁਰੂ ਨਾਨਕ ਸਾਹਿਬ ਜੀ ਵੱਲੋਂ ਕੀਤੇ ਗਏ ਕ੍ਰਾਂਤੀਕਾਰੀ ਕੰਮਾਂ ਬਾਰੇ ਸਭ ਵੇਰਵੇ ਅਤੇ ਘਟਨਾਵਾਂ ਲੁਕਾ ਦਿੱਤੀਆਂ ਹਨ। ਹੱਟੀ 'ਤੇ ਬੈਠ ਕੇ "ਤੇਰਾਂ ਤੇਰਾਂ" ਆਖ ਕੇ, ਖ਼ਜ਼ਾਨਾ ਲੁਟਾਈ ਜਾਣਾ, ਸਵੇਰੇ ਵੇਈਂ ਵਿੱਚ ਚੁੱਭੀਆਂ ਲਾਈ ਜਾਣਾ ਜਾਂ ਕੀਰਤਨ ਕਰੀ ਜਾਣਾ, ਵਰਗੀਆਂ ਬੇ-ਸਿਰ, ਪੈਰ ਦੀਆਂ ਕਹਾਣੀਆਂ, ਹਰ ਥਾਵੇਂ ਹਾਵੀ ਹੋ ਗਈਆਂ ਹਨ। ਵੱਖੋ-

ਵੱਖਰੇ ਢੰਗ ਅਪਣਾ ਕੇ, ਸਾਰੇ ਸਾਖੀਕਾਰਾਂ ਨੇ ਗੁਰੂ ਨਾਨਕ ਸਾਹਿਬ ਨੂੰ "ਤਿਲਕਧਾਰੀ" ਲਿਖਿਆ ਹੈ। ਅਖੇ, ਇਸ਼ਨਾਨ ਕਰ ਕੇ ਤਿਲਕ ਲਾ ਕੇ, ਪੂਜਾ ਕਰ ਕੇ, ਫਿਰ ਆਪਣੇ ਕੰਮ 'ਤੇ ਹਾਜ਼ਰ ਹੋਇਆ ਕਰਦੇ ਸਨ। ਜੰਞੂ ਪਾਉਣ ਤੋਂ ਇਨਕਾਰ ਕਰਨ ਵਾਲੇ ਬਾਬਾ ਜੀ ਨੂੰ ਸਾਖੀਆਂ ਲਿਖਣ ਵਾਲਿਆਂ ਨੇ ਤਿਲਕ ਲਗਵਾ ਦਿੱਤਾ, ਮਾਲਾ ਪਹਿਨਾ ਦਿੱਤੀ, ਚੌਂਕੜਾ ਮਾਰ ਕੇ ਅੱਖਾਂ ਬੰਦ ਕਰ ਕੇ, ਸਿਮਰਨ ਕਰਵਾ ਦਿੱਤਾ। ਜੋਗੀਆਂ ਵਾਲੇ ਸਾਰੇ ਆਸਣ ਲਾਉਂਦੇ ਲਿਖ ਦਿੱਤਾ। ਉਨ੍ਹਾਂ ਸਾਖੀਆਂ ਨੂੰ ਸਿੱਖਾਂ ਵਿਚਲੇ "ਚੋਟੀ ਦੇ ਵਿਦਵਾਨਾਂ" ਨੇ ਸਹੀ ਹੋਣ ਦਾ ਸਰਟੀਫ਼ਿਕੇਟ ਬਖ਼ਸ਼ ਦਿੱਤਾ।

ਗੁਰੂ ਨਾਨਕ ਸਾਹਿਬ ਜੀ ਨੇ ਬਾਬਰ ਦੇ ਹਮਲੇ ਵਕਤ ਜੋ ਵੇਖਿਆ ਅਤੇ ਸੁਣਿਆ, ਉਸ ਦਾ ਝੰਜੋੜ ਦੇਣ ਵਾਲਾ ਬਿਰਤਾਂਤ ਚਾਰ ਸ਼ਬਦਾਂ ਰਾਹੀਂ ਸੰਸਾਰ ਦੇ ਸਨਮੁਖ ਰੱਖ ਦਿੱਤਾ ਹੈ। ਇਨ੍ਹਾਂ ਚਾਰ ਸ਼ਬਦਾਂ ਨੂੰ ਚੰਗੀ ਤਰ੍ਹਾਂ ਪੜ੍ਹ ਅਤੇ ਸਮਝ ਕੇ ਨਵੇਂ ਸਿਰਿਓਂ ਇਤਿਹਾਸ ਲਿਖਿਆ ਜਾਵੇ ਤਾਂ ਉਹ ਸੱਚ ਦੇ ਨੇੜੇ ਹੋਵੇਗਾ। ਪਾਠਕ ਜਨ ਕਦੀ ਖ਼ੁਦ ਇਨ੍ਹਾਂ ਸ਼ਬਦਾਂ ਨੂੰ ਵਿਚਾਰ ਸਹਿਤ ਪੜ੍ਹਨ ਦੀ ਖੇਚਲ ਕਰਨ–

1. ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ ਤੈ ਕੀ ਦਰਦੁ ਨ ਆਇਆ ॥... (360)
2. ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ, ਕੂੜੁ ਫਿਰੈ ਪਰਧਾਨੁ ਵੇ ਲਾਲੋ ॥ (722)
3. ਜਿਨ ਸਿਰਿ ਸੋਹਨਿ ਪਟੀਆਂ, ਮਾਗੀ ਪਾਇ ਸੰਧੂਰ ॥
ਸੇ ਸਿਰ ਕਾਤੀ ਮੁਨੀਅਨਿ ਗਲ ਵਿਚਿ ਆਵੈ ਧੂੜਿ
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥ (417)
4. ਕਹਾ ਸੁ ਖੇਲ ਤਬੇਲਾ ਘੋੜੇ, ਕਹਾ ਭੇਰੀ ਸਹਨਾਈ ॥
ਕਹਾ ਸੁ ਤੇਗਬੰਦ ਗਾਡੇਰੜਿ, ਕਹਾ ਸੁ ਲਾਲ ਕਵਾਈ ॥
ਕਹਾ ਸੁ ਆਰਸੀਆ ਮੁਹ ਬੰਕੇ, ਐਥੈ ਦਿਸਹਿ ਨਾਹੀ ॥ (417)

ਜਨਮ ਸਾਖੀ ਪ੍ਰੰਪਰਾ ਪੁਸਤਕ ਦੇ ਪੰਨਾ 311 'ਤੇ ਇੱਕ ਲਾਜੁਆਬ ਪੰਕਤੀ ਹੈ ਕਿ ਬਾਬਾ ਨਾਨਕ ਨੂੰ ਦੌਲਤ ਖ਼ਾਂ ਲੋਧੀ ਦਾ ਅਫ਼ਸਰ (ਮੋਦੀ) ਹੋਣ ਕਾਰਨ ਪਕੜਿਆ ਸੀ। ਪੰਕਤੀ ਇਉਂ ਹੈ– "ਤਾਂ ਧੁਮ ਪਈ ਜੋ ਨਾਨਕ ਤਪਾ ਇਹੋ ਹੈ। ਜੋ ਦਉਲਤ ਖਾਂ ਲੋਧੀ ਦਾ ਮੋਦੀ ਆਹਾ ਅਤੇ ਫ਼ਕੀਰ ਹੋਇਆ ਹੈ। ਦਉਲਤ ਖ਼ਾਂ ਦਾ ਨਾਉ ਸੁਣਿ ਕੇ ਬਿਹਰਾਮ ਖ਼ਾਂ ਗੁਸਾ ਖਾਧਾ ਸੁ। ਆਖਣ ਲੱਗਾ ਜੋ ਮਜਬੂਤ ਰੱਖਣ, ਗੁਰੂ ਨਾਨਕ ਨੂੰ ਬਧਾ।"

(ਜਨਮ ਸਾਖੀ ਪ੍ਰੰਪਰਾ, ਕਿਰਪਾਲ ਸਿੰਘ, ਪੰਨਾ– 311)

ਪਿੱਛੇ ਆਏ ਪ੍ਰਸੰਗ ਨੂੰ ਲੀੜਵਾਰ ਪੜ੍ਹਿਆਂ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਬਾਬਾ ਜੀ ਨੂੰ ਬਾਬਰ ਦੇ ਬਾਗ਼ੀਆਂ ਨਾਲ ਫੜਿਆ ਤੇ ਬੇੜੀਆਂ ਵਿੱਚ ਜਕੜਿਆ ਸੀ। ਬਾਬਰ ਦੇ

ਸਾਹਮਣੇ ਲਿਜਾ ਕੇ ਪੂਰੀ ਤਸੱਲੀ ਕਰ ਲੈਣ ਤੋਂ ਬਾਅਦ ਰਿਹਾ ਕੀਤਾ ਗਿਆ ਸੀ ਕਿਉਂਕਿ ਗੁਰੂ ਜੀ ਬਹੁਤ ਪਹਿਲਾਂ ਹੀ ਨੌਕਰੀ ਤਿਆਗ ਚੁੱਕੇ ਸੀ। ਹੋਰ ਬਹੁਤ ਸਾਰੇ ਲੋਕੀਂ ਜੋ ਬਿਨਾਂ ਕਾਰਨ ਸ਼ੱਕ ਦੇ ਆਧਾਰ 'ਤੇ ਫੜੇ ਗਏ ਸਨ। ਗੁਰੂ ਨਾਨਕ ਜੀ ਨੇ ਉਨ੍ਹਾਂ ਨੂੰ ਛੱਡ ਦੇਣ ਲਈ ਪ੍ਰੇਰਨਾ ਕੀਤੀ, ਜੋ ਬਾਬਰ ਨੇ ਮੰਨ ਲਈ। ਜੇਕਰ ਗੁਰੂ ਨਾਨਕ ਮਾਮੂਲੀ ਜਿਹਾ "ਤੇਰਾਂ ਤੇਰਾਂ" ਕਰ ਕੇ ਅਨਾਜ ਤੋਲਣ ਵਾਲਾ ਹਟਵਾਣੀਆ ਹੁੰਦਾ ਤਾਂ ਬਾਬਰ ਬਾਦਸ਼ਾਹ ਅੱਗੇ ਪੇਸ਼ ਕਰਨ ਦੀ ਲੋੜ ਨਹੀਂ ਸੀ। ਕੋਈ ਭੀ ਛੋਟਾ ਮੁਲਾਜ਼ਮ, ਆਪਣੀ ਇੱਛਾ ਨਾਲ ਸਜ਼ਾ ਦੇ ਸਕਦਾ ਸੀ। ਬਾਦਸ਼ਾਹ ਸਾਹਮਣੇ ਚੋਟੀ ਦੇ ਅਹੁਦੇਦਾਰ ਹੀ ਪੇਸ਼ ਕੀਤੇ ਜਾਂਦੇ ਹਨ। ਸਾਰੀ ਘਟਨਾ ਦੀ ਜਾਨ ਕੱਢਣ ਵਾਸਤੇ ਇਸੇ ਕਹਾਣੀ ਵਿੱਚ ਗੁਰੂ ਨਾਨਕ ਨੂੰ ਭੰਗ ਦੀਆਂ ਸੱਤ ਮੁੱਠਾਂ ਦੇ ਕੇ, ਬਾਬਰ ਨੇ ਸੱਤ ਪਾਤਿਸ਼ਾਹੀਆਂ ਦਾ ਵਰਦਾਨ ਪ੍ਰਾਪਤ ਕਰ ਲਿਆ ਸੀ। ਕਾਸ਼! ਕਿ ਸਿੱਖ ਵਿਦਵਾਨ, "ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ" ਵੱਖ ਕਰਨ ਦੀ ਸਿਆਣਪ ਅਤੇ ਹਿੰਮਤ ਕਰ ਸਕਣ। ਗੁਰਬਾਣੀ ਦਾ ਕ੍ਰਾਂਤੀਕਾਰੀ ਖਾਸਾ ਲੋਕਾਈ ਦੇ ਸਨਮੁੱਖ ਰੱਖ ਸਕਣ।

ਭਾਈ ਲਾਲੋ ਬਨਾਮ ਮਲਕ ਭਾਗੋ

ਬਹੁਤ ਲੰਮੇਂ ਅਰਸੇ ਤੋਂ ਮਲਕ ਭਾਗੋ ਵੱਲੋਂ ਕੀਤੇ "ਬ੍ਰਹਮ ਭੋਜ" ਵਾਲੀ ਸਾਖੀ ਪੜ੍ਹਦੇ-ਸੁਣਦੇ ਆ ਰਹੇ ਹਾਂ। ਹੁਣ ਭਾਵੇਂ ਤਸਵੀਰਾਂ ਬਣੀਆਂ ਨਜ਼ਰ ਨਹੀਂ ਆਉਂਦੀਆਂ। ਪਰ ਪਹਿਲਾਂ ਇਸ ਤਰ੍ਹਾਂ ਦੀਆਂ ਤਸਵੀਰਾਂ ਆਮ ਵੇਖੀਦੀਆਂ ਸਨ, ਜਿਨ੍ਹਾਂ ਵਿੱਚ ਗੁਰੂ ਨਾਨਕ ਸਾਹਿਬ ਦੋਵਾਂ ਹੱਥਾਂ ਨਾਲ ਇੱਕ ਕੌਤਕ ਵਰਤਾ ਰਹੇ ਹਨ। ਸੱਜੇ ਹੱਥ ਵਿੱਚ ਰੁੱਖੀ-ਸੁੱਕੀ ਬਾਜਰੇ (ਕੋਧਰੇ) ਦੀ ਰੋਟੀ ਹੈ। ਖੱਬੇ ਹੱਥ ਵਿੱਚ ਪੂਰੀਆਂ-ਕਚੌਰੀਆਂ ਹਨ। ਸੱਜੇ ਪਾਸੇ ਨਿਮਰਤਾ ਨਾਲ ਸਿਰ ਝੁਕਾਈ ਭਾਈ ਲਾਲੋ ਖੜਾ ਹੈ। ਦੂਜੇ ਖੱਬੇ ਹੰਕਾਰ ਵਿੱਚ ਆਕੜਿਆ ਮਲਕ ਭਾਗੋ ਦਿਸਦਾ ਹੈ। ਲਾਲੋ ਵਾਲੀ ਸੁੱਕੀ ਰੋਟੀ ਵਿੱਚੋਂ ਦੁੱਧ ਸਿੰਮਦਾ ਪਿਆ ਹੈ ਤੇ ਮਲਕ ਭਾਗੋ ਵਾਲੇ ਪੂੜਿਆਂ ਵਿੱਚੋਂ ਖ਼ੂਨ ਵੱਗ ਰਿਹਾ ਹੈ। ਗ਼ਰੀਬ ਅਤੇ ਕਿਰਤੀ ਭਾਈ ਲਾਲੋ ਨੂੰ ਸਤਿਗੁਰੂ ਜੀ ਨੇ ਵਡਿਆਈ ਦਿੱਤੀ। ਮਲਕ ਭਾਗੋ ਨੂੰ ਸਤਿਕਾਰ ਨਾ ਦਿੱਤਾ। ਅਸਿੱਧੇ ਤਰੀਕੇ ਅਪਮਾਨ ਕੀਤਾ। ਸਾਰੇ ਆਪੋ ਆਪਣੇ ਘਰ ਚਲੇ ਗਏ... ਧੰਨ ਗੁਰੂ ਨਾਨਕ ... ਬੋਲੋ ਜੀ ਵਾਹਿਗੁਰੂ।

ਗੁਰੂ ਨਾਨਕ ਸਾਹਿਬ ਜੀ ਨੇ ਕਿਸੇ "ਕਰਾਮਾਤੀ" ਸ਼ਕਤੀ ਨਾਲ ਰੋਟੀ ਵਿੱਚੋਂ ਦੁੱਧ ਅਤੇ ਖ਼ੂਨ ਨਿਚੋੜ ਕੇ ਵਿਖਾ ਦਿੱਤਾ। ਫਿਰ ਸਾਨੂੰ ਕੀ ਫ਼ਾਇਦਾ ਹੋਇਆ ? ਕੀ ਸਿੱਖਿਆ ਮਿਲੀ ਇਸ ਕਹਾਣੀ ਵਿੱਚੋਂ ? ਕੀ ਗੁਰੂ ਨਾਨਕ ਸਾਹਿਬ ਜੀ ਸੰਸਾਰ ਵਿੱਚ ਇਸੇ ਤਰ੍ਹਾਂ ਦੇ ਕੌਤਕ ਵਿਖਾਉਣ ਆਏ ਸਨ ? ਇਸ ਦਾ ਮਤਲਬ ਕਿ ਗੁਰੂ ਨਾਨਕ ਸਾਹਿਬ ਦੁਨੀਆਂ ਵਿੱਚ ਆਏ, ਕੁੱਝ ਕਰਾਮਾਤਾਂ ਵਿਖਾਈਆਂ, ਆਪਣੀ ਜੋ ਜੋ ਕਾਰ ਕਰਵਾਈ ਤੇ ਖੇਲ ਖ਼ਤਮ ? ਬਾਬਾ ਜੀ ਅੱਗੇ ਚੱਲ ਪਏ ?

ਜਿਤਨੀ ਕੁ ਸਾਖੀ ਅੱਜ ਤੱਕ ਸੁਣੀ ਜਾਂ ਪੜ੍ਹੀ ਹੈ, ਉਸ ਦਾ ਕੋਈ ਸਾਰਥਕ ਨਤੀਜਾ ਨਹੀਂ ਨਿਕਲਦਾ। ਆਮ ਇਨਸਾਨ ਨੂੰ ਉਸ ਤੋਂ ਕੋਈ ਸਿੱਖਿਆ ਨਹੀਂ ਮਿਲਦੀ। ਪੁਸਤਕਾਂ ਦੇ ਅਨੰਤ ਪੰਨੇ ਕਾਲੇ ਕੀਤੇ ਪਏ ਹਨ ਅਜਿਹੀਆਂ ਬੇ-ਸਿਰ, ਪੈਰ ਦੀਆਂ ਸਾਖੀਆਂ ਨਾਲ। ਕਥਾਕਾਰਾਂ ਵੱਲੋਂ ਲੋਕਾਂ ਦਾ ਬੇਅੰਤ ਕੀਮਤੀ ਸਮਾਂ ਇਨ੍ਹਾਂ ਕਹਾਣੀਆਂ ਦੁਆਰਾ ਨਸ਼ਟ ਕੀਤਾ ਜਾ ਚੁੱਕਿਆ ਹੈ। ਅਸਲ ਵਿਚਾਰਨਜੋਗ ਮਸਲਾ ਸੀ ਕਿ ਲੰਮਾ ਪੈਂਡਾ ਤਹਿ ਕਰ ਕੇ, ਗੁਰੂ ਨਾਨਕ ਸਾਹਿਬ ਐਮਨਾਬਾਦ ਭਾਈ ਲਾਲੋ ਦੇ ਘਰ ਪਹੁੰਚੇ। ਲਾਲੋ ਆਪਣੇ ਇਲਾਕੇ ਵਿੱਚ ਇੱਕ ਨੇਕ ਪੁਰਸ਼, ਧਰਮੀ ਇਨਸਾਨ ਦੇ ਰੂਪ ਵਿੱਚ ਕਾਫ਼ੀ ਪਛਾਣ ਰੱਖਦਾ ਸੀ। ਮਲਕ ਭਾਗੋ ਵੱਲੋਂ ਕੀਤੇ ਜਾ ਰਹੇ ਬ੍ਰਹਮ ਭੋਜ 'ਤੇ ਕੀਤੇ ਸ਼ਾਨਦਾਰ "ਧਾਰਮਕ" ਇਕੱਠ ਦੀਆਂ ਖ਼ਬਰਾਂ ਭੀ ਦੂਰ-ਨੇੜੇ ਪੁੱਜ ਗਈਆਂ ਸਨ। ਧਾਰਮਕ ਲਿਬਾਸ ਪਹਿਨ ਕੇ ਮੁਫ਼ਤ ਦੀਆਂ ਛਕਣ ਵਾਲੇ, ਗੁਰੂ ਨਾਨਕ ਸਾਹਿਬ ਦੇ ਦੁਆਲੇ ਭੀ ਇਕੱਠੇ ਹੋਏ ਸਨ। ਬਿਨਾਂ ਵਜਾਹ ਵੀਹ ਰੁਪਏ ਦਾ ਅੰਨ-ਪਾਣੀ ਡਕਾਰ ਕੇ ਢਿੱਡ ਪਲੋਸ ਕੇ ਚਲਦੇ ਬਣੇ। ਪਿਤਾ ਜੀ ਦੀ ਨਾਰਾਜ਼ਗੀ ਗੁਰੂ ਨਾਨਕ ਸਾਹਿਬ ਜੀ ਨੂੰ ਝੱਲਣੀ ਪਈ। ਮੁਫ਼ਤ ਦੀਆਂ ਖਾਣ ਵਾਲੇ ਹੱਡ ਹਰਾਮੀ ਸਾਧ ਬਹੁਤ ਸਨ, ਜੋ ਬ੍ਰਹਮ ਭੋਜ ਵਿਚਲੇ ਸੁਆਦੀ, ਪਦਾਰਥ ਛੱਕ ਕੇ, "ਵਰਦਾਨਾਂ" ਦੀਆਂ ਝੜੀਆਂ ਲਾ ਦਿਆ ਕਰਦੇ ਸਨ। ਮਾਲ੍ਹ-ਪੂੜੇ ਤੇ ਖੀਰਾਂ

ਛਕ ਕੇ "ਵੱਡਾ ਦਾਨੀ ਤੇ ਮਹਾਨ ਧਰਮੀ ਪੁਰਖ" ਦਾ ਖਿਤਾਬ ਬਖ਼ਸ਼ਦਿਆਂ ਦੇਰ ਨਹੀਂ ਲਾਉਂਦੇ ਸਨ। ਦੁਨੀਆਂ ਵਿੱਚ ਪਾਪ ਕਰਮ ਇਤਨਾ ਨਾ ਫੈਲਦਾ ਜੇ ਧਰਮੀ ਅਖਵਾਉਣ ਵਾਲੇ ਸਾਧ-ਸੰਤ, ਜਾਲਮ ਹਾਕਮਾਂ ਵਿਰੁੱਧ ਸੱਚ ਦੀ ਆਵਾਜ਼ ਬੁਲੰਦ ਕਰਦੇ। ਉਨ੍ਹਾਂ ਵੱਲੋਂ ਕੀਤੀ ਜਾ ਰਹੀ ਲੁੱਟ ਜਾ ਅਧਰਮ ਬਾਰੇ ਆਮ ਲੋਕਾਈ ਨੂੰ ਸਮੇਂ ਸਿਰ ਚੇਤਾਵਨੀ ਦਿੰਦੇ। ਦਬੇ-ਕੁਚਲੇ ਲੋਕਾਂ ਨੂੰ ਖੋਹੇ ਗਏ ਆਪਣੇ ਹੱਕ ਪ੍ਰਾਪਤ ਕਰਨ ਦੀ ਜੁਗਤ ਸਮਝਾਉਂਦੇ। ਪਰ ਅਜਿਹਾ ਨਹੀਂ ਹੋਇਆ।

ਭਾਈ ਲਾਲੋ ਦੇ ਘਰ ਸੰਗਤ ਜੁੜਨੀ ਸ਼ੁਰੂ ਹੋ ਗਈ। ਗੁਰੂ ਨਾਨਕ ਉਨ੍ਹਾਂ ਨੂੰ ਰੋਜ਼ਾਨਾ ਇਨਸਾਨ ਹੋਣ ਦਾ ਅਹਿਸਾਸ ਕਰਵਾ ਰਹੇ ਸਨ। ਆਪਣੇ ਖੋਹੇ ਜਾ ਚੁੱਕੇ ਅਧਿਕਾਰਾਂ ਬਾਰੇ ਜਾਗਰੂਕ ਕਰ ਰਹੇ ਸਨ। ਉਨ੍ਹਾਂ ਨੂੰ ਪਹਿਲਾਂ ਇਹੀ ਦੱਸਿਆ ਗਿਆ ਸੀ ਕਿ ਤੁਹਾਡੀ ਇਸ ਨਿੱਘਰੀ ਹੋਈ ਹਾਲਤ ਇਸ ਲਈ ਹੈ ਕਿਉਂਕਿ ਤੁਸੀਂ "ਪਿਛਲੇ ਜਨਮਾਂ" ਵਿੱਚ ਪਾਪ ਕੀਤੇ ਸਨ। ਭਗਤੀ ਤਪੱਸਿਆ ਨਹੀਂ ਕੀਤੀ, ਦਾਨ-ਪੁੰਨ ਨਹੀਂ ਕੀਤਾ। ਸਾਧੂਆਂ-ਸੰਤਾਂ ਅਤੇ ਪ੍ਰੋਹਿਤਾਂ ਦੀ ਸੇਵਾ ਨਹੀਂ ਕੀਤੀ, ਇਸੇ ਕਾਰਨ ਤੁਸੀਂ ਗਰੀਬ ਹੋ, ਲਾਚਾਰ ਹੋ। ਇਸ ਜਨਮ ਵਿੱਚ "ਧਰਮੀ ਪੁਰਖਾਂ" ਦੀ ਸੇਵਾ ਕਰੋ, ਦਾਨ ਕਰੋ, ਹੋ ਸਕਦਾ ਹੈ ਅਗਲੇ ਜਨਮ ਵਿੱਚ ਤੁਹਾਡੇ ਦੁੱਖ ਦਰਿਦਰ ਕੱਟੇ ਜਾਣ। ਗੁਰੂ ਨਾਨਕ ਸਾਹਿਬ ਜੀ ਨੇ ਉਨ੍ਹਾਂ ਨੂੰ ਸਮਝਾਉਣਾ ਸ਼ੁਰੂ ਕੀਤਾ- "ਐ ਮੇਰੇ ਭਾਈ ਜਨੋ! ਤੁਸੀਂ ਪਿਛਲੇ ਜਨਮਾਂ ਦੇ ਪਾਪਾਂ ਕਾਰਨ ਕੰਗਾਲ ਨਹੀਂ ਹੋ, ਸਗੋਂ ਬੜੀ ਸਾਜ਼ਿਸ਼ ਤਹਿਤ, ਤੁਹਾਡੇ ਹੱਕ ਹਥਿਆਏ ਗਏ ਹਨ। ਤੁਹਾਡੇ ਹਿੱਸੇ ਦੀ ਜ਼ਮੀਨ ਖੋਹ ਲਈ ਹੈ। ਚੰਗਾ ਘਰ ਬਣਾਉਣ ਲਈ ਤੁਹਾਡੇ ਕੋਲ ਪੈਸਾ ਨਹੀਂ ਹੈ। ਪਰਵਾਰ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ, ਘਰ ਵਿੱਚ ਅੰਨ-ਦਾਣਾ ਤੇ ਕੱਪੜਾ-ਲੀੜਾ ਨਹੀਂ ਹੈ। ਤੁਹਾਡੇ ਲਈ ਵਿੱਦਿਆ ਹਾਸਲ ਕਰਨ ਦੇ ਰਾਹ ਬੰਦ ਕਰ ਦਿੱਤੇ ਹਨ। ਤੁਹਾਨੂੰ ਹੋਰ ਨੀਵੇਂ ਤੇ ਨਖਿੱਧ ਦਰਸਾਉਣ ਲਈ ਜਨਮ ਤੋਂ ਹੀ ਨੀਵੀਂ ਜਾਤ ਵਾਲੇ ਹੋਣ ਦਾ "ਧਾਰਮਕ" ਹੁਕਮ ਸੁਣਾ ਦਿੱਤਾ ਹੈ। ਤੁਹਾਨੂੰ ਲੁੱਟ ਕੇ ਖਾਣ ਵਾਲੇ ਬੇਈਮਾਨ ਹਾਕਮ ਆਪਣੇ ਆਪ ਨੂੰ ਧਰਮੀ ਹੋਣ ਦਾ ਐਲਾਨ ਕਰਾਉਣ ਲਈ ਵਿਕਾਊ ਕਿਸਮ ਦੇ "ਧਰਮੀ" ਮਨੁੱਖਾਂ ਨੂੰ ਵਧੀਆ ਭੋਜਨ ਛਕਾਉਂਦੇ ਹਨ। ਇਨ੍ਹਾਂ ਤੋਂ ਆਪਣੀ ਪ੍ਰਸੰਸਾ ਕਰਵਾਉਂਦੇ ਹਨ। ਤੁਸੀਂ ਇਸ ਜਨਮ ਵਿੱਚ ਕੋਈ ਪਾਪ ਨਹੀਂ ਕੀਤਾ। ਤੁਹਾਡੇ ਕਿਸੇ ਵਡੇਰੇ ਨੇ ਭੀ ਕੋਈ ਬੁਰਾ ਕੰਮ ਨਹੀਂ ਕੀਤਾ। ਫਿਰ ਤੁਹਾਨੂੰ ਸਦੀਆਂ ਤੋਂ ਦੁੱਖ-ਭੁੱਖ ਨਾਲ ਕਿਉਂ ਵਿਆਕੁਲ ਹੋਣਾ ਪੈ ਰਿਹਾ ਹੈ? ਪੰਡਿਤ ਪ੍ਰੋਹਿਤ ਸਾਧ-ਸੰਤ ਆਦਿ ਕੋਈ ਚੰਗਾ ਕੰਮ ਨਹੀਂ ਕਰਦੇ। ਤੁਹਾਡੇ ਘਰਾਂ ਵਿੱਚੋਂ ਮੰਗ ਕੇ ਖਾਂਦੇ ਹਨ। ਰਾਜ ਕਰਨ ਵਾਲੇ ਲੋਕ ਜੰਤਾ ਦਾ ਖ਼ੂਨ ਪੀਂਦੇ ਹਨ। ਬਿਨਾਂ ਇਵਜਾਨਾ ਦਿੱਤੇ ਗਰੀਬਾਂ ਤੋਂ ਆਪਣੇ ਕੰਮ ਕਰਵਾਉਂਦੇ ਹਨ। ਉਨ੍ਹਾਂ ਨੂੰ ਜੀਵਨ ਦੇ ਕਿਸੇ ਖੇਤਰ ਵਿੱਚ ਇਨਸਾਫ਼ ਨਹੀਂ ਦਿੰਦੇ। ਉਨ੍ਹਾਂ ਤੋਂ ਦਾਨ ਲੈ ਕੇ ਪੁਜਾਰੀ ਟੋਲਾ ਪਾਪੀ ਹਾਕਮਾਂ ਨੂੰ ਧਰਮੀ ਹੋਣ ਦਾ ਢੰਡੋਰਾ ਪਿੱਟਦਾ ਹੈ। ਜੇ ਤੁਸੀਂ ਹਿੰਮਤ ਕਰੋ, ਜੇ ਤੁਸੀਂ ਸਿਆਣਪ ਦੀ ਵਰਤੋਂ ਕਰੋ। ਜੇ ਤੁਸੀਂ ਸਾਰੇ ਝਗੜੇ ਮਿਟਾ ਕੇ ਏਕਤਾ ਕਰ ਲਓ, ਫਿਰ ਇਹ ਖ਼ੂਨ ਪੀਣੇ ਮਲਕ ਭਾਗੋ ਨਹੀਂ ਰਹਿਣਗੇ। ਧਰਮ ਦੇ ਨਾਂ 'ਤੇ ਤੁਹਾਨੂੰ ਲੁੱਟ ਕੇ ਖਾਣ ਵਾਲੇ ਪੁਜਾਰੀ ਟੋਲੇ ਤੁਹਾਡੀ ਹਵਾ ਵੱਲ ਨਹੀਂ ਵੇਖ ਸਕਣਗੇ। ਤੁਹਾਡਾ ਧਰਮ ਉਹ ਹੋਵੇਗਾ ਜਿਹੜਾ ਤੁਹਾਨੂੰ ਸੁੱਖ ਸ਼ਾਂਤੀ ਪ੍ਰਦਾਨ ਕਰੇ। ਰੱਬ ਤੁਹਾਡਾ ਉਹ ਹੋਵੇਗਾ ਜੋ ਤੁਹਾਡੀ ਸਹਾਇਤਾ ਕਰੇ। ਲੁਟੇਰਿਆਂ ਤੇ ਚੋਰਾਂ ਦੀ ਸਹਾਇਤਾ

ਕਰਨ ਵਾਲਾ ਰੱਬ ਅਸਲੀ ਰੱਬ ਨਹੀਂ ਹੈ। ਸਦੀਆਂ ਤੋਂ ਤੁਸੀਂ ਦੁੱਖ ਸਹਿੰਦੇ ਆ ਰਹੇ ਹੋ, ਪਰ ਦੁੱਖ ਖ਼ਤਮ ਨਹੀਂ ਹੋਏ। ਹਾਕਮਾਂ ਅਤੇ ਪੁਜਾਰੀਆਂ ਦੀ ਸੇਵਾ ਕਰਦਿਆਂ ਨੂੰ ਜੁੱਗ ਬੀਤ ਗਏ, ਫਿਰ ਭੀ ਤੁਹਾਡੇ ਬੰਧਨ ਨਹੀਂ ਟੁੱਟੇ। ਜ਼ਾਲਮ ਰਾਜ ਦਾ ਸਦੀਆਂ ਬੀਤ ਜਾਣ 'ਤੇ ਭੀ ਖ਼ਾਤਮਾ ਨਹੀਂ ਹੋਇਆ। ਅਗਲੇ ਜਨਮ ਦੀ ਕੂੜੀ ਆਸ ਤਿਆਗ ਕੇ, ਤੁਹਾਨੂੰ ਇਸੇ ਜਨਮ ਵਿੱਚ ਬਹਾਦਰ ਬਣਨਾ ਪਵੇਗਾ। ਸ਼ੈਮਾਣ ਤੋਂ ਸੱਖਣੀ ਜ਼ਿੰਦਗੀ ਨਾਲੋਂ ਗ਼ੈਰਤ ਵਾਲੀ ਮੌਤ ਹਜ਼ਾਰ ਦਰਜੇ ਉੱਤਮ ਹੈ। ਤੁਹਾਨੂੰ ਅੱਜ ਤੱਕ ਨਾ ਜਿਉਣਾ ਆਇਆ ਨਾ ਮਰਨਾ ਆਇਆ। ਗ਼ੈਰਤ ਵਾਲੀ ਜ਼ਿੰਦਗੀ ਜਿਉਣੀ ਹੈ ਜਾਂ ਬਹਾਦਰਾਂ ਵਾਲੀ ਮੌਤ ਨੂੰ ਗਲਵਕੜੀ ਪਾਉਣੀ ਹੈ। ਤੁਸੀਂ ਖ਼ੁਦ ਭਾਵੇਂ ਸਾਰੇ ਸੁੱਖ ਨਾ ਵੇਖੋ ਸਕੋ। ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਅਵੱਸ਼ ਆਜ਼ਾਦੀ ਦਾ ਨਿੱਘ ਮਾਣਨਗੀਆਂ।"

ਬਾਕੀ ਮੁਫ਼ਤ ਖੋਰੇ ਸਾਧਾਂ ਵਾਂਗ ਗੁਰੂ ਨਾਨਕ ਸਾਹਿਬ ਮਲਕ ਭਾਗੋ ਦੇ ਘਰ ਪ੍ਰਸ਼ਾਦਾ ਛਕਣ ਨਹੀਂ ਸਨ ਗਏ। ਮਲਕ ਨੇ ਬਾਰ-ਬਾਰ ਸੁਨੇਹੇ ਭੇਜੇ ਪਰ ਨਹੀਂ ਗਏ। ਅਖ਼ੀਰ ਮਲਕ ਭਾਗੋ ਨੇ ਆਪਣੇ ਦੋ ਸਿਪਾਹੀ ਭੇਜਦਿਆਂ ਹੁਕਮ ਦਿੱਤਾ ਕਿ ਜੇਕਰ ਨਾਨਕ ਤਪਾ ਬੁਲਾਏ ਤੋਂ ਨਹੀਂ ਆਉਂਦਾ ਤਾਂ ਬੰਨ੍ਹ ਕੇ ਲੈ ਆਉਣਾ। ਪਿਆਦੇ ਭਾਈ ਲਾਲੋ ਦੇ ਘਰ ਪਹੁੰਚ ਗਏ। ਗੁਰੂ ਨਾਨਕ ਸਾਹਿਬ ਨੂੰ ਮਲਕ ਭਾਗੋ ਦਾ ਹੁਕਮ ਸੁਣਾਇਆ। ਗੁਰੂ ਨਾਨਕ ਸਾਹਿਬ ਨਾਲ ਚੱਲ ਪਏ। ਆਪਣੇ ਸੰਗੀ ਸਾਥੀਆਂ ਦਾ ਕਾਫਲਾ ਭੀ ਨਾਲ ਟੁਰ ਪਿਆ। ਭਾਈ ਲਾਲੋ ਦੇ ਘਰੋਂ ਕੁੱਝ ਰੋਟੀਆਂ ਨਾਲ ਲੈ ਲਈਆਂ। ਮਲਕ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਨਾ ਆਉਣ ਦਾ ਕਾਰਨ ਪੁੱਛਿਆ ? ਬਾਬਾ ਜੀ ਨੇ ਜੋ ਨਿਰਭੈਤਾ ਅਤੇ ਸਿਆਣਪ ਨਾਲ ਜੁਆਬ ਦਿੱਤਾ, ਗੁਰਬਾਣੀ ਵਿੱਚੋਂ ਉਸ ਦਾ ਸਾਰਅੰਸ਼ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ- "ਮਲਕ ਜੀ ! ਤੁਸੀਂ ਆਪਣੀ ਪਰਜਾ ਦੀ ਰਾਖੀ ਕਰਨੀ ਸੀ। ਕੋਈ ਹੋਰ ਇਨਸਾਨ ਆਪਣੀ ਤਾਕਤ ਵਰਤ ਕੇ ਕਮਜ਼ੋਰਾਂ ਨੂੰ ਪ੍ਰੇਸ਼ਾਨ ਕਰਦਾ ਹੋਵੇ ਤਾਂ ਤੁਸੀਂ ਇਨਸਾਫ਼ ਦੇਣਾ ਸੀ। ਗ਼ਰੀਬਾਂ ਨੂੰ ਉਨ੍ਹਾਂ ਦੀ ਮਿਹਨਤ ਦਾ ਮੁੱਲ ਮਿਲਣਾ ਚਾਹੀਦਾ ਸੀ। ਟੈਕਸ (ਕਰ) ਅਜਿਹੇ ਤਰੀਕੇ ਨਾਲ ਲਾਏ ਜਾਂਦੇ ਤਾਂ ਕਿ ਸੌਖਿਆਂ ਭਰੇ ਜਾ ਸਕਦੇ। ਤੁਸੀਂ ਹਾਕਮ ਲੋਕ ਆਪਣੀਆਂ ਲੋੜਾਂ ਨੂੰ ਸੰਜਮ ਵਿੱਚ ਰੱਖਦੇ। ਗ਼ਰੀਬਾਂ ਦੇ ਹੱਕਾਂ 'ਤੇ ਡਾਕਾ ਮਾਰ ਕੇ ਧਨ ਇਕੱਠਾ ਕਰਨਾ, ਫਿਰ ਉਸ ਪੈਸੇ ਨਾਲ ਦਾਨ-ਪੁੰਨ ਕਰ ਕੇ ਧਰਮੀ ਹੋਣ ਦਾ ਵਿਖਾਵਾ ਕਰਨਾ, ਖ਼ੁਦਾ ਨੂੰ ਮੰਨਜ਼ੂਰ ਨਹੀਂ ਹੈ। ਪਰਾਇਆ ਹੱਕ ਖਾਣਾ ਮੁਰਦਾਰ ਖਾਣ ਦੀ ਨਿਆਈ ਹੈ। ਨਿਵਾਜ਼ਾਂ ਪੜ੍ਹਨੀਆਂ ਕਿਸੇ ਲੇਖੇ ਵਿੱਚ ਨਹੀਂ ਹਨ। ਹਰਾਮ ਦਾ ਮਾਸ, ਮਸਾਲੇ ਪਾਉਣ ਨਾਲ ਹਲਾਲ ਨਹੀਂ ਹੋ ਜਾਂਦਾ। ਬੇਈਮਾਨੀਆਂ ਤੇ ਚਤੁਰਾਈਆਂ ਨਾਲ ਬੰਦਾ ਧਰਮੀ ਨਹੀਂ ਮੰਨਿਆ ਜਾ ਸਕਦਾ। ਤੁਹਾਡਾ ਸਾਰਾ ਜੀਵਨ ਝੂਠ 'ਤੇ ਟਿੱਕਿਆ ਹੋਇਆ ਹੈ, ਖ਼ੁਦਾ ਨੂੰ ਕਿਵੇਂ ਚੰਗੇ ਲਗੋਗੇ ?

ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ, ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ, ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ, ਕੂੜੋ ਪਲੈ ਪਾਇ ॥ (141)

ਜੇ ਰਤੁ ਲਗੈ ਕਪੜੈ, ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ, ਤਿਨ ਕਿਉ ਨਿਰਮਲੁ ਚੀਤੁ ॥
ਨਾਨਕ ਨਾਉ ਖੁਦਾਇ ਕਾ, ਦਿਲਿ ਹਛੈ ਮੁਖਿ ਲੇਹੁ ॥
ਅਵਰਿ ਦਿਵਾਜੇ ਦੁਨੀ ਕੇ, ਝੂਠੇ ਅਮਲ ਕਰੇਹੁ ॥ (140)

ਮਲਕ ਜੀ ! ਜਿਨ੍ਹਾਂ ਮੁਫ਼ਤ ਖੋਰਾਂ ਨੂੰ ਤੁਸੀਂ ਸੰਤ, ਪੀਰ, ਮਹਾਤਮਾ ਆਦਿ ਜਾਣ ਕੇ, ਅਨੇਕ ਪ੍ਰਕਾਰ ਦੇ ਭੋਜਨ ਛਕਾ ਰਹੇ ਹੋ, ਕੀ ਤੁਹਾਨੂੰ ਇਤਨੀ ਸਮਝ ਨਹੀਂ ਕਿ ਇਹ ਸਾਰੇ ਧਰਮੀ ਨਹੀਂ ਹਨ, ਪਾਖੰਡੀ ਲੋਕ ਹਨ। ਜੇ ਇਹ ਅਸਲ ਧਰਮੀ ਹੁੰਦੇ ਤਾਂ ਗ਼ਰੀਬਾਂ ਦੇ ਖ਼ੂਨ ਵਰਗੇ (ਪਰਾਇਆ ਹੱਕ) ਪਦਾਰਥ ਛਕਣ ਤੋਂ ਨਾਂਹ ਕਰ ਦਿੰਦੇ। ਜੇ ਇਨ੍ਹਾਂ ਦੀ ਜ਼ਮੀਰ ਜੀਵਤ ਹੁੰਦੀ ਤਾਂ ਇਹ ਲੋਕ ਤੈਨੂੰ ਪਿਆਰ ਨਾਲ ਪਾਪ ਕਰਨੋਂ ਵਰਜਦੇ। ਜੇ ਤੂੰ ਫਿਰ ਭੀ ਜ਼ੁਲਮ ਕਰਨੋਂ ਨਾ ਟਲਦਾ ਤਾਂ ਤੇਰੇ ਵਿਰੁੱਧ ਬਗ਼ਾਵਤ ਕਰਦੇ। ਜਾਨ ਤਾਂ ਭਾਵੇਂ ਚਲੀ ਜਾਂਦੀ ਪਰ ਜ਼ਾਲਮ ਹਾਕਮ ਦੇ ਭਾਈਵਾਲ ਕਦੀ ਨਾ ਬਣਦੇ। ਆਹ ਮੇਰੇ ਨਾਲ ਭਾਈ ਲਾਲੋ ਅਤੇ ਹੋਰ ਕਿਰਤੀ ਲੋਕ ਆਏ ਹਨ। ਮੈਂ ਇਨ੍ਹਾਂ ਦੀ ਸੁੱਚੀ ਕਿਰਤ ਨੂੰ ਦੁੱਧ ਸਮਾਨ ਪਵਿੱਤਰ ਸਮਝਦਾ ਹਾਂ। ਤੇਰੇ ਵੱਲੋਂ ਤਿਆਰ ਕੀਤੇ ਅਣਗਿਣਤ ਪਦਾਰਥ, ਧਿੰਗੋ ਜੋਰੀ ਨਾਲ, ਦੂਜਿਆਂ ਦਾ ਹੱਕ ਖੋਹ ਕੇ, ਉਨ੍ਹਾਂ ਦੇ ਹੰਝੂਆਂ-ਹਉਕਿਆਂ ਅਤੇ ਬਦ ਦੁਆਵਾਂ ਵਿੱਚੋਂ ਧਨ ਇਕੱਠਾ ਕਰ ਕੇ ਤਿਆਰ ਕੀਤੇ ਗਏ ਹਨ। ਜਿਨ੍ਹਾਂ ਨੂੰ ਧਰਮੀ ਪੁਰਖ ਜਾਣ ਕੇ ਖੀਰ, ਪੂਰੀਆਂ ਖੁਆ ਰਿਹਾ ਹੈਂ, ਇਹ ਭੀ ਤੇਰੇ ਇਸ ਪਾਪ ਦੇ ਭਾਗੀਦਾਰ ਹਨ।

ਕੌੜੀਆਂ, ਕੁਸੈਲੀਆਂ ਸੁਣ ਕੇ ਮਲਕ ਭਾਗੋ ਬੜਾ ਪ੍ਰੇਸ਼ਾਨ ਹੋਇਆ। ਗੁੱਸੇ ਵਿੱਚ ਖ਼ੂਨ ਉਬਾਲੇ ਖਾਣ ਲੱਗਿਆ। ਜਿਸ ਮਨੁੱਖ ਨੂੰ ਆਲੇ-ਦੁਆਲੇ ਦੇ ਲੋਕਾਂ ਨੇ (ਸੱਚਾ ਜਾਂ ਝੂਠਾ) ਸਲਾਹਿਆ ਹੀ ਹੋਵੇ। ਜਿਸ ਨੇ ਆਪਣੇ ਵਿਰੁੱਧ ਕਦੀ ਕੋਈ ਟਿੱਪਣੀ ਨਾ ਸੁਣੀ ਹੋਵੇ। ਜੋ ਬ੍ਰਹਮ ਭੋਜ ਜਾਂ ਦਾਨ-ਪੁੰਨ ਕਰ ਰਿਹਾ ਹੋਵੇ। ਜਿਸ ਦੇ ਦਰ 'ਤੇ ਸੈਂਕੜੇ "ਧਰਮੀ" ਮਨੁੱਖ ਅਰਦਾਸਾਂ ਤੇ ਅਸ਼ੀਰਵਾਦ ਦੇਣ ਲਈ ਕਾਹਲੇ ਪਏ ਦਿਸਦੇ ਹੋਣ। ਜਿਸ ਨੂੰ ਸੁਰਗ ਵਿੱਚ ਪਰੀਆਂ ਉਡੀਕ ਰਹੀਆਂ ਦਿਸਦੀਆਂ ਹੋਣ। ਜੋ ਇਸ ਲੋਕ ਵਿੱਚ ਲੱਖਾਂ ਦਾ ਮਾਲਕ ਹੈ। ਅਗਲੇ ਜਨਮ ਵਿੱਚ ਫਿਰ ਬਹਿਸ਼ਤ ਦੇ ਦਰਵਾਜ਼ੇ ਖੁੱਲ੍ਹੇ ਹਨ। ਇੰਨੇ ਸਾਰੇ ਰੰਗਾਂ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਬੁੱਕਾਂ ਭਰ-ਭਰ ਸੁਆਹ ਪਾ ਦਿੱਤੀ। "ਧਰਮ ਕਾਰਜਾਂ ਵਿੱਚ ਕੋਈ ਬਿਘਨ ਨਾ ਪਵੇ, ਕਿਸੇ ਸਾਧ-ਸੰਤ ਨੂੰ ਨਾਰਾਜ਼ ਨਹੀਂ ਕਰਨਾ", ਆਦਿ ਸੋਚ ਕੇ ਸਤਿਗੁਰੂ ਜੀ ਦੇ ਵਿਰੁੱਧ ਕੋਈ ਕਾਰਵਾਈ ਨਾ ਕੀਤੀ। ਸੁੱਖੀ-ਸਾਂਦੀ ਚਲੇ ਜਾਣ ਦਿੱਤਾ।

ਪਾਠਕ ਜਨੋ ! ਜ਼ਰਾ ਗਹਿਰਾਈ ਨਾਲ ਵਿਚਾਰ ਕਰੋ। ਕੀ ਗੁਰੂ ਨਾਨਕ ਸਾਹਿਬ ਸਾਨੂੰ ਗ਼ਰੀਬੀ ਵਿੱਚ ਰੱਖਣਾ ਚਾਹੁੰਦੇ ਨੇ ? ਕੀ ਸਿੱਖ "**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥ ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥**" (1379) ਰੁੱਖੀ-ਸੁੱਖੀ ਖਾ ਕੇ ਠੰਢਾ ਪਾਣੀ ਪੀ ਕੇ ਵਕਤ ਗੁਜ਼ਾਰਦਾ ਰਹੇ ? ਚੰਗਾ ਖਾਣਾ ਪਹਿਨਣਾ ਮਨ੍ਹਾ ਹੈ ? ਫਿਰ ਤਾਂ ਸਿੱਖਾਂ ਨੂੰ ਰਾਜ ਵਾਸਤੇ ਯਤਨ ਹੀ ਨਹੀਂ ਕਰਨਾ ਚਾਹੀਦਾ। ਜੇਕਰ "ਰੁੱਖੀ-ਸੁੱਖੀ" ਹੀ ਖਾਣੀ ਹੈ, ਫਿਰ ਸਰਕਾਰਾਂ ਨਾਲ (ਪਹਿਲਾਂ ਅਤੇ ਅੱਜ) ਝਗੜਾ ਕਾਹਦਾ ? ਰੁੱਖੀ-ਸੁੱਖੀ ਤਾਂ ਮੰਗਤੇ ਭੀ ਖਾ ਹੀ ਲੈਂਦੇ ਹਨ। ਫਿਰ

ਤਾਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਬੇਕਾਰ ਸੀ। ਨਵਾਬੀਆਂ, ਸਰਦਾਰੀਆਂ, ਪ੍ਰਾਪਤ ਕਰਨ ਲਈ ਕਿਉਂ ਖ਼ੂਨ ਦੇ ਦਰਿਆ ਵਗਾਉਣੇ ਸਨ? ਰੁੱਖੀ-ਸੁੱਖੀ ਤਾਂ ਮੁਸਲਮਾਨਾਂ ਦੇ ਰਾਜ ਵਿੱਚ ਭੀ ਮਿਲਦੀ ਸੀ। ਅੰਗਰੇਜ਼ਾਂ ਦੇ ਰਾਜ ਵਿੱਚ ਭੀ ਤੇ ਅੱਜ ਹਿੰਦੂਆਂ ਦੇ ਰਾਜ ਵਿੱਚ ਭੀ ਮਿਲ ਰਹੀ ਹੈ। ਫਿਰ "ਖ਼ਾਲਸਾ ਰਾਜ, ਖ਼ਾਲਿਸਤਾਨ, ਆਨੰਦਪੁਰ ਦਾ ਮਤਾ, ਅਕਾਲੀ ਦਲ ਦੀ ਸਰਕਾਰ" ਆਦਿ ਕੀ ਫਿਰ ਬੇਮਾਹਨੀਆਂ ਗੱਲਾਂ ਨਹੀਂ? ਜੁਲਮੀ ਰਾਜ ਦੀ ਜੜ੍ਹ ਪੁੱਟ ਕੇ, ਗੁਰੂ ਸਾਹਿਬਾਨ ਨੇ ਜੋ ਹਲੇਮੀ ਰਾਜ ਦਾ ਸੰਕਲਪ ਦਿੱਤਾ, ਫਿਰ ਉਹ ਕਿਸੇ ਲੇਖੇ ਵਿੱਚ ਨਹੀਂ? ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਨੱਬੇ ਸਾਲ ਤੱਕ ਸਿੱਖ ਜਾਨਾ ਹੂਲ ਕੇ ਲੜਦੇ ਰਹੇ। ਘਰ ਉੱਜੜ ਗਏ, ਜੰਗਲੀ ਵਾਸਾ ਹੋ ਗਿਆ। ਅਣਗਿਣਤ ਸਿੱਖ ਮੌਤ ਦੇ ਮੂੰਹ ਵਿੱਚ ਜਾ ਪਏ। ਲੰਮੀ ਜੰਗ ਤੋਂ ਮਗਰੋਂ ਜੁਲਮੀ ਰਾਜ ਦੀ ਸਫ ਵਲ੍ਹੇਟੀ ਗਈ। ਕੀ ਇਹ ਸਭ ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਦੇ ਉਲਟ ਕੰਮ ਕਰਦੇ ਰਹੇ?

ਅਸਲ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ, ਸਿੱਖਾਂ ਸੇਵਕਾਂ ਨੂੰ ਚੰਗੀ ਤਰ੍ਹਾਂ ਸਮਝਾ ਦਿੱਤਾ ਸੀ ਕਿ ਸਾਰੇ ਕਿਰਤੀ ਲੋਕਾਂ ਨੂੰ ਸਵੈਮਾਣ ਵਾਲਾ ਜੀਵਨ ਦੇਣਾ ਹੈ। ਲੁਟੇਰਿਆਂ, ਮੱਕਾਰਾਂ ਨੂੰ ਗੱਦੀ ਤੋਂ ਉਤਾਰਨਾ ਹੈ। ਜ਼ਾਲਮ ਅਤੇ ਮਜਲੂਮ ਦੀ ਸ਼ੁਰੂਆਤੀ ਸਿਧਾਂਤਕ ਜੰਗ ਗੁਰੂ ਨਾਨਕ ਨੇ ਸ਼ੁਰੂ ਕਰਵਾ ਦਿੱਤੀ ਸੀ। ਉੱਚਾ, ਨੀਵਾਂ ਕੋਈ ਨਹੀਂ, ਪੂਜਣਜੋਗ ਸੰਤ- ਮਹਾਤਮਾ ਕੋਈ ਨਹੀਂ, ਵੇਹਲੜ ਕੋਈ ਪ੍ਰਵਾਨ ਨਹੀਂ, ਧਰਮ ਦੇ ਨਾਂ 'ਤੇ ਪਾਖੰਡ ਪ੍ਰਵਾਨ ਨਹੀਂ। ਅਗਿਆਨਤਾ ਜਾਂ ਕਰਮ ਕਾਂਡ ਮਨਜ਼ੂਰ ਨਹੀਂ। ਗੁਣਾਂ ਨਾਲ ਭਰਪੂਰ ਇਨਸਾਨ ਬਣੋ ਤਾਂ ਹੀ ਸਵੈਮਾਣ ਨਾਲ ਜਿਉਂ ਸਕੋਗੇ। ਜੇਕਰ ਗੁਰਬਾਣੀ ਭਾਈ ਲਾਲੋ ਨੂੰ ਆਪਣੇ ਹੱਕ ਪ੍ਰਾਪਤ ਕਰਨ ਵਾਸਤੇ, ਗਿਆਨ ਅਤੇ ਹਿੰਮਤ ਨਹੀਂ ਬਖ਼ਸ਼ਦੀ। ਜੇਕਰ ਗੁਰਬਾਣੀ ਮਲਕ ਭਾਗੋਆਂ ਨੂੰ ਲਾਹਣਤਾਂ ਨਹੀਂ ਪਾਉਂਦੀ। ਜੇ ਗੁਰਬਾਣੀ ਪੜ੍ਹਨ ਵਾਲੇ ਜੁਲਮ ਅਤੇ ਲੁੱਟ ਦੇ ਵਿਰੋਧ ਵਿੱਚ ਹਿੱਕ ਤਾਣ ਕੇ ਨਹੀਂ ਅੜ ਖਲ੍ਹੋਂਦੇ। ਜੇਕਰ ਗੁਰਬਾਣੀ ਨੂੰ ਪੜ੍ਹਨ ਵਾਲਾ ਇਨਸਾਨ, ਮਜਲੂਮਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਨਹੀਂ ਕਰਦਾ। ਜੇਕਰ ਪਾਠ ਕਰਨ ਵਾਲਾ ਮਨੁੱਖ "ਹਲੇਮੀ ਰਾਜ" ਵਾਸਤੇ ਸਮਰੱਥਾ ਅਨੁਸਾਰ ਆਪਣਾ ਯੋਗਦਾਨ ਨਹੀਂ ਪਾਉਂਦਾ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਜੇ ਤੱਕ ਗੁਰਬਾਣੀ ਪੜ੍ਹੀ ਹੀ ਨਹੀਂ ਗਈ, ਬਸ ਰਸਮ ਪੂਰਤੀ ਕੀਤੀ ਗਈ ਹੈ। ਗੁਰੂ ਨਾਨਕ ਦਾ ਉਪਦੇਸ਼ ਸੁਣ ਕੇ ਭਾਈ ਲਾਲੋ ਕਿੱਲੇ ਹੀ ਨਹੀਂ ਘੜਦਾ ਰਹੇਗਾ। ਆਪਣੇ ਆਪੇ ਨੂੰ ਘੜ-ਤਰਾਸ਼ ਕੇ, ਹਾਲਾਤ ਨਾਲ ਟੱਕਰ ਲੈਣ ਵਾਸਤੇ ਤਿਆਰ ਕਰੇਗਾ। ਲੰਮੇਂ ਸਮੇਂ ਤੋਂ ਗਲ ਪਈ ਗੁਲਾਮੀ ਦੇ ਸੰਗਲ ਤੋੜ ਦੇਵੇਗਾ। ਗੁਰਬਾਣੀ ਦਾ ਸੱਚ ਜ਼ਿੰਦਗੀ ਦੇ ਹਰ ਪਹਿਲੂ ਵਿੱਚੋਂ ਪ੍ਰਗਟ ਹੋਵੇਗਾ। ਗੁਰਬਾਣੀ ਪੜ੍ਹਨ ਸੁਣਨ ਤੇ ਮੰਨਣ ਵਾਲਾ ਸਿੱਖ, ਝੂਠਿਆਂ ਮੱਕਾਰਾਂ ਦਾ ਸਾਥੀ ਨਹੀਂ ਬਣੇਗਾ।

ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥
ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥ (140)



ਗੁਰੂ ਅੰਗਦ ਸਾਹਿਬ (ਸਾਖੀਆਂ)

ਬਹੁਤ ਮੁਸ਼ੱਕਤ ਕਰਨ ਦੇ ਬਾਵਜੂਦ ਭਾਈ ਲਹਿਣਾ ਜੀ ਨੂੰ ਕਿਧਰੇ ਸੁਆਲ-ਜੁਆਬ ਕਰਦੇ ਮੈਂ ਨਹੀਂ ਪੜ੍ਹਿਆ। ਕਵਿਤਾ ਦੀਆਂ ਬਾਰੀਕੀਆਂ, ਰਾਗ ਦੀ ਸੂਖ਼ਮਤਾ ਬਾਰੇ ਕਦੋਂ ਸਿੱਖਿਆ ਲਈ ਕੋਈ ਲਿਖਤ ਨਹੀਂ ਮਿਲਦੀ। ਦਰਸ਼ਨ ਕਰਨ ਆਈ ਸੰਗਤ ਦੇ ਸੁਆਲਾਂ ਦੇ ਕਦੀ ਜੁਆਬ ਦਿੱਤੇ ਹੋਣ, ਕੋਈ ਲਿਖਤ ਨਹੀਂ ਲੱਭਦੀ। ਗੁਰਬਾਣੀ ਦੀਆਂ ਬਾਰੀਕੀਆਂ ਨੂੰ ਕਦੋਂ ਸਮਝਿਆ, ਸਾਰਾ ਇਤਿਹਾਸ ਖ਼ਾਮੋਸ਼ ਹੈ। ਗੁਰੂ ਨਾਨਕ ਸਾਹਿਬ ਜੀ ਨੇ ਭਾਈ ਲਹਿਣਾ ਜੀ ਲਈ ਕੋਈ ਸਿੱਖਿਆ ਦੇਣ ਦਾ ਵੱਖਰਾ ਪ੍ਰਬੰਧ ਕੀਤਾ ਹੋਇਆ ਹੋਵੇ, ਅਜਿਹਾ ਕਿਧਰੇ ਜ਼ਿਕਰ ਨਹੀਂ ਮਿਲਦਾ। ਜੋ ਕੁੱਝ ਪੜ੍ਹਨ-ਸੁਣਨ ਨੂੰ ਮਿਲਦਾ ਹੈ, ਉਹ ਹੈ "ਸੇਵਾ"। ਲਗਾਤਾਰ ਬਗ਼ੈਰ ਰੁਕੇ, ਬਿਨਾਂ ਦਿਨ-ਰਾਤ ਦਾ ਭਰਮ ਕੀਤੇ, ਬਿਨਾਂ ਦੁੱਖ-ਭੁੱਖ ਦੀ ਪ੍ਰਵਾਹ ਕੀਤੇ, ਹਰ ਵਕਤ ਸੇਵਾ ਲਈ ਹਾਜ਼ਰ ਰਹੇ। ਸੇਵਾ ਹੀ ਸਭ ਤੋਂ ਸ਼੍ਰੋਮਣੀ ਹੈ, ਅੱਖਾਂ ਬੰਦ ਕਰ ਕੇ ਸੇਵਾ ਕਰਦੇ ਜਾਓ। ਪੁਸਤਕਾਂ ਵਿੱਚ ਸਿੱਖ ਲੇਖਾਰੀ (ਅਤੇ ਬੁਲਾਰੇ) ਜਦੋਂ ਸੇਵਾ ਦੇ ਗੁਣ ਲਿਖਣ ਲਗਦੇ ਹਨ ਤਾਂ ਆਮ ਵਿਅਕਤੀ ਘਰ ਦੇ ਸਾਰੇ ਕੰਮ ਛੱਡ ਕੇ, ਗੁਰਦਵਾਰਿਆਂ ਵਿੱਚ ਝਾੜੂ-ਪੋਚਾ ਲਾਉਣ ਲਗਦਾ ਹੈ। ਬਰਤਣ ਮਾਂਜਦਾ ਹੈ, ਦਾਲਾਂ-ਸਬਜ਼ੀਆਂ ਤੇ ਪ੍ਰਸ਼ਾਦੇ ਬੜੇ ਉਤਸ਼ਾਹ ਨਾਲ ਬਣਾਉਂਦਾ ਅਤੇ ਵਰਤਾਉਂਦਾ ਹੈ। ਘਰੇਲੂ ਜ਼ਿੰਮੇਵਾਰੀਆਂ ਸਭ ਤਿਆਗ ਕੇ, ਸੇਵਾ ਕਰਦਿਆਂ ਹਾਲੋਂ ਬੇਹਾਲ ਹੋ ਜਾਂਦਾ ਹੈ। ਉਸ ਨੂੰ ਇਹ ਦੱਸਣ ਵਾਲਾ ਕੋਈ ਨਹੀਂ ਕਿ ਆਪਣੇ ਪ੍ਰਵਾਰ ਦੀ ਸੇਵਾ ਭੀ ਉਤਨੀ ਹੀ "ਫਲਦਾਇਕ" ਹੈ, ਜਿੰਨੀ ਗੁਰਦਵਾਰੇ ਦੀ। ਆਂਢ-ਗੁਆਂਢ ਵਿੱਚ ਕਈ ਲੋੜਵੰਦ ਹੋ ਸਕਦੇ ਹਨ, ਉਨ੍ਹਾਂ ਦੀ ਸੇਵਾ ਭੀ ਉਤਨੀ ਹੀ ਲਾਭਕਾਰੀ ਹੈ। ਸੇਵਾ ਦਾ ਘੇਰਾ ਅਤਿਅੰਤ ਵਿਸ਼ਾਲ ਹੈ, ਪਰ ਇਹ ਪੱਖ ਸੰਗਤਾਂ ਸਨਮੁੱਖ ਰੱਖਿਆ ਹੀ ਨਹੀਂ ਗਿਆ। ਆਮ ਸਿੱਖ ਨੂੰ ਸਿਮਰਨ ਦੇ "ਕੁਰਾਹੇ" ਪਾ ਕੇ ਬਰਬਾਦ ਕਰ ਦਿੱਤਾ। ਗੁਰਬਾਣੀ ਨੂੰ ਸਮਝਣਾ ਤੇ ਜੀਵਨ ਵਿੱਚ ਢਾਲਣਾ, ਵਿਸਾਰ ਹੀ ਦਿੱਤਾ।

ਗੁਰੂ ਅੰਗਦ ਸਾਹਿਬ ਜੇ ਇਸ ਉੱਚੀ ਜ਼ਿੰਮੇਵਾਰੀ ਵਾਸਤੇ ਚੁਣੇ ਗਏ ਹਨ ਤਾਂ ਕੀ ਸਿਰਫ਼ ਸੇਵਾ ਦੀ ਬਦੌਲਤ ? ਜਿਹੋ ਜਿਹੀ ਸੇਵਾ ਸਾਖੀਕਾਰਾਂ ਨੇ ਉਨ੍ਹਾਂ ਤੋਂ ਕਰਵਾਈ ਹੈ, ਉਹੋ ਜਿਹੀ ਸੇਵਾ ਤਾਂ "ਸ਼ੂਦਰ ਗਰਦਾਨੇ" ਲੋਕ ਸਦੀਆਂ ਤੋਂ ਕਰਦੇ ਆ ਰਹੇ ਹਨ। ਕੀ ਇਸ ਸੇਵਾ ਤੋਂ ਖ਼ੁਸ਼ ਹੋ ਕੇ ਉਨ੍ਹਾਂ ਨੂੰ ਕਦੀ ਕੋਈ ਸਨਮਾਨ ਜੋਗ ਰੁਤਬਾ ਦਿੱਤਾ ਗਿਆ ? ਜੀ ਨਹੀਂ! ਉਹ ਅੱਖਾਂ ਮੀਟ ਕੇ (ਮਜਬੂਰੀ ਵੱਸ) ਸਦੀਆਂ ਤੋਂ ਬਸ ਸੇਵਾ ਕਰਦੇ ਆ ਰਹੇ ਹਨ। ਸਾਡੇ ਆਮ ਘਰਾਂ ਵਿੱਚ ਔਰਤਾਂ ਸਦੀਆਂ ਤੋਂ ਤਨ, ਮਨ ਨਾਲ ਨਿੱਤ ਦਿਨ ਸੇਵਾ ਕਰਦੀਆਂ ਹਨ। ਇਸ ਸੇਵਾ ਕਾਰਨ ਕਦੀ ਉਨ੍ਹਾਂ ਨੂੰ ਕੋਈ ਸਨਮਾਨਜੋਗ ਅਹੁਦਾ ਪ੍ਰਾਪਤ ਹੋਇਆ ? ਸ਼ੂਦਰਾਂ ਵਿੱਚੋਂ ਜਿਨ੍ਹਾਂ ਨੇ ਗਿਆਨ ਹਾਸਲ ਕਰ ਲਿਆ, ਉਨ੍ਹਾਂ ਦਾ ਜੀਵਨ ਕੁੱਝ ਹੱਦ ਤੱਕ ਬਦਲਣਾ ਸ਼ੁਰੂ ਹੋ ਗਿਆ। ਔਰਤਾਂ ਵਿੱਚੋਂ ਜਿਨ੍ਹਾਂ ਨੂੰ ਉਚੇਰੀ ਪੜ੍ਹਾਈ ਕਰਨ ਦਾ ਸਬੱਬ ਬਣ

ਗਿਆ, ਉਹ ਬੀਬੀਆਂ ਬੇਅੰਤ ਵੱਡੇ-ਵੱਡੇ ਰੁਤਬੇ ਪ੍ਰਾਪਤ ਕਰ ਗਈਆਂ। ਜੇ ਉਹ "ਸੰਗਤਾਂ ਦੀ ਸੇਵਾ" ਹੀ ਕਰਦੀਆਂ ਰਹਿੰਦੀਆਂ ਤਾਂ ਅੱਗੇ ਵਧਣ ਦਾ ਸੁਪਨਾ ਤੱਕ ਨਹੀਂ ਸਨ ਲੈ ਸਕਦੀਆਂ। ਰਾਸ਼ਟਰਪਤੀ, ਪ੍ਰਧਾਨ ਮੰਤਰੀ, ਲੋਕ ਸਭਾ ਦੀ ਸਪੀਕਰ, (ਮੁਖੀ) ਕਾਂਗਰਸ ਪਾਰਟੀ ਦੀ ਪ੍ਰਧਾਨ, ਕੁੱਝ ਕੁ ਸੂਬਿਆਂ ਦੀਆਂ ਮੁੱਖ ਮੰਤਰੀ ਬਣੀਆਂ ਸਾਰੀਆਂ ਸਤਿਕਾਰਯੋਗ ਬੀਬੀਆਂ ਝਾੜੂ-ਪੋਚਾ ਲਾ ਕੇ, ਭਾਂਡੇ ਮਾਂਜ ਕੇ, "ਸੇਵਾ ਕਰ ਕੇ" ਇਨ੍ਹਾਂ ਵਡੇਰੇ ਅਹੁਦਿਆਂ 'ਤੇ ਨਹੀਂ ਪਹੁੰਚੀਆਂ, ਉਨ੍ਹਾਂ ਨੇ ਬਹੁਤ ਵੱਡੀਆਂ ਪੜ੍ਹਾਈਆਂ ਕੀਤੀਆਂ ਹੋਈਆਂ ਹਨ। ਜ਼ਿੰਦਗੀ ਦਾ ਵਿਸ਼ਾਲ ਤਜਰਬਾ ਹੈ। ਅਸੀਂ "ਸੇਵਾ ਤੇ ਸਿਮਰਨ" ਵਿੱਚੋਂ ਰਾਜ ਲੱਭਦੇ ਹਾਂ। ਉਹ ਬਿਨਾਂ "ਸੇਵਾ ਅਤੇ ਬਿਨਾਂ ਸਿਮਰਨ" ਤੋਂ ਰਾਜ ਕਰ ਰਹੀਆਂ ਹਨ। ਭਾਈ ਲਹਿਣਾ ਜੀ (ਗੁਰੂ ਅੰਗਦ ਸਾਹਿਬ) ਤਕਰੀਬਨ ਸੱਤ ਸਾਲ ਤੱਕ ਗੁਰੂ ਨਾਨਕ ਸਾਹਿਬ ਦੀ ਹਜ਼ੂਰੀ ਵਿੱਚ ਰਹਿ ਕੇ ਗੁਰਮਤਿ ਪੜ੍ਹਦੇ-ਸਿੱਖਦੇ ਰਹੇ। ਜੋ ਨਿਰੰਕਾਰੀ ਬਖ਼ਸ਼ਿਸ਼ਾਂ ਗੁਰੂ ਨਾਨਕ ਜੀ ਨੂੰ ਪ੍ਰਾਪਤ ਹੋਈਆਂ ਸਨ। ਗੁਰੂ ਨਾਨਕ ਸਾਹਿਬ ਜੀ ਦੀ ਆਪਣੀ ਵਿਚਾਰਧਾਰਾ ਨੂੰ ਇੰਨ ਬਿੰਨ ਲਾਗੂ ਕਰਾਉਣਾ ਅੱਗੋਂ ਜ਼ਿੰਮੇਵਾਰੀ ਦੂਜੇ ਪਾਤਿਸ਼ਾਹ ਦੀ ਸੀ। ਸਮੇਂ ਦੀ ਰਾਜਨੀਤੀ ਕਿੰਨੀ ਖ਼ੂੰਖਾਰ ਹੈ, ਧਾਰਮਕ ਲੋਕ ਕੁਰਾਹੇ ਪੈ ਚੁੱਕੇ ਹਨ। ਆਮ ਜੰਤਾ ਗ਼ਰੀਬ ਹੈ, ਅਣਪੜ੍ਹ ਹੈ, ਨਾ ਸਮਝ ਹੈ। ਸੈਂਕੜੇ ਸਾਲਾਂ ਤੋਂ ਕਈ ਤਰ੍ਹਾਂ ਦੀ ਗ਼ੁਲਾਮੀ ਵਿੱਚ ਪਿਸਦੀ ਆ ਰਹੀ ਹੈ। ਅਜਿਹੇ ਭਿਆਨਕ ਹਾਲਾਤ ਵਿੱਚ ਲੋਕਾਂ ਨੂੰ ਜਗਾਉਣਾ ਹੈ, ਲਾਮਬੰਦ ਕਰਨਾ ਹੈ। ਏਕਤਾ ਦੇ ਸੂਤਰ ਵਿੱਚ ਪਰੋਣਾ ਹੈ। ਮੌਤ ਦਾ ਭੈ ਮਨਾਂ ਵਿੱਚੋਂ ਕੱਢਣਾ ਹੈ। ਬਾਦਸ਼ਾਹੀਆਂ ਬਦਲਦੀਆਂ ਦਾ ਸ਼ਬਦ ਚਿੱਤਰ ਰਾਹੀਂ ਲੋਕਾਂ ਦੇ ਸਾਹਮਣੇ ਨਕਸ਼ਾ ਖਿੱਚ ਧਰਨਾ ਹੈ। ਜ਼ਿੰਮੇਵਾਰੀ ਚੁੱਕਣ ਵਾਲਾ ਮਹਾਂਪੁਰਖ ਜੇ ਕਿਤੇ ਕਮਜ਼ੋਰੀ ਵਿਖਾ ਜਾਵੇ ਤਾਂ ਸਾਰੀ ਉਸਰੀ ਹੋਈ ਲਹਿਰ ਢਹਿ ਢੇਰੀ ਹੋ ਜਾਇਆ ਕਰਦੀ ਹੈ। ਸੱਤ ਸਾਲ ਲਗਾਤਾਰ ਭਾਈ ਲਹਿਣਾ ਜੀ, ਗੁਰੂ ਨਾਨਕ ਸਾਹਿਬ ਜੀ ਦੇ ਅੰਗ ਸੰਗ ਰਹੇ। ਸਭ ਤੋਂ ਪਹਿਲਾਂ ਭਾਈ ਲਹਿਣਾ ਜੀ ਨੇ ਗੁਰਬਾਣੀ ਦੀਆਂ ਪੋਥੀਆਂ ਨੂੰ ਚੰਗੀ ਤਰ੍ਹਾਂ ਪੜ੍ਹਿਆ ਅਤੇ ਸਮਝਿਆ। ਜਿਨ੍ਹਾਂ ਸਤਿ ਪੁਰਖਾਂ ਦੀ ਬਾਣੀ ਦਾ ਉਤਾਰਾ ਕਰ ਕੇ ਗੁਰੂ ਨਾਨਕ ਸਾਹਿਬ ਲਿਆਏ ਸਨ, ਉਨ੍ਹਾਂ ਨੂੰ ਵਿਚਾਰ ਸਹਿਤ ਪੜ੍ਹਿਆ। ਜਿਸ ਥਾਂ ਕਿਸੇ ਗੁੰਝਲ ਦੀ ਸਮਝ ਨਹੀਂ ਪੈਂਦੀ ਸੀ, ਉਸ ਬਾਰੇ ਗੁਰੂ ਨਾਨਕ ਸਾਹਿਬ ਤੋਂ ਪੁੱਛ ਲੈਂਦੇ ਸਨ। ਅਖ਼ੀਰਲੇ ਸੱਤ ਸਾਲਾਂ ਦੌਰਾਨ ਜੋ ਵਿਅਕਤੀ ਗੁਰੂ ਨਾਨਕ ਸਾਹਿਬ ਨੂੰ ਮਿਲਣ ਆਉਂਦੇ ਸਨ। ਨਵੀਂ ਵਿਚਾਰਧਾਰਾ ਬਾਰੇ ਕਈ ਤਰ੍ਹਾਂ ਦੇ ਸੁਆਲ ਭੀ ਕਰਦੇ ਸਨ। ਸਵੇਰੇ ਸ਼ਾਮ ਜੋ ਉਪਦੇਸ਼ ਸੰਗਤਾਂ ਨੂੰ ਦਿੱਤਾ ਜਾਂਦਾ ਸੀ, ਉਸ ਵਕਤ ਭਾਈ ਲਹਿਣਾ ਜੀ ਹਾਜ਼ਰ ਰਹਿੰਦੇ ਸਨ। ਪ੍ਰਬੰਧਕੀ ਤੌਰ 'ਤੇ ਕੀ ਮੁਸ਼ਕਲਾਂ ਆ ਰਹੀਆਂ ਹਨ, ਉਨ੍ਹਾਂ ਨੂੰ ਰਾਹ ਸਿਰ ਕਿਵੇਂ ਕਰਨਾ ਹੈ। ਨਵੀਂ ਤਿਆਰ ਹੋ ਰਹੀ ਜਥੇਬੰਦੀ ਦੀਆਂ ਕੀ ਲੋੜਾਂ ਹੋ ਸਕਦੀਆਂ ਹਨ। ਗਲ ਪਈ ਬਹੁ ਪਰਤੀ ਗ਼ੁਲਾਮੀ ਕਿਵੇਂ ਗਲੋਂ ਲਾਹੀ ਜਾ ਸਕਦੀ ਹੈ। ਲੰਮੇਂ ਸਮੇਂ ਦੀਆਂ ਅਤੇ ਥੋੜੇ ਸਮੇਂ ਦੀਆਂ ਸਕੀਮਾਂ ਤਿਆਰ ਕਰ ਕੇ, ਕਿਵੇਂ ਲਾਗੂ ਕੀਤੀਆਂ ਜਾ ਸਕਦੀਆਂ ਹਨ। ਅਜਿਹੇ ਅਣਗਿਣਤ ਸਿੱਖਣ ਵਾਲੇ ਕੰਮ ਸਨ, ਜੋ ਉਨ੍ਹਾਂ ਗੁਰੂ ਬਾਬਾ ਜੀ ਤੋਂ ਸਿੱਖੇ ਤਾਂ ਕਿ ਅੱਗੇ ਸਿੱਖਾਂ ਨੂੰ ਸਿਖਾਏ ਜਾ ਸਕਣ।

ਅਫ਼ਸੋਸ! ਬਹੁਤ ਅਫ਼ਸੋਸ!! ਚਾਰੇ ਜਨਮ ਸਾਖੀਆਂ ਵਿੱਚ ਅਜਿਹੀ ਸਿਆਣਪ ਵਾਲੀ ਕੋਈ ਲਿਖਤ ਨਹੀਂ ਹੈ। ਭਾਈ ਲਹਿਣਾ ਜੀ "ਮਹਾਨ ਸ਼ੇਵਾ ਜਾਣ ਕੇ" ਮੀਂਹ ਨਾਲ ਢੱਠ ਚੁੱਕੀ, ਰਾਤ ਸਮੇਂ ਕੰਧ ਉਸਾਰਦੇ ਹਨ। ਦੂਜੀ ਥਾਂਵੇਂ ਗੁਰੂ ਨਾਨਕ ਸਾਹਿਬ ਦਰਿਆ ਵਿੱਚ ਇਸ਼ਨਾਨ ਕਰਦੇ ਹਨ ਤੇ ਭਾਈ ਲਹਿਣਾ ਜੀ ਕੱਪੜਿਆਂ ਦੀ ਰਾਖੀ ਬੈਠੇ ਹਨ। ਇੱਕ ਦਿਨ ਚਿੱਕੜ ਵਿੱਚ ਡਿੱਗਿਆ ਲੋਟਾ ਬਾਹਰ ਕੱਢ ਲਿਆਉਂਦੇ ਹਨ। ਇੱਕ ਬਿੱਲੀ ਸੰਗਤ ਦੇ ਨੇੜੇ ਮਰੀ ਹੋਈ ਚੂਹੀ ਸੁੱਟ ਕੇ ਦੌੜ ਗਈ। ਹੋਰ ਕੋਈ ਹੱਥ ਲਾਉਣ ਨੂੰ ਤਿਆਰ ਨਾ ਹੋਇਆ। ਭਾਈ ਲਹਿਣਾ ਜੀ ਨੇ ਚੂਹੀ ਚੁੱਕ ਕੇ ਬਾਹਰ ਸੁੱਟ ਦਿੱਤੀ। ਇੱਕ ਦਿਨ ਸੰਗਤ ਨੇ ਗੁਰੂ ਨਾਨਕ ਸਾਹਿਬ ਅੱਗੇ ਜਲੇਬੀਆਂ ਖਾਣ ਦੀ ਅਰਜ ਕੀਤੀ। ਗੁਰੂ ਬਾਬਾ ਜੀ ਨੇ ਪੁੱਤਰਾਂ ਨੂੰ ਕਿਹਾ ਕਿ ਜਿਸ ਕਿੱਕਰ ਹੇਠਾਂ ਅਸੀਂ ਬੈਠੇ ਹਾਂ। ਇਸ ਦੇ ਉਪਰ ਚੜ੍ਹ ਕੇ ਹਲੂਣ ਦਿਓ, ਜਲੇਬੀਆਂ ਝੜ ਪੈਣਗੀਆਂ। ਪੁੱਤਰਾਂ ਨੇ ਨਾਂਹ ਕਰ ਦਿੱਤੀ, ਸ਼ੇਵਕਾਂ ਨੇ ਹੁਕਮ ਨਹੀਂ ਮੰਨਿਆ। ਜਦੋਂ ਭਾਈ ਲਹਿਣਾ ਜੀ ਨੂੰ ਇਸ਼ਾਰਾ ਹੋਇਆ ਤਾਂ ਉਹ ਦਬਾਂ ਛੱਟ ਕਿੱਕਰ 'ਤੇ ਚੜ੍ਹਨ ਲੱਗਾ। ਜਦੋਂ ਸਾਥੀਆਂ ਨੇ ਯਾਦ ਕਰਾਇਆ, "ਕਿੱਕਰਾਂ ਨੂੰ ਜਲੇਬੀਆਂ ਨਹੀਂ ਲਗਦੀਆਂ ਹੁੰਦੀਆਂ।" ਭਾਈ ਲਹਿਣਾ ਜੀ ਨੇ ਪੂਰੀ ਸ਼ਰਧਾ ਅਤੇ ਵਿਸ਼ਵਾਸ ਨਾਲ ਆਖਿਆ, "ਮੇਰੇ ਸੱਚੇ ਸਤਿਗੁਰੂ ਜੀ ਨੇ ਆਖਿਆ ਹੈ ਕਿ ਹਲੂਣਾ ਦੇਣ 'ਤੇ ਜਲੇਬੀਆਂ ਹੀ ਝੜਨਗੀਆਂ। ਮੇਰਾ ਗੁਰੂ ਝੂਠ ਨਹੀਂ ਬੋਲਦਾ, ਜਰੂਰ ਜਲੇਬੀਆਂ ਹੀ ਝੜਨਗੀਆਂ" ਜਾਂ ਫਿਰ ਭਾਈ ਲਹਿਣਾ ਜੀ ਖੇਤਾਂ ਵਿੱਚ ਜਾ ਕੇ ਜੀਰੀ (ਝੋਨਾ) ਵਿੱਚੋਂ ਘਾਹ ਕੱਢ ਕੇ, ਪੰਡ ਬੰਨ੍ਹ ਕੇ, ਸਿਰ 'ਤੇ ਰੱਖ ਕੇ ਘਰ ਲੈ ਆਏ ਜਿਸ ਨਾਲ ਭਾਈ ਲਹਿਣਾ ਜੀ ਦੇ ਬਸਤਰ ਗੰਦੇ ਹੋ ਗਏ। ਗੁਰੂ ਨਾਨਕ ਨੇ ਚਿੱਕੜ (ਗਾਰਾ) ਨੂੰ ਕੇਸਰ ਆਖਿਆ, ਕਿਰਤ ਨੂੰ ਸਲਾਹਿਆ। ਇਨ੍ਹਾਂ ਪੰਜ ਸੱਤ ਸਾਖੀਆਂ ਨੂੰ ਬਾਰ-ਬਾਰ ਦੁਹਰਾਇਆ ਜਾ ਰਿਹਾ ਹੈ। ਕੀ ਤੱਤ ਗੁਰਮਤਿ (ਗੁਰਬਾਣੀ ਅਨੁਸਾਰੀ) ਇਨ੍ਹਾਂ ਵਿੱਚ ਰਾਈ ਮਾਤਰ ਹੀ ਲੱਭੇਗੀ? ਗੱਦੀ ਦੇਣ ਵਕਤ ਗੁਰੂ ਨਾਨਕ ਸਾਹਿਬ ਜੀ ਦਾ ਭੀ ਸਾਖੀਕਾਰਾਂ ਨੇ ਹੁਲੀਆ ਵਿਗਾੜ ਦਿੱਤਾ। ਫਟੇ ਪੁਰਾਣੇ ਕੱਪੜੇ ਪਾ ਲਏ। ਹੱਥ ਵਿੱਚ ਮਜ਼ਬੂਤ ਸੋਟਾ ਫੜ ਲਿਆ ਨਾਲ ਪੰਜ-ਸੱਤ ਕੁੱਤੇ ਲੈ ਲਏ। ਸ਼ਾਮ ਦੇ ਸਮੇਂ ਜੰਗਲ ਵੱਲ ਚੱਲ ਪਏ। ਬਾਕੀ ਸਾਰੇ ਰਸਤੇ ਵਿੱਚੋਂ ਵਾਪਸ ਮੁੜਦੇ ਗਏ ਪਰ ਭਾਈ ਲਹਿਣਾ ਜੀ ਨਹੀਂ ਮੁੜੇ। ਅਖ਼ੀਰ ਮੁਰਦਾ ਖਾਣ ਵਾਸਤੇ ਹੁਕਮ ਹੋ ਗਿਆ। ਭਾਈ ਲਹਿਣਾ ਜੀ ਖਾਣ ਲਈ ਤਿਆਰ ਹੋ ਗਏ। ਕੱਪੜਾ ਚੁੱਕ ਕੇ ਵੇਖਿਆ ਤਾਂ ਮੁਰਦੇ ਦੀ ਥਾਵੇਂ ਗੁਰੂ ਨਾਨਕ ਹੀ ਲੰਮੇ ਪਏ ਦਿੱਸ ਪਏ। ਜਦੋਂ ਭਾਈ ਲਹਿਣਾ ਜੀ ਨੂੰ ਸਿੱਖ ਪੰਥ ਦੀ ਵਾਗਡੋਰ ਸੌਂਪ ਕੇ, ਗੁਰੂ ਨਾਨਕ ਸਾਹਿਬ ਜੋਤੀ ਜੋਤ ਸਮਾ ਗਏ ਤਾਂ ਸਰੀਰ ਨੂੰ ਲੇਖੇ ਲਾਉਣ ਲਈ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਝਗੜਾ ਹੋ ਗਿਆ। ਹਿੰਦੂ ਆਖਣ, ਅਸੀਂ ਅਗਨੀ ਭੇਂਟ ਕਰਨਾ ਹੈ। ਮੁਸਲਮਾਨ ਕਹਿਣ, ਅਸੀਂ ਕਬਰ ਬਣਾ ਕੇ ਦਬਾਉਣਾ ਹੈ। ਸੋਚਣ ਵਾਲੀ ਗੱਲ਼ ਇਹ ਹੈ ਕਿ ਅੰਤਮ ਕਿਰਿਆਵਾਂ ਨਿਭਾਉਣ ਦਾ ਅਧਿਕਾਰ ਪਰਵਾਰ ਦਾ ਹੁੰਦਾ ਹੈ ਜਾਂ ਨਿਕਟ ਵਰਤੀ ਦੋਸਤਾਂ, ਮਿੱਤਰਾਂ ਦਾ। ਇਥੇ ਸਿੱਖ ਸੇਵਕ ਦਾ ਹੋਣਾ ਮੰਨਿਆ ਜਾ ਸਕਦਾ ਸੀ। ਭਾਈ ਲਹਿਣਾ ਜੀ ਨੂੰ ਆਪਣੀ ਥਾਂ 'ਤੇ ਸੁਸ਼ੋਭਤ ਕੀਤਾ ਸੀ, ਉਹ ਭੀ ਬੇਬਸ ਜਿਹੇ ਵਿਖਾਏ ਗਏ

ਹਨ। ਲੋਕਾਂ ਦੀ ਮੂੜਤਾ ਤੋਂ ਬਚਣ ਲਈ ਕਰਾਮਾਤੀ ਤਰੀਕੇ ਨਾਲ ਲਾਸ਼ ਹੀ ਗ਼ਾਇਬ ਕਰਵਾ ਦਿੱਤੀ।

ਜੋ ਗੱਲਾਂ ਮਹੱਤਵਹੀਣ ਸਨ, ਉਨ੍ਹਾਂ ਨੂੰ ਸਾਖੀਆਂ ਵਿੱਚ ਬਹੁਤ ਉਭਾਰਿਆ ਗਿਆ ਹੈ। ਜੋ ਮਹੱਤਵਪੂਰਨ ਸਨ, ਉਨ੍ਹਾਂ ਨੂੰ ਨਕਾਰਿਆ ਗਿਆ ਹੈ। ਗੁਰੂ ਨਾਨਕ ਸਾਹਿਬ ਆਪਣੀ ਬਾਣੀ ਖ਼ੁਦ ਲਿਖਦੇ ਅਤੇ ਸੰਭਾਲਦੇ ਸਨ, ਇਸ ਦਾ ਸਾਖੀਆਂ ਵਿੱਚ ਕੋਈ ਜ਼ਿਕਰ ਨਹੀਂ। ਗੁਰੂ ਨਾਨਕ ਸਾਹਿਬ ਨੇ ਭਗਤਾਂ ਦੀ ਬਾਣੀ ਇਕੱਤਰ ਕੀਤੀ, ਇਸ ਦਾ ਕੋਈ ਜ਼ਿਕਰ ਨਹੀਂ। ਭਗਤਾਂ ਦੀ ਬਾਣੀ ਵਿੱਚੋਂ ਅਣਲੋੜੀਂਦੇ ਇੰਦਰਾਜ ਵੱਖ ਕਰਨੇ, ਆਪਣੀ ਵਿਚਾਰਧਾਰਾ ਨਾਲ ਮੇਲ ਖਾਂਦੇ ਸ਼ਬਦ ਹੀ ਰੱਖਣੇ, ਇਨ੍ਹਾਂ ਗੱਲਾਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ। ਜੋ ਉਪਦੇਸ਼ ਜਾਂ ਵਿਚਾਰ ਚਰਚਾ ਗੁਰੂ ਨਾਨਕ ਸਾਹਿਬ ਜੀ ਨੂੰ ਕਰਦੇ ਵਿਖਾਇਆ ਗਿਆ, ਉਹ ਭੀ ਅਧੂਰੀ ਹੈ। ਬਹੁਤੀ ਥਾਈਂ ਗੁਰੂ ਆਸ਼ੇ ਤੋਂ ਉਲਟ ਹੈ। ਲੰਮੇਂ ਸਮੇਂ ਮਗਰੋਂ ਜਿਵੇਂ-ਜਿਵੇਂ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦੇ ਅਰਥ ਕੀਤੇ ਜਾਣ ਲੱਗੇ ਜਾਂ ਸਬੰਧਤ ਵਿਅਕਤੀਆਂ ਅਤੇ ਧਰਮ ਅਸਥਾਨਾਂ ਵਿੱਚ ਵਾਪਰੀਆਂ ਘਟਨਾਵਾਂ ਬਾਰੇ ਪਤਾ ਚਲਦਾ ਗਿਆ, ਉਨ੍ਹਾਂ ਦਾ ਪੇਤਲਾ ਜਿਹਾ ਹਿੱਸਾ ਹੀ ਜਨਮ ਸਾਖੀਆਂ ਵਿੱਚ ਆਇਆ ਹੈ। ਗੁਰਬਾਣੀ ਦੇ "ਸਿੱਕੇ ਬੰਦ" ਸੱਚ ਨੂੰ ਨਜ਼ਰ ਅੰਦਾਜ਼ ਕਰ ਕੇ ਬੇ-ਸਿਰ, ਪੈਰ ਦੀਆਂ ਕਰਾਮਾਤੀ ਸਾਖੀਆਂ ਨਾਲ ਨੱਥੀ ਕਰ ਕੇ, ਮਨੁੱਖ ਨੂੰ ਕੁਰਾਹੇ ਪਾਇਆ ਗਿਆ ਹੈ। ਸਾਰੇ ਗੁਰੂ ਕਾਲ ਵਿੱਚ ਇੱਕੋ ਇੱਕ ਵਿਦਵਾਨ ਭਾਈ ਗੁਰਦਾਸ ਜੀ ਹੀ ਨਜ਼ਰ ਆਉਂਦੇ ਹਨ, ਜਿਨ੍ਹਾਂ ਨੂੰ ਗੁਰੂ ਆਸ਼ੇ ਦੀ ਸਮਝ ਹੈ। ਜੋ ਗੁਰਬਾਣੀ ਦੇ ਅੰਤਰੀਵ ਭਾਵਾਂ ਨੂੰ ਜਾਣਦੇ ਹਨ। ਆਮ ਲੋਕਾਂ ਤੱਕ ਜੋ ਗੁਰੂ ਸੰਦੇਸ਼ ਨੂੰ ਖ਼ੂਬਸੂਰਤ ਢੰਗ ਨਾਲ ਪੁਚਾ ਸਕਦੇ ਹਨ। ਭਾਈ ਲਹਿਣਾ ਜੀ ਤੋਂ "ਸੇਵਾ" ਬਹੁਤ ਕਰਵਾ ਲਈ। ਗੁਰੂ ਨਾਨਕ ਸਾਹਿਬ ਦੇ ਚਰਨਾਂ 'ਤੇ ਲੰਮਾ ਬਹੁਤ ਵਾਰੀ ਪਵਾ ਲਿਆ ਪਰ ਗੁਰਬਾਣੀ ਕਦੋਂ ਪੜ੍ਹੀ-ਸਮਝੀ, ਰਾਈ ਮਾਤਰ ਜ਼ਿਕਰ ਨਹੀਂ ਹੈ। ਸਾਰੀਆਂ ਜਨਮ ਸਾਖੀਆਂ ਮੌਨ ਹਨ। ਇੱਕ ਨਿੱਕੀ ਜਿੰਨੀ ਟੂਕ ਵਲਾਇਤ ਵਾਲੀ ਜਨਮ ਸਾਖੀ ਵਿੱਚੋਂ ਮਿਲਦੀ ਹੈ। ਉਸੇ ਦੇ ਸਹਾਰੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਗੁਰੂ ਅੰਗਦ ਸਾਹਿਬ ਜੀ ਨੂੰ ਦੇ ਦਿੱਤੀ। ਟੂਕ ਇਉਂ ਹੈ- "ਤਿਤੁ ਮਹਲਿ ਜੋ ਸਬਦੁ ਹੋਆ, ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ ॥" (ਵਲਾਇਤ ਵਾਲੀ ਜਨਮ ਸਾਖੀ, ਅੰਤਕਾ ਪੰਨਾ 57, ਜਨਮ ਸਾਖੀ ਪ੍ਰੰਪਰਾ, ਸੰਪਾਦਕ ਡਾ. ਕਿਰਪਾਲ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990 ਦੀ ਐਡੀਸ਼ਨ) ਭਾਵ ਕਿ ਗੁਰੂ ਨਾਨਕ ਸਾਹਿਬ ਜੀ ਨੇ ਆਖਰੀ ਸਮੇਂ ਜੋ ਹੁਕਮ ਦਿੱਤਾ ਉਹ ਸੀ ਆਪਣੀ ਬਾਣੀ (ਅਤੇ ਭਗਤ ਬਾਣੀ) ਦੀ ਪੋਥੀ ਗੁਰੂ ਅੰਗਦ ਸਾਹਿਬ ਜੀ ਦੇ ਹਵਾਲੇ ਕਰਨ ਦਾ।

★★★★★★

ਗੁਰੂ ਅਮਰਦਾਸ ਜੀ (ਸਾਖੀਆਂ)

ਗੁਰੂ ਅਮਰਦਾਸ ਜੀ ਨਾਲ ਭੀ ਸਾਖੀਕਾਰਾਂ ਨੇ ਉਸੇ ਤਰ੍ਹਾਂ ਵਧੀਕੀਆਂ ਕੀਤੀਆਂ ਹਨ, ਜਿਵੇਂ ਕਿ ਬ੍ਰਾਹਮਣਵਾਦੀ ਪੁਜਾਰੀਆਂ ਨੇ ਆਪਣੇ ਅਵਤਾਰਾਂ ਨਾਲ ਕੀਤੀ ਹੈ। ਪਹਿਲੀ ਗੱਲ ਤਾਂ ਇਹ ਕਿ ਗੁਰੂ ਜੀ ਦੀ ਉਮਰ ਦਾ ਹੀ ਸਹੀ ਨਿਰਣਾ ਨਹੀਂ ਹੋ ਸਕਿਆ। ਜੇਕਰ ਸੰਨ 1479 ਵਿੱਚ ਉਨ੍ਹਾਂ ਦਾ ਜਨਮ ਮੰਨੀਏ ਤਾਂ ਉਨ੍ਹਾਂ ਦੇ ਸਾਰੇ ਬੱਚਿਆਂ ਦਾ ਜਨਮ ਮਿਲਾਨ ਕਰ ਕੇ ਕੱਢੀਏ ਤਾਂ ਸਾਰੇ ਬੱਚੇ ਪੰਜਾਹ ਕੁ ਸਾਲ ਦੀ ਉਮਰ ਤੋਂ ਮਗਰੋਂ ਪੈਦਾ ਹੋਏ ਹਨ। ਕੁਦਰਤੀ ਨਿਅਮ ਮੁਤਾਬਕ ਇਸ ਉਮਰ ਵਿੱਚ ਔਰਤਾਂ ਬੱਚੇ ਪੈਦਾ ਨਹੀਂ ਕਰ ਸਕਦੀਆਂ। ਵੀਹ ਤੋਂ ਤੀਹ ਸਾਲ ਤੱਕ ਉਮਰ ਦਾ ਫ਼ਰਕ ਮੌਜੂਦ ਹੈ, ਜੋ ਸੋਧ ਲੈਣਾ ਚਾਹੀਦਾ ਹੈ।

ਪ੍ਰਚੱਲਤ "ਇਤਿਹਾਸ" ਮੁਤਾਬਕ ਬਾਬਾ ਅਮਰਦਾਸ ਜੀ, ਭਾਈ ਸਾਲ ਤੱਕ ਤੀਰਥ ਯਾਤਰਾ ਕਰਦੇ ਰਹੇ। ਜੇਕਰ ਪੰਦਰਾਂ-ਸੋਲਾਂ ਸਾਲ ਤੋਂ ਯਾਤਰਾ ਨੂੰ ਸ਼ੁਰੂ ਹੋਈ ਮੰਨ ਲਈਏ ਤਾਂ ਚਾਲੀ ਸਾਲ ਦੀ ਉਮਰ ਤੱਕ ਯਾਤਰਾ ਸਮਾਪਤ ਹੋ ਜਾਣੀ ਚਾਹੀਦੀ ਸੀ। ਇਸੇ ਵੀਹ ਸਾਲ ਦੇ ਖੱਪੇ ਕਾਰਨ ਬਾਬਾ ਅਮਰਦਾਸ ਜੀ 62 ਸਾਲ ਦੀ ਉਮਰ ਵਿੱਚ ਖਡੂਰ ਪਿੰਡ ਸੇਵਾ ਲਈ ਪੁੱਜਦੇ ਹਨ। ਹਿੰਦੂ ਤੀਰਥਾਂ 'ਤੇ ਇਨੇ ਸਾਲ ਲੇਖੇ ਲਾਉਣ ਤੋਂ ਮਗਰੋਂ ਬਾਬਾ ਜੀ ਨੂੰ ਕੀ ਪ੍ਰਾਪਤੀ ਹੋਈ, ਇਤਿਹਾਸ ਖ਼ਾਮੋਸ਼ ਹੈ। ਹਾਂ ਇੱਕ ਵਾਰੀ ਦੁਰਗਾ ਦੱਤ ਬ੍ਰਾਹਮਣ ਨੇ ਕਰਾਰੀ ਚੋਟ ਮਾਰਦਿਆਂ ਕਹਿ ਦਿੱਤਾ, "ਤੁਸੀਂ ਨਿਗੁਰੇ ਹੋ, ਨਿਗੁਰਾ ਮਨੁੱਖ ਵੱਡਾ ਪਾਪੀ ਹੋਇਆ ਕਰਦਾ ਹੈ। ਮੈਂ ਤੁਹਾਡੇ ਹੱਥ ਦਾ ਛੋਹਿਆ ਖਾਣਾ ਭੀ ਨਹੀਂ ਖਾ ਸਕਦਾ।" ਸਮਾਜਕ ਬਣਤਰ ਪੱਖੋਂ ਬਾਬਾ ਅਮਰਦਾਸ ਖੱਤਰੀ ਸੀ। ਪਰ ਖੱਤਰੀ ਦਾ ਗੁਰੂ ਬ੍ਰਾਹਮਣ ਹੈ। ਖੱਤਰੀ ਖ਼ੁਦ ਨਿਕੰਮਾ ਤੇ ਗਲੀਜ਼ ਹੈ। ਜਦੋਂ ਤੱਕ ਉਹ ਬ੍ਰਾਹਮਣ ਦੇ ਪੈਰਾਂ 'ਤੇ ਲੰਮਾ ਨਹੀਂ ਪੈ ਜਾਂਦਾ। ਇਸ ਸਾਖੀ ਤੋਂ ਇੱਕ ਗੱਲ ਸਪੱਸ਼ਟ ਹੈ ਕਿ ਬਾਬਾ ਅਮਰ ਦਾਸ ਜੀ ਨੇ ਕਿਸੇ ਬ੍ਰਾਹਮਣ ਨੂੰ ਆਪਣਾ ਗੁਰੂ ਸਵੀਕਾਰ ਨਹੀਂ ਕੀਤਾ। ਇਹ ਭੀ ਮੰਨਿਆ ਜਾ ਸਕਦਾ ਹੈ ਕਿ ਉਨ੍ਹਾਂ ਦਾ ਮਾਨਸਿਕ ਪੱਧਰ ਇਨਾ ਉੱਚਾ ਹੋ ਚੁੱਕਿਆ ਸੀ ਕਿ ਉਨ੍ਹਾਂ ਨੂੰ ਬ੍ਰਾਹਮਣ ਵੱਲੋਂ ਕੀਤੇ ਜਾ ਰਹੇ ਮੰਦੇ ਕਰਮ ਸਮਝ ਪੈ ਗਏ ਸਨ। ਕਿਸੇ ਮੰਦ ਕਰਮੀ ਮਨੁੱਖ ਨੂੰ ਉਹ ਆਪਣਾ ਗੁਰੂ ਸਵੀਕਾਰ ਕਰਨ ਨੂੰ ਤਿਆਰ ਨਹੀਂ ਸਨ, ਉਸ ਦੀ ਜਾਤ ਭਾਵੇਂ ਉੱਚੀ ਹੀ ਹੋਵੇ। ਚਲੰਤ "ਇਤਿਹਾਸ" ਮੁਤਾਬਕ ਬਾਬਾ ਜੀ ਨੇ ਇੱਕ ਦਿਨ ਆਪਣੇ ਭਰਾ ਦੀ ਨੂੰਹ ਬੀਬੀ ਅਮਰੋ ਦੇ ਮੁੱਖੋਂ, ਮਧੁਰ ਆਵਾਜ਼ ਵਿੱਚ ਜਪੁ ਜੀ ਦਾ ਪਾਠ ਸੁਣਿਆ। ਮਨ ਬਹੁਤ ਪਰਭਾਵਤ ਹੋਇਆ। ਬੀਬੀ ਜੀ ਨੂੰ ਪੁੱਛਿਆ, "ਤੁਸੀਂ ਕਿਸ ਦੀ ਬਾਣੀ ਪੜ੍ਹਦੇ ਹੋ?" ਬੀਬੀ ਜੀ ਨੇ ਜੁਆਬ ਦਿੱਤਾ, "ਜੀ, ਗੁਰੂ ਨਾਨਕ ਸਾਹਿਬ ਜੀ ਦੀ।"

ਬਾਬਾ ਅਮਰਦਾਸ- "ਗੁਰੂ ਨਾਨਕ ਕਿੱਥੇ ਰਹਿੰਦੇ ਹਨ?"

ਬੀਬੀ- "ਜੀ, ਉਹ ਜੋਤੀ ਜੋਤ ਸਮਾ ਚੁੱਕੇ ਹਨ, ਉਨ੍ਹਾਂ ਦੀ ਗੱਦੀ 'ਤੇ ਮੇਰੇ ਪਿਤਾ ਗੁਰੂ ਅੰਗਦ ਸਾਹਿਬ ਜੀ ਜ਼ਿੰਮੇਵਾਰੀ ਨਿਭਾਅ ਰਹੇ ਹਨ। ਜੋ ਅੱਜ ਕੱਲ੍ਹ ਖਡੂਰ ਪਿੰਡ ਵਿੱਚ ਹਨ।"

ਬਾਬਾ ਜੀ- "ਬੇਟੀ, ਮੈਂ ਪ੍ਰਵਾਰ ਤੋਂ ਇਜਾਜ਼ਤ ਲੈ ਲੈਂਦਾ ਹਾਂ, ਤੂੰ ਮੇਰੇ ਨਾਲ ਚੱਲ ਮੈਨੂੰ

ਇੱਕ ਵਾਰੀ ਸੱਚੇ ਗੁਰੂ ਦੇ ਦਰਸ਼ਨ ਕਰਵਾ ਦੇ।" ਅੱਗੇ ਖਡੂਰ ਪਹੁੰਚ ਕੇ ਬਾਬਾ ਅਮਰਦਾਸ ਪਿਛਾਂਹ ਖਲੋ ਗਿਆ। ਬੀਬੀ ਜੀ ਨੇ ਪਿਤਾ ਗੁਰੂ ਨੂੰ ਸਾਰੀ ਗੱਲਬਾਤ ਦੱਸੀ। ਗੁਰੂ ਅੰਗਦ ਸਾਹਿਬ ਖ਼ੁਦ ਲੈਣ ਵਾਸਤੇ ਆਏ ਤੇ ਸਤਿਕਾਰ ਸਹਿਤ ਆਪਣੇ ਨੇੜੇ ਬਿਠਾਇਆ।....

ਪਾਠਕ ਜਨੋ! ਆਪਣੇ ਦਿਮਾਗ ਤੋਂ ਥੋੜ੍ਹਾ ਜਿਹਾ ਕੰਮ ਲਓ। ਪਰਖ ਕਰੋ ਇਸ ਸਾਖੀ ਦੀ। ਬਾਬਾ ਅਮਰਦਾਸ ਇੱਕ ਸੁਚੇਤ ਮਨੁੱਖ ਹੈ, ਉਮਰ ਚਾਲੀ-ਪੰਜਾਹ ਸਾਲ ਹੈ। ਵੀਹ- ਬਾਈ ਵਾਰੀ ਤੀਰਥ ਯਾਤਰਾ ਕਰ ਚੁੱਕਿਆ ਹੈ। ਬਹੁਤ ਸਾਰੇ ਲੋਕਾਂ ਨਾਲ ਵਿਚਾਰ-ਵਟਾਂਦਰੇ ਕਰ ਚੁੱਕਿਆ ਹੈ। ਬਹੁਤ ਸਾਰੇ ਗੁਣੀ ਗਿਆਨੀਆਂ ਦੇ ਧਾਰਮਕ ਪ੍ਰਵਚਨ ਸੁਣ ਚੁੱਕਿਆ ਹੈ। ਉਮਰ ਪੱਖੋਂ ਪ੍ਰੌੜ ਹੈ। ਪਰ ਉਸ ਨੂੰ ਨਹੀਂ ਪਤਾ ਕਿ ਸਾਡੇ ਘਰ ਵਿੱਚ ਜੋ ਨੂੰਹ ਰਾਣੀ ਵਿਆਹੀ ਆਈ ਹੈ, ਇਹ ਕਿਸ ਦੀ ਬੇਟੀ ਹੈ? ਇਸ ਬੀਬੀ ਦਾ ਪਿਤਾ ਸਤਿਕਾਰਯੋਗ ਗੁਰੂ ਅੰਗਦ ਸਾਹਿਬ ਹੈ। ਗੁਰੂ ਅੰਗਦ, ਗੁਰੂ ਨਾਨਕ ਦਾ ਹੀ ਰੂਪ ਹੋ ਕੇ, ਉਨ੍ਹਾਂ ਵਾਲੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਅ ਰਿਹਾ ਹੈ। ਗੁਰੂ ਨਾਨਕ ਸਾਹਿਬ ਨੇ ਚੌਦਾਂ ਸਾਲ ਤੱਕ ਸੁਲਤਾਨਪੁਰ ਵਿੱਚ ਮੋਦੀ ਵਰਗੇ ਪ੍ਰਮੁੱਖ ਅਹੁਦੇ 'ਤੇ ਰਹਿ ਕੇ ਜ਼ਿੰਮੇਵਾਰੀ ਨਿਭਾਈ। ਗੁਰੂ ਨਾਨਕ ਸਾਹਿਬ ਨੇ ਸਾਰੇ ਪੰਜਾਬ ਵਿੱਚ ਲੋਕਾਂ ਨੂੰ ਜਗਾਉਣ ਹਿੱਤ ਇਕੱਠਾਂ ਵਿੱਚ ਲੈਕਚਰ ਦਿੱਤੇ। ਲੰਕਾ ਤੋਂ ਲੈ ਕੇ ਮੱਕੇ ਤੱਕ ਲੋਕੀਂ ਉਨ੍ਹਾਂ ਨੂੰ ਜਾਣਦੇ ਹਨ। ਹਿਮਾਲਾ ਪਰਬਤ ਤੋਂ ਲੈ ਕੇ ਗੁਜਰਾਤ ਤੱਕ ਉਨ੍ਹਾਂ ਦੇ ਨਾਮ ਦੇ ਡੰਕੇ ਵਜਦੇ ਹਨ। ਤਲਵੰਡੀ ਤੇ ਕਰਤਾਰਪੁਰ ਲੋਕੀਂ ਵਹੀਰਾਂ ਘੱਤ ਕੇ ਦਰਸ਼ਨਾਂ ਲਈ ਆਉਂਦੇ ਹਨ। ਬਾਬਰ ਬਾਦਸ਼ਾਹ ਭੀ ਗੁਰੂ ਨਾਨਕ ਸਾਹਿਬ ਨਾਲ ਸੁਖਾਵੀਂ ਮੁਲਾਕਾਤ ਕਰਦਾ ਹੈ। ਆਪਣੀ ਇਸ ਕ੍ਰਾਂਤੀਕਾਰੀ ਲਹਿਰ ਨੂੰ ਇਸੇ ਤਰ੍ਹਾਂ ਅੱਗੇ ਵਧਾਉਣ ਵਾਸਤੇ ਗੁਰੂ ਅੰਗਦ ਸਾਹਿਬ ਜੀ ਨੂੰ ਜ਼ਿੰਮੇਵਾਰੀ ਸੌਂਪ ਗਏ ਹਨ। "ਇਤਿਹਾਸਕਾਰਾਂ" ਦਾ ਇਨਸਾਫ਼ ਵੇਖੋ ਕਿ ਬਾਬਾ ਅਮਰਦਾਸ ਜੀ ਬੀਬੀ ਅਮਰੋ ਜੋ ਗੁਰੂ ਅੰਗਦ ਸਾਹਿਬ ਦੀ ਬੇਟੀ ਹੈ, ਉਸ ਤੋਂ ਪੁੱਛਦੇ ਹਨ ਕਿ "ਪੁੱਤਰੀ, ਆਹ ਤੂੰ ਕਿਸ ਦੀ ਬਾਣੀ ਪੜ੍ਹਦੀ-ਗਾਉਂਦੀ ਹੈਂ?"

ਬਾਈ ਸਾਲ ਤੱਕ ਤੀਰਥਾਂ 'ਤੇ ਘੁੰਮ ਫਿਰ ਕੇ ਬਾਬਾ ਅਮਰਦਾਸ ਨੂੰ ਕੋਈ ਖ਼ਬਰ ਨਾ ਮਿਲੀ ਕਿ ਪੰਜਾਬ ਦੇ ਨਗਰ ਤਲਵੰਡੀ ਵਿੱਚ ਇੱਕ ਕ੍ਰਾਂਤੀਕਾਰੀ ਯੋਧਾ, ਸੱਚ ਦੇ ਝੰਡੇ ਬੁਲੰਦ ਕਰਨ ਲਈ ਪੈਦਾ ਹੋਇਆ ਹੈ, ਕਿਉਂ ਨਹੀਂ ਪਤਾ? ਆਉਣ-ਜਾਣ ਵਕਤ ਲੋਕੀਂ ਕਾਫ਼ਲੇ ਬਣਾ ਕੇ ਤੀਰਥ ਯਾਤਰਾ ਕਰਦੇ ਸਨ, ਉਨ੍ਹਾਂ ਕਾਫ਼ਲਿਆਂ ਵਿਚਲੇ ਕਿਸੇ ਵਿਅਕਤੀ ਨੇ ਗੁਰੂ ਨਾਨਕ ਸਾਹਿਬ ਦੀ ਦੱਸ ਨਾ ਪਾਈ? ਜਦੋਂ ਬਾਬਾ ਅਮਰਦਾਸ ਦੇ ਭਤੀਜੇ ਦਾ ਮੰਗਣਾ ਗੁਰੂ ਅੰਗਦ ਸਾਹਿਬ ਜੀ ਦੀ ਬੇਟੀ ਬੀਬੀ ਅਮਰੋ ਨਾਲ ਹੋਇਆ, ਕੀ ਉਸ ਸਮੇਂ ਭੀ ਬਾਬਾ ਜੀ ਨੇ ਨਾ ਪੁੱਛਿਆ ਕਿ "ਭਾਈ ਕਿਸ ਪਿੰਡ ਵਿੱਚ, ਕਿਸ ਖ਼ਾਨਦਾਨ ਨਾਲ ਰਿਸ਼ਤਾ ਗੰਢਣ ਲੱਗੇ ਹੋ?" ਰਿਸ਼ਤੇ ਨਾਤਿਆਂ ਬਾਰੇ ਘਰ ਦੇ ਜੀਆਂ ਨੂੰ ਹੀ ਨਹੀਂ ਸਗੋਂ ਸਾਰੇ ਪਿੰਡ ਨੂੰ ਪਤਾ ਹੁੰਦਾ ਸੀ ਕਿ ਰਿਸ਼ਤੇਦਾਰਾਂ ਦਾ ਪਿਛੋਕੜ ਕੀ ਹੈ? ਜਦੋਂ ਬਰਾਤ ਲੈ ਕੇ ਪੰਝੀ-ਤੀਹ ਬੰਦੇ ਖਡੂਰ ਗਏ ਸਨ, ਲੜਕੇ-ਲੜਕੀ ਦੀ ਵਿਆਹ ਵਾਲੀ ਰਸਮ ਪੂਰੀ ਕਰ ਕੇ ਵਾਪਸ ਆਏ ਸਨ ਤਾਂ ਕਿਸੇ ਮਨੁੱਖ ਤੋਂ ਬਾਬਾ ਅਮਰਦਾਸ ਨੇ ਕੋਈ ਖ਼ਬਰ ਨਾ ਪੁੱਛੀ ਕਿ ਲੜਕੀ ਦਾ ਪਿਛੋਕੜ ਕੀ ਹੈ? ਬੀਬੀ ਅਮਰੋ ਵਿਆਹ ਕੇ ਘਰ ਵਿੱਚ ਆ ਗਈ, ਫਿਰ ਭੀ ਆਪਣੇ ਭਰਾਵਾਂ ਤੋਂ ਜਾਂ ਭਤੀਜੇ ਤੋਂ ਨਾ ਪੁੱਛਿਆ

ਕਿ ਰਿਸ਼ਤਾ ਕਿੱਥੇ ਜੋੜਿਆ ਹੈ ? ਇੰਨੀ ਨੇੜੇ ਦੀ ਰਿਸ਼ਤੇਦਾਰੀ, ਗੁਰੂ ਨਾਨਕ ਰੂਪ, ਗੁਰੂ ਅੰਗਦ ਸਾਹਿਬ ਨਾਲ ਬਣ ਗਈ ਹੋਵੇ। ਲੋਕੀਂ ਦੂਰੋ ਦੂਰੋਂ ਆ ਕੇ ਗੁਰੂ ਅੰਗਦ ਸਾਹਿਬ ਦੇ ਦਰਸ਼ਨ ਕਰਨ, ਜੀਵਨਦਾਨ ਪ੍ਰਾਪਤ ਕਰਨ। ਪਰ ਬਾਬਾ ਅਮਰਦਾਸ ਕਿੰਨੇ "ਨਾਸਮਝ" ਸਨ ਕਿ ਉਨ੍ਹਾਂ ਬੀਬੀ ਅਮਰੋ ਨੂੰ ਹੀ ਹੈਰਾਨ ਹੋ ਕੇ ਪੁੱਛਿਆ, "ਬੇਟੀ! ਆਹ ਕੀਹਦੀ ਬਾਣੀ ਪੜ੍ਹਦੀ ਹੈਂ ?"

ਕੀ ਸਿੱਖਾਂ ਵਿਚਲੇ ਲੇਖਾਰੀ ਅਤੇ ਕਥਾਵਾਚਕ ਇੰਨੇ ਹੀ ਬਦ ਦਿਮਾਗ ਹਨ ਕਿ ਉਨ੍ਹਾਂ ਦੀ ਠੀਕ ਜਾਂ ਗ਼ਲਤ ਤੱਥ ਪਰਖਣ ਦੀ ਬੁੱਧੀ ਹੀ ਖ਼ਤਮ ਹੋ ਗਈ ਹੈ ? ਕੀ ਸਿੱਖਾਂ ਦੀਆਂ ਗੁਰਦਵਾਰਾ ਕਮੇਟੀਆਂ ਕੇਵਲ ਮਾਇਆ ਹੂੰਝਣ ਲਈ ਹਨ ? ਕੀ ਸਾਡੇ ਤਖ਼ਤਾਂ ਦੇ "ਜਥੇਦਾਰ" ਰਾਜਸੀ ਲੋਕਾਂ ਦੇ ਦੁੰਮ ਛੱਲੇ ਹੀ ਹਨ ? ਕੀ ਯੂਨੀਵਰਸਿਟੀਆਂ ਵਿੱਚ ਬੈਠੇ ਸਿੱਖ ਵਿਦਵਾਨ ਮਿੱਟੀ ਦੇ ਮਾਧੋ ਹੀ ਹਨ ? ਅਜਿਹੇ ਅਨੇਕ ਮਸਲਿਆਂ 'ਤੇ ਵਿਚਾਰ ਕਰਨ ਲਈ ਕਦੀ ਸਿੱਖ ਵਿਦਵਾਨ ਸਿਰ ਜੋੜ ਕੇ ਬੈਠਣ ਦੀ ਕੋਸ਼ਿਸ਼ ਕਰਨਗੇ ?

ਬਾਬਾ ਅਮਰਦਾਸ, ਗੁਰੂ ਅੰਗਦ ਸਾਹਿਬ ਦੀ ਸੇਵਾ ਵਿੱਚ ਹਾਜ਼ਰ ਹੋ ਗਿਆ। ਲੱਗਾ ਹਰ ਰੋਜ਼ ਭਾਂਡੇ ਮਾਂਜਣ, ਪਾਣੀ ਢੋਣ ਤੇ ਗੋਇੰਦਵਾਲ ਦਰਿਆ ਤੋਂ ਪਾਣੀ ਲਿਆ ਕੇ ਗੁਰੂ ਅੰਗਦ ਸਾਹਿਬ ਜੀ ਦਾ ਇਸ਼ਨਾਨ ਕਰਾਉਣ। ਖਡੂਰ ਪਿੰਡ ਦੇ ਲੋਕਾਂ ਦੀਆਂ ਪਾਣੀ ਵਾਲੀਆਂ ਲੋੜਾਂ ਪਿੰਡ ਵਾਲੇ ਖੂਹਾਂ ਤੋਂ ਪੂਰੀਆਂ ਹੋ ਰਹੀਆਂ ਸਨ। ਬਾਬਾ ਅਮਰਦਾਸ ਦੇ ਖਡੂਰ ਪੁੱਜਣ ਤੋਂ ਪਹਿਲਾਂ ਕੋਈ ਸਿੱਖ ਗੋਇੰਦਵਾਲ ਤੋਂ ਪਾਣੀ ਲੈਣ ਨਹੀਂ ਜਾਂਦਾ ਸੀ। ਸਾਰੇ ਯਾਤਰੂ ਪਿੰਡ ਵਿੱਚ ਹੀ ਇਸ਼ਨਾਨ ਕਰਦੇ ਸਨ। ਲੰਗਰ ਵਾਸਤੇ ਪਾਣੀ ਦਾ ਪ੍ਰਬੰਧ ਪਿੰਡ ਵਿੱਚੋਂ ਹੀ ਹੋ ਜਾਇਆ ਕਰਦਾ ਸੀ। ਬਾਬਾ ਅਮਰਦਾਸ ਨੂੰ ਪਿੰਡ ਦਾ ਪਾਣੀ ਪਤਾ ਨਹੀਂ ਕਿਸ ਕਾਰਨ "ਖੱਟਾ" ਲੱਗਣ ਲੱਗਿਆ ? ਬਾਕੀ ਸਾਰੀਆਂ ਲੋੜਾਂ ਲਈ ਖਡੂਰ ਵਿੱਚ ਪਾਣੀ ਹੈ, ਪਰ ਗੁਰੂ ਅੰਗਦ ਜੀ ਦੇ ਇਸ਼ਨਾਨ ਲਈ ਖਡੂਰ ਵਿੱਚ ਪਾਣੀ ਨਹੀਂ ਹੈ। ਅਜਿਹਾ ਕਿਉਂ ? ਗੁਰੂ ਅੰਗਦ ਸਾਹਿਬ ਜੀ ਨੇ ਕਦੀ ਨਾ ਰੋਕਿਆ ਕਿ ਭਾਈ ਕਿਉਂ ਸਮਾਂ ਵਿਅਰਥ ਗਵਾਉਂਦਾ ਹੈਂ ? ਚਾਰ ਕੋਹ (ਬਾਰਾਂ ਕਿਲੋ ਮੀਟਰ) ਜਾਣ, ਚਾਰ ਕੋਹ ਆਉਣਾ, ਕਿਉਂ ਆਪਣੇ ਸਰੀਰ ਨੂੰ ਮੁਸ਼ਕਲਾਂ ਵਿੱਚ ਪਾਉਂਦਾ ਹੈਂ ? ਪਿੰਡ ਵਿਚਲਾ ਪਾਣੀ ਤੇ ਦਰਿਆ ਵਾਲਾ ਪਾਣੀ ਇਕਸਾਰ ਹੀ ਤਾਂ ਹੈ।

ਜੇਕਰ ਸਾਡੇ ਕਥਾਵਾਚਕ ਇੰਨੀ ਕੁ ਕਹਾਣੀ ਨਾਲ ਸਬਰ ਕਰ ਲੈਂਦੇ ਤਾਂ ਕੋਈ ਖ਼ਾਸ ਨੁਕਸਾਨ ਨਹੀਂ ਸੀ ਹੋਣਾ। ਫਿਰ ਕਿਸੇ ਨਵੀਂ ਕਾਢ ਕੱਢ ਮਾਰੀ ਕਿ ਗੋਇੰਦਵਾਲ ਤੱਕ ਬਾਬਾ ਅਮਰਦਾਸ ਨੰਗੇ ਪੈਰੀਂ ਸਫ਼ਰ ਕਰਦਾ ਸੀ। ਅਗਲੇ ਕਥਾਕਾਰ ਨੇ ਤੀਰ ਮਾਰਿਆ ਕਿ ਜਦੋਂ ਬਾਬਾ ਜੀ ਪਾਣੀ ਲੈਣ ਜਾਂਦੇ ਤਾਂ ਪਹਿਲਾਂ ਖ਼ੁਦ ਇਸ਼ਨਾਨ ਕਰਦੇ, ਫਿਰ ਗਾਗਰ ਭਰ ਕੇ ਲਿਆਉਂਦੇ। ਅੰਦਰੋਂ ਫੁਰਨਾ ਫੁਰਿਆ, ਮਨਾਂ ਤੂੰ ਪਹਿਲਾਂ ਇਸ਼ਨਾਨ ਕਰੇਂ ਤੇ ਸਤਿਗੁਰੂ ਜੀ ਲਈ ਪਾਣੀ ਮਗਰੋਂ ਭਰੀਂ ? ਇਹ ਤਾਂ ਘੋਰ ਪਾਪ ਹੈ। ਫਿਰ ਅੰਦਰੋ ਆਵਾਜ਼ ਆਈ, "ਅਮਰਦਾਸ! ਗਾਗਰ ਸਿਰ 'ਤੇ ਰੱਖ ਕੇ, ਪਾਣੀ ਵਿੱਚ ਸਣੇ ਕੱਪੜੇ ਚੁੱਭੀ ਮਾਰ ਲੈ। ਤੇਰਾ ਇਸ਼ਨਾਨ ਤੇ ਸਤਿਗੁਰੂ ਜੀ ਲਈ ਪਾਣੀ ਦੀ ਗਾਗਰ ਭਰਨ ਦਾ ਕਾਰਜ ਇੱਕੋ ਵਾਰੀ ਹੋ ਜਾਵੇਗਾ। ਇਹ ਸਾਖੀ ਚੰਗੀ ਚਲਦੀ ਗਈ। ਕੋਈ ਹੋਰ ਨਵਾਂ ਲੇਖਾਰੀ ਖੋਜ ਕਰਦਾ ਨਿਕਲ ਪਿਆ, ਅਖੇ ਬਾਬਾ ਅਮਰਦਾਸ ਖਡੂਰ ਤੋਂ ਪਾਣੀ ਲੈਣ ਲਈ ਜਦੋਂ ਜਾਂਦੇ ਸਨ ਤਾਂ ਉਹ ਪੁੱਠੇ ਪੈਰੀਂ ਟੁਰਦੇ ਸਨ। ਮਤਾ ਕਿਤੇ ਮੇਰੀ

ਸਤਿਗੁਰੂ ਜੀ ਵਲ ਪਿੱਠ ਨਾ ਹੋ ਜਾਵੇ। ਕਿਸੇ ਹੋਰ ਨੇ "ਖੋਜ" ਕਰ ਕੇ ਦੱਸਿਆ ਕਿ ਬਾਬਾ ਅਮਰਦਾਸ ਨੂੰ ਹਰ ਛੇ ਮਹੀਨੇ ਮਗਰੋਂ ਸਿਰ 'ਤੇ ਬੰਨਣ ਲਈ ਤਿੰਨ ਚਾਰ ਗਜ ਕੱਪੜਾ ਮਿਲਦਾ ਸੀ। ਬਾਬਾ ਜੀ ਹਰ ਵਾਰੀ ਕੱਪੜਾ ਲੈ ਕੇ, ਪਹਿਲਾਂ ਵਾਲੇ ਕੱਪੜੇ ਉਤਾਰਨ ਤੋਂ ਬਿਨਾਂ ਹੀ ਹੋਰ ਸਿਰ 'ਤੇ ਬੰਨ੍ਹ ਲੈਂਦੇ। ਅੱਗੇ ਹੋਰ "ਖੋਜ" ਹੋਈ ਕਿ ਇੱਕ ਦਿਨ ਪੈਰ ਅਟਕ ਕੇ ਬਾਬਾ ਜੀ ਦਾ ਸਰੀਰ ਡੋਲ ਗਿਆ। ਸਿਰ 'ਤੇ ਬੰਨ੍ਹੀਆਂ ਦਸਤਾਰਾਂ ਜ਼ਮੀਨ 'ਤੇ ਡਿੱਗ ਪਈਆਂ। ਸਿਰ ਵਿੱਚ ਜੂੰਆਂ ਪੈ ਗਈਆਂ ਸਨ। ਬਾਹਰ ਡਿੱਗੀਆਂ ਜੂੰਆਂ ਚੁੱਕ ਕੇ ਬਾਬਾ ਜੀ ਨੇ ਆਪਣੇ ਸਿਰ ਵਿੱਚ ਟਿਕਾ ਲਈਆਂ। ਅਖੇ, ਤੁਹਾਡੇ ਲਈ ਖਾਣਾ ਅਤੇ ਰਿਹਾਇਸ਼ ਇਥੇ ਵਧੀਆ ਹੈ। ਅੱਗੋਂ ਹੋਰ ਨਵਾਂ ਖੋਜੀ ਉੱਠਿਆ, ਉਸ ਨੇ ਲਿਖਿਆ– "ਗੁਰੂ ਅੰਗਦ ਜੀ ਦੇ ਪੈਰ ਨੂੰ ਕੁਸ਼ਟ ਰੋਗ ਸੀ।"

(ਜਨਮ ਸਾਖੀ ਪ੍ਰੰਪਰਾ, ਡਾ. ਕਿਰਪਾਲ ਸਿੰਘ ਔਤਕਾ ਪੰਨਾ 400)

ਕੁਸ਼ਟ ਰੋਗ ਦਾ ਕਾਰਨ ਸਾਖੀਕਾਰ ਦਸਦਾ ਹੈ ਕਿ ਗੁਰਗੱਦੀ ਦੇਣ ਸਮੇਂ ਗੁਰੂ ਨਾਨਕ ਸਾਹਿਬ ਜੀ ਨੇ ਗੁਰੂ ਅੰਗਦ ਜੀ ਦੇ ਚਰਨਾਂ 'ਤੇ ਜਦੋਂ ਮੱਥਾ ਟੇਕਿਆ ਤਾਂ ਪੈਰ ਦੇ ਅੰਗੂਠੇ ਨਾਲ ਗੁਰੂ ਨਾਨਕ ਜੀ ਦਾ ਮੱਥਾ ਛੋਹ ਗਿਆ। ਇਸੇ ਕਾਰਨ ਗੁਰੂ ਅੰਗਦ ਜੀ ਦੇ ਪੈਰ 'ਤੇ ਕੁਸ਼ਟ ਰੋਗ ਹੋ ਗਿਆ। ਇਸ ਨੂੰ ਵਿਸਥਾਰ ਦਿੱਤਾ ਹੈ, ਸੂਰਜ ਪ੍ਰਕਾਸ਼ ਗ੍ਰੰਥ ਦੇ ਲੇਖਾਰੀ ਭਾਈ ਸੰਤੋਖ ਸਿੰਘ ਨੇ। ਜਿਸ ਸੂਰਜ ਪ੍ਰਕਾਸ਼ ਦੀ ਕਥਾ ਬਹੁ ਗਿਣਤੀ ਗੁਰਦਵਾਰਿਆਂ ਵਿੱਚ ਨਿੱਤ ਦਿਨ ਹੁੰਦੀ ਹੈ। ਕੁੱਝ ਥਾਵਾਂ 'ਤੇ ਇਹ ਲਿਖਿਆ ਭੀ ਮਿਲਦਾ ਹੈ ਕਿ ਗੁਰੂ ਨਾਨਕ ਵੱਲੋਂ ਗੁਰਗੱਦੀ ਜਦੋਂ ਗੁਰੂ ਅੰਗਦ ਨੂੰ ਦੇ ਦਿੱਤੀ ਤਾਂ ਸ੍ਰੀ ਚੰਦ ਨੇ ਨਾਰਾਜ਼ ਹੋ ਕੇ ਕਹਿ ਦਿੱਤਾ, "ਇਸ ਕੋਹੜੇ ਨੂੰ ਗੱਦੀ ਕਿਉਂ ਦਿੱਤੀ ਗਈ ?" ਇਨ੍ਹਾਂ ਬੋਲਾਂ ਕਾਰਨ ਹੀ ਕੋਹੜ ਲੱਗਿਆ। ਜਿੰਨਾ ਸਮਾਂ ਗੁਰੂ ਅੰਗਦ ਗੱਦੀ 'ਤੇ ਬਿਰਾਜਮਾਨ ਰਹੇ ਕੁਸ਼ਟ ਰੋਗ ਦੀ ਪੀੜਾ ਤੋਂ ਨਿਜਾਤ ਨਾ ਪਾ ਸਕੇ। ਕਰੀਬ ਸਾਢੇ ਤੇਰਾਂ ਸਾਲ ਦਾ ਲੰਮਾਂ ਸਮਾਂ ਦੁੱਖ ਭੋਗਦੇ ਰਹੇ। ਜਿਸ ਗੁਰੂ ਬਾਰੇ ਸਟੇਜਾਂ 'ਤੇ ਸੁਣਾਇਆ ਜਾਂਦਾ ਹੈ ਕਿ "ਗੁਰੂ ਸਰਬ ਸ਼ਕਤੀਮਾਨ ਹੈ, ਸਾਰੇ ਰੋਗ ਸੋਗ ਖ਼ਤਮ ਕਰਨ ਦੀ ਸਮਰੱਥਾ ਰਖਦਾ ਹੈ। ਦੁੱਖਾਂ ਦਾ ਖ਼ਾਤਮਾ ਕਰ ਕੇ ਸੁੱਖਾਂ ਨਾਲ ਝੋਲੀਆਂ ਭਰ ਦਿੰਦਾ ਹੈ।" ਜੇ ਕੋਈ ਵਿਅਕਤੀ ਸਿੱਖ ਨੂੰ ਸੁਆਲ ਕਰ ਦੇਵੇ ਕਿ "ਤੁਹਾਡੇ ਗੁਰੂ ਦਾ ਆਪਣਾ ਦੁੱਖ ਤਾਂ ਦੂਰ ਨਹੀਂ ਹੋਇਆ। ਦੂਜਿਆਂ ਦੇ ਕੀ ਦੁੱਖ ਦੂਰ ਕਰੇਗਾ ?" ਸਿਵਾਏ ਸ਼ਰਮਸਾਰ ਹੋਣ ਦੇ ਅਸੀਂ ਕੀ ਜੁਆਬ ਦੇ ਸਕਾਂਗੇ ?

ਬਾਬਾ ਅਮਰਦਾਸ, ਗੁਰੂ ਅੰਗਦ ਸਾਹਿਬ ਦੀ ਸੇਵਾ ਵਿੱਚ ਹਾਜ਼ਰ ਹੋ ਗਏ। ਜਿਥੇ ਬਰਤਨ ਲੰਗਰ ਦੀ ਸੇਵਾ ਕਰਦੇ ਹਨ। ਇਸ਼ਨਾਨ ਕਰਾਉਣ ਦੀ ਸੇਵਾ ਕਰਦੇ ਹਨ। ਇਨ੍ਹਾਂ ਸਾਰੀਆਂ ਸੇਵਾਵਾਂ ਨਾਲੋਂ ਇੱਕ ਹੋਰ ਬਹੁਤ ਵੱਡੀ "ਮਹਾਨ ਸੇਵਾ" ਭੀ ਕਰਿਆ ਕਰਦੇ ਸਨ। ਆਮ ਕਰ ਕੇ ਗੁਰੂ ਅੰਗਦ ਸਾਹਿਬ ਜੀ ਨੂੰ "ਕੁਸ਼ਟ ਰੋਗ" ਕਾਰਨ ਰਾਤ ਨੂੰ ਨੀਂਦ ਨਾ ਆਉਂਦੀ। ਦਰਦ ਨਾਲ ਵਿਆਕੁਲ ਹੁੰਦੇ। ਇਸ ਭਿਆਨਕ ਦਰਦ ਤੋਂ ਰਾਹਤ ਦਿਵਾਉਣ ਲਈ ਬਾਬਾ ਅਮਰਦਾਸ, ਗੁਰੂ ਅੰਗਦ ਸਾਹਿਬ ਦੇ ਪੈਰ ਦੇ ਅੰਗੂਠੇ ਨੂੰ ਆਪਣੇ ਮੂੰਹ ਨਾਲ ਚੂਸਦੇ। ਜ਼ਖ਼ਮਾਂ ਵਿੱਚੋਂ ਪੀਕ (ਮੁਆਦ) ਖਿੱਚ ਕੇ ਬਾਹਰ ਕੱਢਦੇ ਰਹਿੰਦੇ ਤਾਂ ਕਿਤੇ ਗੁਰੂ ਅੰਗਦ ਜੀ ਨੂੰ ਆਰਾਮ ਮਿਲਦਾ। ਕੌਣ ਜ਼ਿੰਮੇਵਾਰ ਹੈ ਮਹਾਨ ਗੁਰੂਆਂ ਦੇ ਅਪਮਾਨ ਕਰਨ ਲਈ ? ਕਿੱਥੇ ਨੇ ਸਿੱਖਾਂ ਦੇ ਵਿਦਵਾਨ ਜੋ ਦਲੇਰੀ ਨਾਲ ਇਸ ਗੰਦ ਨੂੰ ਸਿੱਖੀ ਦੇ ਵਿਹੜੇ ਵਿੱਚੋਂ ਹੂੰਝ ਕੇ ਬਾਹਰ ਸੁੱਟ ਸਕਣ ?

ਕੀ ਹੋ ਗਿਆ ਸਿੱਖਾਂ ਵਿਚਲੇ ਕਥਾਵਾਚਕਾਂ ਨੂੰ। ਇਹ ਸੱਚ ਸਾਹਮਣੇ ਲਿਆਉਣ ਦੀ ਹਿੰਮਤ ਕਿਉਂ ਗੁਆ ਬੈਠੇ ਨੇ ? ਵੱਡੇ-ਛੋਟੇ ਗੁਰਦਵਾਰਾ ਪ੍ਰਬੰਧਕਾਂ ਨੂੰ ਕੇਵਲ ਮਾਇਆ ਤੇ ਚੌਧਰ ਹੀ ਚਾਹੀਦੀ ਹੈ, ਗੁਰੂ ਦਾ ਸਨਮਾਨ ਨਹੀਂ ਚਾਹੀਦਾ ? ਜੋ ਸਿੱਖ ਸਮਾਜ ਆਪਣੇ ਮਹਾਨ ਗੁਰੂਆਂ ਦਾ ਅਪਮਾਨ ਖ਼ੁਦ ਹੀ ਸਦੀਆਂ ਤੋਂ ਕਰਦਾ ਆ ਰਿਹਾ ਹੈ, ਉਸ ਨੂੰ ਆਪਣੇ ਅਪਮਾਨ ਬਾਰੇ ਕਿਥੋਂ ਸੋਝੀ ਆ ਸਕਦੀ ਹੈ ? ਜੋ ਵਿਦਵਾਨ ਅੱਜ ਤੱਕ ਸੱਚਾਈ 'ਤੇ ਆਧਾਰਤ (ਗੁਰਬਾਣੀ ਦੇ ਚਾਨਣ ਵਿੱਚ ਅਤੇ ਵਿਗਿਆਨਕ ਢੰਗ ਨਾਲ ਮੰਨਣਜੋਗ) ਇਤਿਹਾਸ ਲਿਖਣ ਦਾ ਜੋਖ਼ਮ ਨਹੀਂ ਉਠਾ ਸਕੇ, ਉਹ ਸਿੱਖ ਪੰਥ ਨੂੰ ਹੋਰ ਕੀ ਅਗਵਾਈ ਦੇ ਸਕਣਗੇ ?

ਬਾਬਾ ਅਮਰਦਾਸ ਜੀ ਨੂੰ ਅੱਗੇ ਚੱਲ ਕੇ ਗੋਇੰਦਵਾਲ ਤੋਂ ਪਾਣੀ ਦੀ ਗਾਗਰ ਲਈ ਆਉਂਦਿਆਂ ਕਿੱਲੇ ਵਿੱਚ ਪੈਰ ਫਸ ਕੇ ਡਿਗਦੇ ਭੀ ਵਿਖਾਇਆ। ਫਿਰ ਜੁਲਾਹੇ-ਜੁਲਾਹੀ ਵੱਲੋਂ "ਅਮਰੂ ਨਿਥਾਵਾਂ" ਭੀ ਅਖਵਾ ਦਿੱਤਾ। ਫਿਰ ਉਸ ਜੁਲਾਹੀ ਨੂੰ "ਕਮਲੀ" ਹੋ ਜਾਣ ਦਾ ਸ਼ਰਾਪ ਭੀ ਦੁਆ ਦਿੱਤਾ। ਨਾਲ ਝੱਟ-ਪੱਟ ਗੁਰੂ ਅੰਗਦ ਸਾਹਿਬ ਤੋਂ ਬੇਅੰਤ ਵਰਦਾਨ ਭੀ ਦੁਆ ਦਿੱਤੇ। "ਅਮਰਦਾਸ ਨਿਮਾਣਿਆ ਦਾ ਮਾਣ, ਨਿਪੱਤਿਆਂ ਦੀ ਪੱਤ, ਨਿਗੱਤਿਆਂ ਦੀ ਗੱਤ, ਨਿਧਿਰਿਆਂ ਦੀ ਧਿਰ, ਨਿਆਸਰਿਆਂ ਦਾ ਆਸਰਾ, ਨਿਮਾਣਿਆਂ ਦਾ ਮਾਣ...।" ਜਦੋਂ ਗੁਰਗੱਦੀ 'ਤੇ ਬਿਰਾਜ ਕੇ ਉਪਦੇਸ਼ ਕਰ ਰਹੇ ਸਨ, ਉਸ ਵਕਤ ਗੁਰੂ ਅੰਗਦ ਸਾਹਿਬ ਦੇ ਪੁੱਤਰ ਦਾਤੂ ਨੇ ਭਰੇ ਇਕੱਠ ਵਿੱਚ ਗੁਰੂ ਅਮਰਦਾਸ ਦੇ "ਛਾਤੀ ਵਿੱਚ ਲੱਤ" ਮਾਰ ਦਿੱਤੀ। ਪਲੰਗ ਤੋਂ ਹੇਠਾਂ ਸੁੱਟ ਦਿੱਤੇ। ਸਾਰੇ ਸਿੱਖ ਮਿੱਟੀ ਦੇ ਮਾਧੋ ਬਣੇ ਬਿੱਟ-ਬਿੱਟ ਵੇਖਦੇ ਰਹੇ, ਦਾਤੂ ਦੇ ਗਲਾਮੇ ਵਿੱਚ ਹੱਥ ਕਿਸੇ ਨਾ ਪਾਇਆ ? ਗੋਇੰਦਵਾਲ ਤੋਂ "ਮਾਯੂਸ" ਹੋ ਕੇ ਗੁਰੂ ਜੀ ਬਾਸਰਕੇ ਆਪਣੇ ਪਿੰਡ ਚਲੇ ਗਏ। ਕੋਈ ਸਿੱਖ ਨਾਲ ਨਹੀਂ ਸੀ। ਪਿੰਡ ਤੋਂ ਬਾਹਰਵਾਰ ਕੋਠੇ ਵਿੱਚ ਵੜ ਕੇ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ। ਬਾਹਰ ਲਿਖ ਕੇ ਲਾ ਦਿੱਤਾ, "ਜੋ ਵਿਅਕਤੀ ਦਰਵਾਜ਼ਾ ਖੋਲ੍ਹੇਗਾ, ਉਹ ਮੇਰਾ ਸਿੱਖ ਨਹੀਂ ਰਹੇਗਾ।" ਸੰਗਤਾਂ ਦੇ ਬਾਰ-ਬਾਰ ਕਹਿਣ 'ਤੇ ਬਾਬਾ ਬੁੱਢਾ ਜੀ ਨੇ ਕੰਧ ਵਿੱਚ ਪਾੜ ਪਾਇਆ (ਪਾੜ+ਸੰਨ੍ਹ) ਗੁਰੂ ਜੀ ਨੂੰ ਬਾਹਰ ਆਉਣ ਦੀ ਬੇਨਤੀ ਕੀਤੀ। ਗੁਰੂ ਜੀ ਖ਼ੁਸ਼ ਹੋਏ, ਬਾਹਰ ਆ ਕੇ ਸੰਗਤਾਂ ਨੂੰ ਨਿਹਾਲ ਕੀਤਾ। (ਅੱਜ ਕੱਲ੍ਹ ਉਥੇ ਗੁਰਦਵਾਰਾ ਸੰਨ੍ਹ ਸਾਹਿਬ ਬਣਿਆ ਹੋਇਆ ਹੈ।)

ਪਾਠਕ ਜਨੋਂ! ਕਦੀ ਸੋਚ ਕੇ ਵੇਖੋ!! ਅਜਿਹੀਆਂ ਸਾਖੀਆਂ ਸਾਨੂੰ ਕਿਸ ਦਿਸ਼ਾ ਵੱਲ ਲਿਜਾ ਰਹੀਆਂ ਹਨ ? ਸਾਡੇ ਮਹਾਨ ਗੁਰੂ ਦਾ ਥਾਂ ਪੁਰ ਥਾਂ ਅਪਮਾਨ ਕੀਤਾ ਜਾ ਰਿਹਾ ਹੈ ਤੇ ਅਸੀਂ ਮੂਰਖ ਬਣੇ ਸਭ ਕੁੱਝ ਸਿਰ ਸੁੱਟ ਕੇ ਪ੍ਰਵਾਨ ਕਰਦੇ ਜਾਈਏ ? ਕਦੀ ਸਿੱਖਾਂ ਦੇ ਮੁਖੀ ਗੋਲਕ ਵਿੱਚ ਸ਼ਰਧਾ ਸਹਿਤ ਅਰਪਣ ਕੀਤੇ ਪੈਸੇ ਦੀ ਸਦ ਵਰਤੋਂ ਕਰਨਗੇ ? ਸਮਾਂ ਹੈ ਜਾਗਣ ਦਾ, ਸੁਚੇਤ ਹੋਣ ਦਾ ਤਾਂ ਕਿ ਦੁਨੀਆਂ ਨਾਲੋਂ ਹੋਰ ਨਾ ਪਛੜ ਜਾਈਏ।



ਗੁਰੂ ਰਾਮਦਾਸ ਜੀ (ਸਾਖੀਆਂ)

ਬਾਲਕ ਜੇਠਾ ਜੀ ਦਾ ਜਨਮ ਲਾਹੌਰ ਵਿਖੇ ਚੂਨਾ ਮੰਡੀ ਵਿੱਚ ਹੋਇਆ। ਛੋਟੀ ਉਮਰ ਵਿੱਚ ਹੀ ਮਾਤਾ-ਪਿਤਾ ਸਦਾ ਲਈ ਵਿੱਛੜ ਗਏ। ਹੋਰ ਕੋਈ ਨੇੜੇ ਦਾ ਹਮਦਰਦ ਨਾ ਸਾਂਭ ਸਕਿਆ ਤਾਂ ਜੇਠਾ ਜੀ ਦੀ ਨਾਨੀ ਮਾਂ, ਬਾਲਕ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਨਾਨੀ ਦੇ ਘਰ ਵਿੱਚ ਸ਼ਾਇਦ ਕੋਈ ਕਮਾਊ ਪੁਰਸ਼ ਨਹੀਂ ਸੀ, ਜਿਸ ਕਾਰਨ ਜੇਠਾ ਜੀ ਨੂੰ ਬਾਲ ਉਮਰ ਵਿੱਚ ਹੀ ਘਰ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਛੋਟੇ-ਛੋਟੇ ਕੰਮਾਂ 'ਤੇ ਭੇਜਿਆ ਜਾਣ ਲੱਗਾ। ਯਾਦ ਰਹੇ ਕਿ ਗੁਰੂ ਅਮਰਦਾਸ ਜੀ ਦਾ ਪਿੰਡ ਬਾਸਰਕੇ ਹੀ ਸੀ। ਇਸੇ ਪਿੰਡ ਵਿੱਚ ਜੇਠਾ ਜੀ ਦੇ ਨਾਨਕੇ ਸਨ। ਜੇਠਾ ਜੀ ਦਾ ਜਨਮ ਸੰਨ 1534 ਵਿੱਚ ਹੋਇਆ ਸੀ। ਗੁਰੂ ਅੰਗਦ ਜੀ ਸੰਨ 1539 ਵਿੱਚ ਗੁਰਗੱਦੀ 'ਤੇ ਬਿਰਾਜੇ ਸਨ। ਲਗਪਗ ਸੰਨ 1540-41 ਵਿੱਚ ਬਾਬਾ ਅਮਰਦਾਸ, ਗੁਰੂ ਅੰਗਦ ਸਾਹਿਬ ਦੀ ਸੇਵਾ ਵਿੱਚ ਆ ਗਏ। ਗੁਰਮਤਿ ਪੜ੍ਹਦੇ-ਸਿਖਦੇ ਰਹੇ। ਆਪਣੇ ਜੀਵਨ ਵਿੱਚ ਉਨ੍ਹਾਂ ਅਸੂਲਾਂ ਨੂੰ ਉਤਾਰਦੇ ਰਹੇ। ਇਤਿਹਾਸਕਾਰਾਂ ਦੇ ਲਿਖਣ ਮੁਤਾਬਕ ਜੇਕਰ ਬਾਬਾ ਅਮਰਦਾਸ ਜੀ ਨੇ ਬਾਰਾਂ ਸਾਲ ਸੇਵਾ ਕੀਤੀ। ਹਿਸਾਬ ਲਾ ਕੇ ਵੇਖੋ ਕਿ ਸੰਨ 1553 ਵਿੱਚ ਉਨ੍ਹਾਂ ਨੂੰ ਗੁਰਤਾ ਗੱਦੀ ਪ੍ਰਾਪਤ ਹੋਈ ਸੀ। ਜੇ 1553 ਵਿੱਚੋਂ ਬਾਰਾਂ ਸਾਲ ਸੇਵਾ ਵਾਲੇ ਘਟਾ ਦੇਈਏ ਤਾਂ 1541 ਵਿੱਚ ਉਹ ਖਡੂਰ ਵਿੱਚ ਆਏ। ਇਸ ਸਮੇਂ ਭਾਈ ਜੇਠਾ ਲਗਪਗ ਸੱਤ-ਅੱਠ ਸਾਲ ਦਾ ਹੋਵੇਗਾ ਹੀ। ਆਪਣੇ ਪਿੰਡ ਦੀ ਧੀ (ਜੇਠਾ ਜੀ ਦੀ ਮਾਤਾ) ਦਇਆ ਕੌਰ ਅਤੇ ਪਿਤਾ ਹਰਦਾਸ ਜੀ ਚਲਾਣਾ ਕਰ ਗਏ, ਬਾਬਾ ਅਮਰਦਾਸ ਜੀ ਇਸ ਤੋਂ ਬੇਖ਼ਬਰ ਨਹੀਂ ਹੋ ਸਕਦੇ। ਜੇਠਾ ਜੀ ਦੀ ਨਾਨੀ ਦਾ ਦੁੱਖ ਵੰਡਾਉਣ ਵਾਸਤੇ ਉਨ੍ਹਾਂ ਦੇ ਘਰ ਜਾਣਾ ਭਾਈਚਾਰੇ ਦਾ ਫ਼ਰਜ਼ ਬਣਦਾ ਸੀ। ਬਾਬਾ ਅਮਰਦਾਸ ਇਸ ਗੱਲੋਂ ਭੀ ਚੰਗੀ ਤਰ੍ਹਾਂ ਵਾਕਫ ਸਨ ਕਿ ਇਨ੍ਹਾਂ ਦੇ ਘਰ ਵਿੱਚ ਕੋਈ ਕਮਾਊ ਪੁਰਸ਼ ਨਹੀਂ ਹੈ। ਨਾਨੀ ਮਾਂ ਛੋਟੇ ਬਾਲਕ ਜੇਠਾ ਜੀ ਨੂੰ ਹੀ ਮਜਦੂਰੀ ਕਰਨ ਭੇਜਦੀ ਹੈ। ਇਸ ਉੱਜੜ ਰਹੇ ਪਰਵਾਰ ਨੂੰ ਬਣਦਾ ਸਰਦਾ ਸਹਾਰਾ ਦੇ ਕੇ ਬਚਾਉਣ ਵਾਸਤੇ, ਜੇਠਾ ਜੀ ਨੂੰ ਅਤੇ ਉਸ ਦੀ ਨਾਨੀ ਜੀ ਨੂੰ ਆਪਣੇ ਕੋਲ ਖਡੂਰ ਮੰਗਵਾ ਲਿਆ। ਬਾਲਕ ਜੇਠਾ ਜੀ ਕੁੱਝ ਸੇਵਾ ਵਿੱਚ ਹਿੱਸਾ ਪਾਵੇਗਾ ਤੇ ਨਾਲੋ-ਨਾਲ ਪੜ੍ਹਾਈ ਕਰਦਾ ਰਹੇਗਾ। ਉਸ ਦੀ ਨਾਨੀ ਜੀ ਭੀ ਜੋ ਕੰਮ ਕਰ ਸਕੇ ਕਰਦੀ ਰਹੇਗੀ।

ਇਸ ਢੰਗ ਨਾਲ ਬਿਆਨ ਕੀਤੀ ਇਸ ਕਹਾਣੀ ਨੂੰ ਪੜ੍ਹ ਕੇ ਪਾਠਕਾਂ ਨੂੰ ਹੈਰਾਨੀ ਜ਼ਰੂਰ ਹੋਵੇਗੀ ਕਿਉਂਕਿ ਭਾਈ ਜੇਠਾ ਜੀ ਨੂੰ ਸਾਖੀਕਾਰਾਂ ਨੇ ਬਾਸਰਕੇ ਤੋਂ ਘੁੰਗਣੀਆਂ ਵੇਚਣ ਵਾਸਤੇ ਸਿੱਧਾ ਗੋਇੰਦਵਾਲ ਗੁਰੂ ਅਮਰਦਾਸ ਜੀ ਕੋਲ ਭੇਜਿਆ ਹੈ। ਜਦੋਂ ਕਿ ਗੁਰੂ ਅਮਰਦਾਸ ਜੀ ਸੰਨ 1553 ਵਿੱਚ ਗੁਰਗੱਦੀ ਸੰਭਾਲਦੇ ਹਨ। ਤਦੋਂ ਹੀ ਗੋਇੰਦਵਾਲ ਪੱਕਾ ਟਿਕਾਣਾ ਬਣਾਉਂਦੇ ਹਨ। ਇਸ ਹਿਸਾਬ ਤਾਂ ਭਾਈ ਜੇਠਾ ਸੰਨ 1534 ਵਿੱਚ ਜਨਮ ਲੈ ਕੇ 1553 ਤੱਕ ਉਨੀ-ਵੀਹ ਸਾਲ ਦੇ ਹੋ ਗਏ ਸਨ। ਵੀਹ ਸਾਲ ਦਾ ਨੌਜੁਆਨ ਘੁੰਗਣੀਆਂ ਵੇਚਣ

ਵਰਗਾ ਮਾਮੂਲੀ ਜਿਹਾ ਕੰਮ ਨਹੀਂ ਕਰੇਗਾ, ਸਗੋਂ ਚੰਗਾ ਵੱਡਾ ਭਾਰਾ ਕੰਮ ਕਰੇਗਾ! ਇਸ ਤਰ੍ਹਾਂ ਉਮਰ ਦਾ ਹਿਸਾਬ ਲਾ ਕੇ ਮੰਨਣਾ ਪਵੇਗਾ ਕਿ ਭਾਈ ਜੇਠਾ ਗੁਰੂ ਕੀ ਹਜ਼ੂਰੀ ਵਿੱਚ ਖਡੂਰ ਆ ਗਏ ਸਨ। ਨੌਂ-ਦਸ ਸਾਲ ਤੱਕ ਉਨ੍ਹਾਂ ਨੇ ਗੁਰੂ ਅੰਗਦ ਸਾਹਿਬ ਜੀ ਦੇ ਕੋਲ ਰਹਿ ਕੇ ਗੁਰਮਤਿ ਸਿੱਖੀ। ਉਪ੍ਰੰਤ ਖਡੂਰ ਤੋਂ ਕੇਂਦਰ ਬਦਲ ਕੇ ਗੋਇੰਦਵਾਲ ਚਲਾ ਗਿਆ। ਗੁਰੂ ਅਮਰਦਾਸ ਜੀ ਸਾਰੇ ਸੇਵਕ ਸਿੱਖਾਂ ਸਮੇਤ ਗੋਇੰਦਵਾਲ ਆ ਗਏ।

ਬਾਲਕ ਜੇਠਾ ਜੀ ਅੱਠ ਜਾਂ ਦਸ ਸਾਲ ਦੇ ਸਨ ਜਦੋਂ ਗੁਰੂ ਅਮਰਦਾਸ ਜੀ ਦਾ ਪ੍ਰਵਾਰਕ ਮੈਂਬਰ ਬਣ ਚੁੱਕੇ ਸਨ। ਜਦੋਂ ਨਿੱਤ ਦਿਨ ਗੁਰੂ ਅਮਰਦਾਸ ਜੀ ਦੀ ਨਿਗਰਾਨੀ ਵਿੱਚ ਜੇਠਾ ਜੀ ਬਾਖ਼ੂਬੀ ਸਾਰੀਆਂ ਜ਼ਿੰਮੇਵਾਰੀਆਂ ਨਿਭਾਅ ਰਹੇ ਸਨ ਤਾਂ ਵੱਖਰੇ ਇਮਤਿਹਾਨ ਲੈਣ ਦੀ ਜ਼ਰੂਰਤ ਨਹੀਂ ਰਹਿੰਦੀ। ਜੇਠਾ ਜੀ ਵੱਲੋਂ ਕੀਤਾ ਜਾਣ ਵਾਲਾ ਹਰੇਕ ਕੰਮ, ਇਮਤਿਹਾਨ ਹੀ ਤਾਂ ਹੁੰਦਾ ਸੀ। ਬੀਬੀ ਭਾਨੀ ਜੀ ਅਤੇ ਜੇਠਾ ਜੀ ਦੋਵੇਂ ਇਕਸਾਰ ਉਮਰ ਵਾਲੇ ਸਨ, ਜਨਮ ਦੋਵਾਂ ਦਾ ਸੰਨ 1534 ਦਾ। ਇਸ ਸੁਭਾਗ ਜੋੜੀ ਦਾ ਵਿਆਹ ਹੋਇਆ ਸੰਨ 1553 ਵਿੱਚ।

ਇਥੇ ਧਿਆਨ ਦੇਣਯੋਗ ਨੁਕਤਾ ਇਹ ਹੈ ਕਿ "ਇੱਕ ਦਿਨ ਪਤਨੀ ਨੇ ਗੁਰੂ ਅਮਰਦਾਸ ਜੀ ਨੂੰ ਆਖਿਆ, "ਸਾਡੀ ਬੇਟੀ ਭਾਨੀ ਜੁਆਨ ਹੋ ਗਈ ਹੈ, ਕੋਈ ਚੰਗਾ ਵਰ ਲੱਭੋ।" ਤਦੋਂ ਗੁਰੂ ਜੀ ਨੇ ਪੁੱਛਿਆ, "ਕਿਹੋ ਜਿਹਾ ਹੋਵੇ?" ਨੇੜੇ ਹੀ ਕੰਮ ਕਰ ਰਹੇ ਜੇਠਾ ਜੀ ਵੱਲ ਇਸ਼ਾਰਾ ਕਰ ਕੇ ਮਾਤਾ ਜੀ ਆਖਣ ਲੱਗੇ ਕਿ, "ਐਹੋ ਜਿਹਾ ਹੋਵੇ।" ਤਾਂ ਗੁਰੂ ਜੀ ਨੇ ਕਿਹਾ ਕਿ, "ਐਹੋ ਜਿਹਾ ਤਾਂ ਸਿਰਫ਼ ਇਹੋ ਹੀ ਏ, ਜੇ ਆਖੋ ਤਾਂ ਇਸੇ ਨੂੰ ਆਪਣਾ ਦਾਮਾਦ ਪ੍ਰਵਾਨ ਕਰ ਲਈਏ?" ਮਾਤਾ ਜੀ ਨੇ ਹਾਮੀ ਭਰ ਦਿੱਤੀ ਤੇ ਥੋੜ੍ਹੇ ਦਿਨਾਂ ਅੰਦਰ ਵਿਆਹ ਕਰ ਦਿੱਤਾ।" ਤਕਰੀਬਨ ਬਾਰ੍ਹਾਂ-ਤੇਰਾਂ ਸਾਲ ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਤੋਂ ਵਿੱਦਿਆ ਪੜ੍ਹੇ। ਪਰਵਾਰ ਦੀ ਅਤੇ ਆਮ ਲੋੜਵੰਦਾਂ ਦੀ ਸੇਵਾ ਕਰਦੇ ਰਹੇ। ਗੁਰਬਾਣੀ ਦੇ ਆਸ਼ੇ ਮੁਤਾਬਕ ਆਪਣੇ ਜੀਵਨ ਨੂੰ ਢਾਲਦੇ ਰਹੇ। ਹਰ ਦਿਨ, ਹਰ ਘੜੀ-ਪਲ ਉਹ ਗੁਰੂ ਆਗਿਆ ਵਿੱਚ ਜ਼ਿੰਮੇਵਾਰੀਆਂ ਵਾਲੇ ਕਾਰਜ ਕਰ ਰਹੇ ਸਨ। ਕੀ ਭਾਈ ਜੇਠਾ ਜੀ ਬਾਰੇ ਬੀਬੀ ਭਾਨੀ ਜੀ ਨੂੰ ਨਹੀਂ ਸੀ ਪਤਾ ਕਿ ਕਿੰਨਾ ਗੁਣਵਾਨ ਨੌਜੁਆਨ ਹੈ। ਕੀ ਉਨ੍ਹਾਂ ਦੀ ਮਾਤਾ ਜੀ ਦੇ ਸਾਹਮਣੇ ਜੇਠਾ ਜੀ ਪਹਿਲਾਂ ਕਦੀ ਨਹੀਂ ਸਨ ਆਏ? ਸਗੋਂ ਅਸਲੀਅਤ ਇਹ ਹੈ ਕਿ ਜੇਠਾ ਜੀ, ਘਰ ਦੇ ਜੀਆਂ ਵਾਂਗ ਘਰ ਪਰਵਾਰ ਵਿੱਚ ਹੀ ਰਹਿ ਰਹੇ ਸਨ। ਮਾਤਾ ਜੀ ਨੇ ਇਸ ਤਰ੍ਹਾਂ ਨਹੀਂ ਆਖਿਆ ਹੋਵੇਗਾ ਕਿ "ਇਸ ਵਰਗਾ ਹੋਵੇ।" ਸਗੋਂ ਕਿਹਾ ਹੋਵੇਗਾ ਕਿ, "ਜੇਠਾ ਹੀ ਸਾਰਿਆਂ ਤੋਂ ਸੋਹਣਾ ਹੈ, ਸਿਹਤਮੰਦ ਹੈ, ਗੁਣਵਾਨ ਹੈ, ਆਗਿਆਕਾਰ ਹੈ, ਵਿਦਵਾਨ ਹੈ। ਹਰ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਨਿਭਾਅ ਸਕਣ ਦੇ ਯੋਗ ਹੈ। ਸਾਡੀ ਬੇਟੀ ਭਾਨੀ ਲਈ ਇਹੋ ਬੇਟਾ ਲੱਖਾਂ ਵਿੱਚੋਂ ਇੱਕ ਹੈ।" ਜੀ ਹਾਂ, ਮੰਨਣਯੋਗ ਤੇ ਸੰਗਤਾਂ ਤੱਕ ਪਹੁੰਚਾਣਯੋਗ ਇਹੋ ਵਾਜਬ ਤਰੀਕਾ ਹੈ।

ਇਹ ਹੋਣਹਾਰ ਨੌਜੁਆਨ ਚੜ੍ਹਦੀ ਜੁਆਨੀ ਵਿੱਚ ਹੀ ਇਤਨਾ ਮਹਾਨ ਗਿਆਨਵਾਨ ਤੇ ਗੁਰੂ ਅਮਰਦਾਸ ਜੀ ਦਾ ਵਿਸ਼ਵਾਸ ਪਾਤਰ ਬਣ ਚੁੱਕਿਆ ਸੀ ਕਿ ਗੁਰੂ ਜੀ ਨੇ ਇਸ ਨੂੰ ਗੁਰਮਤਿ ਦਾ "ਵਕੀਲ" ਬਣਾ ਕੇ ਅਕਬਰ ਦੇ ਦਰਬਾਰ ਵਿੱਚ ਭੇਜਿਆ ਸੀ। ਗੁਰੂ ਘਰ ਨਾਲ

ਈਰਖਾ ਪਾਲਣ ਵਾਲੇ ਬ੍ਰਾਹਮਣਾਂ, ਖੱਤਰੀਆਂ ਨੇ, ਅਕਬਰ ਬਾਦਸ਼ਾਹ ਕੋਲ ਸ਼ਿਕਾਇਤਾਂ ਲਾਈਆਂ ਕਿ "ਗੁਰੂ ਅਮਰਦਾਸ ਜੀ ਪੁਰਾਤਨ ਵੈਦਿਕ ਮੱਤ ਦਾ ਅਪਮਾਨ ਕਰਦੇ ਹਨ। ਸਾਰੀਆਂ ਧਾਰਮਕ "ਮਰਿਆਦਾਵਾਂ" ਤੋੜ ਰਹੇ ਹਨ। ਇਨ੍ਹਾਂ ਦੀ ਦਿਨੋ-ਦਿਨ ਗਿਣਤੀ ਵਧਦੀ ਜਾ ਰਹੀ ਹੈ। ਅੱਜ ਸਾਡੇ ਲਈ ਖ਼ਤਰਾ ਹਨ, ਕੱਲ੍ਹ ਨੂੰ ਤੁਹਾਡੇ ਲਈ ਭੀ ਮੁਸੀਬਤ ਬਣ ਸਕਦੇ ਹਨ।" ਅਕਬਰ ਨੇ ਆਪਣਾ ਪਿਆਦਾ ਗੋਇੰਦਵਾਲ ਭੇਜ ਕੇ, ਗੁਰੂ ਅਮਰਦਾਸ ਜੀ ਨੂੰ ਸਾਰੀ ਹੋਈ ਬੀਤੀ ਸੁਣਾਈ। ਨਾਲੇ ਆਖਿਆ ਕਿ ਬਾਦਸ਼ਾਹ ਦੀ ਇੱਛਾ ਹੈ ਕਿ ਤੁਸੀਂ ਉਨ੍ਹਾਂ ਸਨਮੁੱਖ ਆਪਣਾ ਪੱਖ ਪੇਸ਼ ਕਰੋ। ਗੁਰੂ ਅਮਰਦਾਸ ਜੀ ਨੇ ਸਭ ਤੋਂ ਯੋਗ ਜਾਣ ਕੇ, ਪੂਰਾ ਵਿਸ਼ਵਾਸ ਕਰ ਕੇ ਭਾਈ ਜੇਠਾ ਜੀ ਨੂੰ ਚੁਣਿਆ। ਨਾਲ ਹੋਰ ਵਿਦਵਾਨ ਸਿੱਖਾਂ ਦਾ ਜਥਾ ਸਹਾਇਤਾ ਵਾਸਤੇ ਟੋਰਿਆ। ਗੁਰੂ ਸਾਹਿਬ ਦੀ ਵੀਚਾਰਧਾਰਾ ਨੂੰ ਅਕਬਰ ਬਾਦਸ਼ਾਹ ਸਾਹਮਣੇ ਉਚਿਤ ਤਰੀਕੇ ਪੇਸ਼ ਕਰੋ।

ਹੋਣਹਾਰ ਗੁਰੂ ਵਰੋਸਾਇਆ ਕੇਵਲ ਛੱਬੀ ਸਾਲ ਦੀ ਚੜ੍ਹਦੀ ਉਮਰ ਵਿੱਚ ਆਪਣੇ ਜਥੇ ਸਮੇਤ ਭਾਈ ਜੇਠਾ ਜੀ, ਅਕਬਰ ਬਾਦਸ਼ਾਹ ਅੱਗੇ ਜਾ ਹਾਜ਼ਰ ਹੋਇਆ। ਯੋਗ ਸਮੇਂ 'ਤੇ ਭਰੇ ਦਰਬਾਰ ਵਿੱਚ ਬਾਦਸ਼ਾਹ ਨੇ ਸੱਦਿਆ। ਪਹਿਲਾਂ ਕੁੱਝ ਸੁਆਲ ਅਕਬਰ ਨੇ ਕੀਤੇ। ਜਦੋਂ ਵੇਖਿਆ ਕਿ ਸ਼ਬਦਾਂ ਦੀ ਚੋਣ ਬੋਲਚਾਲ ਦਾ ਸਲੀਕਾ ਬਹੁਤ ਮਿਠਾਸ ਭਰਿਆ ਹੈ ਤਾਂ ਬਾਦਸ਼ਾਹ ਨੇ ਬ੍ਰਾਹਮਣਾਂ ਨੂੰ ਸੁਆਲ ਕਰਨ ਲਈ ਆਖਿਆ। ਆਪਣੀ ਉਮਰ ਅਤੇ ਵਿੱਦਿਆ ਦਾ ਰੋਹਬ ਪਾਉਣ ਦੇ ਅੰਦਾਜ਼ ਨਾਲ ਬ੍ਰਾਹਮਣਾਂ ਨੇ ਤਾਬੜ ਤੋੜ ਸੁਆਲ ਕੀਤੇ। ਵੇਦਾਂ ਦੀ ਪੁਰਾਤਨ ਮਰਿਆਦਾ ਸਿੱਖ ਕਿਉਂ ਛੱਡ ਰਹੇ ਹਨ? ਜਾਤ ਪਾਤ, ਤੀਰਥ ਯਾਤਰਾ, ਦੇਵਤੇ ਅਵਤਾਰ, ਆਦਿ ਬਾਰੇ ਜੋ-ਜੋ ਸੁਆਲ ਕੀਤੇ ਗਏ, ਭਾਈ ਜੇਠਾ ਜੀ ਨੇ ਧੀਰਜ ਅਤੇ ਸਿਆਣਪ ਨਾਲ ਗੁਰੂ ਆਸ਼ੇ ਨੂੰ ਸਪੱਸ਼ਟ ਕਰਨ ਵਾਲੇ ਜੁਆਬ ਦਿੱਤੇ। ਬ੍ਰਾਹਮਣਾਂ ਦੀ ਨਿਸਾ ਹੋ ਜਾਣ ਤੋਂ ਮਗਰੋਂ ਬਾਦਸ਼ਾਹ ਨੇ ਮੌਲਣਿਆਂ ਨੂੰ ਬੋਲਣ ਦਾ ਮੌਕਾ ਦਿੱਤਾ। ਭਾਈ ਜੇਠਾ ਜੀ ਨੇ ਉਨ੍ਹਾਂ ਦੀ ਭੀ ਤਸੱਲੀ ਕਰਵਾ ਦਿੱਤੀ। ਨਾਲ ਹੀ ਜੇਠਾ ਜੀ ਨੇ ਗੁਰੂ ਸਾਹਿਬ ਵੱਲੋਂ ਅਕਬਰ ਨੂੰ ਸੱਦਾ ਦਿੱਤਾ ਕਿ ਇਨ੍ਹਾਂ ਲੋਕਾਂ ਦੀਆਂ ਸ਼ਿਕਾਇਤਾਂ ਦੀ ਅਸਲੀਅਤ ਜਾਣਨ ਵਾਸਤੇ ਤੁਸੀਂ ਕਦੀ ਵਕਤ ਕੱਢ ਕੇ ਖ਼ੁਦ ਗੋਇੰਦਵਾਲ ਆਉ। ਉਥੇ ਹੋ ਰਹੇ ਭਲੇ ਕਾਰਜਾਂ ਦਾ ਖ਼ੁਦ ਤੁਸੀਂ ਜਾਇਜ਼ਾ ਲਉ। ਸਹੀ ਤਸਵੀਰ ਤੁਹਾਡੇ ਸਾਹਮਣੇ ਸਪੱਸ਼ਟ ਹੋ ਜਾਵੇਗੀ। ਅਕਬਰ ਨੇ ਆਉਣਾ ਸਵੀਕਾਰ ਕਰ ਲਿਆ। ਗੁਰੂ ਸਾਹਿਬ ਪ੍ਰਤੀ ਸਤਿਕਾਰ ਭਰੇ ਬਚਨ ਬੋਲ ਕੇ ਜੇਠਾ ਜੀ ਨੂੰ ਵਿਦਾ ਕੀਤਾ। ਵਾਪਸ ਪੁੱਜਣ 'ਤੇ ਹੋਈ ਬੀਤੀ ਸੁਣ ਕੇ, ਗੁਰੂ ਅਮਰਦਾਸ ਸਾਹਿਬ ਨੇ ਜੇਠਾ ਜੀ ਨੂੰ ਗਲਵਕੜੀ ਵਿੱਚ ਲੈ ਲਿਆ। ਅਤਿਅੰਤ ਸਤਿਕਾਰ ਦਿੱਤਾ, ਹੋਈ ਬੀਤੀ ਸਾਰੇ ਸਿੱਖਾਂ ਨੂੰ ਕਹਿ ਸੁਣਾਈ। ਸਾਰੇ ਪਾਸੇ ਖ਼ੁਸ਼ੀ ਦੀ ਲਹਿਰ ਦੌੜ ਗਈ।

ਪਾਠਕ ਜਨੋਂ! ਕੇਵਲ ਭਾਂਡੇ ਮਾਂਜਣ ਵਾਲਾ, ਝਾੜੂ-ਪੋਚਾ ਲਾਉਣ ਵਾਲਾ, ਲੰਗਰ ਵਰਤਾਉਣ ਵਾਲਾ, ਅੱਲੜ ਉਮਰ ਦਾ ਕੋਈ ਨੌਜੁਆਨ ਦੇਸ਼ ਦੇ ਵੱਡੇ ਸਮਰਾਟ ਅੱਗੇ ਇਸ ਤਰ੍ਹਾਂ ਆਪਣਾ ਪੱਖ ਪੇਸ਼ ਕਰ ਸਕਦਾ ਹੈ? ਹਰਗਿਜ਼ ਨਹੀਂ। ਭਾਈ ਜੇਠਾ ਜੀ, ਗੁਰੂ ਅਮਰਦਾਸ ਜੀ ਤੋਂ ਅਤੇ ਹੋਰ ਵਿਦਵਾਨ ਪੁਰਖਾਂ ਤੋਂ ਪੂਰੀ ਕੋਸ਼ਿਸ਼ ਕਰਦੇ ਗਿਆਨ ਹਾਸਲ ਕਰ ਰਹੇ ਸਨ।

ਅਜਿਹੇ ਹਰ ਇਮਤਿਹਾਨ ਵਿੱਚੋਂ ਸਫ਼ਲਤਾ ਹਾਸਲ ਕਰ ਕੇ ਹੋਏ ਗੁਰੂ ਜੀ ਦੀਆਂ ਨਜ਼ਰਾਂ ਵਿੱਚ ਪ੍ਰਵਾਨ ਚੜ੍ਹਦੇ ਜਾ ਰਹੇ ਸਨ।

ਪਰ ਸਾਖੀਕਾਰਾਂ ਅਤੇ "ਇਤਿਹਾਸ ਲਿਖਣ ਵਾਲੇ ਖੋਜੀਆਂ" ਨੇ ਭਾਈ ਜੇਠਾ ਜੀ ਨੂੰ ਮਿਹਨਤ ਕਰਦੇ ਨਹੀਂ ਵਿਖਾਇਆ। ਗੁਰਬਾਣੀ ਪੜ੍ਹਦੇ-ਵਿਚਾਰਦੇ ਨਹੀਂ ਵਿਖਾਇਆ। ਰਾਗ ਵਿੱਦਿਆ ਹਾਸਲ ਕਰਦੇ ਨਹੀਂ ਵਿਖਾਇਆ। ਅਕਬਰ ਬਾਦਸ਼ਾਹ ਦੇ ਦਰਬਾਰ ਵਿੱਚ ਨਿਡਰਤਾ ਨਾਲ ਆਪਣਾ (ਗੁਰਮਤਿ ਦਾ) ਪੱਖ ਪੇਸ਼ ਕਰਦੇ ਨਹੀਂ ਵਿਖਾਇਆ, ਬਸ "ਸੇਵਾ" ਕਰਦੇ ਵਿਖਾਇਆ ਹੈ। ਫਿਰ ਗੁਰਗੱਦੀ ਕਿਵੇਂ ਮਿਲੀ ? ਉਸ ਦਾ ਭੀ ਰਾਹ ਖੋਜ ਲਿਆ ਸੀ। ਜੇਠਾ ਜੀ ਦੀ ਜੀਵਨ ਸਾਥਣ ਬੀਬੀ ਭਾਨੀ ਜੀ, ਆਪਣੇ ਪਿਤਾ ਜੀ ਦਾ ਰੋਜ਼ਾਨਾ ਇਸ਼ਨਾਨ ਕਰਾਉਂਦੀ ਸੀ। ਇੱਕ ਦਿਨ ਚੌਕੀ ਦਾ ਪਾਵਾ ਟੁੱਟ ਗਿਆ। ਬੀਬੀ ਜੀ ਨੇ ਆਪਣਾ ਪੈਰ ਪਾਵੇ ਦੀ ਥਾਂ ਪੀੜ੍ਹੇ ਹੇਠਾਂ ਦੇ ਦਿੱਤਾ। ਕਿੱਲ ਖੁੱਭ ਗਿਆ, ਲਹੂ ਦੀਆਂ ਘਰਾਲਾਂ ਚੱਲ ਪਈਆਂ। ਗੁਰੂ ਅਮਰਦਾਸ ਜੀ ਨੇ ਜਦੋਂ ਵੇਖਿਆ, ਹੈਰਾਨ ਰਹਿ ਗਏ। ਇਸ਼ਨਾਨ ਤੋਂ ਉਪਰੰਤ ਬੀਬੀ ਜੀ ਨੂੰ ਆਪਣੇ ਕੋਲ ਸੱਦਿਆ, ਪਿਆਰ ਅਸੀਸ ਦਿੱਤੀ। "ਪੁੱਤਰੀ, ਮੈਂ ਤੇਰੀ ਸੇਵਾ ਤੋਂ ਬਹੁਤ ਖ਼ੁਸ਼ ਹਾਂ, ਜੋ ਮੰਗਣਾ ਹੈ, ਮੰਗ ਲੈ।" ਬੀਬੀ ਜੀ ਨੇ ਨਿਮਰਤਾ ਨਾਲ ਆਖਿਆ, "ਜੇ ਤੁਸੀਂ ਸੇਵਾ ਤੋਂ ਖ਼ੁਸ਼ ਹੋ ਤਾਂ ਗੁਰਿਆਈ ਸਾਡੇ ਘਰ ਆਵੇ। ਗੁਰੂ ਸਾਹਿਬ ਨੇ ਪ੍ਰਵਾਨ ਕਰ ਲਿਆ। ਪਾਠਕ ਧਿਆਨ ਦੇਣ! ਜੇਠਾ ਜੀ ਆਪਣੀ ਲਿਆਕਤ ਨਾਲ ਗੁਰੂ ਪਦਵੀ 'ਤੇ ਨਹੀਂ ਪਹੁੰਚੇ। "ਪ੍ਰਚਲਤ ਇਤਿਹਾਸ" ਮੁਤਾਬਕ ਉਹ ਸਿਫਾਰਸ਼ ਨਾਲ ਗੁਰੂ ਬਣੇ ਸਨ। ਸੇਵਾ ਕੀਤੀ ਬੀਬੀ ਭਾਨੀ ਨੇ ਗੱਦੀ ਲੈ ਕੇ ਦਿੱਤੀ ਆਪਣੇ ਪਤੀ ਜੇਠਾ ਜੀ ਨੂੰ। ਇਸ ਕਹਾਣੀ ਨਾਲ ਸਿੱਖ ਸਿਧਾਂਤਾਂ ਦਾ ਮਲੀਆ ਮੇਟ ਕਰ ਕੇ ਰੱਖ ਦਿੱਤਾ। ਫਿਰ ਸ੍ਰੀ ਚੰਦ ਕਿਉਂ ਬੁਰਾ ਸੀ ? ਜਦੋਂ ਸਾਰੇ ਘਰ ਦੇ ਅਤੇ ਸਗੀਕੇ ਵਾਲੇ ਗੁਰੂ ਨਾਨਕ ਜੀ ਨੂੰ ਕਹਿ ਰਹੇ ਸਨ ਸ੍ਰੀ ਚੰਦ ਨੂੰ ਗੱਦੀ ਦੇ ਦਿਓ ਤਾਂ ਗੁਰੂ ਨਾਨਕ ਸਾਹਿਬ ਨੇ "ਸਿਫ਼ਾਰਸ਼" ਕਿਉਂ ਨਾ ਮੰਨੀ ? ਨਾਲ ਹੀ ਤੀਸਰੇ ਪਾਤਿਸ਼ਾਹ ਨੇ "ਸ਼ਰਾਪ" ਭੀ ਦੇ ਦਿੱਤਾ ਕਿ ਸੱਤ ਪਾਤਿਸ਼ਾਹੀਆਂ (ਸੱਤ ਗੁਰੂ) "ਘਰ ਵਿੱਚ" ਹੀ ਹੋਣਗੀਆਂ। ਪਰ ਇਸ "ਗ਼ਲਤੀ" ਦੀ ਸਜ਼ਾ ਭੀ ਮਿਲੇਗੀ। ਸੱਤ ਹੀ ਸਿਰ ਵਾਰਨੇ ਪੈਣਗੇ। ਬੀਬੀ ਜੀ ਨੇ ਪ੍ਰਵਾਨ ਕਰ ਲਿਆ। ਫਿਰ ਇਸ ਹਿਸਾਬ ਤਾਂ ਗੁਰੂ ਰਾਮਦਾਸ ਜੀ ਆਪਣੀ ਯੋਗਤਾ ਦੁਆਰਾ ਇਸ ਰੁਤਬੇ ਤੱਕ ਨਹੀਂ ਪਹੁੰਚੇ। ਸਗੋਂ ਬੀਬੀ ਭਾਨੀ ਜੀ ਨੇ ਪਿਤਾ ਗੁਰੂ ਕੋਲ ਸਿਫ਼ਾਰਸ਼ ਕਰਵਾ ਕੇ, ਗੁਰੂ ਬਣਾਏ ਹਨ। ਇਸ ਸ਼ਰਾਪ ਕਾਰਨ ਗੁਰੂ ਤੇਗ ਬਹਾਦਰ, ਮਾਤਾ ਗੁਜਰੀ ਜੀ, ਚਾਰੇ ਸਾਹਿਬਜ਼ਾਦੇ ਅਤੇ ਗੁਰੂ ਗੋਬਿੰਦ ਸਿੰਘ ਨੂੰ ਸਰੀਰ ਲੇਖੇ ਲਾਉਣਾ ਪਿਆ। ਇਸ ਨੂੰ "ਸ਼ਹੀਦੀ" ਕਿਵੇਂ ਮੰਨੀਏ ? ਇਹ ਤਾਂ ਤੀਸਰੇ ਗੁਰੂ ਦਾ ਦਿੱਤਾ ਹੋਇਆ "ਸ਼ਰਾਪ" ਸੀ। ਪਤਾ ਨਹੀਂ ਸਿੱਖਾਂ ਵਿਚਲੇ "ਖੋਜੀ ਵਿਦਵਾਨ" ਭੰਗ ਪੀ ਕੇ ਹੀ ਇਤਿਹਾਸ ਲਿਖਦੇ ਰਹੇ ਹਨ। ਮੌਜੂਦਾ ਦੌਰ ਦੇ ਪ੍ਰੋਫ਼ੈਸਰ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਜੋ ਇਤਿਹਾਸ ਪੜ੍ਹਾ ਰਹੇ ਹਨ, ਉਨ੍ਹਾਂ ਦੀ ਜ਼ਮੀਰ ਕੀ ਮਰ ਚੁੱਕੀ ਹੈ ? ਜੋ ਅਜਿਹੀਆਂ ਮੂਰਖਾਂ ਵਾਲੀਆਂ ਕਥਾਵਾਂ ਨੂੰ ਰੱਦ ਕਰਨ ਦੀ ਹਿੰਮਤ ਨਹੀਂ ਕਰ ਸਕਦੇ। ਉਨ੍ਹਾਂ ਨੂੰ ਵਿਦਵਾਨ ਕਿਵੇਂ ਮੰਨੀਏ ?

ਇਸੇ ਤਰ੍ਹਾਂ ਦੀ ਅਹਿਮਕਾਨਾ ਸਾਖੀ ਮੁਤਾਬਕ ਭਾਈ ਜੇਠਾ ਜੀ ਕਿਸੇ ਕੰਮ ਲਈ ਲਾਹੌਰ

ਗਏ। ਉਸ ਨੂੰ ਯਾਦ ਆਇਆ ਕਿ ਗੁਰੂ ਅਮਰਦਾਸ ਜੀ ਨੇ ਇੱਕ ਦਿਨ ਅੰਬ ਖਾਣ ਦੀ ਇੱਛਾ ਪ੍ਰਗਟ ਕੀਤੀ ਸੀ। ਇਸੇ ਕਾਰਨ ਜੇਠਾ ਜੀ ਨੇ ਪੰਜ ਸੇਰ ਅੰਬ ਖ਼ਰੀਦ ਲਏ। ਰਸਤੇ ਵਿੱਚ ਆਉਂਦਿਆਂ ਮਨ ਲਲਚਾ ਗਿਆ। ਅੰਤਰ ਆਤਮੇ ਗੁਰੂ ਤੋਂ ਮੁਆਫ਼ੀ ਮੰਗੀ। ਪਾਸੇ ਬੈਠ ਕੇ ਜਿੰਨੇ ਛਕੇ ਜਾ ਸਕਦੇ ਸੀ, ਅੰਬ ਛਕ ਲਏ। ਟੁਰਦੇ ਗਏ, ਟੁਰਦੇ ਗਏ, ਫਿਰ ਭੁੱਖ ਲੱਗੀ ਤੇ ਰਹਿੰਦੇ ਅੰਬ ਭੀ ਚੂਪ ਲਏ। ਮਨ ਵਿੱਚ ਪਛਤਾਵਾ ਲੈ ਕੇ ਨਿੰਮੋਝੂਣ ਜਿਹੇ ਹੋਏ, ਗੁਰੂ ਚਰਨਾਂ ਵਿੱਚ ਆ ਮੱਥਾ ਟੇਕਿਆ। ਸੰਗਤਾਂ ਦੇ ਇਕੱਠ ਵਿੱਚ ਹੀ ਗੁਰੂ ਅਮਰਦਾਸ ਜੀ ਨੇ ਪੁੱਛ ਲਿਆ, "ਬੇਟਾ ਅੰਬ.....।" ਹਾਲੀ ਸਤਿਗੁਰੂ ਜੀ ਨੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਜੇਠਾ ਜੀ ਚਰਨਾਂ ਨੂੰ ਲਿਪਟ ਗਏ ਤੇ ਮੁਆਫ਼ੀ ਮੰਗਣ ਲੱਗੇ। "ਸਤਿਗੁਰੂ ਜੀ ਗ਼ਲਤੀ ਹੋ ਗਈ, ਖ਼ਿਮਾ ਕਰ ਦਿਓ, ਖ਼ਿਮਾ ਕਰ ਦਿਓ...।" ਗੁਰੂ ਜੀ ਪਿਆਰ ਵਿੱਚ ਜੇਠਾ ਜੀ ਨੂੰ ਉਠਾਉਂਦੇ ਹੋਏ ਆਖਣ ਲੱਗੇ, "ਬੇਟਾ ਤੇਰੇ ਵੱਲੋਂ ਲਿਆਂਦੇ ਅੰਬ ਸਾਡੇ ਕੋਲ ਪਹੁੰਚ ਗਏ ਹਨ, ਬਹੁਤ ਸੁਆਦੀ ਸਨ, ਅਸੀਂ ਖ਼ੂਬ ਅਨੰਦ ਮਾਣਿਆ ਅਤੇ ਤੈਨੂੰ ਅਸੀਸਾਂ ਦਿੱਤੀਆਂ।" "ਜੀ ਉਹ ਕਿਵੇਂ ?" ਗੁਰੂ ਜੀ ਬੋਲੇ, "ਬੇਟਾ, ਤੂੰ ਸਾਡੇ ਵਿੱਚ ਸੁਰਤੀ ਟਿਕਾਈ ਹੋਈ ਸੀ। ਉਸ ਵਕਤ ਤੂੰ ਜੋ ਕੀਤਾ, ਉਹ ਸਾਡੇ ਤੱਕ ਪਹੁੰਚ ਗਿਆ। ਤੇਰੀ ਭਾਵਨਾ ਅਤੀ ਸ਼ਰਧਾ ਵਾਲੀ ਸੀ। ਘੋਟ ਰਾਈ ਮਾਤਰ ਨਹੀਂ ਸੀ। ਇਸੇ ਕਾਰਨ ਤੇਰੇ ਚੂਪੇ ਅੰਬ ਸਾਡੇ ਮੂੰਹ ਵਿੱਚ ਆਪਣੇ ਆਪ ਪੁੱਜ ਗਏ।"

ਅਜਿਹੀਆਂ ਸਾਖੀਆਂ ਸੁਣਾਉਣ ਦਾ ਨਤੀਜਾ ਇਹ ਨਿਕਲਿਆ ਕਿ ਸਿੱਖ ਪੁਜਾਰੀ (ਪ੍ਰਚਾਰਕ) ਲਾਣਾ ਲੋਕਾਂ ਦੇ ਘਰਾਂ ਵਿੱਚੋਂ "ਛੱਤੀ ਪਦਾਰਥ" ਛਕ ਕੇ, ਡਕਾਰ ਮਾਰ ਕੇ, ਢਿੱਡ 'ਤੇ ਹੱਥ ਫੇਰ ਕੇ, ਛਾਤੀ ਠੋਕ ਕੇ, ਪੂਰੇ ਵਿਸ਼ਵਾਸ ਨਾਲ ਐਲਾਣ ਕਰਦਾ ਹੈ ਕਿ ਸਾਡੇ ਵੱਲੋਂ ਖਾਧਾ-ਪੀਤਾ, ਗੁਰੂ ਜੀ ਤੱਕ ਪਹੁੰਚ ਗਿਆ ਹੈ। ਰੁਪਿਆ-ਪੈਸਾ ਕੱਪੜਾ-ਲੀੜਾ, ਸਕੂਟਰ-ਕਾਰ ਜਾਂ ਕੂਲਰ ਤੇ ਏ.ਸੀ. ਆਦਿਕ ਅਸੀਂ ਝੱਟ ਹੀ ਸਤਿਗੁਰੂ ਜੀ ਤੱਕ ਪੁਜਦਾ ਕਰ ਦਿਆਂਗੇ। ਇਸ ਸੇਵਾ ਲਈ ਅਸੀਂ ਤੁਹਾਡੀ ਅਰਦਾਸ ਕਰ ਦਿਆਂਗੇ। ਜਿਸ ਕਿਸੇ ਚੀਜ਼ ਦੀ ਘਰ ਵਿੱਚ ਥੁੜ੍ਹ ਹੋਵੇ, ਅਸੀਂ ਸਤਿਗੁਰੂ ਜੀ ਤੋਂ ਪੂਰੀ ਕਰਵਾ ਦਿਆਂਗੇ। ਗਿਆਨ ਤੋਂ ਸੱਖਣਾ ਪ੍ਰਵਾਰ ਗੁਰੂ ਪ੍ਰਤੀ ਆਪਣੀ ਸ਼ਰਧਾ ਨਾਲ ਪੁਜਾਰੀਆਂ ਨੂੰ ਘਰ ਲੁਟਾਉਂਦਾ ਆ ਰਿਹਾ ਹੈ। ਇਹੀ ਵੱਡੀ ਪ੍ਰਾਪਤੀ ਹੈ, ਇਨ੍ਹਾਂ ਬਚਗਾਨੀਆਂ ਸਾਖੀਆਂ ਦੀ।

ਇਸ ਤੋਂ ਮਗਰੋਂ ਗੁਰਗੱਦੀ ਦੇਣ ਵਕਤ ਜੋ ਰੰਗ ਬੰਨ੍ਹਿਆ ਜਾਂਦਾ ਹੈ, ਉਹ ਬਹੁਤ ਕਮਾਲ ਦਾ ਹੈ। ਆਪਣੇ ਇੱਕ ਜੁਆਈ ਭਾਈ ਰਾਮਾ ਜੀ ਅਤੇ ਭਾਈ ਜੇਠਾ ਜੀ ਨੂੰ ਥੜ੍ਹੇ ਬਣਾਉਣ ਦਾ ਹੁਕਮ ਦਿੰਦੇ ਹਨ। ਪਹਿਲੀ ਗੱਲ ਤਾਂ ਇਹ ਪਈ ਸਾਰੇ ਸਾਖੀ ਸਾਹਿਤ ਵਿੱਚ ਰਾਮਾ ਜੀ ਦਾ ਕਿਧਰੇ ਜ਼ਿਕਰ ਨਹੀਂ ਹੈ। ਆਪਣੇ ਜੀਵਨ ਕਾਲ ਦੇ ਲੰਮੇ ਅਰਸੇ ਦੌਰਾਨ ਗੁਰੂ ਅਮਰਦਾਸ ਜੀ ਨੇ ਉਸ ਤੋਂ ਕੋਈ ਕੰਮ ਨਹੀਂ ਕਰਵਾਇਆ। ਜਿਥੇ ਕਿਧਰੇ ਨਜ਼ਰ ਆਉਂਦਾ ਹੈ ਤਾਂ ਭਾਈ ਜੇਠਾ ਜੀ ਕੰਮ ਕਰਦਾ ਨਜ਼ਰ ਆਉਂਦਾ ਹੈ। ਫਿਰ ਗੁਰਗੱਦੀ ਦੇਣ ਵਕਤ ਭਾਈ ਰਾਮਾ, ਭਾਈ ਜੇਠਾ ਜੀ ਦੇ ਮੁਕਾਬਲੇ ਵਿੱਚ ਕਿੱਥੋਂ ਆ ਉਤਰਿਆ ? ਡਾ. ਰਤਨ ਸਿੰਘ ਜੱਗੀ ਨੇ ਆਪਣੇ ਖੋਜ ਭਰਪੂਰ ਸੌਲਾਂ ਸੌ ਪੰਨੇ ਦੇ ਗ੍ਰੰਥ ਵਿੱਚ, ਭਾਈ ਰਾਮਾ ਅਤੇ ਬੀਬੀ ਦਾਨੀ ਦਾ ਜ਼ਿਕਰ ਤੱਕ ਨਹੀਂ ਕੀਤਾ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਕੇਵਲ ਇੱਕ ਪੰਕਤੀ ਇਸ

ਪਰਥਾਏ ਲਿਖੀ ਹੈ। ਵਿਸਥਾਰ ਵਿੱਚ ਕਿਧਰੇ ਲਿਖਿਆ ਨਹੀਂ ਮਿਲਦਾ। ਜੇਕਰ ਭਾਈ ਜੇਠਾ ਜੀ ਦਾ ਮੁਕਾਬਲਾ ਹੀ ਕਰਵਾਉਣਾ ਸੀ ਤਾਂ ਗੁਰੂ ਅਮਰਦਾਸ ਦੇ ਸਪੁੱਤਰਾਂ (ਮੋਹਨ ਅਤੇ ਮੋਹਰੀ) ਨਾਲ ਕਰਵਾਇਆ ਜਾ ਸਕਦਾ ਸੀ। ਜੋ ਲੇਖਾਰੀ ਗੁਰੂ ਵੱਲੋਂ ਬੀਬੀ ਭਾਨੀ ਨੂੰ ਦਿੱਤੇ ਗਏ ਵਰਦਾਨ ਨੂੰ ਸਹੀ ਮੰਨਦੇ ਹਨ। ਉਸ ਹਾਲਤ ਵਿੱਚ ਥੜ੍ਹੇ ਬਣਾਉਣ ਦਾ ਇਮਤਿਹਾਨ ਹਾਸੋਹੀਣਾ ਹੀ ਹੈ। ਇਸ ਤੋਂ ਤਾਂ ਫਿਰ ਇਹੀ ਸਿੱਧ ਹੋਇਆ ਕਿ ਜਿਥੇ ਗੁਰੂ ਰਾਮਦਾਸ ਜੀ ਨੂੰ ਗੁਰੂ ਗੱਦੀ ਯੋਗਤਾ ਅਨੁਸਾਰ ਨਹੀਂ ਵਿਸ਼ੇਸ਼ ਰਿਆਇਤ ਨਾਲ ਹੀ ਪ੍ਰਾਪਤ ਹੋਈ ਮੰਨੀ ਜਾਵੇਗੀ। ਉਸ ਦੇ ਨਾਲ ਹੀ ਬਾਕੀ ਛੇ ਗੁਰ ਵਿਅਕਤੀ ਭੀ ਆਪਣੀ ਯੋਗਤਾ ਸਦਕਾ ਇਸ ਉੱਚੇ ਰੁਤਬੇ ਤੱਕ ਨਹੀਂ ਪਹੁੰਚੇ, ਬਲਕਿ ਬੀਬੀ ਭਾਨੀ ਜੀ ਦੀ ਮੰਗ ਮੁਤਾਬਕ ਗੁਰੂ ਅਮਰਦਾਸ ਜੀ ਨੇ "ਵਰ" ਦੇ ਦਿੱਤਾ ਸੀ। ਪਰ "ਸੱਤ ਗੱਦੀਆਂ ਬਦਲੇ ਸੱਤ ਸਿਰ ਵਾਰਨ ਦਾ ਸ਼ਰਾਪ ਭੀ ਦੇ ਦਿੱਤਾ।" ਕੀ ਇਹੀ ਹੈ ਸਾਡਾ "ਮਹਾਨ ਗੁਰ ਇਤਿਹਾਸ ?" ਜੇ ਗੁਰੂ ਅਮਰਦਾਸ ਦੇ ਸਪੁੱਤਰ ਮੋਹਨ ਜਾਂ ਮੋਹਰੀ ਨੂੰ ਗੱਦੀ ਮਿਲ ਜਾਂਦੀ ਤਾਂ ਕੀ ਉਹ ਘਰ ਤੋਂ ਬਾਹਰ ਚਲੀ ਜਾਣੀ ਸੀ ? ਕਹਾਣੀ ਮੁਤਾਬਕ ਤਾਂ ਇਉਂ ਸਪੱਸ਼ਟ ਹੋ ਰਿਹਾ ਹੈ ਕਿ ਬੀਬੀ ਭਾਨੀ ਨੇ ਆਪਣੇ ਭਰਾਵਾਂ ਦਾ ਵਿਰੋਧ ਕੀਤਾ। ਆਪਣੇ ਪਤੀ ਦੇ ਹੱਕ ਵਿੱਚ ਜ਼ੋਰਦਾਰ ਆਵਾਜ਼ ਉਠਾਈ। ਆਪਣੀ ਕੀਤੀ ਸੇਵਾ ਦਾ ਵਾਸਤਾ ਪਾਇਆ। ਫਿਰ ਗੁਰੂ ਜੀ ਨੇ ਰਿਆਇਤ ਕਰ ਕੇ, ਗੁਰਗੱਦੀ ਬੀਬੀ ਭਾਨੀ ਦੇ ਘਰ ਵਿੱਚ ਦਾਖ਼ਲ ਕਰ ਦਿੱਤੀ। ਜੋ ਫਿਰ ਕਦੀ ਬਾਹਰ ਨਹੀਂ ਨਿਕਲ ਸਕੀ। ਵੈਸੇ ਦਸਵੇਂ ਗੁਰੂ ਜੀ ਨੇ ਘਰ ਵਿੱਚੋਂ ਬਾਹਰ ਕੱਢ ਕੇ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਕੇ ਪਤਾ ਨਹੀਂ ਠੀਕ ਕੀਤਾ ਜਾਂ ਗ਼ਲਤ ? ਨਾਲੇ ਬੀਬੀ ਜੀ ਨੇ ਤਾਂ ਸਦੀਵ ਕਾਲ ਵਾਸਤੇ "ਘਰ ਵਿੱਚ ਹੀ ਗੁਰਿਆਈ" ਮੰਗੀ ਸੀ। ਸੱਤ ਪੀੜ੍ਹੀਆਂ ਜਾਂ ਪੰਜ ਪੀੜ੍ਹੀਆਂ ਵਾਲੀ ਤਾਂ ਕੋਈ ਮੰਗ ਹੈ ਹੀ ਨਹੀਂ ਸੀ। "ਸੇਵਾ ਦੀ ਮਹਾਨਤਾ" ਦਰਸਾਉਂਦੀਆਂ ਅਜਿਹੀਆਂ ਸਾਖੀਆਂ ਨੇ, ਸਿੱਖ ਸਮਾਜ ਨੂੰ ਗੁਰਬਾਣੀ ਪੜ੍ਹਨੋ ਰੋਕਿਆ। ਇਤਿਹਾਸ ਪੜ੍ਹਨੋ ਤੇ ਲਿਖਣੋ ਰੋਕਿਆ। ਥੋੜ੍ਹੀ ਜਿੰਨੀ ਗਿਣਤੀ ਵਾਲੇ ਸਿੱਖਾਂ ਨੇ "ਗਿਆਨ ਅਤੇ ਹਿੰਮਤ" ਦੇ ਸੁਮੇਲ ਨਾਲ ਅਜਿੱਤ ਕਿਲ੍ਹਿਆਂ ਨੂੰ ਜਿੱਤ ਲਿਆ ਸੀ। ਸਦੀਆਂ ਦੀ ਗ਼ੁਲਾਮੀ ਦੇ ਸੰਗਲ ਤੋੜ ਸੁੱਟੇ ਸਨ। "ਸ਼ਰਧਾ ਸਹਿਤ ਸੇਵਾ" ਕਰਨ ਵਾਲੇ ਸਿੱਖ ਸਿਰਫ਼ ਟੋਕਰੀਆਂ ਢੋਹਣ ਵਾਲੇ "ਕਾਰ ਸੇਵਕ" ਬਣ ਕੇ ਰਹਿ ਗਏ ਹਨ। ਲੰਗਰ ਪਕਾਉਣ ਵਾਲੇ ਤੇ ਲੰਗਰ ਖਾਣ ਵਾਲੇ ਬਣ ਗਏ ਹਨ। ਕੁੱਝ ਚੜ੍ਹਾਵਾ ਚੜ੍ਹਾਉਣ ਵਾਲੇ ਤੇ ਕੁੱਝ ਲੁੱਟ ਕੇ ਖਾਣ ਵਾਲੇ ਬਣ ਗਏ ਹਨ। ਜਿਨ੍ਹਾਂ ਸਾਖੀਆਂ ਨੇ ਮੌਜੂਦਾ ਸਮੇਂ ਲਈ ਅਗਵਾਈ ਦੇਣੀ ਸੀ। ਜਿਨ੍ਹਾਂ ਕਹਾਣੀਆਂ ਨੇ ਭਵਿੱਖ ਦਾ ਮਾਰਗ ਦਰਸ਼ਨ ਕਰਨਾ ਸੀ। ਉਨ੍ਹਾਂ ਦੀ ਥਾਵੇਂ ਸਿੱਖਾਂ ਨੂੰ ਅੰਧਕਾਰ ਵਿੱਚ ਗਰਕ ਕਰਨ ਵਾਲੀਆਂ ਸਾਖੀਆਂ ਘੜ-ਤਰਾਸ਼ ਕੇ, ਮਨ ਮਸਤਕਾਂ ਵਿੱਚ ਧੱਕ ਦਿੱਤੀਆਂ। ਸਮਾਂ ਪਾ ਕੇ ਸਿੱਖ ਸਮਾਜ ਸਾਖੀਆਂ ਅਨੁਸਾਰੀ ਜੀਵਨ ਪੱਧਰ ਵਾਲਾ ਬਣ ਗਿਆ। ਪਾਵਨ ਗੁਰਬਾਣੀ ਦੇ ਉੱਚੇ ਅਸੂਲ ਭੁੱਲ ਗਏ।

★★★★★★

ਗੁਰੂ ਅਰਜਨ ਸਾਹਿਬ (ਸਾਖੀਆਂ)

ਗੁਰੂ ਅਰਜਨ ਸਾਹਿਬ ਦਾ ਕਾਰਜ ਖੇਤਰ ਅਤਿਅੰਤ ਵਿਸ਼ਾਲ ਸੀ। ਬਿਖੜੇ ਹਾਲਾਤਾਂ ਵਿੱਚ ਸੀਮਤ ਸਾਧਨਾਂ ਨਾਲ ਜੋ ਯਾਦਗਾਰੀ ਕੰਮ ਕੀਤੇ ਉਨ੍ਹਾਂ ਦੀ ਕੋਈ ਕੀਮਤ ਨਹੀਂ ਪਾਈ ਜਾ ਸਕਦੀ। ਅਠਾਰਾਂ ਸਾਲ ਦੀ ਅੱਲੜ ਉਮਰ ਵਿੱਚ ਬਹੁਤ ਵੱਡੇ ਸਿੱਖ ਸਮਾਜ ਦੀ ਅਗਵਾਈ ਲਈ ਉਨ੍ਹਾਂ ਨੂੰ ਯੋਗ ਜਾਣ ਕੇ ਚੁਣ ਲਿਆ ਗਿਆ। ਚੁਣੇ ਜਾਣ ਲਈ ਖਿੱਚ ਧੂਹ ਕਰ ਕੇ ਇੱਕ ਸਾਖੀ ਤਿਆਰ ਕੀਤੀ ਗਈ ਹੈ ਜੋ ਸੂਰਜ ਪ੍ਰਕਾਸ਼ ਵਿੱਚ ਭਾਈ ਸੰਤੋਖ ਸਿੰਘ ਨੇ ਲਿਖੀ ਹੋਈ ਹੈ। ਕਿਸੇ ਦਲੀਲ ਜਾਂ ਅਸੂਲ 'ਤੇ ਇਹ ਸਾਖੀ ਖਰੀ ਨਹੀਂ ਉਤਰਦੀ। ਕਹਾਣੀ ਮੁਤਾਬਕ ਗੁਰੂ ਰਾਮਦਾਸ ਜੀ ਨੇ (ਗੁਰੂ) ਅਰਜਨ ਸਾਹਿਬ ਜੀ ਨੂੰ ਇੱਕ ਰਿਸ਼ਤੇਦਾਰ ਸਿਹਾਰੀ ਮੱਲ ਦੇ ਬੇਟੇ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਲਾਹੌਰ ਭੇਜਿਆ। ਨਾਲ ਹੀ ਇਹ ਹੁਕਮ ਦੇ ਦਿੱਤਾ ਕਿ "ਜਦੋਂ ਤੱਕ ਮੈਂ ਵਾਪਸ ਆਉਣ ਲਈ ਸੁਨੇਹਾ ਨਾ ਭੇਜਾਂ ਤਦ ਤੱਕ ਵਾਪਸ ਨਹੀਂ ਆਉਣਾ।" ਵਿਆਹ ਦੀਆਂ ਜ਼ਿੰਮੇਵਾਰੀਆਂ ਨਿਭਾਅ ਕੇ ਅਰਜਨ ਜੀ ਵੇਹਲੇ ਹੋ ਗਏ। ਕਈ ਦਿਨ ਉਡੀਕ ਕੀਤੀ ਕਿ ਪਿਤਾ ਜੀ ਵੱਲੋਂ ਬੁਲਾਵਾ ਆਵੇ ਤੇ ਮੈਂ ਵਾਪਸ ਅੰਮ੍ਰਿਤਸਰ (ਤਦੋਂ ਗੁਰੂ ਕਾ ਚੱਕ) ਚਲਾ ਜਾਵਾਂ। ਬਹੁਤ ਵਿਆਕੁਲ ਅਵੱਸਥਾ ਵਿੱਚ ਉਨ੍ਹਾਂ ਦੇ ਪਿਤਾ ਜੀ ਵੱਲ ਖਤ ਲਿਖ ਕੇ ਭੇਜਿਆ, "ਮੇਰਾ ਮਨੁ ਲੋਚੈ ਗੁਰਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥" (ਪੰਨਾ 96) ਸੇਵਾਦਾਰ ਤੋਂ ਖਤ ਪ੍ਰਿਥੀ ਚੰਦ ਨੇ ਲੈ ਲਿਆ, ਗੁਰੂ ਜੀ ਤੱਕ ਨਾ ਪਹੁੰਚਾਇਆ। ਇਸੇ ਤਰ੍ਹਾਂ ਤਿੰਨ ਖਤ ਲਿਖੇ। ਜਦੋਂ ਤੀਜਾ ਖਤ ਗੁਰੂ ਰਾਮਦਾਸ ਜੀ ਨੂੰ ਮਿਲਿਆ ਤਾਂ ਉਨ੍ਹਾਂ ਅਰਜਨ ਜੀ ਨੂੰ ਵਾਪਸ ਬੁਲਾਇਆ। ਫਿਰ ਉਨ੍ਹਾਂ ਨੇ ਗੁਰੂ ਸਨਮੁੱਖ ਚੌਥੀ ਚਿੱਠੀ ਲਿਖੀ, "ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥" (ਪੰਨਾ 97) ਇਸ ਚਿੱਠੀ ਵਿੱਚ ਗੁਰੂ ਦੇ ਮਿਲਾਪ ਦੀ ਖੁਸ਼ੀ ਪ੍ਰਗਟ ਕੀਤੀ ਗਈ ਹੈ। ਅਜਿਹੀ ਬਹਿਬਲਤਾ ਕਾਰਨ ਗੁਰੂ ਰਾਮਦਾਸ ਨੇ ਇਨ੍ਹਾਂ ਨੂੰ ਗੁਰੂ ਪਦਵੀ 'ਤੇ ਬਿਰਾਜਮਾਨ ਕਰ ਦਿੱਤਾ। ਪ੍ਰਿਥੀ ਚੰਦ ਨੂੰ ਪਾਸੇ ਕਰ ਦਿੱਤਾ।"

ਗੁਰਬਾਣੀ ਕੋਈ ਆਮ ਖਤ ਪੱਤਰ ਨਹੀਂ ਹੈ। ਜਿਸ ਚਿੱਠੀ ਦਾ ਜ਼ਿਕਰ ਕੀਤਾ ਜਾ ਰਿਹਾ ਹੈ। ਪ੍ਰੋਫ਼ੈਸਰ ਸਾਹਿਬ ਸਿੰਘ ਨੇ ਇਸ ਦੇ ਚੰਗੇ ਪਰਖਚੇ ਉਡਾਏ ਹਨ। ਕਿਉਂਕਿ ਗੁਰੂ ਅਰਜਨ ਸਾਹਿਬ ਜੀ ਨੂੰ ਗੁਰੂ ਵਾਲੀ ਜ਼ਿੰਮੇਵਾਰੀ ਮਿਲਣ ਤੋਂ ਪਹਿਲਾਂ "ਨਾਨਕ" ਕਵੀ ਛਾਪ ਵਰਤਣ ਦੀ ਆਗਿਆ ਹੋ ਹੀ ਨਹੀਂ ਸਕਦੀ। ਅਜਿਹਾ ਕੰਮ ਕੋਈ ਗੁਰੂ ਦੋਖੀ ਕਰਦਾ ਹੈ, ਗੁਰੂ ਪ੍ਰੇਮੀ ਨਹੀਂ। ਪ੍ਰਿਥੀ ਚੰਦ ਦੀ ਔਲਾਦ ਨੇ (ਮੇਹਰਵਾਨ ਤੇ ਹਰਿ ਜੀ ਆਦਿ) ਨਾਨਕ ਨਾਮ ਦੀ ਵਰਤੋਂ ਕਰ ਕੇ ਕਵਿਤਾ ਲਿਖੀ ਸੀ। ਇਨ੍ਹਾਂ ਕਾਰਨਾਂ ਕਰ ਕੇ ਉਹ ਅੱਜ ਤੱਕ ਗੁਰੂ ਘਰ ਵੱਲੋਂ ਵੱਖ ਕਰ ਦਿੱਤੇ ਗਏ ਸਨ। ਗੁਰੂ ਅਰਜਨ ਸਾਹਿਬ ਨੂੰ ਕੀ ਗਰੰਟੀ ਸੀ ਕਿ ਮੈਂ ਜ਼ਰੂਰ ਹੀ ਗੁਰੂ ਬਣ ਜਾਵਾਂਗਾ। ਇਸ ਲਈ ਨਾਨਕ ਨਾਮ ਵਰਤ ਕੇ ਬਾਣੀ ਲਿਖਣੀ ਸ਼ੁਰੂ ਕਰ ਦਿਆਂ। ਸੰਨ 1558 ਵਿੱਚ ਪ੍ਰਿਥੀ ਚੰਦ ਦਾ ਜਨਮ ਹੋਇਆ। ਸੰਨ 1560 ਵਿੱਚ

ਮਹਾਂਦੇਵ ਤੇ 1563 ਵਿੱਚ ਬਾਲਕ ਅਰਜਨ ਦਾ ਜਨਮ ਹੋਇਆ। ਉਹ ਗੁਰੂ ਰਾਮ ਦਾਸ, ਬੀਬੀ ਭਾਨੀ ਜੀ ਅਤੇ ਨਾਨਾ ਗੁਰੂ ਅਮਰਦਾਸ ਜੀ ਦੀ ਨਿਗਰਾਨੀ ਵਿੱਚ ਪਲੇ ਤੇ ਪ੍ਰਵਾਨ ਚੜ੍ਹੇ। ਪ੍ਰਿਥੀ ਚੰਦ ਦੀਆਂ ਮਨ ਆਈਆਂ, ਮਹਾਂਦੇਵ ਦਾ ਤਿਆਗ ਅਤੇ ਅਰਜਨ ਜੀ ਵੱਲੋਂ ਨਿਭਾਈਆਂ ਜਾ ਰਹੀਆਂ ਜ਼ਿੰਮੇਵਾਰੀਆਂ ਗੁਰੂ ਰਾਮਦਾਸ ਜੀ ਦੇ ਸਨਮੁੱਖ ਸਨ। ਤਿੰਨਾਂ ਪੁੱਤਰਾਂ ਦੇ ਜੀਵਨ ਬਾਰੇ ਮਾਤਾ-ਪਿਤਾ ਜੇਕਰ ਨਹੀਂ ਜਾਣਦੇ ਤਾਂ ਫਿਰ ਹੋਰ ਕੌਣ ਜਾਣਦਾ ਹੈ? ਇਮਤਿਹਾਨ ਕਿਸੇ ਇੱਕ ਦਿਨ ਦਾ ਨਹੀਂ, ਸਗੋਂ ਜਿੰਨੀ ਕੁ ਇਨ੍ਹਾਂ ਦੀ ਆਰਜਾ ਸਤਿਗੁਰੂ ਸਨਮੁੱਖ ਗੁਜਰੀ ਸੀ, ਉਹ ਸਾਰੀ ਹੀ ਪਲ-ਪਲ ਦੀ ਨਿਗਰਾਨੀ ਵਿੱਚ ਹੋ ਰਿਹਾ ਇਮਤਿਹਾਨ ਹੀ ਤਾਂ ਸੀ। ਇਥੇ ਯਾਦ ਰੱਖਣਾ ਬਣਦਾ ਹੈ ਕਿ ਗੁਰੂ ਅਰਜਨ ਸਾਹਿਬ ਜੀ ਦਾ ਇੱਕੋ ਬੇਟਾ ਹਰਿ ਗੋਬਿੰਦ ਸੀ। ਗੁਰਗੱਦੀ ਭੀ ਗਿਆਰਾਂ ਕੁ ਸਾਲ ਦੇ ਨੂੰ ਦਿੱਤੀ। ਕਿਸੇ ਇਮਤਿਹਾਨ ਦਾ ਕੋਈ ਜ਼ਿਕਰ ਨਹੀਂ ਮਿਲਦਾ। ਗੁਰੂ ਹਰਿ ਰਾਏ ਜੀ ਚੌਦਾਂ ਕੁ ਸਾਲ ਦੇ ਸਨ। ਬਿਨਾਂ ਕਿਸੇ ਪ੍ਰੀਖਿਆ ਤੋਂ ਗੁਰੂ ਪਦਵੀ 'ਤੇ ਬਿਰਾਜਮਾਨ ਕਰ ਦਿੱਤੇ ਗਏ। ਗੁਰੂ ਹਰਿ ਕ੍ਰਿਸ਼ਨ ਜੀ ਕੇਵਲ ਸਾਢੇ ਕੁ ਪੰਜ ਸਾਲ ਦੇ ਬਾਲਕ ਸਨ, ਬਿਨਾਂ ਕਿਸੇ ਇਮਤਿਹਾਨ ਤੋਂ ਜ਼ਿੰਮੇਵਾਰੀ ਸੌਂਪ ਦਿੱਤੀ। ਨੌਵੇਂ ਅਤੇ ਦਸਵੇਂ ਗੁਰੂ ਜੀ ਦੇ ਇਮਤਿਹਾਨਾਂ ਦਾ ਭੀ ਕੋਈ ਹਵਾਲਾ ਨਹੀਂ ਮਿਲਦਾ। ਕੀ ਜਾਣੀਏ ਕਿ ਪ੍ਰੀਖਿਆ ਸਾਰੇ ਕਿਤੇ ਜ਼ਰੂਰੀ ਨਹੀਂ ਸੀ? ਜਿਵੇਂ ਕਿ ਲਿਖਿਆ ਅਤੇ ਸਟੇਜਾਂ 'ਤੇ ਬੋਲਿਆ ਜਾ ਰਿਹਾ ਹੈ ਕਿ "ਸਤਿਗੁਰੂ" ਜੀ ਤਾਂ ਜਾਣੀ ਜਾਣ ਸਨ। ਜੇ ਜਾਣੀ ਜਾਣਤਾ ਵਾਲੀ ਮਨੌਂਤ ਸੱਚ ਹੈ ਫਿਰ ਤਾਂ ਗੁਰੂ ਜੀ ਦਿਲਾਂ ਦੀਆਂ ਜਾਣਨ ਵਾਲੇ ਸਨ। ਬਿਨਾਂ ਪ੍ਰੀਖਿਆ ਲਏ ਕਹਿ ਦਿੰਦੇ ਕਿ ਭਾਈ ਇਸ ਮਨੁੱਖ ਦੇ ਮਨ ਵਿੱਚ ਜੋ ਕਿਰਿਆ ਚੱਲ ਰਹੀ ਹੈ, ਉਸ ਦਾ ਸਾਨੂੰ ਪਤਾ ਹੈ। ਤੁਸੀਂ ਫਿਕਰ ਨਾ ਕਰੋ, ਪ੍ਰੀਖਿਆ ਦੀ ਕੋਈ ਲੋੜ ਨਹੀਂ, ਭਰੋਸਾ ਰੱਖੋ "ਗੁਰੂ ਸਭ ਕੁੱਝ ਜਾਣਦਾ ਹੈ"।

ਚੰਦੂ ਦੀ ਬੇਟੀ ਦਾ ਰਿਸ਼ਤਾ ਪ੍ਰਵਾਨ ਕਰਨ ਵਕਤ ਗੁਰੂ ਜੀ "ਜਾਣੀ ਜਾਣ" ਨਹੀਂ ਸਨ? ਕਿਉਂਕਿ ਲਾਹੌਰ ਦੀਆਂ ਸੰਗਤਾਂ ਨੇ ਆ ਕੇ ਦੱਸਿਆ ਕਿ ਚੰਦੂ ਬੁਰਾ ਮਨੁੱਖ ਹੈ। ਉਸ ਨੇ ਤੁਹਾਡੀ ਸ਼ਾਨ ਦੇ ਵਿਰੁੱਧ ਮੰਦੇ ਬਚਨ ਬੋਲੇ ਹਨ। ਕੀ "ਜਾਣੀ ਜਾਣ" ਗੁਰੂ ਨੂੰ ਪਹਿਲਾਂ ਹੀ ਪਤਾ ਨਹੀਂ ਲਗਣਾ ਚਾਹੀਦਾ ਸੀ ਕਿ ਚੰਦੂ ਨਾਲ ਰਿਸ਼ਤਾ ਪਾਉਣਾ ਭੀ ਬੁਰਾ ਅਤੇ ਤੋੜਨਾ ਭੀ ਖ਼ਤਰਨਾਕ ਹੈ। ਇਸ ਤੋਂ ਦੂਰ ਹੀ ਰਿਹਾ ਜਾਵੇ, ਪਰ ਅਜਿਹਾ ਗੁਰੂ ਜੀ ਨੇ ਕਿਉਂ ਨਾ ਸੋਚਿਆ? ਅਸਲ ਵਿੱਚ ਸਾਡੇ ਵਰਗੇ ਛੋਟੀ ਮੱਤ ਵਾਲੇ ਸਿੱਖਾਂ ਵੱਲੋਂ ਘੜੀਆਂ ਕਹਾਣੀਆਂ ਹਨ। ਇਨ੍ਹਾਂ ਨੂੰ ਲੋੜ ਮੁਤਾਬਕ ਬਦਲ ਲੈਣਾ ਹੀ ਸਿੱਖ ਪੰਥ ਦੇ ਹਿਤ ਵਿੱਚ ਹੈ। ਨਾਲ ਹੀ ਇਹ ਭੀ ਧਿਆਨ ਵਿੱਚ ਰੱਖਣਾ ਬਣਦਾ ਹੈ ਕਿ ਜੇਕਰ ਚੰਦੂ ਨੇ ਰਿਸ਼ਤੇ ਦੀ ਕਿੜ ਕੱਢਣ ਖ਼ਾਤਰ ਪੰਜਵੇਂ ਪਾਤਿਸ਼ਾਹ ਨੂੰ ਸ਼ਹੀਦ ਕਰਵਾਇਆ ਤਾਂ ਇਹ ਸ਼ਹੀਦੀ ਨਹੀਂ ਹੋਵੇਗੀ, ਘਰੇਲੂ ਕਲੇਸ਼ ਵਿੱਚ ਹੋਇਆ "ਕਤਲ" ਮੰਨਿਆ ਜਾਵੇਗਾ।

ਗੁਰੂ ਅਰਜਨ ਸਾਹਿਬ ਵੱਲੋਂ ਪੁੱਤਰ ਦੀ ਪ੍ਰਾਪਤੀ ਵਾਸਤੇ ਆਪਣੀ ਸੁਪਤਨੀ ਗੰਗਾ ਜੀ ਨੂੰ ਭਾਈ ਬੁੱਢਾ ਜੀ ਕੋਲ ਭੇਜਣਾ, ਅਤਿਅੰਤ ਮੰਦੀ ਕਰਤੂਤ ਹੈ। ਲੋਕਾਂ ਨੂੰ ਭਾਣਾ ਮੰਨਣ ਦਾ ਉਪਦੇਸ਼ ਦੇਣ ਵਾਲੇ ਗੁਰੂ ਜੀ ਕੀ ਅਜਿਹਾ ਕਰਨਗੇ? ਅਸਲ ਵਿੱਚ ਇਹ ਗੰਦੀ

ਕਹਾਣੀ "ਗੁਰਬਿਲਾਸ ਪਾਤਸ਼ਾਹੀ ਛੇਵੀਂ" ਵਿੱਚ ਦਰਜ ਇੱਕ ਬ੍ਰਾਹਮਣ ਕਵੀ ਸੋਹਣ ਦੀ ਕਿਰਤ ਹੈ। ਇਸ ਭੈੜੀ ਕਹਾਣੀ ਮੁਤਾਬਕ ਪੁੱਤਰ ਦਾ ਵਰ ਲੈਣ ਵਾਸਤੇ ਮਾਤਾ ਗੰਗਾ ਜੀ ਪਹਿਲਾਂ ਰੱਥ ਵਿੱਚ ਸਵਾਰ ਹੋ ਕੇ, ਸੇਵਕ ਸੇਵਕਾਵਾਂ ਸਮੇਤ ਭਾਈ ਬੁੱਢਾ ਜੀ ਕੋਲ ਗਏ। ਬੁੱਢਾ ਜੀ ਨੇ ਵੇਖਦਿਆਂ ਹੀ ਕਹਿ ਦਿੱਤਾ ਕਿ, "ਗੁਰੂ ਕਿਆਂ ਨੂੰ ਕੀ ਭਾਜੜਾਂ ਪੈ ਗਈਆਂ?" ਮਾਤਾ ਜੀ ਨਿਰਾਸ਼ ਹੋ ਕੇ ਪੁੱਤਰ ਦਾ ਵਰ ਪ੍ਰਾਪਤ ਕਰਨ ਦੀ ਥਾਵੇਂ "ਭਾਜੜਾਂ ਪੈਣ" ਦਾ ਸ਼ਰਾਪ ਲੈ ਕੇ ਮੁੜੇ। ਫਿਰ ਦੁਬਾਰਾ ਗੁਰੂ ਅਰਜਨ ਸਾਹਿਬ ਨੇ ਖ਼ੁਦ ਤਿਆਰੀ ਕਰਵਾਈ। ਮਿੱਸੀਆਂ ਰੋਟੀਆਂ, ਗੰਢਾ, ਲੱਸੀ ਤੇ ਮੱਖਣ ਦਾ ਪੇੜਾ ਦੇ ਕੇ ਨੰਗੇ ਪੈਰੀਂ ਚੱਲ ਕੇ ਜਾਣ ਲਈ ਕਿਹਾ। ਕੋਈ ਚੇਲੀ ਨਾਲ ਨਹੀਂ ਲੈ ਕੇ ਜਾਣੀ ਇਕੱਲੀ ਨੇ ਜਾਣਾ ਹੈ। ਮਾਤਾ ਜੀ ਦਿੱਤੇ ਗਏ ਆਦੇਸ਼ ਮੁਤਾਬਕ ਬੁੱਢਾ ਜੀ ਕੋਲ ਗਏ। ਬੁੱਢਾ ਜੀ ਨੇ ਗੰਢਾ ਭੰਨ੍ਹਿਆ ਤੇ ਨਾਲ ਵਰਦਾਨ ਬਖ਼ਸ਼ ਦਿੱਤਾ, "ਜਿਵੇਂ ਗੰਢੇ ਵਿੱਚੋਂ ਗੰਢੀਲੀ ਭੁੜਕ ਕੇ ਬਾਹਰ ਨਿਕਲੀ ਹੈ, ਇਸੇ ਤਰ੍ਹਾਂ ਪੁੱਤਰ ਭੁੜਕ ਕੇ ... ਆਵੇਗਾ। ਜਿਵੇਂ ਗੰਢਾ ਭੰਨ੍ਹਿਆ ਹੈ, ਇਸੇ ਤਰ੍ਹਾਂ ਤੁਰਕਾਂ ਦਾ ਸਿਰ ਭੰਨ੍ਹੇਗਾ। ਫਿਰ ਬੁੱਢਾ ਜੀ ਨੇ ਕਾਗਜ 'ਤੇ ਲਿਖ ਕੇ (ਗੁਰਬਿਲਾਸ ਪਾ. ਛੇਵੀਂ ਦੀ ਭੈੜੀ ਕਹਾਣੀ ਮੁਤਾਬਕ) ਇੱਕ ਮੰਤਰ ਦਿੱਤਾ। ਮਾਤਾ ਜੀ ਨੇ ਕਾਗਜ ਮੂੰਹ ਵਿੱਚ ਪਾ ਕੇ ਚੂਸਿਆ ਤੇ ਉਸੇ ਥਾਂ ਗਰਭਵਤੀ ਹੋ ਗਏ। ਫੁੱਲਿਆ ਪੇਟ ਲੈ ਕੇ ਜਦੋਂ ਗੁਰੂ ਅਰਜਣ ਕੋਲ ਆਈ ਤਾਂ ਉਨ੍ਹਾਂ ਖ਼ੁਸ਼ੀ ਵਿੱਚ ਲੱਡੂ ਵੰਡੇ। ਨੌ ਮਹੀਨੇ ਬੀਤ ਜਾਣ 'ਤੇ ਜਦੋਂ ਬਾਲਕ ਦੇ ਜਨਮ ਦਾ ਸਮਾਂ ਆਣ ਢੁੱਕਿਆ, ਤਦੋਂ ਕਾਫੀ ਸਾਰੀਆਂ ਬੀਬੀਆਂ ਮਾਤਾ ਗੰਗਾ ਜੀ ਕੋਲ ਬੈਠੀਆਂ ਸਨ। ਇਤਨੇ ਵਿੱਚ ਬਜ਼ੁਰਗ ਬਾਬਾ ਬੀਬੀਆਂ ਵਿਚਕਾਰ ਆ ਬੈਠਾ। ਸਾਰੀਆਂ ਨੇ ਉਸ ਬਜ਼ੁਰਗ ਨੂੰ ਤਾੜਨਾ ਕਰਨ ਦੇ ਲਹਿਜ਼ੇ ਵਿੱਚ ਪੁੱਛਿਆ ਕਿ ਇਸ ਪ੍ਰਸੂਤ ਦੇ ਸਮੇਂ ਇਥੇ ਕਿਉਂ ਆਇਆ ਹੈਂ? ਬਜ਼ੁਰਗ ਨੇ ਆਪਣੀ ਵਾਕਫੀ ਕਰਵਾਈ, ਮੈਂ ਤਾਂ ਵਿਸ਼ਨੂੰ ਭਗੰਵਾਨ ਹਾਂ, ਗੰਗਾ ਜੀ ਦਾ ਪੁੱਤਰ ਮੈਂ ਹੀ ਬਣਨਾ ਹੈ। ਇੱਕ ਬੀਬੀ ਨੇ ਆਖਿਆ, ਫਿਰ ਤੁਸੀਂ ਬੁੱਢਿਆਂ ਵਾਲੇ ਰੂਪ ਵਿੱਚ ਕਿਉਂ ਆਏ ਹੋ? ਬਾਲਕ ਰੂਪ ਹੋ ਕੇ ਆਓ ਤਾਂ ਮੰਨਾਂਗੇ। ਉਸ ਬਿਰਧ ਬਾਬੇ ਨੇ (ਵਿਸ਼ਨੂੰ) ਤੁਰੰਤ ਆਪਣਾ ਵੇਸ ਰੂਪ ਬਦਲ ਲਿਆ। ਅਛੋਪਲੇ ਜਿਹੇ ਮਾਤਾ ਗੰਗਾ ਜੀ ਦੀ ਗੋਦ ਵਿੱਚ ਲੇਟ ਗਿਆ। ਤੁਰੰਤ ਬੀਬੀਆਂ ਨੇ ਐਲਾਨ ਕਰ ਦਿੱਤਾ ਕਿ "ਪੁੱਤਰ ਦਾ ਜਨਮ ਹੋ ਗਿਆ ਹੈ, ਵਧਾਈ ਹੋਵੇ।" ਅਜਿਹੀਆਂ ਗੰਦੀਆਂ ਕਹਾਣੀਆਂ "ਗੁਰ ਇਤਿਹਾਸ" ਆਖੀਆਂ ਜਾ ਰਹੀਆਂ ਹਨ।

ਬਾਕੀ ਗੁਰ ਵਿਅਕਤੀਆਂ ਵਾਂਗ ਹੀ ਗੁਰੂ ਅਰਜਨ ਸਾਹਿਬ ਜੀ ਨੂੰ ਵਿੱਦਿਆ ਪੜ੍ਹਦੇ, ਗੁਰਬਾਣੀ ਦੀ ਸੰਥਿਆ ਲੈਂਦੇ, ਰਾਗ ਦੀ ਪ੍ਰਵੀਨਤਾ ਹਾਸਲ ਕਰਦੇ, ਕਦੀ ਨਹੀਂ ਵਿਖਾਇਆ ਗਿਆ। ਜੇ ਕਦੀ ਬਹੁਤ ਚੰਗਾ ਕੰਮ ਕਰਦੇ ਵਿਖਾਇਆ ਹੈ ਤਾਂ ਸਰੋਵਰ ਬਣਵਾਉਣੇ, ਇਮਾਰਤਾਂ ਤਿਆਰ ਕਰਾਉਣੀਆਂ, ਲੰਗਰ ਚਲਾਉਣੇ, ਬਿਮਾਰਾਂ ਦਾ ਇਲਾਜ ਕਰਾਉਣਾ। ਇਹ ਸਾਰੀਆਂ ਸੇਵਾਵਾਂ ਆਪਣੀ ਥਾਂ ਚੰਗੀਆਂ ਹਨ। ਗੁਰੂ ਪਰਵਾਰ ਅਤੇ ਆਮ ਸਿੱਖ ਸੇਵਕ ਬਾਣੀ ਕਦੋਂ ਪੜ੍ਹਦੇ ਸਨ। ਸਮਾਜ ਵਿੱਚ ਪ੍ਰਚੱਲਤ ਧਰਮਾਂ ਬਾਰੇ, ਧਰਮ ਮੁਖੀਆਂ ਬਾਰੇ ਕਦੀ ਕੋਈ ਸਵਾਲ ਨਹੀਂ ਕਰਦੇ ਸਨ? ਦੇਸ਼ ਦੀ ਗ਼ੁਲਾਮੀ ਬਾਰੇ,

ਜਾਤ-ਪਾਤ ਬਾਰੇ, ਔਰਤ ਦੀ ਬਰਾਬਰਤਾ ਬਾਰੇ, ਰਾਜਸੀ ਜ਼ੁਲਮਾਂ ਬਾਰੇ, ਸੁਆਲ-ਜੁਆਬ ਕਰਦੇ ਕਦੀ ਨਹੀਂ ਵਿਖਾਇਆ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਸਿਆਣਪ ਅਤੇ ਬਹਾਦਰੀ ਦੇ ਝੰਡੇ ਬੁਲੰਦ ਕਰਨ ਵਾਲਾ ਸਾਹਿਤ ਨਸ਼ਟ ਕਰ ਦਿੱਤਾ ਹੋਵੇ। ਜਿਨ੍ਹਾਂ ਪਾਖੰਡ ਕਿਰਿਆਵਾਂ ਵਿੱਚੋਂ ਗੁਰਬਾਣੀ ਬਾਹਰ ਕੱਢਦੀ ਹੈ, ਕਥਾ-ਕਹਾਣੀਆਂ ਰਾਹੀਂ ਸਿੱਖ ਸਮਾਜ ਵਿੱਚ ਦੁਬਾਰਾ ਦਾਖ਼ਲ ਕਰ ਦਿੱਤੀਆਂ ਗਈਆਂ। ਸਿਆਣਪ ਦੀ ਜਿਸ ਬੁਲੰਦੀ 'ਤੇ ਗੁਰਬਾਣੀ ਨੇ ਪਹੁੰਚਾਉਣ ਵਿੱਚ ਅਮਿਣਵਾਂ ਯੋਗਦਾਨ ਪਾਇਆ ਸੀ, ਸਿੱਖ ਸਮਾਜ ਵਿੱਚ ਉਹੀ ਮੂਰਖਾਂ ਵਾਲੀਆਂ ਕਾਲਪਨਿਕ ਕਥਾਵਾਂ ਪ੍ਰਚੱਲਤ ਕਰ ਦਿੱਤੀਆਂ ਹਨ। ਸਿੱਖੀ ਨੂੰ ਮੰਨਣ ਦਾ ਦਾਅਵਾ ਕਰਨ ਵਾਲੇ ਖ਼ੁਦ ਗੁਰਬਾਣੀ ਦੇ ਪਾਵਨ ਉਪਦੇਸ਼ਾਂ ਤੋਂ ਕੋਰੇ ਹਨ। ਪ੍ਰਚਾਰਕ ਡੇਰੇਦਾਰਾਂ ਨਾਲ ਸਬੰਧਤ ਹਨ। ਪ੍ਰਬੰਧਕ ਖ਼ੁਦਗਰਜ ਹਨ। ਧਾਰਮਕ ਮੁਖੀ ਗ਼ੁਲਾਮ ਹਨ, ਰਾਜਸੀ ਲੋਕਾਂ ਦੇ। ਆਮ ਜੰਤਾ ਲੁੱਟੀ-ਪੁੱਟੀ ਜਾ ਰਹੀ ਹੈ।

ਗੁਰੂ ਅਰਜਨ ਸਾਹਿਬ ਜੀ ਦੇ ਕੀਤੇ ਕਾਰਜ ਤਾਂ ਬਹੁਤ ਹਨ, ਪਰ ਉਨ੍ਹਾਂ ਵੱਲੋਂ ਪਾਵਨ ਪੋਥੀ ਦੀ ਸੰਪਾਦਨਾ ਅਤੇ ਸੰਭਾਲ ਕਰ ਕੇ ਅਗਲੀਆਂ ਪੀੜ੍ਹੀਆਂ ਤੱਕ ਪੁਚਾਉਣ ਦੀ ਸਿਆਣਪ ਮਹਾਨ ਸੀ। ਜੇ ਇਹ ਬਾਣੀ ਸੁਰੱਖਿਅਤ ਨਾ ਰਹਿੰਦੀ, ਸਿੱਖ ਪੰਥ ਦੀ ਪਛਾਣ ਕਦੇ ਦੀ ਮਰ ਮੁੱਕ ਜਾਂਦੀ। ਗੁਰਬਾਣੀ ਦਾ ਪਰਮਾਣ ਦੇ ਕੇ ਸਿੱਖ ਜਿਵੇਂ ਸਵੈਮਾਣ ਨਾਲ ਆਪਣਾ ਪੱਖ ਪੇਸ਼ ਕਰ ਸਕਦਾ ਹੈ, ਫਿਰ ਇਹ ਨਹੀਂ ਹੋਣਾ ਸੀ। ਲੋਕਾਈ ਦਾ ਖ਼ੂਨ ਪੀਣ ਵਾਲੇ ਲੁਟੇਰਿਆਂ ਦੇ ਵਿਰੁੱਧ ਕਦੀ ਆਵਾਜ਼ ਬੁਲੰਦ ਨਹੀਂ ਸੀ ਹੋਣੀ। ਜੰਤਾ 'ਤੇ ਕਹਿਰ ਢਾਹੁਣ ਵਾਲੇ ਰਾਜਸੀ ਹੁਕਮਰਾਨਾਂ ਨੂੰ ਕਿਸੇ ਨਹੀਂ ਆਖਣਾ ਸੀ-

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥ (ਮ 1, 1288)

ਜਾਤਪਾਤ ਦਾ ਵਿਰੋਧ ਅਸੀਂ ਕਿਥੋਂ ਕਰ ਸਕਣਾ ਸੀ ? ਔਰਤ ਸਦਾ ਪੈਰ ਦੀ ਜੁੱਤੀ ਬਣੀ ਰਹਿਣੀ ਸੀ, ਇਸ ਦੇ ਹੱਕ ਵਿੱਚ ਆਵਾਜ਼ ਅਸੀਂ ਨਹੀਂ ਉਠਾ ਸਕਣੀ ਸੀ। ਮਨੁੱਖਤਾ ਲਈ ਜੀਵਨ ਰੌਂ ਜੇ ਮਿਲੀ ਹੈ ਤਾਂ ਗੁਰਬਾਣੀ ਵਿੱਚੋਂ। ਸਭ ਤੋਂ ਮਹਾਨ ਪਰਉਪਕਾਰ ਸੀ ਗੁਰੂ ਅਰਜਨ ਸਾਹਿਬ ਜੀ ਦਾ ਕਿ ਉਨ੍ਹਾਂ "ਪੋਥੀ" ਤਿਆਰ ਕਰ ਕੇ, ਬਾਣੀ ਬਿਖਰਨੋਂ ਬਚਾ ਲਈ। ਦੂਜਾ ਮਹਾਨ ਕਾਰਜ ਸੀ ਉਨ੍ਹਾਂ ਦਾ ਗੁਰਮਤਿ ਦੇ ਅਸੂਲ 'ਤੇ ਪ੍ਰਪੱਕਤਾ ਨਾਲ ਪਹਿਰਾ ਦਿੰਦਿਆਂ ਜਾਨ ਦੀ ਬਾਜ਼ੀ ਲਾ ਦੇਣੀ ਪਰ ਝੁਕਣਾ ਨਹੀਂ। ਪਹਿਲਾਂ ਇਹ ਜੰਗ ਵਿਚਾਰਾਂ ਦੀ ਚੱਲ ਰਹੀ ਸੀ। ਗੁਰੂ ਅਰਜਨ ਸਾਹਿਬ ਨੇ ਆਪਣੀ ਜਿੰਦ ਦੀ ਅਹੁਤੀ ਦੇ ਕੇ ਇਸ ਜੰਗ ਨੂੰ ਹਥਿਆਰਬੰਦ ਰਾਹ ਟੋਰਨ ਵਿੱਚ ਮਹੱਤਵ ਪੂਰਨ ਯੋਗਦਾਨ ਪਾਇਆ। ਜਿਨ੍ਹਾਂ ਦਾ ਗੁਰੂ ਸਿਦਕ 'ਤੇ ਕਾਇਮ ਰਹਿੰਦਿਆਂ ਕੁਰਬਾਨ ਹੋ ਜਾਵੇ, ਫਿਰ ਸਿੱਖ ਕਿਵੇਂ ਪਿਛਾਂਹ ਹੱਟ ਸਕਦੇ ਹਨ ?

ਅਫ਼ਸੋਸ ਕਿ ਸਿੱਖ ਲੇਖਾਰੀਆਂ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਤੱਤੀਆਂ ਤਵੀਆਂ 'ਤੇ ਬਿਠਾ ਕੇ ਭੀ, ਇਉਂ ਪੇਸ਼ ਕੀਤਾ ਹੈ ਕਿ ਜਿਵੇਂ ਉਹ ਫੁੱਲਾਂ ਦੀ ਸੇਜ 'ਤੇ ਬੈਠੇ ਮੌਜ ਕਰ ਰਹੇ ਹੋਣ। ਮਾਲਾ ਫੇਰਦਿਆਂ, ਸਿਮਰਨ ਕਰ ਰਹੇ ਹੋਣ। ਸਫੇਦ ਬਸਤਰ ਪਹਿਨ ਕੇ ਤੱਤੀ ਤਵੀ 'ਤੇ ਨਹੀਂ, ਰਾਜ ਸਿੰਘਾਸਣ 'ਤੇ ਬੈਠੇ ਹੋਣ। ਸਾਂਈਂ ਮੀਆਂ ਮੀਰ ਨੂੰ ਇੱਕ ਮਦਾਰੀ

ਵਾਂਗ ਕਹਿੰਦੇ ਦਰਸਾਇਆ ਹੈ ਕਿ "ਆਖੋ ਤਾਂ ਕਰਾਮਾਤ ਰਾਹੀਂ ਕਹਿਰ ਵਰਤਾ ਦਿਆਂ ? ਦਿੱਲੀ ਤਖ਼ਤ ਨੂੰ ਮਿੱਟੀ ਵਿੱਚ ਮਿਲਾ ਦਿਆਂ..."। ਪੰਚਮ ਗੁਰਦੇਵ ਜੀ ਨੇ ਸ਼ਾਂਤ ਕੀਤਾ ਵਰਨਾ ਕੀ ਦਾ ਕੀ ਹੋ ਜਾਣਾ ਸੀ। ਜੇਕਰ ਕਰਾਮਾਤਾਂ ਨਾਲ ਕਾਰਜ ਸਿੱਧ ਕੀਤੇ ਜਾ ਸਕਦੇ, ਫਿਰ ਹਿੰਦੁਸਤਾਨ ਵਿੱਚ ਤਾਂ ਲੱਖਾਂ ਹੀ ਸਾਧ ਕਰਾਮਾਤੀ ਹੋਣ ਦਾ ਢੋਲ ਸਦੀਆਂ ਤੋਂ ਪਿੱਟਦੇ ਆ ਰਹੇ ਹਨ। ਮਹਿਮੂਦ ਗਜਨਵੀ, ਮੁਹੰਮਦ ਗੌਰੀ, ਤੈਮੂਰ ਲੰਗ, ਬਾਬਰ, ਨਾਦਰ ਤੇ ਗੌਰੇ ਇਸ ਦੇਸ਼ ਵਿੱਚ ਸਦੀਆਂ ਤੱਕ ਰਾਜ ਕਰਦੇ ਰਹੇ। ਲੋਕਾਂ ਨੂੰ ਆਪਣੇ ਪੈਰਾਂ 'ਤੇ ਲੰਮੇ ਪੈਣ ਲਈ ਮਜਬੂਰ ਕਰਦੇ ਰਹੇ। ਜਵਾਨ ਸੁੰਦਰ ਲੜਕੀਆਂ ਨੂੰ ਬਾਜ਼ਾਰਾਂ ਵਿੱਚ ਵੇਚਦੇ ਰਹੇ। ਪਰ ਕਰਾਮਾਤੀ ਬਣੇ ਬੈਠੇ ਸਾਧੂ-ਸੰਤ ਤੇ ਦੇਵੀਆਂ-ਦੇਵਤੇ, ਚੈਨ ਦੀ ਬੰਸਰੀ ਵਜਾਉਂਦੇ ਰਹੇ। ਖਰਮਸਤੀਆਂ ਕਰਦੇ ਰਹੇ। ਜੰਗਲਾਂ ਵਿੱਚ ਤਪੱਸਿਆ ਕਰਦੇ ਰਹੇ, ਪੁੱਠੇ ਲਟਕਦੇ ਰਹੇ, ਹਵਨ ਕਰਦੇ ਰਹੇ। ਮਨੁੱਖਤਾ ਦੇ ਦੁੱਖ ਦੂਰ ਕਰਨ ਵਾਲੀ ਕਦੀ ਕੋਈ ਕਰਾਮਾਤ ਨਹੀਂ ਵਾਪਰੀ। ਆਪਣੀ ਕਰਾਮਾਤੀ ਸ਼ਕਤੀ ਰਾਹੀਂ ਗੁਰੂ ਅਰਜਨ ਸਾਹਿਬ, ਜਹਾਂਗੀਰ ਦਾ ਸੁਭਾ ਹੀ ਬਦਲ ਦੇਂਦੇ ਤਾਂ ਕਿ ਉਹ ਕੋਈ ਜ਼ੁਲਮ ਹੀ ਨਾ ਕਰਦਾ। ਗੁਰੂ ਨਾਨਕ ਸਾਹਿਬ ਬਾਬਰ ਦਾ ਮਨ ਬਦਲ ਦਿੰਦੇ ਤਾਂ ਕਿ ਇਥੇ ਕਤਲੋ ਗਾਰਤ ਨਾ ਕਰਦਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਕੋਈ ਕਰਾਮਾਤ ਨਹੀਂ ਵਾਪਰੀ। "ਨਿੱਕੀਆਂ ਜਿੰਦਾ ਨੇ ਵੱਡਾ ਸਾਕਾ" ਵਰਤਾਇਆ। ਉਨ੍ਹਾਂ ਨੂੰ ਬਚਾਉਣ ਲਈ ਕਿਸੇ ਕਰਾਮਾਤ ਨੇ ਕੰਮ ਨਹੀਂ ਕੀਤਾ। ਮਿਸਲਾਂ ਵਕਤ ਸਿੱਖਾਂ ਦੇ ਨਾਲ ਜੋ ਕਹਿਰ ਵਾਪਰਿਆ, ਉਹ ਪੜ੍ਹ ਕੇ ਖ਼ੂਨ ਖੌਲਣ ਲੱਗ ਪੈਂਦਾ ਹੈ। ਸੌ ਸਾਲ ਦੇ ਸਮੇਂ ਵਿੱਚ ਕਿਸੇ ਕਰਾਮਾਤ ਨੇ ਸਿੱਖਾਂ ਦਾ ਦੁੱਖ ਦਰਦ ਘੱਟ ਨਾ ਕੀਤਾ। ਗੁਰੂ ਅਰਜਨ ਸਾਹਿਬ ਜੀ ਦਾ ਤੱਤੀ ਤਵੀ 'ਤੇ ਬੈਠਣਾ ਭੀ ਸਾਨੂੰ ਪੇਸ਼ ਨਾ ਕਰਨਾ ਆਇਆ। ਅੰਤ ਵਿੱਚ ਉਨ੍ਹਾਂ ਨੂੰ "ਇਸ਼ਨਾਨ ਕਰਨ ਦੀ ਇੱਛਾ ਜਾਗ ਪਈ।" ਰਾਵੀ ਦਰਿਆ ਵਿੱਚ ਚੁੱਭੀ ਮਾਰੀ ਤੇ ਸਿੱਧੇ ਸੱਚ ਖੰਡ ਪਹੁੰਚ ਗਏ। ਇਹ ਦੱਸਣ ਲਈ ਤਿਆਰ ਨਹੀਂ ਹਨ ਕਿ ਉਨ੍ਹਾਂ ਨੂੰ ਸਰੀਰ ਨਾਲ ਪੱਥਰ ਬੰਨ੍ਹ ਕੇ, ਪਾਣੀ ਵਿੱਚ ਡੋਬ ਕੇ ਮਾਰਿਆ ਗਿਆ। ਇਸ ਮਾਮਲੇ ਵਿੱਚ ਭਾਈ ਗੁਰਦਾਸ ਜੀ ਭੀ ਕੋਈ ਵਿਸਥਾਰ ਸਹਿਤ ਘਟਨਾ ਚੱਕਰ ਨੂੰ ਬਿਆਨ ਨਹੀਂ ਕਰ ਸਕੇ। ਪਤਾ ਨਹੀਂ ਕਿਉਂ ? ਜਾਂ ਉਨ੍ਹਾਂ ਵੱਲੋਂ ਲਿਖਿਆ ਇਤਿਹਾਸ "ਵਾ ਵਰੋਲਿਆਂ" ਵਿੱਚ ਗੁਆਚ ਗਿਆ। ਕਾਸ਼ ਕਿ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਬਾਰੇ ਭਾਈ ਗੁਰਦਾਸ ਜੀ ਪ੍ਰਮਾਣੀਕ ਇਤਿਹਾਸ ਲਿਖ ਜਾਂਦੇ। ਕਾਸ਼ ਕਿ ਦਸਵੇਂ ਗੁਰੂ ਜੀ ਵਿਸਥਾਰ ਸਹਿਤ ਕਿਸੇ ਕਵੀ ਨੂੰ ਕਹਿ ਕੇ ਸਾਰਾ ਬਿਰਤਾਂਤ ਲਿਖਵਾ ਜਾਂਦੇ। ਹੁਣ ਭੀ ਸੰਭਲਣ ਦਾ ਵੇਲਾ ਹੈ, ਗ਼ਲਤ ਸਾਖੀਆਂ ਨੂੰ ਗਲੋਂ ਲਾਹ ਸੁੱਟੀਏ।

ਗੁਰੂ ਹਰਿ ਗੋਬਿੰਦ ਸਾਹਿਬ ਜੀ (ਸਾਖੀਆਂ)

ਹਰਿ ਗੋਬਿੰਦ (ਗੁਰੂ) ਜੀ ਦਾ ਜਨਮ ਅਪਮਾਨ ਜਨਕ ਢੰਗ ਨਾਲ ਭਾਈ ਬੁੱਢਾ ਜੀ ਰਾਹੀਂ ਕਰਵਾ ਦਿੱਤਾ, ਇਹ ਪਿੱਛੇ ਦੱਸਿਆ ਜਾ ਚੁੱਕਿਆ ਹੈ। ਅੱਗੇ ਆਉਣ ਵਾਲੀਆਂ ਸਾਖੀਆਂ ਬਾਰੇ ਸੰਖੇਪ ਵਿਚਾਰ ਕਰ ਵੇਖੀਏ। ਬਾਲਕ ਦੀ ਧਰਮ ਸਿਧਾਂਤਕ ਵਿੱਦਿਆ ਬਾਰੇ ਵਿਸਥਾਰ ਸਹਿਤ ਕੁੱਝ ਲਿਖਿਆ ਨਹੀਂ ਮਿਲਦਾ। ਉਨ੍ਹਾਂ ਨੇ ਗੁਰਬਾਣੀ ਦਾ ਮੁਤਾਲਿਆ ਕਿੰਨਾ ਸਮਾਂ ਕੀਤਾ। ਹਥਿਆਰਾਂ ਦੀ ਸਿੱਖਿਆ ਕਿੰਨੀ ਉਮਰ ਤੋਂ ਲੈਣੀ ਆਰੰਭ ਕੀਤੀ। ਘੋੜ ਸ਼ਵਾਰੀ ਕਿੰਨੀ ਉਮਰ ਵਿੱਚ ਕਰਨ ਲੱਗੇ। ਆਲੇ-ਦੁਆਲੇ ਸਮਾਜ ਦੀ ਕੀ ਅਵੱਸਥਾ ਹੈ। ਰਾਜਨੀਤੀ 'ਤੇ ਕਾਬਜ ਕਿੰਨੇ ਕੁ ਤਾਕਤਵਰ ਹਨ, ਉਨ੍ਹਾਂ ਨਾਲ ਨਜਿੱਠਣ ਲਈ ਕੀ ਕਰਨਾ ਚਾਹੀਦਾ ਹੈ। ਜਦੋਂ ਗੁਰਗੱਦੀ ਵਾਲੀ ਜ਼ਿੰਮੇਵਾਰੀ ਸੰਭਾਲੀ ਹੈ, ਉਸ ਸਮੇਂ ਪਿਤਾ ਗੁਰੂ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਜਾ ਚੁੱਕਿਆ ਹੈ। ਉਨ੍ਹਾਂ ਦੀ ਆਪਣੀ ਉਮਰ ਕੇਵਲ ਗਿਆਰਾਂ (ਕੁੱਝ ਇਤਿਹਾਸਕਾਰ ਜਨਮ 1590 ਦਾ ਮੰਨਦੇ ਹਨ ਤੇ ਕੁੱਝ 1595 ਦਾ) ਕੁ ਸਾਲ ਦੀ ਸੀ। ਜੇਕਰ ਕੋਸ਼ਿਸ਼ ਕਰ ਕੇ ਉਮਰ ਵਧਾਉਣੀ ਚਾਹੀਏ ਤਦੋਂ ਭੀ ਸੋਲਾਂ ਸਾਲ ਤੋਂ ਅੱਗੇ ਨਹੀਂ ਟੁਰਦੀ। ਸੋਲਾਂ ਕੁ ਸਾਲ ਦਾ ਅੱਲੜ੍ਹ ਨੌਜੁਆਨ ਕਿਵੇਂ ਆਪਣੀ ਜਥੇਬੰਦੀ ਦਾ ਕਾਮਯਾਬ ਮੁਖੀ ਬਣਿਆ ? ਕਿਵੇਂ ਨਵੀਂ ਫ਼ੌਜੀ ਭਰਤੀ ਕਰ ਕੇ ਡਰਪੋਕ ਲੋਕਾਂ ਨੂੰ "ਸੀਸ ਤਲੀ 'ਤੇ ਰੱਖ ਕੇ" ਲੜਨ ਦਾ ਹੌਸਲਾ ਦਿੱਤਾ ? ਕਿਵੇਂ ਘਰੇਲੂ ਕਲੇਸ਼ ਦਾ ਮੁਕਾਬਲਾ ਕੀਤਾ? ਕਿਥੋਂ ਅੰਨ-ਦਾਣਾ ਆਇਆ, ਵਿਸਥਾਰ ਨਾਲ ਲਿਖਿਆ ਨਹੀਂ ਮਿਲਦਾ ਹਾਂ। ਕਰਾਮਾਤੀ ਜਿਹੇ ਢੰਗ ਬਥੇਰੇ ਪ੍ਰਗਟ ਕੀਤੇ ਪੜ੍ਹਨ ਲਈ ਮਿਲ ਜਾਂਦੇ ਹਨ, ਜੋ ਆਮ ਵਿਅਕਤੀ ਨੂੰ ਅੱਜ ਕੋਈ ਸਿੱਖਿਆ ਨਹੀਂ ਦੇ ਰਹੇ, ਸਗੋਂ ਗੁੰਮਰਾਹ ਕਰ ਰਹੇ ਹਨ। ਇਥੋਂ ਤੱਕ ਅਜੀਬ ਸਾਖੀ ਪ੍ਰਚੱਲਤ ਕਰ ਦਿੱਤੀ ਗਈ ਹੈ ਕਿ ਛੇਵੇਂ ਪਾਤਿਸ਼ਾਹ ਨੂੰ ਗੁਰਗੱਦੀ 'ਤੇ ਬਿਠਾਉਣ ਸਮੇਂ ਭਾਈ ਬੁੱਢਾ ਜੀ ਨੇ ਸੇਲ੍ਹੀ ਟੋਪੀ ਪਹਿਨਣ ਲਈ ਤਿਆਰ ਕੀਤਾ ਤਾਂ ਗੁਰੂ ਜੀ ਨੇ ਕਿਰਪਾਨ ਪਹਿਨਾਣ ਲਈ ਆਖਿਆ। ਬੁੱਢਾ ਜੀ ਕਿਸੇ ਕਾਰਨ "ਗ਼ਲਤੀ" ਕਰ ਗਏ ਤੇ ਕਿਰਪਾਨ ਖੱਬੇ ਪਾਸੇ ਧਾਰਨ ਕਰਾਉਣ ਦੀ ਥਾਵੇਂ ਸੱਜੇ ਬੰਨ੍ਹੇ ਪਹਿਨਾ ਦਿੱਤੀ। ਜਦੋਂ ਗੁਰੂ ਜੀ ਨੇ ਗ਼ਲਤੀ ਵੱਲ ਧਿਆਨ ਦਿਵਾਇਆ ਤਾਂ ਬੁੱਢਾ ਜੀ ਕਿਰਪਾਨ ਉਤਾਰ ਕੇ ਦੂਸਰੇ ਪਾਸੇ ਪਾਉਣ ਲੱਗੇ ਤਾਂ ਗੁਰੂ ਜੀ ਨੇ ਰੋਕ ਦਿੱਤੇ। ਅਖੇ, "ਹੁਣ ਇੱਕ ਕਿਰਪਾਨ ਹੋਰ ਲਿਆ, ਇੱਕ ਧਰਮ ਦੀ ਰਾਖੀ ਕਰੇਗੀ, ਇੱਕ ਰਾਜ ਦੀ ਰਾਖੀ ਕਰੇਗੀ।" ਜਿਸ ਕਿਰਪਾਨ ਨੂੰ ਸਾਰੀ ਉਮਰ ਵਰਤਣਾ ਹੀ ਨਹੀਂ ਸੀ, ਉਸ ਨੂੰ ਨਾਲ ਕਿਸ ਵਾਸਤੇ ਚੁੱਕੀ ਰੱਖਣਾ ਸੀ ? ਕਿਰਪਾਨ ਸਾਂਭਣੀ ਤੇ ਵਰਤਣੀ ਇੱਕੋ ਬਹੁਤ ਹੈ। ਇਹ ਮੰਨਿਆ ਜਾ ਸਕਦਾ ਹੈ ਕਿ ਸਤਿਗੁਰੂ ਜੀ ਨੇ ਜੁਲਮ ਨਾਲ ਟੱਕਰ ਲੈਣ ਵਾਸਤੇ ਫ਼ੌਜ ਤਿਆਰ ਕੀਤੀ। ਬਾਦਸ਼ਾਹੀ ਚਿੰਨ੍ਹ ਧਾਰਨ ਕੀਤੇ। ਪ੍ਰਤੀਕ ਰੂਪ ਵਿੱਚ ਥੜ੍ਹਾ ਬਣਵਾ ਕੇ ਉਸ ਦਾ ਨਾਮ ਤਖ਼ਤ ਰੱਖਿਆ। ਫਰਿਆਦੀਆਂ ਵਾਸਤੇ "ਅਦਾਲਤ" ਲਾ ਕੇ ਫ਼ੈਸਲੇ ਕੀਤੇ ਜਾਣ ਲੱਗੇ। ਦੋ ਤਲਵਾਰਾਂ

ਵਾਲੀ ਸਾਖੀ ਦਾ ਭਾਈ ਗੁਰਦਾਸ ਜੀ ਨੇ ਕਿਧਰੇ ਜ਼ਿਕਰ ਨਹੀਂ ਕੀਤਾ। ਪਹਿਲਾਂ ਨਾ ਸਹੀ, ਛੇਵੇਂ ਸਤਿਗੁਰੂ ਜੀ ਤੋਂ ਮਗਰੋਂ ਅਗਲੇ ਚਾਰ ਗੁਰ ਵਿਅਕਤੀਆਂ ਨੇ ਦੋ ਤਲਵਾਰਾਂ ਨਹੀਂ ਪਹਿਨੀਆਂ। ਅਕਾਲ ਤਖ਼ਤ ਦਾ ਜਥੇਦਾਰ ਭੀ ਦੋ ਤਲਵਾਰਾਂ ਧਾਰਨ ਨਹੀਂ ਕਰਦਾ, ਕਿਉਂ? ਉਹ ਕਹਿ ਸਕਦਾ ਹੈ ਕਿ "ਅਸੀਂ ਛੇਵੇਂ ਗੁਰੂ ਦੀ ਰੀਸ ਥੋੜ੍ਹਾ ਈ ਕਰਨੀ ਹੈ।" ਫਿਰ ਦਸਵੇਂ ਗੁਰੂ ਦੀ ਰੀਸ ਕਿਉਂ ਨਹੀਂ ਕਰਦੇ ਹੋ? ਅਸਲ ਵਿੱਚ ਅਬਦੁੱਲਾ ਨਾਮ ਦਾ ਇੱਕ ਢਾਡੀ ਆਪਣੇ ਸਾਥੀ ਨੂੰ ਨਾਲ ਲੈ ਕੇ ਅੰਮ੍ਰਿਤਸਰ, ਗੁਰੂ ਦਰਬਾਰ ਵਿੱਚ ਆਇਆ। ਭਰੇ ਇਕੱਠ ਵਿੱਚ ਇਸ ਨੇ ਬੜੇ ਰਸੀਲੇ ਅਤੇ ਜੋਸ਼ੀਲੇ ਅੰਦਾਜ਼ ਵਿੱਚ ਵਾਰਾਂ ਗਾ ਕੇ ਸਤਿਗੁਰੂ ਜੀ ਦੀ ਵਡਿਆਈ ਕੀਤੀ। ਇਸ ਵਾਰ ਵਿੱਚ ਦੋ ਤਲਵਾਰਾਂ ਦਾ ਨਹੀਂ ਬਲਕਿ "ਪੰਜ ਤਲਵਾਰਾਂ" ਦਾ ਜ਼ਿਕਰ ਹੈ, ਪੜ੍ਹ ਕੇ ਤੁਸੀਂ ਖ਼ੁਦ ਨਿਰਣਾ ਕਰੋ–

ਦੋ ਤਲਵਾਰੀ ਬਧੀਆਂ, ਇਕ ਮੀਰੀ ਦੀ, ਇੱਕ ਪੀਰ ਦੀ।
ਇੱਕ ਅਜਮਤ ਦੀ ਇਕ ਰਾਜ ਦੀ, ਇੱਕ ਰਾਖੀ ਕਰੇ ਵਜੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ ਦਰਵਾਜ਼ਾ ਬਲਖ ਬਖੀਰ ਦੀ।
ਨਾਲ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਦੀ।
ਪਗ ਤੇਰੀ, ਕੀ ਜਹਾਂਗੀਰ ਦੀ। (ਅਬਦੁਲਾ ਤੇ ਨਥਮਲ)

ਗਿਣਤੀ ਕਰੋ- ਇੱਕ ਮੀਰੀ ਦੀ, ਦੂਜੀ ਪੀਰੀ ਦੀ, ਤੀਜੀ ਇੱਜ਼ਤ ਦੀ ਰੱਖਿਆ ਲਈ, ਚੌਥੀ ਰਾਜ ਦੀ ਪ੍ਰਤੀਕ, ਪੰਜਵੀਂ ਵਜਾਰਤ (ਵਜੀਰ ਮੰਡਲੀ, ਸਰਕਾਰ) ਦੀ ਕਿਰਪਾਨ। ਗਿਣਤੀ ਪੰਜ ਹੋ ਗਈ। ਗੁਰੂ ਸਾਹਿਬ ਦੀਆਂ ਬਾਹਵਾਂ ਹੀ ਕਿਲ੍ਹੇ ਵਰਗੀਆਂ ਮਜ਼ਬੂਤ ਹਨ। ਕਿਲ੍ਹੇ ਨੂੰ ਲੱਗਾ ਦਰਵਾਜ਼ਾ ਬੁਖਾਰੇ ਤੋਂ ਆਇਆ ਹੈ। ਗੁਰੂ ਜੀ ਦੇ ਨਾਲ ਨੀਲ 'ਤੇ ਨੱਲ ਨਾਮ ਵਾਲੇ ਸਿਪਾਹੀ ਹਨ। ਜੋ ਦੁਸ਼ਟਾਂ ਨੂੰ ਥਾਏਂ ਮਾਰ ਮੁਕਾਉਂਦੇ ਹਨ। ਸਤਿਗੁਰੂ ਜੀ ਤੁਹਾਡੀ ਦਸਤਾਰ ਬਹੁਤ ਸੋਹਣੀ ਹੈ। ਜਹਾਂਗੀਰ ਰਾਜੇ ਦੀ ਦਸਤਾਰ ਤੁਹਾਡੇ ਮੁਕਾਬਲੇ ਕਿਥੇ ਹੈ?

ਇਹ ਕਵੀਆਂ ਵੱਲੋਂ ਕਾਵਿਕ ਪ੍ਰਤੀਕ ਵਰਤੇ ਗਏ ਹਨ। ਦੁਨੀਆਂ ਵਿੱਚ ਸਾਰੇ ਕਿਤੇ ਬੋਲ ਚਾਲ ਵਿੱਚ ਅਤੇ ਲਿਖਤੀ ਸਾਹਿਤ ਵਿੱਚ ਮੁਹਾਵਰੇ ਹਨ, ਪ੍ਰਤੀਕ ਹਨ। ਗੁਰਬਾਣੀ ਵਿੱਚ ਭੀ ਪ੍ਰਤੀਕਾਂ ਜਾਂ ਲੋਕੋਕਤੀਆਂ ਦੀ ਖੁੱਲ੍ਹ ਕੇ ਵਰਤੋਂ ਹੋਈ ਹੈ। "ਹਿੰਮਤ ਬਾਹਾਂ ਕੋਟ ਗੜ੍ਹ" ਦਾ ਮਤਲਬ ਹੈ- "ਸਤਿਗੁਰੂ ਤੁਹਾਡੇ ਵਿੱਚ ਹਿੰਮਤ ਅਥਾਹ ਹੈ, ਜੀਵਨ ਰਾਹ ਵਿੱਚ ਕਿਲ੍ਹੇ ਹੋਣ ਤੇ ਭਾਵੇਂ ਵੱਡੇ ਪਹਾੜ ਹੋਣ, ਤੁਸੀਂ ਰੁਕਣ ਵਾਲੇ ਨਹੀਂ। ਤੁਹਾਡੇ ਸਿਪਾਹੀ ਸੂਰਮੇ ਬਹੁਤ ਤਾਕਤ ਵਾਲੇ ਹਨ। ਜਿਵੇਂ (ਰਾਮਾਇਣ ਕਥਾ ਮੁਤਾਬਕ) ਨੀਲ ਤੇ ਨੱਲ ਰਾਮ ਚੰਦਰ ਜੀ ਨਾਲ ਦੋ ਵੱਡੇ ਬਹਾਦਰ ਸੈਨਾਪਤੀ ਸਨ। ਤੁਹਾਡੇ ਨਾਲ ਬਹੁਤ ਸਾਰੇ ਨੀਲ ਨੱਲ ਵਰਗੇ ਯੋਧੇ ਹਨ। ਇਸ ਕਵਿਤਾ ਤੋਂ ਸਿਵਾਏ ਦੋ ਤਲਵਾਰਾਂ, ਮੀਰੀ ਤੇ ਪੀਰੀ ਦਾ ਸੰਕਲਪ ਆਦਿ ਕਿਧਰੇ ਨਹੀਂ ਲਿਖਿਆ। ਮੀਰੀ, ਪੀਰੀ, ਰਾਜ ਜੋਗ, ਸੰਤ ਸਿਪਾਹੀ, ਭਗਤੀ ਤੇ ਸ਼ਕਤੀ ਆਦਿ ਦੇ ਅਸੂਲ ਗੁਰੂ ਨਾਨਕ ਸਾਹਿਬ ਜੀ ਤੋਂ ਹੀ ਚੱਲੇ ਹਨ। ਛੇਵੇਂ ਪਾਤਿਸ਼ਾਹ ਨੇ ਕੋਈ ਵੱਖਰਾ ਨਿਅਮ ਲਾਗੂ ਨਹੀਂ ਕੀਤਾ। ਦੋ ਤਲਵਾਰਾਂ ਤਾਂ ਹਰ ਕੰਮ ਵਿੱਚ ਰੁਕਾਵਟ ਹਨ।

ਅੱਜ ਆਲੇ-ਦੁਆਲੇ ਧਿਆਨ ਨਾਲ ਵੇਖ ਲਈਏ, ਸਿੱਖ ਤਾਂ ਇੱਕ ਤਿੰਨ ਫੁੱਟੀ ਕਿਰਪਾਨ ਚੁੱਕਣ ਲਈ ਵੀ ਤਿਆਰ ਨਹੀਂ। ਗੁਰੂ ਜੀ ਨੂੰ ਦੋ ਚੁਕਾ ਦਿੱਤੀਆਂ। ਸੱਤਵੇਂ, ਅੱਠਵੇਂ, ਨੌਵੇਂ ਤੇ ਦਸਵੇਂ ਗੁਰੂ ਜੀ ਨੇ, ਫਿਰ ਦੋ ਤਲਵਾਰਾਂ ਵਾਲਾ ਰਾਹ ਕਿਉਂ ਤਿਆਗ ਦਿੱਤਾ ? ਖੰਡੇ ਕੀ ਪਾਹੁਲ ਛਕਾਉਣ ਵਕਤ ਦਸਵੇਂ ਗੁਰੂ ਜੀ ਨੇ ਸਿੱਖਾਂ ਨੂੰ ਦੋ-ਦੋ ਕਿਰਪਾਨਾਂ ਕਿਉਂ ਨਾ ਚੁਕਾਈਆਂ ? ਤੇ ਖ਼ੁਦ ਦੋ ਕਿਉਂ ਨਾ ਧਾਰਨ ਕੀਤੀਆ ? ਇੱਕੋ ਨੂੰ ਸਾਂਭ ਲਈਏ ਕਾਫੀ ਹੈ।

ਗੁਰੂ ਹਰਿ ਗੋਬਿੰਦ ਸਾਹਿਬ ਬਾਰੇ ਇੱਕ ਬ੍ਰਾਹਮਣ ਕਵੀ ਸੋਹਣ ਨੇ "ਗੁਰਬਿਲਾਸ ਪਾਤਿਸ਼ਾਹੀ ਛੇਵੀਂ" ਲਿਖ ਕੇ ਗੁਰੂ ਜੀ ਦਾ ਬੇਅੰਤ ਅਪਮਾਨ ਕੀਤਾ ਹੈ। ਪਹਿਲਾਂ ਤਾਂ ਗੁਰੂ ਜੀ ਦੇ ਤਿੰਨ ਵਿਆਹ ਕੀਤੇ ਲਿਖੇ ਹਨ। ਤਿੰਨ ਪਤਨੀਆਂ (ਜੇ ਮੰਨ ਲਈਏ) ਦੇ ਹੁੰਦਿਆਂ ਇੱਕ ਸੁੰਦਰ ਜੁਆਨ ਲੜਕੀ ਲਾਹੌਰ ਤੋਂ ਹੋਰ "ਉਧਾਲ" ਲਿਆਂਦੀ, ਜਿਸ ਦਾ ਨਾਮ ਸੀ ਕਉਲਾਂ। ਉਸ ਗੰਦੀ ਕਿਤਾਬ ਮੁਤਾਬਕ ਕਉਲਾਂ ਨੇ ਗੁਰੂ ਜੀ ਨੂੰ ਆਪਣੇ ਮਨ ਦੀ ਸਾਰੀ ਗੱਲ ਪੁਚਾ ਦਿੱਤੀ। ਬਣਾਈ ਸਕੀਮ ਮੁਤਾਬਕ ਗੁਰੂ ਜੀ ਕਉਲਾਂ ਦੀ ਰਿਹਾਇਸ਼ ਦੇ ਨਾਲ ਘੋੜੇ 'ਤੇ ਸਵਾਰ ਹੋ ਕੇ ਪਹੁੰਚ ਗਏ। ਚੁਬਾਰੇ ਵਿੱਚੋਂ ਤਾਕੀ ਰਾਹੀਂ ਰੱਸਾ ਬੰਨ੍ਹ ਕੇ, ਉਸ ਦੇ ਸਹਾਰੇ ਹੇਠਾਂ ਉਤਰੀ। ਪਲਾਕੀ ਮਾਰ ਕੇ ਗੁਰੂ ਜੀ ਦੇ ਘੋੜੇ 'ਤੇ ਸਵਾਰ ਹੋ ਗਈ। ਗੁਰੂ ਜੀ ਉਸ ਨੂੰ ਆਪਣੇ ਘਰ ਲੈ ਆਏ। ਪਹਿਲੀਆਂ ਤਿੰਨੇ ਪਤਨੀਆਂ ਨੇ ਬਹੁਤ ਕਲੇਸ਼ ਕੀਤਾ, ਗੁਰੂ ਜੀ ਨੂੰ ਅਤਿਅੰਤ ਮੰਦੇ ਬੋਲ ਬੋਲੇ। ਫਿਰ ਗੁਰੂ ਜੀ ਕਉਲਾਂ ਨੂੰ ਹੋਰ ਥਾਵੇਂ ਲੈ ਗਏ। ਪਹਿਲੀਆਂ ਪਤਨੀਆਂ ਤੋਂ ਵੱਖ ਉਸ ਦੀ ਰਿਹਾਇਸ਼ ਕਰਵਾ ਦਿੱਤੀ। ਇਸੇ ਕਉਲਾਂ ਦੇ ਨਾਮ 'ਤੇ ਕਉਲ ਸਰ ਸਰੋਵਰ ਬਣਿਆ ਪ੍ਰਚਾਰਿਆ ਗਿਆ ਹੈ। ਸਟੇਜਾਂ 'ਤੇ ਇਸ ਨਖਿੱਧ ਕਹਾਣੀ ਨੂੰ ਸਾਰੇ ਹੀ ਕਥਾਕਾਰ ਬੜੇ "ਰਸਦਾਇਕ ਢੰਗ ਨਾਲ ਸੁਣਾ ਕੇ ਸ਼ਰਧਾਵਾਨਾਂ ਦਾ ਲੋਕ ਪ੍ਰਲੋਕ ਸਫ਼ਲਾ ਕਰ ਰਹੇ ਹਨ।" ਇਸ ਕਉਲਾਂ ਨਾਮ ਦੀ ਔਰਤ ਨੂੰ ਅੱਜ ਕੱਲ੍ਹ ਸਿੱਖ ਪ੍ਰਚਾਰਕ ਤੇ ਲੇਖਾਰੀ "ਮਾਤਾ ਕਉਲਾਂ ਜੀ" ਕਰ ਕੇ ਸੰਬੋਧਨ ਕਰ ਰਹੇ ਹਨ। ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ, ਗੁਰਦਵਾਰਿਆਂ ਦੀਆਂ ਧਾਰਮਕ ਸਟੇਜਾਂ 'ਤੇ ਆਪਣੇ ਗੁਰੂ ਦਾ ਸਿੱਖ ਅਖਵਾਉਣ ਵਾਲੇ ਖ਼ੁਦ ਅਪਮਾਨ ਕਰ ਰਹੇ ਹਨ। ਗੁਰਦਵਾਰਾ ਕਮੇਟੀਆਂ ਪੈਸੇ ਕਮਾਉਣ ਦੀ ਦੌੜ ਵਿੱਚ ਹਨ। ਪ੍ਰਚਾਰਕ ਕਮੇਟੀਆਂ ਦੇ ਗ਼ੁਲਾਮ ਹਨ। ਲੇਖਾਰੀ ਡਰਪੋਕ ਹਨ ਜਾਂ ਗੁਰਬਾਣੀ ਦੇ ਗਿਆਨ ਤੋਂ ਕੋਰੇ ਹਨ। ਕੌਣ ਸੁਧਾਰ ਕਰੇ ? ਛੇਵੇਂ ਪਾਤਿਸ਼ਾਹ ਦੇ ਤਖ਼ਤ 'ਤੇ ਬੈਠੇ ਰਾਜਸੀ ਲੋਕਾਂ ਦੇ "ਗ਼ੁਲਾਮ ਜਥੇਦਾਰ" (ਜੋਗਿੰਦਰ ਸਿੰਘ ਵੇਦਾਂਤੀ) ਨੇ ਇਸ ਘਿਨਾਉਣੀ ਕਿਤਾਬ ਨੂੰ ਸੰਪਾਦਤ ਕਰ ਕੇ, ਭੂਮਿਕਾ ਵਿੱਚ ਇੱਛਾ ਪ੍ਰਗਟ ਕੀਤੀ ਹੈ ਕਿ "ਇਸ ਕਿਤਾਬ ਦੀ ਕਥਾ ਸਾਰੇ ਗੁਰਦਵਾਰਿਆਂ ਵਿੱਚ ਹਰ ਰੋਜ਼ ਹੋਣੀ ਚਾਹੀਦੀ ਹੈ।" ਜੇ ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾ ਰਹੇ "ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦਾ ਪ੍ਰਿੰਸੀਪਲ ਡਾਕਟਰ ਅਮਰਜੀਤ ਸਿੰਘ, ਇਸ ਕਿਤਾਬ ਦੀ ਸੰਪਾਦਨਾ ਲਈ ਵੇਦਾਂਤੀ ਦੀ ਸਹਾਇਤਾ ਕਰੇ। ਆਪਣੇ ਕੋਲ ਪੜ੍ਹ ਰਹੇ ਵਿਦਿਆਰਥੀਆਂ ਨੂੰ ਇਸ ਕਿਤਾਬ ਦੀ ਕਥਾ ਕਰਨ ਲਈ ਪ੍ਰੇਰਤ ਕਰੇ, ਫਿਰ ਖ਼ਾਲਸਾ ਪੰਥ ਨੇ ਕਿੱਥੇ ਬਚਣਾ ਹੈ ?

"ਗੁਰਬਿਲਾਸ ਪਾਤਿਸ਼ਾਹੀ ਛੇਵੀਂ" ਕਿਤਾਬ ਦੀ ਕਹਾਣੀ ਮੁਤਾਬਕ ਗੁਰੂ ਹਰਿ ਗੋਬਿੰਦ

ਸਾਹਿਬ ਜੀ ਦਾ ਜਨਮ ਬਾਬਾ ਬੁੱਢਾ ਜੀ ਦੇ ਵਰ ਦੁਆਰਾ ਹੋਇਆ। ਫਿਰ ਵਿਅਹ ਤਿੰਨ ਤੇ ਕਉਲਾਂ ਬੀਬੀ ਵਾਧੂ। ਜਦੋਂ ਗੁਰੂ ਜੀ ਦੇ ਬੱਚਿਆਂ ਦੀ ਜਨਮ ਤਰੀਕ ਵੇਖੀਏ ਤਾਂ ਸਾਰੇ ਸ਼ੰਕੇ ਨਵਿਰਤ ਹੋ ਜਾਣੇ ਚਾਹੀਦੇ ਸਨ ਕਿਉਂਕਿ ਸਾਰੇ ਬੱਚਿਆਂ ਦੇ ਜਨਮ ਵਿੱਚ ਦੋ ਸਾਲ ਜਾਂ ਤਿੰਨ ਸਾਲ ਦੀ ਵਿੱਥ ਹੈ। ਜੇ ਤਿੰਨ ਚਾਰ ਪਤਨੀਆਂ ਹੁੰਦੀਆਂ ਤਾਂ ਇਹ ਜਨਮ ਦੀ ਵਿੱਥ ਘੱਟ-ਵੱਧ ਹੋ ਸਕਦੀ ਸੀ। ਕਿਉਂਕਿ ਬੱਚੇ ਇੱਕੋ ਮਾਤਾ ਦੇ ਗਰਭ ਤੋਂ ਜਨਮੇ ਹਨ, ਇਸ ਲਈ ਇਹ ਵਿੱਥ ਹੈ। ਮੇਰਾ ਵਿਸ਼ਵਾਸ ਹੈ ਕਿ ਇੱਕੋ ਮਹਿਲ ਇਹ ਮਾਤਾ ਨਾਨਕੀ ਜੀ ਸੀ। ਬੱਚਿਆਂ ਦੀਆਂ ਜਨਮ ਤਰੀਕਾਂ ਪੜ੍ਹੋ- ਪਹਿਲਾ ਬੇਟਾ ਗੁਰਦਿੱਤਾ ਜੀ 1613, ਬੇਟੀ ਵੀਰੋ ਜੀ 1615, ਬੇਟਾ ਸੂਰਜ ਮੱਲ ਜੀ 1617, ਬੇਟਾ ਅਣੀਰਾਇ 1618, ਬੇਟਾ ਅਟੱਲ ਰਾਇ 1619, (ਗੁਰੂ) ਤੇਗ ਬਹਾਦਰ ਜੀ 1621 ਵਿੱਚ। ਕੁਦਰਤੀ ਨਿਅਮ ਮੁਤਾਬਕ ਇੰਨੇ ਫ਼ਾਸਲੇ ਨਾਲ ਇੱਕ ਇਸਤਰੀ ਹੀ ਬੱਚਿਆਂ ਨੂੰ ਜਨਮ ਦੇ ਸਕਦੀ ਹੈ। ਜੇਕਰ ਜਨਮ ਵਿਚਲੀ ਵਿੱਥ ਘੱਟ ਹੁੰਦੀ ਤਦੋਂ (ਮਜਬੂਰੀ ਵੱਸ) ਮੰਨਣਾ ਪੈਣਾ ਸੀ ਕਿ ਗੁਰੂ ਜੀ ਦੇ ਇੱਕ ਤੋਂ ਜ਼ਿਆਦਾ ਵਿਆਹ ਸਨ। ਗੁਰਬਾਣੀ ਦੇ ਅਸੂਲਾਂ ਮੁਤਾਬਕ ਅਤੇ ਸਮਾਜ ਦੇ ਪ੍ਰਵਾਣਿਤ ਸਭਿਆਚਾਰ ਅਨੁਸਾਰ ਔਰਤ-ਪੁਰਸ਼ ਦੀ ਬ੍ਰਾਬਰਤਾ ਲਈ "ਇੱਕ ਪਤੀ, ਇੱਕ ਪਤਨੀ" ਦੇ ਸਿਧਾਂਤ ਨੂੰ ਹੀ ਜ਼ੋਰ ਨਾਲ ਪ੍ਰਚਾਰਾਂਗੇ ਤਾਂ ਹੀ ਸਾਡਾ ਸਿਰ ਉੱਚਾ ਹੋਵੇਗਾ। ਨਹੀਂ ਤਾਂ ਲੋਕੀਂ ਸਾਨੂੰ ਅਪਮਾਨਤ ਕਰਨਗੇ, ਕਿ "ਵੇਖੋ! ਸਿੱਖਾਂ ਦੇ ਗੁਰੂ ਭੀ ਮੌਜ ਮਸਤੀਆਂ ਹੀ ਕਰਦੇ ਰਹੇ।"

ਇੱਕ ਕਹਾਣੀ ਬੜੀ "ਸ਼ਰਧਾ ਨਾਲ ਬਾਰ-ਬਾਰ ਸਟੇਜਾਂ 'ਤੇ ਸੁਣਾਈ ਜਾਂਦੀ ਹੈ ਕਿ "ਇੱਕ ਮਾਈ ਦੀ ਉਮਰ ਵਡੇਰੀ ਹੋ ਗਈ। ਪੁੱਤਰ ਨਾ ਜਨਮਿਆ। ਸਾਰੇ ਕਿਤੇ ਨਮਸਕਾਰਾਂ ਕਰਨ ਤੋਂ ਮਗਰੋਂ ਛੇਵੇਂ ਪਾਤਿਸ਼ਾਹ ਕੋਲ ਭੇਜੀ। ਦੱਸ ਪ੍ਰਾਉਣ ਵਾਲੇ ਨੇ ਪਹਿਲਾਂ ਹੀ ਤਿਆਰੀ ਕਰਵਾ ਦਿੱਤੀ। ਜੇਕਰ ਮਹਾਰਾਜ ਆਖਣ ਪਈ ਤੇਰੀ ਕਿਸਮਤ ਵਿੱਚ ਪੁੱਤਰ ਪੈਦਾ ਹੋਣਾ ਲਿਖਿਆ ਹੀ ਨਹੀਂ ਹੈ ਤਾਂ ਤੂੰ ਕਲਮ ਦਵਾਤ ਨਾਲ ਲੈ ਕੇ ਜਾਵੀਂ ਝੱਟ ਕਹਿ ਦੇਵੀਂ, "ਮਹਾਰਾਜ ਸੱਚ ਖੰਡ ਵਿੱਚ ਭੀ ਤੁਸੀਂ ਹੀ ਲਿਖਣਾ ਸੀ। ਜੇ ਪਹਿਲਾਂ ਨਹੀਂ ਲਿਖਿਆ ਗਿਆ, ਆਹ ਲਓ ਕਾਗਜ ਤੇ ਕਲਮ ਹੁਣ ਲਿਖ ਦਿਓ।" ਸਤਿਗੁਰੂ ਜੀ ਬਹੁਤ ਖ਼ੁਸ਼ ਹੋਏ। ਘੋੜੇ 'ਤੇ ਬੈਠਿਆਂ ਮਾਈ ਦੀ ਕਿਸਮਤ ਵਿੱਚ ਇੱਕ ਪੁੱਤਰ ਲਿਖਣ ਹੀ ਲੱਗੇ ਸਨ ਕਿ ਘੋੜੇ ਨੇ ਪੈਰ ਹਿਲਾ ਦਿੱਤਾ। ਏਕਾ ਲਿਖਦਿਆਂ ਸੱਤ ਲਿਖ ਹੋ ਗਿਆ। ਇੱਕ ਦੀ ਥਾਂ ਮਾਈ ਦੇ ਸੱਤ ਪੁੱਤਰਾਂ ਨੇ ਜਨਮ ਲਿਆ। ਬੋਲੋ ਜੀ ਵਾਹਿਗੁਰੂ।" ਵਿਚਾਰਨ ਵਾਲੇ ਨੁਕਤੇ ਤਾਂ ਬਹੁਤ ਹਨ, ਪਰ ਕੁੱਝ ਕੁ ਪਰਖ ਲਈਏ- ਅਜਿਹਾ ਸੱਚ ਖੰਡ ਕਿੱਥੇ ਹੈ ਜਿਥੇ ਕਿਸਮਤ ਲਿਖੀ ਜਾਂਦੀ ਹੈ? ਉਸ ਸੱਚਖੰਡ ਵਿੱਚ ਸਿਰਫ਼ ਪੁੱਤਰ ਹੀ ਲਿਖੇ ਜਾਂਦੇ ਹਨ ਤਾਂ ਪੁੱਤਰੀਆਂ ਕਿਵੇਂ ਜਨਮ ਲੈਂਦੀਆਂ ਹਨ? ਗੁਰੂ ਹਰਿ ਗੋਬਿੰਦ ਸਾਹਿਬ ਕਿਸਮਤ ਲਿਖਣ ਵਾਸਤੇ ਕਿਹੜੇ ਸਚਖੰਡ ਵਿੱਚ ਬੈਠੇ ਸਨ? ਕੀ ਇੱਥੋਂ ਦਾ ਲਿਖਿਆ ਝੱਟ ਪਟ ਰੱਬ ਕੋਲ ਪਹੁੰਚ ਜਾਂਦਾ ਹੈ? ਫਿਰ ਪੁੱਤਰ ਇੱਕ ਲਿਖਣਾ ਸੀ, ਘੋੜੇ ਨੇ "ਕਿਰਪਾ ਕਰ ਕੇ" ਪੈਰ ਹਿਲਾ ਦਿੱਤਾ ਤਾਂ ਇੱਕ ਦਾ ਸੱਤ ਬਣ ਗਿਆ, ਮਰਜ਼ੀ ਘੋੜੇ ਦੀ ਚੱਲੀ? ਮਾਈ ਤਾਂ ਪਹਿਲੀਂ ਹੀ ਵੱਡੀ ਉਮਰ ਵਾਲੀ ਸੀ। ਪਰ ਸੱਤ ਪੁੱਤਰ ਪੈਦਾ ਕਰ ਕੇ ਮਾਈ ਨੂੰ ਸੁੱਖ ਦਿੱਤਾ ਹੈ ਕਿ ਦੁੱਖ? ਵਡੇਰੀ ਉਮਰ ਵਿੱਚ ਬੱਚਾ-

ਬੱਚੀ ਨਹੀਂ ਜਨਮ ਸਕਦਾ। ਕੁਦਰਤੀ ਨਿਅਮ ਮੁਤਾਬਕ ਲਗਪਗ ਪੰਤਾਲੀ ਸਾਲ ਦੀ ਉਮਰ ਤੋਂ ਪਹਿਲਾਂ ਔਰਤਾਂ ਦਾ "ਮਾਸਕ ਧਰਮ" ਖ਼ਤਮ ਹੋ ਜਾਂਦਾ ਹੈ। ਇਸ ਕਾਰਨ ਬੱਚਾ ਨਹੀਂ ਠਹਿਰ ਸਕਦਾ। ਸਾਡੇ ਮੂੜ ਕਥਾਵਾਚਕ ਕੀ ਦਰਸਾਉਣਾ ਚਾਹੁੰਦੇ ਹਨ? ਗੁਰੂ ਸਾਹਿਬਾਨ ਜਾਨਵਰਾਂ ਵਰਗੇ ਲੋਕਾਂ ਨੂੰ "ਬੰਦੇ ਦੇ ਪੁੱਤ" ਬਣਾਉਣ ਆਏ ਸਨ। ਵਰ ਦੇ ਕੇ ਹੋਰ ਜਾਨਵਰਾਂ ਦੀਆਂ ਹੇੜਾਂ ਪੈਦਾ ਕਰਨ ਨਹੀਂ ਸਨ ਆਏ। ਸਿੱਖਾਂ ਦੇ ਪ੍ਰਚਾਰਕ ਤੇ ਲੇਖਾਰੀ ਕਦੀ ਇਨ੍ਹਾਂ ਪੱਖਾਂ ਵੱਲ ਗੌਰ ਫ਼ੁਰਮਾਉਣਗੇ?

ਇਸ ਤੋਂ ਮਗਰੋਂ ਇੱਕ ਸਾਖੀ ਹੈ ਗੁਰੂ ਹਰਿ ਗੋਬਿੰਦ ਸਾਹਿਬ ਦਾ ਵੱਡਾ ਪੁੱਤਰ ਗੁਰਦਿੱਤਾ ਜੀ, ਬਾਬਾ ਸ੍ਰੀ ਚੰਦ ਨੂੰ ਸੌਂਪਣਾ। ਕਾਹਦੇ ਵਾਸਤੇ ਭਲਾ? ਉਦਾਸੀ ਮੱਤ ਜੋ ਗੁਰੂ ਨਾਨਕ ਸਾਹਿਬ ਜੀ ਨੇ ਰੱਦ ਕੀਤਾ ਸੀ, ਉਸ ਨੂੰ (ਕਹਿੰਦੇ ਹਨ) ਸ੍ਰੀ ਚੰਦ ਨੇ ਅਪਣਾ ਲਿਆ। ਜਦੋਂ ਗੁਰਗੱਦੀ ਨਾ ਮਿਲੀ ਤਾਂ ਗੁਰੂ ਅੰਗਦ ਸਾਹਿਬ ਦਾ ਡੱਟ ਕੇ ਵਿਰੋਧ ਕੀਤਾ ਤੇ ਖ਼ੁਦ ਗੁਰੂ ਬਣ ਬੈਠਾ। ਕਹਾਣੀਆਂ ਮੁਤਾਬਕ ਗੁਰੂ ਰਾਮਦਾਸ ਜੀ ਨੇ ਸ੍ਰੀ ਚੰਦ ਦੇ ਚਰਨ ਆਪਣੇ ਦਾਹੜੇ ਨਾਲ ਸਾਫ਼ ਕੀਤੇ। ਫਿਰ ਸ੍ਰੀ ਚੰਦ ਵੱਲੋਂ ਇਸ਼ਨਾਨ ਕਰ ਕੇ ਬਚਿਆ ਮੈਲਾ ਪਾਣੀ ਲਿਆ ਕੇ ਗੁਰੂ ਅਰਜਨ ਸਾਹਿਬ ਨੇ ਅੰਮ੍ਰਿਤਸਰ ਸਰੋਵਰ ਵਿੱਚ ਪਾਇਆ ਤਾਂ ਕਿਤੇ ਸਰੋਵਰ ਵਿੱਚ ਕੀੜੇ ਪੈਣੋਂ ਹਟੇ। ਫਿਰ ਗੁਰੂ ਅਰਜਨ ਸਾਹਿਬ ਨੂੰ ਅੱਧ ਵਿਚਕਾਰ ਜਾ ਕੇ ਸੁਖਮਨੀ ਬਾਣੀ ਉਤਰਨੀ ਬੰਦ ਹੋ ਗਈ। ਉਸ ਪ੍ਰੇਸ਼ਾਨੀ ਦੇ ਹੱਲ ਵਾਸਤੇ ਭੀ ਸ੍ਰੀ ਚੰਦ ਕੋਲ ਜਾ ਮੱਥਾ ਟੇਕਿਆ। ਸ੍ਰੀ ਚੰਦ ਨੇ ਸਲੋਕ ਉਚਾਰਨ ਕੀਤਾ, "ਆਦਿ ਸਚੁ ਜੁਗਾਦਿ ਸਚੁ...॥" (ਇਹ ਸਲੋਕ ਗੁਰੂ ਨਾਨਕ ਸਾਹਿਬ ਦਾ ਹੈ) ਤੇ ਗੁਰੂ ਅਰਜਨ ਸਾਹਿਬ ਨੂੰ ਬਾਣੀ ਉਤਰ ਪਈ। ਸ੍ਰੀ ਚੰਦ ਦਾ ਸ਼ੁਕਰੀਆ ਕਰ ਕੇ ਵਾਪਸ ਆ ਗਏ।

"ਪ੍ਰਚਲਤ ਇਤਿਹਾਸ ਮੁਤਾਬਕ" ਸ੍ਰੀ ਚੰਦ ਖ਼ੁਦ ਸਿੱਖੀ ਧਾਰਨ ਨਹੀਂ ਕਰਦਾ ਸਗੋਂ ਬਰਾਬਰ ਗੱਦੀ ਲਾ ਕੇ ਸਿੱਖ ਪੰਥ ਦਾ ਨੁਕਸਾਨ ਕਰਦਾ ਰਿਹਾ। ਗੁਰੂ ਨਾਨਕ ਦਾ ਪੁੱਤਰ ਜਾਣ ਕੇ ਕਾਫ਼ੀ ਸਾਰੇ ਭੋਲੇ ਸਿੱਖ ਉਸ ਨੂੰ ਆਪਣੀ ਕਮਾਈ ਅਰਪਣ ਕਰਦੇ ਰਹੇ। ਉਹ ਗੁਰੂਆਂ ਦਾ ਅਪਮਾਨ ਕਰਦਾ ਰਿਹਾ। ਫਿਰ ਆਪਣੇ ਉਦਾਸੀ ਮੱਤ ਨੂੰ ਹੋਰ ਫੈਲਾਉਣ ਵਾਸਤੇ ਛੇਵੇਂ ਸਤਿਗੁਰੂ ਤੋਂ ਉਨ੍ਹਾਂ ਦਾ ਬੇਟਾ ਮੰਗ ਲਿਆ, ਆਪਣੀ ਥਾਵੇਂ ਗੁਰਗੱਦੀ ਦੇਣ ਵਾਸਤੇ। ਸ਼ਿਵ ਜੀ ਦੇ ਚੇਲੇ ਧੂਣੇ ਬਾਲਦੇ ਸਨ, ਨਸ਼ੇ ਕਰਦੇ ਸਨ। ਇਸੇ ਤਰ੍ਹਾਂ ਦੇ ਚਾਰ ਧੂਣੇ ਸ੍ਰੀ ਚੰਦ ਨੇ ਥਾਪ ਕੇ ਉਨ੍ਹਾਂ ਦਾ ਮੁਖੀ ਗੁਰਦਿੱਤਾ ਜੀ ਨੂੰ ਬਣਾਉਣਾ ਸੀ। ਕਿਸੇ ਇੱਕ ਲਿਖਤ ਵਿੱਚ ਭੀ ਲਿਖਿਆ ਨਹੀਂ ਮਿਲਦਾ ਕਿ ਉਸ ਨੇ ਆਪਣੀ ਉਦਾਸੀ ਮੱਤ ਤਿਆਗ ਕੇ ਸਿੱਖੀ ਧਾਰਨ ਕੀਤੀ ਹੋਵੇ। ਗੁਰੂ ਹਰਿ ਗੋਬਿੰਦ ਸਾਹਿਬ ਭੀ ਇੰਨੇ ਅਣਜਾਣ ਸਨ ਕਿ ਆਪਣਾ ਬੇਟਾ ਸਾਧ ਬਣਨ ਲਈ ਸ੍ਰੀ ਚੰਦ ਨੂੰ ਦੇ ਦਿੱਤਾ?

ਇਸ ਕਹਾਣੀ ਵਿੱਚ ਉੱਕਾ ਹੀ ਜਾਨ ਨਹੀਂ ਕਿ ਗੁਰੂ ਨਾਨਕ ਸਾਹਿਬ ਨੇ ਜੋ ਉਦਾਸੀ ਰੀਤ ਚਲਾਈ ਸੀ, ਉਸੇ ਰਾਹ 'ਤੇ ਸ੍ਰੀ ਚੰਦ ਚੱਲਿਆ। ਜਦੋਂ ਕਿ ਸੱਚ ਇਹ ਹੈ ਕਿ ਗੁਰੂ ਨਾਨਕ ਸਾਹਿਬ ਨੇ ਜੋਗੀਆਂ, ਉਦਾਸੀਆਂ, ਤਿਆਗੀਆਂ ਨੂੰ ਗ੍ਰਿਸਤੀ ਬਣਨ ਲਈ ਪ੍ਰੇਰਤ ਕੀਤਾ ਸੀ। ਘਰੋਂ ਦੌੜ ਜਾਣ ਵਾਲੇ ਜਾਂ ਮੰਗ ਕੇ ਖਾਣ ਵਾਲਿਆਂ ਨੂੰ ਬਹੁਤ ਫਿਟਕਾਰਾਂ

ਪਾਈਆਂ ਸਨ, ਗੁਰਬਾਣੀ ਇਸ ਗੱਲ ਦੀ ਗਵਾਹ ਹੈ। ਤਤਕਾਲੀ ਗਵਾਹ ਭਾਈ ਗੁਰਦਾਸ ਜੀ ਨੂੰ ਪੜ੍ਹੋ-

ਬਾਲ ਜਤੀ ਹੈ ਸਿਰੀ ਚੰਦੁ, ਬਾਬਾਣਾ ਦੇਹੁਰਾ ਬਣਾਇਆ ॥
ਲਖਮੀ ਦਾਸਹੁ ਧਰਮ ਚੰਦ, ਪੋਤਾ ਹੋਇ ਕੈ ਆਪੁ ਗਣਾਇਆ ॥
ਮੰਜੀ ਦਾਸੁ ਬਹਾਲਿਆ, ਦਾਤਾ ਸਿਧਾਸਣਿ ਸਿਖਿ ਆਖਿਆ ॥
ਮੋਹਣ ਕਮਲਾ ਹੋਇਆ, ਚਉਬਾਰਾ ਮੋਹਰੀ ਮਨਾਇਆ ॥
ਮੀਣਾ ਹੋਆ ਪਿਰਥੀਆ, ਕਰਿ ਕਰਿ ਤੋਂਡਕ ਬਰਲੁ ਚਲਾਇਆ ॥
ਮਹਾਦੇਉ ਅਹੰਮੇਉ ਕਰਿ, ਕਰਿ ਬੇਮੁਖੁ ਪੁਤਾਂ ਭਉ ਕਾਇਆ ॥
ਚੰਦਨ ਵਾਸੁ ਨ ਵਾਸ ਬੋਹਾਇਆ ॥ (ਵਾਰ 26, 33)

ਅਰਥ- ਸਿਰੀ ਚੰਦ ਨੇ ਵਿਆਹ ਨਹੀਂ ਕਰਾਇਆ, ਪਿਤਾ ਗੁਰੂ ਦੇ ਨਾਮ 'ਤੇ ਡੇਰਾ ਬਣਾ ਕੇ ਬੈਠ ਗਿਆ। ਲਖਮੀ ਦਾਸ ਦਾ ਪੁੱਤਰ ਧਰਮ ਚੰਦ ਸੀ, ਉਸ ਨੇ ਆਪਣੀ ਪੂਜਾ ਕਰਾਉਣੀ ਜਾਰੀ ਕਰ ਦਿੱਤੀ। ਗੁਰੂ ਅੰਗਦ ਸਾਹਿਬ ਦਾ ਪੁੱਤਰ ਗੁਰੂ ਅਮਰਦਾਸ ਜੀ ਦੇ ਬਰਾਬਰ ਮੰਜੀ ਰੱਖ ਕੇ ਗੁਰੂ ਬਣ ਬੈਠਾ। ਰਿੱਧੀਆਂ, ਸਿੱਧੀਆਂ ਹੋਣ ਦਾ ਪਾਖੰਡ ਕਰਨ ਲੱਗ ਪਿਆ। ਗੁਰੂ ਅਮਰਦਾਸ ਦਾ ਬੇਟਾ ਮੋਹਣ ਈਰਖਾ ਵੱਸ ਮਾਨੋ ਪਾਗਲ ਹੋ ਗਿਆ। ਦੂਜਾ ਪੁੱਤਰ ਮੋਹਰੀ ਭੀ ਚੁਬਾਰਾ ਮੱਲ੍ਹ ਕੇ ਬੈਠ ਗਿਆ, ਲੋਕਾਂ ਤੋਂ ਆਪਣੀ ਪੂਜਾ ਕਰਾਉਣੀ ਸ਼ੁਰੂ ਕਰ ਦਿੱਤੀ। ਪਿਰਥੀ ਚੰਦ ਮੀਸਣਾ ਨਿਕਲਿਆ, ਗੁਰੂ ਤੋਂ ਬਾਗ਼ੀ। ਗੁਰੂ ਦੇ ਖ਼ਿਲਾਫ਼ ਸਾਜ਼ਿਸ਼ਾਂ ਕਰਦਾ ਰਿਹਾ। ਮਹਾਂਦੇਵ ਹੰਕਾਰੀ ਹੋ ਗਿਆ, ਗੁਰੂ ਤੋਂ ਬੇਮੁੱਖ। ਗੁਰੂ ਦੀ ਵੀਚਾਰਧਾਰਾ ਚੰਦਨ ਦੀ ਨਿਆਈ ਸੀ। ਪਰ ਹੰਕਾਰੀ ਬਾਂਸ ਨੂੰ ਜਿਵੇਂ ਚੰਦਨ ਦੀ ਸੁਗੰਧੀ ਕੋਈ ਅਸਰ ਨਹੀਂ ਕਰਦੀ। ਇਸ ਤਰ੍ਹਾਂ ਇਨ੍ਹਾਂ ਹੰਕਾਰੀਆਂ 'ਤੇ ਕੋਈ ਅਸਰ ਨਾ ਹੋਇਆ।

ਗੁਰੂ ਹਰਿ ਗੋਬਿੰਦ ਜੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ 25 ਸਾਲ ਦੀ ਚੜ੍ਹਦੀ ਜੁਆਨੀ ਵਾਲੀ ਉਮਰ ਵਿੱਚ ਸ਼ਿਕਾਰ ਖੇਢਣ ਜਾਇਆ ਕਰਦੇ ਸਨ। ਇੱਕ ਦਿਨ ਅੱਗੇ ਆਏ ਹਿਰਨ ਦਾ ਨਿਸ਼ਾਨਾ ਲਾਇਆ। ਹਿਰਨ ਤਾਂ ਦੌੜ ਕੇ ਅੱਗੇ ਨਿਕਲ ਗਿਆ, ਨੇੜੇ ਘਾਹ ਚਰ ਰਹੀ ਗਾਂ ਨੂੰ ਤੀਰ ਵੱਜ ਗਿਆ। ਵੇਖਦੇ ਹੀ ਵੇਖਦੇ ਗਾਂ ਤੜਪ ਕੇ ਮਰ ਗਈ। ਗਾਂ ਦੇ ਮਾਲਕ ਪ੍ਰਵਾਰ ਨੂੰ ਖ਼ਬਰ ਹੋਈ। ਉਹ ਬ੍ਰਾਹਮਣ ਸਨ। ਰੋਂਦੇ ਵਿਲਕਦੇ ਬਾਬਾ ਗੁਰਦਿੱਤਾ ਜੀ ਕੋਲ ਆ ਫਰਿਆਦੀ ਹੋਏ। ਗੁਰਦਿੱਤਾ ਜੀ ਨੂੰ ਤਰਸ ਆ ਗਿਆ ਤੇ ਉਨ੍ਹਾਂ ਨੇ ਆਪਣੀ "ਕਰਾਮਾਤੀ ਸ਼ਕਤੀ" ਵਰਤ ਕੇ ਗਊ ਜਿਉਂਦੀ ਕਰ ਦਿੱਤੀ। ਗੁਰਦਿੱਤਾ ਜੀ ਦੀ ਚਾਰੇ ਬੰਨੇ ਧੁੰਮ ਪੈ ਗਈ। ਸਾਰੇ ਆ ਕੇ ਨਮਸਕਾਰਾਂ ਕਰਨ। ਜਦੋਂ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਇਸ ਦੀ ਖ਼ਬਰ ਮਿਲੀ, ਉਨ੍ਹਾਂ ਆਪਣੇ ਬੇਟੇ ਨੂੰ ਬੁਲਾਇਆ। ਸਾਰੀ ਗੱਲਬਾਤ ਪੁੱਛੀ। ਬਚਨ ਕੀਤੇ, "ਬੇਟਾ! ਤੂੰ ਰੱਬ ਦਾ ਸ਼ਰੀਕ ਪੈਦਾ ਹੋ ਗਿਆ ਹੈਂ। ਕਿਸੇ ਜੀਵ ਨੂੰ ਪੈਦਾ ਕਰਨਾ ਤੇ ਮਾਰਨਾ ਪਰਮੇਸ਼ਰ ਦੇ ਹੱਥ ਹੈ। ਤੂੰ ਗਊ ਜੀਵਤ ਕੀਤੀ ਹੈ। ਉਸ ਦੇ ਬਦਲੇ ਤੂੰ ਆਪਣੀ ਜਾਨ ਵਾਰ ਦੇਹ।" ਪਿਤਾ ਗੁਰੂ ਦਾ ਹੁਕਮ ਮੰਨ ਨੇ ਗੁਰਦਿੱਤਾ ਜੀ ਚਾਦਰ ਲੈ ਕੇ ਲੇਟ ਗਏ ਤੇ ਪ੍ਰਾਣ ਪੰਖੇਰੂ ਉਡਾਰੀ ਮਾਰ ਗਏ। ਗਊ ਜੀਵਾਲਣੀ ਜ਼ਰੂਰੀ ਹੈ। ਗੁਰੂ ਪੁੱਤਰ

ਬੇਸ਼ਕ ਮਰ ਜਾਵੇ। ਗਊ ਦੀ ਜਾਨ ਕੀਮਤੀ, ਗੁਰਦਿੱਤਾ ਜੀ ਦੀ ਜਾਨ ਸਸਤੀ ?

ਇਸੇ ਤਰ੍ਹਾਂ ਦੀ ਸਾਖੀ ਅਟੱਲ ਰਾਏ ਨਾਲ ਸਬੰਧਤ ਕੀਤੀ ਹੋਈ ਹੈ। ਅਟੱਲ ਰਾਏ ਦਾ ਇੱਕ ਖੇਢ ਸਾਥੀ ਬ੍ਰਾਹਮਣ ਦਾ ਪੁੱਤਰ ਮੋਹਣ ਖੇਢ ਦੀ ਪਾਰੀ, ਹਨ੍ਹੇਰਾ ਪੈ ਜਾਣ ਕਰ ਕੇ, ਅਧੂਰੀ ਛੱਡ ਕੇ ਚਲਾ ਗਿਆ। ਰਾਤੀ ਮੋਹਣ ਨੂੰ ਸੱਪ ਲੜ ਗਿਆ ਤੇ ਉਸ ਦੀ ਮੌਤ ਹੋ ਗਈ। ਸਾਢੇ ਕੁ ਅੱਠ ਸਾਲ ਦਾ ਬਾਲਕ ਅਟੱਲ ਰਾਏ ਮੋਹਣ ਦੇ ਘਰ ਚਲਾ ਗਿਆ। ਘਰ ਵਾਲਿਆਂ ਨੇ ਬਥੇਰਾ ਆਖਿਆ ਕਿ ਮੋਹਣ ਹੁਣ ਖੇਢਣ ਨਹੀਂ ਆਵੇਗਾ। ਪਰ ਅਟੱਲ ਰਾਏ ਜੀ ਨੇ, "ਮੋਹਣ, ਓਏ ਮੋਹਣ", ਆਖ ਕੇ ਜ਼ੋਰ ਦੀ ਆਵਾਜ਼ ਦਿੱਤੀ। ਮੋਹਣ ਉੱਠ ਬੈਠਾ ਤੇ ਅਟੱਲ ਰਾਇ ਨਾਲ ਚੱਲ ਪਿਆ। ਇਸ ਕਰਾਮਾਤ ਦੀ ਖ਼ਬਰ ਤੁਰੰਤ ਸਾਰੇ ਪਾਸੇ ਫੈਲ ਗਈ। ਗੁਰੂ ਹਰਿ ਗੋਬਿੰਦ ਜੀ ਨੇ ਆਪਣੇ ਪੁੱਤਰ ਅਟੱਲ ਰਾਏ ਨੂੰ ਬੁਲਾਇਆ ਅਤੇ ਹੁਕਮ ਕੀਤਾ ਕਿ "ਤੂੰ ਮੋਹਣ ਨੂੰ ਜੀਵਤ ਕੀਤਾ ਹੈ, ਕਰਾਮਾਤ ਵਿਖਾਈ ਹੈ। ਇਸ ਲਈ ਮੋਹਣ ਦੀ ਥਾਂ ਤੈਨੂੰ ਮਰਨਾ ਪਵੇਗਾ।" ਹੁਕਮ ਅਨੁਸਾਰ ਅਟੱਲ ਰਾਏ ਚਾਦਰ ਲੈ ਕੇ ਲੰਮਾ ਪੈ ਗਿਆ ਤੇ ਪ੍ਰਾਣ ਪੰਖੇਰੂ ਉਡਾਰੀ ਮਾਰ ਗਏ। ਬ੍ਰਾਹਮਣ ਦਾ ਪੁੱਤਰ ਜੀਵਤ ਰਹਿਣਾ ਜ਼ਰੂਰੀ ਹੈ। ਉਸ ਦੇ ਵੱਟੇ ਭਾਵੇਂ ਗੁਰੂ ਦਾ ਪੁੱਤਰ ਮਾਰਨਾ ਪਵੇ, ਕੋਈ ਹਰਜ਼ ਨਹੀਂ ਹੈ। ਇਨ੍ਹਾਂ ਕਹਾਣੀਆਂ ਦੀ ਕੀ ਮਹੱਤਤਾ ਹੈ, ਕੋਈ ਦੱਸ ਸਕੇਗਾ ? ਗਾਂ ਅਤੇ ਬ੍ਰਾਹਮਣ ਨੂੰ ਪੂਜਣਯੋਗ ਬਣਾਉਣ ਵਾਸਤੇ ਅਜਿਹੀਆਂ ਕਹਾਣੀਆਂ ਘੜ ਕੇ ਸਿੱਖਾਂ ਨੂੰ ਮੂਰਖ ਬਣਾਇਆ ਗਿਆ ਹੈ। ਇਸ ਤਰ੍ਹਾਂ ਦੀਆਂ ਹੋਰ ਭੀ ਬਹੁਤ ਕਥਾਵਾਂ ਹਨ, ਜਿਨ੍ਹਾਂ ਵਿੱਚ ਗੁਰੂ ਸਾਹਿਬ, ਉਨ੍ਹਾਂ ਦੇ ਪ੍ਰਵਾਰ ਅਤੇ ਸਿੱਖ ਜਨ ਸਮੂਹ ਨਾਲੋਂ ਗਾਂ ਅਤੇ ਬ੍ਰਾਹਮਣ ਨੂੰ ਕਿਤੇ ਵੱਧ ਮਹਾਨਤਾ ਦਿੱਤੀ ਗਈ ਹੈ।

ਇੱਕ ਸਾਖੀ ਵਿੱਚ ਗੁਰੂ ਜੀ ਭਾਈ ਬਿਧੀ ਚੰਦ ਨੂੰ ਘੋੜਾ "ਚੋਰੀ ਕਰ ਕੇ" ਲਿਆਉਣ ਲਈ ਹੁਕਮ ਦਿੰਦੇ ਹਨ। ਬਿਧੀ ਚੰਦ ਸੌ ਪਾਪੜ ਵੇਲ ਕੇ ਲਾਹੌਰ ਦੇ ਕਿਲ੍ਹੇ ਵਿੱਚੋਂ ਘੋੜਾ ਚੋਰੀ ਕਰ ਲਿਆਉਂਦਾ ਹੈ ਤੇ "ਗੁਰੂ ਕੀਆਂ ਖ਼ੁਸ਼ੀਆਂ ਦਾ ਪਾਤਰ ਬਣਦਾ ਹੈ।" ਵਧੀਆ ਘੋੜਾ ਵੇਖ ਕੇ ਸਾਰੇ ਬਹੁਤ ਖ਼ੁਸ਼ ਹੋਏ। ਪਰ ਗੁਰੂ ਪਤਨੀਆਂ (?) ਨੇ ਬਿਧੀ ਚੰਦ ਨੂੰ ਆਖਿਆ ਕਿ "ਗੱਲ ਤਾਂ ਬਣੇਗੀ ਜੇਕਰ ਸਾਡੇ ਲਈ ਬੇਗ਼ਮਾਂ ਦੇ ਹਾਰ ਤੇ ਬਸਤਰ ਆਦਿ ਲਿਆ ਕੇ ਦੇਵੋਂ।" ਬਿਧੀ ਚੰਦ ਫਿਰ ਲਾਹੌਰ ਗਿਆ ਬੁਰਕਾ ਤਿਆਰ ਕਰਾਇਆ। ਕਿਸੇ ਨੂੰ ਰਿਸ਼ਵਤ ਦਿੱਤੀ। ਅਨੰਤ ਚਲਾਕੀਆਂ ਵਰਤ ਕੇ ਪੰਜਾਬ ਦੇ ਗਵਰਨਰ ਦੀਆਂ ਬੇਗ਼ਮਾਂ ਦੇ ਗਹਿਣੇ ਅਤੇ ਕੱਪੜੇ ਲੀੜੇ ਆਦਿ ਲਿਆ ਕੇ ਮਾਤਾਵਾਂ ਅੱਗੇ ਢੇਰ ਕਰ ਦਿੱਤੇ ਅਤੇ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਇਨ੍ਹਾਂ ਸਾਖੀਆਂ ਵਿੱਚੋਂ ਤਾਂ ਇਹੀ ਭਾਵ ਅਰਥ ਨਿਕਲਦਾ ਹੈ ਕਿ ਗੁਰੂ ਘਰ ਵਾਸਤੇ ਚੋਰੀ ਕਰੋ, ਠੱਗੀਆਂ ਮਾਰੋ, ਡਾਕੇ ਮਾਰੋ, ਕਤਲ ਕਰੋ ਜਾਂ ਕਤਲ ਹੋ ਜਾਉ, ਸਭ "ਧਰਮ ਕਰਮ" ਹੀ ਮੰਨਿਆ ਜਾਵੇਗਾ, ਗੁਰੂ ਜੀ ਬਹੁਤ ਖ਼ੁਸ਼ ਹੋਣਗੇ। ਛੇਵੇਂ ਨਾਨਕ ਨੂੰ ਜੋ ਮਾਣ ਸਤਿਕਾਰ ਮਿਲਣਾ ਚਾਹੀਦਾ ਸੀ, ਇਤਿਹਾਸਕਾਰਾਂ ਨੇ ਉਹ ਮਾਣ ਨਹੀਂ ਦਿੱਤਾ। ਭਾਵੇਂ ਸੰਖੇਪ ਹੀ ਸਹੀ ਪਰ ਭਾਈ ਗੁਰਦਾਸ ਨੇ ਗੁਰੂ ਜੀ ਬਾਰੇ ਵਧੀਆ ਪੱਖ ਪੇਸ਼ ਕੀਤਾ ਹੈ। ਪੜ੍ਹੋ-

ਧਰਮਸਾਲ ਕਰਿ ਬਹੀਦਾ ਇਕਤ ਥਾਇ ਨ ਟਿਕੈ ਟਿਕਾਇਆ ॥

ਪਾਤਿਸ਼ਾਹ ਘਰਿ ਆਵਦੇ ਗੜਿ ਚੜਿਆ ਪਾਤਿਸ਼ਾਹ ਚੜਾਇਆ ॥
ਉਮਤ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ ॥
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ ॥
ਬਾਣੀ ਕਰਿ ਸੁਣਿ ਗਾਵਦਾ, ਕਥੈ ਨ ਸੁਣੈ ਨ ਗਾਵ ਸੁਣਾਇਆ ॥
ਸੇਵਕ ਪਾਸ ਨ ਰਖੀਅਨਿ, ਦੋਖੀ ਦੂਸਟ ਆਗੂ ਮੂਹਿ ਲਾਇਆ ॥
ਸਚੁ ਨ ਲੁਕੈ ਲੁਕਾਇਆ, ਚਰਣ ਕਵਲ ਸਿਖ ਭਵਰ ਲੁਭਾਇਆ ॥
ਅਜਰ ਜਰੈ ਨ ਆਪੁ ਜਣਾਇਆ ॥ (ਭਾ. ਗੁ. ਵਾਰ 26, 24)

ਅਰਥ- ਛੇਵੇਂ ਸਤਿਗੁਰੂ ਵੱਲੋਂ ਸਰਕਾਰੀ ਜੁਲਮ ਨਾਲ ਟੱਕਰ ਲੈਣ ਵਾਸਤੇ ਜੋ ਤਿਆਰੀ ਆਰੰਭ ਦਿੱਤੀ ਗਈ, ਉਸ ਨੂੰ ਵੇਖ ਕੇ ਬਹੁਤ ਸਾਰੇ ਡਰਪੋਕ ਵਿਅਕਤੀ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਲੱਗੇ- ਪਹਿਲੇ ਪੰਜ ਗੁਰੂ ਇੱਕ ਥਾਂ ਟਿਕ ਕੇ ਉਪਦੇਸ਼ ਕਰਦੇ ਸਨ, ਛੇਵੇਂ ਗੁਰੂ ਤਾਂ ਨਿੱਤ ਨਵੀਆਂ ਮੁਹਿੰਮਾ 'ਤੇ ਚੜ੍ਹੇ ਰਹਿੰਦੇ ਹਨ, ਟਿਕਦੇ ਹੀ ਨਹੀਂ। ਪਹਿਲਾਂ ਅਮੀਰ, ਵਜੀਰ, ਰਾਜੇ ਗੁਰੂ ਘਰ ਆ ਕੇ ਨਮਸਕਾਰਾਂ ਕਰਦੇ ਸਨ, ਪਰ ਇਨ੍ਹਾਂ ਦੀ ਰਾਜਿਆਂ ਨਾਲ ਬਣਦੀ ਨਹੀਂ। ਰਾਜੇ ਨੇ ਕੈਦ ਕੀਤੇ, ਜੰਗ ਹੋਏ। ਇਨ੍ਹਾਂ ਦੇ ਸੇਵਕ ਸਿੱਖਾਂ ਨੂੰ ਭੀ ਆਰਾਮ ਨਸੀਬ ਨਹੀਂ। ਜਦੋਂ ਵੇਖੋ ਕਿਸੇ ਪਾਸੇ ਦੇ ਜੰਗ ਲਈ ਤਿਆਰੀ ਹੋ ਰਹੀ ਹੈ। ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਕਮਰ ਕਸੇ ਕੀਤੇ ਹੋਏ ਹਨ, ਡਰਦੇ ਹੀ ਨਹੀਂ। ਪਹਿਲਾਂ ਸਾਰੇ ਗੁਰੂ ਮੰਜੀ 'ਤੇ ਬੈਠ ਕੇ ਸੰਤੋਖੀ ਜੀਵਨ ਜਿਉਂਦੇ ਸਨ। ਇਨ੍ਹਾਂ ਨੇ ਕੁੱਤੇ ਰੱਖ ਲਏ ਹਨ। ਸ਼ਿਕਾਰ ਕਰਦੇ ਹਨ, ਖ਼ੁਦ ਖਾਂਦੇ ਹਨ ਤੇ ਸਿੱਖਾਂ ਨੂੰ ਖਵਾਉਂਦੇ ਹਨ। ਪਹਿਲੇ ਗੁਰੂ ਵਿਅਕਤੀ ਬਾਣੀ ਉਚਾਰਦੇ ਸੀ। ਸਿੱਖਾਂ ਤੋਂ ਸੁਣਦੇ ਸੀ, ਗਾਉਂਦੇ ਸੀ ਪਰ ਇਹ ਗੁਰੂ ਜੀ ਤਾਂ ਬਾਣੀ ਨਹੀਂ ਉਚਾਰਦੇ। ਬਾਣੀ ਨਹੀਂ ਗਾਉਂਦੇ, ਨਾ ਸਿੱਖਾਂ ਤੋਂ ਕੀਰਤਨ ਆਦਿ ਸੁਣਦੇ ਹਨ। ਵਿਸ਼ਵਾਸ ਪਾਤਰ ਸਿੱਖਾਂ ਦੀ ਥਾਂ ਬਾਦਸ਼ਾਹ ਜਹਾਂਗੀਰ ਨਾਲ ਸਾਂਝ ਭਿਆਲੀ ਪਾ ਲਈ। ਪੰਜਵੇਂ ਪਾਤਿਸ਼ਾਹ ਦੇ ਕਾਤਲ ਨਾਲ ਨੇੜਤਾ ਕਿਉਂ ? ਪਰ ਸਚੁ ਸੌ ਪੜਦੇ ਪਾੜ ਕੇ ਬਾਹਰ ਆ ਰਿਹਾ ਹੈ। ਗੁਰੂ ਜੀ ਕੋਈ ਗ਼ਲਤ ਕੰਮ ਨਹੀਂ ਕਰ ਰਹੇ। ਇਸ ਵਕਤ ਹਾਲਾਤ ਦੀ ਮੰਗ ਇਸੇ ਤਰ੍ਹਾਂ ਦੀ ਹੈ। ਗੁਰੂ ਚਰਨਾਂ ਦੇ ਭੌਰੇ ਸਿੱਖ ਗੁਰੂ ਜੀ ਦੇ ਆਗਿਆਕਾਰੀ ਹਨ। ਮਨਮੁੱਖ ਲੋਕ ਫ਼ਜ਼ੂਲ ਗੱਲਾਂ ਕਰਦੇ ਹਨ। ਭੋਲਿਓ! ਗੁਰੂ ਜੀ ਤਾਂ ਅਨੇਕ ਮੁਸੀਬਤਾਂ ਆਪਣੇ ਆਪ 'ਤੇ ਝੱਲ ਰਹੇ ਹਨ। ਕਿਸੇ ਅੱਗੇ ਆਪਣਾ ਦੁੱਖ ਦਸਦੇ ਭੀ ਨਹੀਂ। ਬਸ ਲਗਾਤਾਰ ਮਨੁੱਖਤਾ ਦੀਆਂ ਗ਼ੁਲਾਮੀ ਵਾਲੀਆਂ ਜੰਜੀਰਾਂ ਕੱਟਣ ਲਈ ਯਤਨ ਕਰ ਰਹੇ ਹਨ।

ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥ (ਭਾ. ਗੁ. ਵਾਰ 1, 48)

(ਗੁਰੂ ਜੀ ਦੀ ਗਵਾਲੀਅਰ ਤੋਂ ਰਿਹਾਈ ਨਾਲ ਜੋੜ ਕੇ ਦੀਵਾਲੀ ਮਨਾਉਣੀ ਇਤਿਹਾਸਕ ਸੱਚ ਨਹੀਂ ਹੈ। ਦੀਵਾਲੀ ਬਾਰੇ ਵਿਸਥਾਰ ਸਹਿਤ ਲੇਖ ਮੇਰੀ ਪੁਸਤਕ "ਦਾਨ, ਦਸਵੰਧ ਜਾਂ ਵਾਪਾਰ" ਵਿੱਚੋਂ ਪੜ੍ਹ ਸਕਦੇ ਹੋ।)

★★★★★★

ਗੁਰੂ ਹਰਿ ਰਾਇ ਜੀ (ਸਾਖੀਆਂ)

ਪੰਜਾਬ ਵਿੱਚ ਅਮਨ ਵਾਲਾ ਸਮਾਂ ਹੋਣ ਕਰ ਕੇ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਜੰਗ ਨਹੀਂ ਲੜਨੇ ਪਏ। ਵੱਡੀਆਂ ਮੁਸ਼ਕਲਾਂ ਤੋਂ ਬਚਾਅ ਹੀ ਰਿਹਾ। ਜਿਵੇਂ ਗੁਰੂ ਹਰਿ ਗੋਬਿੰਦ ਸਾਹਿਬ ਦੇ ਜੋਤੀ ਜੋਤ ਸਮਾਉਣ ਦੇ ਕਾਰਨਾਂ ਦਾ ਇਤਿਹਾਸ ਵਿੱਚ ਕੋਈ ਵਿਸ਼ੇਸ਼ ਜ਼ਿਕਰ ਨਹੀਂ ਹੈ। ਇਸੇ ਤਰ੍ਹਾਂ ਸੱਤਵੇਂ ਗੁਰੂ ਜੀ ਲਗਪਗ ਇਕੱਤੀ ਸਾਲ ਦੀ ਚੜ੍ਹਦੀ ਜੋਆਨੀ ਵਿੱਚ ਜੋਤੀ ਜੋਤ ਸਮਾ ਗਏ। ਕਾਰਨਾਂ ਬਾਰੇ ਇਤਿਹਾਸ ਖ਼ਾਮੋਸ਼ ਹੈ। ਵਾਕਿਆਤਾਂ ਦੀ ਅਣਹੋਂਦ ਕਾਰਨ ਬੇਲੋੜੀਆਂ ਸਾਖੀਆਂ ਨੂੰ ਉਭਾਰਿਆ ਗਿਆ ਹੈ। ਜਿਵੇਂ ਕਿ ਗੁਰੂ ਜੀ ਬਾਗ਼ ਵਿੱਚ ਟਹਿਲ ਰਹੇ ਸਨ। ਚੋਲੇ ਨਾਲ ਅੜ ਕੇ ਫੁੱਲ ਟੁੱਟ ਗਏ। ਹਰਿ ਰਾਇ ਜੀ ਬਹੁਤ ਉਦਾਸ ਹੋ ਗਏ, ਅੱਖਾਂ ਵਿੱਚੋਂ ਹੰਝੂ ਨਿਕਲ ਆਏ। ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਧਰਵਾਸ ਦਿੱਤਾ ਤਾਂ ਸ਼ਾਂਤ ਹੋਏ। ਗੁਰੂ ਬਣਨ ਤੋਂ ਮਗਰੋਂ ਸ਼ਿਕਾਰ ਖੇਢਣ ਤਾਂ ਜਾਂਦੇ ਸਨ, ਪਰ ਪਸ਼ੂਆਂ, ਪੰਛੀਆਂ ਨੂੰ ਮਾਰਦੇ ਨਹੀਂ ਸਨ। ਫੜ ਕੇ ਲੈ ਆਉਂਦੇ ਸਨ, ਆਪਣੇ ਬਾਗ਼ ਵਿੱਚ ਛੱਡ ਦਿੰਦੇ ਸਨ, ਉਨ੍ਹਾਂ ਦੀ ਸੰਭਾਲ ਕਰਦੇ ਸਨ.... ਆਦਿ।

ਇੱਕ ਵਾਰੀ ਕੋਈ ਬ੍ਰਾਹਮਣ ਕੀਰਤਪੁਰ ਵਿਖੇ ਆਪਣੇ ਜੁਆਨ ਪੁੱਤਰ ਦੀ ਲਾਸ਼ ਲੈ ਕੇ ਵਿਲਕਦਾ ਰੋਂਦਾ ਆ ਪਹੁੰਚਿਆ। ਨਾਲ ਹੀ ਉਸ ਦੀ ਪਤਨੀ ਤੇ ਸਕੇ ਸਬੰਧੀ ਸਨ। ਲਾਸ਼ ਗੁਰੂ ਜੀ ਦੇ ਸਾਹਮਣੇ ਰੱਖ ਦਿੱਤੀ। ਹੱਥ ਜੋੜ ਕੇ ਕਹਿਣਾ ਸ਼ੁਰੂ ਕੀਤਾ- "ਸਤਿਗੁਰੂ ਜੀ! ਸਿੱਖਾਂ ਵੱਲੋਂ ਤੁਹਾਡੀ ਬਹੁਤ ਸੋਭਾ ਸੁਣੀ ਹੈ। ਜੋ ਕੋਈ ਤੁਹਾਡੇ ਅੱਗੇ ਅਰਦਾਸ ਕਰੇ, ਉਹ ਪੂਰੀ ਹੁੰਦੀ ਹੈ। ਤੁਸੀਂ ਰੋਗ ਕੱਟ ਸਕਦੇ ਹੋ। ਲੰਮੀ ਉਮਰ ਬਖ਼ਸ਼ ਸਕਦੇ ਹੋ। ਖ਼ੁਸ਼ੀਆਂ ਨਾਲ ਝੋਲੀਆਂ ਭਰ ਸਕਦੇ ਹੋ। ਮੋਇਆਂ ਨੂੰ ਜੀਵਨ ਦਾਨ ਬਖ਼ਸ਼ ਦਿੰਦੇ ਹੋ। ਪਰਮੇਸ਼ਰ ਵਿੱਚ ਤੇ ਤੁਹਾਡੇ ਵਿੱਚ ਕੋਈ ਅੰਤਰ ਨਹੀਂ। ਕਿਰਪਾ ਕਰ ਕੇ ਮੇਰੇ ਮਰੇ ਪੁੱਤਰ ਨੂੰ ਜੀਵਤ ਕਰ ਦਿਓ। ਜੇ ਨਾ ਕੀਤਾ ਮੈਂ ਸਮਝ ਲਵਾਂਗਾ ਜੋ ਮੈਂ ਤੁਹਾਡੇ ਬਾਰੇ ਸੁਣਿਆ ਸੀ, ਸਭ ਝੂਠ ਸੀ।

ਕੁੱਝ ਸਮੇਂ ਵਾਸਤੇ ਗੁਰੂ ਜੀ ਖ਼ਾਮੋਸ਼ ਬੈਠੇ ਰਹੇ, ਨੇਤਰ ਬੰਦ ਕਰ ਲਏ। ਸਾਰੇ ਪਾਸੇ ਸੰਨਾਟਾ ਸੀ, ਬੇਚੈਨੀ ਸੀ। ਸਤਿਗੁਰੂ ਜੀ ਨੇ ਅੱਖਾਂ ਖੋਲ੍ਹੀਆਂ, ਬ੍ਰਾਹਮਣ ਵੱਲ ਵੇਖਿਆ। ਆਖਣ ਲੱਗੇ, "ਪੰਡਿਤ ਜੀ! ਤੁਹਾਡਾ ਪੁੱਤਰ ਜੀਵਤ ਹੋ ਸਕਦਾ ਹੈ। ਕਾਦਰ ਦਾ ਕਾਨੂੰਨ ਬੜਾ ਲਾਜੁਆਬ ਹੈ। ਫਿਰ ਭੀ ਜੇ ਕੋਈ ਇਸ ਲੜਕੇ ਦੀ ਥਾਵੇਂ ਆਪਣੀ ਜਾਨ ਵਾਰ ਦੇਵੇ, ਲੜਕਾ ਜੀਵਤ ਹੋ ਸਕਦਾ ਹੈ। ਤੁਸੀਂ ਆਪਣੇ ਬੇਟੇ ਨੂੰ ਬਹੁਤ ਪਿਆਰ ਕਰਦੇ ਹੋ। ਉਮਰ ਭੀ ਪੰਜਾਹ ਸਾਲ ਤੋਂ ਉਪਰ ਹੈ। ਲੇਟ ਜਾਓ, ਅਸੀਂ ਅਰਦਾਸ ਕਰਾਂਗੇ। ਤੁਹਾਡੇ ਪ੍ਰਾਣ ਉੱਡ ਜਾਣਗੇ, ਲੜਕਾ ਤੁਰੰਤ ਉੱਠ ਬੈਠੇਗਾ, ਦੇਰ ਨਾ ਲਾਓ।"

ਪੰਡਿਤ ਦੇ ਪਸੀਨੇ ਛੁੱਟ ਪਏ, ਕੰਬਦੀ ਜ਼ੁਬਾਨ ਨਾਲ ਆਖਣ ਲੱਗਾ, "ਮਹਾਰਾਜ! ਥੋੜਾ ਸਮਾਂ ਦਿਓ। ਮੈਂ ਆਪਣੀ ਜੀਵਨ ਸਾਥਣ ਨਾਲ ਸਲਾਹ ਕਰ ਲਵਾਂ।" ਪਤੀ-ਪਤਨੀ ਸੰਗਤ ਵਿੱਚੋਂ ਉੱਠ ਕੇ "ਸਲਾਹ" ਕਰਨ ਬਾਹਰ ਚਲੇ ਗਏ। ਲੜਕੇ ਦੀ ਲਾਸ਼ ਭੀ ਲੈਣ ਨਾ

ਆਏ, ਦੋਵੇਂ ਅਲੋਪ ਹੋ ਗਏ। "ਪ੍ਰਚਲਤ ਕਹਾਣੀ" ਮੁਤਾਬਕ ਇੱਕ ਜੀਵਾ ਨਾਮੀ ਸਿੱਖ ਉੱਠਿਆ। ਚਾਦਰ ਤਾਣ ਕੇ ਲੇਟ ਗਿਆ ਤੇ ਪ੍ਰਾਣ ਤਿਆਗ ਦਿੱਤੇ। ਉਧਰ ਨਾਲ ਦੀ ਨਾਲ ਬ੍ਰਾਹਮਣ ਦਾ ਮਰਿਆ ਪੁੱਤਰ ਜੀਵਤ ਹੋ ਗਿਆ। ਓਪਰੀ ਨਜ਼ਰੇ ਇਹ ਕਹਾਣੀ ਸਾਦੀ ਜਿਹੀ ਪ੍ਰਤੀਤ ਹੁੰਦੀ ਹੈ। ਇਸ ਦੇ ਪਿੱਛੇ ਬਹੁਤ ਵੱਡੀ ਸਾਜ਼ਿਸ਼ ਕੰਮ ਕਰ ਰਹੀ ਸੀ। "ਪੁੱਤਰ ਨੇ ਜੀਵਤ ਹੋਣਾ ਨਹੀਂ। ਗੁਰੂ ਦੀ ਇੱਜ਼ਤ ਰਹਿਣੀ ਨਹੀਂ।" ਗੁਰੂ ਹਰਿ ਰਾਇ ਸਾਹਿਬ ਜੀ ਨੇ ਪਹਿਲਾਂ ਆਪਣੇ ਪਿਤਾ ਗੁਰਦਿੱਤਾ ਜੀ ਨੂੰ ਜਾਨ ਗਵਾਉਂਦੇ ਵੇਖਿਆ ਸੀ। ਜੋ (ਸਾਖੀ ਮੁਤਾਬਕ) ਗਾਂ ਨੂੰ ਕਰਾਮਾਤੀ ਸ਼ਕਤੀ ਨਾਲ ਜੀਵਤ ਕਰਕੇ, ਖ਼ੁਦ ਜਾਨ ਤੋਂ ਹੱਥ ਧੋ ਬੈਠੇ। ਉਨ੍ਹਾਂ ਦੇ ਚਾਚਾ ਜੀ ਅਟੱਲ ਰਾਏ ਨੂੰ ਇਸੇ ਕਾਰਨ ਜਾਨ ਗਵਾਉਣੀ ਪਈ ਸੀ ਕਿਉਂਕਿ ਉਸ ਨੇ ਬ੍ਰਾਹਮਣ ਦੇ ਪੁੱਤਰ ਮੋਹਣ ਨੂੰ ਜੀਵਤ ਕਰ ਦਿੱਤਾ ਸੀ। ਕੁੱਝ ਕੁ ਸਾਖੀਆਂ ਹੀ ਸੱਤਵੇਂ ਪਾਤਿਸ਼ਾਹ ਬਾਰੇ ਮਿਲਦੀਆਂ ਹਨ, ਬਹੁਤੀਆਂ ਨਹੀਂ। ਸੱਤਵੇਂ ਗੁਰੂ ਜੀ ਦੇ ਸੱਤ ਹੀ ਵਿਆਹ ਕਰਵਾ ਦਿੱਤੇ, ਉਹ ਭੀ ਸਕੀਆਂ ਭੈਣਾਂ ਨਾਲ। ਉਨ੍ਹਾਂ ਬੀਬੀਆਂ ਦੀ ਉਮਰ ਦੀ ਖੋਜ ਖ਼ੁਦ ਕਰਨ ਦੀ ਕੋਸ਼ਿਸ਼ ਕਰੋ, ਕਿੰਨੀ ਹੋ ਸਕਦੀ ਹੈ।

ਗੁਰੂ ਹਰਿ ਰਾਇ ਸ਼ਾਹਿਬ ਬਾਰੇ ਜੋ ਖੋਜ ਨਹੀਂ ਕੀਤੀ ਗਈ, ਉਹ ਇਹ ਕਿ ਸਿਰਫ਼ ਤੀਹ ਸਾਲ ਦੀ ਉਮਰ ਵਿੱਚ ਬਿਨਾਂ ਕਿਸੇ ਬਿਮਾਰੀ ਜਾਂ ਘਟਨਾ ਵਾਪਰਨ ਤੋਂ ਪਿਆਨਾ ਕਰ ਗਏ। ਇਸ ਦੇ ਪਿੱਛੇ ਕੋਈ ਖ਼ਾਸ ਸਾਜ਼ਿਸ਼ਾਂ ਕੰਮ ਕਰ ਰਹੀਆਂ ਸਨ। ਗੁਰੂ ਹਰਿ ਗੋਬਿੰਦ ਸਾਹਿਬ ਦਾ ਸਪੁੱਤਰ ਗੁਰਦਿੱਤਾ ਜੀ। ਉਨ੍ਹਾਂ ਦੇ ਇੱਕ ਪੁੱਤਰ ਧੀਰਮੱਲ ਤੇ ਇੱਕ (ਗੁਰੂ) ਹਰਿ ਰਾਇ ਜੀ ਸਨ। ਜਦੋਂ ਗੁਰੂ ਰਹਿ ਗੋਬਿੰਦ ਸਾਹਿਬ ਜੀ ਨੇ ਯੋਗ ਜਾਣ ਕੇ ਆਪਣੇ ਛੋਟੇ ਪੁੱਤਰ (ਗੁਰੂ) ਹਰਿ ਰਾਇ ਜੀ ਨੂੰ ਆਪਣਾ ਉੱਤਰ ਅਧਿਕਾਰੀ ਥਾਪ ਦਿੱਤਾ ਤਾਂ ਵੱਡੇ ਭਰਾ ਧੀਰਮੱਲ ਨੇ ਆਪਣੇ ਆਪ ਨੂੰ ਗੁਰੂ ਹੋਣਾ ਐਲਾਨ ਕਰ ਦਿੱਤਾ। ਆਪਣੇ ਮਸੰਦ ਭੀ ਥਾਪ ਦਿੱਤੇ। ਪੰਜਵੇਂ ਸਤਿਗੁਰੂ ਵੱਲੋਂ ਤਿਆਰ ਕੀਤੀ ਪੋਥੀ ਭੀ ਆਪਣੇ ਕਬਜ਼ੇ ਵਿੱਚ ਕਰ ਲਈ। ਵੱਡੇ ਸਰਕਾਰੀ ਮੁਲਾਜ਼ਮਾਂ ਨਾਲ ਮਿਲ ਕੇ, ਇਸ ਨੇ ਗੁਰੂ ਘਰ ਦਾ ਅੰਤਲੀ ਅਵੱਸਥਾ ਤੱਕ ਵਿਰੋਧ ਕੀਤਾ। ਪੰਜਾਬ ਦੇ ਸੂਬੇਦਾਰ ਰਾਹੀਂ ਇਸ ਦੀ ਦਿੱਲੀ ਦਰਬਾਰ ਤੱਕ ਪਹੁੰਚ ਬਣ ਗਈ। ਗੁਰੂ ਹਰਿ ਰਾਇ ਜੀ 1644 ਵਿੱਚ ਗੱਦੀ 'ਤੇ ਬਿਰਾਜੇ ਸਨ। ਤਦੋਂ ਬਾਦਸ਼ਾਹ ਸ਼ਾਹਜਹਾਨ ਸੀ। ਸੰਨ 1658 ਵਿੱਚ ਆਪਣੇ ਪਿਤਾ ਨੂੰ ਗੱਦੀ ਤੋਂ ਉਤਾਰ ਕੇ ਔਰੰਗਜ਼ੇਬ ਦਿੱਲੀ ਦੇ ਤਖ਼ਤ 'ਤੇ ਕਾਬਜ਼ ਹੋ ਗਿਆ। ਆਪਣੇ ਬਹੁਤੇ ਵਿਰੋਧੀਆਂ ਨੂੰ ਖ਼ਤਮ ਕਰ ਕੇ ਔਰੰਗਜ਼ੇਬ ਨੇ ਸੰਨ 1660 ਵਿੱਚ ਗੁਰੂ ਹਰਿ ਰਾਇ ਸਾਹਿਬ ਨੂੰ ਦਿੱਲੀ ਤਲਬ ਕੀਤਾ। ਗੁਰੂ ਜੀ ਨੂੰ ਹਾਲਾਤ ਬਾਰੇ ਗਿਆਨ ਸੀ ਕਿ ਉਥੋਂ ਵਾਪਸ ਪਰਤਣਾ ਸੰਭਵ ਨਹੀਂ ਹੈ। ਇਸ ਲਈ ਖ਼ੁਦ ਨਾ ਗਏ, ਸਿੱਖਾਂ ਦਾ ਇੱਕ ਜਥਾ ਭੇਜ ਦਿੱਤਾ ਤਾਂ ਕਿ ਕੁੜੱਤਣ ਘੱਟ ਹੋ ਸਕੇ। ਔਰੰਗਜ਼ੇਬ ਦੇ ਅਫ਼ਸਰਾਂ ਨੇ ਜ਼ੋਰ ਦੇ ਕੇ ਆਖਿਆ ਕਿ ਸਰਕਾਰ ਨਾਲ ਤੈਹ ਹੋਈਆਂ ਸ਼ਰਤਾਂ ਨੂੰ ਲਾਗੂ ਨਾ ਕਰਨ ਦੀ ਸੂਰਤ ਵਿੱਚ ਤੁਹਾਨੂੰ ਆਪਣਾ ਪੁੱਤਰ, ਜ਼ਮਾਨਤ ਦੇ ਤੌਰ 'ਤੇ ਸਾਡੇ ਹਵਾਲੇ ਕਰਨਾ ਪਵੇਗਾ। ਜੇਕਰ ਤੁਸੀਂ ਸਰਕਾਰ ਦਾ ਹੁਕਮ ਨਾ ਮੰਨਿਆ, ਤੁਹਾਡੇ ਪੁੱਤਰ ਨੂੰ ਫਾਂਸੀ ਲਟਕਾਇਆ ਜਾ ਸਕਦਾ ਹੈ। ਸੱਤਵੇਂ ਗੁਰਾਂ ਨੇ ਆਪਣਾ ਬੇਟਾ ਰਾਮ ਰਾਇ ਨਾਲ ਟੋਰ

ਦਿੱਤਾ। ਔਰੰਗਜ਼ੇਬ ਸਰਕਾਰ ਨੇ ਆਪਣੀਆਂ ਸ਼ਰਤਾਂ ਅੱਗੇ ਰੱਖੀਆਂ। ਭਾਈ ਦਰਗਾਹ ਮੱਲ ਆਦਿ ਸਿੱਖ ਵਾਪਸ ਆਏ। ਉਨ੍ਹਾਂ ਸੱਤਵੇਂ ਪਾਤਿਸ਼ਾਹ ਨੂੰ ਸਾਰੀ ਹੋਈ ਬੀਤੀ ਸੁਣਾਈ। ਨਾਲ ਹੀ ਦੱਸਿਆ ਕਿ ਤੁਹਾਡਾ ਸਪੁੱਤਰ ਰਾਮ ਰਾਇ ਔਰੰਗਜ਼ੇਬ ਨੇ ਡਰ ਅਤੇ ਲਾਲਚ ਅਧੀਨ ਆਪਣੇ ਵੱਲ ਕਰ ਲਿਆ। ਉਨ੍ਹਾਂ ਨੂੰ ਆਪਣੇ ਵੱਲੋਂ ਲਾਏ ਸਖ਼ਤ ਪਹਿਰੇ ਵਿੱਚ ਰੱਖ ਕੇ, ਸਿੱਖ ਲਹਿਰ ਨੂੰ ਕਮਜ਼ੋਰ ਕਰਨ ਦਾ ਮਨਸੂਬਾ ਹੈ। ਜੇ ਰਾਮ ਰਾਇ ਜੀ ਨੇ ਉਨ੍ਹਾਂ ਦਾ ਹੁਕਮ ਨਾ ਮੰਨਿਆ ਤਾਂ ਸਜ਼ਾ-ਏ-ਮੌਤ ਭੀ ਹੋ ਸਕਦੀ ਹੈ। ਪਾਠਕ ਧਿਆਨ ਦੇਣ ਕਿ ਗੁਰੂ ਹਰਿ ਰਾਇ ਜੀ ਦਾ ਜਨਮ ਸੰਨ 1630 ਦਾ ਸੀ। ਉਨ੍ਹਾਂ ਦੇ ਪੁੱਤਰ ਦਾ ਜਨਮ ਸੰਨ 1650 ਤੋਂ ਮਗਰੋਂ ਦਾ ਹੀ ਸਵੀਕਾਰ ਕਰਨਾ ਪਵੇਗਾ, ਜਦੋਂ ਪਿਤਾ ਦੀ ਉਮਰ 20 ਕੁ ਸਾਲ ਦੀ ਹੋ ਜਾਵੇ। ਸੰਨ 1660 ਵਿੱਚ ਜਦੋਂ ਔਰੰਗਜ਼ੇਬ ਨੇ ਦਿੱਲੀ ਸੱਦਿਆ ਹੈ, ਤਦੋਂ ਉਨ੍ਹਾਂ ਦੀ ਉਮਰ ਲਗਪਗ ਦਸ ਜਾਂ ਬਾਰਾਂ ਸਾਲ ਦੀ ਸੀ। "ਚੋਰ ਰਸਤੇ" ਧੀਰ ਮੱਲ ਬਾਬਾ ਰਾਮ ਰਾਇ ਨੂੰ ਜਾ ਮਿਲਿਆ। ਵਿਸ਼ਵਾਸ ਦਿਵਾਇਆ ਕਿ ਡਰਨ ਦੀ ਲੋੜ ਨਹੀਂ ਮੈਂ (ਚਾਚਾ) ਤੇਰੇ ਨਾਲ ਹਾਂ। ਰਾਮ ਰਾਇ ਨੂੰ ਅਤੇ ਧੀਰਮੱਲ ਨੂੰ ਸਰਕਾਰ ਵੱਲੋਂ ਵੱਡੀਆਂ ਜਗੀਰਾਂ (ਦੇਹਰਾਦੂਨ ਵਿੱਚ) ਦਿੱਤੀਆਂ ਗਈਆਂ। ਕਿਸੇ ਅਣਚਿਤਵੀ ਸਾਜ਼ਿਸ਼ ਰਾਹੀਂ ਧੀਰਮੱਲ ਨੇ ਇੱਕ ਵਿਰੋਧੀ ਭਤੀਜੇ ਦੇ ਪੁੱਤਰ ਬਾਬਾ ਰਾਮ ਰਾਇ ਨੂੰ ਕੈਦ ਕਰਵਾ ਦਿੱਤਾ। ਮੁੱਖ ਵਿਰੋਧੀ ਗੁਰੂ ਹਰਿ ਰਾਇ ਸਾਹਿਬ (ਭਤੀਜੇ) ਨੂੰ ਕਿਸੇ ਵਿਸ਼ਾਵਾਸ ਪਾਤਰ ਬੰਦੇ ਰਾਹੀਂ ਕੋਈ ਜਹਿਰੀਲਾ ਪਦਾਰਥ ਖਵਾ ਕੇ ਰਾਹ ਵਿੱਚੋਂ ਪਾਸੇ ਹਟਾਉਣ ਦਾ ਬੱਜਰ ਪਾਪ ਕੀਤਾ। ਇਨ੍ਹਾਂ ਘਟਨਾਵਾਂ ਦਾ ਸੰਖੇਪ ਵੇਰਵਾ ਡਾ. ਸੰਗਤ ਸਿੰਘ ਅਤੇ ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਆਪਣੀਆਂ ਲਿਖਤਾਂ ਵਿੱਚ ਦਿੱਤਾ ਹੈ। ਹਾਲੀ ਹੋਰ ਖੋਜ ਦੀ ਲੋੜ ਹੈ। ਦੇਹਰਾਦੂਨ ਵਿੱਚ ਅੱਜ ਤੱਕ ਰਾਮ ਰਾਇ ਨੂੰ ਗੁਰੂ ਮੰਨਿਆ ਜਾ ਰਿਹਾ ਹੈ। ਪਟਿਆਲੇ ਪੰਜਾਬੀ ਯੂਨੀਵਰਸਿਟੀ ਦੇ ਨਾਲ ਲਗਦੀ ਹੱਦ 'ਤੇ ਅਰਬਨ ਅਸਟੇਟ ਵਿੱਚ ਬਣੇ ਵੱਡੇ ਸਕੂਲ ਦਾ ਨਾਮ "ਗੁਰੂ ਰਾਮ ਰਾਇ ਪਬਲਿਕ ਸਕੂਲ" ਰੱਖਿਆ ਹੋਇਆ ਹੈ। ਇਥੇ ਬਹੁਤੇ ਸਿੱਖਾਂ ਦੇ ਬੱਚੇ ਪੜ੍ਹਦੇ ਹਨ। ਸ਼੍ਰੋਮਣੀ ਕਮੇਟੀ ਜਾਂ ਤਖ਼ਤਾਂ ਦੇ ਪੁਜਾਰੀ ਕਦੀ ਕੁੰਭ ਕਰਨੀ ਨੀਂਦ ਵਿੱਚੋਂ ਜਾਗ ਕੇ ਇਸ "ਬੱਜਰ ਪਾਪ" ਨੂੰ ਸੁਧਾਰਨ ਦੀ ਹਿੰਮਤ ਕਰ ਸਕਣਗੇ ?

★★★★★★

ਗੁਰੂ ਹਰਿ ਕ੍ਰਿਸ਼ਨ ਸਾਹਿਬ (ਸਾਖੀਆਂ)

ਗੁਰੂ ਹਰਿ ਰਾਇ ਸਾਹਿਬ ਦਾ ਵੱਡਾ ਬੇਟਾ ਦਿੱਲੀ ਗਿਆ, ਵਾਪਸ ਨਾ ਆਇਆ। ਉਥੇ ਉਸ ਨਾਲ ਕੀ-ਕੀ ਘਟਨਾਵਾਂ ਵਾਪਰੀਆਂ, ਵਿਸਥਾਰ ਨਾਲ ਪਤਾ ਨਹੀਂ ਲਗਦਾ। ਸਿੱਖਾਂ ਤੱਕ ਉਹੀ ਗੱਲ ਆਉਂਦੀ ਸੀ ਜੋ ਸਰਕਾਰ ਵੱਲੋਂ ਦੱਸੀ ਜਾਂਦੀ। ਸਰਕਾਰ ਵੱਲੋਂ ਭੀ ਕੋਈ ਜ਼ਿੰਮੇਵਾਰ ਅਫ਼ਸਰ ਖ਼ਬਰ ਨਹੀਂ ਸੀ ਦਿੰਦਾ। ਸਰੋਂ ਅਣਅਧਿਕਾਰਤ ਖ਼ਬਰਾਂ ਜਾਂ ਅਫ਼ਵਾਹਾਂ ਹੀ ਗੁਰੂ ਸਾਹਿਬ ਤੱਕ ਪਹੁੰਚਦੀਆਂ ਸਨ। ਇਉਂ ਕਹਿ ਸਕਦੇ ਹਾਂ ਕਿ ਔਰੰਗਜ਼ੇਬ ਦੇ ਮੁਲਾਜ਼ਮ ਬਾਬਾ ਰਾਮ ਰਾਇ ਨੂੰ ਸਿੱਖਾਂ ਦਾ "ਸਰਕਾਰੀ ਪ੍ਰਵਾਨਗੀ ਵਾਲਾ ਗੁਰੂ" ਬਣਾ ਚੁੱਕੇ ਸਨ। ਨਾਲੋ-ਨਾਲ ਗੁਰੂ ਹਰਿ ਰਾਇ ਜੀ 'ਤੇ ਦਬਾਅ ਪਾ ਰਹੇ ਸਨ, "ਜੇਕਰ ਤੁਸੀਂ ਸਰਕਾਰ ਦੀ ਮਰਜ਼ੀ ਤੋਂ ਵਿਰੁੱਧ ਕੋਈ ਕੰਮ ਕੀਤਾ ਤਾਂ ਨਤੀਜੇ ਭੁਗਤਣ ਲਈ ਤਿਆਰ ਰਹੋ। ਇੱਧਰ ਤੁਹਾਡਾ ਬੇਟਾ ਸਾਡੇ ਕੋਲ ਹੈ। ਇਸ ਨੂੰ ਅਸੀਂ ਸਿੱਖਾਂ ਦਾ ਗੁਰੂ ਭੀ ਬਣਾ ਸਕਦੇ ਹਾਂ। ਜੇ ਚਾਹੀਏ ਤਾਂ ਕੈਦ ਵਿੱਚ ਰੱਖ ਸਕਦੇ ਹਾਂ। ਇਸ ਨੂੰ ਮੌਤ ਦੇ ਘਾਟ ਭੀ ਉਤਾਰ ਸਕਦੇ ਹਾਂ।" ਗੁਰੂ ਹਰਿ ਗੋਬਿੰਦ ਸਾਹਿਬ ਦਾ ਪੋਤਰਾ ਧੀਰਮੱਲ ਸਾਰੀਆਂ ਸਾਜ਼ਿਸ਼ਾਂ ਨੂੰ ਸਿਰੇ ਚੜ੍ਹਾਉਣ ਲਈ ਸਰਕਾਰੀ ਹੱਥ ਠੋਕਾ ਸੀ। ਪੰਜਾਬ ਦੇ ਸਿੱਖਾਂ ਵਿੱਚ ਧੀਰਮੱਲ ਨੂੰ "ਗੁਰੂ" ਬਣਾ ਕੇ ਪੇਸ਼ ਕੀਤਾ ਗਿਆ। ਦਿੱਲੀ ਆਦਿ ਦੇ ਸਿੱਖਾਂ ਵਿੱਚ ਰਾਮਰਾਇ ਨੂੰ ਗੁਰੂ ਬਣਾ ਕੇ ਪੇਸ਼ ਕੀਤਾ ਗਿਆ। ਆਵਾਜਾਈ ਦੇ ਸਾਧਨ ਅੱਜ ਵਾਂਗ ਨਹੀਂ ਸਨ। ਸੰਚਾਰ ਦਾ ਕੋਈ ਪ੍ਰਬੰਧ ਨਹੀਂ ਸੀ। ਅਫ਼ਵਾਹਾਂ ਦਾ ਬਾਜ਼ਾਰ ਗਰਮ ਸੀ। ਸਹੀ ਸਥਿਤੀ ਬਾਰੇ ਪਤਾ ਲਾਉਣਾ ਅਸੰਭਵ ਸੀ।

ਚੱਲ ਰਹੇ ਖ਼ਤਰਨਾਕ ਘਟਨਾਕ੍ਰਮ ਵਿੱਚ ਅੰਦਾਜ਼ਾ ਲਾ ਸਕਦੇ ਹਾਂ (ਕਿਉਂ ਕਿ ਹਾਲੀ ਲਿਖਤੀ ਸਬੂਤ ਨਹੀਂ ਹਨ) ਕਿ ਧੀਰ ਮੱਲ ਦੀ ਕਿਸੇ ਸਾਜ਼ਿਸ਼ ਤਹਿਤ, ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਜੀਵਨ ਲੀਲਾ ਸਮਾਪਤ ਕਰ ਦਿੱਤੀ ਗਈ। ਸੱਤਵੇਂ ਪਾਤਿਸ਼ਾਹ ਨੇ ਸੰਨ 1661, ਮਹੀਨਾ ਅਕਤੂਬਰ ਵਿੱਚ ਆਪਣੇ ਬੇਟੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਜ਼ਿੰਮੇਵਾਰੀ ਸੌਂਪ ਦਿੱਤੀ ਤੇ ਪਿਆਨਾ ਕਰ ਗਏ। ਬਾਲ ਗੁਰੂ ਦੀ ਉਮਰ ਉਸ ਵਕਤ ਸਾਢੇ ਕੁ ਪੰਜ ਸਾਲ ਸੀ। ਇਤਨੀ ਛੋਟੀ ਉਮਰ ਵਿੱਚ, ਅੱਗੋਂ ਗੁਰਗੱਦੀ ਵਾਲੇ ਦੋ ਸਾਲ ਪੰਜ ਮਹੀਨੇ ਤੇ ਛੱਬੀ ਦਿਨਾਂ ਦੀ ਸੇਵਾ ਦੌਰਾਨ ਕੋਈ ਵੱਡੀਆਂ ਘਟਨਾਵਾਂ ਤਾਂ ਨਹੀਂ ਵਾਪਰੀਆਂ। ਗੁਰੂ ਜੀ ਦੇ ਆਪਣੇ ਉਪਰ ਆਖਰੀ ਵੱਡੀ ਘਟਨਾ ਸੀ ਜਿਸ ਕਾਰਨ ਉਹ ਸਰੀਰ ਤਿਆਗ ਗਏ। ਅਸਲ ਵਿੱਚ ਅੱਠਵੇਂ ਪਾਤਿਸ਼ਾਹ ਨੂੰ ਭੀ "ਸ਼ਹੀਦ" ਹੀ ਮੰਨਣਾ ਚਾਹੀਦਾ ਹੈ।

ਇੱਕ ਪਾਸੇ ਧੀ ਰਮੱਲ ਆਪਣੀ ਗੁਰਗੱਦੀ ਜਮਾਈ ਬੈਠਾ ਸੀ। ਭਾਰਤ ਦੀ ਸਰਕਾਰ ਤੋਂ ਹਰ ਤਰ੍ਹਾਂ ਦੀ ਮੱਦਦ ਲੈ ਰਿਹਾ ਸੀ। ਵਿਕਾਸ ਕਰ ਰਹੀ ਲਗਾਤਾਰ ਅੱਗੇ ਵੱਧ ਰਹੀ ਸਿੱਖ ਕ੍ਰਾਂਤੀ ਨੂੰ ਢਾਹ ਲਾ ਰਿਹਾ ਸੀ। ਦੂਜੇ ਪਾਸੇ ਸਰਕਾਰੀ ਸਰਪ੍ਰਸਤੀ ਵਿੱਚ ਰਾਮ ਰਾਏ ਨੂੰ ਸਿੱਖਾਂ ਦਾ ਗੁਰੂ ਬਣਾ ਕੇ ਉਭਾਰਿਆ ਜਾ ਰਿਹਾ ਸੀ। ਜਦੋਂ ਇਨ੍ਹਾਂ ਮੁੱਖ ਦਾਹਵੇਦਾਰਾਂ ਨੂੰ

ਦਰਕਿਨਾਰ ਕਰ ਕੇ ਗੁਰੂ ਹਰਿ ਰਾਇ ਸਾਹਿਬ ਨੇ ਗੁਰਤਾ ਦੀ ਜ਼ਿੰਮੇਵਾਰੀ ਆਪਣੇ ਛੋਟੇ ਸਪੁੱਤਰ, ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦੇ ਦਿੱਤੀ ਤਾਂ ਗੱਦੀ ਦੇ ਦੋਵੇਂ ਦਾਹਵੇਦਾਰ ਬਹੁਤ ਪ੍ਰੇਸ਼ਾਨ ਹੋਏ। ਇਨ੍ਹਾਂ ਨੂੰ ਉਮੀਦ ਸੀ ਕਿ ਗੁਰੂ ਦੇ ਦੋ ਪੁੱਤਰ (ਧੀਰ ਮੱਲ ਅਤੇ ਰਾਮ ਰਾਇ) ਗੁਰਮਤਿ ਦੇ ਵਿਰੁੱਧ ਡੱਟ ਗਏ ਹਨ। ਗੱਦੀ 'ਤੇ ਬਿਠਾਇਆ ਗੁਰੂ ਹਰਿ ਕ੍ਰਿਸ਼ਨ ਨਿੱਕਾ ਜਿਹਾ ਬਾਲਕ ਹੈ। ਹੁਣ ਸਿੱਖ ਲਹਿਰ ਖ਼ਤਮ ਹੋਈ ਹੀ ਸਮਝੋ। ਪਰ ਗੁਰੂ ਸਾਹਿਬਾਨ ਨੇ ਹਮੇਸ਼ਾ ਆਪਣੇ ਨਾਲ ਗਿਆਨਵਾਨ ਤੇ ਦਲੇਰ ਗੁਰਸਿੱਖਾਂ ਦੀ ਟੀਮ ਬਣਾ ਕੇ ਰੱਖੀ ਹੋਈ ਸੀ। ਕੌਮਾਂ ਦੀ ਵੰਡ ਕਰ ਕੇ ਆਪੋ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਚੇਤਨਾ ਤੇ ਉਤਸ਼ਾਹ ਭਰ ਦਿੱਤਾ ਸੀ। ਦੇਸ਼ ਵਿੱਚ ਲੰਮੇਂ ਸਮੇਂ ਤੋਂ ਹੋ ਰਹੇ ਅਤਿਆਚਾਰਾਂ ਦਾ ਅਹਿਸਾਸ ਕਰਵਾ ਦਿੱਤਾ ਸੀ। "ਤਨ, ਮਨ, ਧਨ" ਸਮਰਪਣ ਦੀ ਭਾਵਨਾ ਨਾਲ ਪੀੜ੍ਹੀ ਦਰ ਪੀੜ੍ਹੀ ਮਨੁੱਖਤਾ ਦੀ ਸੇਵਾ ਦਾ ਅਹਿਸਾਸ ਅੰਦਰ ਜਗਾ ਦਿੱਤਾ ਸੀ। ਗੁਰੂ ਸਾਹਿਬ ਭਾਵੇਂ ਲੰਮੀਆਂ ਪ੍ਰਚਾਰ ਫੇਰੀਆਂ ਕਾਰਨ ਸਦਰ ਮੁਕਾਮ ਤੋਂ ਦੂਰ ਰਹੇ, ਭਾਵੇਂ ਜੰਗਾਂ ਦੇ ਕਾਰਨ ਬੇਅੰਤ ਔਕੜਾਂ ਬਰਦਾਸ਼ਤ ਕਰਦੇ ਰਹੇ। ਅਜਿਹੇ ਵਡੇਰੇ ਕਾਰਜ ਕੋਈ ਇੱਕ ਵਿਅਕਤੀ ਨਹੀਂ ਕਰ ਸਕਦਾ, ਹਮੇਸ਼ਾ ਹੀ ਸਹਿਯੋਗੀ ਸਾਥ ਦਿਆ ਕਰਦੇ ਹਨ। ਗੁਰੂ ਹਰਿ ਕ੍ਰਿਸ਼ਨ ਭਾਵੇਂ ਛੋਟੇ ਬਾਲਕ ਸਨ ਪਰ ਇੱਕ ਜ਼ਿੰਮੇਵਾਰ ਸਿੱਖਾਂ ਦਾ ਗਰੁੱਪ ਉਨ੍ਹਾਂ ਦੇ ਨਾਲ ਸੀ।

ਗੁਰੂ ਹਰਿ ਕ੍ਰਿਸ਼ਨ ਜੀ ਦੇ ਜੀਵਨ ਨਾਲ ਸਬੰਧਤ ਕੇਵਲ ਦੋ ਸਾਖੀਆਂ ਹੀ ਪ੍ਰਚਾਰੀਆਂ ਮਿਲਦੀਆਂ ਹਨ। ਇੱਕ ਸਾਖੀ ਗੁਰੂ ਬਣਾਉਣ ਤੋਂ ਪਹਿਲਾਂ ਦੀ ਹੈ। ਪਹਿਲਾਂ ਵਾਲੀ ਸਾਖੀ ਵਿੱਚ ਕੋਈ ਸੱਚਾਈ ਨਹੀਂ, ਕੋਈ ਸਿੱਖਿਆ ਨਹੀਂ। ਸਾਖੀ ਮੁਤਾਬਕ ਜਿਸ ਮੰਜੇ 'ਤੇ ਬੈਠ ਕੇ ਬਾਲਕ ਹਰਿ ਕ੍ਰਿਸ਼ਨ ਬਾਣੀ ਪੜ੍ਹਦੇ ਸਨ, ਉਸ ਮੰਜੇ ਦੇ ਲੱਕੜੀ ਦੇ ਬਣੇ ਹੋਏ ਪਾਵੇ ਮੋਮ ਵਾਂਗ ਨਰਮ ਹੋ ਗਏ। ਗੁਰੂ ਹਰਿ ਰਾਇ ਜੀ ਨੇ ਸੇਵਕ ਸਿੱਖ ਨੂੰ ਭੇਜ ਕੇ ਆਖਿਆ ਕਿ ਸੂਈ ਪਾਵੇ ਵਿੱਚ ਖੋਭ ਕੇ ਵੇਖੀਂ, ਜੇ ਖੁੱਭ ਗਈ ਤਾਂ ਬਾਣੀ ਇਕਾਗਰ ਚਿੱਤ ਪੜ੍ਹੀ ਗਈ ਹੈ। ਜੇ ਸੂਈ ਨਾ ਖੁਭੀ ਫਿਰ ਬਾਣੀ ਵਿੱਚ ਸੁਰਤੀ ਨਹੀਂ ਜੁੜੀ ਸੀ। ਸੇਵਕ ਨੇ ਅਛੋਪਲੇ ਜਿਹੇ ਜਾ ਕੇ ਸੂਈ ਖੋਭ ਦਿੱਤੀ। ਸੂਈ ਇਉਂ ਪਾਵੇ ਅੰਦਰ ਦਾਖ਼ਲ ਹੋ ਗਈ ਜਿਵੇਂ ਮੋਮ ਹੋਵੇ। ਹੋਰਾਂ ਦਾ ਭੀ ਇਸੇ ਤਰ੍ਹਾਂ ਇਮਤਿਹਾਨ ਲਿਆ ਗਿਆ। ਕੋਈ ਭੀ ਇਸ ਉੱਚੀ ਅਵੱਸਥਾ ਨੂੰ ਅਪੜਿਆ ਹੋਇਆ ਨਹੀਂ ਸੀ।

ਕੀ ਅੱਜ ਗੁਰਬਾਣੀ ਪੜ੍ਹਨ ਨਾਲ ਲੱਕੜਾਂ ਮੋਮ ਬਣ ਸਕਦੀਆਂ ਹਨ ? ਜੇ ਨਹੀਂ ਤਾਂ ਉਸ ਵਕਤ ਕਿਵੇਂ ਬਣ ਗਈਆਂ ? ਜਿਸ ਪੀੜ੍ਹੇ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਰੋਜ਼ਾਨਾ ਪ੍ਰਕਾਸ਼ ਕਰੀਦਾ ਹੈ। ਜਿਸ ਪਲੰਗ 'ਤੇ ਰੋਜ਼ਾਨਾ "ਸੁੱਖ ਆਸਣ" ਕਰੀਦਾ ਹੈ। ਉਨ੍ਹਾਂ ਦੇ ਪਾਵੇ ਜਾਂ ਹੋਰ ਹਿੱਸਾ ਤਾਂ ਕਦੀ ਮੋਮ ਨਹੀਂ ਬਣਿਆ, ਅਜਿਹਾ ਕਿਉਂ ? ਫਿਰ ਜਿਨ੍ਹਾਂ ਅਣਗਿਣਤ ਲੋਕਾਂ ਨੇ ਅਖੰਡ ਪਾਠ ਕੀਤੇ ਜਾਂ ਕਰਾਏ ਹਨ। ਸਿਮਰਨ ਬੜਾ ਕਰਨ ਦਾ ਦਮਗਜ਼ਾ ਮਾਰਦੇ ਹਨ। ਉਨ੍ਹਾਂ ਦੇ ਪੱਥਰ ਦਿਲਾਂ ਵਿੱਚ ਮੋਮ ਵਰਗੀ ਨਰਮਾਈ ਕਿਉਂ ਨਹੀਂ ਆਈ ? ਲੋਭ, ਲਾਲਚ, ਈਰਖਾ, ਕ੍ਰੋਧ, ਕੁਫਰ ਉਨ੍ਹਾਂ ਦਾ ਕਿਉਂ ਖ਼ਤਮ ਨਹੀਂ ਹੋਇਆ ? ਉਹ ਤਾਂ ਅਨੇਕ ਬੁਰਾਈਆਂ ਵਿੱਚ ਗਰਕੇ ਸਾਫ਼ ਨਜ਼ਰ ਆਉਂਦੇ ਹਨ। ਇਹੋ ਜਿਹੀਆਂ

ਕਰਾਮਾਤੀ ਗੱਲਾਂ ਸੁਣਨ ਵਾਲੇ ਤੇ ਸੁਣਾਉਣ ਵਾਲੇ ਹੱਥ 'ਤੇ ਹੱਥ ਧਰ ਕੇ ਬੈਠ ਜਾਂਦੇ ਹਨ। ਕੋਈ ਤਾਕਤਵਰ ਆ ਕੇ ਇਨ੍ਹਾਂ ਨੂੰ ਆਪਣੇ ਗ਼ੁਲਾਮ ਬਣਾ ਲੈਂਦਾ ਹੈ। ਇੱਜ਼ਤ-ਆਬਰੂ ਘੱਟੇ ਰੋਲ ਦਿੰਦਾ ਹੈ।

ਅੱਠਵੇਂ ਨਾਨਕ ਨਾਲ ਸਬੰਧਤ ਅਗਲੀ ਸਾਖੀ ਹੈ ਪੰਜੋਖਰਾ ਵਿਖੇ ਵਾਪਰੀ ਹੋਈ। ਜਦੋਂ ਔਰੰਗਜ਼ੇਬ ਦੇ ਹੁਕਮ ਨਾਲ ਕੁੱਝ ਅਫ਼ਸਰ ਅਤੇ ਸਿਪਾਹੀ ਕੀਰਤਪੁਰ ਆਏ। ਉਨ੍ਹਾਂ ਬਾਦਸ਼ਾਹ ਵੱਲੋਂ ਜਾਰੀ ਕੀਤਾ ਹੁਕਮ ਸੁਣਾ ਦਿੱਤਾ। ਤੁਹਾਨੂੰ ਦਿੱਲੀ ਜਾਣਾ ਪਵੇਗਾ। ਜੇਕਰ ਨਹੀਂ ਜਾਉਗੇ ਤਾਂ ਗ੍ਰਿਫ਼ਤਾਰ ਕਰ ਕੇ ਲੈ ਜਾਵਾਂਗੇ। ਉਨ੍ਹਾਂ ਸਰਕਾਰੀ ਕਰਮਚਾਰੀਆਂ ਨੂੰ ਵਿਸ਼ਵਾਸ ਦੁਆ ਦਿੱਤਾ ਕਿ ਅਸੀਂ ਛੇਤੀ ਤੋਂ ਛੇਤੀ ਆ ਰਹੇ ਹਾਂ। ਇੱਕ ਵੱਡੇ ਕਾਫ਼ਲੇ ਦੇ ਰੂਪ ਵਿੱਚ ਜਦੋਂ ਪੰਜੋਖਰੇ ਰਾਤ ਕੱਟਣ ਲਈ ਰੁਕੇ ਤਾਂ ਲਾਲ ਚੰਦ ਨਾਮ ਦਾ ਬ੍ਰਾਹਮਣ ਆਇਆ। ਉਸ ਨੇ ਸਤਿਗੁਰੂ ਜੀ ਨੂੰ ਆਖਿਆ ਕਿ "ਤੁਸੀਂ ਸਿੱਖਾਂ ਦੇ ਗੁਰੂ ਹੋ, ਛੋਟੀ ਉਮਰ ਦੇ ਬਾਲਕ ਹੋ। ਆਪਣਾ ਨਾਮ ਭੀ ਹਰਿ ਕ੍ਰਿਸ਼ਨ ਰਖਵਾਇਆ ਹੈ। ਕ੍ਰਿਸ਼ਨ ਜੀ ਨੇ ਤਾਂ ਗੀਤਾ ਉਚਾਰਨ ਕੀਤੀ ਸੀ, ਤੁਸੀਂ ਉਸ ਦੇ ਅਰਥ ਹੀ ਕਰ ਕੇ ਸੁਣਾ ਸਕਦੇ ਹੋ?" ਸਾਖੀ ਮੁਤਾਬਕ ਗੁਰੂ ਜੀ ਨੇ ਕਿਹਾ ਕਿ "ਜੋ ਤੈਨੂੰ ਇਥੇ ਸਭ ਤੋਂ ਕਮਲਾ ਜਿਹਾ ਬੰਦਾ ਨਜ਼ਰ ਆਵੇ, ਉਸ ਨੂੰ ਸਾਡੇ ਕੋਲ ਲੈ ਆ। ਜੋ ਕੁੱਝ ਤੂੰ ਪੁੱਛੇਂਗਾ, ਉਹ ਜੁਆਬ ਦੇ ਦੇਵੇਗਾ।" ਲੰਗਰ ਵਿੱਚ ਸੇਵਾ ਕਰਨ ਵਾਲੇ ਭਾਈ ਛੱਜੂ ਨੂੰ ਲਿਆਂਦਾ। ਉਸ ਦੇ ਸਿਰ 'ਤੇ ਗੁਰੂ ਜੀ ਨੇ ਛਟੀ ਰੱਖ ਦਿੱਤੀ। ਬ੍ਰਾਹਮਣ ਨੇ ਜੋ ਸੁਆਲ ਪੁੱਛੇ, ਭਾਈ ਛੱਜੂ ਤੁਰੰਤ ਜੁਆਬ ਦਿੰਦਾ ਗਿਆ। ਲਾਲ ਚੰਦ ਦੀ ਨਿਸ਼ਾ ਹੋ ਗਈ ਕਿ ਵਾਕਿਆ ਹੀ ਗੁਰੂ ਜੀ ਮਹਾਨ ਹਨ।

ਇਹ ਸਾਖੀ ਮੰਨਣਯੋਗ ਨਹੀਂ ਹੈ। ਜੇ ਛਟੀ ਰੱਖਣ ਨਾਲ ਕਪਾਟ ਖੁੱਲ੍ਹਦੇ ਹਨ ਫਿਰ ਗੁਰੂ ਨਾਨਕ ਸਾਹਿਬ ਜੀ ਨੇ ਇਹੀ ਤਰੀਕਾ ਕਿਉਂ ਨਾ ਅਪਣਾਇਆ ? ਬਹਿਸਾਂ ਕਰਨ ਦੀ, ਲੰਮੇਂ ਸਫ਼ਰ ਕਰਨ ਦੀ, ਖ਼ਤਰੇ ਸਹੇੜਨ ਦੀ ਕੀ ਲੋੜ ਸੀ ? ਗੁਰੂ ਨਾਨਕ ਸਾਹਿਬ ਜੀ ਤਾਂ ਆਪਣੇ ਪੁੱਤਰਾਂ ਦੇ ਸਿਰ ਛਟੀ (ਸੋਟੀ) ਨਾ ਧਰ ਸਕੇ। ਸਾਰੀ ਦੁਨੀਆਂ ਦਾ ਭਰਮਣ ਕਰ ਲਿਆ। ਲੰਮੀਆਂ ਵਿਚਾਰਾਂ ਤਾਂ ਜ਼ਰੂਰ ਕੀਤੀਆਂ ਦੇ ਹਵਾਲੇ ਮਿਲਦੇ ਹਨ ਪਰ ਆਹ ਛਟੀ ਵਾਲਾ ਗਿਆਨ ਨਾ ਕਿਸੇ ਨੂੰ ਦਿੱਤਾ, ਨਾ ਕਿਸੇ ਤੋਂ ਲਿਆ। ਗੱਲ ਸਿਰਫ਼ ਇੰਨੀ ਸੀ ਕਿ ਬ੍ਰਾਹਮਣ ਨੇ ਸ਼ੂਦਰ ਲਈ ਵਿੱਦਿਆ ਹਾਸਲ ਕਰਨ 'ਤੇ ਰੋਕ ਲਾਈ ਹੋਈ ਸੀ। ਗੁਰੂ ਨਾਨਕ ਸਾਹਿਬ ਨੇ ਸਭ ਨੂੰ ਭਾਈ (ਭਰਾ+ਵੀਰ) ਬਣਾ ਲਿਆ। ਵਿੱਦਿਆ ਪ੍ਰਾਪਤ ਕਰਨ ਦੇ ਸਾਧਨ ਮੁਹਈਆ ਕਰਵਾ ਦਿੱਤੇ। ਗੁਰੂ ਘਰ ਨਾਲ ਜੁੜਿਆ ਹਰ ਬੰਦਾ, ਸਿਆਣਾ ਬਣ ਰਿਹਾ ਸੀ। ਬ੍ਰਾਹਮਣ ਦੀ ਗ਼ੁਲਾਮੀ ਵਿੱਚੋਂ ਨਿਕਲ ਰਿਹਾ ਸੀ। ਇਨ੍ਹਾਂ ਵਿੱਚੋਂ ਹੀ ਇੱਕ ਸੀ ਭਾਈ ਛੱਜੂ ਜੀ।

ਅਗਲੀ ਸਾਖੀ ਮੁਤਾਬਕ ਔਰੰਗਜ਼ੇਬ ਨੇ ਆਪਣੇ ਵਜੀਰ ਜੈ ਸਿੰਘ ਦੇ ਮਹਿਲ ਵਿੱਚ ਬਹੁਤ ਸਾਰੀਆਂ ਔਰਤਾਂ, ਇੱਕੋ ਜਿਹੇ ਪਹਿਰਾਵੇ ਵਿੱਚ ਬਿਠਾ ਦਿੱਤੀਆਂ। ਗੁਰੂ ਹਰਿ ਕ੍ਰਿਸ਼ਨ ਨੂੰ ਆਖਿਆ ਕਿ ਇਨ੍ਹਾਂ ਵਿੱਚੋਂ ਰਾਣੀ ਲੱਭ ਕੇ ਵਿਖਾਓ। ਕਹਿੰਦੇ ਹਨ ਗੁਰੂ ਜੀ ਨੇ ਤੁਰੰਤ

ਰਾਣੀ ਦੀ ਪਛਾਣ ਕਰ ਲਈ। ਇਸ ਤਰ੍ਹਾਂ ਗੁਰੂ ਜੀ ਦਾ ਬਹੁਤ ਜਸ ਹੋਇਆ। "ਬਚਗਾਨੀ" ਹਰਕਤ ਤੋਂ ਸਿਵਾਏ ਇਸ ਸਾਖੀ ਵਿੱਚੋਂ ਕੁੱਝ ਭੀ ਨਹੀਂ ਲਭਦਾ। ਬੇਅੰਤ ਰੁਝੇਵਿਆਂ ਵਿੱਚ ਔਰੰਗਜ਼ੇਬ ਲਈ ਕੀ ਇਹੀ ਤਮਾਸ਼ਾ ਕਰਨ ਲਈ ਰਹਿ ਗਿਆ ਸੀ ?

ਕਾਸ਼! ਸਾਡੇ ਇਤਿਹਾਸਕਾਰ ਕੋਸ਼ਿਸ਼ ਕਰ ਕੇ ਅੱਠਵੇਂ ਗੁਰੂ ਦੇ ਸੁਆਲ-ਜੁਆਬ ਔਰੰਗਜ਼ੇਬ ਨਾਲ ਕਰਵਾ ਦਿੰਦੇ। ਕਾਸ਼! ਸਾਡੇ ਸਾਹਿਤਕਾਰ ਦਿੱਲੀ ਵਿੱਚ ਗੁਰੂ ਜੀ ਨੂੰ ਸ਼ਹੀਦ ਹੋਇਆ ਵਿਖਾ ਦਿੰਦੇ। ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਗੁਰੂ ਨਹੀਂ ਬਣੇ। ਬਸ ਸਿੱਖ ਬਣ ਕੇ ਕਾਰਜ ਕੀਤੇ। ਇਤਿਹਾਸਕਾਰਾਂ ਨੇ ਵਜੀਰਖ਼ਾਨ ਨਾਲ ਉਨ੍ਹਾਂ ਦੇ ਬੜੇ ਵਧੀਆ ਸੁਆਲ-ਜੁਆਬ ਕਰਵਾ ਦਿੱਤੇ। ਸੂਬਾ ਸਰਹੰਦ ਨੂੰ ਕਈ ਵਾਰੀ ਸ਼ਰਮਸਾਰ ਹੋਣਾ ਪਿਆ। ਗੰਗੂ ਤੇ ਚੰਦੂ ਦਾ ਆਪਣਾ ਘਿਨਾਉਣਾ ਰੋਲ ਪੇਸ਼ ਕੀਤਾ ਗਿਆ ਹੈ। ਕਿਧਰੇ ਭਾਈ ਮੋਤੀ ਰਾਮ ਹੈ ਤੇ ਕਿਧਰੇ ਭਾਈ ਟੋਡਰ ਮੱਲ ਦਾ ਜ਼ਿਕਰ ਹੈ। ਮਾਤਾ ਗੁਜਰੀ ਜੀ ਦੀ ਆਪਣੀ ਮਹਾਨ ਦੇਣ ਹੈ। ਸਾਹਿਬਜ਼ਾਦਿਆਂ ਨੂੰ ਲਾਲਚ ਦਿੱਤੇ, ਡਰਾਵੇ ਦਿੱਤੇ, ਪਰ ਨਹੀਂ ਡੋਲੇ। ਨੀਂਹਾਂ ਵਿੱਚ ਚਿਣੇ ਗਏ ਪਰ ਡੋਲੇ ਨਹੀਂ। ਛੁਰੇ ਲੈ ਕੇ ਜਿਬ੍ਹਾ ਕਰ ਦਿੱਤੇ, ਜਾਨ ਦੀ ਬਾਜ਼ੀ ਲਾ ਗਏ, ਪਰ ਸਿੱਖੀ ਅਸੂਲ ਤੋਂ ਪੈਰ ਪਿਛਾਂਹ ਨਹੀਂ ਪਾਇਆ।

ਗੁਰੂ ਹਰਿ ਕ੍ਰਿਸ਼ਨ ਜੀ ਨੂੰ ਕੋਈ ਅਜਿਹੀ ਸਿਆਣਪ ਅਤੇ ਦਲੇਰੀ ਕਰਦੇ ਵਿਖਾ ਦਿੰਦੇ। ਸਾਢੇ ਅੱਠ ਕੁ ਸਾਲ ਦੀ ਉਮਰ ਵਿੱਚ ਜਾਨ ਭੀ ਚਲੀ ਗਈ, ਉਹ ਭੀ ਚੇਚਕ ਦੀ ਬਿਮਾਰੀ ਨਾਲ ? ਸਾਡੇ ਵਿਦਵਾਨ ਲਿਖਾਰੀ ਤੇ ਕਥਾਵਾਚਕ ਅੱਖਾਂ ਖੋਲ੍ਹਣਗੇ ਆਪਣੀਆਂ ?

ਔਰੰਗਜ਼ੇਬ ਨੇ ਸਤਿਗੁਰੂ ਜੀ ਨੂੰ ਦਿੱਲੀ ਸੱਦਿਆ। ਇਹ ਕਿਵੇਂ ਹੋ ਸਕਦਾ ਹੈ ਕਿ ਗੁਰੂ ਜੀ ਨਾ ਜਾਣ। ਜੇ ਚੱਲ ਕੇ ਨਹੀਂ ਜਾਣਗੇ, ਬੰਨ੍ਹ ਕੇ ਲਿਜਾਏ ਜਾਣਗੇ। ਪਹਿਲਾਂ ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿ ਗੋਬਿੰਦ ਸਾਹਿਬ ਨਾਲ ਹਕੂਮਤ ਦੀ ਟੱਕਰ ਨਹੀਂ ਹੋਈ ? ਗ੍ਰਿਫ਼ਤਾਰੀਆਂ ਨਹੀਂ ਹੋਈਆਂ ? ਇਸ ਵਾਰੀ ਭੀ ਔਰੰਗਜ਼ੇਬ ਦੇ ਦਰਬਾਰ ਵਿੱਚ ਅੱਠਵੇਂ ਗੁਰੂ ਜੀ ਨੂੰ ਹਾਜ਼ਰ ਕੀਤਾ ਗਿਆ। ਬਾਕੀ ਸਾਰੇ ਸਿੱਖਾਂ ਨੂੰ ਖੜੇ ਰੱਖਿਆ ਗਿਆ। ਗੁਰੂ ਜੀ ਨੂੰ ਬੈਠਣ ਦੀ ਇਜਾਜ਼ਤ ਦਿੱਤੀ ਗਈ। ਕੁੱਝ ਸੁਆਲ-ਜੁਆਬ ਹੋਏ। ਸੇਵਾਦਾਰ ਰਾਹੀਂ ਔਰੰਗਜ਼ੇਬ ਨੇ ਗੁਰੂ ਜੀ ਲਈ ਕੋਈ ਪੀਣ ਵਾਲਾ ਅਰਕ (ਜੂਸ ਵਰਗਾ) ਮੰਗਵਾਇਆ। ਅਰਕ ਪੀ ਕੇ ਗੁਰੂ ਜੀ ਵਾਪਸ ਚੱਲ ਪਏ। ਰਸਤੇ ਵਿੱਚ ਜਾਂਦਿਆਂ ਹੀ ਗੁਰੂ ਜੀ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਮੇਰੀ ਤਬੀਅਤ ਠੀਕ ਨਹੀਂ ਹੈ। ਦੂਜੇ ਦਿਨ ਸਰੀਰ 'ਤੇ ਛਾਲੇ ਹੋਣ ਲੱਗ ਪਏ। ਜ਼ਖ਼ਮ ਵਧਦੇ ਗਏ। ਵੀਹ ਮਾਰਚ, 1664 ਦੀ ਮੁਲਾਕਾਤ ਸੀ। 30 ਮਾਰਚ 1664 ਨੂੰ ਗੁਰੂ ਜੀ ਜੋਤੀ ਜੋਤਿ (ਨਹੀਂ-ਨਹੀਂ, ਸ਼ਹੀਦ) ਸਮਾ ਗਏ। ਅਸਲ ਵਿੱਚ ਜਦੋਂ ਗੁਰੂ ਜੀ ਨੇ ਇਸਲਾਮ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਬਾਦਸ਼ਾਹ ਨੇ ਜੂਸ ਵਿੱਚ ਪਾਰਾ ਜਾਂ ਕੋਈ ਹੋਰ ਮਾਰੂ ਪਦਾਰਥ ਪਾ ਕੇ ਪਿਆ ਦਿੱਤਾ, ਜਿਸ ਦੇ ਜ਼ਹਿਰ ਕਾਰਨ ਉਸੇ ਦਿਨ ਤਬੀਅਤ ਖ਼ਰਾਬ ਹੋਣ ਲੱਗ ਪਈ। ਇੱਕ ਹਫ਼ਤੇ ਦੇ ਅੰਦਰ ਬਿਮਾਰੀ ਇੰਨੀ ਵੱਧ ਗਈ ਕਿ ਪ੍ਰਾਣ ਪੰਖੇਰੂ ਉਡਾਰੀ ਮਾਰ ਗਏ ਪਰ ਕਹਾਣੀ ਘੜਨ ਵਾਲਿਆਂ ਨੇ ਅਜੀਬ ਮਜ਼ਾਕ

ਕੀਤਾ ਹੈ ਸਿੱਖ ਕੌਮ ਨਾਲ। ਅਖੇ, ਦਿੱਲੀ ਵਿੱਚ ਚੇਚਕ ਦੀ ਮਹਾਮਾਰੀ ਫੈਲੀ ਹੋਈ ਸੀ। ਗੁਰੂ ਸਾਹਿਬ ਨੇ ਪਾਣੀ ਦੇ ਇੱਕ ਵੱਡੇ ਚੁਬੱਚੇ ਵਿੱਚ ਆਪਣੇ ਚਰਨ ਪਾਏ। ਫਿਰ ਉਸ ਪਵਿੱਤਰ ਜਲ ਨਾਲ ਲੋਕਾਂ ਨੇ ਇਸ਼ਨਾਨ ਕਰਨਾ ਸ਼ੁਰੂ ਕਰ ਦਿੱਤਾ ਤੇ ਰੋਗ ਮੁਕਤ ਹੁੰਦੇ ਚਲੇ ਗਏ। ਆਖਰ ਉਹੀ ਰੋਗ ਗੁਰੂ ਜੀ ਨੂੰ ਭੀ ਲੱਗ ਗਿਆ ਤੇ ਗੁਰੂ ਜੀ ਦਾ ਰੋਗ ਨਾ ਘਟਿਆ, ਨਾ ਮਿਟਿਆ ਤੇ ਨਾਲ ਹੀ ਲੈ ਡੁੱਬਿਆ। ਵਾਹ! ਭਾਈ ਸਾਖੀ ਘੜਨ ਵਾਲਿਓ!! ਆਪਣੇ ਚਰਨਾਂ ਦੀ ਛੋਹ ਵਾਲਾ ਪਾਣੀ ਲੋਕਾਂ ਨੂੰ ਦੇ ਕੇ ਚੇਚਕ ਖ਼ਤਮ ਹੋ ਗਈ ਦਾ ਪ੍ਰਚਾਰ। ਗੁਰੂ ਜੀ ਦੇ ਆਪਣੇ ਚੇਚਕ ਨਿਕਲ ਆਈ, ਉਹ ਮੌਤ ਬਣ ਕੇ ਆਈ। ਗੁਰੂ ਜੀ ਦੇ ਆਪਣੇ ਚਰਨ ਸਰੀਰ ਦੇ ਨਾਲ ਹੀ ਲੱਗੇ ਹੋਏ ਸੀ। ਜੇ ਦੂਜਿਆਂ ਦਾ ਰੋਗ ਕੱਟਿਆ ਜਾ ਸਕਦਾ ਸੀ ਤਾਂ ਆਪਣਾ ਕਿਉਂ ਨਹੀਂ? ਅਸਲ ਵੱਡਾ ਰੋਗ ਤਾਂ ਔਰੰਗਜ਼ੇਬ ਸੀ, ਜੋ ਸਾਰੇ ਦੇਸ਼ ਨੂੰ ਲੱਗਾ ਹੋਇਆ ਸੀ।

ਗੁਰੂ ਹਰਿ ਕ੍ਰਿਸ਼ਨ ਜੀ ਦੋ ਸਾਲ ਪੰਜ ਮਹੀਨੇ ਤੇ ਛੱਬੀ ਦਿਨ ਗੁਰਤਾ ਦੀ ਸੇਵਾ ਨਿਭਾ ਕੇ 30 ਮਾਰਚ 1664 ਨੂੰ "ਸ਼ਹੀਦੀ" ਪਾ ਗਏ। ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਰਗਾਹ ਮੱਲ ਜੀ ਅਤੇ ਆਪਣੇ ਪ੍ਰਵਾਰ ਦੇ ਜੀਆਂ ਦੇ ਸਾਹਮਣੇ ਗੁਰਗੱਦੀ ਦੇਣ ਦਾ ਐਲਾਨ ਬਾਬਾ ਤੇਗ ਬਹਾਦਰ ਦੇ ਪੱਖ ਵਿੱਚ ਕਰ ਗਏ। ਛੋਟੀ ਉਮਰ ਵਿੱਚ ਵਡੇਰੇ ਕਾਰਜ ਕਰ ਗਏ।



ਗੁਰੂ ਤੇਗ ਬਹਾਦਰ ਜੀ (ਸਾਖੀਆਂ)

ਗੁਰੂ ਲਾਧੋ ਰੇ ! ਸੱਚ ਕੀ ਹੈ... ?

ਗੁਰੂ ਤੇਗ ਬਹਾਦਰ ਜੀ ਜਿੰਨੀ ਮਹਾਨ ਹਸਤੀ ਸਨ, ਸਾਡੇ ਇਤਿਹਾਸਕਾਰਾਂ ਨੇ, ਉਤਨੀ ਹੀ ਲਾਪਰਵਾਹੀ ਗੁਰੂ ਜੀ ਦਾ ਜੀਵਨ ਵੇਰਵਾ ਲਿਖਣ ਲਈ ਵਰਤੀ ਹੈ। ਸਾਡੇ ਕਥਾਕਾਰ ਬਿਨਾਂ ਸੋਚੇ ਵਿਚਾਰੇ, ਉਹੀ ਕੁਫਰ-ਕਹਾਣੀਆਂ ਜੋ ਕਿ ਗੁਰਬਾਣੀ ਦੇ ਅਸੂਲਾਂ ਤੋਂ ਉਲਟ ਹਨ, ਲਗਾਤਾਰ ਸੁਣਾ ਰਹੇ ਹਨ। ਸਤਿਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਬਾਰ-ਬਾਰ ਕਲੰਕਤ ਕਰਨ ਵਰਗਾ ਬੱਜਰ ਪਾਪ ਕਰਦੇ ਆ ਰਹੇ ਹਨ। ਆਪਣੇ ਵੱਲੋਂ ਇਹ ਲੋਕ ਧਰਮ ਦੀ ਸੇਵਾ ਕਰ ਰਹੇ ਹਨ। ਇਸ ਤਰ੍ਹਾਂ ਦੇ ਪ੍ਰਚਾਰ ਨਾਲ ਸਿੱਖ ਪੰਥ ਦਾ ਕੁੱਝ ਸੰਵਰ ਭੀ ਰਿਹਾ ਹੈ ? ਵਿਚਾਰਯੋਗ ਗੱਲ ਹੈ। ਗੁਰੂ ਜੀ ਦੇ ਜੀਵਨ ਨੂੰ ਸਮਝਣ ਲਈ, ਅਸੀਂ ਤਿੰਨ ਭਾਗਾਂ ਵਿੱਚ ਵੰਡ ਕਰ ਲੈਂਦੇ ਹਾਂ। ਪਹਿਲਾ, ਪੰਜ ਭੂਤਕ ਸਰੀਰ ਦੇ ਪ੍ਰਗਟ ਹੋਣ ਤੋਂ ਲੈ ਕੇ ਗੁਰਗੱਦੀ ਤੱਕ। ਦੂਜਾ, ਗੁਰਗੱਦੀ 'ਤੇ ਬਿਰਾਜ ਕੇ ਕੀਤੇ ਗਏ ਅਣਗਿਣਤ ਉਪਕਾਰੀ ਕਾਰਜ। ਤੀਜਾ, ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਗਈ ਲਾਸਾਨੀ ਸ਼ਹੀਦੀ। ਹੁਣ ਇਹਨਾਂ ਤਿੰਨਾ ਪੱਖਾਂ ਦੀ ਚਰਚਾ ਜ਼ਰਾ ਵਿਸਥਾਰ ਨਾਲ।

ਬਾਲਕ ਤੇਗ ਬਹਾਦਰ ਦਾ ਜਨਮ 1 ਅਪ੍ਰੈਲ, 1621 ਵਿੱਚ ਮਾਤਾ ਨਾਨਕੀ ਜੀ, ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਘਰ, ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਛੇਵੇਂ ਸਤਿਗੁਰੂ ਜੀ ਗੁਰੂ ਨਾਨਕ ਸਾਹਿਬ ਦੀ ਗੱਦੀ 'ਤੇ ਬਿਰਾਜਮਾਨ ਹੋ ਕੇ, ਜਿੰਦਗੀ ਨਿਭਾਅ ਰਹੇ ਸਨ। ਸਵੈ ਰੱਖਿਆ ਹਿਤ ਉਨ੍ਹਾਂ ਨੂੰ ਕਈ ਜੰਗ ਭੀ ਲੜਨੇ ਪਏ। ਅਜਿਹੇ ਹਾਲਾਤ ਵਿੱਚ ਬਾਲਕ ਤੇਗ ਬਹਾਦਰ ਜੀ "ਸਮੇਂ ਦੀ ਲੋੜ ਮੁਤਾਬਕ" ਹਰ ਤਰ੍ਹਾਂ ਦੀ ਸਿੱਖਿਆ ਪ੍ਰਾਪਤ ਕਰ ਰਹੇ ਸਨ। ਪਿਤਾ ਜੀ ਦੀ ਨਿਗਰਾਨੀ ਵਿੱਚ ਉਨ੍ਹਾਂ ਦਾ ਜੀਵਨ ਸਿੱਖੀ ਸਾਂਚੇ ਵਿੱਚ ਢਲਦਾ ਤੇ ਪਰਪੱਕ ਹੁੰਦਾ ਗਿਆ। ਕਰਤਾਰਪੁਰ ਵਾਲੀ ਚੌਥੀ ਜੰਗ ਵਿੱਚ, ਅੱਲ੍ਹੜ ਉਮਰ ਦੇ ਗਭਰੀਟ ਪਰ ਸਰੀਰਕ ਅਤੇ ਮਾਨਸਿਕ ਪੱਖੋਂ ਮਜ਼ਬੂਤ ਤੇਗ ਬਹਾਦਰ ਨੇ ਜੰਗ ਵਿੱਚ ਇੱਕ ਹੰਢੇ ਵਰਤੇ ਜੋਧੇ ਵਾਂਗ ਤੇਗ ਦੇ ਜੌਹਰ ਵਿਖਾਏ। ਜਦੋਂ ਕਿ ਪਿਤਾ ਗੁਰੂ ਜੀ ਸਾਰੇ ਸੂਰਮਿਆਂ ਵਿੱਚ ਖ਼ੁਦ ਲੜ ਰਹੇ ਸਨ। ਥੋੜੀ ਵਿੱਥ 'ਤੇ ਕਰਤਾਰਪੁਰ ਨਿਵਾਸੀ ਬੀਬੀਆਂ-ਬੱਚੇ, ਇਸ ਜੰਗ ਵਿੱਚ ਬਹਾਦਰਾਂ ਦੇ ਹੌਸਲੇ ਨੂੰ ਵੇਖ ਰਹੇ ਸਨ। ਗੁਰੂ ਪ੍ਰਵਾਰ ਅਤੇ ਸਿੱਖਾਂ ਦੇ ਪ੍ਰਵਾਰ ਭੀ ਛੱਤਾਂ 'ਤੇ ਖਲੋ ਕੇ ਸਾਹ ਰੋਕੀ ਇਸ ਜੰਗ ਦਾ ਦ੍ਰਿਸ਼ ਵੇਖ ਰਹੇ ਸਨ। ਸਾਰਿਆਂ ਨੇ ਵੇਖਿਆ ਕਿ ਹਰ ਇੱਕ ਸਿੱਖ ਨੇ ਉੱਤਮ ਦਰਜੇ ਦੀ ਦਲੇਰੀ ਵਿਖਾਈ ਤੇ ਇਹ ਜੰਗ ਗੁਰੂ ਹਰਿ ਗੋਬਿੰਦ ਸਾਹਿਬ ਜਿੱਤ ਗਏ ਤੇ ਦੁਸ਼ਮਣਾਂ ਨੂੰ ਮੂੰਹ ਦੀ ਖਾਣੀ ਪਈ। ਤੇਗ ਬਹਾਦਰ ਜੀ ਨੂੰ ਪਿਤਾ ਗੁਰੂ ਜੀ ਨੇ ਵਿਸ਼ੇਸ਼ ਪਿਆਰ ਦਿੱਤਾ, ਛੋਟੀ ਉਮਰ ਵੱਡੀ ਦਲੇਰੀ ਕਾਰਨ।

ਜਦੋਂ ਜੰਗਾਂ-ਯੁੱਧਾਂ ਵੱਲੋਂ ਵਿਹਲ ਮਿਲੀ ਤਾਂ ਤੇਗ ਬਹਾਦਰ ਜੀ ਡੂੰਘਾ ਮੁਤਾਲਿਆ ਕਰਨ ਇਕਾਂਤ ਵਿੱਚ ਚਲੇ ਜਾਂਦੇ। ਇਸਲਾਮ ਧਰਮ ਬਾਰੇ ਚੰਗਾ ਅਧਿਐਨ ਕੀਤਾ। ਇਸਲਾਮੀ ਰਾਜ ਵੱਲੋਂ ਗ਼ੈਰ ਮੁਸਲਮਾਨਾਂ ਨਾਲ ਜੋ ਅਤੀ ਕਠੋਰ ਤੇ ਮਨੁੱਖਤਾ ਤੋਂ ਗਿਰਿਆ ਸਲੂਕ ਕੀਤਾ ਜਾਂਦਾ ਸੀ, ਉਸ ਨੂੰ ਸਮਝਿਆ। ਲੋਕਾਂ ਨੂੰ ਬ੍ਰਾਹਮਣਾਂ ਤੇ ਜੋਗੀਆਂ ਵੱਲੋਂ ਜਿਵੇਂ ਲੁੱਟਿਆ ਜਾ ਰਿਹਾ ਸੀ ਉਸ ਦੀ ਰੂਪ ਰੇਖਾ ਤਿਆਰ ਕੀਤੀ। ਇਹਨਾਂ ਅਣਪੜ੍ਹ ਕਮਜ਼ੋਰ ਤੇ ਨੇਤਾ ਹੀਣ ਲੋਕਾਂ ਨੂੰ ਕਿਵੇਂ ਗਿਆਨ ਦਿੱਤਾ ਜਾਵੇ। ਕਿਵੇਂ ਇਹਨਾਂ ਨੂੰ ਵਿਕਾਰਾਂ ਤੋਂ ਬਚਾ ਕੇ ਏਕਤਾ ਦੇ ਸੂਤਰ ਵਿੱਚ ਪਰੋ ਕੇ, ਜਾਲਮ ਦੀ ਜੜ੍ਹ ਪੁੱਟਣ ਲਈ ਤਿਆਰ ਕੀਤਾ ਜਾਵੇ। ਇਸ ਸਾਰੇ ਕਾਰਜ ਦੀ ਭਵਿੱਖ ਮੁਖੀ ਰੂਪ ਰੇਖਾ ਤਿਆਰ ਕੀਤੀ। ਉਨ੍ਹਾਂ ਦੇ ਡੂੰਘੇ ਅਧਿਐਨ ਤੋਂ ਆਮ ਲੋਕਾਈ ਨੂੰ ਫਾਇਦਾ ਪੁਚਾਉਣ ਲਈ ਸੱਤਵੇਂ ਪਾਤਿਸ਼ਾਹ ਜੀ ਨੇ (ਗੁਰੂ) ਤੇਗ ਬਹਾਦਰ ਜੀ ਨੂੰ, ਦੂਰ ਦਰਾਜ ਦੇ ਲੰਮੇ ਧਰਮ ਪ੍ਰਚਾਰ ਦੌਰਿਆਂ 'ਤੇ ਭੇਜਿਆ। ਢਾਕਾ, ਬੰਗਾਲ, ਆਸਾਮ ਆਦਿ ਦੇ ਲੰਮੇਂ ਪ੍ਰਚਾਰ ਦੌਰੇ ਗੁਰਗੱਦੀ ਮਿਲਣ ਤੋਂ ਪਹਿਲਾਂ ਕੀਤੇ ਗਏ ਸਨ। "ਭੱਟ ਵਹੀਆਂ" 'ਤੇ ਆਧਾਰਤ ਛਪੀ ਪੁਸਤਕ ਗੁਰੂ ਕੀਆਂ ਸਾਖੀਆਂ (ਸੰਪਾਦਕ ਪ੍ਰੋ. ਪਿਆਰਾ ਸਿੰਘ ਪਦਮ, 1995) ਵਿੱਚ ਤਰੀਕਵਾਰ ਵੇਰਵਾ ਦਰਜ ਹੈ ਕਿ ਬਾਬਾ ਤੇਗ ਬਹਾਦਰ ਜੀ ਕਿਸ ਦਿਨ ਗੰਗਾ ਤੀਰਥ 'ਤੇ ਗਏ, ਕਦੋਂ ਇਲਾਹਬਾਦ, ਕਦੋਂ ਪਟਨੇ ਤੇ ਕਦੋਂ ਆਸਾਮ ਬੰਗਾਲ ਵਿੱਚ ਗਏ ਸਨ। ਉਨ੍ਹਾਂ ਦੇ ਘਰ ਬਾਲਕ ਗੋਬਿੰਦ ਰਾਏ ਦਾ ਜਨਮ ਭੀ ਸੰਨ 1661 ਵਿੱਚ ਹੋਇਆ, ਲਿਖਤਾਂ ਮੌਜੂਦ ਹਨ। ਭਾਵੇਂ ਪ੍ਰਚਲਤ 1666 ਹੋ ਗਿਆ। ਖ਼ੈਰ! ਇਹ ਕੋਈ ਸਿਧਾਂਤਕ ਮਸਲਾ ਨਹੀਂ ਹੈ, ਉਮਰ ਦਾ ਪੰਜ ਸਾਲ ਵੱਧ ਜਾਂ ਘੱਟ ਹੋਣਾ।

(ਗੁਰੂ) ਤੇਗ ਬਹਾਦਰ ਜੀ ਦੇ ਪ੍ਰਚਾਰ ਦੌਰੇ ਅਤੇ ਉਨ੍ਹਾਂ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਅਸਥਾਨਾਂ ਦਾ ਜੇਕਰ ਗਹਿਰਾਈ ਨਾਲ ਲੇਖਾ-ਜੋਖਾ ਕੀਤਾ ਜਾਵੇ ਤਾਂ ਹੈਰਾਨੀ ਜਨਕ ਨਤੀਜੇ ਨਿਕਲਣਗੇ। ਇੰਨੀਆਂ ਲੰਮੀਆਂ ਯਾਤਰਾਵਾਂ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਨੇ ਕੀਤੀਆਂ ਸਨ। ਇਹ ਭੀ ਯਾਦ ਰਹੇ ਗੁਰੂ ਨਾਨਕ ਸਾਹਿਬ ਜੀ ਦੀ ਪਹਿਲੀ ਯਾਤਰਾ ਦਸ ਸਾਲ ਤੋਂ ਵੱਧ ਸਮੇਂ ਦੀ ਸੀ। ਸਿਰਫ ਲੰਕਾ ਦੇ ਸਫ਼ਰ ਨੂੰ ਕੱਟ ਦੇਈਏ, ਬਾਕੀ ਸਭਨਾਂ ਥਾਵਾਂ 'ਤੇ ਬਾਬਾ ਤੇਗ ਬਹਾਦਰ ਜੀ ਗਏ ਸਨ। ਇੰਨੇ ਲੰਮੇ ਸਫਰ ਕੋਈ "ਅੱਖਾਂ ਮੀਟ ਕੇ" ਨਹੀਂ ਹੋ ਜਾਇਆ ਕਰਦੇ। ਜਿਸ ਮਕਸਦ ਵਾਸਤੇ ਗੁਰੂ ਨਾਨਕ ਸਾਹਿਬ ਜੀ ਗਏ ਸਨ, ਉਸੇ ਵਿਚਾਰਧਾਰਾ ਨੂੰ ਹੋਰ ਪ੍ਰਚੰਡ ਕਰਨ, ਬਾਬਾ ਤੇਗ ਬਹਾਦਰ ਜੀ ਗਏ ਸਨ। ਪੰਜਾਬ ਤੋਂ ਬਾਹਰ ਦੇ ਲੰਮੇਂ ਪ੍ਰਚਾਰ ਦੌਰੇ ਉਨ੍ਹਾਂ ਦਿਨਾਂ ਦੇ ਹਨ, ਜਦੋਂ ਉਹ ਹਾਲੀ ਇੱਕ ਸਿੱਖ ਪ੍ਰਚਾਰਕ ਜਾਂ ਗੁਰੂ ਵੱਲੋਂ ਯੋਗ ਜਾਣ ਕੇ ਭੇਜੇ ਗਏ ਸਾਹਿਬਜ਼ਾਦੇ ਸਨ। ਗੁਰਗੱਦੀ ਤਾਂ 1664 ਵਿੱਚ ਪ੍ਰਾਪਤ ਹੋਈ ਸੀ। ਇਹਨਾਂ ਧਰਮ ਅਸਥਾਨਾਂ ਦੀ ਸ਼ੋਭਾ ਇਸ ਕਰ ਕੇ ਵੱਧ ਗਈ ਕਿਉਂਕਿ ਬਾਬਾ ਤੇਗ ਬਹਾਦਰ ਜੀ ਸਮਾਂ ਆਉਣ 'ਤੇ ਗੁਰੂ ਪਦਵੀ ਨੂੰ ਪ੍ਰਾਪਤ ਹੋ ਗਏ। ਜਿਵੇਂ ਗੁਰੂ ਬਣਨ ਤੋਂ ਪਹਿਲਾਂ ਦੀਆਂ ਘਟਨਾਵਾਂ ਜਾਂ ਅਸਥਾਨ ਬਾਕੀ ਗੁਰ ਵਿਅਕਤੀਆਂ ਨਾਲ ਸਬੰਧਤ ਬਹੁਤ ਪ੍ਰਸਿੱਧ ਹੋ ਗਏ। ਜੋ ਕੋਈ ਗੁਰੂ ਪਦਵੀ ਤੱਕ ਨਹੀਂ ਪੁੱਜਿਆ, ਉਸ ਨਾਲ ਸਬੰਧਤ ਘਟਨਾਵਾਂ ਜਾ ਸਥਾਨ ਇਤਿਹਾਸ ਦੇ ਹਨ੍ਹੇਰੇ ਵਿੱਚ ਗੁਆਚ

ਚੁੱਕੇ ਹਨ। ਸਾਹਿਬਜ਼ਾਦਾ ਗੋਬਿੰਦ ਰਾਏ ਜੀ ਪਟਨਾ ਵਿੱਚ (ਪੰਜ ਭੂਤਕ ਸਰੀਰ) ਪ੍ਰਗਟੇ। ਗੁਰਗੱਦੀ ਤਾਂ ਉਨ੍ਹਾਂ ਨੂੰ 1675 ਈ: ਵਿੱਚ ਆਨੰਦਪੁਰ ਵਿਖੇ ਮਿਲੀ ਹੈ। ਉਸ ਤੋਂ ਪਹਿਲਾਂ ਬਾਲਕ ਰੂਪ ਵਾਲੇ ਸਾਰੇ ਗੁਰਦਵਾਰੇ ਵੱਡੀ ਮਹਾਨਤਾ ਹਾਸਲ ਕਰ ਗਏ। ਜਿਵੇਂ ਪਟਨੇ ਤੋਂ ਚੱਲ ਕੇ, ਉਹ ਪੰਜਾਬ ਵੱਲ ਗਏ। ਗੁਰਤਾ ਨੂੰ ਪ੍ਰਾਪਤ ਹੋਣ ਤੋਂ ਮਗਰੋਂ ਬੇਅੰਤ ਥਾਵਾਂ 'ਤੇ ਗੁਰਦੁਆਰੇ ਬਣਾ ਲਏ, ਜਿਥੇ ਗੁਰੂ ਬਣਨ ਤੋਂ ਮਗਰੋਂ ਦਸਵੇਂ ਨਾਨਕ ਕਦੀ ਭੀ ਨਹੀਂ ਗਏ। ਇਹ ਖ਼ਾਸ ਖਿਆਲ ਰਹੇ ਕਿ ਗੁਰੂ ਨਾਨਕ ਸਾਹਿਬ ਜਨਮ ਤੋਂ ਹੀ ਸਿੱਖਾਂ ਦੇ ਗੁਰੂ ਸਨ। ਬਾਕੀ ਸਾਰੇ ਗੁਰੂ ਵਿਅਕਤੀ, ਜਨਮ ਤੋਂ ਗੁਰੂ ਨਹੀਂ ਸਨ। ਜਿਸ ਦਿਨ ਤੋਂ ਜ਼ਿੰਮੇਵਾਰੀ ਸੌਂਪੀ ਗਈ ਸੀ ਉਸ ਦਿਨ ਤੋਂ ਗੁਰੂ ਬਣੇ ਸਨ।

(ਗੁਰੂ) ਤੇਗ ਬਹਾਦਰ ਸਾਹਿਬ ਨਾਲ ਸਬੰਧਤ ਸਾਰੇ ਵਾਕਿਅਤ ਰਲਗੱਡ ਹੋ ਗਏ ਹਨ। ਗੁਰੂ ਬਣਨ ਤੋਂ ਪਹਿਲਾਂ ਦੀ ਘਟਨਾ ਕਿਹੜੀ ਹੈ ਤੇ ਗੁਰੂ ਥਾਪੇ ਜਾਣ ਤੋਂ ਮਗਰੋਂ ਦੀ ਘਟਨਾ ਕਿਹੜੀ ਹੈ, ਪਛਾਣ ਕਰਨੀ ਲਗਪਗ ਅਸੰਭਵ ਜਿਹੀ ਹੋ ਗਈ ਹੈ। ਜਿੰਨੇ ਕੰਮ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੇ ਕੀਤੇ ਹਨ, ਜੇਕਰ ਉਹ "ਛੱਬੀ ਸਾਲ ਭੋਰੇ ਵਿੱਚ ਬੈਠ ਕੇ ਤਪ ਕਰਦੇ ਰਹੇ" ਤਾਂ ਇੰਨੇ ਵਡੇਰੇ ਕਾਰਜ ਤੇ ਏਨਾ ਲੰਮਾ ਸਫਰ ਸੰਭਵ ਹੀ ਨਹੀਂ ਹੈ। ਉਹ ਗੁਰਬਾਣੀ ਦੇ ਹੁਕਮਾਂ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਕਿ ਜਪ, ਤਪ ਜਾਂ ਭੋਰਿਆਂ ਵਿੱਚ ਵੜ ਕੇ ਸਮਾਧੀਆਂ ਲਾਉਣੀਆਂ, ਗੁਰੂ ਘਰ ਵਿੱਚ ਪ੍ਰਵਾਨ ਨਹੀਂ ਹਨ। ਇਹ ਸਮਾਧੀਆਂ ਵਾਲੀ ਫਜ਼ੂਲ ਜਿਹੀ ਕਸਰਤ ਤਾਂ ਜੋਗੀ ਆਦਿ ਸਦੀਆਂ ਤੋਂ ਕਰਦੇ ਆ ਰਹੇ ਸਨ। ਜਿਸ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਥਾਂ-ਥਾਂ ਬਾਣੀ ਵਿੱਚ ਰੱਦ ਕੀਤਾ ਹੈ। ਅਜਿਹੀ ਕੂੜ ਕਿਰਿਆ ਕਿਸੇ ਸਾਧਾਰਣ ਜਿਹੇ ਸਿੱਖ ਨੇ ਭੀ ਕਦੀ ਨਹੀਂ ਕੀਤੀ। ਹਿੱਕ ਦੇ ਤਾਣ ਬਿਨਾਂ ਸਬੂਤਾਂ ਤੋਂ (ਗੁਰੂ) ਤੇਗ ਬਹਾਦਰ ਸਾਹਿਬ ਨੂੰ ਗੁਰਬਾਣੀ ਉਪਦੇਸ਼ਾਂ ਤੋਂ ਉਲਟ ਭੋਰੇ ਵਿੱਚ "ਛੱਬੀ ਸਾਲ ਤਪ ਕਰਦੇ" ਵਿਖਾ ਦਿੱਤਾ। ਜਿਨ੍ਹਾਂ ਦਿਨਾਂ ਵਿੱਚ ਉਨ੍ਹਾਂ ਵੱਲੋਂ ਪੰਜਾਬ ਵਿੱਚ ਕੋਈ ਸਰਗਰਮੀ ਨਜ਼ਰ ਨਹੀਂ ਆਈ, ਉਨ੍ਹਾਂ ਦਿਨਾਂ ਵਿੱਚ ਉਹ ਪੰਜਾਬੋਂ ਬਾਹਰ, ਗਫਲਤ ਦੀ ਨੀਂਦ ਵਿੱਚ ਸੁੱਤੇ ਲੋਕਾਂ ਨੂੰ ਜਗਾ ਰਹੇ ਸਨ। ਹਕੂਮਤ ਵੱਲੋਂ ਕੀਤੇ ਜੋ ਜ਼ਬਰ ਦੇ ਵਿਰੋਧ ਵਿੱਚ ਜ਼ਬਰਦਸਤ ਲਾਮਬੰਦੀ ਕਰ ਰਹੇ ਸਨ। ਜੀਵਨ ਅਤੇ ਮੌਤ ਦੇ ਅਰਥ ਸਮਝਾ ਰਹੇ ਸਨ। ਬੇ-ਗ਼ੈਰਤ ਜੀਵਨ ਨਾਲੋਂ ਸ਼ਾਨ ਵਾਲੀ ਮੌਤ ਕਿਤੇ ਉੱਤਮ ਹੋਇਆ ਕਰਦੀ ਹੈ। ਜਿਸ ਨੂੰ ਇਹ ਲੋਕ ਜੀਵਨ ਮੰਨੀ ਬੈਠੇ ਸਨ, ਉਹ ਪਸ਼ੂਆਂ ਨਾਲੋਂ ਭੀ ਬਦਤਰ ਜੂਨ ਸੀ, ਅਖੌਤੀ "ਚੌਰਾਸੀ ਲੱਖ ਵਿੱਚੋਂ ਇੱਕ ਜੂਨ" ਤੇ ਬਸ।

ਆਸਾਮ-ਬੰਗਾਲ ਦੇ ਇਨਕਲਾਬੀ ਦੌਰੇ ਸਮੇਂ ਹੀ (ਗੁਰੂ) ਤੇਗ ਬਹਾਦਰ ਜੀ ਨੂੰ ਖ਼ਬਰ ਮਿਲੀ ਕਿ ਸੱਤਵੇਂ ਪਾਤਿਸ਼ਾਹ ਗੁਰੂ ਹਰਿ ਰਾਇ ਸਾਹਿਬ ਜੀ ਅਚਨਚੇਤੀ ਭਰ-ਜੁਆਨੀ ਦੀ ਉਮਰ ਵਿੱਚ (31 ਸਾਲ) ਜੋਤੀ ਜੋਤਿ ਸਮਾ ਗਏ ਹਨ। ਗੁਰਗੱਦੀ ਦੀ ਸੇਵਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਗਏ ਹਨ। ਇਹ ਖ਼ਬਰ ਉਨ੍ਹਾਂ ਤੱਕ ਬਹੁਤ ਦੇਰ ਮਗਰੋਂ ਪਹੁੰਚੀ ਕਿਉਂਕਿ ਉਨ੍ਹਾਂ ਦਿਨਾਂ ਵਿੱਚ ਅੱਜ ਵਰਗਾ ਕੋਈ ਡਾਕ ਦਾ ਪ੍ਰਬੰਧ ਨਹੀਂ ਸੀ। ਨਾਲੇ ਪਿੱਛੇ ਪਰਵਾਰ ਵਾਲਿਆਂ ਨੂੰ ਇਹ ਖ਼ਬਰ ਭੀ ਨਹੀਂ ਹੁੰਦੀ ਸੀ ਕਿ ਸਬੰਧਤ ਵਿਅਕਤੀ ਕਿਸ ਥਾਂ,

ਕਿਸ ਇਲਾਕੇ ਵਿੱਚ ਟਿਕਿਆ ਹੋਇਆ ਹੈ। ਜੋ ਚਿੱਠੀ ਲੈ ਕੇ ਕੋਈ ਸੇਵਕ (ਗੁਰੂ) ਤੇਗ ਬਹਾਦਰ ਵੱਲ ਭੇਜਿਆ ਗਿਆ ਸੀ, ਉਹ ਪਤਾ ਨਹੀਂ ਕਿੰਨੀਆਂ ਮੁਸ਼ਕਲਾਂ ਤੋਂ ਬਾਦ ਸੰਨ 1663 ਵਿੱਚ ਮਿਲ ਸਕਿਆ। ਸਾਰੀ ਖ਼ਬਰ ਮਿਲਣ ਤੋਂ ਬਾਅਦ, ਸਬੰਧਤ ਇਲਾਕਿਆਂ ਦਾ ਕੰਮ ਮੁਖੀ ਸਿੱਖਾਂ ਨੂੰ ਸੌਂਪ ਕੇ ਵਾਪਿਸ ਪੰਜਾਬ ਵੱਲ ਨੂੰ ਚੱਲ ਪਏ ਤਾਂ ਕਿ ਨਵੇਂ ਹਾਲਾਤ ਦਾ ਜਾਇਜ਼ਾ ਲਿਆ ਜਾ ਸਕੇ। ਪੰਜਾਬ ਤੋਂ ਬਾਹਰ ਵਰਤ ਰਹੇ ਵਰਤਾਰੇ ਤੋਂ ਸਤਿਗੁਰੂ ਜੀ ਨੂੰ ਜਾਣੂ ਕਰਵਾਇਆ ਜਾ ਸਕੇ। ਲੋੜ ਪੈਣ 'ਤੇ ਨਵੀਂ ਰਣਨੀਤੀ ਘੜੀ ਜਾ ਸਕੇ।

(ਗੁਰੂ) ਤੇਗ ਬਹਾਦਰ ਜੀ ਮੰਜਿਲਾਂ ਤੈਹ ਕਰਦੇ ਅੱਧ ਮਾਰਚ 1664 ਵਿੱਚ, ਦਿੱਲੀ ਆਣ ਪੁੱਜੇ। ਇਥੇ ਆ ਕੇ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਔਰੰਗਜ਼ੇਬ ਦੇ ਸੱਦੇ 'ਤੇ ਦਿੱਲੀ ਆਏ ਹੋਏ ਹਨ। ਥੋੜ੍ਹਾ ਆਰਾਮ ਕਰਨ ਤੋਂ ਬਾਅਦ (ਗੁਰੂ) ਤੇਗ ਬਹਾਦਰ ਜੀ, ਰਾਜਾ ਰਾਮ ਸਿੰਘ ਦੇ ਬੰਗਲੇ 'ਚ ਸੰਨ 1664 ਮਾਰਚ ਮਹੀਨੇ ਦੀ ਇੱਕੀ ਤਰੀਕ ਨੂੰ ਮਿਲੇ। ਮੁਖੀ ਸਿੱਖਾਂ ਅਤੇ ਸਤਿਗੁਰੂ ਜੀ ਨੂੰ ਸਾਰੀ ਜਾਣਕਾਰੀ ਦਿੱਤੀ। ਇੱਧਰ ਔਰੰਗਜ਼ੇਬ ਦੇ ਵਤੀਰੇ ਬਾਰੇ ਜਾਣਕਾਰੀ ਲਈ। ਔਰੰਗਜ਼ੇਬ ਨੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਜਦੋਂ ਆਪਣੇ ਦਰਬਾਰ ਵਿੱਚ ਮਿਲਣ ਵਾਸਤੇ ਸੱਦਿਆ ਸੀ। ਉਸ ਵਕਤ ਭਾਵੇਂ ਵਿਖਾਵੇ ਲਈ ਉਸ ਨੇ ਗੁਰੂ ਜੀ ਦਾ ਬਹੁਤ ਸਤਿਕਾਰ ਕੀਤਾ ਸੀ ਪਰ ਉਸ ਦਰਬਾਰ ਵਿੱਚ ਜੋ ਫਲਾਂ ਦਾ ਰਸ, ਸਤਿਗੁਰੂ ਜੀ ਨੂੰ ਪਿਲਾਇਆ ਗਿਆ ਸੀ, ਉਸ ਵਿੱਚ ਕੋਈ ਮਾਰੂ ਜ਼ਹਿਰ ਮਿਲਾਇਆ ਗਿਆ ਸੀ। ਉਸੇ ਸਮੇਂ ਤੋਂ ਸਤਿਗੁਰੂ ਜੀ ਦੀ ਸਿਹਤ ਕਮਜ਼ੋਰ ਪੈਣੀ ਸ਼ੁਰੂ ਹੋ ਗਈ ਸੀ। ਇਸੇ ਅਵੱਸਥਾ ਵਿੱਚ (ਗੁਰੂ) ਤੇਗ ਬਹਾਦਰ ਜੀ ਉਨ੍ਹਾਂ ਨੂੰ ਮਿਲੇ ਸਨ। ਪੰਥਕ ਹਾਲਾਤ ਬਾਰੇ ਜ਼ਰੂਰੀ ਵਿਚਾਰਾਂ ਕੀਤੀਆਂ। ਗੁਰਸਿੱਖਾਂ ਤੋਂ ਸਾਰੇ ਘਟਨਾਕ੍ਰਮ ਬਾਰੇ ਜਾਣਕਾਰੀ ਹਾਸਲ ਕੀਤੀ। ਸੱਤਵੇਂ ਪਾਤਿਸ਼ਾਹ ਬਾਰੇ ਜੋ ਦੁੱਖ ਸਾਂਝਾ ਕਰਨ ਆਏ ਸੀ। ਅਗੋਂ ਹੋਰ ਭੀ ਗੰਭੀਰ ਮਸਲਾ ਸਨਮੁੱਖ ਆਣ ਖਲੋਤਾ ਸੀ। ਮਾਰਚ 24, ਸੰਨ 1664 ਨੂੰ ਆਪਣਾ ਸਰੀਰਕ ਸਮਾਂ ਪੁੱਗਿਆ ਜਾਣ ਕੇ ਅੱਠਵੇਂ ਗੁਰਾਂ ਨੇ (ਗੁਰੂ) ਤੇਗ ਬਹਾਦਰ ਨੂੰ ਆਪਣੇ ਮਨ ਦੀ ਗੱਲ ਕਹਿ ਦਿੱਤੀ, "ਤੁਸੀਂ ਸਿੱਧੇ ਬਕਾਲੇ ਚਲੇ ਜਾਓ, ਮੇਰਾ ਅੰਤਮ ਸਮਾਂ ਬਹੁਤ ਨੇੜੇ ਆ ਗਿਆ ਹੈ। ਮੈਥੋਂ ਮਗਰੋਂ ਗੁਰੂ ਨਾਨਕ ਦੀ ਇਸ ਮਹਾਨ ਪਦਵੀ ਦੇ ਤੁਸੀਂ ਅਧਿਕਾਰੀ ਹੋਵੋਗੇ। ਗੁਰਸਿੱਖ ਸੰਗਤਾਂ ਦਿੱਲੀ ਤੋਂ ਵਾਪਸ ਪਰਤ ਕੇ ਤੁਹਾਨੂੰ ਗੁਰਗੱਦੀ 'ਤੇ ਬਿਰਾਜਮਾਨ ਕਰਵਾ ਦੇਣਗੀਆਂ। ਸ਼ਾਇਦ ਆਪਣੀ ਇਹ ਆਖਰੀ ਮੁਲਾਕਾਤ ਹੋਵੇਗੀ।"

ਹੁਕਮ ਮੰਨ ਕੇ (ਗੁਰੂ) ਤੇਗ ਬਹਾਦਰ ਕੁੱਝ ਸੰਗੀਆਂ ਸਮੇਤ, ਬਕਾਲੇ ਵੱਲ ਟੁਰ ਪਏ। ਇੱਧਰ 30 ਮਾਰਚ, 1664 ਨੂੰ ਗੁਰੂ ਹਰਿ ਕ੍ਰਿਸ਼ਨ ਜੀ ਨੇ ਸਰੀਰ ਤਿਆਗ ਦਿੱਤਾ। ਸਿੱਖਾਂ ਵਾਸਤੇ ਅਸਹਿ ਸਦਮਾ ਸੀ। ਅਕਾਲ ਪੁਰਖ ਦਾ ਭਾਣਾ ਜਾਣ ਕੇ ਸਵੀਕਾਰ ਕਰਨਾ ਹੀ ਪੈਣਾ ਸੀ। ਗੁਰੂ ਜੀ ਦੇ ਸਰੀਰ ਨੂੰ ਅੰਤਮ ਦਰਸ਼ਨਾਂ ਲਈ ਟਿਕਾਇਆ ਗਿਆ। ਜਿੱਥੋਂ ਕਿੱਥੋਂ ਪਤਾ ਲਗਦਾ ਗਿਆ, ਗੁਰੂ ਘਰ ਦੇ ਸ਼ਰਧਾਲੂ ਵਹੀਰਾਂ ਘੱਤ ਕੇ ਆਉਣ ਲੱਗੇ। ਇਸ ਤਰ੍ਹਾਂ ਸਾਰੀਆਂ ਅੰਤਮ ਰਸਮਾਂ ਨਿਭਾਉਂਦਿਆਂ, ਦੁੱਖ-ਸੁੱਖ ਸਾਂਝੇ ਕਰਦਿਆਂ, ਕਈ ਦਿਨ ਬਤੀਤ ਹੋ ਗਏ। ਉਪ੍ਰੰਤ ਸਾਰਾ ਵਹੀਰ ਜਿਸ ਵਿੱਚ ਬੀਬੀਆਂ, ਬੱਚੇ ਤੇ ਬਜ਼ੁਰਗ ਭੀ ਸ਼ਾਮਲ ਸਨ,

ਮੰਜ਼ਲਾਂ ਮਾਰਦਾ ਕਈ ਥਾਈਂ ਪੜਾਅ ਕਰਦਾ ਬਕਾਲੇ ਪੁੱਜ ਗਿਆ। ਸਾਰੇ ਮੁਖੀ ਸਿੱਖਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਨਾਲ ਵਿਚਾਰ ਕਰ ਕੇ, 11-08-1664 ਗੁਰਗੱਦੀ ਦੀ ਰਸਮ ਅਦਾ ਕਰਨ ਵਾਸਤੇ, ਦੂਰ-ਨੇੜੇ ਦੇ ਸੇਵਕਾਂ ਅਤੇ ਮਸੰਦਾਂ ਵੱਲ ਖਤ ਲਿਖ ਦਿੱਤੇ ਤਾਂ ਕਿ ਇਸ ਦਿਨ ਸਾਰੇ ਹੁੰਮ-ਹੁੰਮਾ ਕੇ ਪੁੱਜਣ, ਸਤਿਗੁਰੂ ਜੀ ਨੂੰ ਭੇਟਾਵਾਂ ਅਰਪਣ ਕਰਨ। ਸਰਬੱਤ ਖ਼ਾਲਸਾ ਰੂਪੀ ਵੱਡੇ ਇਕੱਠ ਵਿੱਚ ਦਰਪੇਸ਼ ਮਸਲਿਆਂ 'ਤੇ ਵਿਚਾਰਾਂ ਕੀਤੀਆਂ ਜਾ ਸਕਣ, ਨਾਲ ਹੀ ਨਵੇਂ ਨਿਯੁਕਤ ਕੀਤੇ ਸਤਿਗੁਰੂ ਤੋਂ ਭਵਿੱਖ ਵਾਸਤੇ ਦਿਸ਼ਾ ਨਿਰਦੇਸ਼ ਪ੍ਰਾਪਤ ਕਰ ਸਕਣ।

ਪ੍ਰਚਲੱਤ ਸਾਖੀਆਂ ਮੁਤਾਬਕ **"ਬਕਾਲੇ ਵਿੱਚ ਬਾਈ ਮੰਜੀਦਾਰ ਗੱਦੀਆਂ ਲਾ ਕੇ ਬੈਠ ਗਏ ਤੇ ਗੁਰੂ ਹੋਣ ਦਾ ਝੂਠਾ ਦਾਅਵਾ ਕਰਨ ਲੱਗੇ।"** ਅੱਜ ਤੱਕ ਕੋਈ ਭੀ ਇਤਿਹਾਸਕਾਰ ਇਨ੍ਹਾਂ ਬਾਈ ਪਾਖੰਡੀਆਂ ਦੇ ਨਾਮ ਨਹੀਂ ਗਿਣਾ ਸਕਿਆ। ਹੋਰ ਤਾਂ ਹੋਰ ਭਾਈ ਸੰਤੋਖ ਸਿੰਘ (ਸੂਰਜ ਪ੍ਰਕਾਸ਼) ਭੀ ਸਾਰਿਆਂ ਦੇ ਨਾਂਮ ਨਹੀਂ ਲਿਖ ਸਕਿਆ। ਜਦੋਂ ਕਿ ਬਾਈ ਵਿਅਕਤੀ ਗੁਰੂ ਕੇ ਪ੍ਰਵਾਰ ਵਿੱਚ ਗੱਦੀ ਦੀ ਦਾਅਵੇਦਾਰੀ ਵਾਸਤੇ ਲਭਦੇ ਹੀ ਨਹੀਂ। ਹਾਂ ਕੁੱਝ ਕੁ ਖ਼ੁਦਗਰਜ਼ ਲੋਕ ਸਮੇਂ ਦੀ ਨਜ਼ਾਕਤ ਦਾ ਫ਼ਾਇਦਾ ਉਠਾਉਣ ਦੀ ਤਾਕ ਵਿੱਚ ਜ਼ਰੂਰ ਰਹਿੰਦੇ ਹਨ। ਇਸ ਮਨਸਾ ਨਾਲ ਕਿ ਚੰਗੀ-ਚੌਖੀ ਮਾਇਆ ਆ ਰਹੀ ਹੈ, ਨਾਲੇ ਲੋਕੀਂ ਝੁੱਕ-ਝੁੱਕ ਨਮਸਕਾਰਾਂ ਕਰਦੇ ਹਨ। ਫਿਰ ਕਿਉਂ ਨਾ ਗੁਰੂ ਹੋਣ ਦਾ ਢੋਲ ਉੱਚੀ-ਉੱਚੀ ਵਜਾ ਦੇਈਏ। ਭਾਵੇਂ ਕਿ ਅਜਿਹੇ ਕੱਚੇ-ਪਿੱਲੇ ਅਖੌਤੀ ਗੁਰੂ ਤੇ ਸਾਧ-ਸੰਤ, ਸਮਾਜ ਨੂੰ ਜੋਕਾਂ ਬਣ ਕੇ ਅੱਜ ਵੀ ਚਿੰਬੜੇ ਹੋਏ ਖ਼ੂਨ ਪੀ ਰਹੇ ਹਨ। ਪਹਿਲਾਂ ਭੀ ਅਜਿਹੇ ਲੋਕਾਂ ਦੀ ਕੋਈ ਕਮੀ ਨਹੀਂ ਸੀ। ਅੱਜ ਭੀ ਥੋਕ ਵਿੱਚ ਦੰਭੀ, ਪਾਖੰਡੀ, ਸੰਤ, ਬ੍ਰਹਮ ਗਿਆਨੀ ਤੇ ਅਖੌਤੀ ਗੁਰੂ, ਝੋਲੀਆਂ ਅੱਡ ਕੇ ਭੀਖ ਮੰਗਦੇ ਚੇਲਿਆਂ ਨੂੰ ਲੁੱਟ ਕੇ ਖਾਂਦੇ, ਆਮ ਹੀ ਵੇਖੇ ਜਾ ਸਕਦੇ ਹਨ।** ਬਕਾਲੇ ਵਿੱਚ ਬਾਈ ਪਾਖੰਡੀਆਂ ਵੱਲੋਂ ਗੁਰੂ ਹੋਣ ਦਾ ਐਲਾਨ ਕਿਸੇ ਭੀ ਦਲੀਲ 'ਤੇ ਖਰਾ ਨਹੀਂ ਉਤਰਦਾ। ਜੋ ਵਿਅਕਤੀ ਗੁਰੂ ਸਾਹਿਬ ਜੀ ਦਾ ਨਜ਼ਰੇਕਰਮ ਹੁੰਦਾ ਸੀ, ਉਸ ਬਾਰੇ ਪਹਿਲਾਂ ਹੀ ਸਿੱਖਾਂ ਨੂੰ ਪਤਾ ਲੱਗ ਜਾਂਦਾ ਸੀ। ਸਤਿਗੁਰੂ ਕਿਸ ਨੂੰ ਜ਼ਿਆਦਾ ਜ਼ਿੰਮੇਵਾਰੀ ਦੇ ਕੰਮ ਸੰਭਾਲ ਰਹੇ ਹਨ। ਸੇਵਾ ਵਿੱਚ ਵੱਧ ਸਮਾਂ ਕੌਣ ਹਾਜ਼ਰ ਰਹਿੰਦਾ ਹੈ। ਵਿਦਵਤਾ ਜਾਂ ਗਿਆਨ ਕਿਸ ਨੇ ਵਧੀਕ ਹਾਸਲ ਕੀਤਾ ਹੈ। ਹਉਮੈਂ, ਹੰਕਾਰ ਤੋਂ ਰਹਿਤ, ਮਿੱਠ ਬੋਲੜਾ, ਵਿਕਾਰਾਂ ਤੋਂ ਦੂਰ ਤੇ ਰੱਬੀ ਗੁਣਾਂ ਨਾਲ ਭਰਪੂਰ ਕੌਣ ਹੈ ? ਇਹ ਗੱਲਾਂ ਛੁਪੀਆਂ ਨਹੀਂ ਰਹਿ ਸਕਦੀਆਂ। ਜਿਨ੍ਹਾਂ ਬਾਈ ਦੰਭੀ ਗੁਰੂਆਂ ਦਾ ਲਿਖਤਾਂ ਵਿੱਚ ਜਾਂ ਸਿੱਖ ਸਟੇਜਾਂ 'ਤੇ ਬਾਰ-ਬਾਰ ਜ਼ਿਕਰ ਕੀਤਾ ਜਾ ਰਿਹਾ ਹੈ, ਉਨ੍ਹਾਂ ਦਾ ਕੋਈ ਨਾਮ ਭੀ ਨਾ ਜਾਣਦਾ ਹੋਵੇ ? ਹੈ ਨਾ ਹੈਰਾਨੀ ਵਾਲੀ ਗੱਲ ? ਉਘੜਵਾਂ ਨਾਮ ਕੇਵਲ ਧੀਰ ਮੱਲ ਦਾ ਆਇਆ ਹੈ। ਧੀਰ ਮੱਲ ਨੇ ਤਾਂ ਤਾਕਤ ਦੀ ਵਰਤੋਂ ਕਰ ਕੇ, ਗੁਰਗੱਦੀ ਖੋਹਣ ਦਾ ਦੁਸ਼ਟ ਕਰਮ ਕੀਤਾ ਸੀ, ਭੁਲੇਖੇ ਵਾਲੀ ਕੋਈ ਗੁੰਜਾਇਸ਼ ਨਹੀਂ ਸੀ।

ਗੁਰ ਸਿਧਾਂਤਾਂ ਤੋਂ ਉਲਟ ਪ੍ਰਚੱਲਤ ਕਰ ਦਿੱਤੀ ਗਈ ਕਹਾਣੀ ਮੁਤਾਬਕ, ਭਾਈ ਮੱਖਣ ਸ਼ਾਹ ਜੀ ਦਾ ਜਹਾਜ਼ ਡੁੱਬਣ ਲੱਗਾ ਸੀ। ਉਸ ਨੇ ਗੁਰੂ ਨਾਨਕ ਜੋਤ ਦਾ ਧਿਆਨ

ਧਰ ਕੇ, ਬੇੜਾ ਬੰਨੇ ਲੱਗ ਜਾਣ ਦੀ ਅਰਦਾਸ ਕੀਤੀ। ਭੇਟਾ ਵਾਸਤੇ ਸੋਨੇ ਦੀਆਂ 500 ਮੋਹਰਾਂ ਭੀ ਸੁੱਖੀਆਂ। ਬੇੜਾ ਕਿਨਾਰੇ ਲੱਗ ਗਿਆ। ਅਥਾਹ ਖ਼ੁਸ਼ੀ ਵਿੱਚ ਭਾਈ ਮੱਖਣ ਸ਼ਾਹ, ਮੋਹਰਾਂ ਲੈ ਕੇ ਬਕਾਲੇ ਪੁੱਜਿਆ। ਇਥੇ ਆ ਕੇ ਹਾਲਾਤ ਹੀ ਵਿਗੜੇ ਨਜ਼ਰ ਆਏ। ਬਾਈ ਗੁਰੂ ਥਾਉਂ-ਥਾਈਂ ਮੱਥੇ ਟਿਕਾਉਣ ਲਈ ਪਸੀਨੋ-ਪਸੀਨੀ ਹੋਏ ਨਜ਼ਰ ਆਏ। ਇਨ੍ਹਾਂ ਵਿੱਚੋਂ ਅਸਲੀ ਕੌਣ ਹੈ ? ਕਿਵੇਂ ਪਤਾ ਲੱਗੇ ? ਉਸ ਨੇ ਇੱਕ ਤਰਤੀਬ ਲੜਾਈ। ਠੀਕ ਹੈ ਮਨਾ! ਸਾਰੇ ਗੁਰੂਆਂ ਅੱਗੇ ਦੋ-ਦੋ ਮੋਹਰਾਂ ਰੱਖ ਕੇ ਮੱਥਾ ਟੇਕਦੇ ਚਲਦੇ ਹਾਂ, ਜੇ ਕੋਈ ਅਸਲੀ "ਜਾਣੀ ਜਾਣ ਗੁਰੂ" ਹੋਇਆ ਤਾਂ ਮੰਗ ਕੇ ਪੰਜ ਸੌ ਮੋਹਰਾਂ ਲੈ ਲਵੇਗਾ। ਇਸੇ ਤਰ੍ਹਾਂ ਕਰਦਾ ਗਿਆ, ਸਾਰਿਆਂ ਨੇ ਲੰਮੀਆਂ ਅਰਦਾਸਾਂ ਕੀਤੀਆਂ। ਅਸ਼ੀਰਵਾਦ ਦੇ ਕੇ ਨਿਹਾਲ ਕਰ ਦਿੱਤਾ, ਪਰ ਪੰਜ ਸੌ ਮੋਹਰਾਂ ਕਿਸੇ ਨਾ ਮੰਗੀਆਂ। "ਕੋਈ ਹੋਰ ਗੁਰੂ ਭੀ ਹੈ ਇਥੇ ਕਿਤੇ ?" ਮੱਖਣ ਸ਼ਾਹ ਜੀ ਨੇ ਜਾਣਕਾਰਾਂ ਤੋਂ ਪੁੱਛਿਆ। "ਹਾਂ ਭਾਈ ਜੀ! ਇੱਕ ਭੋਰੇ ਵਿੱਚ ਬੈਠਾ ਬਾਬਾ ਤੇਗਾ ਭੀ ਹੈ, ਉਸ ਨੂੰ ਸਲਾਮ ਕਰਨ ਵਿੱਚ ਕੋਈ ਹਰਜ਼ ਨਹੀਂ।" ਭਾਈ ਮੱਖਣ ਸ਼ਾਹ ਜੀ, ਭੋਰੇ ਵਿੱਚ ਅੱਪੜੇ। ਦੋ ਮੋਹਰਾਂ ਚਰਨਾਂ 'ਤੇ ਰੱਖੀਆ ਤੇ ਸੀਸ ਝੁਕਾ ਦਿੱਤਾ।

"ਪੁਰਖਾ! ਬਚਨਾਂ 'ਤੇ ਖਰੇ ਉਤਰੀਦਾ ਹੈ, ਤੂੰ ਤਾਂ ਪੰਜ ਸੌ ਮੋਹਰਾਂ ਦੀ ਮੰਨਤ ਮੰਨੀ ਸੀ, ਦੇ ਰਿਹਾ ਹੈਂ ਕੇਵਲ ਦੋ ਮੋਹਰਾਂ ? ਤੇਰੇ ਡੁਬਦੇ ਜਹਾਜ਼ ਨੂੰ ਮੋਢਾ ਲਾ ਕੇ ਧੱਕਾ ਲਾਇਆ, ਬਾਹਰ ਕੱਢਿਆ। ਆਹ ਵੇਖ ਤੇਰੇ ਪੁਰਾਣੇ ਜਹਾਜ਼ ਵਿੱਚੋਂ, ਧੱਕਾ ਲਾਉਂਦਿਆਂ ਮੇਰੇ ਮੋਢੇ ਵਿੱਚ ਖੁੱਭੇ ਕਿੱਲ। ਵੇਖ ਤਾਂ ਸਹੀ ਕਿੰਨੇ ਡੂੰਘੇ ਜ਼ਖ਼ਮ ਹੋ ਗਏ ਹਨ।" ਮੱਖਣ ਸ਼ਾਹ ਚਰਨਾਂ 'ਤ ਢਹਿ ਪਿਆ, ਸਾਰੀਆਂ ਮੋਹਰਾਂ ਢੇਰੀ ਕਰ ਦਿੱਤੀਆਂ। ਵਾਹੋ ਦਾਹੀ ਛੱਤ 'ਤੇ ਚੜ੍ਹ ਗਿਆ, ਪੱਲੂ ਫੇਰਿਆ ਜ਼ੋਰਦਾਰ ਆਵਾਜ਼ ਵਿੱਚ ਕੂਕਿਆ- "ਗੁਰੂ ਲਾਧੋ ਰੇ! ਗੁਰੂ ਲਾਧੋ ਰੇ.....!!" ਭਾਈ ਜੀ ਨੇ ਇਕੱਠੇ ਹੋਏ ਲੋਕਾਂ ਨੂੰ ਸਾਰੀ ਹੋਈ ਬੀਤੀ ਸੁਣਾਈ, ਸਾਰਿਆਂ ਨੇ (ਗੁਰੂ) ਤੇਗ ਬਹਾਦਰ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ। ਫਿਰ ਗੁਰੂ ਜੀ ਛੱਬੀ ਸਾਲਾਂ ਮਗਰੋਂ ਭੋਰੇ ਵਿੱਚੋਂ ਬਾਹਰ ਆਏ। ਆਖੋ ਜੀ, "ਸ੍ਰਤਿਨਾਮ ਵਾਹਿਗੁਰੂ।"

ਪਾਠਕ ਜਨੋ! ਇਸ ਸਾਖੀ ਨੂੰ ਇੱਕ ਵਾਰੀ ਫਿਰ ਨੀਝ ਨਾਲ ਪੜ੍ਹਨਾ, ਕਮਜ਼ੋਰੀਆਂ ਆਪਣੇ ਆਪ ਉਘੜ ਪੈਣਗੀਆਂ।

1. ਇਸ ਸਾਖੀ ਮੁਤਾਬਕ ਗੁਰੂ ਹਰਿ ਕ੍ਰਿਸ਼ਨ ਅਣਜਾਣ ਸਿੱਧ ਹੁੰਦੇ ਹਨ। ਭਾਵ ਕਿ ਉਨ੍ਹਾਂ ਨੇ ਨੌਵੇਂ ਗੁਰੂ ਦੇ ਨਾਮ ਬਾਰੇ ਸਪੱਸ਼ਟ ਐਲਾਨ ਨਹੀਂ ਕੀਤਾ, ਅਧੂਰੀ ਗੱਲ ਛੱਡ ਦਿੱਤੀ। ਸਟੇਜਾਂ 'ਤੇ ਇਹ ਭੀ ਟਾਹਰਾਂ ਮਾਰਨੀਆਂ ਕਿ ਗੁਰੂ ਅਭੁੱਲ ਹੈ, ਪਰ ਖ਼ੁਦ ਹੀ ਗੁਰੂ ਨੂੰ ਭੁਲੱਕੜ ਗਰਦਾਨਦੇ ਰਹਿਣਾ ? **ਜਦੋਂ ਕਿ ਅਸਲੀਅਤ ਇਹ ਹੈ ਕਿ 21 ਤੋਂ 24 ਮਾਰਚ 1664 ਨੂੰ ਦਿੱਲੀ ਵਿਖੇ, ਅੱਠਵੇਂ ਸਤਿਗੁਰਾਂ ਨੇ ਸਾਰਿਆਂ ਦੇ ਸਾਹਮਣੇ, ਆਪਣਾ ਫ਼ੈਸਲਾ ਸੁਣਾ ਦਿੱਤਾ ਸੀ ਕਿ "ਮੇਰਾ ਸਮਾਂ ਪੂਰਾ ਗਿਆ ਹੈ, ਅੱਗੋਂ ਬਾਬਾ ਤੇਗ ਬਹਾਦਰ ਜੀ, ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣਗੇ।"** ਇਸ ਵਕਤ ਗੁਰੂ ਪ੍ਰਵਾਰ ਹਾਜ਼ਰ ਸਨ। ਮੁਖੀ ਸਿੱਖ ਜਿਵੇਂ ਭਾਈ ਮਤੀਦਾਸ, ਭਾਈ ਸਤੀ ਦਾਸ, ਭਾਈ ਮਨੀ ਸਿੰਘ, ਭਾਈ ਉਦਾ, ਭਾਈ ਗੁਰਬਖਸ਼ ਆਦਿ। ਦਿੱਲੀ ਦੀਆਂ ਬੇਅੰਤ ਸੰਗਤਾਂ ਨੂੰ ਭੀ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਸੀ। ਭੁਲੇਖੇ ਦੀ

ਗੁੰਜਾਇਸ਼ ਕੋਈ ਨਹੀਂ ਸੀ। ਅਫਸੋਸ ਕਿ ਗੁਰੂ ਜੀ ਨੂੰ ਭੁਲੱਕੜ ਬਣਾ ਦਿੱਤਾ ਗਿਆ।

ਗੁਰੂ ਨਾਨਕ ਸਾਹਿਬ ਜੀ ਨੇ ਗੁਰਗੱਦੀ ਦਾ ਕੋਈ ਭੁਲੇਖਾ ਨਹੀਂ ਰਹਿਣ ਦਿੱਤਾ। ਐਲਾਨੀਆ ਭਾਈ ਲਹਿਣਾ ਜੀ ਨੂੰ ਆਪਣੀ ਥਾਂ 'ਤੇ ਨਿਯੁਕਤ ਕੀਤਾ। ਫਿਰ ਭੀ ਸ੍ਰੀ ਚੰਦ ਨੇ ਬਖੇੜਾ ਖੜਾ ਕੀਤਾ। ਗੁਰੂ ਅੰਗਦ ਸਾਹਿਬ ਜੀ ਨੂੰ ਆਪਣਾ ਸਦਰ ਮੁਕਾਮ ਕਰਤਾਰਪੁਰ ਛੱਡ ਕੇ, ਖਡੂਰ ਆਉਣਾ ਪਿਆ। "ਸ੍ਰੀ ਚੰਦੀਏ" ਅੱਜ ਤਾਈਂ ਗੁਰੂ ਤੋਂ ਬਾਗੀ ਵੇਖੇ ਜਾ ਸਕਦੇ ਹਨ। ਗੁਰੂ ਅੰਗਦ ਸਾਹਿਬ ਜੀ ਦੇ ਬੇਟੇ, ਬਾਬਾ ਅਮਰਦਾਸ 'ਤੇ ਬਹੁਤ ਖਫ਼ਾ ਸਨ। ਚਾਹੁੰਦੇ ਸਨ ਗੱਦੀ ਪੁੱਤਰਾਂ ਨੂੰ ਹੀ ਮਿਲੇ। ਫਿਰ ਗੁਰੂ ਅਮਰਦਾਸ ਜੀ ਦੇ ਪੁੱਤਰਾਂ, ਭਾਈ ਜੇਠਾ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕੀਤਾ। ਭਾਵੇਂ ਵਕਤੀ ਤੌਰ 'ਤੇ ਲੋਕ ਲਾਜ ਕਾਰਨ ਇੱਕ ਵਾਰੀ ਨਮਸਕਾਰ ਕਰ ਦਿੱਤੀ। ਮੋਹਰੀ (ਗੁਰੂ ਅਮਰਦਾਸ ਦਾ ਇੱਕ ਪੁੱਤਰ) ਨੇ ਗੋਇੰਦਵਾਲ ਵਿਖੇ ਬਾਕਾਇਦਾ ਗੁਰੂ ਹੋਣ ਦਾ ਐਲਾਨ ਕਰ ਦਿੱਤਾ ਸੀ। ਇਸ ਤਰ੍ਹਾਂ ਪਿਤਾ ਗੁਰੂ ਰਾਮਦਾਸ ਜੀ ਨਾਲ ਉਨ੍ਹਾਂ ਦਾ ਵੱਡਾ ਬੇਟਾ, ਪ੍ਰਿਥੀ ਚੰਦ ਗੁਰਗੱਦੀ ਖੋਹਣ ਵਾਸਤੇ ਸਦਾ ਲੜਦਾ ਰਿਹਾ। ਉਸ ਨੇ ਗੁਰੂ ਅਰਜਨ ਸਾਹਿਬ ਨੂੰ ਭੀ ਬਹੁਤ ਮੁਸ਼ਕਲਾਂ ਵਿੱਚ ਪਾਇਆ। ਹਾਲਾਂਕਿ ਗੱਦੀ ਦੇਣ ਦੇ ਢੰਗ ਵਿੱਚ ਕੋਈ ਕਮੀ ਨਹੀਂ ਸੀ। ਬਸ ਬਿਲਕੁਲ ਇਸੇ ਪ੍ਰਸੰਗ ਵਿੱਚ ਜਦੋਂ ਘਟਨਾਵਾਂ ਨੂੰ ਵਿਚਾਰਾਂਗੇ ਤਾਂ ਸਾਰੇ ਸ਼ੰਕੇ ਭੁਲੇਖੇ ਖ਼ਤਮ ਹੋ ਜਾਣਗੇ। ਇਹ ਸਿਰਫ ਕੁੱਝ ਸਮੇਂ ਦਾ ਫ਼ਜ਼ੂਲ ਵਾਵੇਲਾ ਸੀ, ਗੁੰਮਰਾਹ ਕਰਨ ਦਾ ਕੌਝਾ ਯਤਨ ਸੀ। ਪਰ ਗਿਆਨਵਾਨ ਸਿੱਖ ਹੁਣ ਗੁੰਮਰਾਹ ਹੋਣ ਵਾਲੇ ਨਹੀਂ ਸਨ।

2. "ਭਾਈ ਮੱਖਣ ਸ਼ਾਹ ਜੀ ਨੇ ਡੁਬਦੇ ਜਹਾਜ਼ ਨੂੰ ਕਿਨਾਰੇ ਲਾਉਣ ਦੀ ਮੰਨਤ ਮੰਨੀ....."। ਗੁਰੂ ਘਰ ਵਿੱਚ ਮੰਨਤਾਂ ਮੰਨਣ ਜਾਂ ਸੁੱਖਣਾ ਦਾ ਕੋਈ ਅਸੂਲ ਪ੍ਰਵਾਨ ਨਹੀਂ ਹੈ। ਕੇਵਲ ਅਕਾਲ ਪੁਰਖ 'ਤੇ ਭਰੋਸਾ ਰੱਖਣਾ ਜਾਇਜ਼ ਹੈ। ਵਿਚਾਰਨ ਵਾਲੀ ਗੱਲ ਇਹ ਭੀ ਹੈ ਕਿ ਪੰਜਾਬ ਦੇ ਨੇੜੇ-ਤੇੜੇ ਕਿਤੇ ਸਮੁੰਦਰ ਨਹੀਂ ਲਗਦਾ। ਦਰਿਆਵਾਂ ਵਿੱਚ ਸਾਧਾਰਨ ਕਿਸ਼ਤੀਆਂ ਚਲਦੀਆਂ ਸਨ, ਜਹਾਜ਼ ਨਹੀਂ। ਫਿਰ ਮੱਖਣ ਸ਼ਾਹ ਦਾ ਜਹਾਜ਼ ਕਿਹੜੇ ਸਮੁੰਦਰ ਵਿੱਚ ਫਸਿਆ ਸੀ ? ਕੋਈ ਨਾਮ ਦੱਸਣ ਲਈ ਤਿਆਰ ਨਹੀਂ ਹੈ।

3. ਜੇ ਮੰਨ ਲਈਏ ਕਿ ਮੱਖਣ ਸ਼ਾਹ ਜੀ ਨੇ ਅਰਦਾਸ ਕਰ ਲਈ। ਪਰ ਉਸ ਦੇ ਡੁੱਬਦੇ ਜਹਾਜ਼ ਨੂੰ ਕਿਨਾਰੇ ਲਾਉਣ ਵਾਸਤੇ ਸਰੀਰਕ ਤੌਰ 'ਤੇ ਗੁਰੂ ਤੇਗ ਬਹਾਦਰ ਜੀ, ਬਕਾਲੇ ਤੋਂ ਅੱਖ ਦੇ ਫੌਰ ਵਿੱਚ ਪਹੁੰਚ ਸਕਦੇ ਹਨ ? ਅਣਗਿਣਤ ਸਿੱਖ ਮੁਸ਼ਕਿਲ ਸਮੇਂ ਸਤਿਗੁਰੂ ਅੱਗੇ ਅਰਦਾਸਾਂ ਕਰਦੇ ਸਨ। ਸਹਾਇਤਾ ਲਈ ਦੁਹਾਈ ਦਿੰਦੇ ਸਨ। ਕੀ ਸਤਿਗੁਰੂ ਸਾਰਿਆਂ ਦੀ ਮਦਦ ਵਾਸਤੇ ਹਰ ਥਾਵੇਂ ਪਹੁੰਚ ਸਕਦੇ ਸਨ ? ਇਹ ਸੰਭਵ ਹੀ ਨਹੀਂ ਹੈ। ਅਜਿਹੀਆਂ ਹੋਰ ਭੀ ਕਈ ਕਹਾਣੀਆਂ ਪ੍ਰਚੱਲਤ ਕੀਤੀਆਂ ਹੋਈਆਂ ਮਿਲ ਜਾਂਦੀਆਂ ਹਨ। ਜੋ ਕੇਵਲ ਸ਼ਰਧਾ ਦਾ ਹੀ ਪ੍ਰਗਟਾਵਾ ਹਨ। ਇਸ ਕਹਾਣੀ ਮੁਤਾਬਕ ਤਾਂ ਪੰਜ ਸੌ ਮੋਹਰਾਂ ਪ੍ਰਾਪਤ ਕਰਨ ਲਈ ਗੁਰੂ ਤੇਗ ਬਹਾਦਰ ਜੀ ਨੂੰ ਆਪਣਾ ਜ਼ਖ਼ਮੀ ਹੋਇਆ ਮੋਢਾ ਭੀ ਵਿਖਾਉਣਾ ਪਿਆ ਤਾਂ ਕਿ ਭਾਈ ਮੱਖਣ ਸ਼ਾਹ ਨੂੰ ਵਿਸ਼ਵਾਸ ਆ ਜਾਵੇ। ਜੇਕਰ ਗੁਰੂ ਤੇਗ ਬਹਾਦਰ ਆਪਣੀ ਅਗੰਮੀ ਸ਼ਕਤੀ ਦੁਆਰਾ ਮੱਖਣ ਸ਼ਾਹ ਦਾ ਡੁਬਦਾ ਜਹਾਜ਼ ਬਚਾ ਸਕਦੇ

ਹਨ, ਤਾਂ ਔਰੰਗਜ਼ੇਬ ਨੂੰ ਜੁਲਮ ਤੋਂ ਕਿਉਂ ਨਾ ਰੋਕ ਸਕੇ ? ਉਸ ਦੀ ਸੰਘੀ ਕਿਉਂ ਨਾ ਨੱਪ ਦਿੱਤੀ ? ਔਰੰਗਜ਼ੇਬ ਦਾ ਮਨ ਹੀ ਬੁਰਾਈ ਵੱਲੋਂ ਬਦਲ ਦਿੰਦੇ ?

4. ਜਦੋਂ ਭਾਈ ਮੱਖਣ ਸ਼ਾਹ ਨੂੰ ਵਿਸ਼ਵਾਸ ਹੋ ਗਿਆ ਕਿ ਇਹੀ ਅਸਲੀ ਗੁਰੂ ਹੈ ਤਦ ਉਹ ਛੱਤ 'ਤੇ ਚੜ੍ਹ ਗਿਆ। "ਗੁਰੂ ਲਾਧੋ ਰੇ....." ਦਾ ਹੋਕਾ ਦਿੱਤਾ। ਸੋਚਣਾ ਬਣਦਾ ਹੈ ਕਿ ਭਾਈ ਮੱਖਣ ਸ਼ਾਹ ਨੇ ਅੰਦਰ ਵੜ ਕੇ ਇਕੱਲੇ ਨੇ ਤਸੱਲੀ ਕਰ ਲਈ ਕਿ ਐਹੋ ਅਸਲੀ ਗੁਰੂ ਹੈ। ਪਰ ਦੂਜੇ ਸਿੱਖਾਂ ਦੀ ਕੀ ਮਜਬੂਰੀ ਸੀ ਕਿ ਇੱਕ ਉਪਰੇ ਵਿਅਕਤੀ ਦੀ ਆਖੀ ਗੱਲ 'ਤੇ ਬਿਨਾਂ ਪਰਖ ਤੋਂ ਯਕੀਨ ਕਰਨ ? ਮੱਖਣ ਸ਼ਾਹ ਗ਼ਲਤ ਬਿਆਨ ਭੀ ਕਰ ਸਕਦਾ ਸੀ। ਹੋ ਸਕਦਾ ਸੀ ਕੋਈ ਪਾਖੰਡੀ ਗੁਰੂ ਲਾਲਚ ਦੇ ਕੇ ਐਵੇਂ ਹੋਕਾ ਦੁਆ ਦਿੰਦਾ ?

5. ਦਿੱਲੀ ਤੋਂ ਆਇਆ ਸਿੱਖਾਂ ਦਾ ਵੱਡਾ ਕਾਫਲਾ ਮੌਜੂਦ ਸੀ, ਉਨ੍ਹਾਂ ਦੇ ਹੁੰਦਿਆਂ ਕਿਸੇ ਪਾਖੰਡੀ ਗੁਰੂ ਦੀ ਇਹ ਕਿਵੇਂ ਹਿੰਮਤ ਪੈ ਗਈ ਕਿ ਆਪਣੇ ਆਪ ਨੂੰ ਨੌਵਾਂ ਗੁਰੂ ਐਲਾਨ ਕਰੇ ? ਮੋਹਤਬਰ ਸਿੱਖ ਆ ਕੇ ਦੱਸ ਨਹੀਂ ਸਕਦੇ ਸਨ ਕਿ ਭਾਈ ਗੁਰਸਿੱਖੋ, ਸਾਡੇ ਸਾਹਮਣੇ ਸਾਰੀ ਗੱਲਬਾਤ ਹੋਈ ਹੈ। ਗੁਰੂ ਹਰਿ ਕ੍ਰਿਸ਼ਨ ਜੀ ਨੇ ਨੌਵੇਂ ਥਾਂ ਗੁਰੂ ਤੇਗ ਬਹਾਦਰ ਜੀ ਨੂੰ ਚੁਣਿਆ ਹੈ। ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ। ਅਸੀਂ ਸਾਰੇ ਤੇ ਪ੍ਰਵਾਰ ਦੇ ਮੈਂਬਰ ਚਸ਼ਮਦੀਦ ਗਵਾਹ ਹਾਂ।

6. ਇਸ ਕਹਾਣੀ ਮੁਤਾਬਕ ਤਾਂ ਗੁਰੂ ਹਰਿ ਕ੍ਰਿਸ਼ਨ ਜੀ ਤੋਂ ਭੀ ਗ਼ਲਤੀ ਹੋ ਗਈ। ਉਨ੍ਹਾਂ ਨੇ ਅਧੂਰੀ ਗੱਲ ਕਹਿ ਕੇ ਸੰਗਤਾਂ ਨੂੰ ਦੁਬਿਧਾ ਵਿੱਚ ਪਾ ਦਿੱਤਾ। "ਬਾਬਾ ਬਕਾਲੇ....." ਇਸ ਦਾ ਮਤਲਬ ਭਾਈ ਮੱਖਣ ਸ਼ਾਹ ਸਿਆਣਾ ਨਿਕਲਿਆ। ਅੱਠਵੇਂ ਪਾਤਿਸ਼ਾਹ ਤੋਂ ਹੋਈ "ਗ਼ਲਤੀ" ਨੂੰ ਮੱਖਣ ਸ਼ਾਹ ਜੀ ਨੇ ਦਰੁਸਤ ਕੀਤਾ। ਵਾਹ! ਮੇਰੀ ਕੌਮ ਦੇ ਪ੍ਰਚਾਰਕੋ ਵਾਹ!!

7. ਹੋਰ ਸਾਰੇ ਸਿੱਖ ਭੀ ਬੇ-ਇਤਬਾਰੇ ਸਾਬਤ ਹੋ ਗਏ, ਕਿਸੇ 'ਤੇ ਬਕਾਲਾ ਨਿਵਾਸੀਆਂ ਨੇ ਯਕੀਨ ਨਾ ਕੀਤਾ। ਬਾਈ ਗੁਰੂ ਆਪੋ-ਆਪਣੀ ਥਾਵੇਂ ਗੱਦੀਆਂ ਲਾ ਕੇ ਬੈਠੇ ਰਹੇ। ਭਾਈ ਮਤੀ ਦਾਸ, ਭਾਈ ਸਤੀ ਦਾਸ ਆਦਿ ਦੀ ਗੱਲ ਕਿਸੇ ਨਾ ਸੁਣੀ। ਮੱਖਣ ਸ਼ਾਹ ਦਾ ਆਖਿਆ, "ਗੁਰੂ ਲਾਧੋ ਰੇ" ਸਾਰਿਆਂ ਝਟਪਟ ਪਰਵਾਨ ਕਰ ਲਿਆ ? ਕੀ ਇਸ ਨੂੰ ਇਤਿਹਾਸ ਮੰਨ ਲਈਏ ?

8. ਗੁਰੂ ਤੇਗ ਬਹਾਦਰ ਆਸਾਮ-ਬੰਗਾਲ ਦੇ ਧਰਮ ਪ੍ਰਚਾਰ ਦੌਰੇ 'ਤੇ ਇਕੱਲੇ ਨਹੀਂ ਸਨ। ਉਨ੍ਹਾਂ ਨਾਲ ਪ੍ਰਵਾਰ ਸੀ, ਗੁਰਸਿੱਖਾਂ ਦਾ ਵੱਡਾ ਕਾਫਲਾ ਸੀ। ਉਨ੍ਹਾਂ ਵਿੱਚੋਂ ਕਿਸੇ ਨੇ ਨਾ ਦੱਸਿਆ ਕਿ ਐਹ ਜੋ ਬਾਈ ਮੰਜੀਦਾਰ ਹਨ, ਇਹ ਪਾਖੰਡੀ ਸਾਧ ਹਨ। ਇਨ੍ਹਾਂ ਵਿੱਚੋਂ ਗੁਰੂ ਕੋਈ ਨਹੀਂ ਹੈ। ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਥਾਪਿਆ ਗਿਆ ਹੈ। ਅਸਲ ਗੱਲ ਦਾ ਜ਼ਿਕਰ ਉੱਤੇ ਆ ਚੁੱਕਿਆ ਹੈ ਕਿ ਲੱਭਣ ਦੀ ਲੋੜ ਤਾਂ ਪੈਂਦੀ ਜੇਕਰ ਗੁਰੂ ਗੁਆਚਿਆ ਹੁੰਦਾ। ਭੋਰੇ ਵਿੱਚ ਲੁਕਿਆ ਹੁੰਦਾ। ਉਹ ਤਾਂ ਕਥਿਤ ਭੋਰੇ ਵਿੱਚ ਵੜ ਕੇ ਵਕਤ ਅਤੇ ਸਰੀਰ ਦਾ ਨਾਸ਼ ਮਾਰਨ ਦੀ ਥਾਵੇਂ ਮਨੁੱਖਤਾ ਦੀ ਸੇਵਾ ਲਈ ਦੂਰ ਪੂਰਬ ਦੇ ਦੌਰੇ 'ਤੇ ਸਨ, ਸਬੂਤ

ਮੌਜੂਦ ਹਨ। ਜਦੋਂ ਇਹ ਇੱਕੋ-ਇੱਕ ਚਾਬੀ ਹੱਥ ਵਿੱਚ ਆ ਜਾਵੇ ਕਿ ਗੁਰੂ ਤੇਗ ਬਹਾਦਰ ਜੀ ਨੇ ਛੱਬੀ ਸਾਲ ਤਾਂ ਕੀ ਆਪਣੇ ਜੀਵਨ ਦੀ ਇੱਕ ਘੜੀ ਭੀ ਅਜਾਈਂ ਨਹੀਂ ਗੁਆਈ। ਉਹ ਮਨੁੱਖਤਾ ਦੇ ਕਲਿਆਣ ਲਈ ਦਿਨ-ਰਾਤ ਯਤਨਸ਼ੀਲ ਰਹਿੰਦੇ ਸਨ। ਫਿਰ "ਬਾਬਾ ਬਕਾਲੇ" ਵਾਲੀ ਅਧੂਰੀ ਪੰਕਤੀ ਗੁਰੂ ਹਰਿ ਕ੍ਰਿਸ਼ਨ ਜੀ ਤੋਂ ਅਖਵਾ ਕੇ, ਉਨ੍ਹਾਂ ਨੂੰ ਭੁੱਲਾਂ ਕਰਨ ਵਾਲਾ ਨਹੀਂ ਬਣਾਉਣਾ ਪਵੇਗਾ। ਫਿਰ ਨਾਲ ਦਿੱਲੀ ਗਈ ਸੰਗਤ ਨੂੰ ਭੀ ਬੇ-ਇਤਬਾਰੀ ਨਹੀਂ ਬਣਾਉਣਾ ਪਵੇਗਾ। ਫਿਰ ਮੱਖਣ ਸ਼ਾਹ ਦੀ ਅਰਦਾਸ ਤੇ ਮੋਹਰਾਂ ਰੱਖ ਕੇ ਗੁਰੂ ਦੀ ਪਰਖ ਕਰਨ ਦੀ ਕੁਰੱਖ਼ਤ ਬੀਮਾਰੀ ਭੀ ਗਲੋਂ ਲੱਥ ਜਾਵੇਗੀ। ਭਾਈ ਮੱਖਣ ਸ਼ਾਹ ਦਾ ਜਹਾਜ਼ ਭੀ ਡੁੱਬਣੋਂ ਬਚ ਜਾਵੇਗਾ। ਗੁਰੂ ਤੇਗ ਬਹਾਦਰ ਜੀ ਦੇ ਮੋਢਿਆਂ 'ਤੇ ਜ਼ਖ਼ਮ ਭੀ ਨਹੀਂ ਹੋਣਗੇ। ਗੁਰੂ ਜੀ ਨੂੰ ਆਪਣੇ ਵਾਲੀਆਂ ਪੰਜ ਸੌ ਮੋਹਰਾਂ ਦੀ ਮੰਗ ਭੀ ਨਹੀਂ ਕਰਨੀ ਪਵੇਗੀ। ਸਿਰਫ ਉਨ੍ਹਾਂ ਸਬੂਤਾਂ ਨੂੰ ਗਹਿਰਾਈ ਨਾਲ ਪੜ੍ਹ-ਵਿਚਾਰ ਲਈਏ, ਜਿਥੋਂ ਇਹ ਨਿਸ਼ਚਾ ਬਣਦਾ ਹੈ ਕਿ ਗੁਰਬਾਣੀ ਦੀ ਵਿਚਾਰਧਾਰਾ ਤੋਂ ਵਿਰੁੱਧ ਜਾ ਕੇ ਗੁਰੂ ਤੇਗ ਬਹਾਦਰ ਜੀ ਨੂੰ ਭਗਤੀ ਤਪੱਸਿਆ ਕਰਨ ਦੀ ਕੋਈ ਜ਼ਰੂਰਤ ਹੀ ਨਹੀਂ ਸੀ। ਗੁਰਵਾਰ ਹਨ-

- ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ ॥ ਸਤਿਗੁਰ ਕੈ ਭਾਣੈ ਵਡਿਆਈ ਪਾਵੈ ॥
 ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ ॥ (509)

ਹੋਰ :-

- ਜਪ ਤਪ ਸੰਜਮ ਕਰਮ ਨ ਜਾਨਾ, ਨਾਮੁ ਜਪੀ ਪ੍ਰਭ ਤੇਰਾ ॥
 ਗੁਰੁ ਪਰਮੇਸਰੁ ਨਾਨਕ ਭੇਟਿਓ, ਸਾਚੈ ਸਬਦਿ ਨਿਬੇਰਾ ॥ (878)
- ਜਪੁ ਤਪੁ ਸੰਜਮੁ ਹੋਰ ਕੋਈ ਨਾਹੀ ॥ ਜਬ ਲਗ ਗੁਰ ਕਾ ਸਬਦ ਨ ਕਮਾਹੀ ॥ (1060)
- ਪੁੰਨ ਦਾਨ ਜਪ ਤਪ ਜੇਤੇ, ਸਭ ਊਪਰਿ ਨਾਮ ॥
 ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥ (401)

ਉਹ ਸੁਲੱਖਣੀ ਘੜੀ ਆ ਗਈ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ ਵੇਖਣ ਲਈ, ਉਪਦੇਸ਼ ਸੁਣਨ ਲਈ ਬਹੁਤ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਆਣ ਪਹੁੰਚੀਆਂ। 11 ਅਗਸਤ, 1664 ਵਾਲੇ ਦਿਨ, ਬਕਾਲਾ ਵਿਖੇ ਗੁਰੂ ਤੇਗ ਬਹਾਦਰ ਜੀ ਨੂੰ ਸਾਰਿਆਂ ਨੇ ਬਿਨਾਂ ਸ਼ੰਕਾਂ ਗੁਰੂ ਸਵੀਕਾਰ ਕੀਤਾ, ਨਮਸ਼ਕਾਰਾਂ ਕੀਤੀਆਂ, ਆਦੇਸ਼ ਪ੍ਰਾਪਤ ਕੀਤੇ। ਬਸ ਗਿਣਤੀ ਦੇ ਈਰਖਾਲੂ ਵਿਅਕਤੀ ਸਨ ਜੋ ਔਰੰਗਜ਼ੇਬ ਤੋਂ ਭਾਰੀ ਰਕਮਾਂ ਲੈ ਕੇ ਗੁਰੂ ਨਾਨਕ ਸਾਹਿਬ ਵੱਲੋਂ ਸ਼ੁਰੂ ਕੀਤੇ ਹੋਏ ਇਨਕਲਾਬ ਨੂੰ ਫ਼ੇਲ੍ਹ ਕਰਨਾ ਚਾਹੁੰਦੇ ਸਨ। ਇਨ੍ਹਾਂ ਵਿੱਚੋਂ ਪ੍ਰਮੁੱਖ ਸੀ ਧੀਰ ਮੱਲ। ਇਹ ਗੁਰੂ ਹਰਿ ਗੋਬਿੰਦ ਸਾਹਿਬ ਦੇ ਬੇਟੇ ਗੁਰਦਿੱਤਾ ਜੀ ਦਾ ਪੁੱਤਰ ਸੀ। ਇਸ ਦਾ ਜਨਮ 1627 ਵਿੱਚ ਹੋਇਆ ਸੀ। ਜਦੋਂ ਗੁਰੂ ਹਰਿ ਰਾਇ ਜੀ ਨੂੰ ਗੁਰਗੱਦੀ ਦੀ ਸੇਵਾ ਮਿਲੀ, ਉਸ ਵਕਤ ਭੀ ਇਸ ਨੇ ਡੱਟ ਕੇ ਵਿਰੋਧ ਕੀਤਾ। ਬਰਾਬਰ ਆਪਣੇ ਗੁਰੂ ਹੋਣ ਦਾ ਐਲਾਨ ਕਰਵਾ ਦਿੱਤਾ। ਆਪਣੇ ਵੱਲੋਂ ਮਸੰਦ ਭੀ ਨਿਯੁਕਤ ਕੀਤੇ। ਔਰੰਗਜ਼ੇਬ ਤੋਂ ਆਦੇਸ਼ ਪ੍ਰਾਪਤ ਕਰ ਕੇ ਇਸ ਨੇ ਆਪਣੇ ਬਦਮਾਸ਼ ਟੋਲੇ ਤੋਂ 9 ਅਕਤੂਬਰ 1664 ਨੂੰ ਗੁਰੂ ਤੇਗ ਬਹਾਦਰ ਸਾਹਿਬ 'ਤੇ ਹਮਲਾ ਕਰਵਾ

ਦਿੱਤਾ। ਗੋਲੀ ਚੱਲੀ, ਸਾਮਾਨ ਲੁੱਟਿਆ ਗਿਆ ਪਰ ਖ਼ੁਸ਼ਕਿਸਮਤੀ ਨੂੰ ਗੁਰੂ ਤੇਗ ਬਹਾਦਰ ਜੀ ਬਚ ਗਏ। ਇੱਕ ਹੱਥ ਲਿਖਤ ਬੀੜ ਅਤੇ ਹੋਰ ਕੀਮਤੀ ਸਾਮਾਨ ਲੈ ਕੇ ਇਹ ਕਰਤਾਰਪੁਰ ਨੂੰ ਨੱਸ ਗਿਆ। ਭਾਈ ਮੱਖਣ ਸ਼ਾਹ ਦੀ ਅਗਵਾਈ ਵਿੱਚ, ਸਿੱਖਾਂ ਦਾ ਇੱਕ ਤਕੜਾ ਜੱਥਾ ਇਸ ਦੇ ਡੇਰੇ 'ਤੇ ਜਾ ਪਿਆ। ਚੰਗੀ ਗਿੱਦੜ ਕੁੱਟ ਇਨ੍ਹਾਂ ਨੂੰ ਪਈ ਪਰ ਇਹ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ 'ਤੇ ਡਿੱਗ ਕੇ ਮੁਆਫ਼ੀ ਮੰਗ ਕੇ ਬਕਾਲਾ ਛੱਡ ਗਏ। ਸਿੱਖਾਂ ਨੇ ਗੁਰੂ ਜੀ ਦੁਆਲੇ ਪਹਿਰਾ ਸਖ਼ਤ ਕਰ ਦਿੱਤਾ। ਛੇਤੀ ਹੀ ਵਹੀਰ ਅਤੇ ਪ੍ਰਵਾਰ ਸਮੇਤ ਨੌਵੇਂ ਗੁਰੂ ਜੀ ਕੀਰਤਪੁਰ ਚਲੇ ਗਏ।

ਲੰਮੇਂ ਸਮੇਂ ਦੀ ਉਡੀਕ ਤੋਂ ਮਗਰੋਂ ਔਰੰਗਜ਼ੇਬ ਨੇ ਧੀਰ ਮੱਲ, ਉਸ ਦੇ ਪੁੱਤਰ ਰਾਮ ਚੰਦ ਅਤੇ ਸੀਹੇਂ ਮਸੰਦ ਨੂੰ ਦਿੱਲੀ ਸੱਦ ਲਿਆ। ਦਿੱਤਾ ਗਿਆ "ਕੰਮ" ਨਾ ਕਰਨ ਲਈ ਜਵਾਬ ਤਲਬੀ ਕੀਤੀ। ਤਸੱਲੀ ਬਖ਼ਸ਼ ਜਵਾਬ ਨਾ ਮਿਲਣ ਕਾਰਨ ਇਨ੍ਹਾਂ ਤਿੰਨਾਂ ਨੂੰ ਰਣਥੰਬੋਰ ਦੇ ਕਿਲ੍ਹੇ ਵਿੱਚ ਕੈਦ ਕਰਵਾ ਦਿੱਤਾ।

ਇੱਧਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਮੇਂ ਦੀ ਨਜ਼ਾਕਤ ਪਛਾਣਦਿਆਂ ਮਾਖੋਵਾਲ ਦੀ ਜ਼ਮੀਨ ਚੰਪਾ ਰਾਣੀ (ਵਿਧਵਾ ਰਾਜਾ ਦੀਪ ਚੰਦ) ਤੋਂ ਖ਼ਰੀਦ ਕੇ ਆਨੰਦਪੁਰ ਦੀ ਨੀਂਹ ਰੱਖ ਦਿੱਤੀ। ਗੁਰਸਿੱਖਾਂ ਦੀ ਯੋਗਤਾ ਮੁਤਾਬਕ ਸੇਵਾ ਲਾ ਦਿੱਤੀ ਤੇ ਖ਼ੁਦ ਧਰਮ ਪ੍ਰਚਾਰ ਵਹੀਰ ਨਾਲ ਲੈ ਕੇ ਮਾਲਵੇ ਵੱਲ ਨਿਕਲ ਤੁਰੇ। ਅੱਜ ਦੇ ਹਰਿਆਣੇ ਵਿੱਚ ਧਮਧਾਣ (ਜੀਂਦ ਜ਼ਿਲ੍ਹਾ) ਦੇ ਸ਼ਥਾਨ 'ਤੇ ਸਤਿਗੁਰੂ ਜੀ ਠਹਿਰੇ ਹੋਏ ਸਨ। ਲਗਪਗ ਤੀਹ ਹਜ਼ਾਰ ਸਿੱਖ ਆ ਜੁੜਿਆ। ਔਰੰਗਜ਼ੇਬ ਦੇ ਹੁਕਮ ਦੁਆਰਾ ਫ਼ੌਜੀ ਕਮਾਂਡਰ ਆਲਮ ਖ਼ਾਂ ਰੋਹੇਲੇ ਨੇ ਇਸ ਸਥਾਨ ਤੋਂ ਸਤਿਗੁਰੂ ਜੀ ਨੂੰ ਪਹਿਲੀਵਾਰ ਗ੍ਰਿਫ਼ਤਾਰ ਕੀਤਾ। ਇਹ ਘਟਨਾ 08-11-1665 ਦੀ ਹੈ। ਦਿੱਲੀ ਵਿਖੇ ਦੋ ਮਹੀਨੇ ਤੋਂ ਵੱਧ ਸਮਾਂ ਕੈਦ ਰੱਖ ਕੇ ਰਾਜਾ ਜੈ ਸਿੰਘ ਦੇ ਵਿੱਚ ਪੈਣ 'ਤੇ ਰਿਹਾਅ ਕਰ ਦਿੱਤੇ ਗਏ। ਇਹ ਧਿਆਨ ਰਹੇ ਕਿ ਭੇਰੇ ਵਿੱਚ ਵੜ ਕੇ ਤਪੱਸਿਆ ਕਰਨ ਵਾਲੇ ਕਿਸੇ ਸਾਧ ਤੋਂ ਔਰੰਗਜ਼ੇਬ ਨੂੰ ਕੋਈ ਖ਼ਤਰਾ ਨਹੀਂ ਸੀ। ਭਾਵੇਂ ਸਾਰੀ ਉਮਰ ਭੇਰੇ ਵਿੱਚ ਬੈਠਾ ਰਹਿੰਦਾ ਪਰ ਔਰੰਗਜ਼ੇਬ ਗੁਰੂ ਜੀ ਦੇ ਕ੍ਰਾਂਤੀਕਾਰੀ ਵਿਚਾਰਾਂ ਤੋਂ ਜਾਣੂ ਸੀ। ਲੋਕਾਂ ਦੀਆਂ ਭੀੜਾਂ ਗੁਰੂ ਜੀ ਨੂੰ ਸੁਣਨ ਆਉਂਦੀਆਂ ਸਨ। ਗੁਰੂ ਜੀ ਰਾਜਸੀ ਜ਼ੁਲਮਾਂ ਵਿਰੁੱਧ ਖੁੱਲ੍ਹ ਕੇ ਬੋਲਦੇ ਸਨ। ਪਾਖੰਡੀ ਧਰਮੀਆਂ ਨੂੰ ਫਿਟਕਾਰਾਂ ਪਾਉਂਦੇ ਸਨ। ਲੋਕਾਂ ਨੂੰ ਤਕੜੇ ਹੋ ਕੇ ਜ਼ਦਾ ਮੁਕਾਬਲਾ ਕਰਨ ਲਈ ਪ੍ਰੇਰਿਤ ਕਰ ਰਹੇ ਸਨ। ਇਨ੍ਹਾਂ ਕਾਰਨਾਂ ਕਰ ਕੇ ਹੀ ਸਤਿਗੁਰੂ ਜੀ ਨੂੰ ਗੁਰੂ ਬਣਦਿਆਂ ਹੀ ਇੱਕ ਸਾਲ ਦੇ ਅੰਦਰ ਗ੍ਰਿਫ਼ਤਾਰ ਕਰ ਲਿਆ।

ਦੂਜੀ ਵਾਰ ਫਿਰ ਸਤਿਗੁਰੂ ਜੀ ਨੂੰ ਜੂਨ ਮਹੀਨੇ 1670 ਵਿੱਚ ਆਗਰੇ ਦੇ ਨੇੜਿਓਂ ਗ੍ਰਿਫ਼ਤਾਰ ਕਰ ਲਿਆ ਗਿਆ। ਦਿੱਲੀ ਵਿਖੇ ਦੋ ਮਹੀਨੇ ਤੇਰਾਂ ਦਿਨ ਕੈਦ ਵਿੱਚ ਰਹੇ ਪਰ ਇਸ ਵਾਰੀ ਭੀ ਰਿਹਾਅ ਕਰ ਦਿੱਤੇ ਗਏ। ਤੀਜੀ ਵਾਰੀ ਕਸ਼ਮੀਰੀ ਬ੍ਰਾਹਮਣਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਦਾ ਐਲਾਨ ਕਰਨ ਤੋਂ ਬਾਅਦ, ਮਲਕਪੁਰ ਰੰਘੜਾ, ਰੋਪੜ ਨੇੜਿਓਂ ਥਾਣੇਦਾਰ ਨੂਰ ਮੁਹੰਮਦ ਨੇ ਜੁਲਾਈ 12 ਸੰਨ 1675 ਨੂੰ ਗ੍ਰਿਫ਼ਤਾਰ ਕੀਤਾ।

ਪਹਿਲਾਂ ਬਸੀ ਪਠਾਣਾਂ ਕੈਦ ਰੱਖੇ ਗਏ, ਹੁਕਮ ਮਿਲਣ 'ਤੇ ਪਿੰਜਰੇ ਵਿੱਚ ਬੰਦ ਕਰ ਕੇ, ਤਿੰਨੇ ਪ੍ਰਮੁੱਖ ਸਿੱਖਾਂ ਸਮੇਤ ਦਿੱਲੀ ਨੂੰ ਭੇਜ ਦਿੱਤੇ ਗਏ। ਅੱਗੇ ਦੀਆਂ ਘਟਨਾਵਾਂ ਦਾ ਪਾਠਕਾਂ ਨੂੰ ਭਲੀ ਪ੍ਰਕਾਰ ਪਤਾ ਹੈ। 11 ਨਵੰਬਰ, 1675 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਾਹਮਣੇ ਅਤਿਅੰਤ ਨਿਰਦਈਪੁਣੇ ਵਾਲੇ ਤਸੀਹੇ ਦੇ ਕੇ ਤਿੰਨ ਬਹਾਦਰ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਸ਼ਾਮ ਤੀਜੇ ਪਹਿਰ ਗੁਰੂ ਤੇਗ ਬਹਾਦਰ ਸਾਹਿਬ ਨੂੰ ਪਿੰਜਰੇ ਵਿੱਚੋਂ ਕੱਢਿਆ ਗਿਆ। ਭੈ-ਭੀਤ ਕਰਨ ਵਾਲੇ ਡਰਾਵੇ ਦਿੱਤੇ ਗਏ। ਲਾਲਚ ਦਿੱਤੇ ਗਏ, ਕਰਾਮਾਤਾਂ ਵਿਖਾਉਣ ਲਈ ਕਿਹਾ ਗਿਆ। ਸਤਿਗੁਰੂ ਜੀ ਅਡੋਲ ਅਵੱਸਥਾ ਵਿੱਚ ਅਸੂਲਾਂ 'ਤੇ ਟਿਕੇ ਰਹੇ। ਕਾਜੀ ਨੇ ਫ਼ਤਵਾ ਪੜ੍ਹ ਕੇ ਸੁਣਾਇਆ, ਜਲਾਦ ਦੀ ਤਲਵਾਰ ਚਲੀ, ਖ਼ੂਨ ਦੇ ਫੁਹਾਰੇ ਫੁੱਟੇ, ਗੁਰੂ ਜੀ ਦਾ ਸੀਸ ਧੜ ਨਾਲੋਂ ਅਲੱਗ ਕਰ ਦਿੱਤਾ ਗਿਆ।

ਪਹਿਲਾਂ ਤਿਆਰ ਕੀਤੀ ਸਕੀਮ ਮੁਤਾਬਕ ਭਾਈ ਜੈਤਾ ਨਾਨੂ ਗੁਰਬਖ਼ਸ਼ਾ ਜੀ ਨੇ ਸੀਸ ਚੁੱਕ ਕੇ ਆਨੰਦਪੁਰ ਪੁਚਾਣ ਦੀ ਜ਼ਿੰਮੇਵਾਰੀ ਕਬੂਲੀ। ਇਸ ਦਰਦਨਾਕ ਘਟਨਾ ਨੂੰ ਸੁਣਦਿਆਂ ਬਿਰਧ ਬਾਬਾ ਗੁਰਦਿੱਤਾ ਜੀ ਦੇਰਾ ਪੈਣ 'ਤੇ ਦਮ ਤੋੜ ਗਏ। ਇਹ ਬਾਬਾ ਬੁੱਢਾ ਜੀ ਦੇ ਸਪੁੱਤਰ ਸਨ। ਮਿੱਟੀ ਦੇ ਖੁੱਲ੍ਹੇ ਮੂੰਹ ਵਾਲੇ ਵੱਡੇ ਬਰਤਣ ਵਿੱਚ ਸੀਸ ਨੂੰ ਟਿਕਾ ਲਿਆ ਗਿਆ। ਆਲੇ-ਦੁਆਲੇ ਨਿੰਮ ਦੀਆਂ ਪੱਤੀਆਂ ਰੱਖੀਆਂ ਗਈਆਂ ਤਾਂ ਕਿ ਕਿਰਮ ਨਾ ਪੈਣ ਤੇ ਬੋ ਨਾ ਪੈਦਾ ਹੋਵੇ। ਮੁੱਖ ਰਾਹ ਛੱਡ ਕੇ ਉਜਾੜਾਂ ਵਿੱਚੋਂ ਦੀ ਬਚਦੇ-ਬਚਾਂਦੇ, ਜਾਣਕਾਰ ਸਿੱਖਾਂ ਤੋਂ ਲੋੜੀਂਦੀ ਸਹਾਇਤਾ ਲੈਂਦੇ, ਮੰਜਲਾਂ ਮਾਰਦੇ, ਕੀਰਤਪੁਰ ਪੁੱਜ ਗਏ। ਦਿੱਤੇ ਗਏ ਸੁਨੇਹੇ 'ਤੇ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦਾ ਵੱਡਾ ਕਾਫਲਾ ਲੈ ਕੇ ਪ੍ਰਵਾਰ ਸਮੇਤ ਕੀਰਤਪੁਰ ਆ ਗਏ। ਭਾਈ ਜੈਤਾ ਜੀ ਤੋਂ ਇਥੇ ਹੀ ਸ਼ਹੀਦ ਪਿਤਾ ਦਾ ਕੱਟਿਆ ਸੀਸ ਪ੍ਰਾਪਤ ਕੀਤਾ। ਜੈਤਾ ਜੀ ਨੂੰ "ਗੁਰੂ ਕਾ ਬੇਟਾ" ਆਖ ਕੇ ਮਾਣ ਦਿੱਤਾ। ਨਵੰਬਰ ਸਤਾਰਾਂ 1675 ਨੂੰ ਆਨੰਦਪੁਰ ਵਿਖੇ ਨੌਵੇਂ ਗੁਰੂ ਜੀ ਦਾ ਸੀਸ ਸਸਕਾਰਿਆ ਗਿਆ। ਇਸ ਥਾਂ ਅੱਜ ਕੱਲ੍ਹ ਗੁਰਦਵਾਰਾ ਸੀਸ ਗੰਜ ਬਣਿਆ ਹੋਇਆ ਹੈ।

ਔਰੰਗਜ਼ੇਬ ਵਿਰੁੱਧ ਸਿੱਖਾਂ ਦੇ ਅੰਦਰ ਗੁੱਸਾ ਉਬਾਲੇ ਖਾਣ ਲੱਗਾ। ਅਕਤੂਬਰ 17, 1676 ਨੂੰ ਜਦੋਂ ਉਹ ਨਵਾਜ ਅਦਾ ਕਰ ਕੇ ਵਾਪਸ ਮੁੜ ਰਿਹਾ ਸੀ, ਸਿੱਖਾਂ ਨੇ ਇੱਟਾਂ-ਵੱਟਿਆਂ ਨਾਲ ਹੱਲਾ ਬੋਲ ਦਿੱਤਾ। ਭਾਵੇਂ ਔਰੰਗਜ਼ੇਬ ਬਚ ਗਿਆ ਪਰ ਸਿੱਖਾਂ ਦੇ ਰੋਹ ਦਾ ਉਸ ਨੂੰ ਅਹਿਸਾਸ ਹੋ ਗਿਆ। ਇੱਕ ਸਿੱਖ ਨੂੰ ਫੜ ਕੇ ਕਤਲ ਕਰ ਦਿੱਤਾ ਗਿਆ। ਗੁਰੂ ਤੇਗ ਬਹਾਦਰ ਸਾਹਿਬ ਅਤੇ ਤਿੰਨ ਬਹਾਦਰ ਸਿੱਖਾਂ ਦੀ ਸ਼ਹੀਦੀ ਕਾਰਨ ਦੇਸ਼ ਵਿੱਚ ਹਰ ਕੋਈ ਕੁਰਲਾ ਉਠਿਆ। ਅਣਖੀਲੇ ਨੌਜਵਾਨ ਜ਼ਮੀਨਾਂ ਵੇਚ ਕੇ, ਹਥਿਆਰ ਖ਼ਰੀਦਣ ਲੱਗੇ। ਗਹਿਣੇ-ਗੱਟੇ ਵੇਚ ਕੇ ਘੋੜੇ ਖਰੀਦੇ। ਕਾਫਲੇ ਬਣਾ ਕੇ ਸਿਰਾਂ 'ਤੇ ਕੱਫਣ ਬੰਨ੍ਹ ਕੇ, ਆਨੰਦਪੁਰ ਵੱਲ ਚੱਲ ਪਏ। ਦਸਮ ਪਾਤਿਸ਼ਾਹ ਜੀ ਦੇ ਚਰਨਾਂ ਵਿੱਚ ਮੱਥਾ ਟੇਕ ਕੇ ਬੇਨਤੀ ਕਰਦੇ, "ਸਤਿਗੁਰ ਜੀਓ ! ਗੁਰੂ ਪਿਤਾ ਸਾਡੀ ਇੱਜ਼ਤ ਅਣਖ ਲਈ ਆਪਣਾ ਆਪ ਕੁਰਬਾਨ ਕਰ ਗਏ। ਅਸੀਂ ਤੁਹਾਡੇ ਹੁਕਮ ਦੀ ਉਡੀਕ ਵਿੱਚ ਹਾਂ ਕਾਇਰ ਬਣ ਕੇ ਹੁਣ ਅਸੀਂ ਜੀਓਂ ਨਹੀਂ ਸਕਾਂਗੇ। ਹੁਣ ਆਜ਼ਾਦੀ ਜਾਂ ਮੌਤ ਇਸ ਤੋਂ ਘੱਟ ਕੁੱਝ ਸਵੀਕਾਰ ਨਹੀਂ, ਤੁਸੀਂ ਆਗਿਆ ਦਿਓ।" ਗੁਰੂ ਗੋਬਿੰਦ ਸਿੰਘ


ਜੀ ਨੇ ਸਮੇਂ ਦੀ ਨਜ਼ਾਕਤ ਸਮਝਦਿਆਂ ਇਨ੍ਹਾਂ ਨੂੰ ਧੀਰਜ ਦੇਣਾ। ਆਉਣ ਵਾਲੇ ਖ਼ਤਰਨਾਕ ਹਾਲਾਤ ਵਾਸਤੇ ਤਿਆਰ ਕਰਨ ਲਈ ਕਹਿਣਾ ਤੇ ਆਨੰਦਪੁਰ ਵਿੱਚ ਕੁੱਝ ਸਮਾਂ ਟਿਕ ਕੇ ਯੁੱਧ ਨੀਤੀ ਸਿੱਖਣ ਦੀ ਹਦਾਇਤ ਕਰਨੀ।

ਜੋ ਕਸ਼ਮੀਰੀ ਬ੍ਰਾਹਮਣ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਪ੍ਰੇਸ਼ਾਨ ਹੋ ਕੇ ਆਨੰਦਪੁਰ ਆ ਕੇ ਫਰਿਆਦੀ ਹੋਏ ਸਨ। ਇਥੇ ਯਾਦ ਕਰਵਾਉਣਾ ਜ਼ਰੂਰੀ ਹੈ ਕਿ ਬ੍ਰਾਹਮਣ ਜਨਮ ਤੋਂ ਹੀ ਹਿੰਦੂ ਸਮਾਜ ਦਾ ਧਰਮ ਗੁਰੂ ਹੈ। ਇਹ ਲੋਕ ਕਾਫਲੇ ਬਣਾ ਕੇ, ਲੰਮੇ ਸਮੇਂ ਤੱਕ ਖੱਤਰੀ ਰਾਜਿਆਂ, ਰਾਜਪੂਤ ਰਾਜਿਆਂ ਅਤੇ ਮਰਾਠਿਆਂ ਨੂੰ ਆਪਣੀ ਦੁੱਖ ਭਰੀ ਵਿਥਿਆ ਸੁਣਾ ਕੇ, ਮਦਦ ਦੀ ਪੁਕਾਰ ਕਰਦੇ ਰਹੇ ਪਰ ਔਰੰਗਜ਼ੇਬ ਦੀ ਅਸੀਮ ਤਾਕਤ ਤੋਂ ਸਾਰੇ ਥਰ-ਥਰ ਕੰਬਦੇ ਸਨ। ਇਸੇ ਲਈ ਸਾਰਿਆਂ ਨੇ ਬ੍ਰਾਹਮਣਾਂ ਦੀ ਬਾਂਹ ਫੜਨ ਤੋਂ ਇਨਕਾਰ ਕਰ ਦਿੱਤਾ। ਅਤੀ ਮਾਯੂਸੀ ਵਿੱਚ, ਹਾਰ ਹੰਭ ਕੇ ਇਹ ਲੋਕ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਵਿੱਚ ਫਰਿਆਦੀ ਹੋਏ। ਸਾਰੀ ਹੋਈ ਬੀਤੀ ਕਹਿ ਸੁਣਾਈ। ਜਦੋਂ ਸਤਿਗੁਰੂ ਜੀ ਨੇ ਪੁੱਛਿਆ ਕਿ ਜੇਕਰ ਮੈਂ ਸਰਕਾਰ ਨਾਲ ਗੱਲਬਾਤ ਕਰਨ ਵਾਸਤੇ ਜਾਵਾਂ ਤਾਂ ਇਹ ਸਪੱਸ਼ਟ ਕਰ ਦਿਓ ਕਿ ਤੁਸੀਂ ਗੁਰੂ ਘਰ ਨਾਲ ਕੀ ਰਿਸ਼ਤਾ ਬਣਾਇਆ ਹੈ? ਮੈਂ ਕਿਸ ਹੈਸੀਅਤ ਵਿੱਚ ਤੁਹਾਡੇ ਬਾਰੇ ਗੱਲਬਾਤ ਕਰਾਂ? ਕਿਰਪਾ ਰਾਮ ਨੇ ਤੁਰੰਤ ਬੇਨਤੀ ਪੱਤਰ ਲਿਖਿਆ, ਜਿਸ ਵਿੱਚ ਹਕੂਮਤ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਦਾ ਸੰਖੇਪ ਵੇਰਵਾ ਸੀ। ਦੇਸ਼ ਰਟਣ ਦਾ ਜ਼ਿਕਰ ਕੀਤਾ ਗਿਆ ਸੀ। ਸਾਰੇ ਹਿੰਦੂ ਰਾਜਿਆਂ ਵੱਲੋਂ ਵਿਖਾਈ ਕਾਇਰਤਾ ਦਾ ਵਰਨਣ ਸੀ। ਅੰਤ ਵਿੱਚ ਸਾਰਿਆਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਲਿਖਤੀ ਰੂਪ ਵਿੱਚ ਆਪਣਾ ਧਰਮ ਗੁਰੂ ਸਵੀਕਾਰ ਕੀਤਾ। ਆਪਣੇ ਜੀਵਨ ਨਾਲ ਸੰਬੰਧਤ ਹਰ ਤਰ੍ਹਾਂ ਦਾ ਫ਼ੈਸਲਾ ਲੈਣ ਦਾ ਅਖ਼ਤਿਆਰ ਗੁਰੂ ਜੀ ਨੂੰ ਸੌਂਪ ਦਿੱਤਾ।

ਗੁਫ਼ਾਵਾਂ, ਭੋਰਿਆਂ ਵਿੱਚ ਬੈਠ ਕੇ, ਅੱਖਾਂ ਬੰਦ ਕਰ ਕੇ, ਮਾਲਾ ਫੇਰਨ ਵਾਲੇ, ਮੰਤਰ ਰਟਣ ਵਾਲੇ, ਚਲੀਹੇ ਕੱਟਣ ਵਾਲੇ, ਸਮਾਧੀਆਂ ਲਾਉਣ ਵਾਲੇ, ਹਿੰਦੁਸਤਾਨ ਵਿੱਚ ਲੱਖਾਂ ਸਾਧ ਸਨ। ਸਦੀਆਂ ਤੋਂ ਇਹੀ ਮੰਤਰ ਜਾਪ ਉਹ ਕਰਦੇ ਆ ਰਹੇ ਸਨ ਪਰ ਹਿੰਦਵਾਸੀ ਜੰਤਾ ਹੋਰ ਕੰਗਾਲ, ਹੋਰ ਬੁਜ਼ਦਿਲ, ਹੋਰ ਪਾਖੰਡੀ, ਹੋਰ ਅਗਿਆਨੀ ਬਣਦੀ ਜਾ ਰਹੀ ਸੀ। ਘਰ ਉੱਜੜ ਗਏ, ਨੂੰਹਾਂ-ਧੀਆਂ ਦੀਆਂ ਇੱਜ਼ਤਾਂ ਘੱਟੇ ਰੁਲ ਗਈਆਂ, ਧਰਮ ਅਸਥਾਨ ਮਿੱਟੀ ਵਿੱਚ ਮਿਲ ਗਏ। ਕਿਸੇ ਤੰਤਰ-ਮੰਤਰ ਨੇ ਜ਼ੁਲਮ ਨੂੰ ਨਾ ਥੰਮ੍ਹਿਆ। ਕੀ ਗੁਰੂ ਤੇਗ ਬਹਾਦਰ ਇੰਨੇ ਹੀ ਅਣਜਾਣ ਸਨ ਕਿ ਆਪਣੀ ਜ਼ਿੰਦਗੀ ਦੇ ਅਤੀ ਕੀਮਤੀ ਛੱਬੀ ਸਾਲ ਕਿਸੇ ਭੋਰੇ ਵਿੱਚ ਵੜ ਕੇ ਬਰਬਾਦ ਕਰ ਦਿੰਦੇ? ਜੀ ਨਹੀਂ! ਉਹ ਲੋਕਾਂ ਨੂੰ ਜਾਗ੍ਰਿਤ ਕਰਨ ਵਾਸਤੇ ਲੰਮੇ ਪ੍ਰਚਾਰ ਦੌਰੇ ਕਰ ਰਹੇ ਸਨ। ਸਿੱਖ ਕੌਮ ਅੰਦਰੋਂ ਜੰਗਜੂ ਜਜ਼ਬਾ ਖ਼ਤਮ ਕਰਨ ਲਈ ਅਜਿਹੇ ਮੰਤਰ ਜਾਪਾਂ ਤੇ ਭੋਰਿਆਂ ਵਿੱਚ ਅੱਖਾਂ ਬੰਦ ਕਰ ਕੇ, ਭਗਤੀ ਕਰਨ ਦੀਆਂ ਕਹਾਣੀਆਂ ਸਿੱਖਾਂ ਦੇ ਅੰਦਰ ਠੋਸੀਆਂ ਜਾ ਰਹੀਆਂ ਹਨ ਤਾਂ ਕਿ ਸਿੱਖ ਕੇਵਲ ਅੰਦਰ ਵੜ ਕੇ ਮਾਲਾ ਫੇਰਨ ਜੋਗੇ ਰਹਿ ਜਾਣ, ਵਾਹਿਗੁਰੂ ਮੰਤਰ ਜਪਦੇ ਰਹਿਣ ਤੇ ਗ਼ੁਲਾਮ ਬਣੇ ਰਹਿਣ।

ਇਸੇ ਤਰ੍ਹਾਂ ਦੀ ਇੱਕ ਘਟਨਾ ਗੁਰੂ ਅਮਰਦਾਸ ਜੀ ਨਾਲ ਨੱਥੀ ਕੀਤੀ ਹੋਈ ਮਿਲਦੀ ਹੈ। ਅਖੇ, ਜਦੋਂ ਗੁਰੂ ਅੰਗਦ ਸਾਹਿਬ ਦੇ ਬੇਟੇ ਦਾਤੂ ਨੇ ਛਾਤੀ ਵਿੱਚ ਲੱਤ ਮਾਰੀ ਤਾਂ ਮਾਯੂਸ ਹੋ ਕੇ ਗੁਰੂ ਜੀ ਬਾਸਰਕੇ ਪਿੰਡ ਵਿੱਚ ਚਲੇ ਗਏ। ਇੱਕ ਕੋਠੇ ਵਿੱਚ ਲੁਕ ਕੇ ਦਰਵਾਜੇ ਬੰਦ ਕਰ ਕੇ ਬੈਠ ਗਏ। ਕਈ ਦਿਨਾਂ ਤੋਂ ਮਗਰੋਂ ਬਾਬਾ ਬੁੱਢਾ ਜੀ ਨੇ ਗੁਰੂ ਲੱਭ ਕੇ ਸੰਗਤਾਂ ਨੂੰ ਦਿੱਤਾ। ਹਾਲਾਤ ਨਾਲ ਮੁਕਾਬਲਾ ਕਰਨ ਦੀ ਥਾਵੇਂ ਸਤਿਗੁਰੂ ਜੀ ਲੁਕਦੇ ਫਿਰਦੇ ਰਹੇ? "ਗੁਰੂ ਲਾਧੋ ਰੇ" ਵਾਲੀ ਕਹਾਣੀ ਵਿੱਚ ਭੀ ਅੱਠਵੇਂ ਗੁਰੂ ਜੀ ਨਾਸਮਝ ਬਣਾ ਦਿੱਤੇ ਗਏ। ਸਾਰੇ ਸੰਗੀ ਸਿੱਖ ਅਕਲ ਤੋਂ ਸੱਖਣੇ ਬਣਾ ਦਿੱਤੇ। ਗੁਰੂ ਤੇਗ ਬਹਾਦਰ ਸਾਹਿਬ ਭੀ ਗੁਰਬਾਣੀ ਦੇ ਉਪਦੇਸ਼ਾਂ ਤੋਂ ਉਲਟ ਜਾ ਕੇ ਭੋਰੇ ਵਿੱਚ ਵੜ ਕੇ ਛੱਬੀ ਸਾਲ ਤਪੱਸਿਆ ਕਰਦੇ ਰਹੇ। ਅਕਲ ਦਾ ਕੋਟ ਸਭ ਤੋਂ ਸਿਆਣਾ ਜੇ ਕੋਈ ਨਿਕਲਿਆ ਤਾਂ ਉਹ ਸੀ ਭਾਈ ਮੱਖਣ ਸ਼ਾਹ ਲੁਬਾਣਾ ਜੀ। ਜਿਸ ਨੇ ਕਿਰਪਾ ਕਰ ਕੇ ਸੁੱਖਣਾ ਸੁੱਖ ਕੇ, ਮੋਹਰਾਂ ਦੁਆਰਾ ਪਰਖ ਕਰ ਕੇ "ਗੁਰੂ ਲੱਭ" ਲਿਆ। ਵਰਨਾ ਪੂਰੇ ਸਿੱਖ ਸਮਾਜ ਨੇ ਗੁਰੂ ਤੋਂ ਵਾਂਝੇ ਰਹਿ ਜਾਣਾ ਸੀ। ਬਕਾਲੇ ਵਿੱਚ ਬੈਠੇ ਬਾਈ ਪਾਖੰਡੀ ਗੁਰੂਆਂ ਨੇ ਆਪਣੀ ਦੁਕਾਨ ਚਲਾਈ ਰੱਖਣੀ ਸੀ। ਅਕਾਲ ਪੁਰਖ ਰਹਿਮਤ ਕਰਨ, ਸਿੱਖ ਲੇਖਕਾਂ-ਪ੍ਰਚਾਰਕਾਂ ਨੂੰ ਸੁਮੱਤ ਦੇਣ ਤਾਂ ਕਿ ਉਹ ਆਪਣੇ ਕੋਮਲ ਚਿਤ ਭੈਣ-ਭਰਾਵਾਂ ਨੂੰ ਗੁਰਮਤਿ ਤੋਂ ਉਲਟ ਕਹਾਣੀਆਂ ਨਾ ਪਰੋਸਦੇ ਰਹਿਣ। ਪੂਰੀ ਪਰਖ ਪੜਚੋਲ ਤੋਂ ਬਾਅਦ ਹੀ ਵਿਚਾਰ ਸੰਗਤਾਂ ਅੱਗੇ ਰੱਖਣ ਤਾਂ ਕਿ ਸਿੱਖ ਸਮਾਜ ਗਿਆਨਵਾਨ ਹੋ ਕੇ ਗੁਰਮਤਿ ਅਨੁਸਾਰੀ ਜੀਵਨ ਜਿਉਂ ਸਕੇ। ਆਪਣੇ ਪਰਉਪਕਾਰੀ ਗੁਰੂਆਂ ਦਾ ਯੋਗ ਸਤਿਕਾਰ ਬਹਾਲ ਕੀਤਾ ਜਾ ਸਕੇ।

ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ ॥
ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ ॥
ਤਿਸਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ ॥
ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ ॥
ਅੰਮ੍ਰਿਤ ਸਾਚਾ ਨਾਉ ਉਥੈ ਜਾਪੀਐ ॥
ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ ॥
ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ ॥
ਗੁਰਪ੍ਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ ॥ (519)



ਗੁਰੂ ਗੋਬਿੰਦ ਸਿੰਘ ਜੀ (ਸਾਖੀਆਂ)

ਸੇਵਾ ਵੱਡੀ ਕਿ ਗੁਰੂ ਗਿਆਨ ?

ਭਾਰਤੀ ਸਭਿਅਤਾ ਵਿੱਚ "ਧਾਰਮਕ ਮੁਖੀਆਂ" ਨੇ ਜੋ ਉਪਦੇਸ਼ ਸਦੀਆਂ ਤੱਕ ਆਪਣੇ ਲੋਕਾਂ ਨੂੰ ਦਿੱਤਾ, ਉਸੇ ਮੁਤਾਬਕ ਲੋਕਾਂ ਦੀ ਮਾਨਸਿਕ ਘਾੜਤ ਘੜੀਂਦੀ ਚਲੀ ਗਈ। ਕਿਉਂਕਿ ਵਿੱਦਿਆ ਪ੍ਰਾਪਤ ਕਰਨ ਦਾ ਹੋਰ ਕੋਈ ਜ਼ਰੀਆ ਹੀ ਨਹੀਂ ਸੀ। ਬਸ ਧਰਮ ਆਸ਼ਰਮਾਂ ਵਿੱਚ ਆਪਣੇ ਬੱਚਿਆਂ ਨੂੰ ਭੇਜ ਦਿਉ। ਉਥੇ ਜਿਵੇਂ "ਮਹਾਤਮਾ ਜੀ" ਦਾ ਮਨ ਕਰੇ, ਉਸ ਤਰ੍ਹਾਂ ਦੀ ਸਿੱਖਿਆ ਆਪਣੇ ਚੇਲਿਆਂ ਨੂੰ ਦੇਵੇ। ਵਿਰਲੇ ਨੂੰ ਛੱਡ ਕੇ ਵਿੱਦਿਆ ਤਾਂ ਵਿਚਾਰੇ ਰਿਸ਼ੀ ਮੁਨੀ ਜੀ (ਅੱਜ ਕੱਲ੍ਹ ਸੰਤ ਜੀ) ਨੇ ਖ਼ੁਦ ਨਹੀਂ ਪੜ੍ਹੀ, ਭਲਾ ਚੇਲਿਆਂ ਨੂੰ ਕੀ ਪੜ੍ਹਾਏਗਾ ? ਹਾਂ ਡੇਰੇ ਦੀ ਸਫਾਈ, ਸਾਧਾਂ ਦੇ ਚੋਲੇ-ਲੰਗੋਟੇ (ਜਾਂ ਕਛਹਿਰੇ) ਧੋਣੇ, ਸੰਤਾਂ ਦੀਆਂ ਮਾਲਸ਼ਾਂ ਕਰਨੀਆਂ ਜਾਂ ਫਿਰ ਨੇੜੇ ਦੀ ਆਬਾਦੀ ਵਿੱਚੋਂ ਅੰਨ-ਦਾਣਾ ਮੰਗ ਲਿਆਉਣਾ। ਖ਼ੁਦ ਖਾਣਾ ਤੇ ਇਨ੍ਹਾਂ ਵੇਹਲੜ ਪੁਜਾਰੀਆਂ ਨੂੰ ਖਵਾਉਣਾ। ਜਿੰਨੇ ਕੁ "ਤੀਸ ਮਾਰਖਾਂ" ਸਾਧ ਖ਼ੁਦ ਹੁੰਦੇ ਸਨ, ਉਤਨੇ ਕੁ "ਖੱਬੀਖਾਨ" ਆਪਣੇ ਸੇਵਕਾਂ ਨੂੰ ਬਣਾ ਦਿਆ ਕਰਦੇ ਸਨ। ਧਾਰਮਕ ਸ਼ਰਧਾ ਅਧੀਨ ਜਾਂ ਆਪਣੇ "ਲਾਡਲਿਆਂ ਦੀ ਵਿੱਦਿਆ ਦੀ ਫੀਸ ਦੇ ਤੌਰ 'ਤੇ", ਅੰਨ-ਬਸਤਰ ਛਿਮਾਹੀ ਮਗਰੋਂ ਲੋਕੀਂ ਪਹੁੰਚਾਉਂਦੇ ਰਹਿੰਦੇ ਸਨ। ਇਉਂ ਕਹਿ ਲਈਏ ਕਿ ਭਾਰਤੀ ਸੱਭਿਅਤਾ ਅੱਤੇ ਭਾਰਤੀ ਧਰਮਾਂ ਦਾ ਚਲਣ ਸਦੀਆਂ ਤੱਕ ਇਸ ਸੰਚੇ ਵਿੱਚ ਢਲਦਾ ਤੇ ਪਰਪੱਕ ਹੁੰਦਾ ਚਲਾ ਗਿਆ। ਲੰਮਾਂ ਸਮਾਂ ਬੀਤਣ ਦੇ ਨਾਲ ਹਰ ਪੀੜ੍ਹੀ ਨੂੰ ਅੱਗੇ ਤੋਂ ਅੱਗੇ ਇਹੀ "ਗਿਆਨ" ਮਿਲਦਾ ਗਿਆ ਕਿ "ਗ੍ਰਿਸਤੀ ਨੀਵੇਂ ਹਨ ਤੇ ਤਿਆਗੀ ਉੱਚੇ"। ਇਨ੍ਹਾਂ ਜ਼ਿੰਮੇਵਾਰੀਆਂ ਤੋਂ ਭੱਜੇ ਲੋਕਾਂ ਦੀਆਂ ਧਾੜਾਂ ਵਧਦੀਆਂ ਗਈਆਂ। ਧਰਮੀ ਹੋਣ ਦਾ ਢੌਂਗ ਕਰ ਕੇ ਇਹ ਪਾਖੰਡੀ ਲੋਕ ਗ੍ਰਿਸਤੀਆਂ ਨੂੰ ਜੋਕਾਂ ਬਣ ਕੇ ਚਿੰਬੜਦੇ ਗਏ। ਸੱਭਿਅਤਾ ਹੋਰ ਕਮਜ਼ੋਰ ਹੁੰਦੀ ਚਲੀ ਗਈ, ਦੇਸ਼ 'ਤੇ ਮੁਸੀਬਤਾਂ ਦੇ ਪਹਾੜ ਡਿੱਗਦੇ ਗਏ।

ਪ੍ਰਚੱਲਤ ਧਾਰਮਕ ਵਰਤਾਰੇ ਵਿੱਚ ਸਤਿਗੁਰੂ ਨਾਨਕ ਸਾਹਿਬ ਜੀ ਨੇ ਕ੍ਰਾਂਤੀਕਾਰੀ ਨਵੀਨਤਾ ਲਿਆਂਦੀ। ਜਿਥੇ ਪਹਿਲਾਂ ਕਿਰਤੀ ਦੁਰਕਾਰਿਆ ਜਾਂਦਾ ਸੀ, ਹੁਣ ਸਵਿਕਾਰਿਆ ਜਾਣ ਲੱਗਾ। ਜੇ ਪਹਿਲਾਂ "ਤਿਆਗੀ ਸਾਧ" ਧਰਮੀ ਹੋਣ ਦਾ ਖ਼ੁਦ ਢੰਡੋਰਾ ਪਿੱਟ ਰਹੇ ਸਨ ਤੇ ਗ੍ਰਿਸਤੀਆਂ ਨੂੰ ਅਧਰਮੀ ਜਾਂ ਪਾਪੀ ਹੋਣਾ ਗਰਦਾਨ ਰਹੇ ਸਨ ਤਾਂ ਸਤਿਗੁਰੂ ਜੀ ਨੇ ਵਿਹਲੜਾਂ ਨੂੰ ਫਿਟਕਾਰ ਪਾਈ ਤੇ ਹੱਥੀਂ ਕਿਰਤ ਕਰਨ ਵਾਲਿਆਂ ਦਾ ਮਾਣ ਵਧਾਇਆ। ਗੁਰੂ ਨਾਨਕ ਸਾਹਿਬ ਜੀ ਨੇ ਖ਼ੁਦ ਖੇਤੀ ਵਾਹੀ, ਨੌਕਰੀ, ਦੁਕਾਨਦਾਰੀ ਆਦਿ ਸਾਰੇ ਕੰਮ ਬਿਨਾਂ ਸੰਕੋਚ ਕੀਤੇ। ਹਰ ਮਨੁੱਖ ਮਾਤਰ ਨੂੰ ਆਪਣੇ ਜਿੰਮੇ ਲੱਗੀ, ਇਮਾਨਦਾਰੀ ਨਾਲ "ਸੇਵਾ" ਸਮਝ ਕੇ ਕਰਨ ਦੀ ਹਦਾਇਤ ਕੀਤੀ। ਨਵੇਂ ਵਸਾਏ ਸਿੱਖਿਆ ਕੇਂਦਰ ਕਰਤਾਰਪੁਰ ਵਿਖੇ ਇਸ ਤਰੀਕੇ ਦੀ ਅਮਲੀ ਜੀਵਨ ਜਾਚ ਦਾ ਮਾਡਲ

ਸਤਿਗੁਰੂ ਖ਼ੁਦ ਸਨ। ਬਹੁਤੇ ਲੋਕੀਂ ਪੁਰਾਤਨ ਬ੍ਰਾਹਮਣੀ ਸੋਚ ਵਿੱਚ ਢਲੇ ਹੋਣ ਕਾਰਨ ਗੁਰੂ ਨਾਨਕ ਸਾਹਿਬ ਜੀ ਨੂੰ ਭੀ ਇੱਕ ਡੇਰੇਦਾਰ ਸਾਧ ਹੀ ਸਮਝਦੇ ਸਨ। ਜਦੋਂ ਨਿੱਤ ਦੀ ਕਿਰਿਆ (ਟਾਈਮ ਟੇਬਲ) ਵੇਖਦੇ ਤਾਂ ਉਨ੍ਹਾਂ ਨੂੰ ਕੁੱਝ ਵਖਰੇਵਾਂ ਨਜ਼ਰ ਪੈਂਦਾ। ਸਵੇਰ ਤੋਂ ਲੈ ਕੇ ਸ਼ਾਮ ਤੱਕ, ਹਰ ਕੰਮ ਸਤਿਗੁਰੂ ਜੀ ਦੀ ਨਿਗਰਾਨੀ ਅਤੇ ਇੱਛਾ ਮੁਤਾਬਕ ਹੁੰਦਾ। ਸਾਰਿਆਂ ਨੂੰ ਸਰੀਰਕ ਸਮਰੱਥਾ ਅਤੇ ਮੁਹਾਰਤ ਮੁਤਾਬਕ ਕੰਮ (ਸੇਵਾ) ਦਿੱਤੇ ਜਾਂਦੇ। ਬਿਨਾਂ ਵਿਤਕਰੇ ਤੋਂ ਰਲ ਕੇ ਲੰਗਰ ਬਣਾਉਂਦੇ ਤੇ ਵੰਡ ਕੇ ਛਕਦੇ। ਸਤਿਗੁਰੂ ਜੀ ਦੀ ਨਜ਼ਰ ਵਿੱਚ ਝਾੜੂ ਦੀ ਸੇਵਾ ਤੋਂ ਲੈ ਕੇ ਧਰਮ ਉਪਦੇਸ਼ ਕਰਨ ਤੱਕ, ਹਰ ਕੰਮ ਬ੍ਰਾਬਰ ਦੀ "ਸੇਵਾ" ਸੀ। ਗੁਰੂ ਘਰ ਵਿੱਚ ਹਰ ਪ੍ਰਕਾਰ ਦੀ ਕਿਰਤ ਨੂੰ ਸਤਿਕਾਰ ਦਿੱਤਾ ਗਿਆ ਤੇ ਕਿਰਤੀ ਮਨੁੱਖ ਨੀਵਾਂ ਨਾ ਰਹਿ ਕੇ, ਬ੍ਰਾਬਰ ਦਾ ਇਨਸਾਨ ਸਮਝਿਆ ਜਾਣ ਲੱਗਾ।

ਬਾਲਕ ਗੋਬਿੰਦ ਰਾਏ ਦੀ ਸਿੱਖਿਆ ਦੀ ਕੋਈ ਟੋਹ ਨਹੀਂ ਮਿਲਦੀ। ਗੁਰਬਾਣੀ, ਅਰਬੀ, ਫ਼ਾਰਸੀ, ਸੰਸਕ੍ਰਿਤ, ਘੋੜ ਸਵਾਰੀ, ਤੀਰ ਅੰਦਾਜ਼ੀ, ਨੇਜ਼ਾ, ਬੰਦੂਕ, ਤੇਗ ਅਤੇ ਤਲਵਾਰ ਕਦੋਂ ਸਿੱਖੇ, ਕੋਈ ਜ਼ਿਕਰ ਨਹੀਂ। ਸਭ ਕੁੱਝ ਸਿੱਖਣ ਵਕਤ ਜੋ ਕੁੱਝ ਉਹ ਕਰਦੇ ਦਰਸਾਏ ਗਏ ਹਨ, ਉਹ ਹੈ ਨੌਜਵਾਨ ਲੜਕੀਆਂ ਦੇ ਘੜੇ ਭੰਨ੍ਹਣ ਦਾ ਸ਼ੁਗਲ। ਮਾਤਾ ਗੁਜਰੀ ਜੀ ਕੋਲ ਇਸ "ਸ਼ਰਾਰਤ" ਦੀ ਸ਼ਿਕਾਇਤ ਹੋਣ 'ਤੇ ਮਾਤਾ ਜੀ ਨੇ ਆਪਣੇ "ਕਾਕੇ" ਨੂੰ ਸਮਝਾਉਣ ਦੀ ਥਾਂਵੇ, ਬੇਵੱਸ ਲੜਕੀਆਂ ਨੂੰ ਲੋਹੇ ਦੀਆਂ ਗਾਗਰਾਂ ਖ਼ਰੀਦ ਦਿੱਤੀਆਂ। ਅਖੇ, ਇਨ੍ਹਾਂ 'ਤੇ ਗੁਲੇਲਾਂ ਮਾਰ ਨਹੀਂ ਕਰ ਸਕਣਗੀਆਂ। "ਕੁਰਾਹੇ" ਪਏ ਬਾਲਕ ਗੋਬਿੰਦ ਰਾਏ ਨੇ ਤੀਰ ਕਮਾਨ ਲੈ ਕੇ ਗਾਗਰਾਂ ਵਿੰਨ੍ਹਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਉਨ੍ਹਾਂ ਬੀਬੀਆਂ ਨੇ ਕੀ ਕੀਤਾ ? "ਇਤਿਹਾਸ" ਮੌਨਧਾਰੀ ਹੈ। ਸ਼ਰਮ ਦੀਆਂ ਮਾਰੀਆਂ ਸ਼ਾਇਦ ਬਾਹਰ ਹੀ ਨਿਕਲਣੋਂ ਹਟ ਗਈਆਂ ਹੋਣ। ਹਾਂ ਮਾਤਾ ਗੁਜਰੀ ਜੀ ਨੇ ਖੂਹ ਦਾ ਪਾਣੀ ਖਾਰਾ ਹੋਣ ਦਾ "ਸ਼ਰਾਪ" ਦੇ ਦਿੱਤਾ ਸੀ। ਲੜਕੀਆਂ ਪਾਣੀ ਲੈਣ ਆਉਣੋਂ ਹੀ ਹਟ ਗਈਆਂ। ਪਰ ਗੋਬਿੰਦ ਰਾਏ ਨਾ ਹਟੇ.....। ਅਚਨਚੇਤੀ ਗੋਬਿੰਦ ਰਾਏ ਜੀ ਨੂੰ ਗੱਦੀ ਸੰਭਾਲ ਕੇ ਨੌਵੇਂ ਨਾਨਕ "ਸ਼ਹੀਦੀ ਦੇਣ ਲਈ" (?) ਦਿੱਲੀ ਨੂੰ ਚਲੇ ਗਏ। ਇਸ ਸਾਰੇ ਅਖੌਤੀ ਪ੍ਰਚੱਲਤ "ਇਤਿਹਾਸ" ਵਿੱਚ ਕੇਵਲ "ਸੇਵਾ" ਜਾਂ "ਸ਼ਰਾਰਤਾਂ" ਦਾ ਬੜਾ ਜ਼ਿਕਰ ਹੈ। ਗੁਰਗੱਦੀ 'ਤੇ ਬਿਰਾਜਮਾਨ ਗੁਰ ਵਿਅਕਤੀ ਆਪਣੇ ਉੱਤਰ ਅਧਿਕਾਰੀ ਦੀ ਤਿਆਰੀ ਵਾਸਤੇ ਕੋਈ ਉਚੇਚੇ ਯਤਨ ਨਹੀਂ ਕਰਦੇ ਸਨ ? ਕੇਵਲ ਬਰਤਣ ਸਾਫ਼ ਕਰਨ ਨਾਲ, ਝਾੜੂ-ਪੋਚਾ ਦੇਣ ਨਾਲ, ਲੰਗਰ ਪਕਾਉਣ ਨਾਲ... ਇਤਨੀ ਆਤਮਕ ਉੱਚਤਾ ਹੋ ਸਕਦੀ ਹੈ ਕਿ ਸੇਵਾ ਤੋਂ ਤਰੁੱਠ ਕੇ ਗੁਰੂ ਨਾਨਕ ਪਾਤਿਸ਼ਾਹ ਦੀ ਰੱਬੀ ਬਖ਼ਸ਼ਿਸ਼ (ਗੁਰਗੱਦੀ) ਸਿੱਖ ਪੰਥ ਦੀ ਵਾਗ ਡੋਰ ਸੌਂਪੀ ਜਾ ਸਕੇ ? ਇੱਕ ਸਾਧਾਰਣ ਵਿਅਕਤੀ ਹਲ ਵਾਹ ਲਵੇ, ਮੱਝਾਂ ਸਾਂਭ ਲਵੇ, ਲੰਗਰ ਬਣਾ ਕੇ ਛਕਾ ਲਵੇ, ਜੰਗ-ਯੁੱਧ ਵਿੱਚ ਤੇਗ ਵਾਹ ਸਕੇ.....। ਪਰ ਇਨ੍ਹਾਂ ਕੰਮਾਂ ਕਰ ਕੇ ਉਹ ਇੰਨਾ ਮਹਾਨ ਹੋ ਸਕਦਾ ਹੈ, ਸਰਬ ਪੱਖੀ ਪ੍ਰਤੀਬਾ ਦਾ ਮਾਲਕ ਹੋ ਸਕਦਾ ਹੈ ? ਵੱਡੇ-ਵੱਡੇ ਧਾਰਮਕ ਅਸਥਾਨਾਂ ਦੇ ਮੁਖੀਆਂ ਨਾਲ ਵਿਚਾਰ ਚਰਚਾ ਕਰਨੀ, ਆਪਣੇ ਧਰਮ ਦੇ ਅਸੂਲਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਦੂਜਿਆਂ ਨੂੰ ਸਮਝਾਉਣਾ ਕੀ

ਛੋਟੀ ਜਿਹੀ ਗੱਲ ਹੈ ? ਸਮਾਜ ਦੇ ਤਰ੍ਹਾਂ-ਤਰ੍ਹਾਂ ਦੇ ਸੁਭਾਅ ਵਾਲੇ ਲੋਕਾਂ ਨੂੰ ਸੰਤੁਸ਼ਟ ਕਰ ਕੇ, ਆਪਣੇ ਨਾਲ ਸਹਿਮਤ ਕਰ ਲੈਣਾ, ਕੀ ਮਾਮੂਲੀ ਜਿਹੀ ਗੱਲ ਹੈ ? ਰਾਜੇ-ਰਜਵਾੜਿਆਂ ਸਨਮੁੱਖ, ਨਵਾਬਾਂ-ਚੌਧਰੀਆਂ ਸਾਹਮਣੇ ਬੇਬਾਕੀ ਨਾਲ ਵਿਚਾਰ ਚਰਚਾ ਕਰਨੀ, ਆਪਣੇ ਧਰਮ ਬਾਰੇ ਦੱਸਣਾ, ਸਮਾਜ 'ਤੇ ਹੋ ਰਹੇ ਜ਼ੁਲਮ ਨੂੰ ਹਾਕਮ ਸਨਮੁੱਖ ਰੱਖਣਾ.....ਕੀ ਇਹ ਮਾਮੂਲੀ ਗੱਲਾਂ ਹਨ ? ਅਜਿਹੇ ਉੱਚੇ ਦਿਮਾਗ, ਸੁੱਚੇ ਜੀਵਨ ਵਾਲੇ ਵਿਅਕਤੀ ਕੇਵਲ "ਸ਼ੇਵਾ" ਦੀ ਬਦੌਲਤ ਤਿਆਰ ਕੀਤੇ ਜਾ ਸਕਦੇ ਹਨ ? ਨਵੇਂ ਨਵੇਕਲੇ ਅਗਾਂਹ ਵਧੂ, ਸੂਰਮੇ ਪਰਉਪਕਾਰੀ (ਸੰਤ ਸਿਪਾਹੀ ਜਾਂ ਗੁਰਮੁੱਖ) ਸ਼ਾਂਤੀ ਦੇ ਪੁੰਜ, ਚਰਖੜੀਆਂ 'ਤੇ ਚੜ੍ਹਨ ਵਾਲੇ, ਕਾਬਲ-ਕੰਧਾਰ ਦੇ ਤਖ਼ਤਾਂ-ਤਾਜਾਂ ਨੂੰ ਕਾਂਬਾ ਛੇੜ ਦੇਣ ਵਾਲੇ, ਇਨਸਾਨੀਅਤ ਦੇ "ਮਾਡਲ" ਸਿਰਫ਼ ਕੁੱਝ ਕੁ ਸੇਵਾ ਕਰ ਕੇ ਪ੍ਰਵਾਨ ਚੜ੍ਹ ਸਕਦੇ ਹਨ ? ਜੀ ਨਹੀਂ ! ਇਸ ਵੱਡੀ ਪਲਾਨਿੰਗ (ਰੂਪ ਰੇਖਾ) ਲਈ ਹਜ਼ਾਰਾਂ ਮਨੁੱਖਾਂ ਨੂੰ ਬਹੁਪੱਖੀ ਸਿਖਲਾਈ ਦਿੱਤੀ ਗਈ। ਸਮੇਂ-ਸਮੇਂ 'ਤੇ ਅਣਗਿਣਤ ਇਮਤਿਹਾਨ ਲਏ ਜਾਂਦੇ ਰਹੇ। ਸਾਰੇ ਵਿਸ਼ਿਆਂ ਵਿੱਚੋਂ ਸ਼੍ਰੋਮਣੀ ਦਰਜਾ ਹਾਸਲ ਕਰਨ ਵਾਲਾ (ਟਾਪ ਜਾਂ ਗੋਲਡ ਮੈਡਲਿਸਟ) ਗੁਰਮੁੱਖ ਜਨ ਗੁਰੂ ਨਾਨਕ ਦੀ ਗੱਦੀ ਦਾ ਵਾਰਿਸ ਥਾਪਿਆ ਗਿਆ। ਕੁੱਝ "ਘੱਟ ਨੰਬਰ ਲੈਣ ਵਾਲਿਆਂ ਨੂੰ ਦੇਸ਼-ਵਿਦੇਸ਼ ਵਿੱਚ, ਧਰਮ ਪ੍ਰਚਾਰਕਾਂ ਦੀ ਜ਼ਿੰਮੇਵਾਰੀ ਬਖ਼ਸ਼ੀ ਜਾਂਦੀ ਸੀ। ਗੁਰੂ ਨਾਨਕ ਪਰਉਪਕਾਰੀ ਜੀ ਨੇ ਜੋ ਮਨੁੱਖਤਾ ਲਈ ਲਾਸਾਨੀ ਕਾਰਜ ਕੀਤੇ, ਕੀ ਉਹ "ਸੇਵਾ" ਨਹੀਂ ਸੀ ? ਹੱਥੀਂ ਸੇਵਾ ਕਰਨੀ ਜ਼ਿੰਦਗੀ ਦਾ ਇੱਕ ਪਹਿਲੂ ਹੈ, ਸਭ ਕੁੱਝ ਹੀ ਨਹੀਂ ਹੈ। ਸਦੀਆਂ ਤੋਂ ਵਿੱਦਿਆ ਵੱਲੋਂ ਸੱਖਣਿਆਂ ਨੂੰ ਗਿਆਨਵਾਨ ਬਣਾਉਣਾ, ਕੀ "ਸੇਵਾ" ਨਹੀਂ ਹੈ ? ਪਸ਼ੂਆਂ ਵਰਗਾ ਗ਼ੁਲਾਮੀ ਵਾਲਾ, ਗ਼ੈਰਤਹੀਣ ਜੀਵਨ ਬਤੀਤ ਕਰਨ ਵਾਲ਼ੇ, ਅਤੀ ਪਛੜੇ ਸਮਾਜ ਨੂੰ, ਧਰਮੀ ਪੁਰਸ਼ ਧਰਉਪਕਾਰੀ, ਸੂਰਮੇ, ਅਣਖ ਸਵੈਮਾਣ ਬਦਲੇ ਹੱਸ-ਹੱਸ ਜਾਨਾਂ ਕੁਰਬਾਨ ਕਰਨ ਵਾਲੇ, ਸੰਚੇ ਵਿੱਚ ਤਬਦੀਲ ਕਰ ਦੇਣਾ ਕੀ "ਮਹਾਨ ਸੇਵਾ" ਨਹੀਂ ਹੈ ?

ਲੰਮਾ ਸਮਾਂ ਅਣਪੜ੍ਹ ਤੇ ਡਰਪੋਕ ਕਿਸਮ ਦੀ ਬਿਰਤੀ ਵਾਲੇ ਸਾਧਾਂ-ਸੰਤਾਂ ਦਾ ਧਰਮ ਅਸਥਾਨਾਂ 'ਤੇ ਗਲਬਾ ਰਿਹਾ। ਉਨ੍ਹਾਂ ਜਿੱਥੇ ਹਿੰਦੂ ਪੌਰਾਣਕ ਕਥਾਵਾਂ ਦਾ ਕੂੜ-ਕਬਾੜ ਵੱਡੇ ਪੱਧਰ 'ਤੇ ਗੁਰਮਤਿ ਵਿੱਚ ਦਾਖ਼ਲ ਕੀਤਾ, ਉਥੇ "ਸੇਵਾ" ਦਾ ਸੰਕਲਪ ਹੀ ਘੱਟੇ 'ਚ ਰੋਲ ਦਿੱਤਾ। ਕੁੱਝ ਮਾਇਆ ਜਾਂ ਅੰਨ-ਬਸਤਰ ਗੁਰਦਵਾਰੇ ਅਰਪਣ ਕਰਨੇ ਜਾਂ ਲੰਗਰ ਆਦਿ ਦੀ ਤਿਆਰੀ ਵਿੱਚ ਯੋਗਦਾਨ ਪਉਣਾ ਹੀ "ਸੇਵਾ" ਐਲਾਨੀ ਗਈ। ਜੇ ਕਿਸੇ ਦੋ ਕਦਮ ਅਗਾਂਹ ਪੁੱਟੇ ਤਾਂ ਸੰਤ-ਬਾਬੇ ਦੀਆਂ ਲੱਤਾਂ ਬਾਹਵਾਂ ਘੁੱਟਣੀਆਂ, ਇਸ਼ਨਾਨ ਕਰਾਉਣਾ ਜਾਂ ਮਾਲਸ਼ਾਂ ਕਰਨੀਆਂ ਤੱਕ ਪੁੱਜ ਗਏ। ਬਾਬਾ ਜੀ ਦੇ ਬਸਤਰ ਧੋ ਦੇਣੇ, ਮੰਜਾ-ਬਿਸਤਰਾ ਸੈੱਟ ਕਰ ਦੇਣਾ, ਵਧੀਆ ਪਕਵਾਨ ਛਕਾ ਦੇਣੇ, ਵਾਲੀ "ਸੇਵਾ" ਪ੍ਰਮੁੱਖਤਾ ਧਾਰਨ ਕਰਦੀ ਗਈ। ਗੁਰਬਾਣੀ ਪੜ੍ਹਨੀ-ਵਿਚਾਰਨੀ, ਗੁਣਾਂ ਭਰਪੂਰ ਜੀਵਨ ਬਣਾਉਣਾ ਸੇਵਾ ਵਾਲੇ ਖਾਨੇ ਵਿੱਚੋਂ ਅਲੋਪ ਹੁੰਦਾ ਚਲਾ ਗਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਅੱਜ ਦਾ ਸਿੱਖ ਮਾਈ ਭਾਈ ਲੰਗਰ ਵਿੱਚ ਪਸੀਨੋ-ਪਸੀਨੀ ਹੋਇਆ ਮਿਲ ਜਾਵੇਗਾ। ਸਾਈਕਲ-ਸਕੂਟਰ ਸਾਂਭਣੇ, ਜੋੜੇ ਪਾਲਿਸ਼ ਕਰਨੇ, ਪਾਣੀ ਪਿਲਾਉਣਾ, ਝਾੜੂ ਫੇਰਨਾ

ਆਦਿ ਦੀ "ਪਵਿੱਤਰ ਸੇਵਾ" ਕਰਦਾ ਤਾਂ ਥੋਕ ਵਿੱਚ ਮਿਲ ਜਾਵੇਗਾ। ਗੁਰਬਾਣੀ ਨੂੰ ਸਮਝਣ-ਸਮਝਾਉਣ ਵਾਲਾ, ਸਿੱਖ ਸਿਧਾਂਤਾਂ ਦੀ ਸਹੀ ਤਰਜਮਾਨੀ ਕਰਨ ਵਾਲਾ ਕੋਈ ਵਿਰਲਾ ਜਨ ਲੱਭੇਗਾ। ਇਸੇ ਲਈ ਗਿਆਨਵਾਨ ਬਹਾਦਰਾਂ ਦੀ ਸਿੱਖ ਕੌਮ, ਅੱਜ ਮੂੜ੍ਹਤਾ ਵਿੱਚ ਗਰਕ ਹੋਈ, ਕਾਇਰਤਾ ਵਿੱਚ ਡੁੱਬੀ, ਸੰਸਾਰ ਸਾਹਮਣੇ ਤਰਸ ਦੀ ਪਾਤਰ ਬਣੀ ਵੇਖੀ ਜਾ ਸਕਦੀ ਹੈ। ਜੋ ਸਿੱਖ ਪੰਥ ਗਿਆਨ ਤੇ ਬਹਾਦਰੀ ਦੇ ਨਵੇਂ ਕੀਰਤੀਮਾਨ ਸਥਾਪਤ ਕਰਦਾ ਰਿਹਾ ਸੀ, ਅੱਜ ਉਹੀ "ਦੂਲਾ ਪੰਥ" ਮੜ੍ਹੀਆਂ-ਕਬਰਾਂ ਦਾ ਪੁਜਾਰੀ ਜਾਂ ਅੱਖਾਂ ਮੀਟੀ ਭੇਡਾਂ ਵਾਂਗ ਸਿਰ ਸੁੱਟੀ ਸਾਧਾਂ ਦੇ ਡੇਰਿਆਂ ਵੱਲ ਵਹੀਰਾਂ ਬੰਨ੍ਹੀ ਜਾ ਰਿਹਾ ਹੈ। ਧਾਗੇ-ਤਵੀਤ, ਜਾਦੂ-ਮੰਤਰ, ਭੂਤ-ਪ੍ਰੇਤ, ਨਰਕ-ਸੁਰਗ, ਤੀਰਥ, ਵਰਤ, ਸ਼ਰਾਧ, ਮੱਸਿਆ-ਪੁੰਨਿਆ, ਪਸ਼ੂਆਂ-ਪੰਛੀਆਂ, ਰੁੱਖਾਂ ਤੋਂ ਲੈ ਕੇ ਬੰਦਿਆਂ ਤੱਕ ਸਭ ਦੀ ਪੂਜਾ ਕਰਦੇ "ਮੂੜ ਸਿੱਖ" ਆਮ ਵੇਖੇ ਜਾ ਸਕਦੇ ਹਨ। ਅਜਿਹੀ ਸੁਰਤੀ-ਬਿਰਤੀ ਵਾਲੇ "ਸੇਵਕ" ਨੂੰ ਕਿਸੇ ਖੂਹ ਵਿੱਚ ਧੱਕਾ ਦੇ ਦਿਉ, ਉਹ ਕੋਈ ਉੱਜਰ ਨਹੀਂ ਕਰੇਗਾ ਕਿਉਂਕਿ ਉਸ ਦੇ ਅੰਦਰੋਂ ਵਿਵੇਕਸ਼ੀਲਤਾ ਖ਼ਤਮ ਹੋ ਗਈ ਹੈ। ਅਣਖ-ਗ਼ੈਰਤ ਮਰ ਚੁੱਕੀ ਹੈ, ਇਨਸਾਨੀਅਤ (ਗੁਰਸਿੱਖੀ) ਨੇੜੇ-ਤੇੜੇ ਭੀ ਨਹੀਂ ਹੈ, ਇਸ ਲਈ ਉਸ ਨੂੰ ਜਿਸ ਖੁਰਲੀ 'ਤੇ ਬੰਨ੍ਹ ਕੇ ਪੱਠੇ ਪਾ ਦਿਉ, ਉਥੇ ਹੀ ਸੁਸ਼ੀਲ ਬਣਿਆ ਖਲੋਤਾ ਰਹੇਗਾ।

ਸਮਾਂ ਬੀਤਣ ਨਾਲ ਗਿਆਨ ਤੋਂ ਖਾਲੀ "ਸੇਵਾਦਾਰ" ਸ਼ੂਦਰ (ਨੀਚ) ਬਣ ਗਿਆ। ਵਿਹਲੜ ਬੰਦਾ ਸੇਵਾ ਕਰਵਾਉਣ ਵਾਲਾ, ਚਾਲਾਕ ਪੁਜਾਰੀ (ਸਾਧ-ਸੰਤ) ਉੱਚਾ ਬਣ ਬੈਠਾ। ਨਾ ਸਮਝ ਸੇਵਕਾਂ ਦੀ ਕਿਰਤ ਕਮਾਈ, ਚਾਲਾਕ ਪੁਜਾਰੀਆਂ ਦੇ ਢਿੱਡੀ ਪੈਂਦੀ ਚਲੀ ਗਈ। ਨਾ ਸਮਝ ਸੇਵਕਾਂ ਦੇ ਬੱਚੇ ਭੁੱਖੇ ਵਿਲਕਣ ਲੱਗੇ ਤੇ ਸ਼ਾਤਰ ਸਾਧ ਲਾਣੇ ਦੀਆਂ ਸੱਤੇ ਖੈਰਾਂ। ਕਿਰਤੀਆਂ ਦੀ ਸਾਰੀ ਕਮਾਈ ਲੁੱਟ ਕੇ ਬਾਬਿਆਂ ਨੇ ਉਸ ਨੂੰ ਅਗਲੇ ਜਨਮ ਦੇ ਸੁੱਖਾਂ ਦਾ ਪਰਵਾਨਾ ਦੇ ਦਿੱਤਾ। ਖ਼ੁਦ ਸੰਤ ਜੀ, ਇਸੇ ਜਨਮ ਵਿੱਚ ਬਿਨਾਂ ਡੱਕਾ ਦੂਹਰਾ ਕੀਤੇ, ਸਵਰਗਾਂ ਵਰਗਾ ਸੁੱਖ ਇਸੇ ਧਰਤੀ 'ਤੇ ਮਾਨਣ ਲੱਗੇ। ਜੇ ਸੇਵਾ ਬਹੁਤ ਚੰਗੀ ਹੈ ਤੇ ਸਾਧ-ਸੰਤ ਤਾਂ ਸਰੀਰ ਨੂੰ ਤੱਤੀ ਹਵਾ ਨਹੀਂ ਲੱਗਣ ਦੇ ਰਹੇ। ਇਹ ਸਰੀਰਕ ਸੇਵਾ ਉਨ੍ਹਾਂ ਵਿਹਲੜਾ ਵਾਸਤੇ ਜ਼ਰੂਰੀ ਨਹੀਂ ਸੀ ? ਸੇਵਾ ਬਾਰੇ ਸਤਿਗੁਰੂ ਜੀ ਨੇ ਬਹੁਤ ਕੁੱਝ ਲਿਖਿਆ ਹੈ। ਕੁੱਝ ਪਰਮਾਣ ਹਾਜ਼ਰ ਹਨ –

ਸੇਵ ਕੀਤੀ ਸੰਤੋਖਈ ਜਿਨੀ ਸਚੋ ਸਚੁ ਧਿਆਇਆ ॥
ਓਨੀ ਦੁਨੀਆਂ ਤੋੜੇ ਬੰਧਨਾ ਅੰਨ ਪਾਣੀ ਥੋੜਾ ਖਾਇਆ ॥
ਓਨੀ ਮੰਦੇ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥... (467)

ਸਤਿਗੁਰੂ ਜੀ ਸਮਝਾ ਰਹੇ ਹਨ; ਸੇਵਕ ਸੰਤੋਖੀ ਜੀਵਨ ਧਾਰਨ ਕਰੇ ਤੇ ਸੱਚ ਦੇ ਮਾਰਗ 'ਤੇ ਚੱਲੇ। ਸੇਵਕ ਦੁਨੀਆਂ ਦੇ ਗ਼ਲਤ ਬੰਧਨਾਂ, ਰੁਕਾਵਟਾਂ ਨੂੰ ਤੋੜ ਦੇਵੇ, ਸੋਚਣੀ ਆਜ਼ਾਦ ਕਰ ਲਵੇ, ਸਰੀਰਕ ਸੁਆਦਾਂ ਪਿੱਛੇ ਹੀ ਨਾ ਪਿਆ ਰਹੇ। ਜ਼ਿੰਦਗੀ ਨੂੰ ਮੰਦੇ ਰਾਹ ਚੱਲ ਕੇ ਬਰਬਾਦ ਨਾ ਕਰ ਲਵੇ, ਇੱਕ ਕਦਮ ਭੀ ਗ਼ਲਤ ਪਾਸੇ ਨਾ ਟੁਰੇ। ਸੇਵਕ ਉਹ ਹੈ ਜੋ ਸੁਕ੍ਰਿਤ, ਨੇਕ ਕਮਾਈ ਕਰਦਿਆਂ ਆਪਣੇ ਪ੍ਰਵਾਰ ਦੀ ਸੰਭਾਲ ਕਰਦਾ ਹੈ। ਇਸ ਨੇਕੀ ਵਾਲੇ ਰਾਹ

'ਤੇ ਚੱਲਣ ਵਾਲਾ ਪੂਰੀ ਤਰ੍ਹਾਂ ਧਰਮੀ ਇਨਸਾਨ ਮੰਨਿਆ ਜਾਵੇਗਾ। ਹੋਰ ਫੁਰਮਾਨ ਹੈ :-

ਸੋਈ ਸੇਵਕ ਜੋ ਸਤਿਗੁਰੁ ਸੇਵੇ ਚਲੈ ਸਤਿਗੁਰੂ ਭਾਏ ॥
ਸਚਾ ਸਬਦ ਸਿਫਤ ਹੈ ਸਚੀ ਸਚਾ ਮੰਨਿ ਵਸਾਏ ॥ (753)

ਅਸਲੀ ਸੇਵਕ ਉਹ ਹੈ ਜੋ ਸਤਿਗੁਰੂ ਦੇ ਉਪਦੇਸ਼ ਨੂੰ ਸਦਾ ਚੇਤੇ ਰੱਖਦਾ ਹੈ। ਇਸੇ ਲਈ ਉਹ ਸਤਿਗੁਰੂ ਜੀ ਦੀ ਦੱਸੀ ਬਿਧੀ ਮੁਤਾਬਕ ਜ਼ਿੰਦਗੀ ਜਿਉਂਦਾ ਹੈ। ਗੁਰੂ ਦਾ ਉਪਦੇਸ਼ ਸੱਚਾ ਹੈ, ਉਹ ਸਿੱਖ ਨੂੰ ਕੁਰਾਹੇ ਨਹੀਂ ਪਾਉਂਦਾ, ਇਹੀ ਸਤਿਗੁਰੂ ਦੀ ਸੱਚੀ ਵਡਿਆਈ ਹੈ। ਫਿਰ ਸੱਚਾ ਅਕਾਲ ਪੁਰਖ ਸਦਾ ਵਾਸਤੇ ਸੇਵਕ ਸਿੱਖ ਦੇ ਹਿਰਦੇ ਵਿੱਚ ਵੱਸ ਜਾਂਦਾ ਹੈ। ਸੇਵਕ ਥਿੜਕਦਾ ਨਹੀਂ ਹੈ, ਜ਼ਿੰਦਗੀ ਸਫਲੀ ਕਰ ਲੈਂਦਾ ਹੈ। ਹੋਰ-

ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰੁ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਬਿਕਾਰੁ ॥ (65)

ਹੇ ਭਾਈ! ਉਹ ਮਨੁੱਖ ਸੱਚੇ ਹਨ, ਵਿਕਾਰਾਂ ਦੀ ਮੈਲ ਤੋਂ ਰਹਿਤ ਹਨ, ਜਿਨ੍ਹਾਂ ਨੂੰ ਸਤਿਗੁਰੂ ਨਾਲ ਦਿਲੀ ਪਿਆਰ ਹੈ। ਕਿਉਂਕਿ ਉਹ ਸਤਿਗੁਰੂ ਦਾ ਹੁਕਮ ਮੰਨ ਕੇ ਜ਼ਿੰਦਗੀ ਬਤੀਤ ਕਰਦੇ ਹਨ। ਵਿਕਾਰਾਂ ਵਾਲਾ ਜ਼ਹਿਰ ਭਰਿਆ ਜੀਵਨ ਤਿਆਗ ਦਿੰਦੇ ਹਨ। ਹੋਰ ਵੇਖੋ -

ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥
ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ ॥ (649)

ਸਤਿਗੁਰੂ ਵੱਲੋਂ ਬਖ਼ਸ਼ੀ ਜੀਵਨ ਸੇਧ ਬਹੁਤ ਔਖੀ ਹੈ, ਆਪਣੀ ਮੱਤ, ਆਪਣਾ ਆਪਾ ਪੂਰੀ ਤਰ੍ਹਾਂ ਛੱਡਣਾ ਪੈਂਦਾ ਹੈ। ਗੁਰੂ ਦੇ ਹੁਕਮ ਨੂੰ ਮੰਨ ਕੇ ਵਿਕਾਰਾਂ ਵੱਲੋਂ ਮਨ ਨੂੰ ਮਾਰ ਲੈਣ, ਫਿਰ ਉਨ੍ਹਾਂ ਦੀ ਆਤਮਕ ਮੌਤ ਨਹੀਂ ਹੋਵੇਗੀ। ਅਜਿਹੇ ਗੁਰਸਿੱਖਾਂ ਦੀ ਸੇਵਾ ਫਿਰ ਪਰਵਾਨ ਹੋਈ ਮੰਨੀ ਜਾਵੇਗੀ। ਭਾਈ ਗੁਰਦਾਸ ਜੀ ਦਾ ਵਾਕ -

ਜਗ ਭੋਗ ਨਈਵੇਦ ਲਖ, ਗੁਰਮੁਖਿ ਮੁਖਿ ਇਕੁ ਦਾਣਾ ਪਾਇਆ ॥
ਗੁਰ ਭਾਈ ਸੰਤੁਸਟ ਕਰਿ, ਗੁਰਮੁਖਿ ਸੁਖ ਫਲੁ ਪਿਰਮ ਰਖਾਇਆ ॥ (7-13)

ਭਾਈ ਸਾਹਿਬ ਜੀ ਦੱਸ ਰਹੇ ਹਨ ਕਿ ਲੋਕੀਂ ਜੱਗ ਕਰਦੇ ਹਨ, ਦੇਵਤਿਆਂ ਨਮਿਤ, ਮੂਰਤੀਆਂ ਨੂੰ, ਪੁਜਾਰੀਆਂ ਨੂੰ, ਭੋਗ ਲਵਾਉਂਦੇ ਹਨ। ਅਜਿਹੇ ਲੱਖਾਂ ਭਰਮ ਰੂਪ ਕੰਮ ਕਰਦੇ ਹਨ। ਮਨੁੱਖਤਾ ਲਈ ਆਪਾ ਵਾਰਨ ਵਾਲੇ, ਪਰਉਪਕਾਰੀ ਗੁਰਸਿੱਖ ਨੂੰ, ਇੱਕ ਦਾਣਾ (ਭਾਵ ਥੋੜਾ ਜਿੰਨਾ) ਛਕਾਇਆ, ਹੋਰ ਸਭ ਕਰਮਾਂ ਤੋਂ ਉੱਤਮ ਹੈ। ਆਪਣੇ ਆਲੇ-ਦੁਆਲੇ ਰਹਿ ਰਹੇ ਗੁਰਸਿੱਖਾਂ ਦੀ ਹਰ ਤਰ੍ਹਾਂ ਸਹਾਇਤਾ ਕੀਤੀ ਜਾਵੇ। ਲੋੜਵੰਦਾਂ ਦੀ ਕੀਤੀ ਗ਼ਈ ਨਿਸ਼ਕਾਮ ਸੇਵਾ, ਪ੍ਰਭੂ-ਪ੍ਰਮਾਤਮਾ ਦੀ ਹੀ ਸੇਵਾ ਹੈ। ਇਹੀ ਸੇਵਾ ਹੈ ਜੋ ਪਰਮ ਸੁੱਖ ਦਿੰਦੀ ਹੈ।

ਅਨੇਕਾਂ ਡੇਰਿਆ 'ਤੇ ਗਿਆਨ ਰਹਿਤ ਸ਼ਰਧਾਲੂ ਮਹੀਨਿਆਂ ਬੱਧੀ, ਸਾਲਾਂ ਬੱਧੀ, ਕਈ ਵਾਰੀ ਉਮਰ ਭਰ "ਕਾਰ ਸੇਵਾ" 'ਤੇ ਜੀਵਨ ਵਿਅਰਥ ਗਵਾਉਂਦੇ ਵੇਖੇ ਜਾ ਸਕਦੇ ਹਨ। ਜ਼ਮੀਨਾਂ, ਕੋਠੀਆਂ, ਬਾਗ, ਸਾਧਾਂ ਦੀ ਨਿੱਜੀ ਮਾਲਕੀ ਹੁੰਦੇ ਹਨ। "ਲਕੀਰ ਦੇ ਫਕੀਰ ਸ਼ਰਧਾਲੂ, ਦਿਨ-ਰਾਤ ਮਿੱਟੀ ਨਾਲ ਮਿੱਟੀ ਹੋ ਕੇ "ਸੇਵਾ ਕਰਦਿਆਂ ਜਨਮ ਸਫਲਾ" ਕਰ

ਰਹੇ ਹੁੰਦੇ ਹਨ। ਸਿਰ ਸ਼ਰਮ ਨਾਲ ਝੁੱਕ ਜਾਂਦਾ ਹੈ ਜਦੋਂ ਸ਼ਰਧਾਵਾਨ ਬੀਬੀਆਂ "ਪੁੱਤਰ ਦੀ ਦਾਤ" ਪ੍ਰਾਪਤ ਕਰਨ ਵਾਸਤੇ ਆਪਣੀਆਂ ਭੋਲੀਆਂ ਨੂੰਹਾਂ-ਧੀਆਂ ਨੂੰ ਡੇਰੇਦਾਰਾਂ ਦੀ "ਸੇਵਾ" ਵਿੱਚ ਜਾ ਹਾਜ਼ਰ ਕਰਦੀਆਂ ਹਨ। ਦਿਨ-ਰਾਤ ਲੰਮਾਂ ਸਮਾਂ ਡੇਰੇਦਾਰ ਸਾਧ (ਅਸਲ ਵਿੱਚ ਸਾਨ੍ਹ) ਦੀ "ਪਵਿੱਤਰ ਸੇਵਾ ਕਰਦਿਆਂ, ਪੁੱਤਰ ਦੀ ਪ੍ਰਾਪਤੀ ਕਰ, ਖ਼ੁਸ਼ੀ ਨਾਲ ਝੋਲੀ ਭਰ ਲੈਂਦੀਆਂ ਹਨ।" ਅਜਿਹੀ "ਸੇਵਾ" ਵਿੱਚ ਗਰਕ ਹੋਏ, ਵੱਡੇ-ਵੱਡੇ ਧਰਮੀ ਮੁਖੌਟਿਆਂ ਵਾਲੇ, ਸਰਕਾਰੇ ਦਰਬਾਰੇ ਅਸਰ ਰਸੂਖ ਰੱਖਣ ਵਾਲੇ, ਵੱਡੇ ਧਨ ਕੁਬੇਰ ਮੱਠਾਧਾਰੀ ਡੇਰੇਦਾਰ" ਅੰਨ੍ਹੇ ਸ਼ਰਧਾਲੂਆਂ ਦੀ ਹਰ ਪ੍ਰਕਾਰ, ਬੇਦਰਦੀ ਨਾਲ ਲੁੱਟ ਕਰਦੇ ਹਨ। ਸਤਿਗੁਰੂ ਜੀ ਤਾਂ ਗੁਰ ਉਪਦੇਸ਼ ਮੁਤਾਬਕ ਜ਼ਿੰਦਗੀ ਬਤੀਤ ਕਰਨ ਨੂੰ ਹੀ ਸਰਬੋਤਮ ਐਲਾਨਦੇ ਹਨ। ਸ਼ਬਦ ਪੜ੍ਹੋ –

ਕੋਟਿ ਮਜਨ ਜਾਕੈ ਸੁਣਿ ਨਾਮ ॥ ਕੋਟਿ ਪੂਜਾ ਜਾਕੈ ਹੈ ਧਿਆਨ ॥
ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥ ਕੋਟਿ ਫਲਾ ਗੁਰ ਤੇ ਬਿਧਿ ਜਾਣੀ ॥
ਮਨੁ ਅਪੁਨੇ ਮਹਿ ਫਿਰਿ ਫਿਰਿ ਚੇਤ ॥ ਬਿਨਸਿ ਜਾਹਿ ਮਾਇਆ ਕੇ ਹੇਤ ॥ (238)

ਪਾਤਿਸ਼ਾਹ ਸਮਝਾ ਰਹੇ ਹਨ – ਕਰੋੜਾਂ ਤੀਰਥਾਂ ਦਾ ਪੁੰਨ ਸਤਿਗੁਰੂ ਦੇ ਗਿਆਨ ਵਿੱਚ ਹੈ। ਕਰੋੜਾਂ ਪ੍ਰਕਾਰ ਦੀ ਪੂਜਾ ਅਰਚਣਾ ਗੁਰ ਉਪਦੇਸ਼ ਨੂੰ ਧਿਆਨ ਨਾਲ ਸੁਣਨ ਵਿੱਚ ਹੈ। ਕਰੋੜਾਂ ਹੀ ਪੁੰਨ-ਦਾਨ ਨਾਲੋਂ ਜ਼ਿਆਦਾ ਮਹਾਤਮ ਹਰੀ ਜਸ (ਗੁਰ ਉਪਦੇਸ਼) ਸੁਣ ਲੈਣ ਵਿੱਚ ਹੀ ਹੈ। ਕਰੋੜਾਂ ਹੀ ਫਲਾਂ ਦੀ ਪ੍ਰਾਪਤੀ ਸਤਿਗੁਰੂ ਜੀ ਤੋਂ, ਜੀਵਨ ਜਿਉਣ ਦੀ ਜਾਚ ਸਿੱਖ ਲੈਣ ਵਿੱਚ ਹੈ। ਹੇ ਮਨੁੱਖ! ਮੁੜ-ਮੁੜ ਆਪਣੇ ਅੰਦਰ ਝਾਤੀ ਮਾਰ ਕਿ ਤੂੰ ਕੀ ਕਰ ਰਿਹਾ ਹੈਂ ? ਜਦੋਂ ਤੈਨੂੰ ਆਪਣੇ ਕੀਤੇ ਗ਼ਲਤ ਕੰਮਾਂ ਦੀ ਸਮਝ ਆ ਜਾਵੇਗੀ, ਫਿਰ ਤੂੰ ਸੱਚਾ ਰਾਹ ਅਖ਼ਤਿਆਰ ਕਰ ਲਵੇਂਗਾ। ਅਗਿਆਨਤਾ ਵਿੱਚ "ਧਰਮ ਕਰਮ" ਜਾਣ ਕੇ ਜੋ ਕੁੱਝ ਤੂੰ ਕਰਦਾ ਆ ਰਿਹਾ ਹੈਂ, ਇਹ ਸਹੀ ਨਹੀਂ ਹੈ। ਮੁੜ-ਮੁੜ ਗ਼ਲਤੀ ਨਾ ਕਰ, ਗੁਰੂ ਦੀ ਬਾਣੀ, ਪੜ੍ਹ-ਵਿਚਾਰ ਕੇ ਗਿਆਨਵਾਨ ਬਣ। ਜਿਸ ਨੂੰ ਤੂੰ ਸੇਵਾ ਮੰਨੀ ਬੈਠਾ ਹੈਂ, ਇਹ ਅਸਲੀ ਸੇਵਾ ਨਹੀਂ ਹੈ। ਵੱਡੇ-ਵੱਡੇ ਸਈਆਦ (ਸ਼ਿਕਾਰੀ) ਥਾਂ-ਥਾਂ ਜਾਲ ਲਾਈ, ਚੋਗ ਖਿਲਾਰ ਕੇ ਭੋਲੇ ਜੀਵ ਵਾਂਗ ਤੇਰੀ ਉਡੀਕ ਕਰ ਰਹੇ ਹਨ। ਤੈਨੂੰ ਪਤਾ ਭੀ ਨਹੀਂ ਲਗਦਾ ਕਿ ਤੂੰ ਸਾਰੇ ਪਾਸਿਆਂ ਤੋਂ ਜਕੜਿਆ ਜਾ ਚੁੱਕਾ ਹੈ। ਆਖਰੀ ਨਿਚੋੜ –

ਗੁਰਸਿੱਖਾਂ ਅੰਦਰ ਸਤਿਗੁਰੁ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥
ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੈ,
ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ ॥
ਜਿ ਠਗੀ ਆਵੈ, ਠਗੀ ਉਠਿ ਜਾਇ, ਤਿਸੁ ਨੇੜੇ ਗੁਰਸਿਖੁ ਮੂਲਿ ਨ ਆਵੈ ॥ (317)

ਸਤਿਗੁਰੂ ਜੀ ਸਿਰੇ ਦੀ ਵਿਚਾਰ ਬਖ਼ਸ਼ਦਿਆਂ ਸੋਝੀ ਦੇ ਰਹੇ ਹਨ ਕਿ ਭਾਈ ਸਤਿਗੁਰੂ ਦੀ ਇੱਛਾ ਤੋਂ ਬਿਨਾਂ, ਜੇ ਕੋਈ ਚਾਲਾਕ ਆਦਮੀ ਸ਼ਰਧਾਵਾਨ ਸਿੱਖਾਂ ਤੋਂ ਵਗਾਰ ਕਰਾਵੇ, ਆਪਣੇ ਨਿੱਜੀ ਫ਼ਾਇਦੇ ਵਾਲੇ ਕੰਮ ਕਰਾਵੇ, ਉਸ ਆਦਮੀ ਤੋਂ ਸੁਚੇਤ ਰਹੋ, ਬਚੋ। ਅਜਿਹੇ ਠੱਗ ਲੋਕ ਤਰ੍ਹਾਂ-ਤਰ੍ਹਾਂ ਦੇ ਧਾਰਮਕ ਭੇਖ ਬਣਾ ਕੇ ਭੋਲੇ ਸਿੱਖਾਂ ਨੂੰ ਬੇਰਹਿਮੀ ਨਾਲ ਲੁੱਟ ਰਹੇ ਹਨ, ਇਨ੍ਹਾਂ ਦੇ ਨੇੜੇ ਨਾ ਜਾਇਓ। ਜੋ ਪਰਉਪਕਾਰ ਦੀ ਭਾਵਨਾ ਨਾਲ ਮਨੁੱਖਤਾ ਦੀ ਸੇਵਾ

ਖ਼ੁਦ ਕਰਦਾ ਹੈ ਤੇ ਪਿਆਰ ਨਾਲ ਦੂਜਿਆਂ ਨੂੰ ਸੇਵਾ ਲਈ ਪ੍ਰੇਰਦਾ ਹੈ, ਉਹ ਨੇਕ ਇਨਸਾਨ ਹੈ। ਉਸ 'ਤੇ ਸਤਿਗੁਰੂ ਖ਼ੁਸ਼ੀ ਪ੍ਰਗਟ ਕਰਦਾ ਹੈ। ਜੋ ਸਿੱਖਾਂ ਨੂੰ ਪਿਆਰ ਕਰੇਗਾ, ਸਤਿਗੁਰੂ ਉਸੇ ਨੂੰ ਪਿਆਰ ਕਰੇਗਾ, ਇਹ ਆਖਰੀ ਫ਼ੈਸਲਾ ਹੈ। ਸੇਵਾ ਬਾਰੇ ਇੱਕ ਹੋਰ ਸ਼ਬਦ ਪੜ੍ਹੋ -

ਸਾ ਸੇਵਾ ਕੀਤੀ ਸਫਲ ਹੈ, ਜਿਤੁ ਸਤਿਗੁਰ ਕਾ ਮਨੁ ਮੰਨੇ ॥
ਜਾ ਸਤਿਗੁਰ ਕਾ ਮਨ ਮੰਨਿਆ, ਤਾ ਪਾਪ ਕਸੰਮਲ ਭੰਨੇ ॥
ਉਪਦੇਸੁ ਜਿ ਦਿਤਾ ਸਤਿਗੁਰੂ, ਸੋ ਸੁਣਿਆ ਸਿਖੀ ਕੰਨੇ ॥
ਜਿਨ ਸਤਿਗੁਰ ਕਾ ਭਾਣਾ ਮੰਨਿਆ, ਤਿਨ ਚੜੀ ਚਵਗਣਿ ਵੰਨੇ ॥
ਇਹ ਚਾਲ ਨਿਰਾਲੀ ਗੁਰਮੁਖੀ, ਗੁਰ ਦੀਖਿਆ ਸੁਣਿ ਮਨੁ ਮੰਨੇ ॥ (314)

ਗੰਭੀਰਤਾ ਨਾਲ ਵਿਚਾਰ ਕਰ ਕੇ ਵੇਖੀਏ ਕਿ ਨੌ-ਦਸ ਸਾਲ ਦੇ ਗੋਬਿੰਦ ਰਾਏ ਜੀ, ਪਿਤਾ ਨੂੰ "ਮੱਤ" ਦੇ ਰਹੇ ਹਨ- "ਪਿਤਾ ਜੀ! ਤੁਹਾਡੇ ਨਾਲੋਂ ਵੱਡਾ ਮਹਾਂਪੁਰਖ ਹੋਰ ਕੌਣ ਹੈ? ਤੁਸੀਂ ਜਾਓ ਜੇ ਲੋੜ ਪਵੇ ਤਾਂ ਇਨ੍ਹਾਂ ਦੁਖਿਆਰੇ ਲੋਕਾਂ ਲਈ ਆਪਣੀ ਕੁਰਬਾਨੀ ਦਿਓ।" ਕੁਰਬਾਨੀ ਦੇਣੀ ਹੈ ਕਿ ਕੁਰਬਾਨੀ ਤੋਂ ਬਿਨਾਂ ਭੀ ਕੋਈ ਹੋਰ ਰਾਹ ਖੋਜਿਆ ਜਾ ਸਕਦਾ ਹੈ, ਇਸ ਬਾਰੇ ਗੁਰੂ ਤੇਗ ਬਹਾਦਰ ਜੀ ਨੂੰ ਜ਼ਿਆਦਾ ਗਿਆਨ ਸੀ ਜਾਂ ਗੋਬਿੰਦ ਰਾਏ ਨੂੰ? ਲਗਪਗ 43 ਸਾਲ ਦੀ ਪੱਕੀ ਉਮਰ, ਗੁਰਬਾਣੀ ਦਾ ਡੂੰਘਾ ਅਧਿਐਨ, ਦੁਨੀਆਂ ਵਿੱਚ ਬੇਅੰਤ ਲੰਮੇਂ ਪ੍ਰਚਾਰ ਦੌਰੇ, ਅਣਗਿਣਤ ਲੋਕਾਂ ਨਾਲ ਕਈ ਤਰ੍ਹਾਂ ਦੇ ਸੁਆਲ-ਜੁਆਬ ਕਰਨ ਵਾਲੇ ਗੁਰੂ ਤੇਗ ਬਹਾਦਰ ਜੀ ਖ਼ੁਦ ਫ਼ੈਸਲਾ ਨਹੀਂ ਕਰਦੇ। "ਖ਼ਾਮੋਸ਼" ਬੈਠ ਗਏ, ਬ੍ਰਾਹਮਣ ਹੱਥ ਜੋੜੀ ਘਲੋਤੇ ਰਹੇ। ਬਾਹਰੋਂ ਖੇਢਦੇ ਆਏ ਗੋਬਿੰਦ ਰਾਏ ਜੀ ਨੇ ਝੱਟ ਫ਼ੈਸਲਾ ਸੁਣਾ ਦਿੱਤਾ। ਗੁਰੂ ਤੇਗ ਬਹਾਦਰ ਜੀ ਪੁੱਤਰ ਦੀ ਸਲਾਹ 'ਤੇ "ਕੁਰਬਾਨੀ ਦੇਣ ਲਈ" ਦਿੱਲੀ ਨੂੰ ਚੱਲ ਪਏ। ਸਾਡੇ ਲੇਖਕ ਤੇ ਪ੍ਰਚਾਰਕ ਕਦੀ ਵਿਚਾਰ ਕਰਨਗੇ ਕਿ ਗੁਰੂ ਵੱਡਾ ਹੈ, ਸਿਆਣਾ ਹੈ, ਨਿਰਣਾ ਕਰਨ ਦਾ ਅਧਿਕਾਰੀ ਹੈ। ਜਾਨ ਦੀ ਬਾਜ਼ੀ ਲਾਉਣ ਲਈ ਇੱਕ ਬਾਲਕ ਆਖੇ ਤੇ ਪਿਤਾ ਤੁਰੰਤ ਮੰਨ ਜਾਵੇ? ਇਹ ਅਗਿਆਨਤਾ ਵੱਸ ਗੁਰੂ ਜੀ ਨੂੰ ਛੋਟਾ ਕਰਨ ਦੀ ਨਾ ਸਮਝੀ ਹੀ ਆਖੀ ਜਾ ਸਕਦੀ ਹੈ। ਜ਼ਿੰਮੇਵਾਰ ਵਿਦਵਾਨ ਸਿੱਖ, ਸੁਧਾਰ ਕਰਨ ਲਈ ਖ਼ਤਰਾ ਨਹੀਂ ਸਹੇੜਨਾ ਚਾਹੁੰਦੇ। ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਦੇ ਪ੍ਰਬੰਧਕਾਂ ਨੇ ਗੋਲਕ ਦੇ ਪੈਸੇ ਨੂੰ ਰਾਜਨੀਤੀ ਦੇ ਸਾਗਰ ਵਿੱਚ ਤਾਂ ਬਹੁਤ ਗਰਕ ਕੀਤਾ ਹੈ ਪਰ ਮਿਆਰੀ ਸਾਹਿਤ ਅਤੇ ਗਿਆਨਵਾਨ ਕਥਾਵਾਚਕ ਤਿਆਰ ਕਰਨ ਲਈ ਕੋਈ ਪ੍ਰਬੰਧ ਨਹੀਂ ਕੀਤਾ। ਜਦੋਂ ਅੱਖ ਖੁੱਲ੍ਹੇਗੀ ਉਦੋਂ ਤੱਕ ਸ਼ਾਇਦ ਬੇੜਾ ਡੁੱਬ ਚੁੱਕਿਆ ਹੋਵੇਗਾ।

ਕਦੀ ਗੰਭੀਰਤਾ ਨਾਲ ਇਕਾਗਰ ਚਿੱਤ ਹੋ ਕੇ ਸੋਚੋ! ਸਾਢੇ ਨੌਂ ਸਾਲ ਦੇ ਗੁਰੂ ਗੋਬਿੰਦ ਰਾਏ ਨੂੰ ਗੁਰਗੱਦੀ 'ਤੇ ਬੈਠਣ ਦਾ ਤੁਰੰਤ ਤੋਹਫਾ ਕੀ ਮਿਲਿਆ? ਉਨ੍ਹਾਂ ਨੇ ਗੁਰਗੱਦੀ ਮਿਲਣ ਦੀ ਖ਼ੁਸ਼ੀ ਵਿੱਚ ਕਿੰਨੇ ਕੁ ਬੈਂਡ ਵਾਜੇ ਵਜਾਏ? ਕਿੰਨੇ ਕੁ ਜਸ਼ਨ ਮਨਾਏ ਹੋਣਗੇ? ਕਿੰਨੇ ਕੁ ਦਿਨ ਵਧਾਈਆਂ ਦਿੱਤੀਆਂ ਤੇ ਲਈਆਂ ਹੋਣੀਆਂ? ਪਰ ਕੁੱਝ ਹੀ ਦਿਨਾਂ ਤੋਂ ਮਗਰੋਂ ਪਿਤਾ ਗੁਰੂ ਤੇਗ ਬਹਾਦਰ ਜੀ ਦਾ ਕੱਟਿਆ ਹੋਇਆ ਸੀਸ, ਪੁੱਤਰ ਗੁਰੂ ਦੇ ਪੱਲੇ ਵਿੱਚ ਲਿਆ ਕੇ ਰੱਖ ਦਿੱਤਾ। ਕਿਤਨਾ ਮਹਾਨ ਜਿਗਰਾ ਸੀ ਗੁਰੂ ਸਾਹਿਬ ਦਾ ਅਤੇ ਪ੍ਰਵਾਰ

ਦਾ। ਵਿਆਕੁਲ ਨਹੀਂ ਹੋਏ, ਸਰਕਾਰ ਨਾਲ ਕੋਈ ਸਮਝੌਤੇ ਦੀ ਕੋਸ਼ਿਸ਼ ਨਹੀਂ ਕੀਤੀ। ਹੌਸਲਾ ਹੀਣ ਹੋ ਕੇ ਜੰਗਲਾਂ ਵਿੱਚ ਲੁਕ ਕੇ ਨਹੀਂ ਬੈਠ ਗਏ। ਦੇਸ਼ ਵਾਸੀਆਂ ਨੂੰ ਅਹਿਸਾਨ ਨਹੀਂ ਜਤਾਂਇਆ ਕਿ ਮੇਰੇ ਪਿਤਾ ਜੀ ਨੇ ਤੁਹਾਡੇ ਲਈ ਆਪਣਾ ਆਪਾ ਲੇਖੇ ਲਾ ਦਿੱਤਾ। ਸਗੋਂ ਹੋਰ ਦਲੇਰੀ, ਹੋਰ ਹਿੰਮਤ ਤੇ ਹੋਰ ਤੇਜ਼ੀ ਨਾਲ ਤਿਆਰੀ ਆਰੰਭ ਦਿੱਤੀ ਤਾਂ ਕਿ ਜ਼ੁਲਮ ਦੀ ਜੜ ਪੁੱਟੀ ਜਾ ਸਕੇ। ਬਿਨਾਂ ਸਾਧਨਾਂ ਤੋਂ ਹਿਮਾਲਾ ਪਰਬਤ ਵਰਗੀ ਤਾਕਤਵਰ ਸਰਕਾਰ ਨਾਲ ਮੱਥਾ ਲਾਉਣਾ ਕੋਈ ਖੇਢ ਨਹੀਂ ਸੀ। ਔਰੰਗਜ਼ੇਬ ਦੀ ਹਕੂਮਤ ਦੀਆਂ ਨੀਂਹਾਂ ਵਿੱਚ ਅਜਿਹਾ ਬਾਰੂਦ ਭਰਿਆ ਕਿ ਥੋੜੇ ਹੀ ਸਮੇਂ ਵਿੱਚ ਇਹ ਰਾਜ ਤਖ਼ਤ ਢੈਹ ਢੇਰੀ ਹੋ ਗਿਆ। ਗੁਰੂ ਸਾਹਿਬ ਦੀ ਸਿਆਣਪ ਅਤੇ ਦਲੇਰੀ ਦਾ ਥਾਹ ਨਹੀਂ ਪਾਇਆ ਜਾ ਸਕਦਾ। ਦਸਮ ਪਾਤਿਸ਼ਾਹ ਜੀ ਨੇ ਸਾਰਾ ਜੀਵਨ ਪਰਉਪਕਾਰ ਕਰਦਿਆਂ ਲੇਖੇ ਲਾ ਦਿੱਤਾ। ਆਪਣਾ ਜੀਵਨ ਹੀ ਨਹੀਂ ਸਗੋਂ ਹੋਰ ਹਜ਼ਾਰਾਂ ਸੇਵਕਾਂ ਨੂੰ ਭੀ, ਸੀਸ ਤਲੀ 'ਤੇ ਰੱਖ ਕੇ ਜਿਉਣ ਦੀ ਹਿੰਮਤ ਬਖ਼ਸ਼ੀ। ਜੰਗ ਅੰਦਰੂਨੀ ਭੀ, ਜੋ ਗੁਰਗੱਦੀ ਖੋਹਣ ਲਈ ਸਰੀਕ ਲੜ ਰਹੇ ਸਨ। ਜੰਗ ਬਾਹਰੀ ਭੀ, ਜੋ ਸਮੇਂ ਦੀ ਫੌਲਾਦੀ ਹਕੂਮਤ ਨਾਲ ਲੰਮੇਂ ਸਮੇਂ ਤੋਂ ਸ਼ੁਰੂ ਹੋ ਕੇ, ਹੁਣ ਸਿਖਰਲੇ ਪੜਾ 'ਤੇ ਪਹੁੰਚ ਚੁੱਕੀ ਹੈ। ਜੰਗ ਧਾਰਮਕ ਭੀ, ਜਿਸ ਨੂੰ ਪੁਰਾਤਨਵਾਦੀ ਪੁਜਾਰੀ ਤਬਕਾ ਚਲਾ ਰਿਹਾ ਸੀ। ਜੰਗ ਸਮਾਜਕ ਭੀ, ਜਿਸ ਨੂੰ ਉੱਚ ਜਾਤੀ ਹਿੰਦੂ ਪਹਾੜੀ ਰਾਜੇ ਲੜਨ ਲਈ ਹਥਿਆਰ ਤਿੱਖੇ ਕਰ ਰਹੇ ਸਨ। ਅਜਿਹੀਆਂ ਸਾਰੀਆਂ ਕਮਜ਼ੋਰੀਆਂ ਅਤੇ ਵਿਰੋਧਤਾਵਾਂ ਦੇ ਹੁੰਦਿਆਂ, ਸਤਿਗੁਰੂ ਜੀ ਹਰ ਮੁਹਾਜ 'ਤੇ ਲੜਾਈ ਲੜ ਰਹੇ ਸਨ। ਇਸ ਤਰ੍ਹਾਂ ਦੀ ਦਲੇਰੀ ਨੂੰ ਬਹੁਤ ਥੋੜੇ ਲਿਖਾਰੀਆਂ ਨੇ ਬਿਆਨ ਕੀਤਾ ਹੈ। ਵਰਨਾ ਬਹੁਤਿਆਂ ਨੇ ਤਾਂ ਸਤਿਗੁਰੂ ਦੀ ਮਹਾਨ ਸ਼ਖ਼ਸੀਅਤ ਨੂੰ ਦਾਗਦਾਰ ਹੀ ਕੀਤਾ ਹੈ। ਕਰਾਮਾਤੀ ਕਹਾਣੀਆਂ ਘੜੀਆਂ, ਘੜ ਕੇ ਨੱਥੀ ਕੀਤੀਆਂ ਬਹੁਤ ਮਿਲ ਜਾਂਦੀਆਂ ਹਨ। ਹਿੰਦੂ ਦੇਵੀਆਂ-ਦੇਵਤਿਆਂ ਦੀ ਪੂਜਾ ਆਰਾਧਨਾ ਗੁਰੂ ਤੋਂ ਬੜੀ ਥਾਈਂ ਕਰਵਾਈ ਗਈ ਹੈ। ਭਾਈ ਜੋਗਾ ਸਿੰਘ ਦੇ ਡੋਲ ਜਾਣ 'ਤੇ ਗੁਰੂ ਜੀ ਨੂੰ ਆਨੰਦਪੁਰ ਤੋਂ "ਉਡਾਰੀ ਮਾਰ ਕੇ" ਜੋਗਾ ਜੀ ਦੀ ਪਹਿਰੇਦਾਰੀ ਕਰਨ ਵਾਸਤੇ ਵੇਸ਼ਵਾ ਦੇ ਕੋਠੇ ਦੇ ਦਰਵਾਜੇ 'ਤੇ ਖੜਾ ਕਰ ਦਿੱਤਾ। ਰਾਜਸੀ ਸ਼ਕਤੀ ਪ੍ਰਾਪਤ ਕਰਨ ਦੀ ਇੱਛਾ ਸਿੱਖਾਂ ਦੇ ਮਨ ਮਸਤਕ ਵਿੱਚੋਂ ਨੇਸਤੋ ਨਾਬੂਦ ਕਰ ਦਿੱਤੀ। "ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੇਮੀ ਰਾਜੁ ਜੀਉ ॥" (74) ਵਾਲੀ ਸੋਚ ਉਡਾਰੀ ਤੇ ਭਾਵਨਾ ਖ਼ਤਮ ਕਰਨ ਲਈ, ਪੂਰੀ ਵਾਹ ਲਾ ਦਿੱਤੀ। ਸਾਖੀਕਾਰਾਂ ਨੇ ਅਣਗਿਣਤ ਵਾਰੀ ਗੁਰੂ ਸਾਹਿਬਾਨ ਦੇ ਮੁੰਹੋਂ ਇਹ ਅਖਵਾ ਦਿੱਤਾ ਹੈ ਕਿ "ਅਸੀਂ ਕੇਵਲ ਧਰਮੀ ਪੁਰਖ ਹਾਂ, ਰਾਜ ਨਾਲ ਸਾਡਾ ਕੋਈ ਸਰੋਕਾਰ ਨਹੀਂ ਹੈ।" ਇਸੇ ਦਕਿਆਨੂਸੀ ਸੋਚ ਤਹਿਤ ਹਿੰਦੂ ਤੇ ਮੁਸਲਮਾਨ ਅੰਗਰੇਜ਼ਾਂ ਤੋਂ ਆਪਣਾ ਖੁੱਸਿਆ ਰਾਜ ਮੰਗ ਰਹੇ ਸਨ। ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਗੁਰਦਵਾਰਿਆਂ 'ਤੇ ਕਬਜੇ ਲਈ ਮੋਰਚੇ ਲਾ ਰਹੇ ਸਨ। ਜੇਲ੍ਹਾਂ ਕੱਟ ਰਹੇ ਸਨ, ਜੁਰਮਾਨੇ ਭਰ ਰਹੇ ਸਨ, ਹਿੱਕਾਂ ਵਿੱਚ ਗੋਲੀਆਂ ਖਾ ਰਹੇ ਸਨ ਪਰ ਰਾਜ ਨਹੀਂ ਮੰਗ ਰਹੇ ਸਨ। ਇਨ੍ਹਾਂ ਬੱਜਰ ਗ਼ਲਤੀਆਂ ਦੀ ਸਜ਼ਾ ਪਤਾ ਨਹੀਂ ਹਾਲੀ ਕਿੰਨਾ ਸਮਾਂ ਭੋਗਣੀ ਪਵੇਗੀ ?

ਕਿਸੇ ਵਿਦਵਾਨ ਪੁਰਸ਼ ਦਾ ਕਥਨ ਹੈ ਕਿ ਸਾਰੇ ਭਗਤਾਂ ਦਾ ਰੱਬੀ ਪਿਆਰ ਅਤੇ ਜੀਵਨ ਦੇ ਤਜਰਬੇ ਦਾ ਸਿਖਰ ਸਨ ਗੁਰੂ ਨਾਨਕ ਸਾਹਿਬ। ਜ਼ਿੰਦਗੀ ਦੇ ਵੱਖੋ-ਵੱਖ ਪੜਾਵਾਂ ਤੋਂ ਲੰਘਦਾ, ਵਿਕਾਸ ਕਰਦਾ, ਕਾਫਲਾ ਬਣਦਾ ਹੋਇਆ, ਪ੍ਰਚੰਡ ਹੋ ਕੇ ਮਿਲਿਆ ਗੁਰੂ ਗੋਬਿੰਦ ਸਿੰਘ ਜੀ ਨੂੰ। ਸੰਨ 1699 ਦੀ ਵਿਸਾਖੀ ਨੂੰ ਉਸੇ "ਸੰਤ ਮੱਤ" ਨੂੰ ਸਿਪਾਹੀ ਦੇ ਰੂਪ ਵਿੱਚ ਤਬਦੀਲ ਕਰ ਦਿੱਤਾ। ਜੇਕਰ ਗੁਰੂਆਂ ਦੀ ਲੰਮੀਂ ਘਾਲ ਨੂੰ ਕਿਸੇ ਇੱਕ ਸਿੱਖ ਦੇ ਜੀਵਨ ਵਿੱਚੋਂ ਵੇਖਣਾ ਹੋਵੇ ਤਾਂ ਉਹ ਮਹਾਨ ਯੋਧਾ, ਨੀਤੀ ਨਿਪੁੰਨ, ਗੁਣਵਾਨ ਗੁਰਸਿੱਖ ਸੀ ਬਾਬਾ ਬੰਦਾ ਸਿੰਘ ਬਹਾਦਰ। ਜਿਸ ਨੇ ਅੱਠ ਕੁ ਸਾਲ ਦੇ ਥੋੜੇ ਜਿਹੇ ਸਮੇਂ ਅੰਦਰ, ਦਿੱਲੀ ਦੇ ਤਖ਼ਤ ਦੀਆਂ ਨੀਹਾਂ ਹਿਲਾ ਦਿੱਤੀਆਂ ਸਨ। ਪੰਜਾਬ ਵਿੱਚ ਜ਼ੁਲਮੀ ਰਾਜ ਦੀ ਸਫ ਵਲ੍ਹੇਟ ਦਿੱਤੀ ਸੀ ਤੇ ਇਥੇ ਪਹਿਲੀ ਵਾਰ ਲੋਕ ਹਿਤੂ ਰਾਜ ਕਾਇਮ ਕੀਤਾ ਸੀ। ਰਾਜ ਦੇ ਅਜਿਹੇ ਸੰਕਲਪ ਨੂੰ ਸਿੱਖ ਮਨਾਂ ਵਿੱਚੋਂ ਖ਼ਤਮ ਕਰਨ ਵਿੱਚ ਸਾਖੀਆਂ ਨੇ ਵੱਡਾ ਯੋਗਦਾਨ ਪਾਇਆ। ਅੱਗੇ ਕੁੱਝ ਕੁ ਸਾਖੀਆਂ ਦੀ ਚੀਰ-ਫਾੜ (ਪੋਸਟਮਾਰਟਮ) ਕੀਤੀ ਜਾ ਰਹੀ ਹੈ।

ਦਸਵੇਂ ਨਾਨਕ ਜੀ ਦੇ ਜਨਮ ਤੋਂ ਪਹਿਲਾਂ, ਜਨਮ ਸਮੇਂ ਅਤੇ ਜਨਮ ਤੋਂ ਮਗਰੋਂ ਭੀ ਪੰਥ ਦੇ ਦੁਸ਼ਮਣਾਂ ਨੇ ਉਨ੍ਹਾਂ 'ਤੇ ਅਣਗਿਣਤ ਕਲੰਕ ਲਾ ਦਿੱਤੇ। ਪਿਛਲੇ ਜਨਮ ਵਿੱਚ ਹੇਮਕੁੰਟ ਪਰਬਤ 'ਤੇ ਸਮਾਧੀ ਲਾ ਕੇ ਹਜ਼ਾਰਾਂ ਸਾਲ ਤਪੱਸਿਆ ਕਰਵਾ ਦਿੱਤੀ। ਜਦੋਂ ਕਿ ਗੁਰਬਾਣੀ ਅਜਿਹੇ ਕੁਫਰ ਨੂੰ ਪ੍ਰਵਾਨ ਹੀ ਨਹੀਂ ਕਰਦੀ। "ਪੁੱਤਰ ਦੀ ਲਾਲਸਾ ਅਧੀਨ" ਨੌਵੇਂ ਨਾਨਕ ਜੀ ਨੇ ਤੀਰਥ ਯਾਤਰਾ ਆਰੰਭ ਕੀਤੀ। ਹੋਰ ਕਈ ਤੀਰਥਾਂ 'ਤੇ "ਇਸ਼ਨਾਨ-ਦਾਨ" ਕਰ ਕੇ, ਇਲਾਹਾਬਾਦ ਪਹੁੰਚ ਗਏ। ਉਥੇ ਕਈ ਦਿਨ ਵਿਸ਼ਰਾਮ ਕੀਤਾ। "ਪਵਿੱਤਰ ਗੰਗਾ" ਵਿੱਚ ਇਸ਼ਨਾਨ ਕਰਦੇ ਰਹੇ। ਬ੍ਰਾਹਮਣਾਂ ਨੂੰ ਸੋਨਾ, ਚਾਂਦੀ (ਜੋ ਸਿੱਖਾਂ ਵੱਲੋਂ ਦਸਵੰਧ ਦੀ ਰਕਮ ਭੈਟ ਕੀਤੀ ਜਾਂਦੀ ਸੀ, ਉਸ ਨੂੰ ਬੇ-ਰਹਿਮੀ ਨਾਲ ਲੁੱਟਾ ਰਹੇ ਸਨ?) ਆਦਿ ਕੀਮਤੀ ਭੇਟਾਵਾਂ ਦੇ ਕੇ, ਖ਼ੁਸ਼ੀਆਂ ਪ੍ਰਾਪਤ ਕਰ ਰਹੇ ਸਨ। ਉਨ੍ਹਾਂ ਵੱਲੋਂ ਦੱਸੀਆਂ ਵਿਧੀਆਂ ਨਾਲ ਮੰਤਰ ਜਾਪ ਕਰ ਰਹੇ ਸਨ। ਇਸੇ ਸਥਾਨ 'ਤੇ ਗੋਬਿੰਦ ਰਾਏ ਜੀ, ਮਾਤਾ ਗੁਜਰੀ ਜੀ ਦੇ ਗਰਭ ਵਿੱਚ ਦਾਖ਼ਲ ਹੋਏ। ਪੜ੍ਹੋ ਬਚਿੱਤਰ ਨਾਟਕ-

ਮੁਰ ਪਿਤ ਪੂਰਬ ਕੀਯਸਿ ਪਯਾਨਾ। ਭਾਂਤਿ ਭਾਂਤਿ ਕੇ ਤੀਰਥਿ ਨਾਨ੍ਹਾ।
ਜਬ ਹੀ ਜਤ ਤ੍ਰਿਬੇਣੀ ਪਏ। ਪੁੰਨ ਦਾਨ ਦਿਨ ਕਰਤ ਬਿਤਏ।
ਤਹੀ ਪ੍ਰਕਾਸ ਹਮਾਰਾ ਭਯੋ। ਪਟਨਾ ਸਹਰ ਬਿਖੈ ਭਵ ਲਯੋ।

(ਬਚਿੱਤਰ ਨਾਟਕ ਅਧਿਆਇ-7)

ਇਸ ਕਹਾਣੀ (ਕਾਲਪਨਿਕ) ਮੁਤਾਬਕ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਬ੍ਰਾਹਮਣਾਂ ਅੱਗੇ ਹੱਥ ਜੋੜ ਕੇ, ਪੁੱਤਰ ਪ੍ਰਾਪਤੀ ਦੀਆਂ ਮਿੰਨਤਾਂ ਕਰਦੇ ਵਿਖਾ ਧਰਿਆ ਹੈ। ਜਿਨ੍ਹਾਂ ਤੀਰਥਾਂ ਨੂੰ ਤੇ ਬ੍ਰਾਹਮਣੀ ਕਰਮਕਾਂਡਾਂ ਨੂੰ ਗੁਰਬਾਣੀ ਬੁਲੰਦ ਆਵਾਜ਼ ਨਾਲ ਰੱਦ ਕਰਦੀ ਹੈ, ਉਹੀ ਕੰਮ ਨੌਵੇਂ ਗੁਰੂ ਜੀ ਤੋਂ ਕਰਵਾ ਦਿੱਤੇ। ਜੇਕਰ ਗੁਰਬਾਣੀ ਦੇ ਹੁਕਮਾਂ ਦੀ ਉਲੰਘਣਾ ਕਰ ਕੇ, ਗੁਰੂ ਜੀ ਅਜਿਹੇ ਮਨਮਤੀ ਕੰਮ ਕਰਦੇ ਹਨ, ਫਿਰ ਸਿੱਖਾਂ ਨੂੰ ਕਾਹਦੀ ਮਨਾਹੀ? ਗੁਰਬਾਣੀ ਦੀ ਫਿਰ ਕੀ ਲੋੜ ਹੈ? ਕੀ ਅਜਿਹੀਆਂ ਕਵਿਤਾਵਾਂ ਰਾਹੀਂ ਬਿਆਨੇ ਕੁਫਰ ਨੂੰ

ਦਸਮੇਸ਼ ਪਿਤਾ ਦੀ ਕਿਰਤ ਮੰਨਿਆ ਜਾ ਸਕਦਾ ਹੈ ? ਗੁਰੂ ਗੋਬਿੰਦ ਸਿੰਘ ਜੀ ਦੇ "ਪਿਛਲੇ ਜਨਮ" ਵਿੱਚ ਕੀਤੀ ਤਪੱਸਿਆ ਵਾਲੀ ਥਾਵੇਂ, ਹੇਮਕੁੰਟ ਵਿਖੇ ਆਲੀਸ਼ਾਨ ਗੁਰਦਵਾਰਾ (?) ਬਣ ਚੁੱਕਿਆ ਹੈ। ਬੇਅੰਤ ਪੈਸਾ ਖ਼ਰਚ ਕਰ ਕੇ ਲੋਕੀਂ ਦਰਸ਼ਨਾਂ ਲਈ ਪਹੁੰਚਦੇ ਹਨ। ਮਾਇਆ ਦੇ ਗੱਫੇ ਅਰਪਣ ਕਰ ਕੇ, ਆਪਣਾ "ਜਨਮ ਸਫ਼ਲਾ" ਕਰਦੇ ਹਨ। ਇਸ ਵਿਗਿਆਨਕ ਜੁੱਗ ਵਿੱਚ ਭੀ ਪੱਥਰ ਯੁੱਗ ਵਾਲੀਆਂ ਕਹਾਣੀਆਂ ਰਾਹੀਂ ਬੇਅੰਤ ਸਿੱਖਾਂ ਨੂੰ ਮੂਰਖ ਬਣਾਇਆ ਹੈ ਤੇ ਲੁੱਟ ਕੇ ਖਾਧਾ ਹੈ। ਹਜ਼ਾਰਾਂ ਪ੍ਰਬੰਧਕਾਂ ਨੂੰ ਬਿਨਾਂ ਡੱਕਾ ਦੂਹਰਾ ਕੀਤੇ, ਕਰੋੜਾਂ ਰੁਪਏ ਦੀ ਕਮਾਈ ਹਰ ਸਾਲ ਹੋ ਜਾਂਦੀ ਹੈ। ਕਿੰਨੇ ਮਹਾਨ ਸਨ ਸਤਿਗੁਰੂ। ਇਸ ਜਨਮ ਵਿੱਚ ਤਾਂ ਪੈਸਾ ਕਮਾ ਕੇ ਦੇ ਹੀ ਰਹੇ ਸਨ, ਸਗੋਂ ਪਿਛਲੇ ਜਨਮ ਬਾਰੇ "ਕੰਨਾ ਬਾਟੀ ਕੁਰਰ" ਕਰ ਕੇ ਕਿਸੇ ਨੂੰ ਆਪਣੀ ਤਪੱਸਿਆ ਵਾਲਾ ਟਿਕਾਣਾ ਦੱਸ ਗਏ। ਸੇਵਕਾਂ ਨੂੰ ਮਾਲਾਮਾਲ ਕਰ ਗਏ। ਅੱਗੋਂ ਪਤਾ ਨਹੀਂ ਕਿੰਨਾ ਸਮਾਂ ਰੁਪਿਆਂ ਦੀ ਬਾਰਸ਼ ਕਰਦੇ ਰਹਿਣਗੇ ?

ਭਾਈ ਬਚਿੱਤਰ ਸਿੰਘ

ਸਿੱਖਾਂ ਵਿਚਲੇ ਅੰਧਵਿਸ਼ਵਾਸੀ ਲਿਖਾਰੀਆਂ ਨੇ ਅਜਿਹੀਆਂ ਕਹਾਣੀਆਂ ਪ੍ਰਚਲਤ ਕਰ ਦਿੱਤੀਆਂ ਹਨ, ਜਿਨ੍ਹਾਂ ਨੇ ਸਿੱਖ ਪੰਥ ਦਾ ਬੇਓੜਕ ਨੁਕਸਾਨ ਕੀਤਾ ਹੈ। ਇੱਕ ਕਹਾਣੀ ਮੁਤਾਬਕ ਗੁਰੂ ਘਰ ਦੇ ਵਿਰੋਧੀ ਹਿੰਦੂ ਰਾਜਿਆਂ ਨੇ ਆਨੰਦਪੁਰ 'ਤੇ ਹਮਲੇ ਦੀ ਤਿਆਰੀ ਕਰ ਲਈ। ਇੱਕ ਹਾਥੀ ਸ਼ਰਾਬ ਪਿਆ ਕੇ ਅੱਗੇ ਟੋਰ ਲਿਆ। ਜਦੋਂ ਸੂਹੀਏ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਖ਼ਬਰ ਦਿੱਤੀ ਤਾਂ ਗੁਰੂ ਜੀ ਨੇ ਬੜੇ ਕੱਦਾਵਰ ਸਿੱਖ, ਭਾਈ ਦੁਨੀ ਚੰਦ ਵੱਲ ਇਸ਼ਾਰਾ ਕਰ ਕੇ ਆਖਿਆ, "ਆਹ ਮੇਰਾ ਐਰਾਵਤ ਹਾਥੀ ! ਹਮਲਾਵਰ ਹਾਥੀ ਨਾਲ ਇਕੱਲਾ ਹੀ ਲੜੇਗਾ।" ਦੁਨੀ ਚੰਦ ਡਰ ਗਿਆ, ਆਪਣੇ ਕੁੱਝ ਸਾਥੀਆਂ ਸਮੇਤ ਰਾਤ ਨੂੰ ਕੰਧ ਟੱਪ ਕੇ ਜਾਣ ਦੀ ਵਿਉਂਤ ਬਣਾਈ। ਜਦੋਂ ਕੰਧ ਤੋਂ ਹੇਠਾਂ ਛਾਲ ਮਾਰੀ ਤਾਂ ਲੱਤ ਟੁੱਟ ਗਈ ਕਿਉਂਕਿ ਗੁਰੂ ਤੋਂ ਬੇਮੁੱਖ ਹੋਇਆ ਸੀ। ਉਸ ਦੇ ਦੌੜ ਜਾਣ ਤੋਂ ਮਗਰੋਂ ਸਤਿਗੁਰੂ ਜੀ ਨੇ ਭਾਈ ਬਚਿੱਤਰ ਸਿੰਘ ਵੱਲ ਇਸ਼ਾਰਾ ਕਰ ਕੇ ਆਖਿਆ, "ਹੁਣ ਮੇਰਾ ਸ਼ੇਰ ਪੁੱਤਰ ਹਾਥੀ ਨਾਲ ਮੁਕਾਬਲਾ ਕਰੇਗਾ।" ਭਾਈ ਬਚਿੱਤਰ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸਤਿਗੁਰੂ ਜੀ ਮੈਂ ਕਿਥੇ ਹਾਂ ਹਾਥੀ ਨਾਲ ਟੱਕਰ ਲੈਣ ਜੋਗਾ ? ਜੇਕਰ ਤੁਹਾਡੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ ਮੈਂ ਹਾਥੀ ਦੀਆਂ ਚੀਕਾਂ ਕਢਵਾ ਸਕਦਾ ਹਾਂ। ਇਕੱਲਾ ਕੁੱਝ ਨਹੀਂ ਹਾਂ।"

"ਅਗਲੇ ਦਿਨ ਮੁਕਾਬਲੇ ਵਾਲੀ ਥਾਂ 'ਤੇ ਜਾ ਕੇ ਭਾਈ ਬਚਿੱਤਰ ਸਿੰਘ ਨੇ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ, ਨਾਗਣੀ ਬਰਛੀ ਨਾਲ ਅਜਿਹਾ ਭਰਵਾਂ ਵਾਰ ਕੀਤਾ ਕਿ ਹਾਥੀ ਦੇ ਮੱਥੇ 'ਤੇ ਬੈਠੇ ਤਵਿਆਂ ਨੂੰ ਚੀਰ ਕੇ ਨਾਗਣੀ ਹਾਥੀ ਦੇ ਮੱਥੇ ਵਿੱਚ ਧੱਸ ਗਈ। ਹਾਥੀ ਚੀਕਾਂ ਮਾਰਦਾ ਪਿਛਾਂਹ ਨੂੰ ਨੱਸ ਗਿਆ।" ਮੇਰੀ ਨਜ਼ਰ ਵਿੱਚੋਂ ਲੰਘੀਆਂ ਤਮਾਮ ਕਿਤਾਬਾਂ ਵਿੱਚੋਂ ਇੱਕ ਕਿਤਾਬ ਹੈ, ਸ੍. ਸੁਜਾਨ ਸਿੰਘ ਦੀ ਲਿਖੀ ਹੋਈ, "ਕਲਗੀ ਦੀਆਂ ਅਣੀਆਂ"। ਭਾਈ ਬਚਿੱਤਰ ਸਿੰਘ ਵੱਲੋਂ ਹਾਥੀ ਨਾਲ ਮੁਕਾਬਲੇ ਦਾ ਜੋ ਸ਼ਬਦ ਚਿੱਤਰ ਪੇਸ਼ ਕੀਤਾ ਹੈ, ਉਹ ਲਾ-ਜੁਆਬ ਹੈ। ਅਜਿਹਾ ਯਥਾਰਥਕ ਅਤੇ ਉੱਚ ਪਾਏ ਦਾ ਬਿਰਤਾਂਤ ਮੈਂ ਹੋਰ ਕਿਧਰੇ

ਨਹੀਂ ਪੜ੍ਹਿਆ। ਲਿਖਤ ਦੇ ਅੰਸ਼ ਹਨ- "ਲੋਹਗੜ੍ਹ ਕਿਲ੍ਹੇ ਦਾ ਦਰਵਾਜ਼ਾ ਖੁੱਲਿਆ। ਸਾਹਮਣੇ ਤੋਂ ਅੱਗੇ ਵੱਧ ਰਿਹਾ ਸ਼ਰਾਬੀ ਹਾਥੀ ਮੱਥੇ 'ਤੇ ਬੰਨ੍ਹੇ ਲੋਹੇ ਦੇ ਤਵੇ, ਪਿੱਛੇ ਖਰੂਦ ਪਾਉਂਦੀ ਆ ਰਹੀ ਹਥਿਆਰਬੰਦ ਫ਼ੌਜ। ਭਾਈ ਬਚਿੱਤਰ ਸਿੰਘ ਨੇ ਅਕਾਲ ਪੁਰਖ ਨੂੰ ਮੁੜ ਯਾਦ ਕੀਤਾ। ਸਤਿਗੁਰੂ ਜੀ ਤੋਂ ਮਿਲੇ ਥਾਪੜੇ ਨੂੰ ਢਾਲ ਵਾਂਗ ਮਹਿਸੂਸ ਕੀਤਾ। ਹੁਣ ਬਚਿੱਤਰ ਸਿੰਘ ਨੂੰ ਫ਼ੌਜ ਵਿਖਾਈ ਨਹੀਂ ਸੀ ਦੇ ਰਹੀ। ਕੇਵਲ ਹਾਥੀ ਦਿਸਦਾ ਸੀ। ਬਚਿੱਤਰ ਸਿੰਘ ਦਾ ਘੋੜਾ ਅੱਗੇ ਵਧਿਆ। ਹਾਥੀ ਦਾ ਅਕਾਰ ਛੋਟਾ ਹੋਣ ਲੱਗਿਆ। ਕੁੱਝ ਹੀ ਪਲਾਂ ਵਿੱਚ ਬਚਿੱਤਰ ਸਿੰਘ ਦੀ ਨਜ਼ਰ ਇੱਕ ਲਾਲ ਬਿੰਦੂ 'ਤੇ ਟਿਕ ਗਈ, ਇਹ ਲਾਲ ਬਿੰਦੂ ਹਾਥੀ ਦੀ ਅੱਖ ਸੀ। ਬਚਿੱਤਰ ਸਿੰਘ ਨੇ ਘੋੜੇ ਦੀ ਲਗਾਮ ਮੂੰਹ ਵਿੱਚ ਫੜੀ। ਨਾਗਣੀ ਬਰਛਾ ਦੋਵੇਂ ਹੱਥਾਂ ਨਾਲ ਸਾਧ ਕੇ ਮਜ਼ਬੂਤੀ ਨਾਲ ਫੜਿਆ। ਰਕਾਬਾਂ ਵਿੱਚ ਟਿਕਾਏ ਆਪਣੇ ਪੈਰਾਂ 'ਤੇ ਵਜਨ ਪਾ ਕੇ ਘੋੜੇ ਦੀ ਕਾਠੀ ਤੋਂ ਉਪਰ ਉੱਠਿਆ। ਨਿਸ਼ਾਨਾ ਸਾਧ ਕੇ ਪੂਰੀ ਤਾਕਤ ਨਾਲ ਬਰਛੀ ਹਾਥੀ ਦੀ ਅੱਖ ਵਿੱਚ ਧਸਾ ਦਿੱਤੀ। ਹਾਥੀ ਦੇ ਮੱਥੇ 'ਤੇ ਬੰਨ੍ਹੇ ਤਵੇ ਵਿੱਚ ਦੋਵਾਂ ਅੱਖਾਂ ਵਾਲੀ ਥਾਂ 'ਤੇ ਹੀ ਦੋ ਸੁਰਾਖ ਸਨ, ਜਿਥੇ ਬਚਿੱਤਰ ਸਿੰਘ ਨੇ ਜ਼ੋਰਦਾਰ ਮਾਰੂ ਵਾਰ ਕੀਤਾ ਤੇ ਹਾਥੀ ਚੰਗਾੜਦਾ, ਵਿਲਕਦਾ ਵਾਪਸ ਮੁੜ ਪਿਆ। ਭਾਈ ਬਚਿੱਤਰ ਸਿੰਘ ਜੈਕਾਰੇ ਗਜਾਉਂਦਾ ਘੋੜੇ ਨੂੰ ਸਰਪੱਟ ਦੜ੍ਹਾਉਂਦਾ ਕਿਲ੍ਹੇ ਵਿੱਚ ਵਾਪਸ ਆ ਗਿਆ, ਦਰਵਾਜ਼ਾ ਬੰਦ ਕਰ ਦਿੱਤਾ ਗਿਆ....।"

ਪ੍ਰਿੰਸੀਪਲ ਸੁਜਾਨ ਸਿੰਘ ਵੱਲੋਂ ਲਿਖੀ ਇਸ ਲੰਮੀ ਟੂਕ ਦੇਣ ਦਾ ਮਕਸਦ ਹੈ ਕਿ ਕਰਾਮਾਤੀ ਕਹਾਣੀਆਂ ਨੂੰ ਤਿਆਗ ਕੇ, ਯਥਾਰਥਕ ਘਟਨਾਵਾਂ ਅਜਿਹੇ ਵੇਗ ਵਿੱਚ ਪੇਸ਼ ਕੀਤੀਆਂ ਜਾਣ ਕਿ ਪਾਠਕ/ਸਰੋਤੇ ਕੀਲੇ ਜਾਣ। ਮਨ 'ਤੇ ਡੂੰਘਾ ਅਸਰ ਹੋਵੇ ਤੇ ਘਟਨਾ ਨੂੰ ਸਹਿਜੇ ਹੀ ਪ੍ਰਵਾਨ ਕਰ ਲਵੇ ਪਰ ਇਸ ਘਟਨਾ ਨੂੰ ਸਿੱਖਾਂ ਦੇ ਬਹੁ ਗਿਣਤੀ ਲੇਖਕਾਂ ਨੇ ਅਸਲੀਅਤ ਤੋਂ ਕੋਹਾਂ ਦੂਰ ਕਰ ਦਿੱਤਾ ਹੈ। ਪਹਿਲੀ ਗੱਲ ਕਿ ਜੋ ਸਿੱਖ ਗੁਰੂ ਸਾਹਿਬ ਦੀ ਸੇਵਾ ਵਿੱਚ ਆਉਂਦੇ ਸਨ, ਸਾਰਿਆਂ ਨੂੰ ਇੱਕੋ ਜਿਹਾ ਪਿਆਰ ਦਿੰਦੇ ਸਨ। ਸਾਰਿਆਂ ਦੇ ਸਿਰ 'ਤੇ "ਮੇਹਰ ਭਰਿਆ ਹੱਥ" ਰੱਖਦੇ ਸਨ। ਦੁਨੀ ਚੰਦ ਭੀ ਉਨ੍ਹਾਂ ਦੇ ਵਿੱਚ ਸ਼ਾਮਲ ਸੀ ਤੇ ਬਚਿੱਤਰ ਸਿੰਘ ਭੀ ਸ਼ਾਮਲ ਸੀ। ਕਿਸੇ ਅਲੌਕਿਕ ਢੰਗ ਨਾਲ ਭਾਈ ਬਚਿੱਤਰ ਸਿੰਘ ਵਿੱਚ ਤਾਂ ਅਥਾਹ ਸ਼ਕਤੀ ਪ੍ਰਵੇਸ਼ ਕਰ ਦਿੱਤੀ ਗਈ। ਪਰ ਦੁਨੀ ਚੰਦ ਵਿੱਚ ਪ੍ਰਵੇਸ਼ ਕਿਉਂ ਨਾ ਕੀਤੀ? ਉਹ ਅਭਾਗਾ ਡਰ ਕੇ ਕਿਉਂ ਦੌੜਿਆ? ਕਿਲ੍ਹੇ ਦੀ ਕੰਧ ਟੱਪਦਿਆਂ ਲੱਤ ਤੁੜਵਾ ਕੇ ਭੀ ਵਾਪਸ ਨਾ ਪਰਤਿਆ, ਕਿਉਂ? ਗੁਰੂ ਜੀ ਨੇ ਉਸ ਨੂੰ ਮਾਨਸਿਕ ਸ਼ਕਤੀ ਕਿਉਂ ਨਾ ਦਿੱਤੀ? ਉਸ ਨੂੰ ਇਹੀ ਭਵਿੱਖਤ ਵਾਕ ਸੁਣਾ ਦਿੰਦੇ ਕਿ "ਭਾਈ ਤੇਰਾ ਇੱਥੋਂ ਦੌੜਨ ਦਾ ਇਰਾਦਾ ਹੈ। ਜੇ ਦੌੜੇਂਗਾ ਤਾਂ ਲੱਤ ਤੁੜਵਾ ਲਵੇਂਗਾ। ਘਰ ਗਏ ਨੂੰ ਆਦਰ ਕੋਈ ਨਹੀਂ ਮਿਲਣਾ। ਇਤਿਹਾਸ ਵਿੱਚ ਤੈਨੂੰ ਸਦਾ ਲਾਹਣਤਾਂ ਪੈਣਗੀਆਂ।"

ਪਰ ਕੀ "ਥਾਪੜਿਆਂ" ਨਾਲ ਅੰਦਰ ਸ਼ਕਤੀ ਦਾਖ਼ਲ ਹੋ ਜਾਂਦੀ ਹੈ? ਇਹ ਸ਼ਕਤੀ ਗੁਰੂ ਨਾਨਕ ਸਾਹਿਬ ਜੀ ਦੇ ਪੁੱਤਰਾਂ ਅੰਦਰ ਦਾਖ਼ਲ ਨਾ ਹੋਈ। ਉਹ ਸਦਾ ਹੀ ਪਿਤਾ ਜੀ ਤੋਂ ਬਾਗ਼ੀ ਰਹੇ। ਗੁਰੂ ਅੰਗਦ ਸਾਹਿਬ ਦੇ ਪੁੱਤਰ ਦਾਤੂ ਤੇ ਦਾਸੂ ਵਿੱਚ ਦਾਖ਼ਲ ਨਾ ਹੋਈ। ਗੁਰੂ ਅਮਰਦਾਸ ਜੀ ਬੇਟੇ ਮੋਹਨ ਤੇ ਮੋਹਰੀ ਵਿੱਚ ਭੀ ਇਹ ਅਲੌਕਿਕ ਸ਼ਕਤੀ ਪ੍ਰਵੇਸ਼ ਨਾ

ਕਰ ਸਕੀ। ਪਿਰਥੀਚੰਦ ਤੇ ਧੀਰ ਮੱਲ ਸਦਾ ਗੁਰੂ ਘਰ ਦੇ ਦੁਸ਼ਮਣ ਬਣੇ ਰਹੇ। ਕਰਾਮਾਤੀ ਸ਼ਕਤੀ ਨਾਲ ਉਨ੍ਹਾਂ ਦੇ ਹੋਸ਼ ਟਿਕਾਣੇ ਸਿਰ ਕਿਉਂ ਨਾ ਕੀਤੇ ਜਾ ਸਕੇ ? ਗੁਰੂ ਸਾਹਿਬ ਨੂੰ ਸ਼ਹੀਦ ਕਰਨ ਵਾਲਿਆਂ ਦੇ ਮਨ ਕਿਉਂ ਨਾ ਬਦਲ ਦਿੱਤੇ ਗਏ ? ਗੁਰੂ ਨਾਨਕ ਸਾਹਿਬ ਤੋਂ ਸ਼ੁਰੂ ਹੋ ਕੇ ਮੌਜੂਦਾ ਸਮੇਂ ਤੱਕ ਸਿੱਖਾਂ ਨਾਲ ਅਨਿਆ ਹੁੰਦਾ ਆ ਰਿਹਾ ਹੈ। ਗੁਰੂ ਸਾਹਿਬ ਜੀ ਆਪਣੀ ਕਿਸੇ "ਅਗੰਮੀ ਸ਼ਕਤੀ" ਨਾਲ ਸਿੱਖਾਂ ਦੀਆਂ ਮੁਸੀਬਤਾਂ ਖ਼ਤਮ ਕਿਉਂ ਨਹੀਂ ਕਰ ਦਿੰਦੇ ? "ਪਿੱਠ 'ਤੇ ਥਾਪੜਾ" ਦੇ ਕੇ ਸਿੱਖਾਂ ਨੂੰ ਵਿਰੋਧੀਆਂ 'ਤੇ ਭਾਰੂ ਕਿਉਂ ਨਹੀਂ ਕਰ ਦਿੰਦੇ ? ਦੁਸ਼ਮਣ ਅੱਜ ਭੀ ਸਿੱਖਾਂ ਨੂੰ ਮਾਰ ਰਹੇ ਹਨ। ਅਜਿਹੀ ਮਾਰਕਾਟ ਬੰਦ ਕਰਵਾ ਕੇ ਇਥੇ ਅਮਨ ਕਿਉਂ ਨਹੀਂ ਕਰਵਾ ਦਿੰਦੇ ? ਕੀ ਇਹ ਸੱਚ ਨਹੀਂ ਕਿ ਗੁਰੂ ਸਾਹਿਬ ਖ਼ੁਦ ਜੰਗ ਲੜਦੇ ਰਹੇ ਹਨ। ਮੁਸੀਬਤਾਂ ਝਲਦੇ ਰਹੇ ਹਨ। ਸਿੱਖਾਂ ਅਤੇ ਪੁੱਤਰਾਂ ਨੂੰ ਆਪਣੀ ਅੱਖਾਂ ਦੇ ਸਾਹਮਣੇ ਲੜਦੇ ਜਾਨਾਂ ਵਾਰਦੇ ਵੇਖਦੇ ਰਹੇ ਹਨ ? ਕਿੱਥੇ ਹਨ ਅਗੰਮੀ ਸ਼ਕਤੀਆਂ ? "ਅਗੰਮੀ ਸ਼ਕਤੀ ਹੈ ਸਿਆਣਪ ਅਤੇ ਦਲੇਰੀ।" ਜੋ ਮਨੁੱਖ ਕਰਾਮਾਤੀ ਸ਼ਕਤੀਆਂ 'ਤੇ ਯਕੀਨ ਕਰਦਾ ਹੈ, ਉਹ ਮੂਰਖ ਭੀ ਹੈ ਅਤੇ ਡਰਪੋਕ ਭੀ ਹੈ। ਮੂਰਖ ਵਿਅਕਤੀ ਨੂੰ ਤਾਂ ਪਰਖ ਕਰਨ ਦੀ ਅਕਲ ਹੀ ਨਹੀਂ, ਕਿਵੇਂ ਸਮਝਾਵਾਂਗੇ ? ਡਰਪੋਕ ਇਨਸਾਨ ਖ਼ਤਰਾ ਸਹੇੜਨ ਦੀ ਥਾਵੇਂ ਮੰਤਰ ਜਾਪ, ਨਾਮ ਸਿਮਰਣ ਜਾਂ ਪਰਾਭੌਤਿਕ ਸ਼ਕਤੀਆਂ 'ਤੇ ਆਸ ਲਾ ਕੇ ਬੈਠ ਜਾਵੇਗਾ। ਖ਼ੁਦ ਕੋਈ ਕੰਮ ਨਹੀਂ ਕਰਨਾ ਚਾਹੇਗਾ। ਅਸਲ ਵਿੱਚ ਨਾ ਪੱਲੇ ਹਿੰਮਤ ਹੈ ਤੇ ਨਾ ਸਿਆਣਪ।

ਖੰਡੇ ਕੀ ਪਾਹੁਲ

ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ, ਸਮੁੱਚੇ ਸਿੱਖ ਸਮਾਜ ਵਿੱਚੋਂ ਚੋਣਵੇਂ ਆਪਾਵਾਰੂ ਨੌਜੁਆਨਾਂ ਦੀ ਫ਼ੌਜ ਲਈ ਨਵੀਂ ਮਰਿਆਦਾ, ਨਵੇਕਲੀ ਵਰਦੀ ਅਤੇ ਪ੍ਰਣ ਕਰਨ ਦੀ ਵਿਧੀ ਨਵੇਂ ਸਿਰੇ ਤੋਂ ਨਿਰਧਾਰਤ ਕੀਤੀ। ਸੰਨ 1699 ਦੀ ਵਿਸਾਖੀ 'ਤੇ ਇਤਿਹਾਸਕਾਰਾਂ ਮੁਤਾਬਕ ਆਨੰਦਪੁਰ ਵਿਖੇ ਅੱਸੀ ਹਜ਼ਾਰ ਮਾਈ-ਭਾਈ ਦਾ ਠਾਠਾਂ ਮਾਰਦਾ ਇਕੱਠ ਸੀ। ਇਨ੍ਹਾਂ ਵਿੱਚੋਂ ਪਹਿਲਾਂ ਤਿਆਰ ਕੀਤੀ ਤਰਤੀਬ ਮੁਤਾਬਕ ਪੰਜ ਸਿਘ (ਪੰਜ ਪਿਆਰੇ) ਚੁਣੇ ਗਏ। ਉਨ੍ਹਾਂ ਨੂੰ ਖੰਡੇ ਕੀ ਪਾਹੁਲ ਛਕਾ ਕੇ, ਜ਼ਰੂਰੀ ਰਹਿਤਾਂ ਦੱਸ ਕੇ, "ਗੁਰੂ ਕੀ ਲਾਡਲੀ ਫ਼ੌਜ ਦੇ ਸਿਪਾਹੀ", ਆਖ ਕੇ ਸਨਮਾਨ ਦਿੱਤਾ ਗਿਆ। ਫਿਰ ਸੱਦਾ ਦਿੱਤਾ ਗਿਆ ਕਿ ਇਸੇ ਵਿਧੀ ਨਾਲ, ਇਨ੍ਹਾਂ ਹੀ ਸ਼ਰਤਾਂ ਅਧੀਨ, ਧਰਮ ਦੇ ਸੁੱਚੇ ਅਸੂਲਾਂ 'ਤੇ ਚੱਲਣ ਦਾ ਪ੍ਰਣ ਕਰਦਿਆਂ, ਜੇਕਰ ਜਾਨ ਭੀ ਵਾਰਨੀ ਪੈ ਜਾਵੇ, ਤਿਆਰ ਰਹਿਣਾ ਹੋਵੇਗਾ। ਜੋ ਇਨ੍ਹਾਂ ਹੁਕਮਾਂ ਦੀ ਤਾਮੀਲ ਦਿਲੋਂ-ਮਨੋਂ ਕਰਨਾ ਚਾਹੁੰਦੇ ਹਨ, ਉਹ ਖੰਡੇ ਕੀ ਪਾਹੁਲ ਲੈ ਸਕਦੇ ਹਨ। ਪਹਿਲੇ ਦੋ ਦਿਨਾਂ ਵਿੱਚ ਭਰਤੀ ਹੋਣ ਵਾਲੇ ਗਭਰੂਆਂ ਦੀ ਗਿਣਤੀ ਕਰੀਬ ਵੀਹ ਹਜ਼ਾਰ ਹੋ ਗਈ ਸੀ। ਇਤਿਹਾਸ ਦੀਆਂ ਬੇਅੰਤ ਕਿਤਾਬਾਂ ਪੜ੍ਹ ਚੁੱਕਣ ਤੋਂ ਬਾਅਦ ਭੀ ਮੈਨੂੰ ਕਿਸੇ ਥਾਂ ਕਿਸੇ ਔਰਤ ਦਾ ਫ਼ੌਜ ਵਿੱਚ ਭਰਤੀ ਹੋਣ ਬਾਰੇ ਪੜ੍ਹਨ ਲਈ ਨਹੀਂ ਮਿਲਿਆ। ਬੱਚਿਆਂ ਜਾਂ ਬਜ਼ੁਰਗਾਂ ਨੂੰ ਭੀ ਫ਼ੌਜ ਵਿੱਚ ਭਰਤੀ ਨਹੀਂ ਕੀਤਾ ਗਿਆ। ਇਸ ਤੱਥ ਦੀ ਪ੍ਰੋੜਤਾ ਵਾਸਤੇ ਕਦੀ ਨਿਹੰਗ ਸਿਘਾਂ ਦੇ ਜਥਿਆਂ ਵਿੱਚ ਜਾ ਕੇ ਗਹਿਰਾਈ

ਨਾਲ ਪਰਖ ਪੜਚੋਲ ਕਰ ਵੇਖਣਾ। ਨਿਹੰਗ ਆਪਣੇ ਸਾਥੀ ਸਿੰਘਾਂ ਨੂੰ (ਜਾਂ ਆਪਣੇ ਆਪ ਨੂੰ) "ਗੁਰੂ ਕੀ ਫ਼ੌਜ, ਗੁਰੂ ਦੀ ਲਾਡਲੀ ਫ਼ੌਜ, ਅਕਾਲੀ ਫ਼ੌਜ, ਫ਼ੌਜਾਂ ਦਾ ਫ਼ੌਜਾ, ਫ਼ੌਜਾਂ ਕੂਚ ਕਰ ਗਈਆਂ, ਸਵਾ ਲੱਖ (ਇੱਕ ਸਿੱਖ ਲਈ) ਫ਼ੌਜ ਹੈ, ਫ਼ੌਜੀ ਬਾਣਾ ਧਾਰਨ ਕਰ ਲਿਆ, ਫ਼ੌਜਾਂ ਸ਼ਿਕਾਰ ਲਈ ਚੜ੍ਹਾਈ ਕਰ ਰਹੀਆਂ ਹਨ। ਹਰ ਸਿੱਖ ਫ਼ੌਜੀ ਲਈ ਗੱਤਕਾ ਸਿੱਖਣਾ ਜ਼ਰੂਰੀ ਸੀ। ਇਸ ਤੋਂ ਬਗ਼ੈਰ ਸਰੀਰ ਦੀ ਅਤੇ ਮਨ ਦੀ ਤਿਆਰੀ ਹੋ ਹੀ ਨਹੀਂ ਸੀ ਸਕਦੀ। ਬਾਕੀ ਹਥਿਆਰ ਚਲਾਉਣੇ ਅਤੇ ਘੋੜੇ ਦੀ ਸਵਾਰੀ ਵਿੱਚ ਮੁਹਾਰਤ ਹਾਸਲ ਕਰਨੀ ਜ਼ਰੂਰੀ ਸੀ। ਇਸ ਵੱਡੀ ਜ਼ਿੰਮੇਵਾਰੀ ਦੇ ਕੰਮਾਂ ਲਈ ਸਿਹਤਮੰਦ ਨੌਜੁਆਨਾਂ ਦੀ ਹੀ ਚੋਣ ਕੀਤੀ ਜਾਂਦੀ ਸੀ। ਫ਼ੌਜ ਵਿੱਚ ਭਰਤੀ ਹੋਏ ਫ਼ੌਜੀਆਂ ਲਈ "ਸਿੰਘਾਂ ਵਾਲੇ ਬੋਲੇ" (ਭਾਵ- ਦੂਜੀ ਧਿਰ ਨੂੰ ਸਮਝ ਨਾ ਆਉਣ ਵਾਲੀ ਬੋਲੀ) ਭੀ ਸਿੱਖਣੇ ਜ਼ਰੂਰੀ ਸਨ। ਅਜਿਹੇ "ਬੋਲੇ" ਅੱਜ ਤਾਈਂ ਨਿਹੰਗ ਛੌਣੀਆਂ ਵਿੱਚ ਬੋਲੇ ਜਾ ਰਹੇ ਹਨ। ਕਾਰੋਬਾਰੀ ਸਿੱਖਾਂ ਨੂੰ ਭੀ ਇਨ੍ਹਾਂ ਨਿਹੰਗ ਬੋਲਿਆਂ ਦੀ ਜਾਣਕਾਰੀ ਨਹੀਂ ਹੁੰਦੀ ਸੀ। ਇਸੇ ਕਾਰਨ ਨਿਹੰਗ ਫ਼ੌਜ ਵਿੱਚ ਔਰਤਾਂ ਦੀ ਸ਼ਮੂਲੀਅਤ ਨਾਂਹ ਦੇ ਬ੍ਰਾਬਰ ਹੀ ਹੈ। ਗੁਰੂ ਸਾਹਿਬ ਦੇ ਪ੍ਰਵਾਰ ਦੀਆਂ ਮਾਤਾਵਾਂ ਬਾਰੇ ਖੰਡੇ ਕੀ ਪਾਹੁਲ ਲੈਣ ਦਾ ਕੋਈ ਇਤਿਹਾਸਕ ਸਬੂਤ ਨਹੀਂ ਮਿਲਦਾ। ਸਮਾਂ ਬੀਤਣ ਨਾਲ ਹਾਲਾਤ ਦੀ ਮਜਬੂਰੀ ਵਿੱਚ ਨਿੱਤ ਦਿਨ ਗਲ ਆ ਪਈਆਂ ਜੰਗਾਂ ਕਾਰਨ ਆਪਣੀ ਤੇ ਬਾਲ ਬੱਚਿਆਂ ਦੀ ਰਾਖੀ ਵਾਸਤੇ, ਸਿੱਖ ਔਰਤਾਂ ਨੂੰ ਭੀ ਹਥਿਆਰ ਚੁੱਕਣੇ ਪਏ। ਮਿਸਲਾਂ ਦੇ ਲੰਮੇਂ ਸਮੇਂ ਦੇ ਜੰਗ ਦੌਰਾਨ ਭੀ ਸਿੱਖ ਔਰਤਾਂ ਦੀ ਕਿਸੇ ਫ਼ੌਜੀ (ਹਥਿਆਰਬੰਦ) ਟੁਕੜੀ ਦਾ ਕਿਧਰੇ ਹਵਾਲਾ ਨਹੀਂ ਮਿਲਦਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿੱਚ ਸੁਹੀਆ ਮਹਿਕਮੇ ਵਿੱਚ ਕੁੱਝ ਇਸਤਰੀਆਂ ਨੇ ਪਾਏਦਾਰ ਕੰਮ ਕੀਤਾ ਹੈ। (ਇਸ ਦੀ ਵਧੇਰੇ ਜਾਣਕਾਰੀ ਲੈਣ ਲਈ, ਮੇਰੀ ਪੁਸਤਕ, "ਬੇਗਾਨੀ ਧੀ ਪਰਾਇਆ ਧਨ" ਵਿੱਚੋਂ ਪੜ੍ਹ ਸਕਦੇ ਹੋ) ਕੁੱਝ ਸਮਾਂ ਮਾ. ਰਣਜੀਤ ਸਿੰਘ ਦੀ ਸੱਸ, ਰਾਣੀ ਸਦਾ ਕੌਰ ਹਥਿਆਰ ਬੰਦ ਜੰਗਾਂ ਵਿੱਚ ਜੰਗੀ ਜਰਨੈਲ ਦੀ ਜ਼ਿੰਮੇਵਾਰੀ ਨਿਭਾਉਂਦੀ ਰਹੀ ਹੈ। ਬਾਕੀ ਸਿੱਖ ਔਰਤਾਂ ਬਾਰੇ ਇਤਿਹਾਸ ਵਿੱਚ ਕੁੱਝ ਨਹੀਂ ਮਿਲਦਾ।

ਸਿੱਖਾਂ ਵਿਚਲੇ ਲੇਖਾਰੀਆਂ ਅਤੇ ਕਥਾਕਾਰਾਂ ਨੇ ਅੰਮ੍ਰਿਤ (ਅਸਲ ਵਿੱਚ ਖੰਡੇ ਕੀ ਪਾਹੁਲ) ਨੂੰ ਇੱਕ ਕਰਾਮਾਤੀ ਸ਼ਕਤੀ ਬਣਾ ਕੇ ਪੇਸ਼ ਕੀਤਾ ਹੈ। ਜਿਵੇਂ-

1. ਪੰਜ ਪਿਆਰਿਆਂ ਦੇ ਸਿਰ ਧੜ ਨਾਲੋਂ ਕੱਟ ਕੇ ਜੁਦਾ ਕਰ ਦਿੱਤੇ। ਅੰਮ੍ਰਿਤ ਛਿੜਕ ਕੇ ਦੁਬਾਰਾ ਜੋੜ ਦਿੱਤੇ।
2. ਪੰਜਾਂ ਪਿਆਰਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ, "ਮੈਨੂੰ ਭੀ ਅੰਮ੍ਰਿਤ ਛਕਾਉ, ਸਿੰਘ ਸਜਾਉ।" ਭਾਈ ਦਇਆ ਸਿੰਘ ਨੇ ਆਖਿਆ, "ਮਹਾਰਾਜ ਅਸੀਂ ਸਿਰ ਵਾਰ ਕੇ ਅੰਮ੍ਰਿਤ ਲਿਆ ਹੈ, ਤੁਸੀਂ ਇਸ ਦਾ ਕੀ ਮੁੱਲ ਤਾਰੋਗੇ?" ਗੁਰੂ ਜੀ ਨੇ ਆਖਿਆ, "ਭਾਈ ਦਇਆ ਸਿੰਘ, ਇਸ ਅੰਮ੍ਰਿਤ ਦੇ ਬਦਲੇ ਮੈਂ ਆਪਣਾ ਸਾਰਾ ਪ੍ਰਵਾਰ ਵਾਰ ਦਿਆਂਗਾ।"
3. ਚਿੜੇ-ਚਿੜੀ ਨੇ ਦੋ ਬੂੰਦਾ ਅੰਮ੍ਰਿਤ ਛਕ ਲਿਆ ਤੇ ਦੋਵੇਂ ਲੜ ਕੇ ਮਰ ਗਏ।

4. ਮਾਤਾ ਸੁੰਦਰੀ ਜੀ ਨੇ (ਕਈ ਥਾਈਂ ਮਾਤਾ ਸਾਹਿਬ ਦੇਵੀ ਲਿਖਿਆ ਹੈ) ਆ ਕੇ ਅੰਮ੍ਰਿਤ ਵਿੱਚ ਪਤਾਸੇ ਪਾਏ ਤਾਂ ਇਸ ਵਿਚਲਾ ਜੋਸ਼ ਘਟਿਆ।
5. ਅੰਮ੍ਰਿਤ ਛਕ ਕੇ ਅਮਰ ਹੋ ਜਾਈਦਾ ਹੈ।
6. ਅੰਮ੍ਰਿਤ ਛਕ ਕੇ ਸਾਰੇ ਪਾਪ ਖ਼ਤਮ ਹੋ ਜਾਂਦੇ ਹਨ।
7. ਅੰਮ੍ਰਿਤ ਛਕ ਕੇ ਅਸੀਮ ਤਾਕਤ ਆ ਜਾਂਦੀ ਹੈ, ਆਦਿ।

ਨੰਬਰਵਾਰ ਜੁਆਬ-

1. ਧੜ ਨਾਲੋਂ ਸਿਰ ਕੱਟ ਕੇ ਦੁਬਾਰਾ ਨਹੀਂ ਜੋੜੇ ਜਾ ਸਕਦੇ। ਪਹਿਲੀ ਵਾਰੀ ਖੰਡੇ ਕੀ ਪਾਹੁਲ ਦੇਣ 'ਤੇ ਧੜ ਨਾਲ ਸਿਰ ਜੇਕਰ ਜੁੜ ਗਏ ਤਾਂ ਉਸ ਤੋਂ ਮਗਰੋਂ ਅੱਜ ਤੱਕ ਅੰਮ੍ਰਿਤ ਨਾਲ ਹੋਰ ਕਿਸੇ ਦੇ ਸਿਰ ਕਿਉਂ ਨਹੀਂ ਜੋੜੇ ਜਾ ਸਕੇ ?
2. ਗੁਰੂ ਅਰਜਨ ਸਾਹਿਬ ਨੇ ਕਿਸੇ ਨੂੰ ਕੋਈ ਵਚਨ ਨਹੀਂ ਦਿੱਤਾ ਸੀ ਕਿ ਅਮਕੀ ਗੱਲ ਕਾਰਨ ਮੈਂ ਸਿਰ ਵਾਰ ਦਿਆਂਗਾ, ਫਿਰ ਵੀ ਵਾਰ ਦਿੱਤਾ, ਸ਼ਹੀਦੀ ਪਾ ਗਏ। ਗੁਰੂ ਤੇਗ ਬਹਾਦਰ ਨੇ ਅਜਿਹਾ ਕੋਈ ਪ੍ਰਣ ਨਹੀਂ ਕੀਤਾ ਸੀ। ਭਾਈ ਮਤੀ ਦਾਸ, ਸਤੀ ਦਾਸ, ਦਿਆਲਾ ਜੀ, ਆਪਣਾ ਆਪਾ ਕੁਰਬਾਨ ਕਰ ਗਏ। ਹਾਲੀ ਉਨ੍ਹਾਂ ਖੰਡੇ ਕੀ ਪਾਹੁਲ ਛਕੀ ਹੀ ਨਹੀਂ ਸੀ। ਗੁਰੂ ਗੋਬਿੰਦ ਸਿੰਘ ਤੋਂ ਅਜਿਹਾ ਪ੍ਰਣ ਕਰਾਉਣ ਦੀ ਕੀ ਲੋੜ ਸੀ ? ਜੇ ਦਇਆ ਸਿੰਘ ਜੀ ਅਜਿਹਾ ਪ੍ਰਣ ਨਾ ਕਰਾਉਂਦੇ, ਕੀ ਫਿਰ ਦਸਵੇਂ ਗੁਰੂ ਨੇ ਪ੍ਰਵਾਰ ਬਚਾ ਲੈਣਾ ਸੀ ?
3. ਚਿੜਾ-ਚਿੜੀ ਇਕੱਠ ਵਿੱਚ ਕਿਥੋਂ ਆ ਸਕਦੇ ਹਨ ? ਫਿਰ ਅੰਮ੍ਰਿਤ ਪੀ ਕੇ ਲੜੇ ਕਿਉਂ, ਫਿਰ ਮਰੇ ਕਿਉਂ ? ਕੀ ਇਹ ਜ਼ਹਿਰ ਤਿਆਰ ਹੋਇਆ ਸੀ ?
4. ਮਾਤਾ ਜੀ ਨੇ ਪਤਾਸੇ ਪਾ ਕੇ ਅੰਮ੍ਰਿਤ ਦਾ ਜੋਸ਼ ਘੱਟ ਕਰ ਦਿੱਤਾ। ਕੀ ਗੁਰੂ ਗੋਬਿੰਦ ਸਿੰਘ ਜੀ ਤੋਂ ਗ਼ਲਤ ਕਿਸਮ ਦਾ ਅੰਮ੍ਰਿਤ ਤਿਆਰ ਹੋ ਗਿਆ ਸੀ ? ਗੁਰੂ ਜੀ ਦੀ "ਗ਼ਲਤੀ" ਮਾਤਾ ਜੀ ਨੇ ਦਰੁਸਤ ਕੀਤੀ ? "ਗੁਰੂ ਛੋਟਾ, ਮਾਤਾ ਵੱਡੀ ?"
5. ਅੰਮ੍ਰਿਤ ਛਕ ਕੇ ਅਮਰ ਹੋ ਜਾਣ ਵਾਲੀ ਕਹਾਣੀ ਨੂੰ ਕੌਣ ਸਵੀਕਾਰ ਕਰੇਗਾ ? ਦਸ ਗੁਰੂ ਸੰਸਾਰ ਤੋਂ ਚਲੇ ਗਏ। ਪੰਜ ਪਿਆਰੇ ਸੰਸਾਰ ਤੋਂ ਵਿਦਾ ਹੋ ਗਏ। ਲੱਖਾਂ ਵਿਅਕਤੀਆਂ ਨੇ ਖੰਡੇ ਕੀ ਪਾਹੁਲ ਲਈ ਹੈ। ਸਰੀਰ ਕਰ ਕੇ ਤਾਂ ਅਮਰ ਕੋਈ ਭੀ ਨਹੀਂ ਹੋਇਆ।
6. ਪਾਪ ਖ਼ਤਮ ਕਰ ਦੇਣ ਵਾਲੀ ਕਹਾਣੀ ਦੀ ਕੋਈ ਕੀਮਤ ਨਹੀਂ ਹੈ। ਕਹਿਣਾ ਇਹ ਚਾਹੀਦਾ ਸੀ ਕਿ ਖੰਡੇ ਕੀ ਪਾਹੁਲ ਲੈਣ ਵਾਲਾ ਸਿੱਖ (ਫ਼ੌਜੀ) "ਪਾਪ ਕਰਮ ਕਰਦਾ ਹੀ ਨਹੀਂ।"
7. ਜੇਕਰ ਅੰਮ੍ਰਿਤ ਛਕ ਕੇ ਅਸੀਮ ਤਾਕਤ ਆ ਜਾਂਦੀ ਹੈ ਤਾਂ ਸਿੱਖਾਂ 'ਤੇ ਮੁਸੀਬਤਾਂ ਕਿਉਂ ਆਈਆਂ ? ਘਰ ਘਾਟ ਕਿਉਂ ਉਜੜੇ ? ਸੌ ਸਾਲ ਤੱਕ ਜੰਗਲੀ ਵਾਸਾ ਕਿਉਂ ਕਰਨਾ ਪਿਆ ? ਆਪਣੀ ਅਸੀਮ ਤਾਕਤ ਨਾਲ ਦੁਸ਼ਮਣਾਂ ਨੂੰ ਛੇਤੀ ਹੀ ਖ਼ਤਮ ਕਿਉਂ ਨਾ ਕੀਤਾ ? ਫਿਰ ਅੱਜ ਉਹ ਅਸੀਮ ਤਾਕਤ ਕਿਥੇ ਚਲੀ ਗਈ ? ਸਿੱਖ ਤਾਂ ਅੱਜ ਭੀ ਖ਼ੁਆਰ ਹੋ ਰਹੇ ਹਨ।

ਇਹ ਭੀ ਗੌਰ ਕਰਨੀ ਪਵੇਗੀ ਕਿ ਜਿਨ੍ਹਾਂ ਮੁਸਲਮਾਨਾਂ ਨੇ ਅੰਮ੍ਰਿਤ ਨਹੀਂ ਸੀ ਛਕਿਆ, ਉਹ ਸੱਤ ਸੌ ਸਾਲ ਤੱਕ ਭਾਰਤੀ ਲੋਕਾਂ ਦੇ ਮੌਰ ਕੁੱਟਦੇ ਰਹੇ। ਜਬਰ-ਜਿਨਾਹ ਕਰਦੇ ਰਹੇ। ਕੋਈ ਉਨ੍ਹਾਂ ਸਾਹਮਣੇ ਖਲੋ ਨਹੀਂ ਸਕਦਾ ਸੀ ਪਰ ਹੈਗੇ ਸਨ ਬੇ ਅੰਮ੍ਰਿਤੀਏ। ਇਥੇ ਅੰਗਰੇਜ਼ ਦੋ ਸੌ ਸਾਲ ਤੱਕ, ਭਾਰਤ ਵਾਸੀਆਂ ਨੂੰ ਲੁਟਦੇ ਰਹੇ ਤੇ ਕੁਟਦੇ ਰਹੇ। ਉਹ ਸਾਰੇ ਬੇ-ਅੰਮ੍ਰਿਤੀਏ ਸਨ। ਫਿਰ ਕਿਵੇਂ ਤਾਕਤਵਰ ਬਣ ਗਏ ? ਅੱਜ "ਅੰਮ੍ਰਿਤਧਾਰੀ" ਸਿੱਖ ਬੇ-ਅੰਮ੍ਰਿਤੀਏ ਹਿੰਦਵਾਸੀ ਲੀਡਰਾਂ ਦੇ ਅਧੀਨ ਰਹਿਣ ਲਈ ਮਜਬੂਰ ਹਨ। ਅੰਮ੍ਰਿਤ ਦੀ ਸ਼ਕਤੀ ਕਿੱਥੇ ਚਲੀ ਗਈ ? ਅਮਰੀਕਾ, ਰੂਸ, ਚੀਨ ਆਦਿ ਦੇਸ਼ ਬੜੇ ਤਾਕਤਵਰ ਹਨ ਪਰ ਉਨ੍ਹਾਂ ਅੰਮ੍ਰਿਤ ਨਹੀਂ ਛਕਿਆ। ਅੰਮ੍ਰਿਤਧਾਰੀ ਨੌਜੁਆਨ ਮਾਈ-ਭਾਈ, ਬੇ-ਅੰਮ੍ਰਿਤੀਏ ਲੋਕਾਂ ਵਾਲੇ ਦੇਸ਼ਾਂ ਵਿੱਚ ਜਾ ਕੇ ਮਜ਼ਦੂਰੀ ਕਰਨ ਲਈ ਮਜਬੂਰ ਹਨ। ਕਿਵੇਂ ਆਖੀਏ ਕਿ ਅੰਮ੍ਰਿਤ ਵਿੱਚ ਅਸੀਮ ਸ਼ਕਤੀ ਹੁੰਦੀ ਹੈ ? ਇਹ ਸਿਰਫ਼ ਫ਼ੌਜੀ ਭਰਤੀ ਲਈ ਇੱਕ ਮਰਿਆਦਾ ਹੈ ਤੇ ਬਸ। ਪਾਖੰਡ 'ਤੇ ਝੂਠ ਤਿਆਗਣ ਵਿੱਚ ਹੀ ਪੰਥ ਦਾ ਭਲਾ ਹੈ।

ਗੁਰਬਾਣੀ ਨੂੰ ਗਹਿਰਾਈ ਨਾਲ ਪੜ੍ਹਨ ਅਤੇ ਸਮਝਣ ਤੋਂ ਬਗ਼ੈਰ ਬਣੇ ਕੱਚ ਘਰੜ ਪ੍ਰਚਾਰਕਾਂ ਨੇ ਆਮ ਸਿੱਖਾਂ ਵਿੱਚ ਬੜੇ ਜ਼ੋਰ-ਸ਼ੋਰ ਨਾਲ ਪ੍ਰਚੱਲਤ ਕਰ ਦਿੱਤਾ ਹੈ ਕਿ "ਆਓ ਅੰਮ੍ਰਿਤ ਛਕੋ, ਗੁਰੂ ਵਾਲੇ ਬਣੋ।" ਸੰਨ 1699 ਦੀ ਵਿਸਾਖੀ ਤੋਂ ਪਹਿਲਾਂ ਜਦੋਂ ਹਾਲੀ ਖੰਡੇ ਕੀ ਪਾਹੁਲ ਛਕਣ ਦੀ ਮਰਿਆਦਾ ਨਹੀਂ ਚੱਲੀ ਸੀ, ਉਸ ਸਮੇਂ ਦੇ ਸਾਰੇ ਬਹਾਦਰ ਸਿੱਖਾਂ ਨੂੰ ਕੀ ਆਖੀਏ ? ਕੀ ਉਹ ਸਾਰੇ "ਗੁਰੂ ਵਾਲੇ" ਨਹੀਂ ਸਨ। ਜਿਨ੍ਹਾਂ ਨੇ ਗੁਰੂ ਸਾਹਿਬ ਦਾ ਹੁਕਮ ਮੰਨਿਆ, ਉਹ ਸਿੱਖ ਹਨ। ਅੱਜ ਜੋ ਵਿਅਕਤੀ (ਔਰਤ-ਪੁਰਸ਼) ਗੁਰਬਾਣੀ ਨੂੰ ਗੁਰੂ ਸਵੀਕਾਰਦਾ ਹੈ। ਇਸ ਵਿਚਲੇ ਲਿਖਤ ਉਪਦੇਸ਼ ਅਨੁਸਾਰ ਜੀਵਨ ਬਤੀਤ ਕਰਦਾ ਹੈ, ਉਹ ਸਿੱਖ ਹੈ। ਜ਼ਰਾ ਇਕਾਗਰ ਚਿੱਤ ਹੋ ਕੇ ਸੋਚੋ! ਇੱਕ ਪ੍ਰਵਾਰ ਵਿੱਚੋਂ ਕੋਈ ਨੌਜੁਆਨ ਖੰਡੇ ਕੀ ਪਾਹੁਲ ਲੈ ਕੇ "ਅਕਾਲੀ ਫ਼ੌਜ" ਵਿੱਚ ਭਰਤੀ ਹੋ ਜਾਂਦਾ ਹੈ। ਮਾਤਾ-ਪਿਤਾ, ਭੈਣ-ਭਰਾ ਗੁਰੂ ਸਾਹਿਬ ਵੱਲੋਂ ਨਿਭਾਏ ਜਾ ਰਹੇ, ਮਹਾਨ ਕਾਰਜ ਨੂੰ ਚੰਗਾ ਸਮਝਦੇ ਹਨ। ਗੁਰੂ ਨਮਿਤ ਕੁੱਝ ਰੁਪਏ ਅੰਨ-ਬਸਤਰ ਦੇਣ ਵਾਲਾ ਤਾਂ ਸਿੱਖ ਮੰਨਿਆ ਜਾ ਰਿਹਾ ਹੈ। ਅਫ਼ਸੋਸ ਕਿ ਆਪਣੇ ਜਿਗਰ ਦੇ ਟੁਕੜੇ, ਅੱਖਾਂ ਦੇ ਤਾਰੇ, ਬੁਢਾਪੇ ਦਾ ਸਹਾਰਾ, ਘਰ ਦੇ ਇੱਕ ਜੀਅ (ਨੌਜੁਆਨ) ਨੂੰ ਗੁਰੂ ਸਨਮੁੱਖ ਅਰਪਣ ਕਰਨ ਵਾਲੇ, ਸਿੱਖ ਨਹੀਂ ਮੰਨੇ ਜਾ ਰਹੇ। ਪ੍ਰਵਾਰ ਦੇ ਸਾਰੇ ਜੀਅ ਫ਼ੌਜ ਵਿੱਚ ਭਰਤੀ ਨਹੀਂ ਹੋ ਸਕਦੇ ਤਾਂ ਕੀ ਗੱਲ ਹੈ ? ਖੰਡੇ ਕੀ ਪਾਹੁਲ ਛਕ ਕੇ ਲਾਡਲੀ ਫ਼ੌਜ ਵਿੱਚ ਭਰਤੀ ਹੋਣ ਵਾਲੇ ਨੂੰ, "ਸਿੱਖ ਬਣ ਗਿਆ, ਸਿੰਘ ਸਜ ਗਿਆ, ਗੁਰੂ ਵਾਲਾ ਬਣ ਗਿਆ" ਆਖਿਆ ਜਾ ਰਿਹਾ ਹੈ। ਉਸ ਦੇ ਪ੍ਰਵਾਰਕ ਜੀਆਂ ਨੂੰ ਸਿੱਖ ਨਹੀਂ ਮੰਨਿਆ ਜਾ ਰਿਹਾ, ਅਜਿਹਾ ਕਿਉਂ ? ਜਿੰਨੀ ਦੇਰ ਤੱਕ ਉਸ ਪ੍ਰਵਾਰ ਦੇ ਜੀਅ ਗੁਰਬਾਣੀ (ਗੁਰਮਤਿ) ਦੇ ਹੁਕਮਾਂ ਤੋਂ ਵਿਰੁੱਧ ਨਹੀਂ ਚਲਦੇ, ਗੁਰਬਾਣੀ 'ਤੇ ਹੀ ਵਿਸ਼ਵਾਸ ਰਖਦੇ ਹਨ, ਉਤਨੀ ਦੇਰ ਤੱਕ ਉਨ੍ਹਾਂ ਨੂੰ ਸਿੱਖ ਮੰਨਿਆ ਜਾਣਾ ਚਾਹੀਦਾ ਹੈ ਪਰ ਵਰਤਮਾਨ ਸਮੇਂ ਅੰਦਰ "ਗੁਰੂ ਵਾਲੇ" (ਜਿਨ੍ਹਾਂ ਖੰਡੇ ਕੀ ਪਾਹੁਲ ਛਕ ਲਈ) ਸਿੱਖ, ਗੁਰਬਾਣੀ ਉਪਦੇਸ਼ਾਂ ਤੋਂ ਖ਼ਾਲੀ ਨੇ। ਗੁਰਮਤਿ ਦੇ ਅਸੂਲਾਂ ਤੋਂ ਉਲਟ ਕਾਰਜ ਕਰਦੇ ਥੋਕ ਵਿੱਚ ਵੇਖੇ ਜਾ ਸਕਦੇ ਹਨ।

ਇੱਕ ਸਵਾਲ ਬਾਰ-ਬਾਰ ਸਾਹਮਣੇ ਆਉਂਦਾ ਹੈ ਕਿ "ਅੰਮ੍ਰਿਤਧਾਰੀ ਸਿੱਖ" (ਪਾਹੁਲ ਲੈ ਕੇ ਫ਼ੌਜੀ ਬਣਿਆ) ਕਿਸੇ ਦਾ ਜੂਠਾ ਨਾ ਖਾਵੇ। ਜਿਸ ਸਮਾਜ ਵਿੱਚ ਇਨਸਾਨ ਰਹਿੰਦਾ ਹੈ, ਉਸ ਵਿੱਚ ਵਰਤ ਰਹੇ ਵਰਤਾਰੇ ਮੁਤਾਬਕ, ਉਸ ਨੂੰ ਜ਼ਿੰਦਗੀ ਬਤੀਤ ਕਰਨੀ ਪੈਂਦੀ ਹੈ। ਇਸਲਾਮਿਕ ਦੇਸ਼ਾਂ ਦੇ ਆਪਣੇ "ਸ਼ਰ੍ਹਾ" (ਧਰਮ ਅਨੁਸਾਰੀ ਰਹਿਤਾਂ) ਵਾਲੇ ਕਾਨੂੰਨ ਹਨ। ਇਨ੍ਹਾਂ ਦੇਸ਼ਾਂ ਵਿੱਚ ਕਿਸੇ ਹੋਰ ਧਰਮ ਦਾ ਪ੍ਰਚਾਰ ਕਰਨ ਦੀ ਇਜਾਜ਼ਤ ਨਹੀਂ ਹੈ। ਧਰਮ ਅਸਥਾਨ ਵਾਸਤੇ, ਇਮਾਰਤ ਨਹੀਂ ਬਣਾ ਸਕਦੇ। ਨਿਸ਼ਾਨ ਜਾਂ ਝੰਡਾ ਨਹੀਂ ਲਾ ਸਕਦੇ। ਆਪਣੇ ਨਾਹਰੇ-ਜੈਕਾਰੇ ਨਹੀਂ ਲਾ ਸਕਦੇ। ਮਾਸ ਖਾਣ ਦੇ ਚਾਹਵਾਨ ਝੱਟਕਾ ਨਹੀਂ ਕਰ ਸਕਦੇ। ਔਰਤਾਂ ਬੁਰਕਾ ਪਹਿਨ ਕੇ ਹੀ ਘਰੋਂ ਬਾਹਰ ਜਾ ਸਕਦੀਆਂ ਹਨ। ਬੁਰਕੇ ਵਾਲੇ ਨਿਅਮ ਦੀ ਗ਼ੈਰ-ਮੁਸਲਮਾਨ ਔਰਤਾਂ ਲਈ ਕੇਵਲ ਡੁਬਈ ਵਿੱਚ ਛੋਟ ਹੈ, ਹੋਰ ਕਿਤੇ ਨਹੀਂ। ਯੋਰਪੀਨ ਮੁਲਕਾਂ ਦੇ ਆਪਣੇ ਵੱਖਰੇ ਅਸੂਲ ਹਨ। ਸਫ਼ਾਈ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ ਪਰ ਜੋ ਸੁੱਚ-ਭਿੱਟ ਬ੍ਰਾਹਮਣ ਨੇ ਸਮਾਜ ਵਿੱਚ ਫੈਲਾਈ ਸੀ, ਗੁਰਬਾਣੀ ਉਸ ਨੂੰ ਪੂਰੀ ਤਰ੍ਹਾਂ ਰੱਦ ਕਰਦੀ ਹੈ। ਅਫ਼ਸੋਸ ਕਿ ਸਾਡੇ ਗੁਰਬਾਣੀ ਤੋਂ ਸੱਖਣੇ "ਅੰਮ੍ਰਿਤਧਾਰੀ ਸਿੱਖ" ਸੁੱਚ-ਭਿੱਟ ਦੇ ਭਰਮ ਵਿੱਚ ਗਲ ਤਾਈਂ ਧਸੇ ਪਏ ਹਨ। ਇੱਕੋ ਪ੍ਰਵਾਰ ਦੇ ਕਿਸੇ ਜੀਅ ਨੇ ਜੇਕਰ "ਅੰਮ੍ਰਿਤ" ਛਕ ਲਿਆ ਤਾਂ ਉਹ ਦੂਜਿਆਂ ਦਾ "ਜੂਠਾ" ਹੱਥ ਲੱਗਿਆ ਭੋਜਨ ਭੀ ਨਹੀਂ ਛਕਦਾ। ਉਸ ਦੇ ਭਾਂਡੇ ਵਖਰੇ, ਕੱਪੜੇ-ਲੀੜੇ ਵੱਖਰੇ। ਮੰਜਾ-ਬਿਸਤਰਾ ਅਲੱਗ। ਕਈ ਵਾਰੀ ਚੁੱਲ੍ਹਾ-ਚੌਕਾ ਅਲੱਗ। ਫਿਰ ਬਾਹਰਲੇ ਦੇਸ਼ਾਂ ਵਿੱਚ ਅਜਿਹੇ "ਅੰਮ੍ਰਿਤਧਾਰੀ" ਸਿੱਖਾਂ ਨੂੰ ਬਿਲਕੁਲ ਨਹੀਂ ਜਾਣਾ ਚਾਹੀਦਾ।

ਅਸਲ ਵਿੱਚ ਖੰਡੇ ਕੀ ਪਾਹੁਲ ਲੈਣ ਵਾਲੇ ਸਾਰੇ ਸਿੱਖ ਉਸ ਦਿਨ ਇੱਕ-ਦੂਜੇ ਦੀ "ਜੂਠੀ ਪਾਹੁਲ" ਪੀਂਦੇ ਹਨ। ਕਤਾਰ ਵਿੱਚ ਖੜੇ ਕਰ ਕੇ ਸਾਰਿਆਂ ਨੂੰ ਮੂੰਹ ਲਾ ਕੇ ਪੀਣਾ ਹੁੰਦਾ ਹੈ। ਫਿਰ ਕੜਾਹ ਪ੍ਰਸ਼ਾਦ ਸਾਰਿਆਂ ਨੇ ਇੱਕੋ ਭਾਂਡੇ ਵਿੱਚ "ਜੂਠਾ" ਹੀ ਛਕਣਾ ਹੁੰਦਾ ਹੈ। ਇਉਂ ਕਹਿ ਲਈਏ ਕਿ ਉਸ ਦਿਨ ਤੋਂ "ਸੁੱਚ-ਭਿੱਟ" ਦਾ ਖ਼ਾਤਮਾ ਹੋ ਜਾਂਦਾ ਹੈ। ਗੁਰਬਾਣੀ ਦਾ ਫ਼ੁਰਮਾਨ ਪੜ੍ਹੋ-

ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥
ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੂਧਿ ਸਿਉ ਗਾਡਿ ॥
ਰੇ ਮਨ ਲੇਖੈ ਕਬਹੁ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥ (1168)

ਹੇ ਭਾਈ! ਸੋਨੇ ਦਾ ਚੌਕਾ-ਚੁੱਲ੍ਹਾ ਹੋਵੇ। ਪਾਣੀ ਲਈ ਗਾਗਰਾਂ ਭੀ ਸੋਨੇ ਦੀਆਂ ਹੋਣ। ਦੁਆਲੇ ਚਾਂਦੀ ਦੀਆਂ ਲਕੀਰਾਂ ਕੱਢੀਆਂ ਹੋਣ। ਗੰਗਾ ਦਾ ਪਾਣੀ ਹੋਵੇ। ਅਰਣੀ ਨਾਮ ਦੀ ਪਵਿੱਤਰ ਲਕੜੀ ਤੋਂ ਪੈਦਾ ਕੀਤੀ ਪਵਿੱਤਰ ਅੱਗ ਹੋਵੇ। ਨਰਮ ਸੁਆਦਲੇ ਪਦਾਰਥ ਹੋਣ। ਵਿੱਚ ਲੋੜੀਂਦਾ ਦੁੱਧ-ਦਹੀਂ ਮਿਲਿਆ ਹੋਵੇ। ਜਦੋਂ ਤੱਕ ਨਿਰੰਕਾਰ ਦੇ ਰੰਗ ਵਿੱਚ ਨਹੀਂ ਰੰਗੇ ਜਾਂਦੇ, ਇਹ ਸੁਚਮ ਬੇਕਾਰ ਹੈ। ਸੱਚੇ ਮਾਰਗ 'ਤੇ ਚੱਲਣਾ ਹੀ ਅਸਲੀ ਧਰਮ ਹੈ।

ਮਾਤਾ ਜੂਠੀ ਪਿਤਾ ਭੀ ਜੂਠਾ, ਜੂਠੇ ਹੀ ਫਲ ਲਾਗੇ ॥
ਆਵਹਿ ਜੂਠੇ ਜਾਇ ਭੀ ਜੂਠੇ, ਜੂਠੇ ਮਰਹਿ ਅਭਾਗੇ ॥

ਕਹੁ ਪੰਡਿਤ ਸੂਚਾ ਕਵਨੁ ਠਾਉ। ਜਹਾਂ ਬੈਸਿ ਹਉ ਭੋਜਨੁ ਖਾਉ ॥ ਰਹਾਉ ॥
ਜਿਹਬਾ ਜੂਠੀ ਬੋਲਤ ਜੂਠਾ, ਕਰਨ ਨੇਤ੍ਰ ਸਭਿ ਜੂਠੇ ॥
ਇੰਦ੍ਰੀ ਕੀ ਜੂਠਿ ਉਤਰਸਿ ਨਾਹੀ, ਬ੍ਰਹਮ ਅਗਨਿ ਕੇ ਲੂਠੇ ॥.... (1195)

ਹੇ ਭਾਈ! ਮਾਤਾ ਅਪਵਿੱਤਰ ਹੈ (ਮਿੱਥੇ ਭਰਮਾਂ ਰਾਹੀਂ) ਪਿਤਾ ਭੀ ਪਲੀਤ ਹੈ। ਉਨ੍ਹਾਂ ਤੋਂ ਪੈਦਾ ਹੋਣ ਵਾਲੇ ਬੱਚੇ ਭੀ ਅਪਵਿੱਤਰ ਹਨ। ਇਸ ਤਰ੍ਹਾਂ ਸੰਸਾਰ ਵਿੱਚ ਪੈਦਾ ਹੋਣ ਵਾਲਾ ਹਰ ਜੀਵ, ਮਲੀਨ ਹੀ ਆਉਂਦਾ ਹੈ ਤੇ ਮਲੀਨ ਹੀ ਸੰਸਾਰ ਤੋਂ ਕੂਚ ਕਰ ਜਾਂਦਾ ਹੈ। ਇਸ ਧਰਤੀ 'ਤੇ ਕੋਈ ਥਾਂ ਸੁੱਚੀ ਹੈ? ਪੰਡਿਤ ਜੀ! ਵਿਚਾਰ ਕੇ ਦੱਸ ਤਾਂ ਕਿ ਮੈਂ ਉਸ ਪਵਿੱਤਰ ਥਾਂ 'ਤੇ ਬੈਠ ਕੇ ਭੋਜਨ ਛਕ ਲਵਾਂ। ਜੀਭ ਭੀ ਜੂਠੀ ਹੈ, ਕੰਨ ਜੂਠੇ ਹਨ, ਅੱਖਾਂ ਜੂਠੀਆਂ ਹਨ। ਇਹ ਸਾਰੇ ਕਰਮ ਇੰਦਰੇ ਗ਼ਲਤ ਕੰਮਾਂ ਕਾਰਨ ਜੂਠੇ ਹਨ। ਹੇ ਭਾਈ! ਤੂੰ ਜਾਤੀ ਹੰਕਾਰ ਕਾਰਨ ਖ਼ੁਦ ਜੂਠਾ ਹੋਇਆ ਬੈਠਾ ਹੈਂ। ਕਿਹੜੀ ਸੁੱਚਮ ਦੀ ਦੁਹਾਈ ਦਿੰਦੇ ਹੋ?

ਸੋਈ ਕੁਚੀਲੁ ਕੁਦਰਤਿ ਨਹੀ ਜਾਨੈ। ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥
ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹ ਅਪਨੀ ਪਤਿ ਖੋਵੈ ॥ (1151)

ਭਾਈ! ਜਿਸ ਨੂੰ ਕੁਦਰਤ ਦੇ ਵਿਧਾਨ ਦੀ ਸਮਝ ਨਹੀਂ ਹੈ, ਅਸਲੀ ਕੁਚੀਲ (ਗੰਦਾ) ਉਹੀ ਹੈ। ਜਨਮ ਤੋਂ ਲੈ ਕੇ ਮੌਤ ਤੱਕ ਮਨੁੱਖ ਨੂੰ ਤਰ੍ਹਾਂ-ਤਰ੍ਹਾਂ ਦੇ ਹਾਲਾਤ ਵਿੱਚੋਂ ਗੁਜ਼ਰਨਾ ਪੈਂਦਾ ਹੈ। ਕੇਵਲ ਚੌਂਕਾ ਲਿੱਪਣ ਨਾਲ ਪਵਿੱਤਰਤਾ ਨਹੀਂ ਆਉਂਦੀ। ਅੰਦਰ ਖੋਟ ਹੈ, ਵਿਕਾਰ ਹਨ, ਮੰਦੇ ਕੰਮ ਕਰਦਾ ਹੈ। ਬਾਹਰੋਂ ਵਿਖਾਵੇ ਲਈ ਮਨੁੱਖ ਇਸ਼ਨਾਨ ਆਦਿ ਕਰਦਾ ਹੈ। ਸੱਚੇ ਨਿਰੰਕਾਰ ਦੀ ਪ੍ਰਵਾਨਗੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ, ਜੇਕਰ ਪਾਖੰਡਾਂ-ਬੁਰਾਈਆਂ ਨੂੰ ਤਿਆਗ ਕੇ, ਵਿਕਾਰ ਰਹਿਤ ਸੱਚਾ ਜੀਵਨ ਰਾਹ ਅਖ਼ਤਿਆਰ ਕਰੋਗੇ।

ਸਿੱਖਾਂ ਦੇ ਇੱਕ ਵੱਡੇ ਤਬਕੇ ਦਾ ਮੰਨਣਾ ਹੈ ਕਿ ਕੋਈ ਨਾ ਕੋਈ ਬਰਦੀ ਤਾਂ ਸਿੱਖਾਂ ਲਈ ਨਿਰਧਾਰਤ ਕਰਨੀ ਹੀ ਪਵੇਗੀ। ਸੁਨਿਮਰ ਬੇਨਤੀ ਹੈ ਕਿ ਬਰਦੀ ਪੁਲਿਸ ਵਿੱਚ ਤੇ ਫ਼ੌਜ ਵਿੱਚ ਹੋ ਸਕਦੀ ਹੈ। ਕੁੱਝ ਖ਼ਾਸ ਕਾਰਨਾਂ ਵੱਸ ਸਕੂਲ ਵਿੱਚ ਹੋ ਸਕਦੀ ਹੈ। ਆਮ ਜਨ ਜੀਵਨ ਵਿੱਚ ਹੁਣ ਬਰਦੀ ਚੱਲ ਨਹੀਂ ਸਕਦੀ। ਪਿਛਲੇ ਸਮੇਂ ਹਰ ਕਬੀਲਾ ਆਪੋ ਆਪਣੇ ਛੋਟੇ-ਛੋਟੇ ਦਾਇਰਿਆਂ ਵਿੱਚ ਸੀਮਤ ਸੀ। ਅੱਜ ਮੀਡੀਏ ਰਾਹੀਂ ਅਤੇ ਆਵਾਜਾਈ ਦੇ ਸਾਧਨਾਂ ਰਾਹੀਂ ਸਾਰੀ ਦੁਨੀਆਂ ਬਾਰੇ ਜਾਣਕਾਰੀ ਲੈ-ਦੇ ਸਕਦੇ ਹਾਂ। ਇੱਕ-ਦੂਜੇ ਤੋਂ ਚੰਗੇ-ਮੰਦੇ ਵਿਚਾਰ ਗ੍ਰਿਹਣ ਭੀ ਕਰਦੇ ਹਾਂ। ਇਸ ਲਈ ਪਹਿਰਾਵੇ ਦੀਆਂ ਪਾਬੰਦੀਆਂ ਲਾਗੂ ਹੋਣੀਆਂ ਅਸੰਭਵ ਹਨ। ਚੰਗੇ ਇਨਸਾਨ ਬਣਨ ਲਈ ਪ੍ਰੇਰਨਾ ਕਰੀਏ, ਪਹਿਰਾਵਾ "ਆਪੋ ਆਪਣੀ ਇੱਛਾ" 'ਤੇ ਛੱਡ ਦੇਈਏ।

ਲਗਪਗ ਸਾਰੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ "ਗੁਰੂ ਦਾ ਦਰਜਾ ਦਿੱਤਾ"। ਦਸਮ ਪਿਤਾ ਨੇ, "ਗੁਰੂ ਰੂਪ ਜਾਣ ਕੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ"। ਅੱਗੇ ਜਾ ਕੇ, "ਚਮਕੌਰ ਦੀ ਗੜ੍ਹੀ ਵਿੱਚ ਪੰਜਾਂ ਸਿੰਘਾਂ ਨੇ ਗੁਰੂ ਬਣ ਕੇ ਗੋਬਿੰਦ ਸਿੰਘ (ਗੁਰੂ) ਨੂੰ ਹੁਕਮ ਦਿੱਤਾ ਕਿ ਗੜ੍ਹੀ ਵਿੱਚੋਂ ਚਲੇ ਜਾਓ।" ਦਾਦੂ ਨਾਮ ਦੇ ਇੱਕ ਸਾਧ ਦੀ ਕਬਰ 'ਤੇ ਮੱਥਾ ਟੇਕਣ ਬਦਲੇ ਸਿੱਖਾਂ ਨੇ ਗੁਰੂ ਰੂਪ

ਹੋ ਕੇ ਗੋਬਿੰਦ ਸਿੰਘ (ਗੁਰੂ) ਨੂੰ ਦੰਡ ਲਾਇਆ। ਆਓ ਇਨ੍ਹਾਂ ਸਾਖੀਆਂ 'ਤੇ ਸੰਖੇਪ ਵਿਚਾਰ ਕਰ ਲਈਏ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਨੇ ਫ਼ੌਜ ਵਿੱਚ ਭਰਤੀ ਲਈ ਬਰਦੀ ਪਹਿਨਾਈ ਤੇ ਆਮ ਸੰਗਤ ਨਾਲੋਂ ਫ਼ੌਜੀਆਂ ਵਾਸਤੇ ਕਰੜੇ ਅਸੂਲ ਕਾਇਮ ਕੀਤੇ। ਗੁਰੂ ਜੀ ਖ਼ੁਦ ਇਸ ਅਕਾਲੀ ਫ਼ੌਜ ਦੇ ਜੰਗੀ ਜਰਨੈਲ ਸਨ। ਕਮਾਂਡਰ ਇਨ ਚੀਫ਼ ਸਨ। ਕੁਦਰਤੀ ਵਰਤਾਰਾ ਹੈ ਕਿ ਕਮਾਂਡਰ ਨੂੰ ਭੀ ਬਰਦੀ ਪਾਉਣੀ ਹੀ ਪਵੇਗੀ। ਪੰਜਾਂ ਸਿੰਘਾਂ ਨੂੰ ਗੁਰੂ ਨਹੀਂ ਬਣਾਇਆ। ਚੰਮਕੌਰ ਦੀ ਗੜ੍ਹੀ ਵਿੱਚ ਸਾਰੇ ਬਚੇ ਹੋਏ ਸਿੱਖਾਂ ਨਾਲ ਸਲਾਹ ਮਸ਼ਵਰਾ ਤਾਂ ਕੀਤਾ ਹੈ, ਠੀਕ ਹੈ ਪਰ ਸਿੱਖਾਂ ਵੱਲੋਂ ਗੁਰੂ ਨੂੰ ਹੁਕਮ ਦੇਣਾ ਸੰਘ ਥੱਲੇ ਨਹੀਂ ਉਤਰਦਾ। ਅੱਜ ਭੀ ਹਰ ਕੋਈ ਗੁਰੂ ਨਾਲੋਂ ਸਿਆਣਾ ਬਣਨ ਦੀ ਦੌੜ ਵਿੱਚ ਹੈ। ਗੁਰੂ ਦਾ ਹੁਕਮ ਸੁਣ ਕੇ ਮੰਨੀਦਾ ਹੈ, ਨਾ ਕਿ ਗੁਰੂ ਨੂੰ ਹੁਕਮ ਦੇ ਕੇ ਆਪਣੀ ਗੱਲ ਮਨਾਈਦੀ ਹੈ। ਗੜ੍ਹੀ ਵਿੱਚੋਂ ਨਿਕਲ ਜਾਣ ਦੀ ਸੋਚ ਗੁਰੂ ਜੀ ਦੀ ਆਪਣੀ ਸੀ, ਨਾ ਕਿ ਸਿੱਖਾਂ ਦਾ "ਹੁਕਮ"। ਜੇ ਫ਼ੌਜ ਦਾ ਕਮਾਂਡਰ ਹੀ ਮਰ ਗਿਆ ਤਾਂ ਆਜ਼ਾਦੀ ਦੀ ਜੰਗ ਠੰਢੀ ਪੈ ਜਾਂਦੀ ਹੈ। ਦੁਬਾਰਾ ਜੰਗ ਵਾਸਤੇ ਤਿਆਰੀ ਕਰਨ 'ਤੇ ਬਹੁਤ ਸਮਾਂ ਬੀਤ ਜਾਂਦਾ ਹੈ। ਦਾਦੂ ਸਾਧ ਦੀ ਕਬਰ 'ਤੇ ਸੀਸ ਝੁਕਾਉਣਾ ਸਿੱਖਾਂ ਦੀ ਚੇਤਨਤਾ ਪਰਖਣ ਦਾ ਇੱਕ ਚੰਗਾ ਤਰੀਕਾ ਸੀ। ਆਪਣੇ ਅੰਤਲੇ ਸਮੇਂ ਭੀ ਗੁਰਗੱਦੀ ਗੁਰੂ ਗ੍ਰੰਥ ਨੂੰ ਦਿੱਤੀ ਹੈ। ਸਿੱਖਾਂ ਨੂੰ ਗ੍ਰੰਥ ਦੇ ਹੁਕਮ ਵਿੱਚ ਚੱਲਣ ਲਈ ਤਾਕੀਦ ਕੀਤੀ ਹੈ। ਸਾਰੇ ਸਿੱਖ ਮਿਲ ਕੇ ਭੀ ਗੁਰੂ ਦੀ ਬ੍ਰਾਬਰੀ ਨਹੀਂ ਕਰ ਸਕਦੇ। ਜੇ ਇਸ ਸਿਲਸਲੇ ਨੂੰ ਫ਼ੌਰੀ ਤੌਰ 'ਤੇ ਨਾ ਰੋਕਿਆ ਗਿਆ ਤਾਂ ਨਤੀਜੇ ਬਹੁਤ ਖ਼ਤਰਨਾਕ ਹੋਣਗੇ। ਇਸ ਤਰ੍ਹਾਂ ਅਣਗਿਣਤ ਗੁਰੂ ਮੰਨਣੇ ਪੈਣਗੇ। ਦਸ ਗੁਰੂ, ਸਾਰੇ ਬਾਣੀ ਰਚੈਤਾ ਭਗਤ ਗੁਰੂ, ਬਾਣੀ ਰਚੈਤਾ ਤਿੰਨ ਸਿੱਖ ਤੇ ਗਿਆਰਾਂ ਭੱਟ ਗੁਰੂ। ਗੁਰੂ ਗ੍ਰੰਥ ਸਾਹਿਬ ਗੁਰੂ, ਸ਼ਬਦ ਗੁਰੂ, ਪੋਥੀ ਸਾਹਿਬ ਗੁਰੂ। ਪੰਜ ਪਿਆਰੇ ਗੁਰੂ। ਗੁਰੂ ਕੇ ਖ਼ਾਨਦਾਨ ਵਿਚਲੇ ਸੋਢੀ-ਬੇਦੀ ਗੁਰੂ। ਖ਼ਾਲਸਾ ਪੰਥ ਗੁਰੂ। ਗੁਰੂ ਰੂਪ ਸਾਧ ਸੰਗਤ ਜੀ! ਤਖ਼ਤਾਂ ਦੇ ਜਥੇਦਾਰ ਖ਼ੁਦ ਗੁਰੂ ਬਣ ਬੈਠੇ ਹਨ। ਗੁਰੂ ਰੂਪੀ ਹੁਕਮ ਪੜ੍ਹਨ-ਸਮਝਾਉਣ ਲਈ ਕੋਈ ਪ੍ਰਬੰਧ ਨਹੀਂ ਕਰਦੇ। ਆਪਣੇ "ਹੁਕਮਨਾਮੇ" ਗੁਰਬਾਣੀ ਨਾਲੋਂ ਉੱਤਮ ਮੰਨਦੇ ਹੋਏ ਛੇਤੀ ਲਾਗੂ ਕਰਨ ਲਈ ਉਪਦੇਸ਼ ਅਤੇ ਡਰਾਵੇ ਦਿੰਦੇ ਹਨ। ਸਿੱਖਾਂ ਵਿੱਚ ਵੱਡੇ-ਛੋਟੇ ਗੁਰਦਵਾਰਿਆਂ ਦੇ ਪ੍ਰਧਾਨ ਗੁਰੂ, ਭਾਈ ਗੁਰੂ, ਸੰਤ ਗੁਰੂ। ਕੀਰਤਨੀਏ ਗੁਰੂ, ਕਥਾਵਾਚਕ ਗੁਰੂ....। ਇੱਕੋ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੌਮ ਦਾ ਮੁਕਤੀ ਦਾਤਾ ਮੰਨੀਏ, ਇਸੇ ਵਿੱਚ ਭਲਾ ਹੈ।

ਜਦੋਂ ਕਲਮਾਂ ਸੁੱਟ ਦਿੱਤੀਆਂ (ਸਾਖੀ)

ਸਿੱਖ ਕੌਮ ਨੂੰ ਅਣਪੜ੍ਹ ਜਾਂ ਮੂਰਖ ਬਣਾਈ ਰੱਖਣ ਵਾਸਤੇ ਬਹੁਤ ਚਾਲਾਂ ਚੱਲੀਆਂ ਗਈਆਂ। ਹਰ ਇੱਕ ਸਾਧ ਨੇ ਸਿੱਖੀ ਨੂੰ ਨੇਸਤੋ ਨਾਬੂਦ ਕਰਨ ਲਈ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ। ਗੁਰਬਾਣੀ ਵਿੱਚ ਅਜਿਹੇ ਸ਼ਬਦ ਜਾਂ ਪੰਕਤੀਆਂ ਬੇਅੰਤ ਹਨ ਜਿਨ੍ਹਾਂ ਵਿੱਚ ਵਿਦਵਾਨਾਂ ਦੀ ਪ੍ਰਸੰਸਾ ਕੀਤੀ ਗਈ ਹੈ। ਉਨ੍ਹਾਂ ਤੋਂ ਚੰਗੀ ਸਿੱਖਿਆ ਪ੍ਰਾਪਤ ਕਰ ਕੇ ਜੀਵਨ ਸੁਧਾਰਨ ਦਾ ਉਪਦੇਸ਼ ਹੈ। ਲਿਖਾਰੀਆਂ ਦੀਆਂ ਕਲਮਾਂ ਅਤੇ ਹੱਥਾਂ ਨੂੰ ਪਵਿੱਤਰ ਆਖ ਕੇ

ਮਾਣ ਦਿੱਤਾ ਗਿਆ ਹੈ। ਵਿਦਵਾਨ ਪੁਰਖਾਂ ਦੀ ਸੰਗਤ ਕਰਨ ਲਈ ਬਹੁਤ ਪ੍ਰੇਰਨਾ ਕੀਤੀ ਗਈ ਹੈ। ਬ੍ਰਾਹਮਣੀ ਗ੍ਰੰਥਾਂ ਨੇ ਆਮ ਮਨੁੱਖ ਨੂੰ ਵਿੱਦਿਆ ਪੜ੍ਹਨ ਤੋਂ ਸਖ਼ਤੀ ਨਾਲ ਰੋਕਿਆ ਹੈ। ਜੇ ਕੋਈ ਨਾ ਰੁਕੇ ਜਾਂ ਚੋਰੀ ਛੁਪੇ "ਧਰਮ ਵਿਦਿਆ" ਪੜ੍ਹੇ, ਉਸ ਦੀਆਂ ਅੱਖਾਂ ਕੱਢ ਦਿੱਤੀਆਂ ਜਾਣ। ਜੀਭ ਕੱਟ ਦਿੱਤੀ ਜਾਏ, ਫਾਂਸੀ ਟੰਗ ਦਿੱਤਾ ਜਾਏ, ਵਰਗੇ ਜਾਲਮਾਨਾ "ਹੁਕਮਨਾਮੇ" ਧਾਰਮਕ ਆਖੇ ਜਾਂਦੇ ਗ੍ਰੰਥਾਂ ਵਿੱਚ ਪੜ੍ਹਨ ਨੂੰ ਮਿਲ ਜਾਂਦੇ ਹਨ। ਇਸੇ ਕਾਰਨ ਭਾਰਤ ਦੇਸ਼ ਪਛੜ ਗਿਆ। ਅੰਧ ਵਿਸ਼ਵਾਸੀ ਬਣ ਗਿਆ। ਕਰਮਕਾਂਡੀ ਬਣ ਗਿਆ। ਤੀਰਥ ਇਸ਼ਨਾਨ ਵਿੱਚ ਮੁਕਤੀ ਭਾਲਣ ਲੱਗਾ। ਰੁੱਖਾਂ, ਪੱਥਰਾਂ, ਪਸ਼ੂਆਂ ਦਾ ਪੁਜਾਰੀ ਬਣ ਗਿਆ। ਵਿੱਦਿਆਹੀਣ ਮਨੁੱਖ ਅਕਲ ਤੋਂ ਸੱਖਣਾ ਹੋਣ ਕਾਰਨ ਦੂਜਿਆਂ ਦਾ ਪਿਛਲੱਗ (ਭੇਡ ਵਰਗਾ) ਬਣ ਗਿਆ। ਹਰ ਇੱਕ ਛੋਟਾ-ਵੱਡਾ ਕੰਮ ਬ੍ਰਾਹਮਣ ਨੂੰ ਪੁੱਛ ਕੇ ਕਰਨ ਲੱਗਾ। ਮੰਤਰਾਂ, ਪਾਠਾਂ, ਚਲੀਹਿਆਂ, ਇਕੋਤਰੀਆਂ, ਹਵਨਾਂ, ਜੱਗਾਂ ਦੀ "ਧਰਮ ਸ਼ਕਤੀ" ਰਾਹੀਂ ਕਾਮਯਾਬੀਆਂ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਲੱਗਾ। ਪੜ੍ਹਿਆ ਹੋਇਆ ਕੇਵਲ ਬ੍ਰਾਹਮਣ ਸੀ, ਉਹ ਅਣਪੜ੍ਹਾਂ ਤੋਂ ਆਪਣੀ ਪੂਜਾ ਕਰਵਾਉਣ ਵਿੱਚ ਮਸਤ ਹੋਇਆ, ਰੰਗ ਰਲੀਆਂ ਮਨਾਉਣ ਲੱਗ ਪਿਆ। ਦੇਸ਼ ਗ਼ੁਲਾਮ ਹੋਇਆ, ਲੱਖਾਂ ਲੋਕਾਂ ਦਾ ਘਾਣ ਹੋਇਆ। ਧਰਮ ਅਸਥਾਨ ਮਿੱਟੀ ਵਿੱਚ ਮਿਲਾਏ ਗਏ। ਇੱਜ਼ਤਾਂ ਰੁਲੀਆਂ। ਅਣਪੜ੍ਹਤਾ (ਮੂਰਖਤਾ) ਕਾਰਨ ਦੇਸ਼ਵਾਸੀ ਡਿਗਦੇ ਚਲੇ ਗਏ, ਬਰਬਾਦ ਹੁੰਦੇ ਗਏ। ਗ਼ੁਲਾਮ ਬਣਦੇ ਗਏ।

ਗੁਰੂ ਨਾਨਕ ਸਾਹਿਬ ਜੀ ਨੇ ਇਸ ਬਿਮਾਰੀ ਦੇ ਮੂੱਢ ਨੂੰ ਸਮਝਿਆ। ਲੋਕ ਹਿਤੂ ਬਾਣੀ ਲਿਖੀ ਤੇ ਗਾਈ। ਬ੍ਰਾਹਮਣ ਨੂੰ ਵਿਚਕਾਰ ਨਹੀਂ ਆਉਣ ਦਿੱਤਾ। ਹਰ ਇੱਕ ਮਨੁੱਖ ਨੂੰ ਵਿੱਦਿਆ ਪੜ੍ਹਨ ਦਾ ਅਧਿਕਾਰ ਦਿੱਤਾ। ਸਿਖਲਾਈ ਦੇਣ ਲਈ ਖ਼ੁਦ ਕੇਂਦਰ ਸਥਾਪਤ ਕੀਤੇ। ਲੰਗਰ ਵਿੱਚ ਸਾਰਿਆਂ ਨੂੰ ਬ੍ਰਾਬਰ ਬਿਠਾ ਕੇ ਪ੍ਰਸ਼ਾਦਾ ਛਕਣ ਦੀ ਆਗਿਆ ਦਿੱਤੀ। ਧਰਮ ਉਪਦੇਸ਼ ਸਾਰਿਆਂ ਲਈ ਇੱਕਸਾਰ ਕਰ ਦਿੱਤਾ। ਇਸ਼ਨਾਨ ਸਾਰੇ ਇਕੱਠੇ ਕਰਨ ਦੀ ਪਿਰਤ ਚਾਲੂ ਕਰ ਦਿੱਤੀ। ਖੰਡੇ ਕੀ ਪਾਹੁਲ ਸਮੇਂ ਸਾਰਿਆਂ ਨੂੰ ਇੱਕਸਾਰ ਬਰਦੀ, ਬ੍ਰਾਬਰ ਅਧਿਕਾਰ, ਸਾਰੇ ਇੱਕੋ ਬਾਟੇ ਵਿੱਚ ਛਕਣ ਵਾਲੇ ਸਕੇ ਭਰਾ ਐਲਾਨ ਕੇ ਜੰਗੀ ਕ੍ਰਾਂਤੀ ਦਾ ਨਗਾਰਾ ਬਜਾ ਦਿੱਤਾ। ਜਿਉਂ-ਜਿਉਂ ਆਮ ਮਨੁੱਖ ਗਿਆਨ (ਵਿੱਦਿਆ) ਹਾਸਲ ਕਰਦਾ ਗਿਆ, ਤਿਵੇਂ-ਤਿਵੇਂ ਬ੍ਰਾਹਮਣ ਦੀ ਗ਼ੁਲਾਮੀ ਵਾਲਾ ਪਟਾ ਗਲੋਂ ਲਾਹ ਕੇ ਸੁਟਦਾ ਗਿਆ। ਰਾਜਸੀ ਗ਼ੁਲਾਮੀ ਦੀਆਂ ਜੰਜੀਰਾਂ ਤੋੜਦਾ ਗਿਆ। ਆਪਣੀ "ਕਿਸਮਤ" ਵਿੱਚ ਲਿਖੀ ਬਰਬਾਦੀ, ਗ਼ਰੀਬੀ, ਅਣਪੜ੍ਹਤਾ, ਗ਼ੁਲਾਮੀ ਵਾਲੇ ਸਾਰੇ "ਹੁਕਮਨਾਮੇ" ਕੂੜੇ ਦੇ ਢੇਰ ਵਿੱਚ ਸੁੱਟ ਦਿੱਤੇ। ਗੁਰੂ ਦੀ ਬਾਣੀ ਦੇ ਚਾਨਣ ਵਿੱਚ ਆਪਣੀ "ਕਿਸਮਤ" ਨਵੇਂ ਸਿਰਿਉਂ ਲਿਖਣੀ ਸ਼ੁਰੂ ਕਰ ਦਿੱਤੀ।

ਵਿਆਕੁਲ ਹੋਏ, ਦੰਦੀਆਂ ਕਰੀਚ ਰਹੇ ਬ੍ਰਾਹਮਣ ਨੇ ਕੋਈ ਪੇਸ਼ ਨਾ ਜਾਂਦੀ ਵੇਖ ਕੇ "ਸਿੱਖੀ ਵੇਸ" ਧਾਰਨ ਕਰ ਲਿਆ। ਕਦੀ ਲਿਖਾਰੀ ਬਣ ਕੇ, ਉਸ ਨੇ ਗੁਰਬਾਣੀ ਦੀ "ਵੇਦ ਅਨੁਸਾਰੀ" ਵਿਆਖਿਆ ਕੀਤੀ। "ਸਾਰੇ ਧਰਮ ਇੱਕੋ ਜਹੇ ਹਨ" ਦਾ ਢੋਲ ਵਜਾਇਆ। ਕਦੀ ਉੱਚੀ ਆਵਾਜ਼ ਵਿੱਚ ਕੂਕਿਆ ਕਿ, "ਗੁਰੂ ਗ੍ਰੰਥ ਸਾਹਿਬ ਵੇਦਾਂ ਦਾ ਸਾਰ ਹੈ।" ਸਿੱਖ

ਵੱਖਰੀ ਕੌਮ ਨਹੀਂ ਹਨ, ਹਿੰਦੂ ਹੀ ਹਨ ਆਦਿ। ਸਿੱਖਾਂ ਦੀ ਰਾਜਨੀਤੀ 'ਤੇ ਬ੍ਰਾਹਮਣੀ ਸੋਚ ਕਾਬਜ ਹੈ। ਦੋ ਤਖ਼ਤਾਂ (ਸਿੱਖਾਂ ਨੂੰ ਇੱਕੋ "ਅਕਾਲ ਤਖ਼ਤ" ਹੀ ਮੰਨਣਾ ਚਾਹੀਂਦਾ ਹੈ) ਤੇ ਬ੍ਰਾਹਮਣ ਸਿੱਧਾ ਹੀ ਕਾਬਜ ਹੈ। ਤਿੰਨਾਂ ਦੇ ਪਿੱਛੇ ਰਹਿ ਕੇ ਡੋਰ ਹਿਲਾ ਰਿਹਾ ਹੈ। ਹੁੰਦਾ ਉਹੀ ਕੁੱਝ ਹੈ ਜੋ "ਸਨਾਤਨ ਮੱਤ" ਵਾਲਾ ਹੈ।

ਗਿਆਨ ਤੋਂ ਸੱਖਣੇ ਰੱਖਣ ਲਈ ਗੁਰਬਾਣੀ ਵਿੱਚੋਂ ਅਜਿਹੀਆਂ ਪੰਕਤੀਆਂ ਦੀ ਚੋਣ ਕਰ ਕੇ ਸਿੱਖਾਂ ਅੱਗੇ ਬਾਰ-ਬਾਰ ਪਰੋਸੀਆਂ ਗਈਆਂ ਕਿ ਸਿੱਖ ਜਾਲ ਵਿੱਚ ਫਸ ਗਏ। ਕੁੱਝ ਪੰਕਤੀਆਂ ਦੇ ਦਰਸ਼ਨ ਕਰੋ-

- **ਕਬੀਰ ਏਕ ਘੜੀ, ਆਧੀ ਘਰੀ, ਆਧੀ ਹੂੰ ਤੇ ਆਧ॥**
 ਭਗਤਨ ਸੇਤੀ ਗੋਸਟੇ, ਜੋ ਕੀਨੇ ਸੋ ਲਾਭ॥ (1377)
- **ਆਏ ਪ੍ਰਭ ਸਰਨਾਗਤੀ, ਕਿਰਪਾ ਨਿਧਿ ਦਇਆਲ॥**
 ਏਕ ਅਖਰੁ ਹਰਿ ਮਨਿ ਬਸਤ, ਨਾਨਕ ਹੋਤ ਨਿਹਾਲ॥ (261)
- **ਏਕੁ ਅਖਰੁ ਜੋ ਗੁਰਮੁਖਿ ਜਾਪੈ, ਤਿਸ ਕੀ ਨਿਰਮਲ ਸੋਈ॥** (747)
- **ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ, ਬਾਹੁੜਿ ਜਨਮਿ ਨ ਆਵਾ॥** (795)

ਗੁਰਬਾਣੀ ਵਿੱਚੋਂ ਕੁੱਝ ਕੁ ਅਜਿਹੇ ਪਰਮਾਣ ਸੰਗਤਾਂ ਨੂੰ ਬਾਰ-ਬਾਰ ਸੁਣਾ ਕੇ ਮਨ ਵਿੱਚ ਗਹਿਰਾਈ ਨਾਲ ਬਿਠਾ ਦਿੱਤਾ ਜਾਂਦਾ ਹੈ ਪਈ ਵੇਖੋ "ਇੱਕ ਘੜੀ, ਅੱਧੀ ਘੜੀ ਨਾਮ ਜਪ ਲਉ। ਇੱਕ ਅੱਖਰ ਮਨ ਵਿੱਚ ਵਸਾ ਲਓ। ਗੁਰਮੁੱਖ ਇੱਕੋ ਅੱਖਰ ਜਪਦੇ ਹਨ। ਇੱਕੋ ਸ਼ਬਦ ਪ੍ਰਾਣਾਂ ਵਿੱਚ ਵੱਸ ਰਿਹਾ ਹੈ ਆਦਿ। ਫਿਰ ਪ੍ਰਚਾਰਿਆ ਗਿਆ ਕਿ ਸਾਰੇ ਗੁਰੂ ਗ੍ਰੰਥ ਸਾਹਿਬ ਦਾ "ਨਿਚੋੜ" ਜਪੁਜੀ ਵਿੱਚ ਹੈ। ਜਪੁਜੀ ਦਾ ਨਿਚੋੜ ਮੰਗਲਾਚਰਨ ਵਿੱਚ ਹੈ। ਮੰਗਲਾ ਚਰਨ ਦਾ ਸਾਰੰਸ਼ ਵਾਹਿਗੁਰੂ ਮੰਤਰ ਵਿੱਚ ਹੈ। ਬਾਰ-ਬਾਰ ਸਦਾ "ਵਾਹਿਗੁਰੂ" ਜਪਦੇ ਰਹੋ। ਸਾਰੀ ਬਾਣੀ ਦਾ ਫਲ ਇਸ ਵਿੱਚੋਂ ਪ੍ਰਾਪਤ ਹੋ ਜਾਵੇਗਾ। ਜਦੋਂ ਗੁਰਬਾਣੀ ਹੀ ਪੜ੍ਹਨ ਤੋਂ ਹੱਟ ਗਏ, ਸਮਝ ਤਾਂ ਫਿਰ ਆ ਹੀ ਨਹੀਂ ਸਕਦੀ। ਬਾਣੀ ਦੀ ਸਮਝ ਤੋਂ ਬਗ਼ੈਰ ਕਿਵੇਂ ਪਤਾ ਚੱਲੇਗਾ ਕਿ ਗੁਰੂ ਜੀ ਕਿਸ ਕੰਮ ਤੋਂ ਵਰਜਦੇ ਹਨ। ਕਿਹੜਾ ਕੰਮ ਕਰਨ ਲਈ ਹੁਕਮ ਕਰਦੇ ਹਨ। ਇਸ ਆਦਤ ਨੂੰ ਪੱਕੀ ਕਰਨ ਵਾਸਤੇ ਸਿਮਰਨ ਨਾਲ ਅਤੇ ਪਾਠ ਆਦਿ ਨਾਲ ਅਦਭੁਤ ਸ਼ਕਤੀਆਂ ਜੋੜ ਦਿੱਤੀਆਂ। ਜਦੋਂ ਕਿ ਇਹ ਕੋਰਾ ਗੁੰਮਰਾਹ ਕਰਨ ਵਾਲਾ ਝੂਠ ਹੈ, ਅਜਿਹੀ ਕੋਈ ਸ਼ਕਤੀ ਨਹੀਂ ਹੈ।

ਇਸ ਝੂਠ ਨੂੰ ਸਿੱਕੇਬੰਦ ਕਰਨ ਲਈ ਦਮਦਮਾ (ਤਲਵੰਡੀ ਸਾਬੋ) ਵਿੱਚ ਦਸਮ ਪਾਤਿਸ਼ਾਹ ਨੇ ਲਿਖਣ-ਪੜ੍ਹਨ ਦਾ ਕੰਮ ਮੁਕਾ ਕੇ, ਸਾਰੀਆਂ ਕਲਮਾਂ ਸਰੋਵਰ ਵਿੱਚ ਸੁੱਟ ਦਿੱਤੀਆਂ। "ਵਰ" ਦਿੱਤਾ ਕਿ "ਇਸ ਸਰੋਵਰ ਵਿੱਚ ਇਸ਼ਨਾਨ ਕਰਨ ਨਾਲ ਵਿਦਵਾਨ ਪੈਦਾ ਹੋਣਗੇ।" ਇਸ ਘੜੀ ਗਈ ਸਾਖੀ ਵਿੱਚੋਂ ਬੇਈਮਾਨੀ ਸਾਫ਼ ਨਜ਼ਰ ਆਉਂਦੀ ਹੈ। ਸਾਖੀ ਘੜਨ ਵਾਲੇ ਸਾਜ਼ਿਸ਼ੀ ਬੰਦੇ ਨੇ ਸਿੱਖਾਂ ਨੂੰ ਕਲਮ ਨਹੀਂ ਚੁੱਕਣ ਦਿੱਤੀ। ਅਚੇਤ ਢੰਗ ਨਾਲ ਪੜ੍ਹਾਈ-ਲਿਖਾਈ ਵੱਲੋਂ ਰੋਕ ਦਿੱਤਾ ਤੇ ਸਰੋਵਰ ਦੇ ਇਸ਼ਨਾਨ ਨਾਲ ਜੋੜ ਦਿੱਤਾ। ਦੱਸਿਆ ਜਾਂਦਾ ਹੈ ਕਿ ਬਾਬਾ ਦੀਪ ਸਿੰਘ ਮਹਾਨ ਵਿਦਵਾਨ ਸੀ, ਪਰ ਉਸ ਦੀ ਲਿਖੀ ਹੋਈ ਇੱਕ

ਭੀ ਰਚਨਾ ਪੰਥ ਕੋਲ ਨਹੀਂ ਹੈ। ਕਿਹਾ ਗਿਆ ਹੈ ਕਿ ਉਸ ਨੇ ਗੁਰਬਾਣੀ ਦੇ ਉਤਾਰੇ ਕਰ ਕੇ ਹੋਰ ਕਈ ਥਾਵਾਂ 'ਤੇ ਭੇਜੇ ਪਰ ਇਹ ਕੰਮ ਘੱਟ ਪੜ੍ਹੇ ਹੋਏ ਸਿੱਖ ਭੀ ਕਰਦੇ ਰਹੇ ਹਨ। ਇੱਕ ਬੀੜ ਤੋਂ ਦੂਜੀ ਬੀੜ 'ਤੇ ਨਕਲ ਤਿਆਰ ਕਰ ਦੇਣੀ, ਕਿੰਨੀ ਕੁ ਵੱਡੀ ਵਿਦਵਤਾ ਸੀ?

ਗੁਰਬਾਣੀ ਸਮਝ ਕੇ ਉਸ ਮੁਤਾਬਕ ਜੀਵਨ ਢਾਲਣ ਦੀ ਪ੍ਰੇਰਨਾ ਕਿਧਰੋਂ ਨਹੀਂ ਮਿਲਦੀ। ਸਾਰੇ ਗੁਰਦਵਾਰਿਆਂ ਵਿੱਚ ਥੜ੍ਹੇ ਦੀ ਪੂਜਾ, ਨਿਸ਼ਾਨ ਸਾਹਿਬ ਨੂੰ ਨਮਸਕਾਰਾਂ, ਸਰੋਵਰਾਂ ਦੇ ਜਲ, ਚਰਨ ਧੂੜੀ, ਚਰਨ ਅੰਮ੍ਰਿਤ, ਜੰਡ-ਬੇਰੀ-ਟਾਹਲੀ- ਸਰੋਵਰ ਆਦਿ ਪ੍ਰਮੁੱਖਤਾ ਹਾਸਲ ਕਰ ਗਏ। ਸਿੱਖ ਇਨ੍ਹਾਂ ਚੀਜ਼ਾਂ ਦੀ ਪੂਜਾ ਹੀ ਜੀਵਨ ਦਾ ਟੀਚਾ ਮਿੱਥ ਬੈਠੇ। ਕਿਤਾਬਾਂ ਪੜ੍ਹਨੀਆਂ ਭੁੱਲ ਹੀ ਗਏ। ਨਵੇਂ ਵਾਪਰੇ ਹਾਲਾਤ (ਦੁੱਖ-ਸੁੱਖ) ਬਾਰੇ ਕਲਮ ਚੁੱਕਣੋਂ ਰਹਿ ਗਏ। ਵਿਦਵਾਨਾਂ ਦੀਆਂ ਵਿਚਾਰ ਗੋਸ਼ਟੀਆਂ ਤੋਂ ਵਿਰਵੇ ਰਹਿ ਗਏ। ਅਣਪੜ੍ਹਾਂ (ਨਾਸਮਝ) ਦਾ ਫਿਰ ਸਾਰਾ ਕੁੱਝ ਲੁੱਟਿਆ ਜਾਂਦਾ ਹੈ। ਅਗਿਆਨਤਾ ਦੇ ਹਨ੍ਹੇਰੇ ਕਾਰਨ ਇੰਨਾ ਭੀ ਪਤਾ ਨਹੀਂ ਲਗਦਾ ਕਿ ਅਸੀਂ ਲੁੱਟੇ ਗਏ ਹਾਂ। ਲੁੱਟੇ ਜਾ ਰਹੇ ਹਾਂ, ਬਚਣ ਦੇ ਸਾਧਨ ਕੀ ਹਨ? ਕੁੱਝ ਪਤਾ ਨਹੀਂ। ਅੱਖਾਂ ਬੰਦ ਹੋ ਗਈਆਂ, ਸਿਮਰਨ ਸ਼ੁਰੂ ਹੋ ਗਿਆ। ਗਿਆਨ ਅਲੋਪ ਹੋ ਗਿਆ, ਅਗਿਆਨਤਾ ਪਸਰ ਗਈ। ਕਲਮਾਂ (ਵਿੱਦਿਆ-ਅਕਲ) ਸਰੋਵਰ ਵਿੱਚ ਡੋਬ ਦਿੱਤੀਆਂ, ਅਣਪੜ੍ਹਤਾ ਅਤੇ ਜਹਾਲਤ ਪੱਲੇ ਪੈ ਗਈ। ਹੌਲੀ-ਹੌਲੀ ਕਰ ਕੇ ਬੜੇ ਮਨੋਵਿਗਿਆਨਕ ਢੰਗਾਂ ਨਾਲ ਸਿੱਖਾਂ ਨੂੰ ਗ਼ੁਲਾਮੀ ਵਾਲੀ ਹਨ੍ਹੇਰੀ ਗੁਫਾ ਵੱਲ ਧੱਕ ਦਿੱਤਾ। ਜਿੰਨੀ ਦੇਰ ਤੱਕ ਅਜਿਹੀਆਂ ਸਾਖੀਆਂ ਨੂੰ ਰੱਦ ਕਰ ਕੇ ਵਿੱਦਿਆ ਦੀ ਕਦਰ ਵਾਲੀਆਂ ਸਾਖੀਆਂ ਪ੍ਰਚੱਲਤ ਨਹੀਂ ਕਰਦੇ, ਉਤਨੀ ਦੇਰ ਅਗਿਆਨਤਾ ਦੇ ਹਨ੍ਹੇਰੇ ਵਿੱਚ ਠੋਹਕਰਾਂ ਖਾਵਾਂਗੇ, ਹੱਡ ਗੋਡੇ ਭਨ੍ਹਾਵਾਂਗੇ, ਮੰਜ਼ਿਲ ਨਹੀਂ ਮਿਲੇਗੀ। ਸੁੱਖਾਂ ਦੀ ਪ੍ਰਾਪਤੀ ਨਹੀਂ ਹੋ ਸਕੇਗੀ। ਸਿੱਖੋ! ਉੱਠੋ। ਕਿਤਾਬਾਂ ਖ਼ਰੀਦੋ, ਜੀਅ ਜਾਨ ਨਾਲ ਪੜ੍ਹੋ। ਕਲਮਾਂ ਚੁੱਕੋ, ਗੁਰਬਾਣੀ ਦੇ ਚਾਨਣ ਵਿੱਚ ਲਿਖੋ। ਪੰਥ ਵਿੱਚੋਂ ਅਗਿਆਨਤਾ ਦਾ ਹਨ੍ਹੇਰਾ ਮਿਟਾਉਣ ਵਿੱਚ ਯੋਗਦਾਨ ਪਾਉ। ਪੜ੍ਹੋ ਗੁਰ ਸ਼ਬਦ-

ਕਾਇਆ ਕਾਗਦੁ ਜੇ ਥੀਐ ਪਿਆਰੇ, ਮਨੁ ਮਸਵਾਣੀ ਧਾਰਿ॥
ਲਲਤਾ ਲੇਖਣਿ ਸਚ ਕੀ ਪਿਆਰੇ, ਹਰਿ ਗੁਣ ਲਿਖਹੁ ਵੀਚਾਰਿ॥
ਧੰਨੁ ਲੇਖਾਰੀ ਨਾਨਕਾ ਪਿਆਰੇ, ਸਾਚੁ ਲਿਖੈ ਉਰਿ ਧਾਰਿ॥ (636)

ਹੋਰ ਤਾਂ ਹੋਰ ਦਸਮ ਪਾਤਿਸ਼ਾਹ ਦਾ ਅੰਤਲਾ ਸਮਾਂ ਭੀ ਉਚਿਤ ਢੰਗ ਨਾਲ ਪੇਸ਼ ਨਹੀਂ ਕੀਤਾ ਗਿਆ। ਮੁਗਲ ਹਕੂਮਤ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਕਮਜ਼ੋਰ ਹਾਲਤ ਵਿੱਚ ਸੀ। ਗੱਦੀ 'ਤੇ ਬੈਠਾ ਜੇਤੂ ਰਾਜਾ ਬਹਾਦਰ ਸ਼ਾਹ ਅਜੇ ਆਪਣਾ ਦਬਦਬਾ ਨਹੀਂ ਸੀ ਬਣਾ ਸਕਿਆ। ਇਸੇ ਕਾਰਨ ਉਹ ਦਸਮ ਪਾਤਿਸ਼ਾਹ ਨੂੰ ਗੱਲਬਾਤ ਰਾਹੀਂ ਬੁਲਾ ਕੇ ਵਕਤ ਟਾਲਣਾ ਚਾਹੁੰਦਾ ਸੀ। ਜਦੋਂ ਗੁਰੂ ਜੀ ਅਤੇ ਬਹਾਦਰ ਸ਼ਾਹ ਵੀਆਂ ਮੁਲਾਕਾਤਾਂ ਦੀ ਖ਼ਬਰ ਸਰਹਿੰਦ ਦੇ ਨਵਾਬ ਪਾਪੀ ਵਜੀਰ ਖ਼ਾਨ ਤੱਕ ਪਹੁੰਚੀ ਤਾਂ ਉਸ ਨੇ ਇੱਕ ਪਾਸੇ ਤਾਂ ਬਹਾਦਰਸ਼ਾਹ ਨੂੰ ਗੁਰੂ ਗੋਬਿੰਦ ਸਿੰਘ ਤੋਂ ਵੱਖ ਕਰਨ ਵਾਸਤੇ ਬਹੁਤ ਭਾਰੀ ਰਕਮ ਦਿੱਤੀ। ਦੂਜੇ ਬੰਨੇ ਗੁਰੂ ਜੀ ਨੂੰ ਖ਼ਤਮ ਕਰਨ ਵਾਸਤੇ ਦੋ ਕੱਟੜ ਮੁਸਲਮਾਨਾਂ ਨੂੰ ਵੱਡੀ ਰਿਸ਼ਵਤ ਦੇ

ਕੇ ਗੁਰੂ ਜੀ ਨੂੰ ਮਾਰਨ ਲਈ ਭੇਜਿਆ। ਇਹ ਦੋਵੇਂ ਸ਼ਰਧਾਲੂ ਬਣ ਕੇ ਕੁੱਝ ਦਿਨ ਕਥਾ ਵਾਰਤਾ ਸੁਣਦੇ ਰਹੇ, ਸੇਵਾ ਕਰਦੇ ਰਹੇ। ਹਾਲਾਤ ਦਾ ਜਾਇਜ਼ਾ ਲੈ ਕੇ, ਸਾਰਾ ਭੇਤ ਪਾ ਕੇ, ਇਨ੍ਹਾਂ ਨੇ ਇੱਕ ਦਿਨ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ। ਜ਼ਖ਼ਮ ਭਾਵੇਂ ਗਹਿਰਾ ਸੀ ਫਿਰ ਭੀ ਇੱਕ ਕਾਤਿਲ ਨੂੰ ਗੁਰੂ ਜੀ ਨੇ ਥਾਏਂ ਝਟਕ ਦਿੱਤਾ। ਦੂਜੇ ਨੂੰ ਸਿੱਖਾਂ ਨੇ ਕਾਬੂ ਕਰ ਲਿਆ। ਸਖ਼ਤ ਪੁੱਛਗਿਛ ਕਰਨ 'ਤੇ ਇਸ ਹਮਲਾਵਰ ਨੇ ਭੇਦ ਖੋਲ੍ਹ ਦਿੱਤਾ ਕਿ ਸਾਨੂੰ ਸੂਬੇਦਾਰ ਵਜੀਰ ਖ਼ਾਨ ਨੇ ਭੇਜਿਆ ਸੀ। ਇਸ ਨੂੰ ਭੀ ਕੀਤੇ ਦੀ ਸਜ਼ਾ ਦੇ ਦਿੱਤੀ ਗਈ। ਜ਼ਖ਼ਮਾਂ ਦੀ ਤਾਬ ਨਾ ਝਲਦਿਆਂ, ਬਹੁਤਾ ਖ਼ੂਨ ਵਗ ਜਾਣ ਕਾਰਨ ਗੁਰੂ ਜੀ ਨੇ ਆਪਣਾ ਅੰਤ ਨੇੜੇ ਆਇਆ ਜਾਣ ਕੇ, ਗੁਰੂ ਗ੍ਰੰਥ ਸਾਹਿਬ ਦੇ ਅਧੀਨ ਖ਼ਾਲਸਾ ਪੰਥ ਨੂੰ ਚੱਲਣ ਦੀ ਤਾਕੀਦ ਕਰ ਕੇ ਅੱਗੋਂ ਸਰੀਰਕ ਗੁਰੂ ਦੀ ਪ੍ਰਥਾ ਖ਼ਤਮ ਕਰ ਕੇ, "ਆਤਮਾ ਗ੍ਰੰਥ ਵਿੱਚ ਸਰੀਰ ਪੰਥ ਵਿੱਚ", ਦਾ ਹੁਕਮ ਸੁਣਾ ਕੇ ਪਿਆਨਾ ਕਰ ਗਏ। ਇਸ ਤੋਂ ਪਹਿਲਾਂ ਬਹਾਦਰਸ਼ਾਹ ਨਾਲ ਵਾਰਤਾ ਟੁੱਟ ਚੁੱਕੀ ਸੀ। ਇਸੇ ਲਈ ਬੰਦਾ ਸਿੰਘ ਬਹਾਦਰ ਨੂੰ ਸਿੱਖ ਪੰਥ ਦੀ ਫ਼ੌਜ ਦਾ ਜਰਨੈਲ ਥਾਪ ਕੇ, ਜ਼ਾਲਮਾਂ ਨੂੰ ਕਰਾਰੀਆਂ ਸਜ਼ਾਵਾਂ ਦੇ ਕੇ, ਸਿੱਖਾਂ ਦਾ "ਹਲੇਮੀ ਰਾਜ" ਕਾਇਮ ਕਰਨ ਵਾਸਤੇ, ਪੰਜਾਬ ਵਲ ਟੋਰ ਦਿੱਤਾ ਸੀ।

ਇਥੇ ਬੜੀਆਂ ਅਜੀਬ ਜਿਹੀਆਂ ਕਹਾਣੀਆਂ ਜੋੜੀਆਂ ਮਿਲਦੀਆਂ ਹਨ। ਜਿਵੇਂ- "ਹਮਲਾਵਰ ਮੁਸਲਮਾਨਾਂ ਨੂੰ ਗੁਰੂ ਜੀ ਨੇ ਖ਼ੁਦ ਹੱਲਾਸ਼ੇਰੀ ਦਿੱਤੀ ਕਿ ਬਦਲਾ ਲੈਣਾ ਜਾਇਜ਼ ਹੈ।" ਕਹਾਣੀ ਮੁਤਾਬਕ ਕਿਸੇ ਜੰਗ ਵਿੱਚ ਇਨ੍ਹਾਂ ਦਾ ਪਿਉ ਗੁਰੂ ਜੀ ਦੇ ਹੱਥੋਂ ਮਾਰਿਆ ਗਿਆ ਸੀ। ਇਸੇ ਕਾਰਨ ਗੁਰੂ ਸਾਹਿਬ ਇਸ਼ਾਰੇ ਰਾਹੀਂ ਸਮਝਾ ਰਹੇ ਸਨ ਕਿ ਤੁਸੀਂ ਮੈਨੂੰ ਮਾਰ ਦਿਉ, ਇਸ ਵਿੱਚ ਕੋਈ ਬੁਰਾਈ ਨਹੀਂ ਹੈ। ਇਸ ਦਾ ਅਰਥ ਤਾਂ ਇਹੀ ਨਿਕਲਦਾ ਹੈ ਕਿ ਗੁਰੂ ਜੀ ਨੇ ਇੱਕ ਢੰਗ ਨਾਲ ਆਤਮ ਹੱਤਿਆ ਕਰ ਲਈ ? ਚਮਕੌਰ ਦੀ ਜੰਗ ਵਿੱਚੋਂ ਰਾਤ ਦੇ ਸਮੇਂ ਗੁਰੂ ਜੀ ਨਿਕਲ ਗਏ ਕਿਉਂਕਿ ਉਨ੍ਹਾਂ ਦਾ ਜੀਵਤ ਰਹਿਣਾ ਜ਼ਰੂਰੀ ਸੀ ਪਰ ਥੋੜੇ ਸਮੇਂ ਮਗਰੋਂ ਆਤਮ ਹੱਤਿਆ ? ਹਨ੍ਹੇਰ ਸਾਂਈਂ ਦਾ, ਇੰਨਾ ਵੱਡਾ ਅਨੱਰਥ, ਸਿੱਖ ਸਟੇਜਾਂ 'ਤੇ, ਸਿੱਖਾਂ ਦੇ "ਇਤਿਹਾਸ" ਵਿੱਚ ? ਇੱਕ ਬੰਦੇ ਨੇ ਗੁਰੂ ਅੱਗੇ ਅਤੀ ਸੁੰਦਰ ਤੀਰ ਕਮਾਨ ਲਿਆ ਕੇ ਭੇਟ ਕੀਤਾ। ਗੁਰੂ ਜੀ ਨੇ ਉਸ ਦਾ ਯੋਗ ਸਤਿਕਾਰ ਕਰ ਕੇ ਤੀਰ ਪਾਸੇ ਰਖਵਾ ਦਿੱਤਾ। ਤੀਰਕਮਾਨ ਭੇਟ ਕਰਨ ਵਾਲੇ ਨੇ ਅਰਜ਼ ਕੀਤੀ, "ਮਹਾਰਾਜ ਇੱਕ ਵਾਰੀ ਕਮਾਣ ਦਾ ਚਿੱਲਾ ਤਾਂ ਚਾੜ੍ਹ ਕੇ ਵਿਖਾ ਦਿਓ।" ਗੁਰੂ ਜੀ ਨੇ ਆਖਿਆ ਕਿ "ਹਮਲਾਵਰਾਂ ਨੇ ਸਰੀਰ ਜ਼ਖ਼ਮੀ ਕਰ ਦਿੱਤਾ ਸੀ। ਹਾਲੀ ਕਮਜ਼ੋਰੀ ਬਹੁਤ ਹੈ, ਫਿਰ ਸਹੀ।" ਅੱਗੋਂ ਤੀਰ ਕਮਾਨ ਲਿਆਉਣ ਵਾਲੇ ਨੇ ਤਾਹਨਾ ਮਾਰਿਆ, "ਹਜ਼ੂਰ ਕਮਜ਼ੋਰੀ ਨਹੀਂ, ਬੁਢਾਪਾ ਆ ਗਿਆ ਲਗਦੈ ਜਾਂ ਫਿਰ ਪੁੱਤਰਾਂ ਦੇ ਗ਼ਮ ਵਿੱਚ ਵਿਆਕੁਲ ਹੋ।" "ਅੱਛਾ! ਆਹ ਗੱਲ ਹੈ ਤੁਹਾਡੇ ਮਨ ਵਿੱਚ ?" ਗੁਰੂ ਜੀ ਨੇ ਕਮਾਨ ਚੁੱਕਿਆ, ਉੱਤੇ ਤੀਰ ਰੱਖ ਕੇ ਪੂਰੀ ਤਾਕਤ ਨਾਲ ਚਿਲ੍ਹਾ ਚਾੜ੍ਹਿਆ। ਕਮਾਨ ਦੀਆਂ ਹੱਡੀਆਂ ਕੜਕ ਗਈਆਂ। ਤੀਰ ਬਹੁਤ ਦੂਰ ਜਾ ਡਿੱਗਿਆ। ਪਰ ਗੁਰੂ ਜੀ ਦਾ ਆਪਣਾ ਜ਼ਖ਼ਮ ਖੁੱਲ੍ਹ ਗਿਆ। ਮੁੜ ਕੇ ਖ਼ੂਨ ਬੰਦ ਨਾ ਹੋਇਆ ਤੇ ਪਿਆਨਾ ਕਰ ਗਏ।" ਇਹ ਢੰਗ ਭੀ ਗੁਰੂ ਜੀ ਨੂੰ ਨਾ ਸਮਝ ਸਿੱਧ ਕਰਦਾ ਹੈ। ਇੱਕ ਤਰ੍ਹਾਂ

ਦੀ ਇਥੇ ਭੀ ਆਤਮ ਹੱਤਿਆ ਹੀ ਕਰਵਾਈ ਗਈ ਹੈ।

ਅਗਲੀ ਕਹਾਣੀ ਮੁਤਾਬਕ ਜ਼ਖ਼ਮੀ ਹਾਲਤ ਵਿੱਚ ਗੁਰੂ ਜੀ ਖ਼ੁਦ ਚਿਖਾ ਉੱਤੇ ਚੌਕੜਾ ਮਾਰ ਕੇ ਬੈਠ ਗਏ। ਆਪਣੀ ਜ਼ੁਬਾਨ ਤੋਂ ਕੋਈ ਖ਼ਾਸ ਮੰਤਰ ਪੜ੍ਹੇ ਤੇ ਮੰਤਰਾਂ ਨਾਲ ਅੱਗ ਪੈਦਾ ਕਰ ਲਈ। ਵੇਖਦੇ-ਵੇਖਦੇ ਅੱਗ ਦੀਆਂ ਲਾਟਾਂ ਵਿੱਚ ਸਰੀਰ ਲੇਖੇ ਲੱਗ ਗਿਆ। ਇਹ ਕਹਾਣੀ ਭੀ ਦਸਮ ਪਾਤਿਸ਼ਾਹ ਨੂੰ ਆਤਮ ਹੱਤਿਆ ਕਰਦੇ ਦਰਸਾਉਂਦੀ ਹੈ ਕਿਉਂਕਿ ਜਿਉਂਦੇ ਜੀਅ ਚਿਖਾ ਵਿੱਚ ਬੈਠ ਗਏ। ਖ਼ੁਦ ਆਪਣੇ ਆਪ ਨੂੰ ਅੱਗ ਲਾ ਲਈ। ਵਾਹ! ਸਾਡੇ ਸਾਖੀਕਾਰੋ, ਵਾਹ!! ਆਪਣੇ ਬਣ ਕੇ ਤੁਸੀਂ ਸਤਿਗੁਰੂ ਜੀ ਦਾ ਘੋਰ ਅਪਮਾਨ ਕੀਤਾ ਹੈ। ਅਗਲੀ ਸਾਖੀ ਵਿੱਚ ਗੁਰੂ ਜੀ ਜੋਤੀ ਜੋਤਿ ਸਮਾਏ ਹੀ ਨਹੀਂ। ਸ਼ਸ਼ਤਰ-ਬਸਤਰ ਸਜਾ ਕੇ ਘੋੜੇ 'ਤੇ ਸਵਾਰ ਹੋ ਕੇ "ਸੱਚ ਖੰਡ ਵੱਲ ਉਡਾਰੀ ਮਾਰ ਗਏ"। ਦੋ ਭਰਾ ਕਿਸੇ ਮਾਮੂਲੀ ਜਿਹੀ ਗ਼ਲਤੀ ਕਾਰਨ ਜੇਲ੍ਹ ਵਿੱਚ ਬੰਦ ਅਰਦਾਸ ਕਰ ਰਹੇ ਸਨ, "ਹੇ ਸਤਿਗੁਰੂ ਜੀ! ਇਸ ਕੈਦ ਵਿੱਚੋਂ ਸਾਨੂੰ ਮੁਕਤੀ ਦੁਆਓ।" ਰੁਸਤਮ ਰਾਉ ਤੇ ਬਾਲਾ ਰਾਉ ਭਰਾਵਾਂ ਦੀ ਅਰਦਾਸ ਸੁਣ ਕੇ, ਸੱਚ ਖੰਡ ਵੱਲ ਉਡਦਾ ਜਾ ਰਿਹਾ ਘੋੜਾ, ਜੇਲ੍ਹ ਦੇ ਅਹਾਤੇ ਵਿੱਚ ਉਤਾਰ ਲਿਆ। ਦੋਵਾਂ ਭਰਾਵਾਂ ਨੂੰ ਆਪਣੇ ਘੋੜੇ ਦੀਆਂ ਰਕਾਬਾਂ ਮਜ਼ਬੂਤੀ ਨਾਲ ਫੜ ਲੈਣ ਲਈ ਆਖਿਆ। ਰੁਸਤਮ ਰਾਉ ਤੇ ਬਾਲਾ ਰਾਉ ਨੇ ਇਵੇਂ ਹੀ ਕੀਤਾ। ਗੁਰੂ ਗੋਬਿੰਦ ਸਿੰਘ ਜੀ ਫਿਰ ਸੱਚ ਖੰਡ ਵੱਲ ਉਡਾਰੀ ਮਾਰ ਗਏ।" ਪਾਠਕ ਜੀਓ! ਅਜਿਹਾ ਕੂੜ ਕੁਫਰ ਸਾਡਾ ਕੀ ਸੰਵਾਰੇਗਾ? ਸਾਰੇ ਕੰਮ ਕੁਦਰਤੀ ਅਸੂਲਾਂ ਦੇ ਉਲਟ ਦਰਸਾਏ ਗਏ ਹਨ। ਜਿਥੇ ਬਾਲਾ ਰਾਉ ਤੇ ਰੁਸਤਮ ਰਾਉ ਨੂੰ ਘੋੜੇ ਦੀਆਂ ਰਕਾਬਾਂ ਫੜਾਈਆਂ ਦੱਸੀਆਂ ਜਾਂਦੀਆਂ ਹਨ। ਉਸ ਥਾਂ (ਮਨਵਾੜ ਵਿਖੇ) ਬੇਅੰਤ ਪੈਸਾ ਖ਼ਰਚ ਕਰ ਕੇ, ਸਾਰਾ ਗੁਰਦੁਵਾਰਾ ਸੀਸੇ ਦਾ ਬਣਾਇਆ ਹੋਇਆ ਹੈ। ਇਸ ਨੂੰ "ਇਤਿਹਾਸਕ" ਗੁਰਦਵਾਰਾ ਪ੍ਰਚਾਰਿਆ ਜਾ ਰਿਹਾ ਹੈ।

ਪਿੱਛੇ ਕੀਤੀ ਗਈ ਵਿਚਾਰ ਵਿੱਚ ਕੇਵਲ ਸ਼ੰਕਾ ਗ੍ਰਸਤ ਘਟਨਾਵਾਂ ਜਾਂ ਸਾਖੀਆਂ ਦਾ ਸੰਖੇਪ ਜ਼ਿਕਰ ਕੀਤਾ ਹੈ ਤਾਂ ਕਿ ਖੋਜੀ ਬਿਰਤੀ ਵਾਲੇ ਪਾਠਕ ਸਮਝ ਸਕਣ ਕਿ ਕਦਮ-ਕਦਮ 'ਤੇ ਗੁਰੂ ਸਾਹਿਬ ਜੀ ਦਾ, ਜਾਣੇ ਜਾਂ ਅਣਜਾਣੇ ਵਿੱਚ ਅਪਮਾਨ ਕੀਤਾ ਗਿਆ ਹੈ। ਸਟੇਜਾਂ 'ਤੇ ਕਥਾ ਕਰਨ ਵਾਲਿਆਂ ਦਾ ਮਾਨਸਿਕ ਪੱਧਰ ਕਾਫੀ ਨੀਵਾਂ ਹੋਣ ਕਰ ਕੇ, ਗੁਰਬਾਣੀ, ਗੁਰੂ ਅਤੇ ਮਨੁੱਖਤਾ ਵਿਰੋਧੀ ਪ੍ਰਚਾਰ ਹਰ ਰੋਜ਼ ਸਾਡੇ ਸਾਹਮਣੇ ਹੋ ਰਿਹਾ ਹੈ। ਗੁਰਦਵਾਰਿਆਂ ਵਿੱਚ ਹੋ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਹੋ ਰਿਹਾ ਹੈ। ਕਿਸ ਦੇ ਮੱਥੇ ਮੜ੍ਹੀਏ? ਕੀਹਨੂੰ ਦੋਸ਼ ਦੇਈਏ? ਸੁਧਾਰ ਕਰਨ ਵਾਸਤੇ ਕੀ ਦੁਬਾਰਾ ਗੁਰੂ ਨਾਨਕ ਸਾਹਿਬ ਜੀ ਨੂੰ ਹੀ ਆਉਣਾ ਪਵੇਗਾ? ਮੌਜੂਦਾ ਸਮੇਂ ਦੇ ਪ੍ਰਬੰਧਕਾਂ ਦੀਆਂ ਅੱਖਾਂ ਤੋਂ ਕਦੀ ਮਾਇਆ ਦੀ ਪੱਟੀ ਉਤਰੇਗੀ? ਕਥਾਕਾਰਾਂ ਦੀ ਆਤਮਾ ਕਦੀ ਨੀਂਦ ਵਿੱਚੋਂ ਜਾਗੇਗੀ? ਵਿਦਵਾਨਾਂ ਦੀ ਜ਼ਮੀਰ ਕਦੀ ਜੀਵਤ ਹੋ ਸਕੇਗੀ? ਆਮ ਸਿੱਖ ਸੰਗਤ ਗੁਰਬਾਣੀ ਨੂੰ ਅਰਥਾਂ ਸਮੇਤ ਪੜ੍ਹ ਕੇ ਗ਼ਲਤ ਅਤੇ ਠੀਕ ਦਾ ਨਿਰਣਾ ਕਰਨਜੋਗ ਹੋ ਸਕੇਗੀ?

★★★★★★

(ਸਿੱਖਿਆਦਾਇਕ ਸਾਖੀਆਂ - ਭਾਗ ਦੂਜਾ)

ਵਿੱਦਿਆ ਅਤੇ ਜ਼ਮੀਰ

ਸਟੇਜ 'ਤੇ ਕਥਾ ਕਰਦਿਆਂ, ਕੋਈ ਲੇਖ ਲਿਖਦਿਆਂ ਜਾਂ ਵਿਚਾਰ ਚਰਚਾ ਵਿੱਚ ਮੈਂ ਖੰਡਨ ਕੁੱਝ ਜ਼ਿਆਦਾ ਹੀ ਕਰ ਜਾਂਦਾ ਹਾਂ। ਗੁਰਦਵਾਰਿਆਂ ਦੇ "ਮਾਲਕ" (ਅੱਜ ਕੱਲ੍ਹ ਕੋਈ ਪ੍ਰਬੰਧਕ ਨਹੀਂ ਹੈ, ਗੁਰਦਵਾਰਿਆਂ, ਡੇਰਿਆਂ 'ਤੇ ਕਾਬਜ ਧਿਰਾਂ ਉਸ ਦੀਆਂ ਮਾਲਕ ਹਨ) ਨਾਰਾਜ, ਕਿੰਨੇ ਸਾਰੇ ਕਥਾ ਵਾਚਕ ਦੁਖੀ। ਕੀਰਤਨੀਏ ਅਤੇ ਢਾਡੀ-ਕਵੀਸ਼ਰ ਵਿਆਕੁਲ। ਅਖੇ, ਇਸ ਬੰਦੇ (ਇੰਦਰ ਸਿੰਘ ਘੱਗਾ) ਦੇ ਢਿੱਡ ਪੀੜ ਕਿਉਂ ਹੁੰਦੀ ਰਹਿੰਦੀ ਹੈ ਹਰ ਵਕਤ ? ਜਿਥੇ ਵੇਖੋ ਝਗੜਾ, ਨਾਰਾਜਗੀ, ਖੰਡਨ, ਤੂੰ-ਤੂੰ, ਮੈਂ-ਮੈਂ। ਇਹੀ ਬਹੁਤਾ ਸਿਆਣਾ ਬਣਿਆ ਫਿਰਦੈ, ਅਸੀਂ ਸਾਰੇ ਅਤੇ ਸੰਗਤ ਮੂਰਖ ਹਾਂ ? ਇੱਕ ਦਿਨ ਇੰਗਲੈਂਡ ਦੇ ਇੱਕ ਗੁਰਦਵਾਰੇ ਸਲੋਹ ਵਿਖੇ ਮੇਰੀ ਚੰਗੀ ਨੇੜਤਾ ਵਾਲੇ ਕਥਾ ਵਾਚਕ ਸਾਂਝੇ ਤੌਰ 'ਤੇ ਮੈਨੂੰ ਸਮਝਾਉਣ ਲੱਗੇ। ਭਾਈ ਮੋਹਰ ਸਿੰਘ ਬੋਲਿਆ, "ਠੀਕ ਹੈ, ਤੁਸੀਂ ਵਿਦਵਾਨ ਹੋ, ਲੰਮੇਂ ਸਮੇਂ ਤੋਂ ਮਿਸ਼ਨਰੀ ਕਾਲਜ ਨਾਲ ਰਹਿ ਕੇ ਪ੍ਰਚਾਰ ਕਰਦੇ ਆ ਰਹੇ ਹੋ। ਤੁਹਾਡੀ ਉਮਰ ਭੀ ਸਾਡੇ ਨਾਲੋਂ ਕਾਫ਼ੀ ਜ਼ਿਆਦਾ ਹੈ ਪਰ ਕੀ ਤੁਸੀਂ ਮਹਿਸੂਸ ਨਹੀਂ ਕਰਦੇ ਕਿ ਬਹੁਤ ਥਾਵਾਂ 'ਤੇ ਤੁਹਾਨੂੰ ਬੋਲਣ ਤੋਂ ਰੋਕਿਆ ਗਿਆ ਹੈ। ਕਈ ਥਾਂਵਾਂ 'ਤੇ ਤਲਖ ਕਲਾਮੀ ਹੋਈ ਹੈ। ਤੁਹਾਡਾ ਆਰਥਕ ਨੁਕਸਾਨ ਭੀ ਕਾਫ਼ੀ ਹੋਇਆ ਹੈ। ਜੋ ਕੰਮ ਬਾਕੀ ਸਾਰੇ ਕਰਦੇ ਆ ਰਹੇ ਹਨ, ਤੁਸੀਂ ਭੀ ਉਸੇ ਢੰਗ ਨਾਲ ਕਥਾ ਕਰਦੇ ਜਾਉ। ਖੰਡਨ ਦਾ ਤੁਸੀਂ ਹੀ ਠੇਕਾ ਲਿਆ ਹੋਇਆ ਹੈ ?" ਮੈਂ ਨਿਮਰਤਾ ਨਾਲ ਜੁਆਬ ਦਿੱਤਾ, "ਗੁਰਸਿੱਖੋ ! ਤੁਸੀਂ ਇਸ ਇੰਗਲੈਂਡ ਦੇਸ਼ ਵਿੱਚ ਰਹਿੰਦੇ ਹੋ। ਇਥੇ ਤੁਸੀਂ ਕਾਰ ਚਲਾਉਣੀ ਸਿੱਖੀ। ਸੜਕ 'ਤੇ ਚੱਲਣ ਦੇ ਅਸੂਲ ਸਿੱਖੇ। ਗੱਡੀ ਰਸਤੇ ਵਿੱਚ ਖ਼ਰਾਬ ਹੋ ਜਾਵੇ ਜਾਂ ਐਕਸੀਡੈਂਟ ਹੋ ਜਾਵੇ, ਤਦੋਂ ਕੀ ਕਰਨਾ ਹੈ ਸਭ ਜਾਣਕਾਰੀ ਹਾਸਲ ਕੀਤੀ ਹੈ। ਪੜ੍ਹਾਈ ਮੁਕੰਮਲ ਹੋਣ ਤੋਂ ਮਗਰੋਂ ਸਖ਼ਤ ਟੈਸਟ ਲਿਆ ਜਾਂਦਾ ਹੈ। ਸਾਡੇ ਵਾਂਗ ਰਿਸ਼ਵਤ ਦੇ ਕੇ ਲਾਇਸੰਸ ਨਹੀਂ ਬਣਦਾ। ਡਰਾਈਵਿੰਗ ਟੈਸਟ ਪਾਸ ਕਰਨ ਤੋਂ ਮਗਰੋਂ ਤੁਹਾਨੂੰ ਲਾਇਸੰਸ ਮਿਲ ਜਾਂਦਾ ਹੈ। ਤੁਸੀਂ ਗੱਡੀ ਚਲਾਉਣ ਦੇ ਹੱਕਦਾਰ ਬਣ ਜਾਂਦੇ ਹੋ। ਤੁਸੀਂ ਹਰ ਰੋਜ਼ ਪੰਜਾਹ ਕਿਲੋ ਮੀਟਰ ਗੱਡੀ ਚਲਾਓ ਜਾਂ ਪੰਜ ਸੌ ਕਿਲੋ ਮੀਟਰ। ਪੁਲਿਸ ਵਾਲਾ ਤੁਹਾਨੂੰ ਨਹੀਂ ਰੋਕੇਗਾ। ਨਾ ਹੀ ਜੁਰਮਾਨਾ ਲਾਵੇਗਾ। ਤੁਸੀਂ ਗੱਡੀ ਚਲਾਉਂਦਿਆਂ ਜਦੋਂ ਭੀ ਗ਼ਲਤੀ ਕੀਤੀ, ਤੁਰੰਤ ਪੁਲਿਸ ਨੇ ਦਬੋਚ ਲੈਣਾ ਹੈ। ਗ਼ਲਤੀ ਮੁਤਾਬਕ ਜੁਰਮਾਨਾ ਲਾ ਕੇ ਰਸੀਦ ਕੱਟ ਦਿੱਤੀ ਜਾਂਦੀ ਹੈ। ਇਸ ਵਕਤ ਸਬੰਧਤ ਵਿਅਕਤੀ ਪੁਲਿਸ ਵਾਲਿਆਂ ਨਾਲ ਲੋਹਾ ਲਾਖਾ ਹੋਵੇ। ਗੁੱਸੇ ਵਿੱਚ ਆ ਕੇ ਪੁੱਛੇ, "ਤੁਹਾਨੂੰ ਹੋਰ ਕੋਈ ਕੰਮ ਨਹੀਂ ਕਿ ਮੇਰੇ ਵਰਗਿਆਂ ਨੂੰ ਪ੍ਰੇਸ਼ਾਨ ਕਰੋ, ਜੁਰਮਾਨੇ ਲਾਓ ?" ਪੁਲਿਸ ਵਾਲਾ ਜੁਆਬ ਦੇਵੇਗਾ ਕਿ "ਭਾਈ ਟ੍ਰੈਫਿਕ ਨਿਅਮਾਂ ਦੀ ਪਾਲਣਾ ਕਰਦਿਆਂ ਜਿੰਨੀ ਦਿਲ

ਚਾਹੇ ਤੂੰ ਗੱਡੀ ਚਲਾ, ਅਸੀਂ ਨਹੀਂ ਰੋਕਾਂਗੇ। ਤੈਨੂੰ ਲਾਇਸੰਸ "ਠੀਕ ਤਰੀਕੇ" ਗੱਡੀ ਚਲਾਉਣ ਦਾ ਦਿੱਤਾ ਹੈ, ਗ਼ਲਤ ਦਾ ਨਹੀਂ।

ਠੀਕ ਇਹੀ ਅਸੂਲ ਹਰ ਮਨੁੱਖ 'ਤੇ ਲਾਗੂ ਹੁੰਦਾ ਹੈ। ਨਿਰੰਕਾਰ ਨੇ ਸਾਨੂੰ ਕੁੱਝ ਨਾ ਕੁੱਝ ਅਕਲ ਦਿੱਤੀ ਹੈ। ਸਮਾਜ ਵਿੱਚ ਰਹਿ ਕੇ ਅੱਗੋਂ ਹੋਰ ਗਿਆਨ ਹਾਸਲ ਕਰੀਦਾ ਹੈ। ਧਰਮ ਮੁਖੀਆਂ ਨੇ ਆਪਣੇ ਢੰਗ ਨਾਲ ਸੇਵਕਾਂ ਨੂੰ ਰਾਹ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ਅਦਾਲਤਾਂ ਦੀ ਅਗਵਾਈ ਵਾਸਤੇ ਲਿਖਤੀ ਕਾਨੂੰਨ ਮੌਜੂਦ ਹੈ। ਪੁਲਿਸ ਲਈ ਆਪਣੇ ਲਿਖਤੀ ਕਾਨੂੰਨ ਬਣੇ ਹੋਏ ਹਨ। ਇਸੇ ਤਰ੍ਹਾਂ ਸਿੱਖਾਂ ਲਈ ਗੁਰਬਾਣੀ ਰੂਪੀ (ਸਤਿਕਾਰਯੋਗ ਤੇ ਮੰਨਣਯੋਗ) ਕਾਨੂੰਨ ਮੌਜੂਦ ਹੈ। ਸਾਰੇ ਸਿੱਖਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਗੁਰਬਾਣੀ ਦੇ ਅਨੁਸਾਰ ਆਪਣਾ ਜੀਵਨ ਬਸਰ ਕਰਨ। ਦਾਸ ਨੇ ਪੈਂਤੀ-ਚਾਲੀ ਸਾਲ ਗੁਰਮਤਿ ਵਿੱਦਿਆ ਪੜ੍ਹ ਕੇ, ਜਾਣ ਲਿਆ ਹੈ ਕਿ ਗੁਰਬਾਣੀ ਮੁਤਾਬਕ ਠੀਕ ਕੀ ਹੈ ਤੇ ਗ਼ਲਤ ਕੀ ਹੈ। ਇਸ ਲਈ ਗੁਰਬਾਣੀ ਦਾ ਪ੍ਰਮਾਣ ਦੇ ਕੇ, ਗ਼ਲਤ ਕੰਮਾਂ ਤੋਂ ਵਰਜਦਾ ਹਾਂ। ਜੇਕਰ ਗੁਰੂ ਨਾਨਕ ਬਾਬਾ ਜੀ ਤੁਹਾਡੀ ਸੋਚ ਵਾਲੇ ਹੁੰਦੇ, ਉਹ ਭੀ ਆਖ ਦਿੰਦੇ, ਜੋ ਕਰਦੇ ਹਨ ਕਰਨ ਦਿਓ। ਮੈਂ ਕੋਈ ਠੇਕਾ ਲਿਆ ਹੋਇਐ, ਇਨ੍ਹਾਂ ਨੂੰ ਮੱਤ ਦੇਣ ਦਾ ? ਘਰ ਚੰਗੀ ਕਮਾਈ ਸੀ, ਵਧੀਆ ਨੌਕਰੀ ਸੀ। ਮਾਣ ਸਨਮਾਨ ਸੀ। ਕੀ ਲੋੜ ਸੀ ਉਨ੍ਹਾਂ ਨੂੰ ਬ੍ਰਾਹਮਣਾਂ ਨਾਲ ਮੱਥਾ ਲਾਉਣ ਦੀ। ਜੋਗੀਆਂ ਦਾ ਵਿਰੋਧ ਨਾ ਕਰਦੇ। ਮੌਲਾਣਿਆਂ ਨਾਲ ਟੱਕਰ ਨਾ ਲੈਂਦੇ। ਹਕੂਮਤਾਂ ਵਿਰੁੱਧ ਰਾਜਿਆਂ ਵਿਰੁੱਧ ਨਾ ਬੋਲਦੇ। ਸਦੀਆਂ ਤੱਕ ਕੀ ਲੋੜ ਸੀ ਮੁਸੀਬਤਾਂ ਝੱਲਣ ਦੀ ? ਕੀ ਲੋੜ ਸੀ ਸ਼ਹੀਦੀਆਂ ਪਾਉਣ ਦੀ ? ਜੰਗ ਕਿਉਂ ਲੜਦੇ ਰਹੇ ਸਨ ? ਤਾਂ ਕਿ ਗ਼ਲਤ ਵਿਚਾਰ, ਗ਼ਲਤ ਰਾਜ, ਗ਼ਲਤ ਜਿਹੀ ਧਾਰਮਕ਼ (ਵਿਖਾਵੇ ਵਾਲੀ) ਕਿਰਿਆ ਨੂੰ ਬਦਲਿਆ ਜਾ ਸਕੇ। ਸੁਚੇਤ ਵਰਗ (ਪ੍ਰਚਾਰਕ ਤੇ ਲਿਖਾਰੀ) ਨੇ ਲੋਕਾਈ ਨੂੰ ਗ਼ਲਤ ਅਤੇ ਠੀਕ ਦੀ ਪਛਾਣ ਕਰਨ ਵਾਸਤੇ ਸਹਾਇਤਾ ਕਰਨੀ ਹੈ। ਵਿੱਦਿਆ ਦੇਣੀ ਹੈ। ਚੌਕੀਦਾਰ ਵਾਂਗ "ਜਾਗਦੇ ਰਹੋ" ਦਾ ਹੋਕਾ ਦੇਣਾ ਹੈ। ਪੁਲਿਸ ਵਾਲੇ ਵਾਂਗ ਪਹਿਰੇਦਾਰੀ ਕਰਨੀ ਹੈ। ਸਾਡਾ ਸਾਰੇ ਪ੍ਰਚਾਰਕਾਂ ਦਾ ਮੁਢਲਾ ਫ਼ਰਜ਼ ਬਣਦਾ ਹੈ, ਪੈਸੇ ਕਾਰਨ ਵਿੱਦਿਆ ਨਾ ਵੇਚੀਏ। ਨਿਰੋਲ ਸੱਚ ਪ੍ਰਚਾਰੀਏ ਤੇ ਖ਼ੁਦ ਸੱਚ 'ਤੇ ਚੱਲੀਏ। ਪੜ੍ਹੋ-

ਧ੍ਰਿਗੁ ਤਿਨਾ ਕਾ ਜੀਵਿਆ, ਜਿ ਲਿਖਿ ਲਿਖਿ ਵੇਚਹਿ ਨਾਉ ॥
ਖੇਤੀ ਜਿਨ ਕੀ ਉਜੜੈ, ਖਲਵਾੜੇ ਕਿਆ ਥਾਉ ॥...
ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੇ ਬੁਝੀਐ, ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ, ਹੋਰਿ ਗਲਾਂ ਸੈਤਾਨ ॥ (1245)



ਇਨਸਾਫ਼ ਦੀ ਚਪੇੜ

ਛੇਵੀਂ ਸਦੀ ਵਿੱਚ ਬਗਦਾਦ ਦੇਸ਼ ਦੇ ਰਾਜੇ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ ਨੌਸੇਰਵਾਂ ਰੱਖਿਆ ਗਿਆ। ਇਹ ਹੋਣਹਾਰ ਬੱਚਾ ਜਦੋਂ ਕੁੱਝ ਵੱਡਾ ਹੋਇਆ ਤਾਂ ਪਿਤਾ ਨੇ ਇੱਕ ਨੇਕ ਬਖ਼ਤ ਫ਼ਕੀਰ ਕੋਲ ਪੜ੍ਹਨੇ ਪਾ ਦਿੱਤਾ। ਫ਼ਕੀਰ ਕੋਲ ਹੋਰ ਬੱਚੇ ਭੀ ਪੜ੍ਹਦੇ ਸਨ। ਉਨ੍ਹਾਂ ਸਮਿਆਂ ਵਿੱਚ ਅੱਜ ਵਾਂਗ ਸਕੂਲ-ਕਾਲਜ ਤਾਂ ਹੈ ਨਹੀਂ ਸਨ। ਬੱਚਿਆਂ ਨੂੰ ਪੜ੍ਹਾਉਣ ਦੇ ਚਾਹਵਾਨ ਲੋਕ, ਅਜਿਹੇ ਸਾਧੂਆਂ ਕੋਲ ਆਪਣੇ ਬੱਚੇ ਭੇਜ ਦਿਆ ਕਰਦੇ ਸਨ। ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਅੰਨ, ਬਸਤਰ ਆਦਿ ਭੇਜਦੇ ਰਹਿੰਦੇ ਸਨ। ਖ਼ੁਦਾ ਦਾ ਭੈ ਮੰਨਣ ਵਾਲੇ, ਮਨੁੱਖਤਾ ਦੇ ਹਮਦਰਦ ਸਾਧੂ ਦੀ ਨਿਗਰਾਨੀ ਵਿੱਚ ਬੱਚੇ ਪੜ੍ਹਦੇ ਗਏ। ਜਿੰਨੀ ਵਿੱਦਿਆ ਪੜ੍ਹਾਈ ਜਾ ਸਕਦੀ ਸੀ, ਪੜ੍ਹਾਈ ਤੇ ਨਾਲ ਪਰਉਪਕਾਰ ਕਰਨ, ਹੱਥੀ ਮਿਹਨਤ ਕਰਨ, ਮਿੱਠਾ ਬੋਲਣਾ, ਹਿੰਮਤੀ ਬਣਨਾ, ਬਹਾਦਰ ਬਣਨਾ ਤੇ ਸੱਚਾਈ ਦੇ ਰਾਹ 'ਤੇ ਚੱਲਣਾ, ਸੱਚਾ ਇਨਸਾਫ਼ ਕਰਨਾ। ਜਿਵੇਂ-ਜਿਵੇਂ ਉਮਰ ਵਧਦੀ ਗਈ, ਵਿਦਿਆਰਥੀ ਅੱਗੇ ਤੋਂ ਅਗੇਰੇ ਵਧਦੇ ਗਏ। ਦੂਜੇ ਵਿਦਿਆਰਥੀਆਂ ਦੇ ਨਾਲ ਹੀ ਬਾਦਸ਼ਾਹ ਦਾ ਪੁੱਤਰ ਨੌਸੇਰਵਾਂ ਭੀ ਪੜ੍ਹਾਈ ਪੂਰੀ ਕਰ ਚੁੱਕਿਆ ਸੀ। ਇਸ ਧਾਰਮਕ ਸਕੂਲ ਦੇ ਮੁਖੀ ਪੀਰ ਜੀ ਤੋਂ ਰਾਜੇ ਦੇ ਭੇਜੇ ਹੋਏ ਸੇਵਕ ਨੇ ਪਹਿਲਾਂ ਆ ਕੇ ਸਾਰੀ ਜਾਣਕਾਰੀ ਪ੍ਰਾਪਤ ਕੀਤੀ। ਫਿਰ ਰਾਜ ਮਹਿਲ ਤੱਕ ਖ਼ਬਰ ਪੁਚਾ ਦਿੱਤੀ ਕਿ ਰਾਜ ਕੁਮਾਰ ਨੌਸੇਰਵਾਂ ਨੂੰ ਮਹਿਲ ਵਿੱਚ ਲਿਆਂਦਾ ਜਾ ਸਕਦਾ ਹੈ।

ਰਾਜੇ ਤੋਂ ਆਗਿਆ ਲੈ ਕੇ ਸੇਵਕਾਂ ਦਾ ਇੱਕ ਵੱਡਾ ਕਾਫਲਾ, ਨੌਸੇਰਵਾਂ ਨੂੰ ਲੈਣ ਵਾਸਤੇ ਚੱਲ ਪਿਆ। ਵਿੱਦਿਆ ਦਾਤੇ ਲਈ ਸੇਵਾ ਭੇਟਾ। ਪਿੱਛੇ ਰਹਿ ਗਏ ਵਿਦਿਆਰਥੀਆਂ ਲਈ ਅੰਨਦਾਣਾ ਆਦਿ। ਰਾਜ ਕੁਮਾਰ ਨੌਸੇਰਵਾਂ ਲਈ ਸੁੰਦਰ ਪੁਸ਼ਾਕ। ਚਮਕਦੀ ਹੋਈ ਸ਼ਮਸ਼ੀਰ, ਸਲਾਮੀ ਦੇਣ ਲਈ ਸੇਵਕ ਨੌਜੁਆਨਾਂ ਦਾ ਸਜਿਆ ਫਬਿਆ ਜਥਾ। ਵਾਪਸੀ ਸਫ਼ਰ ਲਈ ਸ਼ਿੰਗਾਰਿਆ ਹੋਇਆ ਸੁੰਦਰ ਘੋੜਾ। "ਡੇਰੇ" ਵਿੱਚ ਰਸਮਾਂ ਪੂਰੀਆਂ ਕਰਨ ਤੋਂ ਮਗਰੋਂ, ਨੌਸੇਰਵਾਂ ਸਾਰੇ ਸਾਥੀਆਂ ਨੂੰ ਮਿਲਿਆ। ਜਾਣ ਲੱਗੇ ਅਨਿੰਨ ਭਗਤੀ ਭਾਵਨਾ ਨਾਲ, ਆਪਣੇ ਉਸਤਾਦ ਦੇ ਚਰਨ ਛੂਹੇ। ਉਸਤਾਦ ਨੇ ਪਿਆਰ ਅਸੀਸ ਦੇ ਕੇ ਸਿਰ 'ਤੇ ਹੱਥ ਰੱਖਿਆ ਤੇ ਵਿਦਾ ਕਰ ਦਿੱਤੇ। ਸਾਰੇ ਨੌਕਰਾਂ-ਚਾਕਰਾਂ ਨੇ ਨੌਸੇਰਵਾਂ ਨੂੰ ਅਤਿਅੰਤ ਕੀਮਤੀ ਬਸਤਰ ਸਜਾਏ, ਸ਼ਸ਼ਤਰ ਪਹਿਨਾਏ। ਛੇਤੀ ਹੀ ਦੇਸ਼ ਦਾ ਬਾਦਸ਼ਾਹ ਬਣਨ ਵਾਲੇ ਨੌਜੁਆਨ ਰਾਜਕੁਮਾਰ ਨੂੰ ਸਾਰਿਆਂ ਨੇ ਸਲਾਮੀ ਦਿੱਤੀ। ਇਨ੍ਹਾਂ ਰਸਮਾਂ ਦੀ ਪੂਰਤੀ ਮਗਰੋਂ ਰਾਜ ਮਹਿਲ ਵੱਲ ਜਾਣ ਵਾਸਤੇ ਨੌਸੇਰਵਾਂ ਘੋੜੇ 'ਤੇ ਸਵਾਰ ਹੋਣ ਹੀ ਲੱਗਾ ਸੀ ਕਿ ਨੇੜੇ ਖੜੇ ਵਿੱਦਿਆ ਦਾਤੇ ਗੁਰੂ ਨੇ, ਉੱਚੀ ਆਵਾਜ਼ ਦਿੱਤੀ, "ਨੌਸੇਰਵਾਂ ਵਾਪਸ ਆ।" ਨਿਮਰਤਾ ਵਿੱਚ ਸਿਰ ਝੁਕਾਈ ਰਾਜ ਕੁਮਾਰ ਵਾਪਸ ਆਇਆ। ਅਧੀਨਗੀ ਵਿੱਚ ਗੁਰੂ ਜੀ ਅੱਗੇ ਖਲੋ ਗਿਆ। ਉੱਚ ਕੋਟੀ ਦੇ ਵਿਦਵਾਨ, ਇਨਸਾਨੀਅਤ ਦੇ ਹਿਤੈਸ਼ੀ,

ਪਿਆਰ ਦੇ ਮੁਜੱਸਮੇ ਇਸ ਗੁਰੂ ਨੇ, ਨੌਸੇਰਵਾਂ ਦੇ ਮੂੰਹ 'ਤੇ ਜ਼ੋਰ ਨਾਲ ਚਪੇੜ ਮਾਰ ਦਿੱਤੀ। ਨੌਸੇਰਵਾਂ ਦੇ ਹਵਾਸ ਉੱਡ ਗਏ। ਕੁੱਝ ਪੁੱਛਣ ਹੀ ਲੱਗਾ ਸੀ ਕਿ ਦੂਜੀ ਗਲ੍ਹ 'ਤੇ ਇੱਕ ਹੋਰ ਥੱਪੜ ਜੜ ਦਿੱਤਾ। ਨੌਸੇਰਵਾਂ ਅਚਨ ਚੇਤੀ ਵਾਪਰੀ ਦੁਖਦਾਈ ਘਟਨਾ ਲਈ ਬੌਂਦਲ ਜਿਹਾ ਗਿਆ। ਹਿੰਮਤ ਇਕੱਠੀ ਕਰ ਕੇ ਪੁੱਛਣ ਹੀ ਲੱਗਾ ਸੀ ਕਿ ਗੁਰੂ ਨੇ ਕਠੋਰ ਸ਼ਬਦਾਂ ਨਾਲ ਆਖਿਆ, "ਦੂਰ ਹੋ ਜਾ ਮੇਰੀਆਂ ਨਜ਼ਰਾਂ ਤੋਂ, ਚਲਾ ਜਾਹ ਇਥੋਂ।" ਬਿਨਾਂ ਕਸੂਰ ਤੋਂ ਸਾਰੇ ਨੌਕਰਾਂ ਦੇ ਸਾਹਮਣੇ ਕੀਤੇ ਗਏ ਅਪਮਾਨ ਨੇ ਰਾਜ ਕੁਮਾਰ ਨੂੰ ਹਿਲਾ ਕੇ ਰੱਖ ਦਿੱਤਾ। ਗੁੱਸੇ ਵਿੱਚ ਸਰੀਰ ਕੰਬਣ ਲੱਗ ਪਿਆ। ਦਿਲ ਕੀਤਾ ਕਿ ਇਸ ਬੁੱਢੜੇ ਨੂੰ ਹੁਣੇ ਮਜਾ ਚਖਾ ਦਿਆਂ ਪਰ ਆਪਣੇ ਆਪ ਨੂੰ ਰੋਕ ਲਿਆ। ਭਰਿਆ ਪੀਤਾ ਘੋੜੇ 'ਤੇ ਸਵਾਰ ਹੋ ਗਿਆ। ਸਾਰਾ ਮਜ਼ਾ ਕਿਰਕਰਾ ਹੋ ਗਿਆ।

ਸਫਰ ਤੈਹ ਕਰਦੇ ਮੰਜ਼ਲਾਂ ਮਾਰਦੇ ਸਾਰੇ ਬਗਦਾਦ ਸ਼ਹਿਰ ਪਹੁੰਚ ਗਏ। ਸਾਰਿਆਂ ਨੇ ਅੱਗੇ ਆ ਕੇ ਰਾਜ ਕੁਮਾਰ ਦਾ ਸੁਆਗਤ ਕੀਤਾ। ਲੰਮੇਂ ਸਮੇਂ ਮਗਰੋਂ ਪਰਤੇ ਨੌਸੇਰਵਾਂ ਨੂੰ ਸਾਰਿਆਂ ਨੇ ਗਲੇ ਲਗਾਇਆ, ਪਿਆਰ-ਅਸੀਸਾਂ ਦਿੱਤੀਆਂ। ਕੁੱਝ ਦਿਨਾਂ ਦੇ ਮੇਲ-ਮਿਲਾਪ ਤੋਂ ਬਾਅਦ ਨੌਸੇਰਵਾਂ ਨੂੰ ਪਿਤਾ ਨੇ ਰਾਜ ਦੇ ਕੰਮ ਦੀ ਜ਼ਿੰਮੇਵਾਰੀ ਸੰਭਾਲਣੀ ਸ਼ੁਰੂ ਕਰ ਦਿੱਤੀ। ਨਾਲ ਸੁਯੋਗ ਅਫ਼ਸਰ ਬਿਠਾਏ ਜਾਂਦੇ ਤਾਂ ਕਿ ਨੌਜੁਆਨ ਨੂੰ ਸਹੀ ਕੰਮ ਕਰਨ ਲਈ ਅਗਵਾਈ ਦਿੱਤੀ ਜਾ ਸਕੇ। ਕੁੱਝ ਸਾਲਾਂ ਵਿੱਚ ਹੀ ਨੌਸੇਰਵਾਂ ਰਾਜ ਕਾਜ ਵਿੱਚ, ਮੁਹਾਰਤ ਹਾਸਲ ਕਰ ਗਿਆ। ਪਿਤਾ ਨੇ ਮਹਿਸੂਸ ਕਰ ਲਿਆ ਕਿ ਪੁੱਤਰ ਨੂੰ ਰਾਜ ਸਿੰਘਾਸਣ 'ਤੇ ਬਿਠਾ ਦਿੱਤਾ ਜਾਵੇ। ਇਸ ਲਈ ਸਾਰੇ ਰਾਜ ਵਿੱਚੋਂ ਵੱਡੇ ਅਫ਼ਸਰਾਂ, ਵੱਡੇ ਵਾਪਾਰੀਆਂ, ਧਰਮ ਮੁਖੀਆਂ ਅਤੇ ਹੋਰ ਸਿਰ ਕੱਢਵੇਂ ਵਿਅਕਤੀਆਂ ਨੂੰ ਖ਼ਤ ਲਿਖ ਕੇ ਸੱਦਾ ਦੇ ਦਿੱਤਾ ਕਿ ਨਵੇਂ ਬਾਦਸ਼ਾਹ ਨੂੰ ਸਿੰਘਾਸਣ 'ਤੇ ਬਿਠਾਉਣ ਦੀ ਖ਼ੁਸ਼ੀ ਵਿੱਚ ਸਾਰੇ ਸ਼ਾਮਲ ਹੋਵੋ। ਨਿਸਚਿਤ ਕੀਤੇ ਗਏ ਸਮੇਂ 'ਤੇ ਸਾਰੇ ਮਹਿਮਾਨ ਆਣ ਢੁੱਕੇ। ਸਾਰਾ ਸ਼ਹਿਰ ਸਜਿਆ ਹੋਇਆ ਸੀ। ਰਾਜ ਦਰਬਾਰ ਦੀ ਆਪਣੀ ਨਵੇਕਲੀ ਸ਼ਾਨ ਸੀ। ਆਏ ਮਹਿਮਾਨ ਸਜ-ਧਜ ਨਾਲ, ਆਪੋ ਆਪਣੀ ਥਾਂ 'ਤੇ ਬੈਠ ਰਹੇ ਸਨ। ਪੂਰੇ ਜਲਾਲ ਵਿੱਚ ਨੌਸੇਰਵਾਂ ਆਪਣੇ ਪਿਤਾ ਦੇ ਬਰਾਬਰ ਸੁਨਿਹਰੀ ਕੁਰਸੀ 'ਤੇ ਸਜਿਆ ਹੋਇਆ ਸੀ। ਰਾਜੇ ਨੇ ਸੈਖੇਪ ਜਿਹਾ ਭਾਸ਼ਣ ਦੇ ਕੇ, ਸਾਰਿਆਂ ਨੂੰ ਜੀ ਆਇਆਂ ਆਖਿਆ। ਨਵੇਂ ਬਣਾਏ ਜਾ ਰਹੇ ਬਾਦਸ਼ਾਹ ਨੌਸੇਰਵਾਂ ਨਾਲ ਸਾਰਿਆਂ ਨੂੰ ਮਿਲਵਰਤਣ ਕਰਦੇ ਰਹਿਣ ਦੀ ਅਪੀਲ ਕੀਤੀ। ਸਾਰਿਆਂ ਵੱਲੋਂ ਸਹਿਮਤੀ ਪ੍ਰਾਪਤ ਕਰਨ ਤੋਂ ਬਾਅਦ ਬਜ਼ੁਰਗ ਬਾਦਸ਼ਾਹ ਆਪਣੀ ਕੁਰਸੀ ਤੋਂ ਉੱਠਿਆ ਤੇ ਪੁੱਤਰ ਨੂੰ ਆਪਣੀ ਥਾਂ ਬਿਠਾ ਦਿੱਤਾ। ਇਸ ਦੇ ਨਾਲ ਹੀ ਸਾਰਿਆਂ ਨੇ ਨਵੇਂ ਬਣੇ ਰਾਜੇ ਅੱਗੇ ਆਪਣੇ ਤੋਹਫੇ-ਭੇਟਾਵਾਂ ਅਰਪਣ ਕਰਨੀਆਂ ਸ਼ੁਰੂ ਕਰ ਦਿੱਤੀਆਂ। ਭੇਟਾਵਾਂ ਕਬੂਲ ਕਰ ਲੈਣ ਤੋਂ ਬਾਅਦ ਨੌਸੇਰਵਾਂ ਨੇ ਸਾਰਿਆਂ ਦਾ ਸ਼ੁਕਰੀਆ ਅਦਾ ਕੀਤਾ।

ਇਸ ਬੇਜੋੜ ਸਮਾਗਮ ਵਿੱਚ ਦੇਸ਼ ਭਰ ਦੇ ਵੱਡੇ-ਵੱਡੇ ਧਰਮ ਮੁਖੀ ਤਾਂ ਆਏ ਹੀ ਸਨ, ਨੌਸੇਰਵਾਂ ਦਾ ਵਿੱਦਿਆ ਦਾਤਾ ਭੀ ਅਗਲੀਆਂ ਸਫਾਂ ਵਿੱਚ ਬਿਰਾਜਮਾਨ ਸੀ। ਸਾਰਿਆਂ ਦੇ ਸਾਹਮਣੇ ਨੌਸੇਰਵਾਂ ਨੇ ਆਪਣੇ ਗੁਰੂ ਜੀ ਨੂੰ ਨੇੜੇ ਬੁਲਾ ਲਿਆ। ਉਸ ਨੂੰ ਮੁੜ ਸਤਿਕਾਰ

ਦਿੱਤਾ। ਪਰ ਅੰਦਰ ਕੰਡੇ ਵਾਂਗ ਚੁੱਭ ਰਹੀ ਪੀੜ ਨੂੰ ਪ੍ਰਗਟ ਕਰਦਿਆਂ ਪੁੱਛਿਆ, "ਪਿਤਾ ਸਮਾਨ ਗੁਰੂ ਜੀ! ਤੁਸੀਂ ਮੈਨੂੰ ਬਹੁਤ ਪਿਆਰ ਦਿੱਤਾ। ਚੰਗਾ ਇਨਸਾਨ ਬਣਾਉਣ ਵਾਸਤੇ ਤੁਸੀਂ ਪੂਰੀ ਵਾਹ ਲਾ ਦਿੱਤੀ। ਮੈਂ ਕਈ ਵਾਰੀ ਗ਼ਲਤੀਆਂ ਭੀ ਕਰ ਜਾਂਦਾ ਸਾਂ। ਜਿਥੇ ਤੁਸੀਂ ਪਿਆਰ ਨਾਲ ਸਮਝਾਇਆ, ਉਥੇ ਕਈ ਵਾਰੀ ਮਾਰਿਆ ਭੀ। ਗ਼ਲਤੀ ਕਾਰਨ ਮਾਰ ਪੈਣ 'ਤੇ ਮੈਂ ਕਦੀ ਵਿਆਕੁਲ ਨਹੀਂ ਹੋਇਆ। ਪਰ ਜਿਸ ਦਿਨ ਮੈਂ ਤੁਹਾਡੇ ਕੋਲੋਂ ਵਿਦਾ ਹੋ ਕੇ, ਘਰ ਵਾਪਸ ਆ ਰਿਹਾ ਸਾਂ। ਤੁਸੀਂ ਮੈਨੂੰ ਦੁਬਾਰਾ ਬੁਲਾ ਕੇ ਜੋ ਚਪੇੜ ਮਾਰੀ ਸੀ, ਉਸ ਨੇ ਮੈਨੂੰ ਬਹੁਤ ਦੁੱਖ ਦਿੱਤਾ ਹੈ। ਕਈ ਸਾਲ ਬੀਤ ਜਾਣ ਤੋਂ ਮਗਰੋਂ ਭੀ ਮੈਂ ਉਸ ਅਪਮਾਨ ਨੂੰ ਭੁਲਾ ਨਹੀਂ ਸਕਿਆ। ਅੱਜ ਜੇ ਮੈਂ ਚਾਹਾਂ ਤਾਂ ਤੁਹਾਨੂੰ ਫਾਂਸੀ 'ਤੇ ਲਟਕਾ ਸਕਦਾ ਹਾਂ। ਤੁਸੀਂ ਅਜਿਹਾ ਕਿਉਂ ਕੀਤਾ ਮੇਰੇ ਨਾਲ?"

ਗੁਰੂ ਨੇ ਪੁੱਛਿਆ, "ਬੇਟਾ! ਕਈ ਸਾਲ ਹੋ ਗਏ ਉਸ ਗੱਲ ਨੂੰ, ਤੂੰ ਹਾਲੀ ਤੱਕ ਉਸ ਨੂੰ ਭੁੱਲਿਆ ਨਹੀਂ? ਦੁਨੀਆਂ ਭਰ ਦੇ ਸਾਰੇ ਸੁੱਖ ਤੇਰੇ ਕਦਮਾਂ ਵਿੱਚ ਹਨ, ਫਿਰ ਭੀ ਮਨ ਅੰਦਰ ਵਿਆਕੁਲਤਾ?" ਨੌਸੇਰਵਾਂ ਬੋਲਿਆ, "ਸਤਿਕਾਰਯੋਗ ਧਰਮ ਪਿਤਾ ਜੀ! ਤੁਸੀਂ ਮੈਨੂੰ ਅੱਗੇ ਕਈ ਵਾਰੀ ਸਜ਼ਾ ਦਿੱਤੀ ਸੀ। ਮੈਂ ਉਸ ਨੂੰ ਸਦਾ ਸਵੀਕਾਰ ਕੀਤਾ। ਆਪਣੀ ਗ਼ਲਤੀ ਜਾਣ ਕੇ ਤੁਹਾਡੇ ਪ੍ਰਤੀ ਸਤਿਕਾਰ ਕਾਇਮ ਰੱਖਿਆ ਪਰ ਆਖਰੀ ਸਮੇਂ ਵਿਦਾਇਗੀ ਵਕਤ ਤੁਸੀਂ ਮੈਨੂੰ ਬਿਨਾਂ ਗ਼ਲਤੀ ਤੋਂ ਚਪੇੜਾਂ ਮਾਰੀਆਂ। ਮੇਰੇ ਵੱਲੋਂ ਬਾਰ-ਬਾਰ ਤਰਲੇ ਲੈਣ 'ਤੇ ਭੀ ਤੁਸੀਂ ਮੈਨੂੰ ਗ਼ਲਤੀ ਨਹੀਂ ਦੱਸੀ। ਅੱਜ ਮੈਂ ਦੇਸ਼ ਦਾ ਬਾਦਸ਼ਾਹ ਹਾਂ। ਆਪਣੀ ਤਾਕਤ ਦੀ ਵਰਤੋਂ ਭੀ ਕਰ ਸਕਦਾ ਹਾਂ। ਤੁਹਾਡਾ ਸਤਿਕਾਰ ਕਰਦਿਆਂ ਫਿਰ ਪੁਛਦਾ ਹਾਂ ਕਿ ਮੈਨੂੰ ਬਿਨਾਂ ਗ਼ਲਤੀ ਤੋਂ ਕਿਉਂ ਮਾਰਿਆ?"

"ਬੇਟਾ ਨੌਸੇਰਵਾਂ! ਧਿਆਨ ਨਾਲ ਸੁਣ!! ਮੈਨੂੰ ਪਤਾ ਸੀ ਕਿ ਤੂੰ ਬਾਦਸ਼ਾਹ ਦਾ ਪੁੱਤਰ ਹੈਂ। ਮੈਂ ਜਾਣਦਾ ਸਾਂ ਕਿ ਛੇਤੀ ਹੀ ਤੂੰ ਆਪਣੇ ਪਿਤਾ ਦੀ ਥਾਂ ਦੇਸ਼ ਦਾ ਬਾਦਸ਼ਾਹ ਬਣ ਜਾਵੇਂਗਾ। ਤੇਰੇ ਕੋਲ ਦੇਸ਼ ਵਿੱਚੋਂ ਅਣਗਿਣਤ ਲੋਕਾਂ ਨੇ ਫਰਿਆਦੀ ਹੋ ਕੇ ਇਨਸਾਫ਼ ਦੀ ਮੰਗ ਕਰਨੀ ਹੈ। ਦੇਸ਼ ਵਿੱਚ ਵੱਡੇ ਅਫ਼ਸਰਾਂ ਅਤੇ ਜਗੀਰਦਾਰਾਂ ਨੇ ਆਮ ਲੋਕਾਂ 'ਤੇ ਕਈ ਤਰ੍ਹਾਂ ਦੇ ਜ਼ੁਲਮ ਕਰਨੇ ਹਨ। ਕਈਆਂ ਨੂੰ ਜੇਲ੍ਹ ਵਿੱਚ ਬੰਦ ਕਰ ਦਿੰਦੇ ਹਨ। ਕਈਆਂ ਨੂੰ ਫਾਂਸੀ ਲਾ ਕੇ ਮਾਰ ਦਿੰਦੇ ਹਨ, ਹੱਥ-ਪੈਰ ਕਟਵਾ ਦਿੰਦੇ ਹਨ। ਇਨ੍ਹਾਂ ਆਮ ਲੋਕਾਂ ਵਿੱਚ ਬਹੁਤ ਸਾਰੇ ਬੇ ਕਸੂਰ ਭੀ ਮਾਰੇ ਜਾਂਦੇ ਹਨ। ਉਨ੍ਹਾਂ ਲਾਚਾਰ, ਗ਼ਰੀਬ ਨਿਮਾਣੇ ਲੋਕਾਂ ਦੀ ਕਿਧਰੇ ਪਹੁੰਚ ਨਹੀਂ ਹੁੰਦੀ। ਤੂੰ ਆਪਣੇ ਨਾਲ ਹੋਈ "ਵਧੀਕੀ" ਦਾ ਅੱਜ ਮੇਰੇ 'ਤੇ ਗੁੱਸਾ ਕੱਢ ਲਿਆ। ਆਪਣੀ ਤਾਕਤ ਕਾਰਨ ਤੂੰ ਮੈਨੂੰ ਕੋਈ ਭੀ ਸਜ਼ਾ ਦੇ ਸਕਦਾ ਹੈਂ। ਜਿਵੇਂ ਤੈਨੂੰ ਉਸ ਇੱਕ ਚਪੇੜ ਨੇ ਕਈ ਸਾਲ ਤੋਂ ਪ੍ਰੇਸ਼ਾਨ ਕੀਤਾ ਹੈ। ਅੰਦਰ ਗੁੱਸੇ ਦੀ ਅੱਗ ਭੜਕ ਰਹੀ ਹੈ। ਮੇਰੇ ਬੇਟੇ ਯਾਦ ਰੱਖੀਂ! ਤੂੰ ਦੇਸ਼ ਦਾ ਰਾਜਾ ਹੈਂ। ਆਪ ਖ਼ੁਦ ਜਾਂ ਆਪਣੇ ਅਫ਼ਸਰਾਂ ਰਾਹੀਂ ਕਿਸੇ ਗ਼ਰੀਬ ਬੇਕਸੂਰ ਨੂੰ ਸਜ਼ਾ ਨਾ ਦੇ ਦੇਵੀਂ। ਜਿਵੇਂ ਤੂੰ ਨਾਜਾਇਜ਼ ਸਜ਼ਾ ਕਾਰਨ ਲੰਮੇਂ ਸਮੇਂ ਤੋਂ ਬੇਚੈਨ ਹੈਂ, ਇਸੇ ਤਰ੍ਹਾਂ ਦੂਜਿਆਂ ਨੂੰ ਭੀ ਦੁੱਖ ਪਹੁੰਚਦਾ ਹੈ। ਤੂੰ ਤਾਂ ਪੁੱਛਗਿੱਛ ਕਰਨ ਲਈ ਮੇਰੇ ਤੱਕ ਪਹੁੰਚ ਗਿਆ, ਉਹ ਗ਼ਰੀਬ ਦੁਖਿਆਰੇ, ਤੇਰੇ ਮਹਿਲਾਂ ਤੱਕ ਨਹੀਂ ਪਹੁੰਚ

ਸਕਦੇ। ਉਨ੍ਹਾਂ ਦੀਆਂ ਬਦਦੁਆਵਾਂ ਵਿੱਚੋਂ ਫਿਰ ਖ਼ੁਦਾ ਦਾ ਕਹਿਰ ਨਾਜ਼ਲ ਹੁੰਦਾ ਹੈ। ਬਗ਼ਾਵਤਾਂ ਪੈਦਾ ਹੁੰਦੀਆਂ ਹਨ। ਰਾਜ ਪਲਟ ਜਾਂਦੇ ਹਨ। ਮਹਿਲ ਖੰਡਰ ਬਣ ਜਾਂਦੇ ਹਨ। ਦੇਸ਼ ਉੱਜੜ ਜਾਂਦੇ ਹਨ। ਕਿਸੇ ਹੋਰ ਤਾਕਤ ਦੇ ਗ਼ੁਲਾਮ ਬਣ ਜਾਂਦੇ ਹਨ। ਮੇਰੇ ਪੁੱਤਰ ਸੱਚਾ ਇਨਸਾਫ਼ ਕਰੀਂ। ਉਸ ਦਿਨ ਮੈਂ ਤੈਨੂੰ ਇਹੀ ਸਬਕ ਸਿਖਾਇਆ ਸੀ।" ਨੌਸੇਰਵਾਂ ਗੁਰੂ ਦੇ ਚਰਨਾਂ 'ਤੇ ਢਹਿ ਪਿਆ। ਹੰਝੂਆਂ ਦੀ ਧਾਰਾਂ ਵਹਿ ਤੁਰੀਆਂ। ਸਾਰੇ ਬੰਨੇ ਸੰਨਾਟਾ ਛਾ ਗਿਆ। ਲੋਕੀਂ ਉਸ ਮਹਾਨ ਗੁਰੂ ਵੱਲ ਸਿਜਦਾ ਕਰਦੇ ਪ੍ਰਤੀਤ ਹੋ ਰਹੇ ਸਨ।

ਹਮ ਮਸਕੀਨ ਖ਼ੁਦਾਈ ਬੰਦੇ, ਤੁਮ ਰਾਜਸ ਮਨਿ ਭਾਵੈ ॥
ਅਲਹ ਅਵਲਿ ਦੀਨ ਕੋ ਸਾਹਿਬ, ਜੋਰੁ ਨਹੀ ਫੁਰਮਾਵੈ ॥ (480)

* * * * * *

ਇਨਸਾਫ਼ ਦੀ ਮਿਸਾਲ

ਨੌਜੁਆਨ ਨੌਸੇਰਵਾਂ ਬਾਦਸ਼ਾਹ ਬਣ ਗਿਆ। ਆਪਣੀ ਫ਼ੌਜ ਦੀ ਨਿਗਰਾਨੀ ਕਰਦਾ ਕਾਫਲੇ ਨਾਲ ਕਿਸੇ ਮੁਹਿਮ ਵੱਲ ਸਫਰ 'ਤੇ ਨਿਕਲਿਆ ਹੈ। ਲੰਮਾਂ ਸਫਰ ਕਰਦਿਆਂ ਸ਼ਾਮ ਪੈ ਗਈ। ਆਬਾਦੀ ਤੋਂ ਹਟਵਾਂ ਆਪਣੀ ਫ਼ੌਜ ਦਾ ਉਤਾਰਾ ਕਰਵਾ ਦਿੱਤਾ। ਸਾਰਿਆਂ ਨੇ ਰਲ ਕੇ ਲੰਗਰ ਦੀ ਤਿਆਰੀ ਆਰੰਭ ਦਿੱਤੀ। ਕੋਈ ਰਾਤ ਬਿਸ਼ਰਾਮ ਲਈ ਤੰਬੂ ਆਦਿ ਲਾਉਣ ਲੱਗ ਪਏ। ਨੌਸੇਰਵਾਂ ਆਪਣੇ ਵੱਡੇ ਅਫ਼ਸਰਾਂ ਨਾਲ ਅਗਲੀ ਮੁਹਿਮ ਲਈ ਰਣਨੀਤੀ ਤਿਆਰ ਕਰਦਾ ਰਿਹਾ। ਜਦੋਂ ਕਾਫ਼ੀ ਦੇਰ ਤੱਕ ਖਾਣਾ ਨਾ ਪਰੋਸਿਆ ਗਿਆ ਤਾਂ ਬਾਦਸ਼ਾਹ ਦੇ ਪੁੱਛਣ 'ਤੇ ਦੱਸਿਆ ਗਿਆ ਕਿ ਮਹਾਰਾਜਾ, ਨਮਕ ਦੀ ਕਮੀ ਪੈ ਗਈ ਸੀ। ਇੱਕ ਸਿਪਾਹੀ ਨੇੜੇ ਦੀ ਆਬਾਦੀ ਵਿੱਚੋਂ ਨਮਕ ਲੈਣ ਵਾਸਤੇ ਗਿਆ ਹੈ। ਉਸ ਦੇ ਆਉਣ 'ਤੇ ਛੇਤੀ ਹੀ ਦਸਤਰ ਖਾਨ (ਖਾਣਾ) ਸਜ ਜਾਵੇਗਾ। ਕੁੱਝ ਹੀ ਸਮੇਂ ਅੰਦਰ ਖਾਣਾ ਤਿਆਰ ਹੋ ਕੇ ਆ ਗਿਆ। ਛਕ ਕੇ ਸਾਰਿਆਂ ਨੇ ਆਰਾਮ ਕੀਤਾ ਤਾਂ ਕਿ ਸਵੇਰੇ ਮਿੱਥੇ ਨਿਸ਼ਾਨੇ ਵੱਲ ਚੱਲ ਪਈਏ। ਸਵੇਰ ਵੇਲੇ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ ਜਦੋਂ ਕਾਫਲਾ ਚੱਲਣ ਲੱਗਿਆ, ਤਦੋਂ ਲੰਗਰ ਦੇ ਮੁਖੀ ਨੂੰ ਬੁਲਾ ਕੇ ਨੌਸੇਰਵਾਂ ਨੇ ਪੁੱਛਿਆ, "ਕੱਲ੍ਹ ਰਾਤ ਸਮੇਂ ਖਾਣ ਲਈ ਨਮਕ ਘੱਟ ਗਿਆ ਸੀ। ਤੁਸੀਂ ਨੇੜੇ ਦੇ ਪਿੰਡ ਵਿੱਚੋਂ ਦੁਕਾਨ ਤੋਂ ਮੰਗਾਇਆ ਸੀ, ਕੀ ਉਸ ਦੇ ਪੈਸੇ ਦੇ ਦਿੱਤੇ ?" ਲੰਗਰ ਮੁਖੀ ਨੇ ਆਖਿਆ, "ਮਹਾਰਾਜ! ਮੈਂ ਤਾਂ ਅਦਾ ਨਹੀਂ ਕੀਤੇ, ਵੱਡੇ ਖ਼ਜ਼ਾਨਚੀ ਨੂੰ ਪੁੱਛਦੇ ਹਾਂ।" ਜਦੋਂ ਖ਼ਜ਼ਾਨਚੀ ਨੂੰ ਪੁੱਛਿਆ ਤਾਂ ਉਸ ਨੇ ਜਾਣਕਾਰੀ ਦਿੱਤੀ ਕਿ, "ਮੇਰੇ ਕੋਲੋਂ ਕਿਸੇ ਨੇ ਪੈਸੇ ਨਹੀਂ ਮੰਗੇ।" ਬਾਦਸ਼ਾਹ ਨੇ ਹੁਕਮ ਦਿੱਤਾ ਕਿ "ਜਿਸ ਸੇਵਾਦਾਰ ਨੇ ਨਮਕ ਲਿਆਂਦਾ ਸੀ, ਉਸ ਨੂੰ ਬੁਲਾ ਕੇ ਪੁੱਛੋ ਕਿ ਪੈਸੇ ਕਿਸ ਖਾਤੇ ਵਿੱਚੋਂ ਖ਼ਰਚ ਕੀਤੇ ਹਨ ?" ਸੇਵਕ ਨੂੰ ਬੁਲਾ ਕੇ ਜਦੋਂ ਪੁੱਛ ਕੀਤੀ ਗਈ

ਤਾਂ ਉਸ ਨੇ ਬੇਨਤੀ ਸਹਿਤ ਦੱਸਿਆ ਕਿ, "ਬਾਦਸ਼ਾਹ ਸਲਾਮਤ! ਕੱਲ੍ਹ ਦੀ ਲੋੜ ਜਿੰਨਾ ਮੈਂ ਥੋੜਾ ਕੁ ਨਮਕ ਲਿਆਂਦਾ ਸੀ। ਤੁਸੀਂ ਦੇਸ਼ ਦੇ ਮਾਲਕ ਹੋ। ਕਾਫਲਾ ਸਫਰ ਵਿੱਚ ਹੈ, ਮੈਂ ਨਮਕ ਦੇ ਪੈਸੇ ਦੁਕਾਨਦਾਰ ਨੂੰ ਨਹੀਂ ਦਿੱਤੇ। ਉਸ ਨੇ ਮੰਗੇ ਭੀ ਨਹੀਂ। ਉਹ ਬੜਾ ਨੇਕ ਇਨਸਾਨ ਜਾਪਦਾ ਸੀ।"

ਬਾਦਸ਼ਾਹ ਨੇ ਕਾਫਲੇ ਨੂੰ ਰੋਕ ਲੈਣ ਦਾ ਹੁਕਮ ਕਰ ਦਿੱਤਾ। ਤੁਰੰਤ ਘੋੜ ਸਵਾਰ ਨੂੰ ਖ਼ਜ਼ਾਨਚੀ ਤੋਂ ਬਣਦੇ ਰੁਪਏ ਦੁਆਏ ਤੇ ਦੁਕਾਨਦਾਰ ਨੂੰ ਦੇਣ ਲਈ ਭੇਜਿਆ। ਨਾਲ ਹੀ ਆਖਿਆ ਕਿ ਸਾਡੇ ਵੱਲੋਂ ਮੁਆਫ਼ੀ ਮੰਗ ਲਵੀਂ। ਘੋੜ ਸਵਾਰ ਨੇ ਜਾ ਕੇ ਰਾਜੇ ਵੱਲੋਂ ਮੁਆਫ਼ੀ ਮੰਗੀ, ਨਮਕ ਦੇ ਪੈਸੇ ਦਿੱਤੇ। ਦੁਕਾਨਦਾਰ ਇਮਾਨਦਾਰੀ ਅਤੇ ਇਨਸਾਨੀਅਤ ਗੁਣਾਂ ਤੋਂ ਬਹੁਤ ਮੁਤਾਸਰ ਹੋਇਆ। ਘੋੜ ਸਵਾਰ ਦੇ ਨਾਲ ਕੈਂਪ ਵਿੱਚ ਆ ਕੇ ਬਾਦਸ਼ਾਹ ਨੂੰ ਮਿਲਣ ਦੀ ਇੱਛਾ ਪ੍ਰਗਟਾਈ। ਇਜਾਜ਼ਤ ਮਿਲਣ 'ਤੇ ਨੌਸੇਰਵਾਂ ਅੱਗੇ ਅਦਬ ਨਾਲ ਪੇਸ਼ ਹੋਇਆ ਤੇ ਬੇਨਤੀ ਕੀਤੀ, "ਬਾਦਸ਼ਾਹ ਸਲਾਮਤ! ਮੈਂ ਤੁਹਾਡੇ ਇਸ ਇਮਾਨਦਾਰਾਨਾ ਅਸੂਲਾਂ ਤੋਂ ਕੁਰਬਾਨ ਹਾਂ। ਪਰ ਥੋੜੇ ਜਿੰਨੇ ਪੈਸਿਆਂ ਬਦਲੇ ਤੁਸੀਂ ਇੰਨੀ ਤਕਲੀਫ਼ ਕਿਉਂ ਉਠਾਈ? ਤੁਸੀਂ ਅੱਗੇ ਜ਼ਰੂਰੀ ਕਾਰਜਾਂ ਲਈ ਜਾਣਾ ਸੀ, ਵਕਤ ਜਾਇਆ ਕਿਉਂ ਕਰਨਾ ਸੀ?" ਨੌਸੇਰਵਾਂ ਨੇ ਉਸ ਦੀ ਮਿਲਵਰਤਣ ਲਈ ਸ਼ੁਕਰੀਆ ਕੀਤਾ ਤੇ ਕਿਹਾ, "ਦੇਖ ਭਾਈ! ਜੇ ਬਾਦਸ਼ਾਹ ਬਾਗ਼ ਵਿੱਚੋਂ ਫਲਾਂ ਦੀ ਟੋਕਰੀ ਮੁਫ਼ਤ ਵਿੱਚ ਮੰਗਵਾ ਲਏ ਤਾਂ ਰਾਜੇ ਦੇ ਕਰਮਚਾਰੀ ਸਾਰੇ ਬਾਗ਼ ਨੂੰ ਲੁੱਟ ਲੈਣਗੇ। ਰਾਜਾ ਕਿਸ ਮੂੰਹ ਨਾਲ ਉਨ੍ਹਾਂ ਨੂੰ ਰੋਕ ਸਕੇਗਾ? ਜੇ ਰਾਜਾ ਦੁਕਾਨਦਾਰ ਤੋਂ ਮੁਫ਼ਤ ਵਿੱਚ ਲੂਣ ਪ੍ਰਾਪਤ ਕਰੇਗਾ ਤਾਂ ਸਰਕਾਰੀ ਕਰਮਚਾਰੀ ਸਾਰੇ ਬਾਜ਼ਾਰ ਨੂੰ ਲੁੱਟ ਲੈਣਗੇ। ਆਪਣੇ ਮੁਲਾਜ਼ਮਾਂ ਤੋਂ ਇਮਾਨਦਾਰੀ ਦੀ ਆਸ ਮੈਂ ਉਸ ਹਾਲਤ ਵਿੱਚ ਕਰ ਸਕਾਂਗਾ, ਜੇਕਰ ਖ਼ੁਦ ਇਮਾਨਦਾਰ ਹੋਵਾਂਗਾ। ਅਸੀਂ ਆਪਣੀ ਰਿਆਇਆ ਦੇ ਰਾਖੇ ਹਾਂ। ਹਰ ਹਾਲਤ ਵਿੱਚ ਵਧੀਕੀਆਂ ਕਰਨ ਵਾਲਿਆਂ ਨੂੰ ਡੰਡ ਦੇਣਾ ਹੈ, ਖ਼ੁਦ ਵਧੀਕੀਆਂ ਨਹੀਂ ਕਰਨ ਲੱਗ ਪੈਣਾ। ਤੇਰਾ ਬਹੁਤ-ਬਹੁਤ ਸ਼ੁਕਰੀਆ।"

★★★★★★

ਇਨਸਾਫ਼ ਦਾ ਸਿਖਰ

ਨੇਕ ਬਖ਼ਤ ਬਾਦਸ਼ਾਹ ਨੌਸੇਰਵਾਂ ਆਪਣੀ ਪਰਜਾ ਵਿੱਚ ਬੇਅੰਤ ਸਤਿਕਾਰ ਪ੍ਰਾਪਤ ਕਰਦਾ ਗਿਆ। ਇਰਾਕ ਦੇਸ਼ ਵਿੱਚ ਚੋਰ, ਠੱਗ ਅਤੇ ਗ਼ਿਸ਼ਵਤਖੋਰਾਂ ਲਈ ਕੋਈ ਥਾਂ ਨਹੀਂ ਸੀ। ਅਪਰਾਧੀ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ ਪਰ ਪੂਰੀ ਪੜਤਾਲ ਤੋਂ ਬਾਅਦ, ਕਸੂਰਵਾਰ ਸਿੱਧ ਹੋ ਜਾਣ 'ਤੇ। ਪਰਜਾ ਸੁਖੀ ਜੀਵਨ ਬਿਤਾ ਰਹੀ ਸੀ। ਖੇਤੀ, ਵਾਪਾਰ, ਨੌਕਰੀਆਂ, ਦੁਕਾਨਦਾਰੀਆਂ, ਆਪੋ-ਆਪਣੀ ਥਾਂ ਬੜੀ ਤਰੱਕੀ ਵਿੱਚ ਜਾ ਰਹੇ ਸਨ। ਗੁਆਂਢੀ ਦੇਸ਼ਾਂ ਵਿੱਚੋਂ ਵਾਪਾਰੀ ਲੋਕ, ਆਪਣਾ ਮਾਲ ਵੇਚਣ ਬਿਨਾਂ ਕਿਸੇ ਡਰ-ਭੈ ਤੋਂ ਆ ਰਹੇ ਸਨ। ਇਰਾਕ ਵਿੱਚ ਬਣੀਆਂ ਚੀਜ਼ਾਂ ਵਿਦੇਸ਼ਾਂ ਵਿੱਚ ਪਸੰਦ ਕੀਤੀਆਂ ਜਾ ਰਹੀਆਂ ਸਨ। ਹਰ ਨਾਗਰਿਕ ਦੇ ਵਿਸ਼ਵਾਸ 'ਤੇ ਉਸਰੀ ਦੇਸ਼ ਦੀ ਸ਼ਕਤੀ ਵੱਲ ਕੋਈ ਵਿਦੇਸ਼ੀ ਹਮਲਾਵਰ ਅੱਖ ਪੁੱਟ ਕੇ ਨਹੀਂ ਵੇਖ ਸਕਦਾ ਸੀ। ਅਜਿਹੇ ਸ਼ਾਂਤਮਈ ਮਾਹੌਲ ਦਾ ਫ਼ਾਇਦਾ ਉਠਾਉਣ ਵਾਲੇ ਲੁਟੇਰੇ, ਵਾਪਾਰੀਆਂ ਦੇ ਊਠਾਂ 'ਤੇ ਲੱਦਿਆ ਮਾਲ ਲੁੱਟ ਕੇ ਫ਼ਰਾਰ ਹੋ ਜਾਂਦੇ ਸਨ। ਕੁੱਝ ਘਟਨਾਵਾਂ ਵਿੱਚ ਮਾਰ ਕਾਟ ਭੀ ਹੋ ਜਾਂਦੀ ਸੀ ਪਰ ਸਰਕਾਰ ਵੱਲੋਂ ਅਪਰਾਧੀਆਂ ਨੂੰ ਸਜ਼ਾ ਦੇਣ ਦਾ ਪ੍ਰਬੰਧ ਬਹੁਤ ਚੰਗਾ ਚੱਲ ਰਿਹਾ ਸੀ।

ਬਹੁਤ ਸਾਰਾ ਕੀਮਤੀ ਸਾਮਾਨ ਲੈ ਕੇ ਇੱਕ ਵਾਪਾਰੀ ਇਰਾਨ ਦੇਸ਼ ਤੋਂ ਆਇਆ। ਵੀਹ ਊਠਾਂ 'ਤੇ ਉਸ ਨੇ ਆਪਣਾ ਮਾਲ ਲੱਦਿਆ ਹੋਇਆ ਸੀ। ਨਿਸਚਿਤ ਹੋ ਕੇ ਬਗਦਾਦ ਵੱਲ ਆ ਰਿਹਾ ਸੀ। ਵਾਪਾਰੀ ਦੀ ਆਸ ਤੋਂ ਉਲਟ, ਉਸ਼ ਨੂੰ ਡਾਕੂ ਲੁੱਟਣ ਆ ਪਏ। ਵਾਪਾਰੀ ਦੇ ਨੌਕਰਾਂ ਨੂੰ ਸੱਟਾਂ-ਫੇਟਾਂ ਮਾਰ ਕੇ ਸੁੱਟ ਗਏ। ਵੀਹ ਊਠ ਸਮੇਤ ਮਾਲ ਲੈ ਕੇ ਫ਼ਰਾਰ ਹੋ ਗਏ। ਵਾਪਾਰੀ ਰੋਂਦਾ ਵਿਲਕਦਾ ਨੌਕਰਾਂ ਸਮੇਤ ਬਗਦਾਦ ਪਹੁੰਚ ਗਿਆ। ਉਥੋਂ ਦੇ ਸਿਆਣੇ ਮਨੁੱਖਾਂ ਤੋਂ ਸਲਾਹ ਲਈ। ਸਾਰਿਆਂ ਨੇ ਇਹ ਆਖਿਆ ਕਿ ਬਾਦਸ਼ਾਹ ਕੋਲ ਫਰਿਆਦ ਕਰੋ। ਲੁੱਟੇ ਗਏ ਮਾਲ ਦਾ ਮੁੱਲ ਨਾ ਵਸੂਲ ਕਰ ਲੈਣਾ। ਬਾਰ-ਬਾਰ ਇਹ ਪੁਕਾਰ ਕਰਨੀ, "ਸਾਨੂੰ ਇਨਸਾਫ਼ ਦਿਓ, ਸਾਨੂੰ ਇਨਸਾਫ਼ ਚਾਹੀਦਾ ਹੈ।"

ਵਪਾਰੀ ਨੇ ਅਰਜ਼ ਲਿਖ ਕੇ ਡਿਉਡੀ ਵਾਲੇ ਨੂੰ ਫੜਾ ਦਿੱਤੀ। ਵਾਪਾਰੀ ਦਾ ਸਰਾਂ ਵਿੱਚ ਟਿਕਾਣਾ ਕਰਵਾ ਦਿੱਤਾ ਗਿਆ। ਹਫ਼ਤੇ ਮਗਰੋਂ ਸਰਕਾਰੀ ਅਫ਼ਸਰ ਨੇ ਬੁਲਾਇਆ। ਸਾਰੀ ਹੋਈ ਬੀਤੀ ਸੁਣੀ। ਵਿਦੇਸ਼ੀ ਵਾਪਾਰੀ ਹੋਣ ਕਰ ਕੇ, ਮਾਮਲੇ ਨੂੰ ਗੰਭੀਰਤਾ ਨਾਲ ਲਿਆ। ਆਪਣੀ ਪੁਲਿਸ ਨੂੰ ਗਹਿਰਾਈ ਨਾਲ ਪੜਤਾਲ ਕਰਨ ਦਾ ਹੁਕਮ ਦਿੱਤਾ। ਵਾਪਾਰੀ ਨੂੰ ਹਫ਼ਤੇ ਮਗਰੋਂ ਆਉਣ ਲਈ ਆਖਿਆ। ਜਦੋਂ ਹਫ਼ਤੇ ਮਗਰੋਂ ਵਾਪਾਰੀ ਨੇ ਆਂ ਕੇ ਗੁਜ਼ਾਰਿਸ਼ ਕੀਤੀ ਤਾਂ ਸਬੰਧਤ ਅਫ਼ਸਰ ਨੇ ਲੁੱਟੇ ਗਏ ਮਾਲ ਦੀ ਅਮੂਮਨ ਕੀਮਤ ਪੁੱਛੀ। ਦੱਸਣ 'ਤੇ ਸਲਾਹ ਦਿੱਤੀ ਕਿ, "ਸਰਕਾਰ ਤੁਹਾਨੂੰ ਤੁਹਾਡੇ ਮਾਲ ਦੀ ਕੀਮਤ ਅਦਾ ਕਰ ਦੇਵੇਗੀ। ਕੀ ਤੁਸੀਂ ਮਾਲ ਦੀ ਕੀਮਤ ਵਸੂਲ ਕਰਨ ਲਈ ਸਹਿਮਤ ਹੋ?" ਵਾਪਾਰੀ ਨੇ ਆਖਿਆ ਕਿ ਮੈਂ ਕੀਮਤ ਵਸੂਲ ਨਹੀਂ ਕਰਾਂਗਾ, ਇਨਸਾਫ਼ ਪ੍ਰਾਪਤ ਕਰਨਾ ਚਾਹਾਂਗਾ।

ਅਫ਼ਸਰ ਨੇ ਅਗਲੇ ਦਿਨ ਆਉਣ ਲਈ ਕਿਹਾ। ਜਦੋਂ ਵਾਪਾਰੀ ਦੂਜੇ ਦਿਨ ਹਾਜ਼ਰ ਹੋਇਆ ਤਾਂ ਬਾਦਸ਼ਾਹ ਅੱਗੇ ਪੇਸ਼ ਕੀਤਾ ਗਿਆ। ਨੌਸੇਰਵਾਂ ਨੇ ਲੁੱਟੇ ਗਏ ਮਾਲ ਲਈ ਅਫ਼ਸੋਸ ਪ੍ਰਗਟ ਕੀਤਾ ਤੇ ਪੁੱਛਿਆ ਕਿ ਅਸੀਂ ਤੁਹਾਡੇ ਮਾਲ ਦਾ ਦੋ ਗੁਣਾਂ ਮੁੱਲ ਤਾਰ ਦਿਆਂਗੇ, ਕੀ ਤੁਸੀਂ ਪ੍ਰਵਾਨ ਕਰੋਗੇ ? ਵਾਪਾਰੀ ਨੇ ਬੇਨਤੀ ਕੀਤੀ ! ਬਾਦਸ਼ਾਹ ਸਲਾਮਤ ਮੈਂ ਦੋ ਗੁਣਾਂ ਮਾਲ ਦਾ ਮੁੱਲ ਨਹੀਂ ਲੈਣਾ ਚਾਹੁੰਦਾ। ਮੈਂ ਲੰਮੇਂ ਸਮੇਂ ਤੋਂ ਸੁਣਦਾ ਆ ਰਿਹਾ ਹਾਂ। ਤੁਹਾਡਾ ਇਨਸਾਫ਼ ਬੇਮਿਸਾਲ ਹੈ। ਤੁਸੀਂ ਕਿਸੇ ਨਾਲ ਜ਼ਿਆਦਤੀ ਨਹੀਂ ਕਰਦੇ, ਕਿਸੇ ਨਾਲ ਰਿਆਇਤ ਨਹੀਂ ਕਰਦੇ। ਮੇਰੀ ਬੇਨਤੀ ਹੈ, ਮੈਨੂੰ ਇਨਸਾਫ਼ ਮਿਲੇ।

ਅਦਾਲਤ ਬਰਖ਼ਾਸਤ ਹੋ ਗਈ। ਵਾਪਾਰੀ ਨੂੰ ਅਗਲੇ ਦਿਨ ਫਿਰ ਬੁਲਾਇਆ ਗਿਆ। ਲੁੱਟੇ ਗਏ ਮਾਲ ਦਾ ਪੰਜ ਗੁਣਾਂ ਲੈਣ ਦੀ ਪੇਸ਼ਕਸ਼ ਕੀਤੀ ਗਈ। ਵਾਪਾਰੀ ਨੇ ਨਾਂਹ ਕਰ ਦਿੱਤੀ। ਬਾਦਸ਼ਾਹ ਨੇ ਦਸ ਗੁਣਾਂ ਦੇਣ ਦੀ ਗੱਲ ਆਖੀ। ਵਾਪਾਰੀ ਨੇ ਇਨਕਾਰ ਕਰ ਦਿੱਤਾ। ਬਾਦਸ਼ਾਹ ਨੇ ਇੱਥੋਂ ਤੱਕ ਆਖਿਆ ਕਿ ਜਿੰਨੀ ਕੀਮਤ ਵਸੂਲ ਕਰਨੀ ਚਾਹੋ ਮਿਲ ਜਾਵੇਗੀ, ਪਰ "ਇਨਸਾਫ਼" ਦੀ ਮੰਗ ਤਿਆਗ ਦਿਓ। ਵਾਪਾਰੀ ਅੜ ਖਲੋਤਾ, ਹਜ਼ੂਰ ਤੁਹਾਡਾ ਇਨਸਾਫ਼ ਦੁਨੀਆਂ ਵਿੱਚ ਮਸ਼ਹੂਰ ਹੋ ਚੁੱਕਿਆ ਹੈ। ਫਿਰ ਮੈਂ ਕੀਮਤ ਕਿਉਂ ਵਸੂਲਾਂ ? ਤੁਹਾਡੇ 'ਤੇ ਵਿਸ਼ਵਾਸ ਕਰ ਕੇ ਮੈਂ ਇਨਸਾਫ਼ ਮੰਗਿਆ ਹੈ, ਇਨਸਾਫ਼ ਦਿਓ। ਨੌਸੇਰਵਾਂ ਨੇ ਵਾਪਾਰੀ ਨੂੰ ਕੁੱਝ ਸਮਾਂ ਇੰਤਜ਼ਾਰ ਕਰਨ ਲਈ ਆਖਿਆ। ਚਾਰੇ ਬੰਨੇ ਜਿਵੇਂ ਸਨਾਟਾ ਛਾ ਗਿਆ। ਸਾਰੇ ਅਫ਼ਸਰ ਤੇ ਮੁਲਾਜ਼ਮ ਬਹੁਤ ਘਬਰਾਏ ਲਗਦੇ ਸਨ। ਸਾਰਿਆਂ ਦੇ ਚਿਹਰੇ 'ਤੇ ਉਦਾਸੀ ਸਾਫ਼ ਦਿੱਸ ਰਹੀ ਸੀ। ਕਈਆਂ ਨੇ ਪਾਣੀ ਮੰਗਾ ਕੇ ਪੀਤਾ। ਨੌਸੇਰਵਾਂ ਸਾਰਾ ਕੰਮ ਇਸ਼ਾਰਿਆਂ ਨਾਲ ਹੀ ਕਰਵਾ ਰਿਹਾ ਸੀ ਜਿਵੇਂ ਜ਼ੁਬਾਨ ਸਾਥ ਨਾ ਦੇ ਰਹੀ ਹੋਵੇ। ਮੌਤ ਵਰਗੀ ਖ਼ਾਮੋਸ਼ੀ ਦੀਆਂ ਘੜੀਆਂ ਖ਼ਤਮ ਹੋ ਗਈਆਂ। ਵਾਪਾਰੀ ਨੂੰ ਬੁਲਾਇਆ ਗਿਆ। ਇੱਕ ਵੱਡੇ ਥਾਲ ਵਿੱਚ ਸੂਹੇ ਬਸਤਰ ਨਾਲ ਢਕਿਆ ਹੋਇਆ, ਕੋਈ ਸਾਮਾਨ ਲਿਆ ਕੇ ਵਾਪਾਰੀ ਅੱਗੇ ਰੱਖਦਿਆਂ ਸੇਵਕ ਨੇ ਹੌਲੀ ਜਿਹੀ ਆਖਿਆ, "ਆਹ ਹੈ ਤੁਹਾਡੇ ਨਾਲ ਕੀਤਾ ਗਿਆ ਇਨਸਾਫ਼।" ਵਾਪਾਰੀ ਨੇ ਬਰਤਨ ਤੋਂ ਸੂਹਾ ਕੱਪੜਾ ਚੁੱਕਿਆ। ਵੇਖਦਿਆਂ ਹੀ ਕੰਬ ਗਿਆ, ਹੱਥ ਪੈਰ ਸੁੰਨ ਹੁੰਦੇ ਜਾਪੇ। ਜ਼ਬਾਨ ਥਥਲਾ ਗਈ। ਡੌਰ ਭੌਰ ਹੋਏ ਨੇ ਆਖਿਆ, "ਬਾਦਸ਼ਾਹ ਸਲਾਮਤ ! ਆਹ ਕੀ ? ਚਾਰ ਬੰਦਿਆਂ ਦੇ ਕੱਟੇ ਹੋਏ ਹੱਥ ? ਕੀ ਮਾਜਰਾ ਹੈ ?" ਨੌਸੇਰਵਾਂ ਨੇ ਭਰੇ ਮਨ ਨਾਲ ਦੱਸਿਆ ਕਿ "ਸਾਡੀ ਪੜਤਾਲ ਵਿੱਚ ਸਿੱਧ ਹੋ ਗਿਆ ਕਿ ਇਸ ਡਾਕੇ ਵਿੱਚ ਮੇਰਾ ਪੁੱਤਰ ਸ਼ਾਮਲ ਸੀ। ਪਿਤਾ ਰਾਜਾ ਹੋਣ ਕਰ ਕੇ ਉਸ ਨੂੰ ਲੋਕੀਂ ਬਰਦਾਸ਼ਤ ਕਰਦੇ ਆ ਰਹੇ ਸਨ। ਐਸ਼ ਪ੍ਰਸਤੀ ਵਾਸਤੇ ਮੈਂ ਸਰਕਾਰੀ ਖ਼ਜ਼ਾਨੇ ਵਿੱਚੋਂ ਪੈਸਾ ਨਹੀਂ ਦਿਆ ਕਰਦਾ। ਮੇਰਾ ਪੁੱਤਰ ਕੁਰਾਹੇ ਪੈ ਗਿਆ। ਡਾਕੂਆਂ ਦਾ ਗਰੋਹ ਬਣਾ ਕੇ ਡਾਕੇ ਮਾਰਦਾ ਰਿਹਾ। ਮੇਰੇ ਅਫ਼ਸਰਾਂ ਨੇ ਕਈ ਵਾਰੀ ਉਸ ਨੂੰ ਚੇਤਾਵਨੀ ਦੇ ਕੇ ਛੱਡ ਦਿੱਤਾ। ਪਰ ਜਦੋਂ ਗੱਲ ਮੇਰੇ ਧਿਆਨ ਵਿੱਚ ਆਈ, ਮੈਂ ਮਾਤ ਹਿੱਤਾਂ ਨੂੰ ਸਖ਼ਤੀ ਵਰਤਣ ਦਾ ਹੁਕਮ ਦੇ ਦਿੱਤਾ। ਇਸ ਲਈ ਤੁਹਾਡੇ ਕੋਲੋਂ ਲੁੱਟਿਆ ਮਾਲ ਬ੍ਰਾਮਦ ਹੋ ਗਿਆ ਹੈ। ਸਾਰੇ ਸਬੂਤ ਮਿਲ ਗਏ ਹਨ। ਸ਼ਰਾ ਦੇ ਮੁਤਾਬਕ ਚੋਰੀ-ਡਾਕਾ ਮਾਰਨ ਵਾਲੇ ਦਾ ਹੱਥ

ਕੱਟ ਦੇਣ ਦੀ ਸਜ਼ਾ ਪ੍ਰਵਾਨ ਕੀਤੀ ਗਈ ਹੈ। ਸੋ ਚਾਰੇ ਡਾਕੂਆਂ ਦੇ ਹੱਥ ਕੱਟ ਕੇ ਤੁਹਾਡੇ ਸਾਹਮਣੇ ਰੱਖ ਦਿੱਤੇ ਹਨ। ਇਸ ਮੁਕੱਦਮੇ ਵਿੱਚ ਦੇਰੀ ਇਸੇ ਕਾਰਨ ਹੋ ਰਹੀ ਸੀ ਕਿ ਮੈਂ ਚਾਹਿਆ ਸੀ, ਦੋਸ਼ੀਆਂ ਦੇ ਹੱਥ ਕੱਟੇ ਜਾਣ ਤੋਂ ਬਚ ਜਾਣ ਕਿਉਂਕਿ ਮੇਰਾ ਪੁੱਤਰ ਭੀ ਇਸ ਵਿੱਚ ਸ਼ਾਮਲ ਸੀ। ਜਿਥੇ ਮੈਂ ਇੱਕ ਰਾਜਾ ਹਾਂ, ਉਥੇ ਇੱਕ ਪਿਤਾ ਭੀ ਹਾਂ। ਮੇਰਾ ਪੁੱਤਰ ਮੋਹ ਮੈਨੂੰ ਬਦਲਵਾਂ ਰਸਤਾ ਲੱਭਣ ਲਈ ਮਜਬੂਰ ਕਰ ਰਿਹਾ ਸੀ। ਤੇਰਾ ਮਾਲ ਤੈਨੂੰ ਵਾਪਸ ਮਿਲ ਜਾਵੇਗਾ, ਸਮੇਤ ਇਸ ਕੀਤੇ ਗਏ ਇਨਸਾਫ਼ ਦੇ। ਸ਼ਾਇਦ ਤੂੰ ਇਸ ਨੂੰ ਪ੍ਰਵਾਨ ਕਰ ਲਵੇਂਗਾ।" ਵਾਪਾਰੀ ਭੁੱਬਾਂ ਮਾਰ ਕੇ ਰੋਇਆ। ਸਾਰੇ ਸਰਕਾਰੀ ਮੁਲਾਜ਼ਮ ਰੋਏ। ਕੁਰਸੀ ਤੋਂ ਉੱਠ ਕੇ ਪੁੱਤਰ ਨੂੰ ਗਲ ਨਾਲ ਲਾ ਕੇ ਬਾਦਸ਼ਾਹ ਨੌਸੇਰਵਾਂ ਜਾਰੋ ਜਾਰ ਰੋਇਆ। ਜਿਸ ਬਾਦਸ਼ਾਹ ਨੇ ਆਪਣੇ ਪੁੱਤਰ ਤੱਕ ਨੂੰ ਮੁਆਫ਼ ਨਾ ਕੀਤਾ ਹੋਵੇ। ਪੁੱਤਰ 'ਤੇ ਪਰਜਾ ਇੱਕ ਬ੍ਰਾਬਰ ਜਾਣੀ ਹੋਵੇ। ਦੁਨੀਆਂ ਵਿੱਚ ਉਸ ਦੀ ਜੈ ਜੈ ਕਾਰ ਕਿਉਂ ਨਹੀਂ ਹੋਵੇਗੀ ? ਉਸ ਦਾ ਨਾਮ ਰੌਸ਼ਨ ਕਿਉਂ ਨਹੀਂ ਹੋਵੇਗਾ ? ਅੱਜ ਹੈ ਕੋਈ ਹੁਕਮਰਾਨ ਜੋ ਅਜਿਹਾ ਇਨਸਾਫ਼ ਕਰ ਸਕੇ ?

ਤਖਤ ਰਾਜਾ ਸੋ ਬਹੈ, ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ, ਸਚੁ ਰਾਜੇ ਸੋਈ॥ (1088)

* * * * * *

ਰਾਹ ਦੇ ਕੰਡੇ

ਪੁਰਾਣੇ ਸਮਿਆਂ ਵਿੱਚ ਜੀਵਨ ਦੀਆਂ ਤਲਖ ਹਕੀਕਤਾਂ ਤੋਂ ਬਚਣ ਲਈ ਸਾਧ, ਸੰਤ, ਜੋਗੀ, ਤਿਆਗੀ ਆਦਿ ਬਣ ਕੇ, ਘਰ ਛੱਡ ਕੇ ਜੰਗਲਾਂ ਵਿੱਚ ਚਲੇ ਜਾਂਦੇ ਸਨ। ਇਸ ਜਨਮ ਵਿੱਚ ਕੁੱਝ ਕਰ ਗੁਜ਼ਰਨ ਦੀ ਹਿੰਮਤ ਨਾ ਰਹੀ ਤਾਂ "ਅਗਲੇ ਜਨਮ" ਨੂੰ ਸੰਵਾਰਨ ਵਾਸਤੇ "ਨਾਮ ਸਿਮਰਨ ਅਤੇ ਤਪੱਸਿਆ" ਕਰਦੇ। ਸਮਾਂ ਬੀਤਣ ਨਾਲ ਕਈਆਂ ਨੂੰ ਸਮਝ ਆ ਜਾਂਦੀ ਹੈ ਕਿ ਸਮਾਜ ਵਿੱਚੋਂ ਵੱਖ ਹੋ ਜਾਣਾ ਕਿਸੇ ਕੰਮ ਨਹੀਂ। ਸਗੋਂ ਘਰ ਪਰਵਾਰ ਵਿੱਚ ਰਹਿ ਕੇ ਬੁਰਾਈਆਂ ਵਿਰੁੱਧ ਕੰਮ ਕਰਨਾ ਬਣਦਾ ਸੀ। ਅਜਿਹੀ ਤਬਦੀਲੀ ਜਿਨ੍ਹਾਂ ਦੇ ਮਨ ਵਿੱਚ ਪੈਦਾ ਹੋ ਗਈ, ਉਨ੍ਹਾਂ ਭਲੇ ਪੁਰਖਾਂ ਨੇ ਜੰਗਲਾਂ ਵਿੱਚ ਹੀ ਆਸ਼ਰਮ ਬਣਾ ਲਏ। ਪਿੰਡਾਂ ਵਿੱਚੋਂ ਪ੍ਰੇਰਨਾ ਕਰ ਕੇ ਬੱਚੇ ਆਪਣੇ ਡੇਰੇ ਵਿੱਚ ਲਿਆਉਣੇ ਤੇ ਉਨ੍ਹਾਂ ਨੂੰ ਵਿੱਦਿਆ ਦੇਣੀ ਸ਼ੁਰੂ ਕਰਨੀ। ਆਪਣੇ ਜੀਵਨ ਤਜਰਬੇ ਮੁਤਾਬਕ ਸਮਾਜ ਵਿੱਚ ਹੋ ਰਹੇ ਗ਼ਲਤ ਕੰਮਾਂ ਬਾਰੇ ਦੱਸਿਆ ਜਾਂਦਾ। ਦੁੱਖਦਾਈ ਕਾਰਨਾਂ ਨੂੰ ਲੱਭ ਕੇ ਤੁਸੀਂ ਕਿਵੇਂ ਸਮਾਜ ਨੂੰ ਸੁਖੀ ਬਣਾ ਸਕਦੇ ਹੋ ? ਪੜ੍ਹਾਇਆ ਜਾਂਦਾ। ਪੜ੍ਹਨ ਆਏ ਵਿਦਿਆਰਥੀ ਕਈ ਤਾਂ ਖ਼ੁਦ ਹੀ ਸਾਧ ਬਣ ਜਾਂਦੇ। ਕੁੱਝ ਇੱਕ ਸਮਾਜ ਲਈ ਯਤਨ ਕਰਦੇ ਪਿੰਡਾਂ ਵੱਲ ਚਾਲੇ ਪਾ ਦਿੰਦੇ।

ਕੁੱਝ ਇੱਕ ਵਿਆਹ ਕਰ ਕੇ ਆਪਣੀ ਘਰੇਲੂ ਜ਼ਿੰਦਗੀ ਵਿੱਚ ਸਮਾ ਜਾਂਦੇ।

ਇੱਕ ਭਲੇ ਪੁਰਖ (ਸਾਧ) ਨੇ ਆਪਣੇ ਡੇਰੇ ਵਿੱਚ ਕਈ ਸਾਰੇ ਬੱਚਿਆਂ ਨੂੰ "ਧਰਮ ਵਿੱਦਿਆ" ਦਿੱਤੀ। ਪ੍ਰਚੱਲਤ ਧਰਮ ਗ੍ਰੰਥਾਂ ਵਿੱਚੋਂ ਹਵਾਲੇ ਦੇ ਕੇ ਮਨ ਵਿੱਚ ਪ੍ਰਪੱਕ ਕਰਨ ਦੀ ਕੋਸ਼ਿਸ਼ ਕੀਤੀ ਕਿ ਮਨੁੱਖਤਾ ਦੀ ਸੇਵਾ ਹੀ ਸੱਚਾ ਧਰਮ ਹੈ। ਜਿਸ ਢੰਗ ਨਾਲ ਭੀ ਹੋ ਸਕੇ ਸਮਾਜ ਦੀ ਸੇਵਾ ਨੂੰ ਆਪਣੇ ਜੀਵਨ ਦਾ ਮੁੱਖ ਮਨੋਰਥ ਬਣਾਉਣਾ ਹੈ। ਪਰਉਪਕਾਰ ਕਰਦਿਆਂ ਮਨ ਵਿੱਚ ਲਾਲਸਾ ਕੋਈ ਨਹੀਂ ਰੱਖਣੀ। ਤੁਹਾਨੂੰ ਸੇਵਾ ਕਰਦਿਆਂ ਨੂੰ ਕੋਈ ਵੇਖਦਾ ਹੈ ਜਾਂ ਨਹੀਂ। ਕੋਈ ਧੰਨਵਾਦ ਕਰਦਾ ਹੈ ਕਿ ਨਹੀਂ। ਇਸ ਲਾਲਸਾ ਤੋਂ ਉਪਰ ਉੱਠਣਾ ਹੈ। ਸੇਵਾ ਕਰਦਿਆਂ ਕਦੀ ਕਦਾਈਂ ਮਾਣ ਮਿਲਣ ਦੀ ਥਾਂ ਅਪਮਾਨ ਭੀ ਸਹਿਣਾ ਪੈ ਸਕਦਾ ਹੈ। ਧਰਮੀ ਪੁਰਖ ਆਪਣੇ ਲਈ ਘੱਟ, ਲੋਕਾਂ ਲਈ ਵੱਧ ਜਿਉਂਦਾ ਹੈ। ਤੁਹਾਡੀ ਸਾਰਿਆਂ ਦੀ ਮੇਰੇ ਵੱਲੋਂ ਦਿੱਤੀ ਵਿੱਦਿਆ ਪੂਰੀ ਹੋ ਚੁੱਕੀ ਹੈ। ਇਥੇ ਕੀਤੀ ਪੜ੍ਹਾਈ ਸਮਾਜ ਦੇ ਕਲਿਆਣ ਵਾਸਤੇ ਕਾਰਆਮਦ ਬਣਾਉਣਾ ਹੈ। ਕੱਲ੍ਹ ਨੂੰ ਤੁਸੀਂ ਸਾਰੇ ਇਸ ਡੇਰੇ ਵਿੱਚੋਂ ਚਲੇ ਜਾਣਾ ਤੇ ਆਪੋ ਆਪਣੇ ਸੇਵਾ ਦੇ ਖੇਤਰ ਚੁਣ ਕੇ ਕੰਮ ਆਰੰਭ ਕਰ ਦੇਣਾ। ਸਾਰੇ ਚੇਲਿਆਂ ਨੇ ਸੁਣਿਆ, ਚਰਨਾਂ 'ਤੇ ਮੱਥਾ ਟੇਕਿਆ, ਅਸ਼ੀਰਵਾਦ ਪ੍ਰਾਪਤ ਕੀਤਾ। ਅਗਲੇ ਦਿਨ ਚਾਰ ਚੇਲੇ ਜੰਗਲ ਤੋਂ ਸ਼ਹਿਰ ਵੱਲ ਟੁਰ ਪਏ।

ਸ਼ਹਿਰ ਤੱਕ ਜਾਣ ਲਈ ਸੰਘਣੇ ਜੰਗਲ ਦੀ ਪਗਡੰਡੀ 'ਤੇ ਚਲਦੇ ਹੋਏ ਚਾਰੇ ਨੌਜੁਆਨ ਹਸਦੇ-ਖੇਢਦੇ ਗੱਲਾਂ-ਬਾਤਾਂ ਕਰਦੇ ਜਾ ਰਹੇ ਸਨ। ਡੇਰੇ ਤੋਂ ਕਾਫੀ ਦੂਰ ਜਾ ਕੇ ਰਸਤੇ ਵਿੱਚ ਕੰਡੇ-ਝਾੜੀਆਂ ਆਦਿ ਖਿਲਰੇ ਹੋਏ ਸਾਰਿਆਂ ਨੇ ਵੇਖੇ। ਬੇ ਧਿਆਨੀ ਵਿੱਚ ਟੁਰਨ ਵਾਲੇ ਰਾਹੀਆਂ ਦੇ ਪੈਰ ਜ਼ਖ਼ਮੀ ਹੋ ਸਕਦੇ ਸਨ। ਰਾਤ ਨੂੰ ਸਫਰ ਕਰਨ ਵਾਲਿਆਂ ਦਾ ਸਹੀ ਸਲਾਮਤ ਲੰਘ ਜਾਣਾ ਅਸੰਭਵ ਹੀ ਬਣਿਆ ਹੋਇਆ ਸੀ। ਚਾਰੇ ਸਾਥੀ ਖਲੋ ਗਏ, ਕੰਡੇ ਹਨ੍ਹੇਰੀ ਨੇ ਇਥੇ ਲਿਆਂਦੇ ਜਾ ਕਿਸੇ ਜਾਨਵਰ ਨੇ। ਕਿਸੇ ਨਾ ਸਮਝ ਮਨੁੱਖ ਦੀ ਹਰਕਤ ਹੈ ਜਾਂ ਕੋਈ ਪੁਰਾਣਾ ਰੁੱਖ ਆਪਣੇ ਆਪ ਡਿੱਗ ਪਿਆ। ਸਾਰਿਆਂ ਨੇ ਆਪੋ ਆਪਣੀ ਅਕਲ ਦੇ ਖ਼ੂਬ ਘੋੜੇ ਦੌੜਾਏ। ਖ਼ੂਬ ਭਾਸ਼ਣ ਦਿੱਤੇ ਗਏ। ਅੰਤ ਨੂੰ "ਬਹੁਸੰਮਤੀ" ਨਾਲ ਫ਼ੈਸਲਾ ਲਿਆ ਗਿਆ ਕਿ ਕੰਡੇ ਜਿਵੇਂ ਮਰਜੀ ਖਿੱਲਰੇ ਹੋਣ, ਸਾਡਾ ਇਸ ਕੰਮ ਨਾਲ ਕੋਈ ਸਰੋਕਾਰ ਨਹੀਂ ਹੈ। ਸਾਨੂੰ ਆਪਣਾ ਰਾਹ ਬਦਲ ਕੇ, ਪਾਸੇ ਦੀ ਅੱਗੇ ਚਲੇ ਜਾਣਾ ਚਾਹੀਦਾ ਹੈ। ਇੱਕ ਨੌਜੁਆਨ ਰੁਕ ਗਿਆ ਤੇ ਆਪਣਾ ਪੱਖ ਸਾਥੀਆਂ ਸਾਹਮਣੇ ਰਖਦਿਆਂ ਬੋਲਿਆ, "ਮੇਰੇ ਵੀਰੋ! ਸਾਡੇ ਗੁਰੂ ਜੀ ਨੇ ਸਾਨੂੰ ਪਰਉਪਕਾਰ ਕਰਨ ਦੀ ਸਿੱਖਿਆ ਦਿੱਤੀ ਹੈ। ਰਾਹ ਵਿੱਚੋਂ ਕੰਡੇ ਸਾਫ਼ ਕਰ ਕੇ ਇਹ ਸਿੱਖਿਆ ਅਸੀਂ ਇਥੋਂ ਹੀ ਕਿਉਂ ਨਾ ਸ਼ੁਰੂ ਕਰ ਦੇਈਏ?" ਤਿੰਨੇ ਨੌਜੁਆਨਾਂ ਨੇ ਇਨਕਾਰ ਕਰ ਦਿੱਤਾ। ਆਖਣ ਲੱਗੇ, "ਵੀਰ ਜੀਓ! ਇਸ ਤਰ੍ਹਾਂ ਦੇ ਕੰਮ ਕਰਦਿਆਂ ਤਾਂ ਅਸੀਂ ਜੰਗਲ ਵਿੱਚ ਹੀ ਗੁਆਚ ਜਾਵਾਂਗੇ। ਸਾਰਾ ਜੰਗਲ ਹੀ ਕੰਡਿਆਂ ਨਾਲ ਭਰਿਆ ਪਿਆ ਹੈ। ਅਜਿਹੇ ਫ਼ਜੂਲ ਕੰਮਾਂ 'ਤੇ ਵਕਤ ਬਰਬਾਦ ਕਰਨ ਦੀ ਲੋੜ ਨਹੀਂ। ਅਸੀਂ ਅੱਗੇ ਜਾਣਾ ਚਾਹੁੰਦੇ ਹਾਂ।" ਪਹਿਲਾ ਨੌਜੁਆਨ ਬੋਲਿਆ, "ਠੀਕ ਹੈ, ਤੁਸੀਂ ਜਾਣਾ ਚਾਹੁੰਦੇ ਹੋ, ਚਲੇ ਜਾਓ। ਮੈਂ ਇਸ ਰਾਹ ਨੂੰ ਸਾਫ਼ ਕਰ ਕੇ ਹੀ ਆਵਾਂਗਾ। ਕੰਡੇ ਦੂਰ ਤੱਕ

ਫੈਲੇ ਹੋਏ ਹਨ। ਭਾਵੇਂ ਸਮਾਂ ਕਿੰਨਾ ਭੀ ਲੱਗ ਜਾਵੇ, ਮੈਨੂੰ ਇਸ ਵਿੱਚੋਂ ਹੀ ਸੇਵਾ ਪ੍ਰਤੀਤ ਹੋ ਰਹੀ ਹੈ।"

ਤਿੰਨ ਸਾਥੀ ਅੱਗੇ ਲਈ ਚੱਲ ਪਏ, ਇੱਕ ਨੌਜੁਆਨ ਨੇ ਰਸਤਾ ਸਾਫ਼ ਕਰਨ ਲਈ "ਕਮਰ ਕਸਾ" ਕਰ ਲਿਆ। ਇਤਨੇ ਨੂੰ ਨੇੜਿਓਂ ਹੀ ਗਰਜਵੀਂ ਆਵਾਜ਼ ਸੁਣਾਈ ਦਿੱਤੀ, "ਠਹਿਰੋ! ਨੌਜੁਆਨੋਂ ਠਹਿਰੋ!!" ਜਾਣ ਵਾਲੇ ਨੌਜੁਆਨ ਥਾਂਏ ਰੁਕ ਗਏ। ਹੈਰਾਨੀ ਵਿੱਚ ਜਦੋਂ ਆਲੇ-ਦੁਆਲੇ ਵੇਖਿਆ ਤਾਂ ਸਾਹਮਣੇ ਆ ਰਹੇ ਵਿੱਦਿਆ ਦਾਤੇ ਗੁਰੂ ਨੂੰ ਵੇਖ ਕੇ ਹੱਕੇ ਬੱਕੇ ਰਹਿ ਗਏ। ਨੇੜੇ ਆਉਣ 'ਤੇ ਗੁਰੂ ਜੀ ਨੂੰ ਪੁੱਛਿਆ, "ਪਿਤਾ ਜੀ, ਤੁਸੀਂ ਇਥੇ ਕਿਵੇਂ?" ਸਾਧੂ ਨੇ ਬੋਲਣਾ ਸ਼ੁਰੂ ਕੀਤਾ, "ਮੇਰੇ ਪਿਆਰੇ ਬੱਚਿਓ! ਇੱਕ ਲੰਮਾ ਸਮਾਂ ਲਾ ਕੇ ਮੈਂ ਤੁਹਾਨੂੰ ਧਰਮ ਵਿੱਦਿਆ ਪੜ੍ਹਾਈ। ਪਰਉਪਕਾਰ ਬਾਰੇ ਖੋਲ੍ਹ ਕੇ ਬਾਰ-ਬਾਰ ਦੱਸਿਆ। ਅੱਜ ਮੈਂ ਵੇਖ ਰਿਹਾ ਹਾਂ ਕਿ ਤੁਸੀਂ ਤਿੰਨ ਨੌਜੁਆਨ ਮੇਰੀ ਪੜ੍ਹਾਈ ਨੂੰ ਅਮਲੀ ਜੀਵਨ ਵਿੱਚ ਅਪਣਾ ਨਹੀਂ ਸਕੇ। ਤੁਸੀਂ ਮਨੁੱਖਤਾ ਲਈ ਜੀਵਨ ਰਾਹ ਪੱਧਰਾ ਕਰਨਾ ਸੀ। ਰਸਤੇ ਵਿੱਚੋਂ ਹਰ ਰੁਕਾਵਟ ਰੂਪ ਕੰਡੇ ਸਾਫ ਕਰਨੇ ਸਨ। ਕਿਸੇ ਦੇ ਪੈਰ ਵਿੱਚ ਕੰਡਾ ਚੁੱਭ ਜਾਵੇ, ਉਸ ਦਾ ਦਰਦ ਤੁਹਾਡੇ ਸੀਨੇ ਵਿੱਚੋਂ ਮਹਿਸੂਸ ਹੋਵੇ। ਕੋਈ ਮਨੁੱਖ ਮੁਸੀਬਤ ਵਿੱਚ ਫਸਿਆ ਹੋਵੇ, ਤੁਹਾਨੂੰ ਨੀਂਦ ਨਾ ਆਵੇ। ਸਮਾਜ ਵਿਚਲਾ ਦੁੱਖ-ਦਰਦ ਤੁਹਾਡਾ ਆਪਣਾ ਦਰਦ ਹੋਵੇ। ਅੱਜ ਤੁਹਾਡਾ ਇਮਤਿਹਾਨ ਲੈਣ ਵਾਸਤੇ ਮੈਂ ਹੀ ਰਾਹ ਵਿੱਚ ਕੰਡੇ ਖਿਲਾਰੇ ਸਨ। ਵੇਖਣਾ ਚਾਹੁੰਦਾ ਸਾਂ ਕਿ ਜੋ ਪੜ੍ਹਿਆ ਹੈ, ਉਸ 'ਤੇ ਅਮਲ ਭੀ ਕਰਦੇ ਹਨ ਕਿ ਨਹੀਂ? ਸਿਰਫ਼ ਇੱਕ ਨੌਜੁਆਨ ਪਾਸ ਹੋਇਆ ਹੈ। ਤੁਸੀਂ ਤਿੰਨ ਵਿਦਿਆਰਥੀ ਫ਼ੇਲ੍ਹ ਹੋ ਚੁੱਕੇ ਹੋ। ਮੇਰਾ ਤੁਹਾਡੇ 'ਤੇ ਕੋਈ ਜ਼ੋਰ ਨਹੀਂ ਹੈ। ਪਰ ਮੈਂ ਚਾਹੁੰਦਾ ਹਾਂ ਕਿ ਤੁਸੀਂ ਮੁੜ ਤੋਂ ਆਸ਼ਰਮ ਵਿੱਚ ਵਾਪਸ ਆ ਜਾਉ। ਕੁੱਝ ਸਮਾਂ ਹੋਰ ਸਿੱਖਿਆ ਪ੍ਰਾਪਤ ਕਰੋ। ਇਸ ਪਾਸ ਹੋਏ ਨੌਜੁਆਨ ਨੂੰ ਮੈਂ ਘਰ ਜਾਣ ਦੀ ਆਗਿਆ ਦੇ ਸਕਦਾ ਹਾਂ।

ਤਿੰਨੇ ਵਿਦਿਆਰਥੀ ਨੀਵੀਂ ਪਾਈ ਪੱਥਰ ਬਣੇ ਸਭ ਕੁੱਝ ਸੁਣਦੇ ਰਹੇ। ਮਾਨੋ ਧਰਤੀ ਵਿੱਚ ਗਰਕ ਹੋਣ ਲਈ ਭੀ ਥਾਂ ਨਹੀਂ ਮਿਲ ਰਹੀ ਸੀ। ਅਸ਼ੀਰਵਾਦ ਲੈ ਕੇ ਇੱਕ ਨੌਜੁਆਨ ਚਾਈਂ-ਚਾਈਂ ਘਰ ਵੱਲ ਟੁਰ ਪਿਆ। ਤਿੰਨ ਨੌਜੁਆਨ ਨੀਵੀਂਆਂ ਪਾ ਕੇ ਪੈਰ ਘਸੀਟਦੇ ਗੁਰੂ ਦੇ ਪਿੱਛੇ-ਪਿੱਛੇ ਟੁਰਦੇ ਮੁੜ ਡੇਰੇ ਵਿੱਚ ਪਹੁੰਚ ਗਏ। ਧਰਮ ਦੀ ਅਸਲੀ ਵਿੱਦਿਆ ਪੜ੍ਹਨ ਲਈ।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮ ਜਪਿ, ਨਿਰਮਲ ਕਰਮੁ ॥
ਸਗਲ ਕ੍ਰਿਆ ਮਹਿ ਊਤਮ ਕਿਰਿਆ ॥ ਸਾਧ ਸੰਗਿ ਦੁਰਮਤਿ ਮਲੁ ਹਿਰਿਆ ॥ (266)

★★★★★★

ਗੁਰੂ 'ਤੇ ਕਿਰਪਾ ਕਰੋ

ਭਾਈ ਸਵਾਇਆ ਸਿੰਘ ਨਾਮ ਦੇ ਸਿੱਖ ਨੇ ਬਹੁਤ ਲੰਮਾਂ ਸਮਾਂ ਤੱਕ ਸਿੱਖ ਸਾਹਿਤ ਦਾ ਅਧਿਐਨ ਕੀਤਾ। ਗਹਿਰਾਈ ਨਾਲ ਸਮਝ ਕੇ, ਕਈ ਵਾਰ ਗੁਰਬਾਣੀ ਦਾ ਪਾਠ ਕੀਤਾ। ਜਿਥੇ ਗਿਆਨਵਾਨ ਸਨ, ਨਾਲ ਹੱਥੀਂ ਸੇਵਾ ਕਰਨ ਵਿੱਚ ਕਦੀ ਪਿੱਛੇ ਨਹੀਂ ਸਨ ਰਹਿੰਦੇ। ਜਿਸ ਤਰ੍ਹਾਂ ਦੀ ਸੇਵਾ ਕਰਨ ਦਾ ਸਮਾਂ ਆਣ ਢੁੱਕੇ, ਬਿਨਾਂ ਝਿਜਕ ਉਹੀ ਸੇਵਾ ਸ਼ੁਰੂ ਕਰ ਦਿੰਦੇ ਸਨ। ਕੋਈ ਵੱਖਰਾ ਭੇਖ ਧਾਰਨ ਨਾ ਕੀਤਾ, ਆਮ ਰਵਾਇਤੀ ਕਾਰੋਬਾਰੀ ਸਿੱਖਾਂ ਵਾਲਾ, ਸਾਦਾ ਪਹਿਰਾਵਾ ਪਹਿਨਦੇ ਸਨ। ਕੋਈ ਡੇਰਾ ਜਾਂ ਆਸ਼ਰਮ ਨਾ ਬਣਾਇਆ। ਗੁਰਬਾਣੀ ਨੂੰ ਆਪਣੀ ਉਪਜੀਵਕਾ ਦਾ ਸਾਧਨ ਕਦੀ ਨਾ ਬਣਨ ਦਿੱਤਾ। ਉਨ੍ਹਾਂ ਦੀ ਨਿਸਕਾਮ ਸੇਵਾ ਵੇਖ ਕੇ ਗੁਰੂ ਪਿਆਰ ਵਾਲੇ, ਸ਼ਰਧਾਵਾਨ ਸਿੱਖ ਚੁੱਪਚਾਪ ਅੱਗੇ ਮਾਇਆ ਰੱਖ ਜਾਂਦੇ। ਭਾਈ ਸਵਾਇਆ ਸਿੰਘ ਜੀ ਨੇ ਉਸ ਮਾਇਆ ਨੂੰ ਕਦੀ ਆਪਣੀਆਂ ਨਿੱਜੀ ਲੋੜਾਂ ਵਾਸਤੇ ਨਾ ਵਰਤਿਆ। ਕਿਸੇ ਦੀ ਬਿਮਾਰੀ ਵੇਖ ਕੇ, ਕਿਸੇ ਪ੍ਰਵਾਰ ਦੀਆਂ ਮੁਸ਼ਕਲਾਂ ਮਹਿਸੂਸ ਕਰ ਕੇ, ਸਾਰੀ ਮਾਇਆ ਅਜਿਹੇ ਕਾਰਜਾਂ ਵਿੱਚ ਲਾ ਦਿੰਦੇ।

ਜ਼ਿੰਦਗੀ ਵਿੱਚ ਕਈ ਤਰ੍ਹਾਂ ਦੇ ਉਤਰਾ ਚੜ੍ਹਾਅ ਆਉਂਦੇ ਰਹੇ। ਸਵਾਇਆ ਸਿੰਘ ਜੀ ਜੀਵਨ ਪਉੜੀ ਦੇ ਡੰਡੇ ਅੱਗੇ ਚੜ੍ਹਦੇ ਗਏ। ਉਮਰ ਪੰਜਾਹ ਤੋਂ ਟੱਪ ਗਈ। ਮਨ ਵਿਸ਼ਾਲਤਾ ਅਤੇ ਪਰਪੱਕਤਾ ਅਖ਼ਤਿਆਰ ਕਰਦਾ ਗਿਆ। ਜਦੋਂ ਗੱਲਬਾਤ ਕਰਨ ਜ਼ਬਾਨ ਵਿੱਚ ਠਰ੍ਹੰਮਾ ਤੇ ਮਿਠਾਸ ਪ੍ਰਾਪਤ ਹੋਵੇ। ਸੰਗੀ-ਸਾਥੀ ਸਿੱਖਾਂ ਵੱਲੋਂ ਬਾਰ-ਬਾਰ ਬੇਨਤੀ ਕਰਨ 'ਤੇ ਗੁਰਮਤਿ ਵੀਚਾਰਾਂ ਕਰਨਾ ਮੰਨ ਗਏ। ਸਮਾਂ ਨੀਅਤ ਕਰ ਲਿਆ। ਮਿੱਥੇ ਸਮੇਂ ਮੁਤਾਬਕ ਪੰਜ-ਦਸ ਪ੍ਰਾਣੀ ਆ ਜਾਂਦੇ। ਭਾਈ ਸਵਾਇਆ ਸਿੰਘ ਕੋਈ ਇੱਕ ਗੁਰ ਸ਼ਬਦ ਲੈ ਕੇ ਉਸ ਦੇ ਅਰਥ ਅਤੇ ਹੋਰ ਗੁਰਮਤਿ ਵਿਚਾਰਾਂ ਸੰਗਤਾਂ ਨੂੰ ਸੁਣਾਉਂਦੇ ਪਰ ਕਦੀ ਕਦਾਈਂ ਉਹ ਕਹਿ ਦਿਆ ਕਰਦੇ ਸਨ, "ਭਾਈ ਸਿੱਖੋ! ਸੱਚ ਬੋਲਿਆ ਕਰੋ। ਕਾਰੋਬਾਰ ਵਿੱਚ ਬੇਈਮਾਨੀ ਨਾ ਕਰੋ। ਨਸ਼ਿਆਂ ਦੀ ਵਰਤੋਂ ਨਾ ਕਰੋ। ਦਾਜ ਲੈਣਾ-ਦੇਣਾ ਬਹੁਤ ਬੁਰਾ ਹੈ। ਵਾਧੂ ਦੇ ਕਰਮ-ਕਾਂਡ ਨਾ ਕਰਿਆ ਕਰੋ। ਗੁਰਬਾਣੀ ਸਮਝ ਕੇ ਇਸ ਨੂੰ ਜੀਵਨ ਵਿੱਚ ਲਾਗੂ ਕਰੋ। ਬਸ ਮੇਰੀ ਅਖ਼ੀਰ ਵਿੱਚ ਬੇਨਤੀ ਹੈ, **ਗੁਰੂ ਜੀ 'ਤੇ ਕਿਰਪਾ ਕਰੋ।**"

ਕਾਫ਼ੀ ਦਿਨਾਂ ਤੱਕ ਗੁਰਮਤਿ ਵਿਚਾਰਾਂ ਹੁੰਦੀਆਂ ਰਹੀਆਂ ਕਿਸੇ ਨੇ ਕੋਈ ਸਵਾਲ ਨਾ ਕੀਤਾ। ਭਾਈ ਜੀ ਹਰ ਰੋਜ਼ ਅਖ਼ੀਰ ਵਿੱਚ ਕਹਿ ਦਿੰਦੇ, "ਗੁਰੂ ਜੀ 'ਤੇ ਕਿਰਪਾ ਕਰੋ।" ਆਖੀ ਗਈ ਇਸ ਗੱਲ ਵੱਲ ਕਿਸੇ ਦਾ ਧਿਆਨ ਨਾ ਗਿਆ। ਇੱਕ ਦਿਨ ਸੰਗਤ ਵਿੱਚ ਕੁੱਝ ਓਪਰੇ ਬੰਦੇ ਬੈਠੇ ਵਿਚਾਰ ਸੁਣ ਰਹੇ ਸਨ। ਆਖੀਆਂ ਗੱਲਾਂ ਚੰਗੀਆਂ ਲੱਗੀਆਂ। ਜਦੋਂ ਭਾਈ ਸਵਾਇਆ ਸਿੰਘ ਨੇ ਆਖਿਆ, "ਗੁਰੂ ਜੀ 'ਤੇ ਕਿਰਪਾ ਕਰੋ" ਤਾਂ ਬਾਹਰੋਂ ਆਏ ਸਿੱਖ ਚੌਕੰਨੇ ਹੋ ਗਏ। ਵਿਚਾਰਾਂ ਦੀ ਸਮਾਪਤੀ 'ਤੇ ਨਿਮਰਤਾ ਸਹਿਤ ਭਾਈ ਸਵਾਇਆ ਸਿੰਘ ਜੀ ਦੇ ਨੇੜੇ ਆ ਕੇ ਬੈਠ ਗਏ। ਬੇਨਤੀ ਕੀਤੀ, "ਜੀ ਤੁਹਾਡੀ ਕਥਾ ਬਹੁਤ ਚੰਗੀ

ਲੱਗੀ ਪਰ ਇਸ ਗੱਲ ਦੀ ਸਮਝ ਨਹੀਂ ਲੱਗੀ ਕਿ "ਸਿੱਖੋ! ਗੁਰੂ 'ਤੇ ਕਿਰਪਾ ਕਰੋ" ਆਖਣ ਦਾ ਕੀ ਮਕਸਦ ਹੈ? ਕਹਿਣਾ ਤਾਂ ਇਉਂ ਚਾਹੀਦਾ ਹੈ ਕਿ "ਗੁਰੂ ਸਿੱਖਾਂ 'ਤੇ ਕਿਰਪਾ ਕਰੇ।" ਭਾਈ ਸਵਾਇਆ ਸਿੰਘ ਜੀ ਮੁਸਕਰਾ ਪਏ। ਆਖਣ ਲੱਗੇ, "ਪਹਿਲੀ ਗੱਲ ਤਾਂ ਇਹ ਕਿ ਮੈਂ ਬਹੁਤ ਲੰਮੇਂ ਅਰਸੇ ਤੋਂ ਇਹੀ ਬਚਨ ਬੋਲਦਾ ਆ ਰਿਹਾ ਹਾਂ ਜਾਂ ਤਾਂ ਸੰਗਤ ਨੂੰ ਮੇਰੀ ਆਖੀ ਗੱਲ ਸਮਝ ਹੀ ਨਹੀਂ ਆਈ, ਇਸ ਲਈ ਕਿਸੇ ਨੇ ਸਵਾਲ ਹੀ ਨਹੀਂ ਕੀਤਾ ਜਾਂ ਇਨ੍ਹਾਂ ਨੂੰ ਮੇਰੇ 'ਤੇ ਅੰਨ੍ਹਾ ਵਿਸ਼ਵਾਸ ਹੈ ਕਿ ਮੈਂ ਸਦਾ ਠੀਕ ਹੀ ਬੋਲਦਾ ਹਾਂ, ਗ਼ਲਤੀ ਕਰ ਹੀ ਨਹੀਂ ਸਕਦਾ। ਜਾਂ ਫਿਰ ਮੇਰੀ ਆਖੀ ਗ਼ਲਤ ਗੱਲ ਨੂੰ ਖ਼ੁਦ ਹੀ ਸੁਧਾਰ ਕੇ ਠੀਕ ਕਰ ਲੈਂਦੇ ਹਨ, ਸਮਝ ਜਾਂਦੇ ਹਨ। ਕੀ ਜਾਣੀਏ ਇਹ ਕੀ ਸੋਚਦੇ ਹਨ ਪਰ ਸਵਾਲ ਕਦੀ ਨਹੀਂ ਕਰਦੇ। ਤੁਸੀਂ ਬਾਹਰੋਂ ਆਏ ਹੋ, ਧੰਨਭਾਗ-ਜੀ ਆਇਆਂ, ਬਹੁਤ ਚੰਗਾ ਹੋਇਆ ਤੁਸੀਂ ਸ਼ੰਕਾ ਨਵਿਰਤੀ ਲਈ ਸਵਾਲ ਕੀਤਾ ਹੈ।

ਭਾਈ ਸਵਾਇਆ ਸਿੰਘ ਨੇ ਉੱਚੀ ਆਵਾਜ਼ ਵਿੱਚ ਸਾਰਿਆਂ ਨੂੰ ਸੰਬੋਧਨ ਕਰ ਕੇ ਅੱਗੇ ਸਪੱਸ਼ਟ ਕਰਦਿਆਂ ਦੱਸਣਾ ਸ਼ੁਰੂ ਕੀਤਾ, "ਭਾਈ ਗੁਰਸਿੱਖੋ! ਡਾਕਟਰ ਮਰੀਜ਼ ਨੂੰ ਦਵਾਈ ਦਿੰਦਾ ਹੈ, ਨਾਲ ਹੀ ਉਸ ਦੀ ਵਰਤੋਂ ਬਾਰੇ ਸਮਝਾਉਂਦਾ ਹੈ। ਇਸੇ ਤਰ੍ਹਾਂ ਕੁੱਝ ਖਾਣ-ਪੀਣ ਬਾਰੇ ਪ੍ਰਹੇਜ ਦਸਦਾ ਹੈ। ਕੀ ਖਾਣਾ ਹੈ, ਕੀ ਨਹੀਂ ਖਾਣਾ। ਉਮੀਦ ਹੈ ਇੱਕ ਹਫ਼ਤੇ ਵਿੱਚ ਆਰਾਮ ਆ ਜਾਵੇਗਾ। ਮਰੀਜ ਦਵਾਈ ਲੈ ਕੇ ਘਰ ਚਲਾ ਗਿਆ। ਦੱਸੀ ਵਿਧੀ ਮੁਤਾਬਕ ਨਾ ਦਵਾਈ ਖਾਧੀ, ਨਾ ਪ੍ਰਹੇਜ ਰੱਖਿਆ। ਹਫ਼ਤੇ ਮਗਰੋਂ ਫਿਰ ਡਾਕਟਰ ਕੋਲ ਆ ਗਏ। ਸਿਆਣਾ ਡਾਕਟਰ ਪੁੱਛੇਗਾ, "ਦੱਸੇ ਮੁਤਾਬਕ ਦਵਾਈ ਖਾਧੀ? ਕਹੇ ਅਨੁਸਾਰ ਪ੍ਰਹੇਜ ਰੱਖਿਆ?" ਜੇ ਮਰੀਜ ਦਿਆਨਤਦਾਰੀ. ਵਰਤਦਿਆਂ ਕਹਿ ਦੇਵੇ, "ਜੀ ਦਵਾਈ ਵਿੱਚ ਨਾਂਗਾ ਪੈ ਗਿਆ ਸੀ। ਪ੍ਰਹੇਜ ਭੀ ਮੈਂ ਨਹੀਂ ਰੱਖ ਸਕਿਆ।" ਡਾਕਟਰ ਕਹਿਣ ਲਈ ਮਜਬੂਰ ਹੋਵੇਗਾ, "ਵੀਰ ਜੀ, ਭੈਣ ਜੀ, ਮੇਰੇ 'ਤੇ ਤਰਸ ਕਰੋ। ਜਿਵੇਂ ਸਲਾਹ ਦੇਈਦੀ ਹੈ, ਉਸੇ ਤਰ੍ਹਾਂ ਦਵਾਈ ਖਾਓ ਤੇ ਪ੍ਰਹੇਜ ਰੱਖੋ। ਜਿੰਨੀ ਵਾਰੀ ਮੈਂ ਤੁਹਾਡੇ 'ਤੇ ਵਕਤ ਬਰਬਾਦ ਕਰਦਾ ਹਾਂ, ਉਤਨੀ ਦੇਰ ਵਿੱਚ ਮੈਂ ਹੋਰ ਮਰੀਜ਼ ਵੇਖ ਸਕਾਂਗਾ। ਉਹ ਨਿਰੋਗ ਹੋ ਜਾਣਗੇ। ਜੇ ਤੁਸੀਂ ਹੀ ਬਾਰ-ਬਾਰ ਆਉਂਦੇ ਰਹੇ, ਇੱਕ ਤਾਂ ਹੋਰ ਮਰੀਜ਼ਾਂ ਨੂੰ ਵਕਤ ਨਹੀਂ ਦੇ ਸਕਾਂਗਾ, ਦੂਜਾ ਮਰੀਜ਼ਾਂ ਦਾ ਮੇਰੇ ਤੋਂ ਯਕੀਨ ਜਾਂਦਾ ਰਹੇਗਾ ਕਿ ਇਸ ਡਾਕਟਰ ਦੀ ਦਵਾਈ ਨਾਲ ਆਰਾਮ ਤਾਂ ਆਉਂਦਾ ਨਹੀਂ। ਲੋਕ ਆਖਣਗੇ ਡਾਕਟਰ ਹੀ ਚੰਗਾ ਨਹੀਂ ਹੈ। ਇਸੇ ਤਰ੍ਹਾਂ ਗੁਰੂ 'ਤੇ ਤਰਸ ਕਰਨ ਦਾ ਭਾਵ ਹੈ, ਜੇ ਤੁਸੀਂ ਇੱਕ ਕੰਮ ਇੱਕ ਦਿਨ ਵਿੱਚ ਸਿੱਖ ਲਓ ਤਾਂ ਅਗਲੇ ਦਿਨ ਹੋਰ ਨਵਾਂ ਕੰਮ ਸਿੱਖੋਗੇ। ਜੇ ਇੱਕੋ ਕੰਮ 'ਤੇ ਬੈਠੇ ਰਹੋਗੇ ਫਿਰ ਵਕਤ ਅਜਾਈਂ ਗੁਆ ਰਹੇ ਹੋਵੋਗੇ। ਗੁਰਬਾਣੀ ਵਿੱਚੋਂ ਪੜ੍ਹ ਕੇ ਸੁਣਾ ਦਿੱਤਾ ਕਿ ਇਸ ਵਿਕਾਰ ਨੂੰ ਤਿਆਗ ਦਿਓ। ਜੇਕਰ ਤੁਸੀਂ ਨਹੀਂ ਤਿਆਗਦੇ, ਕੱਲ੍ਹ ਨੂੰ ਫਿਰ ਉਹੀ ਉਪਦੇਸ਼ ਦੁਬਾਰਾ ਦੱਸਣਾ ਪਵੇਗਾ, ਜਿਤਨੀ ਦੇਰ ਇਸ ਨੂੰ ਸਵੀਕਾਰ ਨਹੀਂ ਕਰ ਲੈਂਦੇ। ਬਿਨਾਂ ਹੁਕਮ ਮੰਨਣ ਤੋਂ ਬਾਰ-ਬਾਰ ਪੜ੍ਹਨ-ਸੁਣਨ ਦਾ ਕੀ ਫ਼ਾਇਦਾ? ਮੈਂ ਇਸ ਲਈ ਹਰ ਰੋਜ਼ ਅਖ਼ੀਰ ਵਿੱਚ ਬੇਨਤੀ ਕਰਦਾ ਹਾਂ ਕਿ ਗੁਰੂ 'ਤੇ ਕਿਰਪਾ ਕਰੋ, ਉਨ੍ਹਾਂ ਦੀ ਆਖੀ ਗੱਲ ਸਵੀਕਾਰ

ਕਰ ਲਵੋ ਤਾਂ ਕਿ ਬਾਰ-ਬਾਰ ਉਹੀ ਉਪਦੇਸ਼ ਨਾ ਕਰਨਾ ਪਵੇ, ਅਗਲਾ ਸਬਕ ਪੜ੍ਹੀਏ।"

ਸਾਰਿਆਂ ਨੇ ਭਾਈ ਸਵਾਇਆ ਸਿੰਘ ਦਾ ਸ਼ੁਕਰਾਨਾ ਕੀਤਾ। ਇਸੇ ਤਰ੍ਹਾਂ ਗੁਰਬਾਣੀ ਦਾ ਪ੍ਰਵਾਹ ਜਾਰੀ ਰੱਖਣ ਦੀ ਬੇਨਤੀ ਕੀਤੀ।

ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜੋ ਸਤਿਗੁਰ ਚਰਣੀ ਜਾਇ ਪਇਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜਿਨਿ ਹਰਿ ਨਾਮਾ ਮੁਖਿ ਰਾਮ ਕਹਿਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜਿਸੁ ਹਰਿ ਨਾਮਿ ਸੁਣਿਐ, ਮਨਿ ਅਨੰਦੁ ਭਇਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ, ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥
ਤਿਸੁ ਗੁਰਸਿਖ ਕਉ ਹੰਉ ਸਦਾ ਨਮਸਕਾਰੀ, ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥ (593)

ਸੇਵਾ ਦੀ ਲਗਨ

ਗੁਰੂ ਪਿਆਰ ਵਿੱਚ ਲਬਰੇਜ ਭਾਈ ਸਵਾਇਆ ਸਿੰਘ ਆਮ ਕਰ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਬਾਹਰੋਂ ਆਈ ਸੰਗਤ ਨੂੰ ਜਲ ਛਕਾਉਣ ਦੀ ਸੇਵਾ ਕਰਿਆ ਕਰਦੇ ਸਨ। ਜੇ ਵੇਖਣਾ ਸੰਗਤ ਵਿੱਚ ਕੋਈ ਬਿਮਾਰ ਹੈ, ਦਵਾਈ ਦਾ ਪ੍ਰਬੰਧ ਕਰਨਾ। ਜੇ ਕਿਸੇ ਨੂੰ ਕੱਪੜੇ ਦੀ ਲੋੜ ਹੈ ਤਾਂ ਕੋਸ਼ਿਸ਼ ਕਰ ਕੇ ਲੋੜ ਪੂਰੀ ਕਰਨੀ। ਲੰਗਰ ਵਿੱਚ ਕਿਸੇ ਸੇਵਾ ਦੀ ਲੋੜ ਹੈ ਤਾਂ ਉਥੇ ਸੇਵਾ ਵਿੱਚ ਹੱਥ ਵਟਾਉਣਾ। ਕਿਸੇ ਮੁਸਾਫਿਰ ਨੂੰ ਕਮਰੇ ਦੀ ਲੋੜ ਹੈ ਤਾਂ ਉਸ ਨੂੰ ਕਮਰਾ ਲੈ ਕੇ ਦੇਣ ਵਿੱਚ ਮਦਦ ਕਰਨੀ। ਛੋਟੇ ਬੱਚਿਆਂ ਲਈ ਦੁੱਧ ਲਿਆ ਕੇ ਦੇਣਾ। ਉਸ ਨੂੰ ਸੇਵਾ ਕਰਦਿਆਂ ਨਾ ਥਕੇਵਾਂ ਹੁੰਦਾ ਸੀ ਨਾ ਅਕੇਵਾਂ ਹੁੰਦਾ ਸੀ। ਉਨ੍ਹਾਂ ਦੀ ਜ਼ਿੰਦਗੀ ਦਾ ਅਮਲ ਜਾਂ ਸ਼ੌਕ ਹੀ ਸੇਵਾ ਕਰਨੀ ਬਣ ਗਿਆ ਸੀ। ਉਹ ਇਉਂ ਮਹਿਸੂਸ ਕਰਦੇ ਸਨ ਕਿ ਮੈਂ ਕੇਵਲ ਸੇਵਾ ਕਰਨ ਲਈ ਪੈਦਾ ਹੋਇਆ ਹਾਂ। ਜੇ ਸੇਵਾ ਨਾ ਕੀਤੀ ਤਾਂ ਪ੍ਰੇਸ਼ਾਨੀ ਹੋ ਜਾਵੇਗੀ। ਹੋ ਸਕਦਾ ਹੈ ਕਿ ਬਿਮਾਰ ਹੀ ਹੋ ਜਾਵਾਂ। ਆਪਣੇ ਮਿੱਥੇ ਸਮੇਂ 'ਤੇ ਦੁਕਾਨ ਬੰਦ ਕਰ ਦੇਣੀ। ਬਾਕੀ ਸਾਰਾ ਵਕਤ ਕਿਸੇ ਸੇਵਾ ਦੇ ਲੇਖੇ ਵਿੱਚ ਲਾ ਦੇਣਾ। ਉਨ੍ਹਾਂ ਦੀ ਪਛਾਣ ਬਹੁਤ ਬਣ ਗਈ। ਉਨ੍ਹਾਂ ਦਾ ਲੋਕੀਂ ਬਹੁਤ ਸਤਿਕਾਰ ਕਰਨ ਲੱਗ ਪਏ ਪਰ ਭਾਈ ਸਵਾਇਆ ਸਿੰਘ ਨੇ ਤੁਰੰਤ ਰੋਕ ਕੇ ਨਿਮਰਤਾ ਸਹਿਤ ਬੇਨਤੀ ਕਰਨੀ, "ਪਿਆਰੇ ਗੁਰਸਿੱਖੋ! ਵਡਿਆਈ ਕੇਵਲ ਗੁਰੂ ਦੀ ਕਰੋ। ਪਰਉਪਕਾਰ ਗੁਰੂ ਜੀ ਨੇ ਬਹੁਤ ਕੀਤੇ ਹਨ, ਉਨ੍ਹਾਂ ਉਪਕਾਰਾਂ ਨੂੰ ਯਾਦ ਕਰੋ। ਮਨੁੱਖਤਾ ਦੇ ਕਲਿਆਣ ਹਿਤ ਸਿੱਖਾਂ ਨੇ ਬਹੁਤ ਕੁਰਬਾਨੀਆਂ ਕੀਤੀਆਂ ਨੇ। ਮਨੁੱਖ ਮਾਤਰ ਲਈ ਆਪਣਾ ਸਭ ਕੁੱਝ ਵਾਰ ਦਿੱਤਾ। ਮੇਰੇ ਵਰਗਾ ਨਿਮਾਣਾ ਇਨਸਾਨ ਕਿਹੜੀ ਗਿਣਤੀ ਵਿੱਚ ਹੈ? ਇੱਥੇ ਤਾਂ ਸੇਵਾ ਦੀ ਭਾਵਨਾ ਮਨ ਵਿੱਚ ਧਾਰਨ ਕਰ ਕੇ, ਸੂਰਬੀਰ ਯੋਧੇ ਬੰਦ-ਬੰਦ ਕਟਵਾ ਗਏ। ਸੇਵਾ ਕਰਦੇ

ਚਰਖੜੀਆਂ 'ਤੇ ਚੜ੍ਹ ਗਏ। ਦੁਖਿਆਰੇ ਸਮਾਜ ਦੀ ਸੇਵਾ ਕਰਦਿਆਂ ਬੇਅੰਤ ਮਾਈ-ਭਾਈ ਲੇਖੇ ਲੱਗ ਗਏ, ਮੈਂ ਨਾਚੀਜ ਕੀਹਦਾ ਪਾਣੀਹਾਰ ਹਾਂ ? ਸ਼ੁਕਰਾਨਾ ਹੈ ਗੁਰੂ ਦਾ, ਜਿਨ੍ਹਾਂ ਨੇ ਮੇਰੇ ਵਰਗੇ ਨੀਚ ਨੂੰ ਸੇਵਾ ਕਰਨ ਲਈ ਆਪਣਾ ਦਰਵਾਜ਼ਾ ਖੋਲ੍ਹ ਦਿੱਤਾ। ਨਹੀਂ ਤਾਂ ਸਾਨੂੰ ਕੌਣ ਧਰਮ ਅਸਥਾਨਾਂ ਦੇ ਨੇੜੇ ਢੁੱਕਣ ਦਿੰਦਾ ਸੀ ? ਸਾਨੂੰ ਬਾਣੀ ਪੜ੍ਹਨ-ਸੁਣਨ ਦੀ ਕਿੱਥੇ ਇਜਾਜ਼ਤ ਸੀ ? ਸਾਡਾ ਸਭ ਕੁੱਝ ਖੁਸ ਗਿਆ, ਪਤਾ ਹੀ ਨਾ ਲੱਗਿਆ। ਸਾਡੇ ਘਰ-ਜ਼ਮੀਨਾਂ ਖੋਹ ਲਏ, ਅਸੀਂ ਬੇਖ਼ਬਰ ਸੁੱਤੇ ਰਹੇ। ਸਮੁੱਚੀ ਮਨੁੱਖਤਾ ਦੀ ਸੇਵਾ ਤੋਂ ਵਰਜ ਕੇ ਸਾਨੂੰ ਆਪਣੀ ਨਿੱਜੀ "ਸੇਵਾ" 'ਤੇ ਲਾਇਆ ਗਿਆ। ਸੇਵਾ ਕਰਾਉਣ ਵਾਲਾ "ਉੱਚਾ" ਬਣ ਗਿਆ। ਉਸ ਦੇ ਸਾਰੇ ਕੰਮ ਕਰਨ ਵਾਲੇ ਇਨਸਾਨ (ਸੇਵਾਦਾਰ-ਸ਼ੂਦਰ) ਨੀਚ ਬਣਾ ਦਿੱਤੇ ਗਏ। ਅਸੀਂ ਲੋਕ ਪੁਜਾਰੀਆਂ ਦੀ ਸਦੀਆਂ ਤੱਕ ਸੇਵਾ ਕੀਤੀ। ਅਫ਼ਸੋਸ ਕਿ ਇਸ ਪੁਜਾਰੀ ਵਰਗ ਨੇ, ਸਾਨੂੰ ਕਦੀ "ਮੁਕਤੀ ਦਾ ਰਾਹ" ਨਹੀਂ ਦੱਸਿਆ। ਸਾਡੀ ਗ਼ੁਲਾਮੀ ਜਿਉਂ ਦੀ ਤਿਉਂ ਬਣੀ ਰਹੀ।

ਗੁਰੂ ਨਾਨਕ ਬਾਬਾ ਜੀ ਨੇ ਸਾਨੂੰ ਪਿਆਰ ਦਿੱਤਾ, ਆਪਣੇ ਪੁੱਤਰ-ਧੀਆਂ ਬਣਾਇਆ। ਸਾਰਿਆਂ ਨੂੰ ਬਰਾਬਰ ਹੋਣ ਦਾ "ਹੁਕਮਨਾਮਾ" ਜਾਰੀ ਕਰ ਦਿੱਤਾ। ਸਾਰਿਆਂ ਨੂੰ ਵਿੱਦਿਆ ਪੜ੍ਹਨ ਦਾ ਅਧਿਕਾਰ ਦੇ ਦਿੱਤਾ। ਆਪਣੇ ਵੀਰਾਂ-ਭੈਣਾਂ ਦੇ ਬਰਾਬਰ ਬੈਠ ਕੇ ਪ੍ਰਸ਼ਾਦਾ ਛਕਣ ਦਾ ਹੱਕ ਦੇ ਦਿੱਤਾ। ਸਾਡੇ ਹੱਥਾਂ ਵਿੱਚ ਹਥਿਆਰ ਫੜਾ ਦਿੱਤੇ ਤਾਂ ਕਿ ਅਸੀਂ ਆਪਣੇ ਹੱਕਾਂ ਦੀ ਰਾਖੀ ਕਰ ਸਕੀਏ, ਰਹਿੰਦੇ ਹੱਕਾਂ ਲਈ ਲੜ ਸਕੀਏ। ਅਸੀਂ ਕੁੱਤਿਆਂ-ਬਿਲਿਆਂ ਵਾਂਗ ਮਰਦੇ ਸੀ, ਬਿਨਾਂ ਮਕਸਦ ਤੋਂ। ਹੁਣ ਅਸੀਂ "ਧਰਮ ਦੀ ਜੰਗ" ਲੜਦੇ ਹੋਏ "ਸ਼ਹੀਦ" ਹੁੰਦੇ ਹਾਂ, ਮਰਦੇ ਨਹੀਂ ਹਾਂ। ਅਸੀਂ ਸਾਰੇ ਭਾਈ-ਭਾਈ ਹਾਂ, ਕੋਈ ਵੱਡਾ ਜਾਂ ਕੋਈ ਛੋਟਾ ਨਹੀਂ ਹੈ। ਅਜਿਹੀ ਸੇਵਾ ਕਰ ਕੇ ਮਨ ਨੂੰ ਸੰਤੁਸ਼ਟੀ ਮਿਲਦੀ ਹੈ। ਸਰੀਰ ਵਿੱਚ ਹਿੰਮਤ ਪੈਦਾ ਹੁੰਦੀ ਹੈ। ਸੇਵਾ ਕਰਨ ਵਾਲਿਆਂ ਨੂੰ ਸੰਗਤਾਂ ਵੱਲੋਂ ਮਾਣ ਮਿਲਦਾ ਹੈ। ਅਜਿਹੇ ਪਿਆਰ ਭਰੇ ਮਾਹੌਲ ਵਿੱਚ ਸੇਵਾ ਕਰ ਕੇ ਰੂਹ ਖਿੜ ਜਾਂਦੀ ਹੈ। ਸਰੀਰ ਚੜ੍ਹਦੀਕਲਾ ਮਹਿਸੂਸ ਕਰਦਾ ਹੈ। ਸੇਵਾ ਦੇ ਖੇਤਰ ਬੇਅੰਤ ਹਨ, ਜਿਸ ਤਰੀਕੇ ਅਸੀਂ ਮਨੁੱਖ ਮਾਤਰ ਨੂੰ ਸੁੱਖ ਪੁਚਾ ਸਕੀਏ, ਪੁਚਾਉਣਾ ਸਾਡਾ ਫ਼ਰਜ਼ ਹੈ। ਗੁਰੂ ਬਾਬਾ ਜੀ ਨੇ ਕਿਰਪਾ ਕਰ ਕੇ ਸਾਨੂੰ ਇਸ ਤਰ੍ਹਾਂ ਦੀ ਸਮਝ ਦਿੱਤੀ ਹੈ। ਭਾਈ ਸਵਾਇਆ ਸਿੰਘ ਸਹਿਜ ਸੁਭਾ ਬੋਲਦੇ ਹੋਏ ਮਾਨੋਂ ਸਾਰੀ ਸਿੱਖ ਫ਼ਿਲਾਸਫ਼ੀ ਸੰਗਤਾਂ ਦੇ ਸਨਮੁੱਖ ਬਿਆਨ ਕਰ ਗਏ।

ਗੁਰਬਾਣੀ ਦੇ ਗਿਆਨ ਵਾਲੇ ਸੇਵਕ ਭਾਈ ਸਵਾਇਆ ਸਿੰਘ ਨੂੰ ਸੇਵਾ ਰਾਹੀਂ ਜਨਮ ਸਫ਼ਲਾ ਕਰਦਿਆਂ ਲੰਮਾਂ ਸਮਾਂ ਬੀਤ ਗਿਆ ਸੀ। ਉਮਰ ਤੀਹ ਸਾਲ ਤੋਂ ਪਾਰ ਹੋ ਗਈ ਸੀ। ਸੇਵਾ ਦੇ ਚਾਅ ਵਿੱਚ ਵਿਆਹ ਕਰਾਉਣ ਜੋਗਾ ਵਕਤ ਹੀ ਨਾ ਕੱਢ ਸਕੇ। ਸਕੇ ਸਬੰਧੀਆਂ ਨੇ ਬੜੀ ਕੋਸ਼ਿਸ਼ ਕੀਤੀ। ਦੋਸਤਾਂ, ਜਾਣਕਾਰਾਂ ਨੇ ਬਹੁਤ ਸਮਝਾਇਆ ਕਿ ਵਿਆਹ ਕਰਵਾ ਕੇ ਭੀ ਸੇਵਾ ਕੀਤੀ ਜਾ ਸਕਦੀ ਹੈ। ਤੁਸੀਂ ਅਜਿਹੀ ਜੀਵਨ ਸਾਥਣ ਲੱਭ ਸਕਦੇ ਹੋ ਕਿ ਤੁਹਾਡੀ ਸੇਵਾ ਵਿੱਚ ਰੁਕਾਵਟ ਨਾ ਬਣੇ, ਸਗੋਂ ਖ਼ੁਦ ਸੇਵਾ ਵਿੱਚ ਹੱਥ ਵਟਾਵੇ। ਫਿਰ ਸਵਾਇਆ ਸਿੰਘ ਦੀ ਮਾਂ ਨੇ ਤਾਂ ਸਮਝੋ ਮਰਨ ਵਰਤ ਹੀ ਰੱਖ ਦਿੱਤਾ। ਮਾਂ ਨੇ ਮਮਤਾ ਵਾਲੀ

ਅਪਣੱਤ ਵਿੱਚ ਚੇਤਾਵਨੀ ਦੇ ਦਿੱਤੀ ਕਿ "ਬੇਟਾ ਜੇਕਰ ਤੂੰ ਵਿਆਹ ਨਾ ਕਰਵਾਇਆ ਤਾਂ ਮੈਂ ਅੰਨ-ਜਲ ਤਿਆਗ ਦਿਆਂਗੀ। ਤੇਰੇ ਸਿਰ ਹੋ ਕੇ ਮਰ ਜਾਵਾਂਗੀ।" "ਪੁੰਨ-ਪਾਪ" ਦਾ ਭਾਗੀਦਾਰ ਤੂੰ ਹੋਵੇਂਗਾ।"

ਮਾਂ ਦੀ ਇਸ ਚੇਤਾਵਨੀ ਬਾਰੇ ਸਵਾਇਆ ਸਿੰਘ ਨੇ ਗੰਭੀਰਤਾ ਨਾਲ ਵਿਚਾਰ ਕੀਤਾ। ਮਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਸੇਵਾ ਦੇ ਵਡੇਰੇ ਕਾਰਜਾਂ ਵਿੱਚ ਬਿਘਨ ਪੈਣ ਦਾ ਖਦਸਾ ਜਾਹਰ ਕੀਤਾ। ਮਾਂ ਨੇ ਗੁਰੂ ਸਾਹਿਬਾਨ ਦੇ ਗ੍ਰਿਸਤੀ ਜੀਵਨ ਬਾਰੇ ਦਲੀਲ ਦੇ ਕੇ ਪੁੱਛਿਆ ਕਿ, "ਉਨ੍ਹਾਂ ਦੇ ਜੀਵਨ ਵਿੱਚ ਤਾਂ ਵਿਆਹ ਨੇ ਕੋਈ ਰੁਕਾਵਟ ਨਹੀਂ ਪਾਈ। ਸਾਰੇ ਭਗਤ ਸਾਹਿਬ ਜੀ ਪਰਵਾਰਾਂ ਵਾਲੇ ਸਨ। ਸਾਰੇ ਸਿੱਖ ਸ਼ਾਦੀ ਕਰਾਉਂਦੇ ਸਨ। ਆਹ! ਤੂੰ ਕਿਹੜਾ ਸਾਧ ਆਪਣਾ ਗੁਰੂ ਬਣਾ ਲਿਆ, ਜਿਸ ਨੇ ਤੈਨੂੰ ਵਿਆਹ ਕਰਾਉਣ ਤੋਂ ਰੋਕ ਦਿੱਤਾ ਹੋਵੇ। ਸੰਤੁਲਤ ਜੀਵਨ ਲਈ ਗ੍ਰਿਸਤੀ ਹੋਣਾ ਜ਼ਰੂਰੀ ਹੈ।" ਭਾਈ ਸਵਾਇਆ ਸਿੰਘ ਨੇ ਮਾਂ ਦੀਆਂ ਗੁਰਮਤਿ ਦੀ ਰੋਸ਼ਨੀ ਵਿੱਚ ਦਿੱਤੀਆਂ ਅਪਣੱਤ ਵਾਲੀਆਂ ਦਲੀਲਾਂ ਸੁਣ ਕੇ ਆਪਣਾ ਆਖਰੀ ਤੀਰ ਛੱਡਿਆ। ਆਖਣ ਲੱਗਾ, "ਮਾਂ ਜੀ! ਤੁਹਾਡਾ ਆਖਿਆ ਪ੍ਰਵਾਨ, ਪਰ ਲੜਕੀ ਦੀ ਚੋਣ ਮੈਂ ਖ਼ੁਦ ਕਰਾਂਗਾ।" ਉਨ੍ਹਾਂ ਸਮਿਆਂ ਵਿੱਚ ਲੜਕੇ ਦੇ ਮੂੰਹੋਂ ਅਜਿਹੀ ਗੱਲ ਸੁਣ ਕੇ ਮਾਂ ਨੂੰ ਬੜਾ ਅਜੀਬ ਲੱਗਾ। ਮਨ ਵਿੱਚ ਕਈ ਤਰ੍ਹਾਂ ਦੇ ਵਿਚਾਰ ਉੱਭਰੇ। ਸ਼ਾਇਦ ਪੁੱਤਰ ਨੇ ਪਹਿਲਾਂ ਹੀ ਕੋਈ ਲੜਕੀ ਪਸੰਦ ਕਰ ਲਈ ਹੋਵੇ। ਸ਼ਰਮ ਦਾ ਮਾਰਿਆ ਦਸਦਾ ਨਾ ਹੋਵੇ। ਖ਼ੈਰ! ਕੋਈ ਗੱਲ ਨਹੀਂ, ਇਸ ਦੀ ਖ਼ੁਸ਼ੀ ਵਾਸਤੇ ਮੈਨੂੰ ਇਹ ਮੰਗ ਪ੍ਰਵਾਨ ਕਰ ਹੀ ਲੈਣੀ ਚਾਹੀਦੀ ਹੈ। ਕਾਫ਼ੀ ਦੇਰ ਤੱਕ ਖ਼ਾਮੋਸ਼ ਰਹਿਣ ਤੋਂ ਬਾਅਦ ਮਾਤਾ ਜੀ ਨੇ ਹਾਮੀ ਭਰ ਦਿੱਤੀ। "ਪੁੱਤਰਾ! ਤੇਰੀ ਖ਼ੁਸ਼ੀ ਵਿੱਚ ਹੀ ਮੈਂ ਖ਼ੁਸ਼ ਹਾਂ। ਜੇ ਤੂੰ ਕੋਈ ਲੜਕੀ ਪਸੰਦ ਕੀਤੀ ਹੋਈ ਹੈ, ਮੈਨੂੰ ਦੱਸ। ਮੈਂ ਤੇਰੇ ਮਾਮਾ ਜੀ ਨੂੰ ਭੇਜ ਕੇ ਸਾਰੀ ਗੱਲਬਾਤ ਤੈਹ ਕਰਵਾ ਲਵਾਂਗੀ। ਬੋਲ ਮੇਰਾ ਪੁੱਤਰ।"

"ਮਾਂ ਜੀ! ਵਚਨ ਦਿਓ ਕਿ ਮੇਰੀ ਪਸੰਦ ਵਿੱਚ ਕੋਈ ਰੋਕ ਖੜੀ ਨਹੀਂ ਕਰੋਗੇ। ਝਗੜਾ ਨਹੀਂ ਕਰੋਗੇ। ਸਾਰੀ ਉਮਰ ਦਾ ਸਾਥ ਮੈਂ ਨਿਭਾਉਣਾ ਹੈ, ਤੁਸੀਂ ਕੋਈ ਕਲੇਸ਼ ਖੜਾ ਨਹੀਂ ਕਰੋਗੇ। ਮੇਰੇ ਸਿਰ 'ਤੇ ਹੱਥ ਰੱਖ ਕੇ ਕਸਮ ਖਾਓ ਕਿ ਮੇਰੀ ਪਸੰਦ ਤੁਹਾਨੂੰ ਪ੍ਰਵਾਨ ਹੋਵੇਗੀ।" ਮਾਂ ਆਖਣ ਲੱਗੀ, "ਲੈ ਪੁੱਤਰ ਆਹ ਕਿਹੜੀ ਜੱਗੋਂ ਤੇਹਰਵੀਂ ਹੈ ਕਿ ਮੈਂ ਤੇਰੀ ਪਸੰਦ ਨੂੰ ਪਰਵਾਨ ਨਾ ਕਰਾਂ? ਆਹ ਲੈ ਤੇਰੀ ਸੌਂਹ, ਮੈਂ ਵਹੁਟੀ ਦੇ ਘਰ ਆਉਣ 'ਤੇ ਪ੍ਰੇਸ਼ਾਨ ਨਹੀਂ ਹੋਵਾਂਗੀ ਸਗੋਂ ਲੱਖ-ਲੱਖ ਖ਼ੁਸ਼ੀਆਂ ਮਨਾਵਾਂਗੀ। ਤੂੰ ਭਾਵੇਂ ਅੰਨ੍ਹੀ-ਕਾਣੀ, ਗੂੰਗੀ-ਲੰਗੜੀ ਲੈ ਆ, ਮੈਨੂੰ ਸਭ ਮਨਜ਼ੂਰ ਹੈ, ਤੂੰ ਲਿਆ ਤਾਂ ਸਹੀ।"

ਭਾਈ ਸਵਾਇਆ ਸਿੰਘ ਨੇ ਜੋ ਲੜਕੀ ਪਸੰਦ ਕੀਤੀ ਹੋਈ ਸੀ, ਉਨ੍ਹਾਂ ਦੇ ਘਰ ਆਪਣੇ ਵਿਸ਼ਵਾਸ ਪਾਤਰ ਦੋਸਤ ਰਾਹੀਂ ਸੁਨੇਹਾ ਭਿਜਵਾ ਦਿੱਤਾ। ਤਾਰੀਖ਼ ਮਿੱਥ ਲਈ। ਕੇਵਲ ਪੰਜ ਬੰਦੇ ਆਉਣ ਬਾਰੇ ਆਖ ਦਿੱਤਾ। ਥੋੜੀ ਬਹੁਤ ਤਿਆਰੀ ਕਰ ਕੇ ਨਿਸਚਿਤ ਕੀਤੇ ਸਮੇਂ ਅਤੇ ਦਿਨ 'ਤੇ ਸਵਾਇਆ ਸਿੰਘ ਜੀ "ਬਰਾਤ" ਲੈ ਕੇ ਢੁੱਕੇ। ਦੁੱਧ ਛਕਿਆ, ਗੁੜ ਦੀ ਰੋੜੀ ਨਾਲ ਮੂੰਹ ਮਿੱਠਾ ਕੀਤਾ। ਪਹਿਲਾਂ ਕੀਤੀ ਤਿਆਰੀ ਮੁਤਾਬਕ ਆਨੰਦ

ਕਾਰਜ ਹੋਏ। ਪਰਸ਼ਾਦਾ ਛਕਿਆ ਤੇ ਸੁਭਾਗ ਜੋੜੀ ਆਪਣੇ ਘਰ ਆ ਗਈ। ਘਰ ਵਿੱਚ ਮਾਂ ਅਤੇ ਗੁਆਂਢ ਦੀਆਂ ਬੀਬੀਆਂ ਇਕੱਠੀਆਂ ਹੋ ਕੇ ਉਡੀਕ ਰਹੀਆਂ ਸਨ। ਨੂੰਹ-ਪੁੱਤਰ ਆਏ, ਮਾਂ ਨੇ ਸ਼ਗਨ ਮਨਾਏ, ਪਿਆਰ ਦਿੱਤਾ ਵਾਰਨੇ ਕੀਤੇ। ਪਰਮੇਸ਼ਰ ਦਾ ਸ਼ੁਕਰਾਨਾ ਕੀਤਾ। ਜਲ ਪਾਣੀ ਛਕਣ ਤੋਂ ਬਾਅਦ ਜਦੋਂ ਵਹੁਟੀ ਨੂੰ ਪੀੜ੍ਹੇ 'ਤੇ ਬਿਠਾਇਆ ਤੇ ਸੁਆਣੀਆਂ ਨੇ ਘੁੰਡ ਚੁੱਕ ਕੇ ਮੂੰਹ ਵੇਖਿਆ ਤਾਂ ਸਾਰੀਆਂ ਦਾ ਤਰਾਹ ਨਿਕਲ ਗਿਆ। ਜਿਵੇਂ ਹੇਠਲਾ ਸਾਹ ਹੇਠਾਂ ਤੇ ਉਪਰਲਾ ਸਾਹ ਉਪਰ ਹੀ ਅਟਕ ਗਿਆ ਹੋਵੇ। ਸਾਰੇ ਬੰਨ੍ਹੇ ਮੁਰਦੇਹਾਣੀ ਜਿਹੀ ਛਾ ਗਈ। ਹੰਝੂ ਕੇਰਦੀ ਮਾਂ ਨੇ ਪੁੱਛਿਆ, "ਪੁੱਤਰ ਤੇਰੇ ਨਾਲ ਆਹ ਕੀ ਗਜਬ ਕਰ ਦਿੱਤਾ ਲੜਕੀ ਵਾਲਿਆਂ ਨੇ? ਇਹ ਕੁੜੀ ਨੇਤਰ ਹੀਣ ਹੈ, ਦੋਵੇਂ ਅੱਖਾਂ ਤੋਂ ਅੰਨ੍ਹੀ ਹੈ। ਇਤਨਾ ਵੱਡਾ ਧੋਖਾ ਤੂੰ ਕਿਵੇਂ ਖਾ ਗਿਆ?" ਸਵਾਇਆ ਸਿੰਘ ਨੇ ਜੁਆਬ ਦਿੱਤਾ, "ਮਾਂ ਜੀ! ਆਪਣੀ ਕਸਮ ਨੂੰ ਯਾਦ ਰੱਖੋ, ਮੈਂ ਪਹਿਲਾਂ ਹੀ ਤੁਹਾਨੂੰ ਆਖਿਆ ਸੀ ਕਿ ਵਹੁਟੀ ਮੇਰੀ ਪਸੰਦ ਹੈ। ਘਰ ਆਉਣ 'ਤੇ ਦੁਖੀ ਨਹੀਂ ਹੋਣਾ.... ਮੈਂ ਆਖਿਆ ਸੀ ਨਾ? ਮੇਰੀ ਜੀਵਨ ਸਾਥਣ ਬਹੁਤ ਸੋਹਣੀ ਹੈ, ਸਿਆਣੀ ਹੈ। ਜੇ ਨੇਤਰਹੀਣ ਹੈ ਤਾਂ ਕੀ ਹੋਇਆ? ਮੈਂ ਸਾਰੀ ਉਮਰ ਇਸ਼ ਦੀ ਸੇਵਾ ਕਰਾਂਗਾ। ਉਂਵ ਦੋ-ਚਾਰ ਦਿਨਾਂ ਵਿੱਚ ਇਸ ਨੂੰ ਸਾਡੇ ਘਰ ਦਾ ਭੇਤ ਆ ਜਾਵੇਗਾ। ਸਾਰੇ ਕੰਮ ਭੀ ਕਰਨ ਲੱਗ ਪਵੇਗੀ। ਹਾਲੀ ਤੁਸੀਂ ਅਤੇ ਮੈਂ ਸਹਾਇਤਾ ਕਰਦੇ ਰਹਾਂਗੇ। ਇਸ ਪਰਮੇਸ਼ਰ ਦੀ ਪਿਆਰੀ ਨੂੰ ਜਿੰਨੀ ਕੁ ਸੇਵਾ ਦੀ ਲੋੜ ਹੋਇਆ ਕਰੇਗੀ, ਉਹ ਮੈਂ ਉਮਰ ਭਰ ਕਰਦਾ ਰਹਾਂਗਾ। ਮੈਨੂੰ ਨਿਰੰਕਾਰ ਨੇ ਸੇਵਾ ਲਈ ਪੈਦਾ ਕੀਤਾ ਹੈ। ਜਿਥੇ ਹੋਰ ਬਹੁਤ ਸਾਰੇ ਲੋੜਵੰਦਾਂ ਦੀ ਮੈਂ ਸਹਾਇਤਾ ਜਾਂ ਸੇਵਾ ਕਰਦਾ ਆ ਰਿਹਾ ਹਾਂ, ਇਸ ਦੀ ਭੀ ਕਰਾਂਗਾ। ਤੂੰ ਮਨ ਛੋਟਾ ਨਾ ਕਰੀਂ।"

ਮਾਂ ਖ਼ਾਮੋਸ਼ ਹੋ ਗਈ, ਹੌਲੀ-ਹੌਲੀ ਮਨ ਨੂੰ ਸਮਝਾ ਲਿਆ। ਭਾਈ ਸਵਾਇਆ ਸਿੰਘ ਨੇ ਕਦੀ ਮੱਥੇ ਵੱਟ ਨਾ ਪੈਣ ਦਿੱਤਾ। ਕਦੀ ਪਤਨੀ ਪ੍ਰਤੀ ਕੌੜਾ ਬਚਨ ਨਹੀਂ ਬੋਲਿਆ। ਕਦੀ ਆਪਣੇ 'ਤੇ ਉਸ ਨੂੰ ਬੋਝ ਮਹਿਸੂਸ ਨਾ ਕੀਤਾ। ਪਤਨੀ ਦੀਆਂ ਲੋੜਾਂ ਵਾਲੇ ਸਾਰੇ ਕੰਮ ਬਿਨਾਂ ਮੱਥੇ ਵੱਟ ਪਾਏ ਕਰਦਾ। ਦੋਵੇਂ ਇੱਕ ਨਮੂਨੇ ਦੀ ਜੋੜੀ ਬਣ ਕੇ ਜੀਵੇ, ਲੰਮੀ ਉਮਰ ਭੋਗ ਕੇ ਸੰਸਾਰ ਤੋਂ ਵਿਦਾ ਹੋਏ। ਦਾਜ ਸਮੇਤ ਸੋਹਣੀਆਂ ਲੜਕੀਆਂ ਦੀ ਇੱਛਾ ਰੱਖਣ ਵਾਲੇ ਨੌਜੁਆਨਾਂ ਦੇ ਮੂੰਹ 'ਤੇ ਕਰਾਰੀ ਚਪੇੜ ਮਾਰ ਗਏ।

ਧੰਨ ਜਨਨੀ ਜਿਨਿ ਜਾਇਆ, ਧੰਨੁ ਪਿਤਾ ਪਰਧਾਨੁ॥
ਸਤਿਗੁਰੁ ਸੇਵਿ ਸੁਖੁ ਪਾਇਆ, ਵਿਚਹੁ ਗਇਆ ਗੁਮਾਨੁ॥ (32)



ਕਰ ਭਲਾ ਹੋ ਭਲਾ

ਗੁਰੂ ਪਿਆਰ ਵਾਲਾ ਇੱਕ ਸਾਧ ਹੋ ਗੁਜਰਿਆ ਹੈ, ਇਸ ਦਾ ਨਾਮ ਸੀ ਭਾਈ ਰਾਮ ਕਿਸ਼ਨ। ਇਨ੍ਹਾਂ ਨੇ ਸੇਵਾ ਕਰਨ ਵਿੱਚ ਕਦੀ ਸੰਕੋਚ ਨਹੀਂ ਕੀਤਾ ਸੀ। ਖ਼ੁਦ ਦੀਆਂ ਲੋੜਾਂ ਸੀਮਤ ਜਿਹੀਆਂ ਸਨ। ਜੋ ਸੰਗਤ ਵੱਲੋਂ ਧਨ ਪਦਾਰਥ ਆਉਂਦਾ, ਉਸ ਨੂੰ ਲੋੜਵੰਦਾਂ ਵਿੱਚ ਵੰਡ ਦਿਆ ਕਰਦੇ ਸਨ। ਮੁਫ਼ਤਖੋਰੇ ਚੇਲਿਆਂ ਦੀਆਂ ਧਾੜਾਂ ਆਪਣੇ ਦੁਆਲੇ ਨਹੀਂ ਜੁੜਨ ਦਿੱਤੀਆਂ। ਜੇਕਰ ਕੋਈ ਪ੍ਰੇਮੀ ਦਰਸ਼ਨਾਂ ਨੂੰ ਆਉਂਦਾ ਤਾਂ ਥੋੜ੍ਹਾ ਆਰਾਮ ਕਰਨ ਤੋਂ ਮਗਰੋਂ ਕਹਿ ਦਿੰਦੇ ਸਨ ਕਿ ਭਾਈ ਜਿਸ ਕੰਮ ਜੋਗੇ ਹੋ, ਉਸ ਤਰ੍ਹਾਂ ਦਾ ਕੋਈ ਕੰਮ ਜ਼ਰੂਰ ਕਰਨਾ ਪਵੇਗਾ। ਇਹ ਭੀ ਸੁਣਨ ਵਿੱਚ ਆਇਆ ਹੈ ਕਿ ਜੇਕਰ ਡੇਰੇ ਵਿੱਚ ਕੋਈ ਖ਼ਾਸ ਕੰਮ ਨਹੀਂ ਹੈ ਤਾਂ ਭਾਈ ਰਾਮ ਕਿਸ਼ਨ ਸੇਵਕ ਨੂੰ ਪਿੰਡ ਦੀ ਸਫ਼ਾਈ ਕਰਨ ਲਾ ਦਿਆ ਕਰਦੇ ਸਨ। "ਜਾਓ ਵੇਖੋ! ਗਲੀਆਂ ਵਿੱਚ ਜਿੱਥੇ ਕਿਤੇ ਪਾਣੀ ਖਲੋਤਾ ਹੈ, ਉਸ ਨੂੰ ਸਾਫ਼ ਕਰੋ। ਆਲੇ-ਦੁਆਲੇ ਵੇਖ ਕੇ ਵੇਹਲੀ ਥਾਂ ਵਿੱਚੋਂ ਮਿੱਟੀ ਲਿਆ ਕੇ ਟੋਏ ਬੰਦ ਕਰੋ। ਪਾਣੀ ਦੇ ਨਿਕਾਸ ਦਾ ਯੋਗ ਪ੍ਰਬੰਧ ਕਰੋ। ਇਥੇ ਪਾਣੀ ਦੁਬਾਰਾ ਇਕੱਠਾ ਨਾ ਹੋਵੇ। ਦੇਰ-ਸਵੇਰ ਲੋਕਾਂ ਨੂੰ ਲੰਘਣ ਵਿੱਚ ਲੱਦੇ ਭਾਰ ਨੂੰ ਢੋਹਣ ਵਾਲੇ ਬਲਦਾਂ ਨੂੰ ਅਜਿਹੀਆਂ ਥਾਵਾਂ 'ਤੇ ਬਹੁਤ ਮਾਰ ਪੈਂਦੀ ਹੈ। ਭਾਰ ਲੱਦਿਆ ਹੋਣ ਕਰ ਕੇ ਗੱਡਾ ਚਿੱਕੜ ਵਿੱਚ ਖੁੱਭ ਜਾਂਦਾ ਹੈ। ਜਦੋਂ ਬਲਦਾਂ ਤੋਂ ਖਿੱਚਿਆ ਨਹੀਂ ਜਾਂਦਾ ਤਾਂ ਮਾਲਕ ਡੰਡੇ-ਸੋਟੇ ਨਾਲ ਬਹੁਤ ਮਾਰਦਾ ਹੈ। ਪੁੰਨ ਖੱਟ ਲਓ ਭਾਈ, ਗਲੀਆਂ ਨਾਲੀਆਂ ਸਾਫ਼ ਕਰਨ ਵਿੱਚ ਬੜਾ "ਪੁੰਨ" ਲਗਦਾ ਹੈ।"

ਬੋਲ-ਚਾਲ ਵਿੱਚ ਹਮੇਸ਼ਾ ਸਮਝਾਉਂਦੇ, "ਇੱਕ ਤਾਂ ਭਾਈ ਸਰੀਰ ਨੂੰ ਵੇਹਲਾ ਨਾ ਰਹਿਣ ਦਿਓ। ਇਹ ਹਰਾਮੀ ਬਣ ਜਾਂਦਾ ਹੈ ਜਾਣੀ ਕਿ ਸੋਹਲ ਹੋ ਕੇ ਕੰਮ ਕਰ ਹੀ ਨਹੀਂ ਸਕਦਾ। ਦੂਜਾ ਦਰਿਦਰੀ ਹੋ ਕੇ ਕਈ ਬਿਮਾਰੀਆਂ ਸਹੇੜ ਲੈਂਦਾ ਹੈ। ਮੋਟਾਪਾ ਤਾਂ ਭਾਈ ਬਿਮਾਰੀਆਂ ਦੀ ਮੁੱਢਲੀ ਸ਼ੁਰੂਆਤ ਹੈ। ਇਸ ਮੋਟਾਪੇ ਨੂੰ ਆਪਣੇ ਨੇੜੇ ਨਾ ਫਟਕਣ ਦਿਓ। ਸਾਧ-ਸੰਤਾਂ ਨੂੰ ਖੁਰਾਕ ਘੱਟ ਖਾਣੀ ਚਾਹੀਦੀ ਹੈ। ਗਿਰੀਆਂ, ਬਦਾਮ, ਕਾਜੂ, ਦੁੱਧ, ਮਲਾਈਆਂ ਆਦਿ ਤੋਂ ਸਾਨੂੰ ਸੰਕੋਚ ਕਰਨਾ ਚਾਹੀਦਾ ਹੈ ਕਿਉਂਕਿ ਭਾਰੀ ਖੁਰਾਕ, ਭਾਰੀ ਕੰਮਾਂ ਨਾਲ ਹੀ ਹਜ਼ਮ ਹੋਇਆ ਕਰਦੀ ਹੈ। ਵੇਹਲਿਆਂ ਨੂੰ ਤਾਂ ਰੁੱਖੀ-ਸੁੱਖੀ ਹੀ ਕਾਫੀ ਹੈ।" ਨਾਲੇ ਡਰਾਵਾ ਦਿੰਦੇ, "ਭਾਈ! ਲੋਕੀਂ ਕਈ ਤਰ੍ਹਾਂ ਦੀਆਂ ਸੁੱਖਣਾ ਸੁੱਖਦੇ ਹਨ। ਬਿਮਾਰੀ ਦੂਰ ਕਰਨ ਦੀਆਂ ਅਰਦਾਸਾਂ ਕਰਾਉਂਦੇ ਹਨ। ਫਿਰ ਖੀਰ, ਕੜਾਹ (ਪ੍ਰਸ਼ਾਦ) ਆਦਿ ਦੇ ਕੋਲ ਖੜਾ ਕੇ ਅਰਦਾਸਾਂ ਕੀਤੀਆਂ ਜਾਂਦੀਆਂ ਨੇ। ਜਿਸ ਦੇ ਰੋਗ-ਸੋਗ ਦੂਰ ਕਰਨ ਲਈ ਅਰਦਾਸ ਕੀਤੀ ਜਾਂਦੀ ਹੈ, ਉਹ ਤਾਂ ਨਿਰੋਗ ਹੋ ਜਾਂਦਾ ਹੈ। ਫਿਰ ਉਸ ਦੇ ਕਸ਼ਟ ਰੋਗ-ਸੋਗ ਅੰਨ-ਦਾਣਾ ਛਕਣ ਵਾਲੇ 'ਤੇ ਮਾਰ ਕਰਦੇ ਹਨ। ਇਸ ਲਈ ਕਿਸੇ ਪ੍ਰੇਮੀ ਦੇ ਘਰ ਜਾ ਕੇ ਸਬਰ ਸੰਤੋਖ ਰੱਖਿਆ ਹੀ ਚੰਗਾ ਹੁੰਦਾ ਹੈ।

ਸਾਦਗੀ ਵਿੱਚ ਰਹਿਣਾ ਲੋੜਵੰਦਾਂ ਦੀ ਉਚਿਤ ਸਹਾਇਤਾ ਕਰਨੀ, ਇਨ੍ਹਾਂ ਗੁਣਾਂ ਕਾਰਨ ਲੋਕਾਂ ਵਿੱਚ ਭਾਈ ਰਾਮ ਕਿਸ਼ਨ ਦੀ ਚੰਗੀ ਮਾਨਤਾ ਹੋ ਗਈ। ਲੋਕੀਂ ਆ ਕੇ ਦੁੱਖ-ਸੁੱਖ ਸਾਂਝਾ ਕਰਦੇ। ਜੇ ਕੋਈ ਮੁਸ਼ਕਲ ਆਣ ਪਈ ਤਾਂ ਸਲਾਹ ਲੈਂਦੇ। ਇੱਕ ਗ਼ਰੀਬ ਸਿੱਖ 'ਤੇ ਬਿਪਤਾ ਆਣ ਪਈ, ਉਹ ਭਾਈ ਰਾਮ ਕਿਸ਼ਨ ਪਾਸ ਆ ਫਰਿਆਦੀ ਹੋਇਆ। ਦੁਖਿਆਰੇ ਨੇ ਬੇਨਤੀ ਕੀਤੀ, "ਭਾਈ ਜੀ! ਮੇਰੀ ਪਤਨੀ ਲੰਮਾਂ ਸਮਾਂ ਬਿਮਾਰ ਰਹੀ। ਨਿੱਕੇ ਬੱਚਿਆਂ ਦੀ ਸੰਭਾਲ਼ ਅਤੇ ਪਤਨੀ ਦੀ ਦਵਾ-ਦਾਰੂ ਲਈ ਮੈਂ ਦਿਹਾੜੀ ਕਰਨ ਨਹੀਂ ਜਾ ਸਕਿਆ। ਘਰ ਵਿੱਚ ਡਾਹਢੀ ਤੋਟ ਆ ਗਈ। ਰਿਸ਼ਤੇਦਾਰਾਂ ਤੋਂ ਜੋ ਕੁੱਝ ਮਿਲ ਸਕਦਾ ਸੀ, ਲੈ ਕੇ ਖਾ ਲਿਆ। ਹਾਰ ਹੰਭ ਕੇ ਪਿੰਡ ਦੇ ਸਾਹੂਕਾਰ ਤੋਂ ਇੱਕ ਸੌ ਰੁਪਿਆ ਵਿਆਜ 'ਤੇ ਲੈ ਲਿਆ। ਪੰਜ ਸਾਲ ਹੋ ਗਏ ਨੇ, ਮੈਂ ਇੱਕ ਸੌ ਦਾ ਪੰਜ ਸੌ ਮੋੜ ਦਿੱਤਾ ਪਰ ਸਾਹੂਕਾਰ ਦਾ ਮੂਲ (ਸੌ ਰੁਪਏ) ਅਜੇ ਭੀ ਮੇਰੇ ਸਿਰ ਖੜਾ ਹੈ। ਪਤਾ ਨਹੀਂ ਉਸ ਨੇ ਕਿੰਨਾ ਕੁ ਵਿਆਜ ਮੇਰੇ ਸਿਰ ਮੜ੍ਹ ਦਿੱਤਾ ਹੈ। ਤੁਸੀਂ ਕਿਰਪਾ ਕਰੋ, ਮੈਂ ਬਹੁਤ ਗ਼ਰੀਬ ਹਾਂ ਮੇਰੀ ਤਾਂ ਉਮਰ ਲੰਘ ਜਾਵੇਗੀ, ਸ਼ਾਇਦ ਕਰਜਾ ਫਿਰ ਭੀ ਸਿਰੋਂ ਨਾ ਲੱਥੇ।"

ਭਾਈ ਰਾਮ ਕਿਸ਼ਨ ਨੇ ਦਿਲਾਸਾ ਦਿੱਤਾ, ਗੁਰੂ ਬਹੁੜੀ ਕਰੇਗਾ ਆਖ ਕੇ ਸਮੇਂ ਦੀ ਉਡੀਕ ਕਰਨ ਲਈ ਕਿਹਾ। ਕੁੱਝ ਹੀ ਦਿਨਾਂ ਮਗਰੋਂ ਉਹੀ ਸਾਹੂਕਾਰ ਭਾਈ ਰਾਮ ਕਿਸ਼ਨ ਕੋਲ ਨਿਮਰਤਾ ਸਹਿਤ ਆਪਣੇ ਘਰ ਪ੍ਰਸ਼ਾਦਾ ਛਕਣ ਲਈ ਸੱਦਾ ਦੇਣ ਲਈ ਆਇਆ। ਭਾਈ ਜੀ ਨੇ ਹਾਂ ਕਰ ਦਿੱਤੀ। ਮਿਥੇ ਦਿਨ ਪ੍ਰਵਾਰ ਦਾ ਮੁਖੀ ਸਾਰਿਆਂ ਨੂੰ ਲੈਣ ਆ ਗਿਆ। ਡੇਰੇ ਵਿਚਲੇ ਪੰਜ-ਛੇ ਸੇਵਕ ਨਾਲ ਚੱਲ ਪਏ। ਇੱਕ ਬੰਦਾ ਭੇਜ ਕੇ ਭਾਈ ਰਾਮ ਕਿਸ਼ਨ ਨੇ ਉਸ ਕਰਜਦਾਰ ਨੂੰ ਭੀ ਬੁਲਾ ਲਿਆ। ਨਾਲ਼ ਹੀ ਉਹ ਆ ਰੁਲਿਆ। ਸਾਹੂਕਾਰ ਦੇ ਘਰ ਜਾ ਉਤਾਰਾ ਕੀਤਾ। ਸਾਰਿਆਂ ਦੇ ਹੱਥ-ਪੈਰ ਧੁਆਏ, ਘਰ ਦੇ ਮੁਖੀ ਨੇ ਖ਼ੁਦ ਪਰਨੇ ਨਾਲ ਸਾਫ਼ ਕੀਤੇ। ਸਾਰਾ ਪ੍ਰਵਾਰ ਆਓ ਭਗਤ ਵਿੱਚ ਵੱਧ ਚੜ੍ਹ ਕੇ ਸੇਵਾ ਕਰਨ ਲਈ ਉਤਾਵਲਾ ਸੀ। ਚਾਦਰਾਂ ਵਿਛਾ ਕੇ ਇਨ੍ਹਾਂ ਮਹਿਮਾਨਾਂ ਨੂੰ ਬਿਠਾਇਆ। ਬੜੀ ਮਿਹਨਤ ਅਤੇ ਖ਼ਰਚ ਕਰ ਕੇ ਜੋ ਖਾਣੇ ਬਣਾਏ ਗਏ ਸਨ, ਸਾਰਿਆਂ ਦੇ ਅੱਗੇ ਪਰੋਸ ਦਿੱਤੇ ਗਏ। ਸਾਹੂਕਾਰ ਨੇ ਭਾਈ ਰਾਮ ਕਿਸ਼ਨ ਨੂੰ ਪ੍ਰਵਾਰ ਦੀ ਸੁੱਖ-ਸ਼ਾਂਤੀ ਲਈ ਅਰਦਾਸ ਕਰਨ ਲਈ ਆਖਿਆ। ਜਿਸ ਕਰਜ਼ਦਾਰ ਨੇ ਇਸ ਸਾਹੂਕਾਰ ਦੇ ਰੁਪਏ ਦੇਣੇ ਸਨ, ਰਾਮ ਕਿਸ਼ਨ ਨੇ ਉਸ ਨੂੰ ਆਪਣੇ ਕੋਲ ਬਿਠਾਇਆ। ਸਾਹੂਕਾਰ ਨੂੰ ਸੰਬੋਧਨ ਕਰ ਕੇ ਆਖਣ ਲੱਗੇ,

"ਸੇਠ ਜੀ! ਇਸ ਬੰਦੇ ਨੂੰ ਜਾਣਦੇ ਹੋ?"

ਸੇਠ, "ਹਾਂ ਜੀ, ਜਾਣਦਾ ਹਾਂ।"

ਰਾਮ ਕਿਸ਼ਨ, "ਕਿਸ ਕਾਰਨ ਜਾਣਦੇ ਹੋ, ਕੋਈ ਰਿਸ਼ਤੇਦਾਰੀ ਹੈ?"

ਸੇਠ, "ਜੀ ਨਹੀਂ, ਇਹ ਸਾਡੇ ਪਿੰਡ ਦਾ ਹੀ ਰਹਿਣ ਵਾਲਾ ਹੈ।"

ਰਾਮ ਕਿਸ਼ਨ, "ਸੱਚ ਦੱਸੋ, ਹੋਰ ਕੋਈ ਜਾਣ-ਪਛਾਣ ਨਹੀਂ?"

ਸੇਠ, "ਨਿੰਮੋਝੂਣਾ ਜਿਹਾ ਹੋ ਕੇ, ਜੀ ਕਿਸੇ ਮੁਸ਼ਕਿਲ ਵਿੱਚ ਫਸੇ ਦੀ ਔਖੇ ਵੇਲੇ ਮੈਂ ਮਦਦ ਕੀਤੀ ਸੀ। ਇਸ ਨੂੰ ਇੱਕ ਸੌ ਰੁਪਿਆ ਦਿੱਤਾ ਸੀ, ਜੋ ਇਸ ਤੋਂ ਮੁੜਿਆ ਨਹੀਂ।"

ਰਾਮ ਕਿਸ਼ਨ, "ਪਿਛਲੇ ਪੰਜ ਸਾਲਾਂ ਵਿੱਚ ਤੂੰ ਵਿਆਜ ਕਿੰਨਾ ਲਿਆ ? ਫਿਰ ਭੀ ਮੂਲ ਕਿਉਂ ਬਾਕੀ ਨਿਕਲ ਰਿਹਾ ਹੈ ?"

ਸੇਠ ਖਿੱਝ ਕੇ, "ਬਾਬਾ ਜੀ, ਤੁਸੀਂ ਲੰਗਰ ਛਕਣ ਦਾ ਕੰਮ ਨਿਬੇੜੋ, ਮੇਰੇ ਕਾਰੋਬਾਰ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਨਾ ਕਰੋ। ਕਰੋ ਕਿਰਪਾ ਛਕੋ ਲੰਗਰ।"

ਰਾਮ ਕਿਸ਼ਨ, "ਸੇਠ ਜੀ! ਅਜਿਹੇ ਗ਼ਰੀਬਾਂ ਦੇ ਬੱਚਿਆਂ ਦਾ ਖ਼ੂਨ ਨਿਚੋੜ ਕੇ (ਵਿਆਜ ਰਾਹੀਂ) ਬ੍ਰਹਮ ਭੋਜ ਕਰਦਾ ਹੈਂ। ਗ਼ਰੀਬਾਂ ਦੇ ਘਰ ਲੁੱਟ ਕੇ ਧਰਮੀ ਬਣਦਾ ਹੈਂ। ਹਰਾਮ ਨੂੰ ਹਲਾਲ ਬਣਾਉਣ ਦੀ ਕੋਸ਼ਿਸ਼ ਕਰਨ ਲੱਗਾ ਹੈਂ। ਮੈਂ ਇੱਥੇ ਸੁੱਖ-ਸ਼ਾਂਤੀ ਦੀ ਅਰਦਾਸ ਨਹੀਂ ਕਰਾਂਗਾ। ਨਾ ਹੀ ਖਾਣਾ ਖਾਵਾਂਗਾ। ਇਸ ਦਾ ਲਿਆ ਮੂਲ ਇੱਕ ਸੌ ਰੱਖ ਲਵੋ, ਬਾਕੀ ਇਸ ਦੇ ਸਾਰੇ ਵਾਧੂ ਲਏ ਪੈਸੇ ਵਾਪਸ ਕਰ ਦਿਓ।"

ਦੋ-ਚਾਰ ਮਿੰਟ ਉਡੀਕ ਕਰਨ ਤੋਂ ਮਗਰੋਂ ਬਿਨਾਂ ਖਾਣਾ ਖਾਧੇ, ਭਾਈ ਰਾਮ ਕਿਸ਼ਨ ਸਾਥੀਆਂ ਸਮੇਤ ਉੱਠ ਕੇ ਵਾਪਸ ਚੱਲ ਪਏ। ਪਰਵਾਰ ਦੇ ਜੀਆਂ ਨੇ ਬੜੇ ਤਰਲੇ ਕੀਤੇ ਪਰ ਕਿਸੇ ਦੀ ਨਾ ਸੁਣੀ, ਵਾਪਸ ਡੇਰੇ ਵਿੱਚ ਆ ਗਏ। ਨਾ ਬੋਲੇ, ਨਾ ਬਾਹਰ ਨਿਕਲੇ, ਬਹੁਤ ਮਨ ਉਦਾਸ। ਦੋ ਦਿਨ ਬੀਤ ਗਏ, ਉਹੀ ਸੇਠ ਪਿੰਡ ਦੇ ਪੰਜ ਮੋਹਤਬਰ ਬੰਦਿਆਂ ਨੂੰ ਨਾਲ ਲੈ ਕੇ ਫਿਰ ਆ ਹਾਜ਼ਰ ਹੋਇਆ।

ਬੇਨਤੀ ਕੀਤੀ, "ਬਾਬਾ ਜੀ! ਬੀਬੀਆਂ-ਬੱਚੇ ਰੋ ਰਹੇ ਹਨ, ਅਸੀਂ ਕਿਸੇ ਨੇ ਦੋ ਦਿਨਾਂ ਤੋਂ ਖਾਣਾ ਨਹੀਂ ਖਾਧਾ। ਸਾਰਾ ਕੁੱਝ ਖ਼ਰਾਬ ਹੋ ਗਿਆ, ਪਸ਼ੂਆਂ ਨੂੰ ਖੁਆ ਦਿੱਤਾ। ਸਾਡਾ ਕਿਤੇ ਜੀਅ ਨਹੀਂ ਲਗਦਾ। ਕਿੰਨੇ ਅਭਾਗੇ ਹਾਂ ਅਸੀਂ ਕਿ ਘਰ ਆਏ ਰੱਬ ਦੇ ਪਿਆਰਿਆਂ ਨੂੰ ਬਿਨਾਂ ਖਾਣਾ ਖੁਆਏ ਵਾਪਸ ਮੋੜ ਦਿੱਤਾ। ਕਿਵੇਂ ਉਤਰੇਗਾ ਸਾਡੇ ਸਿਰੋਂ ਅਜਿਹਾ ਪਾਪ ?"

ਭਾਈ ਰਾਮ ਕਿਸ਼ਨ ਜੀ ਆਖਣ ਲੱਗੇ, "ਭਾਈ ਵਿਆਕੁਲ ਤਾਂ ਅਸੀਂ ਭੀ ਬਹੁਤ ਹਾਂ। ਦੋ ਦਿਨ ਹੋ ਗਏ, ਅਸੀਂ ਭੀ ਖਾਣਾ ਨਹੀਂ ਖਾਧਾ, ਨੀਂਦ ਨਹੀਂ ਆਈ। ਮਨ ਉਦਾਸ ਸੀ ਕਿ ਕਿਸ ਤਰ੍ਹਾਂ ਦਾ ਸਮਾਂ ਆ ਗਿਆ ਹੈ।"

ਸੇਠ, "ਫਿਰ ਚੱਲੋ ਹਜ਼ੂਰ, ਰੁੱਖਾ-ਸੁੱਖਾ ਭੋਜਨ ਛਕੋ ਤਾਂ ਕਿ ਅਸੀਂ ਭੀ ਛਕ ਸਕੀਏ।"

ਰਾਮ ਕਿਸ਼ਨ, "ਐ ਭਲੇ ਪੁਰਖ! ਜਿਸ ਗ਼ਰੀਬ ਦਾ ਖ਼ੂਨ ਨਿਚੋੜ ਕੇ ਸੁਆਦੀ ਖਾਣੇ ਤਿਆਰ ਕਰ ਕੇ ਸਾਧਾਂ ਸਿੱਖਾਂ ਨੂੰ ਛਕਾਉਂਦੇ ਹੋ। ਆਪਣੇ ਵੱਲੋਂ ਦਾਨ-ਪੁੰਨ ਕਰ ਕੇ ਪਰਮੇਸ਼ਰ ਨੂੰ ਖ਼ੁਸ਼ ਕਰਨ ਦਾ ਭਰਮ ਪਾਲਦੇ ਹੋ। ਪਰਵਾਰ ਵਿੱਚ ਸੁੱਖ-ਸ਼ਾਂਤੀ ਦੀ ਆਸ ਲਾਈ ਬੈਠੇ ਹੋ। ਗ਼ਰੀਬਾਂ ਦਾ ਖ਼ੂਨ ਨਿਚੋੜਨਾ ਬੰਦ ਕਰ ਦਿਓ। ਸਾਨੂੰ ਬੇਸ਼ਕ ਲੰਗਰ ਨਾ ਛਕਾਓ। ਕਰਜੇ ਦੀ ਪੰਡ ਸਿਰ 'ਤੇ ਟਿਕੀ ਕਾਰਨ ਇੱਕ ਪ੍ਰਵਾਰ ਰੋ ਰਿਹਾ ਹੈ। ਤੁਹਾਡਾ ਪ੍ਰਵਾਰ ਤੇ ਅਸੀਂ ਸਾਧ ਲੋਕ ਸੁਆਦੀ ਖਾਣੇ ਖਾ ਕੇ ਖ਼ੁਸ਼ੀਆਂ ਮਨਾ ਰਹੇ ਹਾਂ। ਜੇ ਪਰਮੇਸ਼ਰ ਸਾਡੇ 'ਤੇ ਖ਼ੁਸ਼ ਹੋਵੇਗਾ ਤਾਂ ਉਨ੍ਹਾਂ ਨੂੰ ਵਿਆਕੁਲ ਵੇਖ ਕੇ ਰੱਬ ਦੁਖੀ ਭੀ ਹੋਵੇਗਾ।"

ਸੇਠ, "ਤੁਸੀਂ ਕੀ ਚਾਹੁੰਦੇ ਹੋ, ਦੱਸੋ ਤਾਂ ਸਹੀ ?"

ਰਾਮ ਕਿਸ਼ਨ, "ਉਸ ਗ਼ਰੀਬ ਬੰਦੇ ਦਾ ਮੂਲ, ਇੱਕ ਸੌ ਰੁਪਿਆ ਰੱਖ ਕੇ, ਬਾਕੀ ਸਾਰੇ

ਖ਼ਜ਼ਾਨੇ ਦਾ ਮਾਲਕ ਭਿਖਾਰੀ

ਦੁਨੀਆਂ ਦੇ ਸਾਰੇ ਲੋਕ ਕੋਈ ਨ ਕੋਈ ਧੰਦਾ ਜ਼ਰੂਰ ਕਰਦੇ ਹਨ। ਇਸ ਤੋਂ ਬਗ਼ੈਰ ਜੀਵਨ ਨਹੀਂ ਚਲਦਾ। ਚੋਰੀ ਕਰਨੀ, ਡਾਕਾ ਮਾਰਨਾ, ਜੇਬਾਂ ਕੱਟਣੀਆਂ, ਨੌਕਰੀ ਕਰਨੀ, ਵਾਪਾਰ ਜਾਂ ਮਜ਼ਦੂਰੀ ਕਰਨੀ, ਕੁੱਝ ਭੀ ਕਰੋ ਪਰ ਪੈਸਾ ਕਮਾਉਣ ਵਾਸਤੇ ਕੋਈ ਰਾਹ ਤਾਂ ਅਖ਼ਤਿਆਰ ਕਰਨਾ ਹੀ ਪਵੇਗਾ। ਸਮਾਜ ਦੇ ਮਾਪਦੰਡ ਅਨੁਸਾਰ ਕੰਮ ਘਟੀਆ-ਵਧੀਆ ਬਣ ਜਾਂਦੇ ਹਨ। ਜਿਸ ਕੰਮ ਬਾਰੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕਰ ਕੇ, ਆਮ ਲੋਕਾਂ ਅੰਦਰ "ਚੰਗਿਆਈ ਜਾਂ ਬੁਰਾਈ" ਭਰ ਦਿੱਤੀ, ਸਦੀਆਂ ਤੱਕ ਲੋਕੀਂ ਬਿਨਾਂ ਸੋਚੇ ਸਮਝੇ ਉਹੀ ਕੰਮ ਅੱਖਾਂ ਬੰਦ ਕਰ ਕੇ ਕਰੀ ਜਾਂਦੇ ਹਨ। ਰਿਸ਼ਵਤ ਲੈਣੀ ਬਹੁਤ ਬੁਰੀ ਦੱਸੀ ਗ਼ਈ ਹੈ ਪਰ ਜਦੋਂ ਆਮ ਆਦਮੀ ਲਵੇ ਤਾਂ...। ਜਦੋਂ ਭਗਵਾਨ ਦੇ ਅੱਗੇ ਰੁਪਏ ਰੱਖੇ ਜਾਂਣ, ਸੋਨਾ-ਚਾਂਦੀ ਭੇਟ ਕੀਤੇ ਜਾਣ, ਗਾਵਾਂ-ਮੱਝਾਂ "ਦਾਨ" ਕੀਤੀਆਂ ਜਾਣ, ਆਪਣੀਆਂ ਮਾਸੂਮ ਬੇਟੀਆਂ ਦੇਵਤਿਆਂ ਅੱਗੇ ਭੇਟ ਕਰ ਦਿੱਤੀਆਂ ਜਾਣ, ਤਦੋਂ ਬੁਰਾਈ ਮਹਿਸੂਸ ਨਹੀਂ ਹੁੰਦੀ। ਜਦੋਂ ਗੁਰੂ ਗ੍ਰੰਥ ਸਾਹਿਬ ਦੇ ਨਾਮ 'ਤੇ ਰੁਮਾਲੇ, ਦੇਗਾਂ, ਅੰਨ-ਦਾਣਾ, ਦੁੱਧ-ਘਿਓ, ਰੁਪਏ, ਸੋਨਾ-ਚਾਂਦੀ ਅਰਪਣ ਕੀਤਾ ਜਾਵੇ ਤਦੋਂ ਬੁਰਾ ਨਹੀਂ ਲਗਦਾ। ਜਿਥੇ ਭਗਵਾਨ, ਦੇਵਤਾ ਜਾਂ ਵਾਹਿਗੁਰੂ "ਰਿਸ਼ਵਤ" ਲੈ ਕੇ ਖ਼ੁਸ਼ ਹੁੰਦੇ ਹੋਣ, ਉਥੋਂ ਦੇ ਆਮ ਲੋਕਾਂ ਦੇ ਜੀਵਨ ਬਾਰੇ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ।

ਆਮ ਵਿਅਕਤੀ ਮੰਗਤਿਆਂ ਨੂੰ ਇੱਜ਼ਤ ਦੀ ਨਜ਼ਰ ਨਾਲ ਨਹੀਂ ਵੇਖਦਾ। ਮੰਗਤੇ ਨੂੰ ਕਈ ਤਰ੍ਹਾਂ ਦੀਆਂ ਨਸੀਹਤਾਂ ਭੀ ਦੇਣ ਲੱਗ ਪੈਂਦਾ ਹੈ। "ਕੋਈ ਕੰਮ ਕਰਿਆ ਕਰ ਹੱਡ ਹਰਾਮੀ ਨਾ ਬਣ", ਵਰਗਾ "ਮਾਰੂ ਰਾਗ" ਭੀ ਸੁਣਨ ਨੂੰ ਮਿਲ ਸਕਦਾ ਹੈ ਪਰ ਜਦੋਂ ਰੱਬ ਦੇ ਨਾਂ 'ਤੇ ਪੁਜਾਰੀ ਲੋਕ ਲੱਖਾਂ ਰੁਪਏ ਇਕੱਠੇ ਕਰ ਲੈਂਦੇ ਹਨ, ਉਨ੍ਹਾਂ ਨੂੰ ਕੋਈ ਮੰਗਤੇ ਨਹੀਂ ਕਹਿੰਦਾ। "ਤਿੰਨ ਸੌ ਸਾਲ ਗੁਰੂ ਦੇ ਨਾਲ" ਦਾ ਸੰਘ ਪਾੜਵਾਂ ਨਾਹਰਾ ਮਾਰ ਕੇ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਾਰੇ ਹਿੰਦੁਸਤਾਨ ਵਿੱਚ ਘੁਮਾਇਆ। ਅਰਬਾਂ ਰੁਪਏ ਇਕੱਠੇ ਕੀਤੇ ਗਏ। ਗੁਰੂ ਦੀ ਆੜ ਵਿੱਚ ਵੱਡੇ-ਵੱਡੇ ਮੰਗਤੇ ਘਰ-ਘਰ ਜਾ ਕੇ "ਭੀਖ" ਮੰਗਦੇ ਰਹੇ। ਲੋਕੀਂ ਹੱਥ ਜੋੜ ਕੇ ਸਿਰ ਝੁਕਾ ਕੇ ਅਤੀ ਸ਼ਰਧਾ ਨਾਲ ਮਾਇਆ ਦਿੰਦੇ ਰਹੇ। ਜਦੋਂ ਕੋਈ ਚੰਦਾ ਮੰਗੇ, ਜਦੋਂ ਕੋਈ ਉਗਰਾਹੀ ਕਰੇ ਤਾਂ ਆਪਣੇ ਆਪ ਨੂੰ ਮੰਗਤਾ ਨਹੀਂ ਅਖਵਾਉਂਦਾ। ਗੁਰਦਵਾਰਿਆਂ ਵਿੱਚੋਂ ਸੰਗਤਾਂ ਅੱਗੇ ਸਪੀਕਰਾਂ ਰਾਹੀਂ ਕੋਈ ਮਾਇਆ ਦੀਆਂ ਅਪੀਲਾਂ ਕਰੇ ਤਾਂ ਮੰਗਤਾ ਨਹੀਂ ਹੈ। ਬਸ ਗ਼ਰੀਬ ਬੰਦਾ ਜਦੋਂ ਰੁਪਏ, ਦੋ ਰੁਪਏ ਮੰਗਦਾ ਹੈ ਤਾਂ ਮੰਗਤਾ ਹੈ। ਜਦੋਂ ਪੇਟ ਨੂੰ ਝੁਲਕਾ ਦੇਣ ਲਈ ਦੋ ਰੋਟੀਆਂ ਮੰਗਦਾ ਹੈ ਤਾਂ ਮੰਗਤਾ ਹੈ। ਜਦੋਂ ਕੋਈ ਉਤਾਰਿਆ ਹੋਇਆ ਕੱਪੜਾ ਮੰਗਦਾ ਹੈ ਤਾਂ ਤ੍ਰਿਸਕਾਰ ਜੋਗ ਹੈ। ਕੋਈ ਸਾਧ-ਸੰਤ, ਕੋਈ ਜੋਗੀ-ਪੀਰ-ਫ਼ਕੀਰ ਸਾਰਾ ਘਰ ਮੰਗ ਲਵੇ, ਪੰਜ-ਦਸ ਏਕੜ ਜ਼ਮੀਨ ਮੰਗ ਲਵੇ, ਲੱਖਾਂ ਰੁਪਿਆ ਮੰਗ ਲਵੇ ਤਾਂ ਮੰਗਤਾ ਨਹੀਂ ਹੈ, ਸਤਿਕਾਰ ਦਾ ਪਾਤਰ

ਹੈ। ਆਮ ਮਨੁੱਖ ਦੀ ਮਾਨਸਿਕ ਬਣਤਰ ਇਸੇ ਤਰ੍ਹਾਂ ਘੜ-ਤਰਾਸ਼ ਕੇ ਤਿਆਰ ਕਰ ਦਿੱਤੀ ਗਈ ਹੈ। ਸਦੀਆਂ ਤੋਂ ਇਸ ਉਪਦੇਸ਼ ਨੂੰ ਸੁਣ-ਸੁਣ ਕੇ, ਬਿਨਾਂ ਕਿਸੇ ਹੀਲ ਹੁੱਜਤ ਤੋਂ ਲੋਕੀਂ ਇਸ ਨੂੰ "ਧਰਮ ਦਾ ਪਵਿੱਤਰ ਕਾਰਜ" ਸਮਝ ਕੇ ਮੰਨਣ ਲੱਗ ਪਏ ਹਨ। ਇਥੇ ਦੇਵਤੇ ਭੀ ਮੰਗਤੇ ਹਨ, ਧਰਮ ਗੁਰੂ ਭੀ ਮੰਗਤੇ ਹਨ, ਧਰਮ ਉਪਦੇਸ਼ਕ ਅਤੇ ਧਰਮ ਮੁਖੀ ਭੀ ਮੰਗਤੇ ਹਨ। ਉਪਰ ਸੀਨਾ ਜੋਗੀ ਵੇਖੋ ਕਿਰਤੀ ਨੂੰ ਨੀਂਵਾਂ ਦਸਦੇ ਹਨ ਤੇ ਖ਼ੁਦ ਨੂੰ ਮਹਾਨ ਸੰਤ ਤੇ ਬ੍ਰਹਮ ਗਿਆਨੀ ਗਰਦਾਨਦੇ ਹਨ।

ਭਾਰਤ ਦੀ ਧਰਤੀ 'ਤੇ ਬਹੁਤ ਸੋਹਣੀਆਂ ਰੁੱਤਾਂ ਹਨ। ਦਰਿਆ ਹਨ, ਹਿਮਾਲਾ ਪਰਬਤ ਵਰਗੇ ਲਾਸਾਨੀ ਪਹਾੜ ਹਨ। ਇਥੇ ਹਰ ਤਰ੍ਹਾਂ ਦੀਆਂ ਫ਼ਸਲਾਂ ਤੇ ਫੱਲ ਪੈਦਾ ਹੁੰਦੇ ਹਨ। ਧਰਤੀ ਦੇ ਅੰਦਰ ਕੋਲੇ ਤੋਂ ਲੈ ਕੇ ਹੀਰਿਆਂ ਤੱਕ, ਬੇਅੰਤ ਖਣਿਜ ਪਦਾਰਥ ਹਨ। ਆਮ ਲੋਕੀਂ ਮੇਹਨਤੀ ਹਨ। ਜੇ ਹਾਲਾਤ ਬਦਤਰ ਹਨ ਤਾਂ ਇੱਥੋਂ ਦੇ "ਮੁੱਠੀ ਭਰ" ਉਪਰਲੇ ਬੇ-ਰਹਿਮ ਲੋਕਾਂ ਦੇ ਕਾਰਨ ਜੋ ਦੇਸ਼ ਦੇ ਦੁਸ਼ਮਣ ਹਨ। ਜੋ ਧਰਮ ਅਤੇ ਰਾਜਨੀਤੀ 'ਤੇ ਅਜਗਰ ਸੱਪ ਬਣ ਕੇ ਕੁੰਡਲ ਮਾਰੀ ਬੈਠੇ ਹਨ। ਪਹਿਲਾਂ ਇਲਜ਼ਾਮ ਸੀ ਕਿ ਵਿਦੇਸ਼ੀਆਂ ਨੇ ਦੇਸ਼ ਲੁੱਟ ਲਿਆ ਹੈ। ਹੁਣ "ਆਪਣੇ ਦੇਸੀ ਅਤੇ ਧਰਮੀ ਲੋਕ" ਦੇਸ਼ ਨੂੰ ਦੋਵੇਂ ਹੱਥੀਂ ਲੁੱਟ ਕੇ ਖਾ ਰਹੇ ਹਨ।


ਪਿਛਲੇ ਸਮੇਂ ਵਿੱਚ ਗੁਰਬਾਣੀ ਨੇ ਕ੍ਰਾਂਤੀਕਾਰੀ ਸੂਰਮੇ ਪੈਦਾ ਕੀਤੇ ਹਨ। ਉਨ੍ਹਾਂ ਬਹਾਦਰਾਂ ਨੇ ਦੇਸ਼ ਦੇ ਦੱਬੇ ਕੁਚਲੇ ਲੋਕਾਂ ਨੂੰ ਥੋੜ੍ਹਾ ਜਿਹਾ ਆਜ਼ਾਦੀ ਦਾ ਅਹਿਸਾਸ ਕਰਵਾਇਆ ਹੈ, ਅਜੇ ਬਹੁਤ ਕੁੱਝ ਕਰਨ ਵਾਲਾ ਬਾਕੀ ਹੈ। ਇੱਕ ਸਾਖੀ ਦੇ ਕੇ ਖ਼ਤਮ ਕਰਦੇ ਹਾਂ।

ਇੱਕ ਨਗਰ ਦੀ ਜੂਹ ਵਿੱਚ ਬਹੁਤ ਦੇਰ ਤੋਂ ਇੱਕ ਮੰਗਤਾ ਟਿਕਿਆ ਹੋਇਆ ਸੀ। ਉਸ ਨੇ ਆਪਣੇ ਲਈ ਕੱਖਾਂ ਕਾਨਿਆਂ ਦੀ ਛੱਪਰੀ ਬਣਾਈ ਹੋਈ ਸੀ। ਪਰਸ਼ਾਦਾ ਲੋੜ ਮੁਤਾਬਕ ਪਿੰਡ ਵਿੱਚੋਂ ਮੰਗ ਲਿਆਉਂਦਾ। ਸੀਮਤ ਜਿਹੀਆਂ ਲੋੜਾਂ ਕਾਰਨ ਲੋਕਾਂ ਨੂੰ ਉਹ ਦੁੱਖਦਾਈ ਨਹੀਂ ਸੀ ਲਗਦਾ। ਵੀਹ-ਪੰਝੀ ਸਾਲ ਤੱਕ ਥੋੜੇ ਇਲਾਕੇ ਵਿੱਚੋਂ ਉਹ ਬਾਹਰ ਨਹੀਂ ਗਿਆ। ਜਦੋਂ ਦੋ ਕੁ ਦਿਨ ਮੰਗਤਾ ਨਾ ਦਿੱਸਿਆ ਤਾਂ ਕੁੱਝ ਬੰਦਿਆਂ ਨੇ ਜਾ ਕੇ ਝੁੱਗੀ ਅੰਦਰ ਵੇਖਿਆ। ਮੰਗਤਾ ਮਰ ਚੁੱਕਿਆ ਸੀ। ਪਿੰਡ ਦੇ ਹੋਰ ਸਿਆਣੇ ਬੰਦੇ ਇਕੱਠੇ ਹੋ ਗਏ ਨੌਜੁਆਨਾਂ ਨੂੰ ਕਿਹਾ ਕਿ ਇਸ ਦੀ ਇਸ ਛੱਪਰੀ ਦੇ ਨਾਲ ਹੀ ਡੂੰਘਾ ਟੋਆ ਪੁੱਟ ਦਿਓ, ਇਥੇ ਹੀ ਦੱਬ ਦਿਆਂਗੇ। ਨੌਜੁਆਨਾਂ ਨੇ ਤਿੰਨ-ਚਾਰ ਫੁੱਟ ਡੂੰਘਾ ਟੋਆ ਅਜੇ ਪੁੱਟਿਆ ਹੀ ਸੀ ਕਿ ਕਹੀ ਕਿਸੇ ਲੋਹੇ ਦੀ ਬਣੀ ਚੀਜ਼ ਨਾਲ ਟਕਰਾਈ। ਦਿਲਚਸਪੀ ਵਧੀ ਸਾਰਿਆਂ ਦੀ। ਹੋਰ ਪੁੱਟਿਆ ਤਾਂ ਚਾਰ ਗਾਗਰਾਂ ਸੋਨੇ-ਚਾਂਦੀ ਦੀਆਂ ਮੋਹਰਾਂ ਦੀਆਂ ਭਰੀਆਂ ਹੋਈਆਂ ਨਿੱਕਲ ਆਈਆਂ। ਸਾਰਿਆਂ ਦੀ ਖ਼ੁਸ਼ੀ ਦਾ ਪਾਰਾਵਾਰ ਨਾ ਰਿਹਾ। ਮੰਗਤੇ ਦਾ ਮਰਨਾ ਖ਼ੂਬ ਵੱਡਾ ਕੀਤਾ ਗਿਆ। ਸਾਰੇ ਪਿੰਡ ਨੂੰ ਤਰ੍ਹਾਂ-ਤਰ੍ਹਾਂ ਦੇ ਵਧੀਆ ਪਕਵਾਨ ਛਕਾਏ ਗਏ। ਹਰ ਕੋਈ ਆਖੇ, "ਜਿੰਨਾ ਕੁ ਬਾਬੇ ਨੇ ਪਿੰਡ ਦਾ ਖਾਧਾ ਸੀ, ਉਤਨਾ ਕੁ ਖਵਾ ਕੇ ਬਿੜ੍ਹੀ ਉਤਾਰ ਗਿਆ। ਉਸ ਦੀ ਛੋਟੀ ਜਿਹੀ ਯਾਦਗਾਰ ਬਣਾ ਦਿੱਤੀ। ਬਾਕੀ ਪੈਸਾ ਪਿੰਡ ਦੇ ਸਾਂਝੇ ਕੰਮਾਂ

'ਤੇ ਲਾਉਣ ਦਾ ਫ਼ੈਸਲਾ ਕਰ ਲਿਆ ਗਿਆ। ਬੜੀ ਚਰਚਾ ਚੱਲ ਪਈ। ਕੋਈ ਆਖੇ ਭਗਤ ਸੀ, ਨਾਮ ਰਸੀਆ ਸੀ। ਕੋਈ ਕਹੇ, ਉਹ ਤਾਂ ਕੋਈ ਜਾਸੂਸ ਸੀ। ਕੋਈ ਕਹੇ ਕਿਤੋਂ ਕਤਲ ਕਰ ਕੇ ਦੌੜਿਆ ਹੋਣਾ। ਪੁਲਿਸ ਤੋਂ ਬਚਦਾ ਮੰਗਤਾ ਬਣ ਕੇ ਇਥੇ ਆ ਕੇ ਲੁਕ ਗਿਆ, ਭੇਸ ਵਟਾ ਲਿਆ। ਇੱਕ ਸਿਆਣੇ ਬਜ਼ੁਰਗ ਨੇ ਨਿਚੋੜ ਪੇਸ਼ ਕਰਦਿਆਂ ਪਤੇ ਦੀ ਗੱਲ ਆਖੀ, "ਬਚਿਓ ਤੇ ਨੌਜੁਆਨੋਂ ਇੱਕ ਗੱਲ ਤਾਂ ਪੱਕੀ ਹੈ ਕਿ ਉਸ ਨੇ ਕਦੀ ਡੱਕਾ ਦੂਹਰਾ ਨਹੀਂ ਕੀਤਾ। ਜੋ ਮਿਲਿਆ ਖਾ ਲਿਆ ਤੇ ਲੰਮਾ ਪੈ ਗਿਆ। ਜੇ ਚਾਹੁੰਦਾ ਕੋਈ ਹਲਕਾ-ਫੁਲਕਾ ਕੰਮ ਕਰ ਸਕਦਾ ਸੀ। ਆਪਣੀ ਰੋਟੀ ਖ਼ੁਦ ਕਮਾ ਸਕਦਾ ਸੀ ਪਰ ਨਹੀਂ ਕੀਤਾ ਕੋਈ ਕੰਮ। ਆਪਣੀ ਝੁੱਗੀ ਦੁਆਲੇ ਸਬਜ਼ੀ ਲਾ ਲੈਂਦਾ, ਕੋਈ ਫੱਲਦਾਰ ਰੁੱਖ ਲਾ ਲੈਂਦਾ। ਆਲਸੀ ਹੀ ਰਿਹਾ, ਅਜਿਹਾ ਕੋਈ ਉੱਦਮ ਨਾ ਕੀਤਾ। ਜੇ ਉਸ ਨੇ ਕਦੀ ਧਰਤੀ ਫਰੋਲੀ ਹੁੰਦੀ ਤਾਂ ਆਹ ਚਾਰ ਗਾਗਰਾਂ ਮੋਹਰਾਂ ਦੀਆਂ ਜੋ ਸਾਨੂੰ ਮਿਲੀਆਂ ਹਨ, ਉਸ ਨੂੰ ਲੱਭ ਜਾਣੀਆਂ ਸਨ। ਉਹ ਮਕਾਨ ਉਸਾਰ ਸਕਦਾ ਸੀ। ਜ਼ਮੀਨ ਖ਼ਰੀਦ ਸਕਦਾ ਸੀ। ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਪ੍ਰਾਪਤ ਕਰ ਸਕਦਾ ਸੀ। ਆਲਸੀ ਇੰਨਾ ਸੀ ਕਿ ਜਦੋਂ ਵੇਖੋ ਆਪਣੇ ਵਰਗੇ ਹੋਰ ਦੋ ਚੋਹਾਂ ਨਾਲ ਤਾਸ਼ ਖੇਢਣਾ, ਭੰਗ ਪੀ ਲੈਣੀ ਤੇ ਸੌਂ ਜਾਣਾ। ਇਸੇ ਤਰ੍ਹਾਂ ਉਮਰ ਬੀਤ ਗਈ।

ਇੰਨ ਬਿੰਨ ਇਹੀ ਉਦਾਹਰਣ ਉਨ੍ਹਾਂ ਸਿੱਖਾਂ 'ਤੇ ਪੂਰੀ ਢੁੱਕਦੀ ਹੈ, ਜਿਨ੍ਹਾਂ ਨੇ ਕਦੀ ਗੁਰਬਾਣੀ ਖ਼ਜ਼ਾਨਾ ਵੇਖਿਆ-ਪੜ੍ਹਿਆ ਹੀ ਨਹੀਂ। ਗਿਆਨ ਵੱਲੋਂ ਕੰਗਾਲ ਹੀ ਰਹੇ। ਗਿਆਨ ਦੁਆਰਾ ਦੁਨੀਆਂ ਦੀ ਹਰ ਚੀਜ਼ ਪ੍ਰਾਪਤ ਕੀਤੀ ਜਾ ਸਕਦੀ ਹੈ। ਸਿੱਖਾਂ ਨੇ ਹਾਲੀ ਇਸ ਪਾਸੇ ਇੱਕ ਕਦਮ ਭੀ ਨਹੀਂ ਪੁੱਟਿਆ, ਮੰਜ਼ਿਲ ਕਿਵੇਂ ਪ੍ਰਾਪਤ ਹੋਵੇਗੀ ? ਗਿਆਨ ਪੱਖੋਂ ਸਿੱਖ ਮੰਗਤੇ ਹੀ ਰਹਿ ਗਏ।

ਜਿਉ ਰਾਖਾ ਖੇਤੁ ਉਪਰਿ ਪਰਾਏ ॥ ਖੇਤ ਖਸਮ ਕਾ ਰਾਖਾ ਉਠਿ ਜਾਇ ॥
ਉਸੁ ਖੇਤੁ ਕਾਰਣਿ ਰਾਖਾ ਕੜੈ ॥ ਤਿਸ ਕੈ ਪਾਲੈ ਕਛੂ ਨ ਪੜੈ ॥ (179)



ਪਰਖ ਦੇ ਸੰਦ

ਪਰਉਪਕਾਰੀ ਸੁਭਾਅ ਵਾਲੇ ਧਰਮ ਮਨੁੱਖਾਂ ਨੇ ਸਮਾਜ ਨੂੰ ਜਿਉਣਯੋਗ ਬਣਾਉਣ ਵਾਸਤੇ ਅਣਗਿਣਤ ਢੰਗ ਸੁਝਾਏ ਹਨ। ਸਮੂਹਕ ਤੌਰ 'ਤੇ ਮਨੁੱਖੀ ਵਿਕਾਸ ਦੀ ਗਤੀ ਬਹੁਤ ਧੀਮੀ ਹੈ। ਉਂਗਲਾਂ 'ਤੇ ਗਿਣੇ ਜਾਣ ਜੋਗੇ ਵਿਅਕਤੀ ਕਈ ਵਾਰੀ ਬਹੁਤ ਅੱਗੇ ਬਾਰੇ ਜਾਣ ਲੈਂਦੇ ਹਨ ਪਰ ਜਦੋਂ ਆਪਣੇ ਵਿਚਾਰ ਲੋਕਾਂ ਅੱਗੇ ਰਖਦੇ ਹਨ ਤਾਂ ਆਮ ਵਿਅਕਤੀ ਇੰਨੀ ਨੀਂਵੀਂ ਸੋਚ ਵਾਲਾ ਹੁੰਦਾ ਹੈ ਕਿ ਉਨ੍ਹਾਂ ਉੱਤਮ ਵਿਚਾਰਾਂ ਨੂੰ ਸਮਝਣ ਤੋਂ ਅਸਮਰੱਥ ਹੈ। ਜੇ ਤਾਂ ਲੋਕਾਂ ਦੀ ਸਮਝ ਵਿੱਚ ਆਉਣ ਵਾਲਾ ਸੌਖਾ ਢੰਗ ਅਪਣਾਇਆ ਜਾਵੇ ਤਾਂ ਕੁੱਝ ਲੋਕ ਸਮਝ ਜਾਂਦੇ ਹਨ, ਵਰਨਾ ਵਿਰੋਧੀ ਬਹੁਤੇ ਬਣ ਜਾਂਦੇ ਹਨ। ਧਰਮੀ ਪੁਰਖਾਂ ਨੂੰ ਲੋਕੀਂ ਸਦੀਆਂ ਤੱਕ ਇਸੇ ਲਈ ਯਾਦ ਰਖਦੇ ਹਨ ਕਿ ਉਨ੍ਹਾਂ ਨੇ ਵੱਡੇ-ਛੋਟੇ ਦੀ ਵਿੱਥ ਮਿਟਾ ਕੇ ਸਾਰਿਆਂ ਨਾਲ ਪਿਆਰ ਵਾਲਾ ਸਲੂਕ ਕੀਤਾ। ਜੇ ਕਿਸੇ ਨੇ ਉਨ੍ਹਾਂ ਦੀ ਆਖੀ ਗੱਲ ਨਹੀਂ ਮੰਨੀ ਤਾਂ ਭੀ ਗੁੱਸਾ ਨਹੀਂ ਕੀਤਾ। ਉਹ ਜਾਣਦੇ ਹਨ ਕਿ ਇਸ ਵਿਚਾਰੇ ਦਾ ਦਿਮਾਗ ਹੀ ਇੰਨਾ ਕੁ ਹੈ। ਸੱਚੇ ਧਰਮੀ ਪੁਰਖਾਂ ਨੇ ਬੇਅੰਤ ਕੋਸ਼ਿਸ਼ਾਂ ਕਰ ਕੇ ਮਨੁੱਖ ਨੂੰ ਜਿਉਣਾ ਸਿਖਾਇਆ। ਸਭਿਅਤਾ ਦਾ ਮੁੱਢਲਾ ਸਰੂਪ ਤਿਆਰ ਕੀਤਾ। ਮੁੱਢਲੀ ਵਿੱਦਿਆ ਧਰਮ ਅਸਥਾਨਾਂ ਵਿੱਚੋਂ ਸ਼ੁਰੂ ਹੋਈ। ਜਨਮ ਸਮੇਂ ਧਾਰਮਕ ਰਸਮਾਂ ਕੀਤੀਆਂ ਗਈਆਂ, ਵਿਆਹ ਦੇ ਬੰਧਨ ਨੂੰ ਧਰਮ ਦੀਆਂ ਤੰਦਾਂ ਨਾਲ ਮਜ਼ਬੂਤ ਕੀਤਾ ਗਿਆ। ਮੌਤ ਸਮੇਂ ਫਿਰ ਧਰਮ ਨੇ ਰਸਮਾਂ ਨਿਭਾਈਆਂ। ਦੋਸ਼ੀਆਂ ਨੂੰ (ਜਾਂ ਬੇਕਸੂਰ ਵਿਰੋਧੀਆਂ ਨੂੰ) ਧਰਮ ਪੁਸਤਕ ਦਾ ਹਵਾਲਾ ਦੇ ਕੇ ਸੂਲੀ 'ਤੇ ਚਾਹੜਿਆ ਗਿਆ। ਬੰਦਿਆਂ ਅਤੇ ਪਸ਼ੂਆਂ ਦੀ ਧਰਮ ਦੇ ਨਾਂ 'ਤੇ ਬਲੀ ਦਿੱਤੀ ਗਈ। ਜੁਆਨ ਲੜਕੀਆਂ ਨੂੰ ਧਰਮ ਨੇ ਦੇਵਦਾਸੀਆਂ ਬਣਾ ਕੇ ਉਨ੍ਹਾਂ ਦੀ ਜ਼ਿੰਦਗੀ ਤਬਾਹ ਕੀਤੀ। ਧਰਮ ਦੇ ਨਾਂ 'ਤੇ ਭਿਆਨਕ ਜੰਗ ਲੜੇ ਗਏ। ਲੱਖਾਂ ਲੋਕਾਂ ਨੂੰ ਮਰਨ ਲਈ ਤਿਆਰ ਕਰਨ ਵਾਸਤੇ "ਧਰਮ ਯੁੱਧ" ਦੇ ਨਾਹਰੇ ਬੁਲੰਦ ਕੀਤੇ ਗਏ। ਇੱਕ "ਧਰਮ" ਨੇ ਦੂਜੇ ਧਰਮ ਦੇ ਮੰਦਰ ਢਾਹੇ, ਮਸਜਦਾਂ ਢਾਹੀਆਂ। ਗੁਰਦਵਾਰੇ ਮਲੀਆ ਮੇਟ ਕੀਤੇ। ਇੱਕ ਧਰਮ ਦੇ ਬੰਦਿਆਂ ਨੇ ਦੂਜੇ ਧਰਮ ਵਾਲੀਆਂ ਔਰਤਾਂ ਨੂੰ ਬੇਪੱਤ ਕੀਤਾ, ਬਾਜ਼ਾਰਾਂ ਵਿੱਚ ਨੰਗੀਆਂ ਕਰ ਕੇ ਘੁਮਾਇਆ। ਇੱਕ ਧਰਮ ਝਟਕਾ ਕਰਦਾ ਹੈ, ਦੂਜਾ ਹਲਾਲ ਕਰ ਕੇ ਖਾਂਦਾ ਹੈ। ਸਾਰੇ ਧਰਮਾਂ ਦੀਆਂ ਧਰਮ ਪੁਸਤਕਾਂ ਰੱਬ ਨੇ, ਖ਼ੁਦਾ ਨੇ, ਰਾਮ ਨੇ, ਗੌਡ ਨੇ, ਵਾਹਿਗੁਰੂ ਨੇ ਭੇਜੀਆਂ ਹਨ। ਸਾਰੀਆਂ ਇੱਕੋ ਰੱਬ ਵੱਲੋਂ ਆਈਆਂ ਹੋਣ ਦੇ ਬਾਵਜੂਦ ਇੱਕ-ਦੂਜੇ ਦੇ ਵਿਰੁਧ ਗਵਾਹੀ ਦਿੰਦੀਆਂ ਹਨ। "ਚੋਰੀ ਦੇ ਕਾਰੋਬਾਰ" 'ਤੇ ਜਾਣ ਤੋਂ ਪਹਿਲਾਂ ਚੋਰ ਭੀ ਧਰਮ ਅਸਥਾਨ ਜਾ ਕੇ ਨਮਸਕਾਰ ਕਰਦਾ ਹੈ। ਜੇ ਸਫ਼ਲਤਾ ਨਾਲ ਮਾਲ ਲੁੱਟ ਲਿਆਵੇ ਤਾਂ ਧਰਮ ਮੰਦਰ ਵਿੱਚ ਚੋਰੀ ਦੇ ਮਾਲ ਵਿੱਚੋਂ ਭੇਟਾ ਅਰਪਣ ਕਰ ਕੇ ਆਪਣੇ ਰੱਬ ਦਾ ਧੰਨਵਾਦ ਜ਼ਰੂਰ ਕਰਦਾ ਹੈ। ਅਰਬ ਮੁਲਕਾਂ ਵਿੱਚੋਂ ਹਮਲਾਵਰਾਂ ਨੂੰ "ਧਰਮੀ" ਲੋਕ ਅਰਦਾਸਾਂ ਕਰ ਕੇ ਭਾਰਤ ਵੱਲ ਹਮਲੇ ਵਾਸਤੇ ਟੋਰਦੇ ਸਨ। ਇੱਧਰ ਭਾਰਤ ਦੇ ਰਾਜੇ ਆਪਣੇ ਰੱਬਾਂ ਅੱਗੇ ਜੋਦੜੀਆਂ ਕਰ ਕੇ ਜੰਗ ਜਿੱਤਣੀ ਚਾਹੁੰਦੇ ਸਨ। ਪਹਿਰਾਵੇ ਦਾ, ਪੂਜਾ ਵਿਧੀਆਂ ਦਾ, ਰੱਬ ਦੇ ਸਰੂਪ ਦਾ, ਮਨੁੱਖਾਂ ਦੀ ਜ਼ਿੰਦਗੀ ਦਾ ਵਖਰੇਵਾਂ ਕਿਉਂ ਹੈ? ਜੇ ਰੱਬ ਇੱਕ ਹੈ ਤਾਂ ਵਖਰੇਵਾਂ ਨਹੀਂ ਹੋਣਾ ਚਾਹੀਦਾ?

ਕੁਦਰਤ ਨੇ ਮਨੁੱਖ ਨੂੰ ਬਹੁਤ ਸਾਰੇ ਕੀਮਤੀ ਤੋਹਫ਼ੇ ਬਖ਼ਸ਼ਿਸ਼ ਕੀਤੇ ਹਨ। ਉਨ੍ਹਾਂ ਅਨਮੋਲ ਤੋਹਫ਼ਿਆਂ ਦੀ ਵਰਤੋਂ ਕਰਨੀ ਹਰ ਹਾਲਤ ਵਿੱਚ ਸਿੱਖਣੀ ਪਵੇਗੀ। ਬਾਕੀ ਕੀਮਤੀ ਤੋਹਫ਼ਿਆਂ ਦੀ ਵਿਚਾਰ ਕਿਸੇ ਅਗਲੀ ਕਹਾਣੀ ਵਿੱਚ ਕਰਾਂਗੇ, ਇਥੇ ਸਿਰਫ਼ ਸਰੀਰ ਨਾਲ ਸਬੰਧਤ ਤੋਹਫ਼ਿਆਂ ਦਾ ਹੀ ਜ਼ਿਕਰ ਕਰਾਂਗੇ। ਮਨੁੱਖ ਲਈ ਕੰਨ ਵੱਡ ਮੁੱਲਾ ਤੋਹਫ਼ਾ ਹਨ। ਕੰਨਾਂ ਦੀ ਬਦੌਲਤ ਅਸੀਂ ਅਨੰਤ ਗਿਆਨ ਹਾਸਲ ਕਰਦੇ ਹਾਂ। ਸੁਣੀ ਹੋਈ ਆਵਾਜ਼ ਦੀ ਸਹਾਇਤਾ ਨਾਲ ਅਸੀਂ ਬੋਲਣਾ ਸਿਖਦੇ ਹਾਂ। ਅੱਖਾਂ ਦੁਆਰਾ ਸਾਡਾ ਸੰਸਾਰ ਵੱਲ ਦਰਵਾਜ਼ਾ ਖੁਲ੍ਹਦਾ ਹੈ। ਅਨੰਦ ਗਿਆਨ ਅਤੇ ਸੁੰਦਰਤਾ (ਕਰੂਪਤਾ ਸਮੇਤ) ਅੱਖਾਂ ਰਾਹੀਂ ਪ੍ਰਾਪਤ ਕੀਤੀ ਜਾਂਦੀ ਹੈ। ਪੈਰ ਆਪਣੇ ਵੱਲੋਂ ਸੇਵਾ ਕਰਦੇ ਹਨ। ਜਿਥੇ ਚਾਹੇ ਪੈਰਾਂ ਨਾਲ ਸਰੀਰ ਉਥੇ ਜਾ ਸਕਦਾ ਹੈ। ਹੱਥਾਂ ਰਾਹੀਂ ਬੇਅੰਤ ਕੰਮ ਸੰਵਾਰੇ (ਅਤੇ ਵਿਗਾੜੇ) ਜਾ ਸਕਦੇ ਹਨ। ਜ਼ਰਾ ਸੋਚੋ ਕਿ ਅਸੀਂ ਅੱਖਾਂ ਦੀ ਵਰਤੋਂ ਨਾ ਕਰੀਏ। ਕੰਨਾਂ ਤੋਂ ਹੱਥਾਂ-ਪੈਰਾਂ ਤੋਂ ਕੰਮ ਨਾ ਲਈਏ ਤਾਂ ਕਿਵੇਂ ਮਹਿਸੂਸ ਹੋਵੇਗਾ ? ਲੋਕੀਂ ਕੀ ਕਹਿਣਗੇ ? ਕੀ ਹੋਇਆ ਹੈ ਇਸ ਬੰਦੇ ਨੂੰ, ਆਪਣੇ ਸਰੀਰ ਦੇ ਸੋਹਣੇ ਅੰਗਾਂ ਦੀ ਵਰਤੋਂ ਕਿਉਂ ਨਹੀਂ ਕਰਦਾ ? ਹੱਥ ਪੈਰ ਆਦਿ ਕਾਹਦੇ ਵਾਸਤੇ ਮਿਲੇ ਹੋਏ ਹਨ ?

ਕਦੀ ਕਦਾਈਂ ਸਰੀਰ ਦਾ ਕੋਈ ਅੰਗ ਨਕਾਰਾ ਹੋ ਜਾਂਦਾ ਹੈ। ਬਿਮਾਰੀ ਕਾਰਨ ਜਾਂ ਐਕਸੀਡੈਂਟ ਕਾਰਨ ਕੰਮ ਕਰਨੋਂ ਰਹਿ ਜਾਂਦਾ ਹੈ। ਅਸੀਂ ਡਾਕਟਰਾਂ ਕੋਲ ਜਾ ਕੇ ਸਾਰੀ ਸਮੱਸਿਆ ਉਨ੍ਹਾਂ ਨੂੰ ਦਸਦੇ ਹਾਂ। ਜੇ ਅੱਖਾਂ ਖ਼ਰਾਬ ਹਨ ਤਾਂ ਭਾਰੀ ਕੀਮਤ ਦੇ ਕੇ ਨਵੀਂ ਅੱਖ ਪਵਾਈ ਜਾਂਦੀ ਹੈ। ਵੱਡੀ ਕੀਮਤ ਉਤਾਰ ਕੇ, ਹੱਥ ਜਾਂ ਪੈਰ ਦਾ ਇਲਾਜ ਕਰਾਇਆ ਜਾਂਦਾ ਹੈ। ਖ਼ਰਾਬ ਹੋਏ ਗੁਰਦੇ (ਕਿਡਨੀ) ਲੱਖਾਂ ਰੁਪਏ ਖ਼ਰਚ ਕੇ ਬਦਲ ਲਏ ਜਾਂਦੇ ਹਨ। ਦੁੱਖ-ਦਰਦ ਬਰਦਾਸ਼ਤ ਕਰਦੇ ਹਾਂ, ਪੈਸਾ ਖ਼ਰਚ ਕਰਦੇ ਹਾਂ। ਇਲਾਜ ਕਰਾਉਣ ਤੋਂ ਮਗਰੋਂ ਭੀ ਪਹਿਲਾਂ ਵਰਗੀ ਤੰਦਰੁਸਤੀ ਨਸੀਬ ਨਹੀਂ ਹੁੰਦੀ। ਹਾਂ, ਕੰਮ ਚੱਲ ਜਾਂਦਾ ਹੈ। ਕਦੀ ਗਹਿਰਾਈ ਨਾਲ ਅੰਦਰ ਝਾਤ ਮਾਰੋ, ਅੱਖਾਂ ਖ਼ਰਾਬ ਕਿਉਂ ਹੋਈਆਂ ? ਗ਼ਲਤੀ ਕਿੱਥੇ ਹੋਈ ? ਪੈਰਾਂ ਨੇ ਆਪਣੀ ਸੇਵਾ ਠੀਕ ਢੰਗ ਨਾਲ ਕਿਉਂ ਨਹੀਂ ਕੀਤੀ ? ਹੱਥਾਂ ਨੇ ਆਪਣਾ ਫ਼ਰਜ਼ ਕਿਉਂ ਨਹੀਂ ਨਿਭਾਇਆ ? ਇਨ੍ਹਾਂ ਸਾਰਿਆਂ ਦੇ ਪਿੱਛੇ ਸਭ ਨੂੰ ਚਲਾਉਣ ਵਾਲਾ, ਸਾਰਿਆਂ ਨੂੰ ਰਾਹ ਪਾਉਣ ਵਾਲਾ ਸੀ "ਮਨ"। ਬਸ ਵੱਡੀ ਗ਼ਲਤੀ ਇਥੇ ਹੀ ਹੋਈ ਮਨੁੱਖ ਮਨ ਨੂੰ ਮਨ੍ਹਾ ਨਹੀਂ ਕਰ ਸਕਿਆ, ਮਨ ਆਪਣੀਆਂ ਮਨ ਮਾਨੀਆਂ ਕਰਦਾ ਰਿਹਾ। ਲਗਾਤਾਰ ਗ਼ਲਤੀਆਂ ਕਰ ਕੇ ਅੱਖਾਂ, ਕੰਨ, ਕਿਡਨੀ ਆਦਿ ਅੰਗ ਨਕਾਰੇ ਕਰ ਲਏ।

ਅਸਲ ਵਿੱਚ ਜੇ ਮਨ ਸਹੀ ਰਾਹ 'ਤੇ ਚੱਲ ਪਵੇ, ਫਿਰ ਨੁਕਸਾਨ ਦਾ ਖ਼ਤਰਾ ਘੱਟ ਜਾਂਦਾ ਹੈ। ਇਨਸਾਨ ਆਪਣੇ ਅੰਗਾਂ ਦੀ ਸੰਭਾਲ ਕਰੇਗਾ, ਦੁਰਵਰਤੋਂ ਨਹੀਂ ਕਰੇਗਾ। ਹੱਥਾਂ ਨੂੰ ਬੁਰੇ ਕੰਮ ਤੋਂ ਮੋੜੇਗਾ, ਚੰਗੇ ਕੰਮ ਵੱਲ ਲਾਵੇਗਾ। ਪੈਰਾਂ ਨੂੰ ਕੁਰਾਹੇ ਵੱਲੋਂ ਰੋਕ ਕੇ, ਨੇਕ ਰਾਹ ਟੁਰਨ ਲਈ ਹੁਕਮ ਦੇਵੇਗਾ। ਸਰੀਰ ਦਾ ਹਰ ਅੰਗ ਜਿਸ ਕਾਰਜ ਵਾਸਤੇ ਬਣਿਆ ਹੈ, ਸਿਆਣਾ ਦਿਮਾਗ ਉਸ ਤੋਂ ਉਸੇ ਤਰ੍ਹਾਂ ਦਾ ਕੰਮ ਲਵੇਗਾ। ਵਿਗਿਆਨੀਆਂ ਨੇ ਇਨਸਾਨ ਵਾਸਤੇ (ਜਾਂ ਹੋਰਾਂ ਵਾਸਤੇ) ਜੋ ਚੀਜ਼ ਬਣਾਈ ਹੈ, ਵਰਤੋਂ ਵਿੱਚ ਲਿਆਉਣ ਤੋਂ ਪਹਿਲਾਂ ਉਸ ਦੀ ਬਹੁਤ ਵਾਰੀ ਜਾਂਚ ਪਰਖ ਕੀਤੀ ਜਾਂਦੀ ਹੈ। ਜੇਕਰ ਵਿਸ਼ਵਾਸ ਹੋ ਜਾਵੇ ਤਾਂ ਉਸ ਨੂੰ ਆਮ ਵਰਤੋਂ ਲਈ ਮੰਡੀ ਵਿੱਚ ਉਤਾਰਿਆ ਜਾਂਦਾ ਹੈ। ਵਿਗਿਆਨੀਆਂ ਨੇ ਹਰ ਚੀਜ਼ ਦੀ ਪਰਖ ਕਰਨ ਵਾਸਤੇ ਲੈਬਾਟਰੀਆਂ

ਬਣਾਈਆਂ ਹੋਈਆਂ ਹਨ। ਜੇ ਵਿਗਿਆਨੀ ਆਪਣੀਆਂ ਲਬਾਟਰੀਆਂ (ਪਰਖ ਵਿਧੀਆਂ) ਵਿਚਲੇ ਸਾਮਾਨ ਦੀ ਅਣਦੇਖੀ ਕਰ ਕੇ ਘਟੀਆ ਮਾਲ ਬਣਾਉਂਦੇ ਰਹਿਣ। ਸੱਚ ਜਾਣਿਓ ਤਾਂ ਸਮਾਜ ਵਿੱਚ ਹਾਹਾਕਾਰ ਮੱਚ ਜਾਵੇਗੀ। ਜਿਨ੍ਹਾਂ ਲੋਕਾਂ ਨੂੰ ਕੁੱਝ ਕੁ ਸਮਝ ਹੋਵੇਗੀ, ਉਹ ਵਿਗਿਆਨੀਆਂ ਅਤੇ ਕਾਰਖਾਨੇਦਾਰਾਂ ਨੂੰ ਕੋਸਣਗੇ। ਉਨ੍ਹਾਂ ਦੇ ਵਿਰੁੱਧ ਮੁਕੱਦਮੇ ਦਾਇਰ ਕਰਨਗੇ। ਰੋਸ ਪ੍ਰਦਰਸ਼ਨ ਕਰਨਗੇ। ਹੋ ਸਕਦਾ ਹੈ, ਉਹ ਫੈਕਟਰੀ ਆਪਣੇ ਮਾਲ ਵਿੱਚ ਸੁਧਾਰ ਕਰ ਲਵੇ। ਵਰਨਾ ਕਈ ਵਾਰੀ ਘਟੀਆ ਮਾਲ ਬਣਾਉਣ ਵਾਲੀਆਂ ਫੈਕਟਰੀਆਂ ਬੰਦ ਹੋ ਜਾਇਆ ਕਰਦੀਆਂ ਹਨ।

ਬਸ ਇਉਂ ਸਮਝ ਲਵੋ ਕਿ ਮਨੁੱਖ ਦੇ ਸਾਰੇ ਕੰਮਾਂ ਦਾ ਵਿਸ਼ਲੇਸ਼ਣ ਕਰਨ ਲਈ ਰੱਬ ਜੀ ਨੇ ਦਿਮਾਗ ਰੂਪੀ ਲਬਾਟਰੀ ਦਿੱਤੀ ਹੋਈ ਹੈ। ਸਰੀਰ ਦੇ ਕਿਸੇ ਅੰਗ ਨੂੰ ਹਰਕਤ ਵਿੱਚ ਲਿਆਉਣ ਲਈ ਦਿਮਾਗ ਹੁਕਮ ਦਿੰਦਾ ਹੈ। ਉਸ ਵਕਤ ਸੁਚੇਤ ਹੋਵੋ ਕਿ ਜੋ ਹੁਕਮ ਦਿੱਤਾ ਜਾ ਰਿਹਾ ਹੈ, ਇਹ ਠੀਕ ਭੀ ਹੈ? ਇਸ ਦਾ ਨਤੀਜਾ ਹਾਨੀਕਾਰਕ ਤਾਂ ਨਹੀਂ ਹੋਵੇਗਾ? ਜਿਵੇਂ ਬਿਮਾਰੀਆਂ ਦੀ ਪਰਖ ਲਈ ਲਬਾਟਰੀ ਵਿੱਚ ਖ਼ੂਨ, ਪਿਸ਼ਾਬ, ਥੁੱਕ ਆਦਿ ਟੈਸਟ ਕਰ ਕੇ ਤਹਿ ਤੱਕ ਪੁੱਜਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਦਿਮਾਗ ਰੂਪੀ ਲਬਾਟਰੀ ਦੀ ਵਰਤੋਂ ਤੋਂ ਬਿਨਾਂ ਮਨੁੱਖ ਗ਼ਲਤ ਕੰਮ ਕਰ ਰਿਹਾ ਹੈ ਪਰ ਦਿਮਾਗ ਦੀ ਵਰਤੋਂ ਵੱਲੋਂ ਬੇਖ਼ਬਰ ਹੈ। ਨਤੀਜੇ ਬੁਰੇ ਆ ਰਹੇ ਹਨ, ਵਾਪਾਰ ਵਿੱਚ ਘਾਟਾ ਪੈ ਰਿਹਾ ਹੈ। ਫ਼ਸਲ ਚੰਗੀ ਨਹੀਂ ਹੋਈ। ਐਕਸੀਡੈਂਟ ਹੋ ਰਹੇ ਹਨ। ਬਿਮਾਰੀਆਂ ਫੈਲ ਰਹੀਆਂ ਹਨ। ਘਰ ਅੰਦਰ ਜਾਂ ਗੁਆਂਢ ਵਿੱਚ ਝਗੜੇ ਹਨ, ਮਨ ਪ੍ਰੇਸ਼ਾਨ ਹੈ। ਸਾਰੇ ਬੰਨੇ ਅਜਿਹਾ ਕਿਉਂ ਵਾਪਰ ਰਿਹਾ ਹੈ? ਕੀਤੇ ਜਾ ਰਹੇ ਕੰਮਾਂ ਦੇ ਨਤੀਜੇ ਸਾਡੇ ਵਿਰੁੱਧ ਕਿਉਂ ਨਿਕਲ ਰਹੇ ਹਨ? ਦਿਮਾਗ ਵਾਲੀ ਲਬਾਟਰੀ ਵਿੱਚ ਬਾਰ-ਬਾਰ ਪਰਖ ਕਰਨੀ ਪਵੇਗੀ। ਗਹਿਰਾਈ ਨਾਲ ਪਰਖ ਪੜਚੋਲ ਕਰਨੀ ਪਵੇਗੀ। ਜੇਕਰ ਦਿਮਾਗ ਦੀ ਵਰਤੋਂ ਕਰਨੀ ਹੀ ਨਹੀਂ, ਫਿਰ ਇਹ ਹੈ ਕਾਹਦੇ ਵਾਸਤੇ? ਦਿਮਾਗ ਨੂੰ ਗਿਆਨਵਾਨ ਬਣਾਉਣ ਵਾਸਤੇ, ਪੜ੍ਹਨਾ ਪਵੇਗਾ। ਵਿਦਵਾਨਾਂ ਦੇ ਵਿਚਾਰ ਸੁਣਨੇ ਪੈਣਗੇ। ਦੁਨੀਆਂ ਵਿੱਚ ਘੁੰਮਣਾ ਪਵੇਗਾ। ਖ਼ਤਰੇ ਸਹੇੜ ਕੇ ਜ਼ਿੰਮੇਵਾਰੀਆਂ ਵਾਲੇ ਵਡੇਰੇ ਕੰਮ ਕਰਨੇ ਹੀ ਪੈਣਗੇ। ਜਿਹੜਾ ਮਨੁੱਖ ਇਹ ਆਖ ਕੇ ਕਿਨਾਰਾ ਕਰੇਗਾ ਕਿ "ਮੈਨੂੰ ਤਾਂ ਇਹ ਕੰਮ ਆਉਂਦਾ ਨਹੀਂ", ਉਹ ਜ਼ਿੰਦਗੀ ਦੀ ਬਾਜ਼ੀ ਹਾਰ ਜਾਵੇਗਾ। ਉਹ ਆਰਥਕ ਪੱਖੋਂ ਕੰਗਾਲ ਰਹਿ ਜਾਵੇਗਾ। ਕਿਸੇ ਦੂਜੇ ਦਾ ਗ਼ੁਲਾਮ ਬਣ ਜਾਵੇਗਾ। ਉਸ ਦਾ ਸਵੈਮਾਣ ਚੂਰ-ਚੂਰ ਹੋ ਜਾਵੇਗਾ। ਅੱਗੋਂ ਉਸ ਦੀ ਔਲਾਦ ਦੀ ਭੀ ਇਹੀ ਦੁਰਦਸ਼ਾ ਰਹੇਗੀ। ਵੇਲਾ ਸੰਭਲਣ ਦਾ ਹੈ। ਇੱਕ ਮਿੰਟ ਭੀ ਅਜਾਈਂ ਨਾ ਗੁਆਈਏ। ਦਿਮਾਗ ਦੀ ਵੱਧ ਤੋਂ ਵੱਧ ਵਰਤੋਂ ਕਰੀਏ, ਲਗਾਤਾਰ। ਗੁਰਬਾਣੀ ਵਿੱਚੋਂ ਸੇਧ ਪ੍ਰਾਪਤ ਕਰੀਏ-

ਮਨੁ ਭੂਲੋ ਬਹੁ ਚਿਤੈ ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥
ਮਨੁ ਮਾਨੈ ਹਰਿ ਏਕੰਕਾਰੁ ॥..... ਹੈਵਰ ਗੈਵਰ ਕੰਚਨ ਸੁਤ ਨਾਰੀ ॥
ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਐ ਖੇਲਣੁ ਕਾਚੀ ਸਾਰੀ ॥ (222)

★★★★★★

ਮਜਬੂਰੀ ਵਿੱਚ ਸੇਵਾ

ਭਾਈ ਬੁੱਧੂ ਜੀ ਇੱਕ ਭਲੇ ਸਿੱਖ ਹੋ ਗੁਜਰੇ ਹਨ। ਆਲੇ-ਦੁਆਲੇ ਜਿਥੇ ਪਤਾ ਲਗਣਾ ਕੋਈ ਬਿਮਾਰ ਹੈ, ਉਸ ਦੀ ਖ਼ਬਰਸਾਰ ਲੈਣੀ। ਯਥਾ ਸ਼ਕਤ ਪ੍ਰਵਾਰ ਦੀ ਮਦਦ ਕਰਨੀ। ਕਿਤੇ ਰਸਤੇ ਵਿੱਚ ਪਾਣੀ ਵੱਲੋਂ ਮੁਸ਼ਕਲ ਆਉਂਦੀ ਹੈ, ਨੇੜੇ ਦੇ ਪਿੰਡ ਵਾਲਿਆਂ ਨੂੰ ਪ੍ਰੇਰਨਾ ਕਰ ਕੇ, ਪਾਣੀ ਦਾ "ਪਿਆਉ" ਲਗਵਾ ਦੇਣਾ। ਪੰਜ-ਸੱਤ ਘੜੇ ਰੱਖ ਕੇ ਸੇਵਾਦਾਰ ਨੇ ਸੇਵਾ ਕਰਨੀ। ਧਰਮਸ਼ਾਲ ਵਿੱਚ ਜਗਿਆਸੂਆਂ ਨੂੰ ਗੁਰਬਾਣੀ ਦਾ ਪਾਠ ਸਿਖਾਉਣਾ, ਅਰਥ ਸਮਝਾਉਣੇ, ਇਨ੍ਹਾਂ ਦੀ ਸੇਵਾ ਦਾ ਮੁੱਢਲਾ ਕਾਰਜ ਸੀ। ਸਾਰਾ ਦਿਨ ਬੁੱਧੂ ਜੀ ਕੋਲ ਮਿਲਣ ਵਾਲੇ ਆਉਂਦੇ ਰਹਿੰਦੇ। ਆਪਣੇ ਘਰੇਲੂ ਮਸਲਿਆਂ ਬਾਰੇ ਸਲਾਹ ਲੈਂਦੇ। ਸਮਾਜ ਬਾਰੇ ਜਾਣਕਾਰੀ ਪ੍ਰਾਪਤ ਕਰਦੇ। ਗੁਰਬਾਣੀ ਬਾਰੇ ਸੁਆਲ ਕਰਦੇ। ਭਾਈ ਬੁੱਧੂ ਬੜੇ ਪਿਆਰ ਭਰੇ ਢੰਗ ਨਾਲ ਸਾਰਿਆਂ ਨੂੰ ਉਚਿਤ ਅਗਵਾਈ ਦਿੰਦੇ। ਇਸ ਤਰ੍ਹਾਂ ਇਨ੍ਹਾਂ ਦੀ ਇਲਾਕੇ ਵਿੱਚ ਚੰਗੀ ਪਛਾਣ ਬਣ ਗਈ ਸੀ।

ਇੱਕ ਦਿਨ ਭਾਈ ਬੁੱਧੂ ਜੀ ਕਿਸੇ ਕੰਮ ਲਈ ਸ਼ਹਿਰ ਚਲੇ ਗਏ। ਓਪਰਾ ਜਾਣ ਕੇ ਇੱਕ ਪੁਲਿਸ ਵਾਲੇ ਨੇ ਵਗਾਰ ਲਈ ਪਕੜ ਲਿਆ। ਅੱਗੇ ਆਵਾਜਾਈ ਦੇ ਸਾਧਨ ਗੱਡਾ, ਊਠ ਜਾਂ ਖੱਚਰ ਘੋੜਾ ਹੀ ਹੋਇਆ ਕਰਦੇ ਸਨ। ਪਹਾੜੀ ਇਲਾਕਿਆਂ ਵਿੱਚ ਗੱਡਾ ਜਾਂ ਊਠ ਭੀ ਨਹੀਂ ਸੀ ਜਾ ਸਕਦੇ। ਖੱਚਰ ਘੋੜਾ ਜਾਂ ਘੋਤਾ ਹੀ ਸਾਮਾਨ ਲੈ ਕੇ ਚਲਦੇ ਸਨ। ਔਖੇ ਰਾਹਾਂ ਵਿੱਚ ਤਾਂ ਮਨੁੱਖਾਂ ਨੂੰ ਭਾਰ ਚੁੱਕ ਕੇ ਲਿਜਾਣਾ ਪੈਂਦਾ ਸੀ। ਬਹੁਤ ਸਾਰੇ ਗ਼ਰੀਬ ਬੰਦੇ ਕੁੱਝ ਪੈਸਿਆਂ ਬਦਲੇ ਸਾਮਾਨ ਢੋਣ ਦਾ ਕਿੱਤਾ ਭੀ ਕਰਦੇ ਰਹਿੰਦੇ ਸਨ। ਇਸ ਤਰ੍ਹਾਂ ਰੁੱਖਾ ਮਿੱਸਾ ਖਾ ਕੇ ਉਨ੍ਹਾਂ ਦੇ ਪ੍ਰਵਾਰਾਂ ਦੀ ਪਾਲਣਾ ਹੁੰਦੀ ਰਹਿੰਦੀ ਸੀ। ਸਰਕਾਰੀ ਅਫ਼ਸਰ, ਪੁਲਿਸ ਵਾਲੇ ਜਾਂ ਸਰਕਾਰ ਤੱਕ ਪਹੁੰਚ ਵਾਲੇ ਬੇ ਰਹਿਮ ਲੋਕ ਗ਼ਰੀਬਾਂ ਤੋਂ ਬਿਨਾਂ ਕੋਈ ਮੁਆਵਜ਼ਾ ਦਿੱਤਿਆਂ ਕੰਮ ਕਰਵਾਉਂਦੇ ਰਹਿੰਦੇ ਸੀ। ਕਿਥੇ ਸੀ ਗ਼ਰੀਬਾਂ ਦੀ ਸੁਣਵਾਈ? ਉਂਵ ਤਾਂ ਅੱਜ ਭੀ ਗ਼ਰੀਬ ਦੀ ਕਿਧਰੇ ਫਰਿਆਦ ਨਹੀਂ ਸੁਣੀ ਜਾਂਦੀ ਪਰ ਬੀਤੇ ਸਮਿਆਂ ਵਿੱਚ ਤਾਂ ਹਾਲਾਤ ਹੋਰ ਭੀ ਮੰਦੇ ਸਨ। ਪੁਲਿਸ ਅਫ਼ਸਰ ਨੇ ਆਪਣਾ ਸਾਮਾਨ ਬੁੱਧੂ ਜੀ ਨੂੰ ਚੁੱਕਣ ਲਈ ਹੁਕਮ ਸੁਣਾ ਦਿੱਤਾ। ਬੜੇ ਤਰਲੇ ਕੀਤੇ ਕਿ "ਭਾਈ ਮੈਂ ਵਗਾਰਾਂ ਕਰਨ ਵਾਸਤੇ ਨਹੀਂ ਹਾਂ। ਇਥੇ ਕਿਸੇ ਜ਼ਰੂਰੀ ਕੰਮ ਆਇਆ ਸਾਂ, ਮੈਂ ਜਲਦੀ ਆਪਣੇ ਟਿਕਾਣੇ 'ਤੇ ਪਹੁੰਚਣਾ ਹੈ।" ਹੰਕਾਇਆ ਹੋਇਆ ਅਫ਼ਸਰ ਕਦੋਂ ਪ੍ਰਵਾਹ ਕਰਦਾ ਹੈ? ਉਸ ਨੇ ਸਖ਼ਤ ਹੁਕਮ ਸੁਣਾ ਦਿੱਤਾ, "ਆਹ ਸਾਮਾਨ ਚੁੱਕ ਕੇ ਮੇਰੇ ਠਿਕਾਣੇ 'ਤੇ ਪਹੁੰਚਾਉਣਾ ਹੀ ਪਵੇਗਾ। ਵਰਨਾ ਉਹ ਹਾਲ ਕਰਾਂਗਾ ਕਿ ਸਾਰੀ ਉਮਰ ਨਹੀਂ ਭੁੱਲ ਸਕੇਂਗਾ।" ਕੋਈ ਪੇਸ਼ ਨਾ ਜਾਂਦੀ ਵੇਖ ਕੇ ਬੁੱਧੂ ਜੀ ਨੇ ਸਾਮਾਨ ਚੁੱਕ ਲਿਆ। ਇੰਨਾ ਵਜਨ ਅੱਗੇ ਕਦੀ ਨਹੀਂ ਸੀ ਚੁੱਕਿਆ। ਵਜਨ ਚੁੱਕਣ ਲਈ ਸਰੀਰ ਇੰਨਾ ਮਜ਼ਬੂਤ ਨਹੀਂ ਸੀ। ਪੈਂਡਾ ਭੀ ਦਸ-ਬਾਰ੍ਹਾਂ ਮੀਲ ਦਾ। ਬੜਾ ਫਸੇ।

ਰਸਤੇ ਵਿੱਚ ਭਾਈ ਬੁੱਧੂ ਨੂੰ ਕਈ ਵਾਰੀ ਸਾਹ ਲਿਆ। ਜਿਥੇ ਮਿਲਿਆ ਪਾਣੀ ਪੀਤਾ। ਇੱਕ ਥਾਂ 'ਤੇ ਜਾ ਕੇ ਏਨੀ ਹਾਲਤ ਖ਼ਰਾਬ ਹੋ ਗਈ ਕਿ ਪੈਰ ਨਾ ਪੁੱਟਿਆ ਜਾਵੇ। ਅਖ਼ੀਰ ਨੂੰ ਬੇਬਸ ਹੋ ਕੇ ਸਾਮਾਨ ਰੱਖ ਦਿੱਤਾ ਤੇ ਜ਼ਮੀਨ 'ਤੇ ਲੇਟ ਗਏ। ਇਹ ਪੁਲਿਸ ਅਫ਼ਸਰ ਅੱਗੇ ਚੱਲਣ ਦਾ ਹੁਕਮ ਦੇਈ ਜਾਵੇ। ਜਦੋਂ ਬੁੱਧੂ ਜੀ ਨਾ ਹੀ ਉੱਠੇ ਤਾਂ ਇਸ ਬੇਰਹਿਮ ਅਫ਼ਸਰ ਨੇ ਮੰਦੇ ਬਚਨ ਭੀ ਬੋਲਣੇ ਸ਼ੁਰੂ ਕਰ ਦਿੱਤੇ, ਨਾਲ ਹੀ ਆਪਣੇ ਹੱਥ ਵਿੱਚ ਫ਼ੜੀ ਸੋਟੀ ਨਾਲ ਬਹੁਤ ਮਾਰਿਆ। ਥੱਕਿਆ-ਹਾਰਿਆ ਤਾਂ ਬੁੱਧੂ ਜੀ ਪਹਿਲਾਂ ਹੀ ਬਹੁਤ ਸੀ, ਇਸ ਮਾਰ ਨੇ ਉਸ ਨੂੰ ਅੱਧ ਮੋਇਆ ਹੀ ਕਰ ਦਿੱਤਾ। ਉੱਠਣ ਜੋਗੀ ਸੱਤਿਆ ਹੀ ਨਹੀਂ ਰਹੀ ਸੀ। ਇਨੇ ਨੂੰ ਉਸੇ ਰਾਹ ਤੋਂ ਰਾਹੀਆਂ ਦਾ ਇੱਕ ਕਾਫ਼ਲਾ ਲੰਘਦਾ ਹੋਇਆ ਉਥੇ ਆ ਪਹੁੰਚਿਆ। ਵਗਾਰ ਵਿੱਚ ਫੜੇ ਵਿਅਕਤੀ ਦੀ ਦੁਰਗਤ ਹੁੰਦੀ ਵੇਖ ਕੇ ਮਨ ਦ੍ਰਵ ਗਿਆ। ਪੁਲਿਸ ਅਫ਼ਸਰ ਪ੍ਰਤੀ ਮਨ ਵਿੱਚ ਗੁੱਸਾ ਭਰ ਗਿਆ। ਜਦੋਂ ਨੇੜੇ ਹੋ ਕੇ ਵੇਖਿਆ ਤਾਂ ਉਨ੍ਹਾਂ ਦਾ ਜਾਣਿਆ ਪਹਿਚਾਣਿਆ ਭਲਾ ਇਨਸਾਨ ਗੁਰੂ ਕਾ ਸਿੱਖ ਸਭ ਦੀ ਜੀ ਜਾਨ ਨਾਲ ਸੇਵਾ ਕਰਨ ਵਾਲਾ ਇਹ ਤਾਂ ਭਾਈ ਬੁੱਧੂ ਜੀ ਹੈ। ਇਹ ਵੇਖ ਕੇ ਉਨ੍ਹਾਂ ਬੰਦਿਆਂ ਦੀਆਂ ਭਵਾਂ ਤਣ ਗਈਆਂ। ਨਫ਼ਰਤ ਅਤੇ ਗੁੱਸੇ ਨਾਲ ਭਰੇ ਪੀਤਿਆਂ ਨੇ ਉਸ ਪੁਲਿਸ ਵਾਲੇ ਨੂੰ ਦਬੋਚ ਲਿਆ। ਹੈਂ ਐਡਾ ਹਨ੍ਹੇਰ! ਸਾਡੇ ਸਤਿਕਾਰਯੋਗ ਭਰਾ ਨੂੰ ਇਹ ਜਾਲਮ ਅਫ਼ਸਰ ਵਗਾਰ ਵਿੱਚ ਫੜੇ। ਉੱਤੋਂ ਏਨਾ ਭਾਰ ਚੁਕਾਵੇ ਤੇ ਭਾਰ ਨਾ ਚੁੱਕੇ ਜਾਣ ਕਾਰਨ ਬੇਰਹਿਮੀ ਨਾਲ ਮਾਰੇ ? ਇਨੇ ਨੂੰ ਭਾਈ ਬੁੱਧੂ ਸੰਭਲਿਆ ਤੇ ਉੱਠ ਕੇ ਬੈਠ ਗਿਆ। ਉੱਚੀ ਆਵਾਜ਼ ਵਿੱਚ ਪੁਕਾਰ ਕੀਤੀ, "ਨਾ ਮਾਰੋ ਭਰਾਵੋ, ਇਸ ਨੂੰ ਨਾ ਮਾਰੋ, ਵਾਸਤਾ ਜੇ ਗੁਰੂ ਨਾਨਕ ਬਾਬਾ ਜੀ ਦਾ ਹੋਰ ਨਾ ਮਾਰੋ।"

ਸਾਰੇ ਮਾਰਨੋ ਰੁਕ ਗਏ ਤੇ ਪੁੱਛਿਆ, "ਭਾਈ ਜੀ! ਇਸ ਨੇ ਤੁਹਾਡੇ ਨਾਲ ਕੋਈ ਘੱਟ ਕੀਤੀ ਹੈ ? ਕਿੰਨਾ ਸਤਾਇਆ ਹੈ, ਕਿਉਂ ਨਾ ਕੀਤੇ ਦੀ ਸਜ਼ਾ ਦੇਈਏ ?

ਭਾਈ ਬੁੱਧੂ ਬੋਲਿਆ, "ਭਰਾਵੋ! ਸਮਾਂ ਅਜਿਹਾ ਸੀ, ਇਸ ਨੂੰ ਕੋਈ ਮਜ਼ਦੂਰ ਸਮੇਂ ਸਿਰ ਨਾ ਮਿਲਿਆ ਜੋ ਇਸ ਦਾ ਸਾਮਾਨ ਕੁੱਝ ਪੈਸੇ ਲੈ ਕੇ ਪੁਚਾ ਦਿੰਦਾ। ਤੁਹਾਨੂੰ ਪਤਾ ਹੀ ਹੈ ਅਫ਼ਸਰ ਲੋਕ ਕੁੱਝ ਕੁ ਰੋਹਬ ਆਪਣੇ ਰੁਤਬੇ ਦਾ ਰਖਦੇ ਹੀ ਨੇ, ਅਜਿਹਾ ਇਨ੍ਹਾਂ ਦੇ ਸੁਭਾ ਦਾ ਹਿੱਸਾ ਹੀ ਹੁੰਦਾ ਹੈ। ਸਰਕਾਰ ਵੱਲੋਂ ਇਸ ਨੂੰ ਘੋੜਾ ਹਾਲੀ ਨਹੀਂ ਮਿਲਿਆ ਜਾਂ ਬਿਮਾਰ ਹੋ ਗਿਆ ਹੋਵੇਗਾ। ਮੈਂ ਉਸ ਇਲਾਕੇ ਵਿੱਚ ਓਪਰਾ ਸਾਂ। ਇਸ ਨੇ ਆਪਣਾ ਸਾਮਾਨ ਚੁੱਕਣ ਲਈ ਮੈਨੂੰ ਕਹਿ ਦਿੱਤਾ। ਮੇਰਾ ਸਰੀਰ ਕਮਜ਼ੋਰ ਹੈ, ਇਸ ਦਾ ਸਾਮਾਨ ਜ਼ਿਆਦਾ ਭਾਰਾ ਸੀ। ਮੈਥੋਂ ਚੁੱਕ ਨਹੀਂ ਹੋਇਆ। ਇਸ ਨੂੰ ਆਪਣੇ ਕੰਮ 'ਤੇ ਪਹੁੰਚਣ ਲਈ ਦੇਰੀ ਹੋ ਰਹੀ ਸੀ। ਇਸ ਨੇ ਗੁੱਸੇ ਵਿੱਚ ਮੈਨੂੰ ਮਾਰਿਆ ਹੈ। ਫਿਰ ਭੀ ਇਹ ਬੁਰਾ ਆਦਮੀ ਨਹੀਂ ਹੈ। ਹੁਣ ਤੁਸੀਂ ਇਉਂ ਕਰੋ, ਇੱਕ ਘੋੜੇ ਦਾ ਪ੍ਰਬੰਧ ਕਰ ਕੇ ਇਸ ਨੂੰ ਦੇ ਦਿਓ ਤਾਂ ਆਪਣਾ ਸਾਮਾਨ ਲੱਦ ਕੇ ਵਕਤ ਸਿਰ ਆਪਣੇ ਟਿਕਾਣੇ 'ਤੇ ਪਹੁੰਚ ਜਾਵੇ।"

ਭਾਈ ਬੁੱਧੂ ਦੇ ਆਖੇ ਦਾ ਸਤਿਕਾਰ ਕਰਦਿਆਂ ਇੱਕ ਸਿੱਖ ਆਪਣੇ ਘਰੋਂ ਘੋੜਾ ਲੈ ਆਇਆ। ਉਸ ਬੰਦੇ ਦਾ ਸਾਮਾਨ ਚੁਕਵਾ ਕੇ ਟਿਕਾਣੇ ਪੁਚਾ ਆਇਆ। ਸਰਕਾਰੀ

ਅਫ਼ਸਰ ਬੜਾ ਪਛਤਾ ਰਿਹਾ ਸੀ ਕਿ "ਮੈਥੋਂ ਭਾਰੀ ਅਵੱਗਿਆ ਹੋਈ ਹੈ। ਜਿਸ ਬੰਦੇ ਨੂੰ ਮੈਂ ਵਗਾਰੀ ਫੜਿਆ ਸੀ, ਉਹ ਕੋਈ ਸਾਧਾਰਣ ਬੰਦਾ ਨਹੀਂ ਹੈ, ਇਲਾਕੇ ਦਾ ਸਤਿਕਾਰਿਆ ਹੋਇਆ ਵਿਅਕਤੀ ਹੈ। ਜੇ ਕਿਤੇ ਉਹ ਪਿੰਡ ਦੇ ਇਕੱਠੇ ਹੋਏ ਲੋਕਾਂ ਨੂੰ ਗੱਲਬਾਤ ਜ਼ਰਾ ਕੁ ਵਧਾ ਕੇ ਦੱਸ ਦਿੰਦਾ ਤਾਂ ਮੇਰੇ ਉਨ੍ਹਾਂ ਜ਼ਰੂਰ ਹੱਡ ਸੇਕ ਦੇਣੇ ਸਨ। ਭਲਾ ਹੋਵੇ, ਉਸ ਭਾਈ ਬੁੱਧੂ ਦਾ ਜਿਸ ਨੇ ਮੇਰੀ ਸ਼ਿਕਾਇਤ ਹੀ ਨਹੀਂ ਲਾਈ। ਸਗੋਂ ਘੋੜੇ ਦਾ ਪ੍ਰਬੰਧ ਕਰਵਾ ਦਿੱਤਾ। ਕਿਹੋ ਜਿਹੇ ਹਨ ਇਹ ਸਿੱਖ ਲੋਕ ? ਜ਼ਿਆਦਤੀ ਸਹਿ ਕੇ ਭੀ ਮਨ ਵਿੱਚ ਗੁੱਸਾ ਪੈਦਾ ਨਹੀਂ ਹੋਣ ਦਿੱਤਾ। ਮਨ ਵਿੱਚ ਬਦਲਾ ਲੈਣ ਦੀ ਭਾਵਨਾ ਪੈਦਾ ਨਹੀਂ ਹੋਣ ਦਿੱਤੀ। ਇਸ ਸਮੇਂ ਪੰਜਾਬ ਦੇਸ਼ ਵਿੱਚ ਸਿੱਖਾਂ ਦਾ ਹੀ ਰਾਜ ਹੈ। ਇਹ ਆਦਮੀ ਜੇ ਵੱਡੇ ਅਫ਼ਸਰਾਂ ਤੱਕ ਮੇਰੀ ਵਧੀਕੀ ਬਿਆਨ ਕਰ ਦੇਵੇ ਤਾਂ ਮੇਰੀ ਨੌਕਰੀ ਤਾਂ ਤੁਰੰਤ ਗਈ, ਉਪਰੋਂ ਜੁਰਮਾਨਾ ਆਦਿ ਭੀ ਭਰਨਾ ਪੈ ਸਕਦਾ ਹੈ। ਸੱਚ-ਮੁੱਚ ਹੀ ਬਹੁਤ ਭਲਾ ਇਨਸਾਨ ਹੈ ਇਹ ਸਿੱਖ, ਜਿਸ ਨੇ ਦੁੱਖ ਸਹਿ ਕੇ ਭੀ ਮੇਰਾ ਬੁਰਾ ਨਹੀਂ ਚਿਤਵਿਆ...।" ਅਜਿਹੀਆਂ ਸੋਚਾਂ ਸੋਚਦਿਆਂ ਕਈ ਦਿਨ ਬੀਤ ਗਏ।

ਇਹੀ ਅਫ਼ਸਰ ਇੱਕ ਦਿਨ ਸਥਾਨਕ ਗੁਰਦਵਾਰੇ ਗਿਆ। ਸੰਗਤ ਵਿੱਚ ਖੜਾ ਹੋ ਕੇ ਸਾਰੀ ਹੋਈ ਬੀਤੀ ਕਹਿ ਸੁਣਾਈ। ਭਰੇ ਮਨ ਨਾਲ ਕੀਤੀ ਗਈ ਵਧੀਕੀ ਦੀ ਮੁਆਫ਼ੀ ਮੰਗੀ। "ਸੰਗਤ ਜੋ ਸੇਵਾ ਲਾਵੇ ਮੈਂ ਖਿੜੇ ਮੱਥੇ ਸਵੀਕਾਰ ਕਰਨ ਨੂੰ ਤਿਆਰ ਹਾਂ। ਭਾਈ ਬੁੱਧੂ ਜੀ ਤੋਂ ਭੀ ਮੈਂ ਖ਼ਿਮਾ ਯਾਚਨਾ ਕਰਦਾ ਹਾਂ। ਬੁੱਧੂ ਜੀ ਦੇ ਉਪਕਾਰ ਵਾਲੇ ਜੀਵਨ ਸਦਕਾ ਮੈਂ ਅੱਜ ਗੁਰੂ ਦੀ ਹਜ਼ੂਰੀ ਵਿੱਚ ਸਾਰੀ ਸੰਗਤ ਦੇ ਸਾਹਮਣੇ ਸਿੱਖ ਧਰਮ ਨੂੰ ਪ੍ਰਵਾਨ ਕਰਨ ਦੀ ਇੱਛਾ ਲੈ ਕੇ ਆਇਆ ਹਾਂ। ਕੀ ਮੇਰੀ ਬੇਨਤੀ ਸ੍ਵੀਕਾਰ ਕਰ ਕੇ ਮੈਨੂੰ ਸਿੱਖ ਪੰਥ ਵਿੱਚ ਸ਼ਾਮਲ ਹੋਣ ਦੀ ਆਗਿਆ ਦੇਵੋਗੇ ?" ਸੰਗਤਾਂ ਨੇ ਜੈਕਾਰਾ ਗਜਾ ਕੇ ਉਸ ਦਾ ਸੁਆਗਤ ਕੀਤਾ। ਪਸਚਾਤਾਪ ਵਾਸਤੇ ਆਪਣੀ ਮਰਜ਼ੀ ਨਾਲ ਕੁੱਝ ਦਿਨ ਸੇਵਾ ਕਰਨ ਦੀ ਤਨਖ਼ਾਹ ਲਾ ਦਿੱਤੀ। ਬਾਅਦ ਵਿੱਚ ਉਸ ਨੂੰ ਸਿੱਖ ਭਾਈਚਾਰੇ ਦਾ ਅੰਗ ਸਵੀਕਾਰ ਕਰ ਲਿਆ ਗਿਆ।

ਖੁਦੀ ਮਿਟੀ ਤਬ ਸੁਖ ਭਏ, ਮਨ ਤਨ ਪਏ ਅਰੋਗ ॥
ਨਾਨਕ ਦ੍ਰਿਸ਼ਟੀ ਆਇਆ, ਉਸਤਤਿ ਕਰਨੈ ਜੋਗੁ ॥ (260)



ਧਾਰਮਕ ਸ਼ੋਰ

ਬਹੁਤ ਸਾਰੇ ਵਿਦਵਾਨਾਂ ਨੇ ਰਾਤ ਦੇ ਪਿਛਲੇ ਪਹਿਰ ਨੂੰ ਬੜਾ ਟਿਕਾਓ ਵਾਲਾ ਬਿਆਨ ਕੀਤਾ ਹੈ। ਇਸ ਸ਼ਾਂਤ ਵਾਤਾਵਰਣ ਵਿੱਚ ਜਦੋਂ ਪਪੀਹਾ ਗੀਤ ਗਾਉਂਦਾ ਹੈ ਤਾਂ ਅਤੀ ਸੁੰਦਰ ਸੰਗੀਤ ਫੈਲਦਾ ਪ੍ਰਤੀਤ ਹੁੰਦਾ ਹੈ। ਜਦੋਂ ਆਵਾਜਾਈ ਦੇ ਤੇਜ਼ ਮਸ਼ੀਨੀ ਸਾਧਨ ਨਹੀਂ ਸਨ, ਤਦੋਂ ਲੋਕੀਂ ਰਾਤ ਦੇ ਪਿਛਲੇ ਪਹਿਰ ਯਾਤਰਾ ਲਈ ਚੱਲ ਪੈਂਦੇ ਸਨ। ਹਾਲੀ ਆਪਣੇ ਬਲਦਾਂ ਨੂੰ ਲੈ ਕੇ ਵਾਹੀ ਕਰਨ ਲਈ ਟੁਰ ਪੈਂਦੇ ਸਨ। ਗੁਰਬਾਣੀ ਵਿੱਚ ਭੀ ਇਸ ਸੁਹਾਵਣੇ ਸਮੇਂ ਦੀ ਕਾਫ਼ੀ ਪ੍ਰਸੰਸਾ ਕੀਤੀ ਗਈ ਹੈ।

ਚਿੜੀ ਚੁਹਕੀ ਪਹੁਫੁਟੀ ਵਗਨਿ ਬਹੁਤੁ ਤਰੰਗ ॥
ਅਚਰਜ ਰੂਪ ਸੰਤਨ ਰਚੇ, ਨਾਨਕ ਨਾਮਹਿ ਰੰਗ ॥ (319)

ਪਿਛਲੇ ਸ਼ਾਂਤ ਵਾਤਾਵਰਣ ਵਿੱਚ ਕੋਈ ਹਾਲੀ ਕੋਈ ਪਾਲੀ, ਆਪਣੀ ਮੌਜ ਵਿੱਚ ਲੰਮੀਂ ਹੇਕ ਲਾ ਕੇ ਜਦੋਂ ਗੀਤ ਗਾਉਂਦਾ, ਬੋਲੀ ਪਾਉਂਦਾ, ਟਿਕਾਉ ਵਾਲੇ ਸਮੇਂ ਉਹ ਬੋਲ ਪਿੰਡਾਂ ਵਿੱਚ ਸਾਫ਼ ਸੁਣਾਈ ਦਿੰਦੇ ਸਨ। ਰਾਗੀਆਂ ਦੀ ਆਵਾਜ਼ ਬਹੁਤ ਵੱਡੇ ਇਕੱਠਾਂ ਵਿੱਚ ਸਹਿਜ ਹੀ ਸੁਣ ਜਾਂਦੀ ਸੀ। ਕਵੀਸ਼ਰ ਅਤੇ ਲੈਕਚਰ ਕਰਨ ਵਾਲੇ ਦੀ ਆਵਾਜ਼ ਸਾਫ਼ ਸੁਣਾਈ ਦੇਂਦੀ ਸੀ। ਜਿਵੇਂ-ਜਿਵੇਂ ਆਬਾਦੀ ਦਾ ਵਾਧਾ ਹੁੰਦਾ ਗਿਆ, ਮਨੁੱਖੀ ਸ਼ੋਰ ਵਿੱਚ ਵਾਧਾ ਹੁੰਦਾ ਗਿਆ। ਆਵਾਜ਼ ਨੂੰ ਦੂਰ ਤੱਕ ਪੁਚਾਣ ਲਈ ਸਪੀਕਰ ਆ ਗਏ। ਇਨ੍ਹਾਂ ਦੀ ਕੰਨ ਪਾੜਵੀਂ ਆਵਾਜ਼ ਨੇ ਸ਼ੋਰ ਪ੍ਰਦੂਸ਼ਣ ਵਿੱਚ ਚੋਖਾ ਵਾਧਾ ਕੀਤਾ। ਹੌਲੀ ਹੌਲੀ ਸਪੀਕਰ ਧਰਮ ਅਸਥਾਨਾਂ ਵਿੱਚ ਪਹੁੰਚ ਗਏ। ਮੰਦਰਾਂ ਵਾਲਿਆਂ ਨੇ ਆਪਣੇ ਭਜਨਾਂ ਰਾਹੀਂ ਲੋਕਾਂ ਦੇ ਕੰਨਾਂ ਦੇ ਪੜਦੇ ਪਾੜ ਦਿੱਤੇ। ਗੁਰਦਵਾਰੇ ਵਾਲਿਆਂ ਨੇ ਇੱਕ-ਇੱਕ ਸਪੀਕਰ ਲਾਉਣ ਦੀ ਥਾਵੇਂ ਦੋ, ਤਿੰਨ ਜਾਂ ਚਾਰ-ਚਾਰ ਸਪੀਕਰ "ਫੁੱਲ ਸਪੀਡ" ਵਿੱਚ ਚਲਾ ਦਿੱਤੇ। ਕੋਲ ਖਲੋਤੇ ਬੰਦੇ ਨੂੰ ਭੀ ਸਾਥੀ ਦੀ ਆਵਾਜ਼ ਸੁਣਨੋਂ ਰਹਿ ਗਈ। ਫਿਰ ਮਸ਼ੀਨਰੀ ਦੀ ਬਹੁਤਾਤ ਨੇ ਤਾਂ ਸਾਰੇ ਬੰਨੇ ਭੜਥੂ ਹੀ ਪਾ ਛੱਡਿਆ ਹੈ। ਹੋਰਨਾਂ ਦੀ ਆਵਾਜ਼, ਇੰਜਣਾਂ ਦਾ ਸ਼ੋਰ, ਸਪੀਕਰਾਂ ਦੀਆਂ ਗੂੰਜਾਂ। ਰੇਡੀਓ, ਟੀ.ਵੀ., ਡੀ.ਜੇ., ਫ਼ੋਨ, ਰੈਣ ਸਬਾਈ, ਜਗਰਾਤੇ....। ਹਵਾਈ ਜਹਾਜ਼, ਤੋਪਾਂ ਦੀ ਗੜਗੜਾਹਟ, ਦੀਵਾਲੀ ਦੀ ਆਤਿਸ਼ਬਾਜ਼ੀ। ਚਾਰੇ ਪਾਸੇ ਕੰਨ ਪਾਈ ਨਹੀਂ ਸੁਣਦੀ, ਬਸ਼ ਸ਼ੋਰ ਸੁਣਾਈ ਦਿੰਦਾ ਹੈ।

ਸਮਾਜ ਦੇ ਬਹੁ ਗਿਣਤੀ ਲੋਕਾਂ ਦੀ ਧਰਮ ਪ੍ਰਤੀ ਅੰਨ੍ਹੀ ਸ਼ਰਧਾ ਹੈ। "ਧਰਮੀ ਪੁਰਖ" ਜਾਂ ਧਰਮਾਂ ਵਾਲੇ ਅਦਾਰਿਆਂ 'ਤੇ ਕਾਬਜ ਲੋਕ, ਆਏ ਸ਼ਰਧਾਲੂਆਂ ਨੂੰ ਨਿੱਤ ਦਿਨ ਲੁਭਾਵਣੇ ਉਪਦੇਸ਼ ਕਰਦੇ ਹਨ। ਸੰਸਾਰ ਵਿੱਚ ਹੋ ਰਹੇ ਗ਼ਲਤ ਕੰਮਾਂ ਦੇ ਚਿੱਠੇ ਫ਼ਰੋਲਦੇ ਹਨ। ਰਾਜਨੀਤੀਵਾਨਾਂ ਨੂੰ ਬੇਈਮਾਨ ਦਸਦੇ ਹਨ। ਦੁਕਾਨਦਾਰਾਂ ਨੂੰ ਮਿਲਾਵਟੀ ਮਾਲ ਵੇਚਣ ਦੇ ਦੋਸ਼ੀ ਦਸਦੇ ਹਨ। ਕਾਰਖਾਨੇਦਾਰਾਂ ਨੂੰ ਘਟੀਆ ਸਾਮਾਨ ਬਣਾਉਣ ਵਾਲੇ ਗਰਦਾਨਦੇ ਹਨ। ਪੁਲਿਸ ਵਾਲਿਆਂ ਨੂੰ ਜ਼ਾਲਮ ਦਸਦੇ ਹਨ। "ਅਦਾਲਤਾਂ ਭੀ ਪੱਖਪਾਤ ਕਰਦੀਆਂ

ਨਜ਼ਰ ਆਉਂਦੀਆਂ ਹਨ", ਆਖ ਕੇ ਕੋਸਦੇ ਹਨ। ਸਰਕਾਰੀ ਮੁਲਾਜ਼ਮ ਡਿਊਟੀ ਇਮਾਨਦਾਰੀ ਨਾਲ ਨਹੀਂ ਨਿਭਾਉਂਦੇ। ਵਿਦਿਆਰਥੀ ਪੜ੍ਹਨ ਵਿੱਚ ਦਿਲ ਨਹੀਂ ਲਾਉਂਦੇ। ਔਰਤਾਂ ਸ਼ਰਮ-ਹਯਾ ਦੀਆਂ ਹੱਦਾਂ ਪਾਰ ਕਰਦੀਆਂ ਜਾ ਰਹੀਆਂ ਹਨ। ਸਮਾਜ 'ਚ ਅਸ਼ਲੀਲਤਾ ਬਹੁਤ ਵੱਧ ਗਈ ਹੈ। ਨੰਗੇਜ਼ਵਾਦ ਦਾ ਬੋਲ ਬਾਲਾ ਹੋ ਗਿਆ ਹੈ। ਪਵਿੱਤਰ ਰਿਸ਼ਤੇ ਕਲੰਕਤ ਹੋ ਰਹੇ ਹਨ। ਲੋਕਾਂ ਦੀ ਧਰਮ ਵਿੱਚ ਸ਼ਰਧਾ ਘਟਦੀ ਜਾ ਰਹੀ ਹੈ। ਚਾਰੇ ਬੰਨੇ ਚੋਰੀਆਂ-ਠੱਗੀਆਂ ਵੱਧ ਗਈਆਂ ਹਨ। ਸਮਾਜ ਵਿੱਚ ਗ਼ਰੀਬੀ ਹੈ, ਬਿਮਾਰੀਆਂ ਹਨ, ਅਣਪੜ੍ਹਤਾ ਹੈ। ਰਾਮ ਨਾਮ ਤੋਂ ਸੱਖਣੇ ਲੋਕਾਂ ਤੇ ਫਿਰ ਰੱਬ ਜੀ ਨਾਰਾਜ ਹੋ ਜਾਂਦੇ ਹਨ। ਇਸੇ ਨਾਰਾਜਗੀ ਵਿੱਚੋਂ ਹੜ੍ਹ ਆਉਂਦੇ ਹਨ। ਤੂਫਾਨ ਉੱਠਦੇ ਹਨ। ਹਨ੍ਹੇਰੀਆਂ ਧੂੜਾਂ ਪੁੱਟਦੀਆਂ ਹਨ। ਬਰਸਾਤਾਂ ਘਰ ਢਾਹੁੰਦੀਆਂ ਹਨ। ਭੂਚਾਲ ਆਉਂਦੇ ਹਨ, ਬੇਅੰਤ ਲੋਕ ਤਬਾਹ ਹੋ ਜਾਂਦੇ ਹਨ। ਲੋਕਾਂ ਵਿਚਕਾਰ ਦੰਗੇ ਫਸਾਦ ਹੁੰਦੇ ਹਨ, ਅੱਗਾਂ ਲਗਦੀਆਂ ਹਨ। ਸਾਰੇ ਪਾਸੇ ਹਾਹਾਕਾਰ, ਪ੍ਰੇਸ਼ਾਨੀ ਸ਼ੋਰ। ਲੱਚਰ ਫ਼ਿਲਮਾਂ ਬਣਦੀਆਂ ਹਨ। ਵਿੱਚ ਅਸ਼ਲੀਲ ਦ੍ਰਿਸ਼ ਤੇ ਗੰਦੇ ਗੀਤ ਫਿਲਮਾਏ ਹੁੰਦੇ ਹਨ। ਵਿਆਹਾਂ-ਸ਼ਾਦੀਆਂ ਵਿੱਚ ਨੰਗੇ ਜਿਸਮਾਂ ਵਾਲੀਆਂ ਬੇਸ਼ਰਮ ਲੜਕੀਆਂ ਨਚਦੀਆਂ ਹਨ। ਸਾਰੇ ਵੱਡੇ-ਛੋਟੇ, ਭੈਣ-ਭਰਾ, ਮਾਂ-ਪੁੱਤਰ, ਪਿਉ-ਧੀ, ਦਾਦੀ-ਪੋਤਾ ਤੱਕ ਸਾਰੇ ਰਲ ਕੇ ਇਸ ਨੀਚਤਾ ਨੂੰ ਵੇਖਦੇ-ਸੁਣਦੇ ਹਨ। ਬਜ਼ੁਰਗਾਂ ਦਾ ਸਤਿਕਾਰ ਜਾਂਦਾ ਰਿਹਾ। ਬੱਚਿਆਂ ਦੀ ਪਾਲਣਾ ਠੀਕ ਢੰਗ ਨਾਲ ਨਹੀਂ ਕਰਵਾਈ ਜਾ ਰਹੀ। ਵਿੱਦਿਆ ਦਾਤੇ ਗੁਰੂ ਦਾ ਬੱਚੇ ਸਨਮਾਨ ਨਹੀਂ ਕਰਦੇ। ਮਾਸਟਰ ਵਿਦਿਆਰਥੀਆਂ ਨੂੰ ਸਿਦਕ ਦਿਲੀ ਨਾਲ ਨਹੀਂ ਪੜ੍ਹਾਉਂਦੇ। ਰਿਸ਼ਤੇ ਕਲੰਕਤ ਹੋ ਰਹੇ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਬਹੁਤ ਵੱਧ ਗਿਆ ਹੈ। ਨਸ਼ਿਆਂ ਨੇ ਸਮਾਜ ਨੂੰ ਅਪਵਿੱਤਰ ਬਣਾ ਦਿੱਤਾ ਹੈ। ਸੰਗੀਤ ਦੀਆਂ ਸੁਰਾਂ "ਬੇਸੁਰੀ" ਵਿੱਚ ਬਦਲ ਗਈਆਂ ਹਨ। ਮਨੁੱਖ ਦਾ ਖਾਣਾ ਪਲੀਤ ਹੋ ਗਿਆ ਹੈ। ਪਹਿਨਣਾ ਬੇਸ਼ਰਮੀ ਵਾਲਾ ਹੋ ਗਿਆ ਹੈ। ਸਮਾਜ ਵਿੱਚ ਧਰਮ ਗ੍ਰੰਥਾਂ ਦਾ ਸਤਿਕਾਰ ਨਹੀਂ ਮੰਨਦੇ, ਬਸ ਵਿਖਾਵਾ ਹੀ ਕਰਦੇ ਹਨ। ਦੁਨੀਆਂ ਦਾ ਰੱਬ ਤੋਂ ਹੀ ਭਰੋਸਾ ਉੱਠ ਗਿਆ ਹੈ। ਬੁਰੇ ਕੰਮ ਕਰਦੇ ਹੋਏ ਲੋਕੀਂ ਰੱਬ ਤੋਂ ਡਰਦੇ ਹੀ ਨਹੀਂ....।"

ਉਪਰ ਵਰਣਿਤ ਬੁਰਾਈਆਂ ਜਾਂ ਵਿਕਾਰਾਂ ਦਾ, ਧਾਰਮਕ ਸਟੇਜਾਂ ਤੋਂ ਧਰਮ ਮੁਖੀ ਜਾਂ ਧਾਰਮਕ ਬੁਲਾਰੇ, ਹਰ ਰੋਜ਼ ਕਈ ਵਾਰੀ ਵਖਿਆਨ ਕਰਦੇ ਹਨ। ਉਹ ਹਰ ਦਿਨ ਬਸ ਭਾਸ਼ਣ ਕਰਦੇ ਹਨ, ਸੁਧਾਰ ਵਾਸਤੇ ਕੋਈ ਕੰਮ ਨਹੀਂ ਕਰਦੇ। ਸਫ਼ੇਦ ਬਸਤਰ ਧਾਰਨ ਕਰ ਕੇ ਧਰਮ ਅਸਥਾਨ ਵਿੱਚ ਚੌਕੜੇ ਮਾਰ ਕੇ ਬੈਠ ਜਾਣ ਨਾਲ ਸੁਧਾਰ ਨਹੀਂ ਹੋਣਾ। ਜਿਨ੍ਹਾਂ ਬੁਰਾਈਆਂ ਦਾ ਜ਼ਿਕਰ ਧਰਮੀ ਲੋਕ ਕਰਦੇ ਹਨ, ਉਨ੍ਹਾਂ ਦਾ ਬਦਲ ਕੋਈ ਪੇਸ਼ ਨਹੀਂ ਕਰਦੇ। ਜਿਸ ਬੁਰਾਈ ਨੂੰ ਵੇਖ ਲਿਆ, ਉਸ ਦੇ ਵਿਰੁੱਧ ਜਹਾਦ ਕਰਨਾ ਪਵੇਗਾ। ਸਰਕਾਰ ਨਾਲ ਟੱਕਰ ਲੈਣੀ ਪੈ ਸਕਦੀ ਹੈ। ਜੇਲ੍ਹਾਂ ਵਿੱਚ ਜਾਣਾ ਪੈ ਸਕਦਾ ਹੈ। ਸੜਕਾਂ 'ਤੇ ਉਤਰ ਕੇ ਡਾਂਗਾਂ, ਗੋਲੀਆਂ ਦਾ ਪ੍ਰਸ਼ਾਦ ਮਿਲ ਸਕਦਾ ਹੈ। ਜੇ ਅਖ਼ਬਾਰ ਗ਼ਲਤ ਹਨ ਤਾਂ ਆਪਣਾ ਅਖ਼ਬਾਰ ਚਾਲੂ ਕਰੋ। ਜੇਕਰ ਟੈਲੀਵਿਜ਼ਨ ਚੰਗੇ ਪ੍ਰੋਗਰਾਮ ਨਹੀਂ ਦਿੰਦੇ ਤਾਂ ਤੁਸੀਂ ਚੰਗੇ ਪ੍ਰੋਗਰਾਮ ਵਾਲਾ ਟੈਲੀਵਿਜ਼ਨ ਲਾਓ। ਜਿਥੇ ਕਿਧਰੇ ਬੁਰਾਈ ਨਜ਼ਰ ਆਉਂਦੀ ਹੈ, ਉਸ ਦੇ

ਮੁਕਾਬਲੇ ਵਿੱਚ ਅਛਾਈ ਲਿਆਉਣ ਵਾਸਤੇ ਯਤਨ ਕਰੋ। ਕੇਵਲ ਭਾਸ਼ਣਾਂ ਨਾਲ ਜਾਂ ਮੰਤਰ ਜਾਪਾਂ ਨਾਲ ਸਮਾਜ ਦਾ ਕੁੱਝ ਨਹੀਂ ਸੰਵਰਨਾ। ਇਸ ਵਾਸਤੇ ਤਪੱਸਿਆ ਦੀ ਲੋੜ ਨਹੀਂ, ਮਿਹਨਤ ਕਰਨ ਦੀ ਜ਼ਰੂਰਤ ਹੈ। ਬੁਰਾਈਆਂ ਮਾਲਾ ਫੇਰਨ ਨਾਲ ਦੂਰ ਨਹੀਂ ਹੋਣੀਆਂ, ਇਸ ਲਈ ਮੈਦਾਨ ਵਿੱਚ ਉਤਰਨਾ ਪਵੇਗਾ। ਇਸ ਧਰਤੀ ਨੂੰ ਰਹਿਣ ਜੋਗੀ ਬਣਾਉਣ ਲਈ ਉੱਦਮੀ ਲੋਕਾਂ ਨੇ ਮਕਾਨ ਬਣਾਏ ਹਨ। ਕਾਇਰ ਲੋਕ ਜੰਗਲਾਂ ਵੱਲ ਦੌੜ ਗਏ। ਇਥੋਂ ਦਰਿਆ ਨੂੰ ਬੰਨ੍ਹ ਮਾਰ ਕੇ ਨਹਿਰਾਂ ਕੱਢੀਆਂ ਗਈਆਂ। ਵੇਹਲੜ ਸਾਧ ਦਰਿਆਵਾਂ ਨੂੰ ਪਵਿੱਤਰ ਕਹਿ ਕੇ ਇਸ਼ਨਾਨ ਕਰਦੇ ਰਹੇ। ਕਿਰਤ ਨੂੰ ਪਿਆਰ ਕਰਨ ਵਾਲੇ, ਕਿਰਤ ਕਮਾਈ ਕਰਦੇ ਰਹੇ। ਪੁਜਾਰੀ ਟੋਲੇ ਉਨ੍ਹਾਂ ਦੀ ਕਿਰਤ 'ਤੇ ਗੋਗੜਾਂ ਪਾਲਦੇ ਰਹੇ। ਖੇਤੀ ਕਰਨ ਵਾਲੇ ਕਿਸਾਨ ਮਜ਼ਦੂਰ ਖੇਤਾਂ ਵਿੱਚ ਪਸੀਨਾ ਬਹਾਉਂਦੇ ਰਹੇ। ਕੰਮ ਚੋਰ ਸਾਧ ਉਨ੍ਹਾਂ ਦੀ ਕਿਰਤ ਨੂੰ ਲੁੱਟਦੇ ਰਹੇ। ਕਾਸ਼ ਇਹ ਲੋਕ ਕਿਰਤ ਕਰਦੇ, ਸਿਰਫ਼ ਭਾਸ਼ਣ ਨਾ ਕਰਦੇ। ਸੁਧਾਰ ਵਾਸਤੇ ਮੋਹਰੀ ਹੋ ਕੇ ਕੋਈ ਸਾਰਥਕ ਰੋਲ ਅਦਾ ਕਰਦੇ, ਸਿਰਫ਼ ਭਾਸ਼ਣ ਨਾ ਝਾੜਦੇ। ਅੱਜ ਤੱਕ ਜੋ ਸੁਧਾਰ ਹੋਇਆ ਹੈ, ਸਿਆਣਪ ਤੇ ਮਿਹਨਤ ਨਾਲ ਹੋਇਆ ਹੈ। ਵੇਹਲੜਾਂ ਨੇ ਕਦੀ ਸੁਧਾਰ ਨਹੀਂ ਕੀਤਾ।

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ ॥
ਗਲੀ ਭਿਸਤਿ ਨ ਜਾਈਐ, ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ, ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ, ਕੂੜੇ ਪਲੈ ਪਾਇ ॥ (141)



ਮਨ ਦੀ ਘਾੜਤ

ਜਦੋਂ ਬੱਚਾ ਜਨਮ ਲੈਂਦਾ ਹੈ, ਤਦੋਂ ਉਸ ਦਾ ਮਨ ਸਫੇਦ ਕਾਗਜ਼ ਦੀ ਨਿਆਈਂ ਹੁੰਦਾ ਹੈ। ਲਿਖਣ ਵਾਲਾ ਉਸ ਕਾਗਜ਼ 'ਤੇ ਜਿਹੋ ਜਿਹਾ ਚਾਹੇ, ਚੰਗੇ ਜਾਂ ਮੰਦੇ ਆਪਣੀ ਬੁੱਧੀ ਮੁਤਾਬਕ, ਵਿਚਾਰ ਲਿਖ ਸਕਦਾ ਹੈ। ਕਵਿਤਾ ਲਿਖੇ ਜਾਂ ਕਹਾਣੀ, ਨਾਵਲ ਲਿਖੇ ਜਾਂ ਨਾਟਕ, ਗੀਤ ਲਿਖੇ ਜਾਂ ਅਸ਼ਲੀਲਤਾ। ਉਸ ਦੀ ਆਪਣੀ ਇੱਛਾ ਅਤੇ ਗਿਆਨ 'ਤੇ ਨਿਰਭਰ ਹੈ। ਇਸ ਤਰ੍ਹਾਂ ਬੱਚਾ ਜੋ ਮਾਤਾ-ਪਿਤਾ ਨੂੰ ਕਰਦੇ ਵੇਖਦਾ ਹੈ, ਛੇਤੀ ਹੀ ਉਨ੍ਹਾਂ ਕੰਮਾਂ ਨੂੰ ਹੱਥ ਪਾਉਣ ਲਗਦਾ ਹੈ। ਜੋ ਬੋਲ ਮਾਤਾ-ਪਿਤਾ ਤੋਂ ਹਰ ਰੋਜ਼ ਸੁਣਦਾ ਹੈ, ਉਸੇ ਤਰ੍ਹਾਂ ਦੀ ਬੋਲੀ ਸਿੱਖਣੀ ਸ਼ੁਰੂ ਕਰ ਦਿੰਦਾ ਹੈ। ਜ਼ਰਾ ਵੱਡਾ ਹੋ ਕੇ ਸਮਾਜ ਵਿੱਚ ਹੋ ਰਹੇ ਵਿਹਾਰ ਨੂੰ ਵੇਖ ਕੇ, ਪਰਖ ਕੇ ਉਸ ਮੁਤਾਬਕ ਆਪਣੇ ਆਪੇ ਨੂੰ ਢਾਲਣਾ ਸ਼ੁਰੂ ਕਰ ਦਿੰਦਾ ਹੈ। ਚੜ੍ਹਦੀ ਜੁਆਨੀ ਵਿੱਚ ਨੌਜੁਆਨ ਗ਼ਲਤ ਕਦਰਾਂ ਕੀਮਤਾਂ ਦਾ ਵਿਰੋਧ ਭੀ ਕਰਦੇ ਹਨ। ਆਪਣੀ ਸਮਝ ਮੁਤਾਬਕ ਨਵੀਂਆਂ ਰਵਾਇਤਾ ਸਥਾਪਤ ਕਰਨੀਆਂ ਚਾਹੁੰਦੇ ਹਨ। ਵਿਆਹ ਦੇ "ਸਮਾਜਕ ਬੰਧਨ" ਤੋੜ ਕੇ, ਵਿਆਹ ਕਰਾਉਂਦੇ ਹਨ। ਸਾਰੀ ਉਮਰ ਇਕੱਠੇ ਜਿਉਣ ਮਰਨ ਦੀਆਂ ਕਸਮਾਂ ਖਾਂਦੇ ਹਨ। ਨਸ਼ਿਆਂ ਵਿੱਚ ਭੀ ਗਰਕ ਹੋ ਜਾਂਦੇ ਹਨ। ਜਦੋਂ ਤੱਕ ਸਮਝ ਆਉਂਦੀ ਹੈ, ਉਸ ਵਕਤ ਤੱਕ ਸਭ ਕੁੱਝ ਬਰਬਾਦ ਕਰ ਚੁੱਕੇ ਹੁੰਦੇ ਹਨ। ਕੋਈ ਹੀਰ-ਰਾਂਝਾ ਬਣਨ ਦੇ ਸੁਪਨੇ ਪਾਲਦਾ ਹੈ ਤੇ ਕੋਈ ਸੋਹਣੀ-ਮਹੀਵਾਲ ਵਾਂਗ ਝਨਾ ਦਰਿਆ ਵਿੱਚ ਡੁੱਬ ਮਰਦੇ ਹਨ। ਕਈ ਲੈਲਾ-ਮਜਨੂੰ ਦਾ ਸਾਂਗ ਧਾਰਨ ਕਰਦੇ ਹਨ ਤੇ ਕਈ ਮਿਰਜੇ ਦੀ ਰੀਸ ਕਰਦਿਆਂ, ਉਧਾਲ ਕੇ ਲਿਆਂਦੀ ਸਾਹਿਬਾਂ ਦੇ ਕਾਰਨ ਜੰਡ ਹੇਠਾਂ ਵੱਢ ਦਿੱਤੇ ਜਾਂਦੇ ਹਨ। ਕਿਸੇ ਦੇ ਸਾਹਮਣੇ ਮਾਡਲ ਗੁਰੂ ਸਾਹਿਬਾਨ ਹਨ, ਉਨ੍ਹਾਂ ਵੱਲੋਂ ਬਖਸ਼ਿਸ਼ ਕੀਤਾ ਗਿਆ ਗਿਆਨ ਦਾ ਅਥਾਹ ਸਾਗਰ ਹੈ। ਬੇਸ਼ੁਮਾਰ ਕੁਰਬਾਨੀਆਂ ਹਨ। ਬਹਾਦਰ ਸਿੱਖਾਂ ਨੂੰ ਕੋਈ ਆਪਣੇ ਜੀਵਨ ਲਈ ਮਾਡਲ ਬਣਾਉਂਦਾ ਹੈ। ਸਮਾਜ ਵਿੱਚ ਘੱਟ ਖੇਚਲ ਕਰ ਕੇ ਬਹੁਤ ਪੈਸਾ ਕਮਾ ਲੈਣ ਵਾਲੇ ਰਿਸ਼ਵਤਖੋਰ ਕਰਮਚਾਰੀ ਕਈਆਂ ਨੂੰ ਚੰਗੇ ਲਗਦੇ ਹਨ। ਕੋਈ ਸਮਗਲਰਾਂ, ਚੋਰਾਂ ਜਾਂ ਡਾਕੂਆਂ ਦਾ ਸਾਥੀ ਬਣ ਜਾਂਦਾ ਹੈ। ਨੌਜੁਆਨ ਵਰਗ ਨੂੰ ਜਿਸ ਨੇ ਮੋਹ ਲਿਆ, ਉਧਰ ਹੀ ਲੁੜਕ ਗਿਆ। ਫਿਰ ਵਾਪਸ ਮੁੜਨਾ ਬਹੁਤ ਔਖਾ ਹੈ।

ਸਮਾਜਕ ਉਥਾਨ ਦੀ ਗਤੀ ਮਸੀਂ ਕੀੜੀ ਦੀ ਚਾਲ ਚਲਦੀ ਹੈ। ਹਾਲਤ ਅਨੁਕੂਲ ਹੋਣ ਕਰ ਕੇ ਕੁੱਝ ਚੋਣਵੇਂ ਵਿਅਕਤੀ ਤੇਜ਼ ਰਫ਼ਤਾਰ ਨਾਲ ਬਾਕੀਆਂ ਨਾਲੋਂ ਅੱਗੇ ਨਿਕਲ ਜਾਂਦੇ ਹਨ। ਇਨ੍ਹਾਂ ਅੱਗੇ ਵੱਧ ਚੁੱਕੇ ਲੋਕਾਂ ਵਿੱਚੋਂ ਕੁੱਝ ਚੰਗੀਆਂ ਸਰਕਾਰੀ ਨੌਕਰੀਆਂ ਹਥਿਆ ਲੈਂਦੇ ਹਨ। ਕਈ ਵਾਪਾਰ ਵਿੱਚ ਹੱਥ ਅਜਮਾਈ ਲਈ ਨਿੱਤਰ ਪੈਂਦੇ ਹਨ। ਵੇਹਲੜਾਂ ਅਤੇ ਸਾਜ਼ਸ਼ੀਆਂ ਵਿੱਚੋਂ ਕੁੱਝ ਹੋਰ ਦਲੇਰ ਤਬਕਾ ਰਾਜਨੀਤੀ 'ਤੇ ਕਾਬਜ ਹੋ ਜਾਂਦਾ ਹੈ। ਦੂਜਾ ਵੇਹਲੜ ਪਰ ਕਾਇਰ ਕਿਸਮ ਦਾ ਟੋਲਾ, ਧਰਮ ਨੂੰ ਆਪਣੀ ਰੋਜ਼ੀ ਦਾ ਵਸੀਲਾ ਬਣਾ ਲੈਂਦਾ ਹੈ। ਜਿਸ ਤਰ੍ਹਾਂ ਦਾ ਸਮਾਜਕ ਤਾਣਾ-ਬਾਣਾ ਇੱਕ ਵਾਰੀ ਉੱਸਰ

ਗਿਆ, ਫਿਰ ਉਸ ਵਿੱਚ ਤਬਦੀਲੀ ਦੀ ਗੁੰਜਾਇਸ਼ ਮਾਮੂਲੀ ਜਿਹੀ ਹੀ ਹੋਇਆ ਕਰਦੀ ਹੈ। ਪਹਿਲੀ ਗੱਲ ਤਾਂ ਜੋ ਲੋਕ ਅਨੇਕ ਹਰਬੇ ਵਰਤ ਕੇ ਰਾਜਨੀਤੀ 'ਤੇ ਕਾਬਜ ਹੋ ਚੁੱਕੇ ਹਨ, ਤਬਦੀਲੀ ਨਾਲ ਉਨ੍ਹਾਂ ਦਾ ਨੁਕਸਾਨ ਹੋਵੇਗਾ। ਗੱਦੀ ਖੁੱਸ ਜਾਵੇਗੀ। ਕਈ ਤਰ੍ਹਾਂ ਦੇ ਮੁਕੱਦਮਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਾਜ ਸੱਤਾ ਦੌਰਾਨ ਕੀਤੇ ਗਏ ਘੁਟਾਲਿਆਂ ਵਿੱਚ ਬਦਨਾਮੀ ਜਾਂ ਬਰਬਾਦੀ ਹੋ ਸਕਦੀ ਹੈ। ਇਸ ਲਈ ਲੋਕਾਂ ਨੂੰ ਗਿਆਨ ਨਹੀਂ ਦੇਣਾ। ਚੰਗੀ ਪੜ੍ਹਾਈ ਨਹੀਂ ਕਰਾਉਣੀ। ਚੰਗਾ ਇਨਸਾਫ਼ ਨਹੀਂ ਦੇਣਾ। ਆਰਥਕ ਪੱਖੋਂ ਸਵੈ ਨਿਰਭਰ ਨਹੀਂ ਹੋਣ ਦੇਣਾ। ਜੇਕਰ ਆਮ ਲੋਕ ਠੀਕ ਅਤੇ ਗ਼ਲਤ ਦੀ ਪਛਾਣ ਕਰਨ ਜੋਗੇ ਹੋ ਗਏ ਤਾਂ ਠੱਗ ਕਿਸਮ ਦੇ ਰਾਜਨੇਤਾ ਗੱਦੀਆਂ 'ਤੇ ਨਹੀਂ ਬੈਠ ਸਕਦੇ।

ਧਾਰਮਕ ਦਿਸਦੇ ਲੋਕ ਅਸਲ ਵਿੱਚ ਧਰਮੀ ਨਹੀਂ ਹਨ। ਇਹ ਭੀ ਨਹੀਂ ਚਾਹੁੰਦੇ ਕਿ ਮਨੁੱਖਤਾ ਵਿੱਚ ਕੋਈ ਵਿਚਾਰਧਾਰਕ ਤਬਦੀਲੀ ਹੋਵੇ। ਸਮਾਜ ਦੀ ਸੋਚ ਨੂੰ ਖੁੰਢਾ ਰੱਖਣ ਵਾਸਤੇ ਹਮੇਸ਼ਾ ਬੀਤੇ ਜੁੱਗਾਂ ਦੀਆਂ ਕਥਾਵਾਂ ਸੁਣਾਉਂਦੇ ਹਨ। ਕਰਾਮਾਤੀ ਸ਼ਕਤੀਆਂ ਦੁਆਰਾ ਸਾਰੇ ਕਾਰਜ ਰਾਸ ਕਰਨ ਦਾ ਵਿਸ਼ਵਾਸ ਦੁਆਉਂਦੇ ਹਨ। ਦੇਵੀਆਂ-ਦੇਵਤਿਆਂ ਨੂੰ ਆਸਮਾਨ ਵਿੱਚੋਂ ਹੇਠਾਂ ਬੁਲਾ ਲੈਂਦੇ ਹਨ। ਜਦੋਂ ਮਨ ਚਾਹੇ ਉਨ੍ਹਾਂ ਨੂੰ ਵਾਪਸ ਕਿਤੇ ਉਪਰਲੇ ਲੋਕ ਵਿੱਚ ਭੇਜ ਦਿੰਦੇ ਹਨ। ਮੰਤਰਾਂ ਨਾਲ ਕਾਰਜ ਰਾਸ ਆਉਣ ਦਾ ਵਿਸ਼ਵਾਸ ਦੁਆਉਂਦੇ ਹਨ। ਕਦੀ ਰਿਧੀਆਂ-ਸਿੱਧੀਆਂ ਦਾ ਢੰਡੋਰਾ ਪਿੱਟਦੇ ਹਨ। ਕਦੀ ਅਰਦਾਸਾਂ ਰਾਹੀਂ ਸਫ਼ਲਤਾਵਾਂ ਮੰਗ ਲਿਆਉਂਦੇ ਹਨ, ਕਦੀ ਪਾਠਾਂ ਦੀਆਂ ਲੜੀਆਂ ਚਲਾ ਕੇ ਮਨ ਵਾਂਛਤ ਫਲ ਲਿਆ ਕੇ ਦੇਣ ਦਾ ਯਕੀਨ ਦੁਆਉਂਦੇ ਹਨ। ਇੰਨਾ ਅਡੰਬਰ ਰਚਣ ਦਾ ਮਕਸਦ ਹੀ ਇਹ ਹੁੰਦਾ ਹੈ ਕਿ ਆਮ ਇਨਸਾਨ "ਪਿਛਲੱਗ" ਬਣਿਆ ਰਹੇ। ਜਿਵੇਂ ਅਸੀਂ ਚਾਹੀਏ ਉਸ ਨੂੰ ਲੁਟਦੇ ਰਹੀਏ। ਉਸ ਦੀ ਸੋਚ ਇਤਨੀ ਨੀਵੀਂ ਚਲੀ ਜਾਵੇ ਕਿ ਆਪਣਾ ਸਾਰਾ ਕੁੱਝ ਲੁਟਾ ਕੇ ਭੀ ਉਹ ਠੱਗਿਆ ਹੋਇਆ ਮਹਿਸੂਸ ਨਾ ਕਰੇ, ਸਗੋਂ ਧਰਮੀ ਹੋਣ ਦਾ ਮਾਣ ਮਹਿਸੂਸ ਕਰੇ। ਪਾਖੰਡੀ ਧਰਮੀਆਂ ਨੂੰ ਹੀ ਰੱਬ ਦੇ ਦੂਤ ਸਮਝਦਾ ਰਹੇ। ਲੁਟੇਰਾ ਪੁਜਾਰੀ ਨਹੀਂ ਚਾਹੁੰਦਾ ਕਿ ਉਸ ਦੀ ਸੋਚ ਵਿੱਚ ਕੋਈ ਤਬਦੀਲੀ ਹੋਵੇ। ਜੇ ਆਮ ਮਨੁੱਖ ਜਾਗ ਪਿਆ ਫਿਰ ਧਰਮ ਦਾ ਪਾਖੰਡ ਚਲਾ ਰਹੇ ਪੁਜਾਰੀਆਂ ਦੀਆਂ ਹਜ਼ਾਰਾਂ ਦੁਕਾਨਾਂ ਬੰਦ ਹੋ ਜਾਣਗੀਆਂ।

ਇਸ ਘਟੀਆ ਸੋਚ ਵਾਲੇ ਧਰਮ ਅਤੇ ਰਾਜ ਦੇ ਪ੍ਰਚਾਰ ਅਤੇ ਦਬਾਉ ਕਾਰਨ ਆਮ ਲੋਕਾਂ ਦੀ ਸੋਚ ਮਰ ਗਈ ਹੈ। ਮਨ ਅੰਦਰੋਂ "ਪਰਖ" ਵਾਲਾ ਪੁਰਜਾ ਹੀ ਸੜ ਸੁੱਕ ਗਿਆ ਹੈ। ਸ਼ਹਿਰਾਂ, ਬਾਜ਼ਾਰਾਂ ਵਿੱਚ ਜਿਧਰ ਧਿਆਨ ਮਾਰੋ, ਘਟੀਆ ਚੀਜ਼ਾਂ ਹੀ ਬਾਜ਼ਾਰ ਵਿੱਚ ਸ਼ਰੇਆਮ ਵਿਕਦੀਆਂ ਹਨ। ਵੇਚਣ ਵਾਲਾ ਬੜੀ ਢੀਠਤਾਈ ਨਾਲ ਵੇਚ ਕੇ ਪੈਸੇ ਵੱਟ ਰਿਹਾ ਹੈ। ਖ਼ਰੀਦਦਾਰ ਨਾਸਮਝੀ ਕਾਰਨ, ਘਟੀਆ ਮਾਲ ਖ਼ਰੀਦ ਕੇ ਆਪਣਾ ਘਰ ਉਜਾੜ ਰਿਹਾ ਹੈ। ਇੱਥੇ "ਪੀਲਾ" (ਸਭਿਅਤਾ ਲਈ ਨੁਕਸਾਨ ਦੇਹ) ਸਾਹਿਤ ਧੜਾ-ਧੜ ਵਿਕਦਾ ਹੈ, ਚੰਗੀਆਂ ਮਿਆਰੀ ਕਿਤਾਬਾਂ ਘੱਟ। ਇਥੇ ਆਤਮਕ ਮੰਡਲਾਂ ਨੂੰ ਸਰੂਰ ਦੇਣ ਵਾਲਾ, ਗਗਨਾਂ ਵਿੱਚ ਉਡਾਰੀਆਂ ਲਗਵਾ ਦੇਣ ਵਾਲਾ ਸੰਗੀਤ ਘੱਟ ਚਲਦਾ ਹੈ। ਲੱਚਰ ਸੰਗੀਤ

ਤੇ ਲੱਚਰ ਨਾਚ ਖ਼ੂਬ ਚਲਦਾ ਹੈ। ਇਥੇ ਜ਼ਿੰਦਗੀ ਨੂੰ ਹੁਲਾਰਾ ਦੇਣ ਵਾਲੀਆਂ ਫਿਲਮਾਂ ਘੱਟ ਚਲਦੀਆਂ ਹਨ। ਨੰਗੇਜ਼ ਭਰਪੂਰ, ਅਸ਼ਲੀਲ ਹਰਕਤਾਂ ਵਾਲੀਆਂ ਫਿਲਮਾਂ ਚੰਗਾ ਕਾਰੋਬਾਰ ਕਰਦੀਆਂ ਹਨ। ਇਥੇ ਜਿਉਂਦੀ ਸੋਚ ਵਾਲੇ ਮਹਾਂਪੁਰਖਾਂ ਦੀ ਕਦਰ ਘੱਟ ਹੈ। ਮੁਰਦਾ ਵਿਚਾਰਧਾਰਾ ਵਾਲੇ ਵਿਅਕਤੀਆਂ ਦੀ ਪੂਜਾ ਹੁੰਦੀ ਹੈ। ਇਥੇ ਮਰੀ ਸੋਚ ਕਾਰਨ ਇਨਸਾਨ ਦੀ ਕਦਰ ਘੱਟ ਹੈ, ਪਸ਼ੂਆਂ ਦੀ ਪੂਜਾ ਕੀਤੀ ਜਾਂਦੀ ਹੈ। ਇਥੋਂ ਦੇ ਪੁਜਾਰੀਆਂ ਨੇ ਨਿੱਤ-ਨਿੱਤ ਦੇ ਪ੍ਰਚਾਰ ਨਾਲ ਮਨੁੱਖ ਦੀ ਆਤਮਾ ਮਾਰ ਦਿੱਤੀ ਹੈ। ਮਰੀ ਹੋਈ ਆਤਮਾ ਵਾਲੇ ਹੀ "ਮਰੇ ਹੋਏ ਰੱਬਾਂ" ਦੀ ਪੂਜਾ ਕਰਦੇ ਹਨ। ਖ਼ੁਦ ਹੀ ਰੱਬ ਨੂੰ ਬਣਾਉਂਦੇ ਘੜਦੇ ਤਰਾਸ਼ਦੇ ਹਨ। ਖ਼ੁਦ ਹੀ ਧਰਮ ਅਸਥਾਨ ਵਿੱਚ ਸੋਹਣੇ ਬਸਤਰ ਪਹਿਨਾ ਕੇ ਉਸ ਦੀ ਪੂਜਾ ਸ਼ੁਰੂ ਕਰ ਦਿੰਦੇ ਹਨ। ਹਰ ਸਾਲ ਅਜਿਹੇ ਬਣਾਵਟੀ ਰੱਬ ਹਜ਼ਾਰਾਂ ਦੀ ਤਾਦਾਦ ਵਿੱਚ ਖ਼ਰੀਦੇ ਅਤੇ ਵੇਚੇ ਜਾਂਦੇ ਹਨ। ਇਨ੍ਹਾਂ ਮਰੇ ਹੋਏ ਰੱਬਾਂ ਦੀ ਬਦੌਲਤ ਅਰਬਾਂ-ਖ਼ਰਬਾਂ ਦਾ ਕਾਰੋਬਾਰ ਹੁੰਦਾ ਹੈ। ਸੋਨਾ-ਚਾਂਦੀ ਚੜ੍ਹਦੇ ਹਨ। ਇਨਸਾਨ ਭੁੱਖੇ ਮਰ ਰਹੇ ਹਨ। ਧੁੱਪ ਵਿੱਚ ਸੜ ਰਹੇ ਹਨ। ਸਰਦੀ ਵਿੱਚ ਠਰ ਰਹੇ ਹਨ। ਫੁੱਟਪਾਥਾਂ 'ਤੇ ਰਾਤਾਂ ਗੁਜ਼ਾਰਦੇ ਹਨ। ਮਰੇ ਹੋਏ ਭਗਵਾਨਾਂ ਦੇ ਮਹਿਲ ਕਈ-ਕਈ ਮੰਜ਼ਲੇ ਬਹੁਤ ਆਲੀਸ਼ਾਨ ਬਣ ਚੁੱਕੇ ਹਨ। ਆਲੇ-ਦੁਆਲੇ ਅੱਖਾਂ ਤੋਂ ਪੱਟੀ ਉਤਾਰ ਕੇ ਪਰਖ ਕਰੋ। ਲੰਮਾਂ ਸਮਾਂ ਪਹਿਲਾਂ ਮਰ ਚੁੱਕੇ ਲੋਕਾਂ ਦੀਆਂ ਕਬਰਾਂ ਦੀ ਪੂਜਾ ਹੋ ਰਹੀ ਹੈ। ਅਨੰਤ ਕਾਲ ਪਹਿਲਾਂ ਮਰ ਚੁੱਕੇ ਵਿਅਕਤੀਆਂ ਦੀਆਂ ਮੜ੍ਹੀਆਂ ਦੀ ਪੂਜਾ ਨੀਤੀ ਜਾ ਰਹੀ ਹੈ। ਸਿੱਖਾਂ ਵਿਚਲੇ ਸਾਧਾਂ ਦੀਆਂ ਮੜ੍ਹੀਆਂ 'ਤੇ ਥੜ੍ਹੇ ਬਣਾ ਕੇ ਉਪਰ ਗੁਰੂ ਗ੍ਰੰਥ ਸਾਹਿਬ ਟਿਕਾ ਦਿੱਤਾ ਜਾਂਦਾ ਹੈ। ਵਿੰਗੇ ਟੇਢੇ ਢੰਗ ਨਾਲ ਮੁਰਦੇ ਸਾਧ ਦੀ ਪੂਜਾ ਕਰਵਾਈ ਜਾ ਰਹੀ ਹੈ। ਲੋਕਾਂ ਦਾ ਮਾਨਸਿਕ ਪੱਧਰ ਉੱਚਾ ਚੁੱਕਣ ਵਾਸਤੇ ਕੋਈ ਪ੍ਰਬੰਧ ਨਹੀਂ ਹੈ। ਰਸਾਂਤਲ ਵਿੱਚ ਗਰਕ ਕਰਨ ਲਈ ਪੁਜਾਰੀ ਅਤੇ ਰਾਜਸੀ ਆਗੂ ਖ਼ੂਬ ਟਿੱਲ ਲਾ ਰਹੇ ਹਨ।

ਅੰਧੁਲੈ ਭਾਰੁ ਉਠਾਇਆ, ਡੂਗਰ ਵਾਟ ਬਹੁਤੁ ॥
ਅਖੀ ਲੋੜੀ ਨਾ ਲਹਾ, ਹਉ ਚੜਿ ਲੰਘਾ ਕਿਤੁ ॥ (729)

"ਨਾਮੀ" ਦਾ ਜੀਵਨ

ਆਲੇ-ਦੁਆਲੇ ਧਿਆਨ ਮਾਰਿਆਂ ਸਹਿਜੇ ਹੀ ਦਿੱਸ ਆਉਂਦਾ ਹੈ ਕਿ ਲੋਕੀਂ ਬਹੁਤ "ਧਰਮ ਕਰਮ" ਕਰ ਰਹੇ ਹਨ। ਕਿਧਰੇ ਪਾਠ ਹੋ ਰਹੇ ਹਨ ਕਿਤੇ ਹਵਨ ਹੋ ਰਹੇ ਹਨ। ਕੋਈ ਮਾਲਾ ਫੇਰਦਾ ਹੈ, ਕੋਈ ਮਾਲਾ ਤੋਂ ਬਿਨਾਂ ਹੀ ਸਿਮਰਨ ਕਰ ਰਿਹਾ ਹੈ। ਕੋਈ ਧਰਮ ਅਸਥਾਨ ਵੱਲ ਜਾ ਰਿਹਾ ਹੈ ਤੇ ਕੋਈ ਸੇਵਾ ਸਿਮਰਨ ਕਰ ਕੇ ਵਾਪਸ ਆ ਰਿਹਾ ਹੈ। ਕੋਈ ਆਟਾ-ਦਾਲ ਗੁਰਦਵਾਰੇ ਪੁਚਾ ਰਿਹਾ ਹੈ ਤੇ ਕੋਈ ਲੰਗਰ ਖਾ ਰਿਹਾ ਹੈ। ਕਿਧਰੇ ਪਾਠਾਂ ਦੀਆਂ ਇਕੋਤਰੀਆਂ ਰਾਹੀਂ "ਧਰਮ ਕਰਮ" ਕੀਤਾ ਜਾ ਰਿਹਾ ਹੈ। ਕਿਤੇ ਕਾਫਲੇ ਬਣਾ ਕੇ ਧਾਰਮਕ ਅਸਥਾਨਾਂ ਲਈ ਯਾਤਰਾ ਕੀਤੀ ਜਾ ਰਹੀ ਹੈ। ਕੋਈ ਪਹਾੜਾਂ 'ਤੇ ਚੜ੍ਹ ਕੇ ਨਾਮ ਸਿਮਰਨ ਕਰਦਾ ਹੈ। ਦੂਜਾ ਕੋਈ ਭੋਰੇ ਵਿੱਚ ਵੜ ਕੇ ਸਿਮਰਨ ਕਰਦਾ ਹੈ। ਕੋਈ ਜੰਗਲ ਵਿੱਚ ਜਾ ਕੇ ਨਾਮ ਜਪਦੇ ਹਨ। ਕੋਈ ਬਾਬਾ ਜੀ ਏ.ਸੀ. ਦੀ ਠੰਢਕ ਵਿੱਚ ਸਿਮਰਨ ਦਾ ਲਾਹਾ ਖਟਦੇ ਹਨ। ਹਰ ਕੋਈ ਆਪਣੇ ਆਪ ਨੂੰ ਧਰਮੀ ਅਖਵਾ ਕੇ ਮਾਣ ਮਹਿਸੂਸ ਕਰਦਾ ਹੈ। ਬਾਹਰੋਂ ਵਿਖਾਵੇ ਲਈ ਕਈ ਪ੍ਰਕਾਰ ਦੇ ਧਾਰਮਕ ਦਿੱਖ ਵਾਲੇ ਬਸਤਰ ਭੀ ਪਹਿਨਦਾ ਹੈ। ਹਰ ਕੋਈ ਆਪਣੇ ਆਪ ਨੂੰ ਨਾਮ ਰਸੀਆ, ਰੱਬ ਦਾ ਪਿਆਰਾ, ਸੁਆਸ-ਸੁਆਸ ਸਿਮਰਨ ਕਰਨ ਵਾਲਾ ਅਖਵਾਉਣਾ ਚਾਹੁੰਦਾ ਹੈ। ਪਰ ਕੀ ਸੱਚ-ਮੁੱਚ ਅਜਿਹਾ ਵਿਖਾਵਾ ਕਰਨ ਵਾਲਾ ਮਨੁੱਖ ਸਹੀ ਅਰਥਾਂ ਵਿੱਚ ਧਰਮੀ ਬਣ ਗਿਆ ਹੈ ? ਜੇ ਧਰਮੀ ਬਣ ਗਿਆ ਹੈ ਤਾਂ ਉਸ ਨੂੰ ਢੰਡੋਰਾ ਪਿੱਟਣ ਦੀ ਲੋੜ ਕਿਉਂ ਪੈ ਰਹੀ ਹੈ ? ਧਰਮ ਮਨੁੱਖ ਦੇ ਜੀਵਨ ਵਿੱਚੋਂ ਉਸ ਦੇ ਕੰਮਾਂ ਦੁਆਰਾ ਪ੍ਰਗਟ ਹੁੰਦਾ ਹੈ। ਬਣਾਵਟੀ ਜ਼ਿੰਦਗੀ ਦਾ ਨਾਮ ਧਰਮ ਨਹੀਂ ਹੈ। ਸਹਿਜ ਸੁਭਾ ਜ਼ਿੰਦਗੀ ਦੇ ਹਰ ਪਹਿਲੂ ਵਿੱਚੋਂ ਧਰਮ ਡਲ੍ਹਕਾਂ ਮਾਰਦਾ ਦਿੱਸੇ। ਜਿਵੇਂ ਹਰ ਇੱਕ ਜੀਵ, ਮਨੁੱਖ 'ਤੇ ਕੀੜਾ ਆਦਿ ਸ਼ਹਿਦ 'ਤੇ ਲਪਕ-ਲਪਕ ਪੈਂਦਾ ਹੈ। ਇਸੇ ਤਰ੍ਹਾਂ ਧਰਮੀ ਮਨੁੱਖ ਦੀ ਚੰਗਿਆਈ ਕਾਰਨ ਹਰ ਕੋਈ ਉਸ ਦੀ ਨੇੜਤਾ ਦਾ ਨਿੱਘ ਮਾਨਣਾ ਚਾਹੁੰਦਾ ਹੈ।

ਫੁੱਲਾਂ ਦਾ ਗੁਲਦਸਤਾ ਮੇਜ 'ਤੇ ਸਜਿਆ ਹੋਵੇ ਤਾਂ ਦੱਸਣਾ ਨਹੀਂ ਪੈਂਦਾ ਕਿ "ਆਹ ਵੇਖੋ! ਸਾਡੇ ਘਰ ਵਿੱਚ ਫੁੱਲ ਰੱਖੇ ਹੋਏ ਹਨ। ਇਨ੍ਹਾਂ ਵਿੱਚੋਂ ਬੜੀ ਲੁਭਾਵਣੀ ਖ਼ੁਸ਼ਬੂ ਆਉਂਦੀ ਹੈ। ਇਨ੍ਹਾਂ ਨੂੰ ਲੋਕੀਂ ਬਹੁਤ ਪਸੰਦ ਕਰਦੇ ਹਨ।" ਦੱਸਣ ਦੀ ਜ਼ਰੂਰਤ ਨਹੀਂ ਹੈ। ਜੇਕਰ ਘਰ ਪ੍ਰਵਾਰ ਵਾਲਿਆਂ ਨੂੰ ਮਹਿਕ ਆ ਰਹੀ ਹੈ ਤਾਂ ਆਏ ਮਹਿਮਾਨ ਨੂੰ ਭੀ ਜ਼ਰੂਰ ਆ ਰਹੀ ਹੈ, ਦੱਸਣ ਦੀ ਲੋੜ ਨਹੀਂ ਹੈ। ਆਪਣੇ ਵਕਤ ਸਿਰ ਸੂਰਜ ਉੱਗ ਪੈਂਦਾ ਹੈ, ਚਾਨਣ ਬਖੇਰਦਾ ਹੈ। ਨਿੱਘ ਬਖ਼ਸ਼ਦਾ ਹੈ। ਸੂਰਜ ਚੜ੍ਹਨ 'ਤੇ ਲੋਕੀਂ ਸੁੱਤੇ ਉੱਠ ਪੈਂਦੇ ਹਨ। ਪੰਛੀ ਚਹਿਕਦੇ ਹਨ। ਸੁਜਾਖੇ ਲੋਕਾਂ ਨੇ ਤਾਂ ਸੂਰਖ ਅੱਖਾਂ ਨਾਲ ਵੇਖ ਲਿਆ ਯਕੀਨ ਆ ਗਿਆ ਪਰ ਸੂਰਜ ਚੜ੍ਹਨ ਦਾ ਤਾਂ ਨੇਤਰਹੀਣ ਵਿਅਕਤੀ ਨੂੰ ਭੀ ਪਤਾ ਲੱਗ ਜਾਂਦਾ ਹੈ। ਦੱਸਣ ਦੀ ਜ਼ਰੂਰਤ ਨਹੀਂ ਪੈਂਦੀ। ਸੂਰਜ ਦੀ ਨਿੱਘ ਅਤੇ ਪੰਛੀਆਂ ਦਾ ਚਹਿਕਣਾ ਇਸ ਗੱਲ ਦਾ ਸਬੂਤ ਹੈ ਕਿ ਸੂਰਜ ਉੱਗ ਪਿਆ ਹੈ।

ਬਾਗ਼ ਦੇ ਅੰਦਰ ਭਾਵੇਂ ਨਾ ਜਾਈਏ, ਨੇੜਿਓਂ ਦੀ ਲੰਘ ਜਾਈਏ ਤਾਂ ਭੀ ਫੁੱਲਾਂ ਦੀ ਮਹਿਕ ਮਨੁੱਖ ਤੱਕ ਪਹੁੰਚ ਹੀ ਜਾਵੇਗੀ। ਯਾਤਰੂ ਖ਼ੁਦ ਖ਼ੁਸ਼ ਹੋ ਕੇ ਬੋਲ ਉੱਠੇਗਾ ਕਿ "ਵਾਹ, ਇਥੇ ਨੇੜੇ ਕਿਤੇ ਬਾਗ਼ ਵਿੱਚ ਫੁੱਲ ਖਿੜੇ ਹੋਏ ਹਨ। ਬੜੀ ਪਿਆਰੀ ਮਹਿਕ ਆ ਰਹੀ ਹੈ।" ਜੇਕਰ ਫੁੱਲ ਬਣਾਵਟੀ ਹੋਣ, ਕਾਗਜ਼ ਦੇ ਹੋਣ ਤਾਂ ਦੱਸਣਾ ਪੈ ਸਕਦਾ ਹੈ ਕਿ "ਵੇਖੋ ਜੀ! ਆਹ ਕਿੰਨਾ ਸੋਹਣਾ ਫੁੱਲਾਂ ਦਾ ਗੁਲਦਸਤਾ ਸਜਿਆ ਹੋਇਆ ਹੈ।" ਮਹਿਮਾਨ ਕਹਿਣ ਲਈ ਮਜਬੂਰ ਹੋ ਜਾਵੇਗਾ "ਜੀ ਅਸਲੀ ਫੁੱਲ ਪ੍ਰਤੀਤ ਨਹੀਂ ਹੁੰਦੇ। ਜੇ ਅਸਲੀ ਹੁੰਦੇ ਤਾਂ ਖ਼ੁਸ਼ਬੂ ਜ਼ਰੂਰ ਆਉਂਦੀ। ਇਹ ਤਾਂ ਕਾਗਜ਼ੀ ਲਗਦੇ ਹਨ।"

ਬਸ ਇਸੇ ਤਰ੍ਹਾਂ ਧਰਮੀ ਦਿੱਸਣ ਵਾਲਾ ਵਿਅਕਤੀ ਅਤੇ ਸਮਾਜ, ਕਾਗਜ਼ ਦੇ ਫੁੱਲਾਂ ਵਾਂਗ ਬਣਾਵਟੀ ਜੀਵਨ ਵਾਲਾ ਹੈ। ਉਸ ਦੇ ਮਨ ਅੰਦਰ ਧਾਰਮਕ ਕਦਰਾਂ ਕੀਮਤਾਂ ਪੈਦਾ ਹੀ ਨਹੀਂ ਹੋਈਆਂ। ਇਨਸਾਨੀਅਤ ਪ੍ਰਤੀ ਉਸ ਦਾ ਵਰਤਾਉ ਇਮਾਨਦਾਰੀ ਵਾਲਾ ਨਹੀਂ ਹੈ। ਵਿਕਾਰਾਂ 'ਤੇ ਹਾਲੀ ਕਾਬੂ ਨਹੀਂ ਪਾ ਸਕਿਆ। ਹੱਥੀਂ ਕਿਰਤ ਨਹੀਂ ਕਰਦਾ, ਵੰਡ ਕੇ ਨਹੀਂ ਛਕਦਾ। ਸਰਕਾਰੀ ਜਿੰਮੇਵਾਰੀ, ਦਿਆਨਤਦਾਰੀ ਨਾਲ ਨਹੀਂ ਨਿਭਾਉਂਦਾ। ਬਹਾਦਰੀ ਦਾ ਜਜ਼ਬਾ ਪੈਦਾ ਹੋਇਆ ਹੈ ਕਿ ਨਹੀਂ? ਖ਼ਿਮਾ ਅਤੇ ਨਿਮਰਤਾ ਧਾਰਨ ਕੀਤੀ ਹੈ ਕਿ ਨਹੀਂ? ਜ਼ਬਾਨ ਵਿੱਚ ਮਿਠਾਸ ਹੈ ਕਿ ਨਹੀਂ? ਸੁਭਾਅ ਵਿੱਚ ਧੀਰਜ ਜਾਂ ਟਿਕਾਉ ਕਿੰਨਾ ਕੁ ਹੈ? ਨੌਕਰੀ, ਵਾਪਾਰ ਦੁਕਾਨ ਆਦਿ ਕਿਸੇ ਭੀ ਥਾਂ ਕੰਮ ਕਰਨ ਵਾਲਾ ਵਿਅਕਤੀ ਆਪਣੇ ਕਿੱਤੇ ਪ੍ਰਤੀ ਇਮਾਨਦਾਰ ਹੈ? ਜੇ ਅਜਿਹੇ ਬਹੁਤ ਸਾਰੇ ਗੁਣ ਮਨੁੱਖ ਵਿੱਚ ਪੈਦਾ ਨਹੀਂ ਹੋਏ, ਉਂਞ ਧਰਮੀ ਹੋਣ ਦੇ ਚਿੰਨ੍ਹ ਧਾਰਨ ਕਰ ਲਏ। ਬਣਾਵਟੀ ਸਿਮਰਨ ਭੀ ਕਰ ਲਿਆ ਪਰ ਜੀਵਨ ਸੱਖਣਾ ਹੈ, "ਕਾਗਜ਼ੀ ਫੁੱਲਾਂ" ਵਾਂਗ ਵੇਖਣ ਨੂੰ ਬਹੁਤ ਸੋਹਣੇ ਲਗਦੇ ਹਨ ਪਰ ਮਹਿਕ ਤੋਂ ਖ਼ਾਲੀ ਹਨ। ਇਸੇ ਤਰ੍ਹਾਂ ਆਦਮੀ ਵਿਖਾਵੇ ਲਈ ਚਿੰਨ੍ਹ ਧਾਰਨ ਕਰਦਾ ਹੈ। ਧਰਮ ਅਸਥਾਨ 'ਤੇ ਬਾਰ-ਬਾਰ ਜਾ ਕੇ ਨਮਸਕਾਰਾਂ ਕਰਦਾ ਹੈ। ਸਰੀਰ ਤੇ ਧਰਮ ਦੇ ਚਿੰਨ੍ਹ ਭੀ ਧਾਰਨ ਕਰਦਾ ਹੈ ਪਰ ਅਜੇ ਮਨ ਕਰ ਕੇ ਸਿੱਖੀ ਵਾਲੇ ਗੁਣ ਪੈਦਾ ਨਹੀਂ ਹੋਏ। ਇਸੇ ਲਈ ਦੱਸਣਾ ਪੈ ਰਿਹਾ ਹੈ ਕਿ ਮੈਂ ਧਾਰਮਕ ਬਿਰਤੀ ਵਾਲਾ ਵਿਅਕਤੀ ਹਾਂ। ਐਹ ਖਾਵਾਂਗਾ, ਆਹ ਨਹੀਂ ਖਾਵਾਂਗਾ। ਮੇਰੇ ਤਨ ਦੇ ਬਸਤਰ ਵੇਖੋ ਕਿੰਨੇ ਸਾਫ਼ ਸਫ਼ੈਦ ਹਨ। ਸਰੀਰ 'ਤੇ ਧਾਰਮਕ ਨਿਸ਼ਾਨੀਆਂ ਭੀ ਧਾਰਨ ਕੀਤੀਆਂ ਹੋਈਆਂ ਹਨ। ਮੈਂ ਸਵੇਰੇ ਪਹਿਰ ਰਾਤ ਰਹਿੰਦੀ "ਅੰਮ੍ਰਿਤ" ਵੇਲੇ ਜਾਗਦਾ ਹਾਂ। ਸਮੇਤ ਕੇਸਾਂ ਦੇ ਹਰ ਰੋਜ਼ ਇਸ਼ਨਾਨ ਕਰਦਾ ਹਾਂ। ਮੇਰਾ ਚੋਲਾ, ਕੇਸ, ਕੰਘਾ, ਕੜਾ ਆਦਿ ਵੇਖੋ ਕਿੰਨੇ ਸੋਹਣੇ ਹਨ। ਹੁਣ ਧਰਮੀ ਹੋਣ ਵਿੱਚ ਕੀ ਦਿੱਕਤ ਹੈ? ਜਦੋਂ ਕਿਰਦਾਰ ਅਤੇ ਵਿਹਾਰ ਦੋਨੋਂ ਸੁਧਰ ਗਏ। ਉਸ ਸਮੇਂ ਮਨੁੱਖ ਅਸਲੀ ਧਰਮੀ ਹੋਵੇਗਾ। ਉਸ ਨੂੰ ਢੰਡੋਰਾ ਨਹੀਂ ਫਿਰਾਉਣਾ ਪਵੇਗਾ।

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥
ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ ਏਤੁ ਦੁਆਰੈ ਧੋਇ ਹਛਾ ਹੋਇਸੀ ॥ (729)



ਭੀੜਾਂ ਤੇ ਪੁਰਾਤਨਤਾ

ਜਦੋਂ ਤੋਂ ਸ੍ਰਿਸ਼ਟੀ ਬਣੀ ਹੈ, ਪਸ਼ੂਆਂ-ਪੰਛੀਆਂ ਦੇ ਮਾਨਸਿਕ ਵਿਕਾਸ ਵਿੱਚ ਮਾਮੂਲੀ ਵਾਧਾ ਹੋਇਆ ਹੋਵੇਗਾ। ਮਨੁੱਖ ਨੇ ਜੋ ਤਰੱਕੀ ਕੀਤੀ ਹੈ, ਉਸ ਦਾ ਪਹਿਲਾਂ ਕਦੇ ਚਿੱਤ ਚੇਤਾ ਹੀ ਨਹੀਂ ਸੀ। ਮਨੁੱਖ ਜਾਤੀ ਵਿੱਚੋਂ ਕੋਈ ਵਿਰਲੇ ਉਂਗਲਾਂ 'ਤੇ ਗਿਣੇ ਜਾਣ ਜੋਗੇ ਸਿਰੜੀ ਇਨਸਾਨ ਕਿਸੇ ਖ਼ਾਸ ਮਕਸਦ ਲਈ ਆਪਣਾ ਜੀਵਨ ਅਰਪਣ ਕਰ ਦਿੰਦੇ ਹਨ। ਮਨੁੱਖੀ ਸਮਾਜ ਦੀਆਂ ਮੁਸ਼ਕਲਾਂ ਘਟਾਈਆਂ ਜਾਣ। ਖ਼ੁਸ਼ੀਆਂ ਵਿੱਚ ਵਾਧਾ ਕੀਤਾ ਜਾਵੇ। ਪਰ ਇਹ ਕਿਵੇਂ ਸੰਭਵ ਹੋਵੇ ? ਇਸ ਤਰ੍ਹਾਂ ਸੋਚਦਿਆਂ ਅਤੇ ਇਸ ਸੋਚ ਮੁਤਾਬਕ ਕੰਮ ਕਰਦਿਆਂ ਉਮਰ ਲੇਖੇ ਲੱਗ ਜਾਂਦੀ ਹੈ। ਨਵੇਂ ਰਾਹਾਂ ਦੀ ਤਲਾਸ਼ ਕਰਨ ਲਈ ਕਦੀ ਭੀੜਾਂ (ਬਹੁਤੇ ਲੋਕ) ਨਹੀਂ ਜਾਂਦੀਆਂ। ਹਿਮਾਲਾ ਪਰਬਤ ਦੀ ਚੋਟੀ ਨੂੰ ਅੱਜ ਤੱਕ ਭੀੜਾਂ ਨੇ ਨਹੀਂ ਜਿੱਤਿਆ, ਕੁੱਝ ਵਿਅਕਤੀ ਹੀ ਉਥੋਂ ਤੱਕ ਗਏ ਹਨ। ਇਕੱਲੇ ਵਿਅਕਤੀ ਲਈ ਬਹੁਤ ਖ਼ਤਰਾ ਹੈ। ਉਸ ਨੂੰ ਸੋਚ-ਸੋਚ ਕੇ ਅੱਗੇ ਪੈਰ ਵਧਾਉਣਾ ਪਵੇਗਾ। ਜ਼ਰਾ ਕੁ ਪੈਰ ਫਿਸਲ ਜਾਣ ਨਾਲ ਬਚਾਉਣ ਵਾਲਾ ਵੀ ਕੋਈ ਨਹੀਂ ਹੈ। ਜੇ ਅਣਗਹਿਲੀ ਹੋ ਗਈ ਤਾਂ ਸਰੀਰ ਭੀ ਖ਼ਤਮ ਤੇ ਕੰਮ ਭੀ ਅਧੂਰਾ ਰਹਿ ਜਾਵੇਗਾ। ਇਸ ਲਈ ਬਹੁਤ ਸਾਵਧਾਨੀ ਦੀ ਲੋੜ ਹੈ।

ਦੂਜੇ ਪਾਸੇ ਭੀੜਾਂ ਹਨ, ਕੁੱਝ ਰਾਜਸੀ ਲੋਕਾਂ ਦੇ ਮਗਰ ਕੁੱਝ "ਧਾਰਮਕ" ਲੋਕਾਂ ਦੇ ਪਿੱਛੇ। ਭੀੜਾਂ ਵੱਲੋਂ ਕਿਸੇ ਨਵੇਂ ਸਿਧਾਂਤ ਜਾਂ ਨਵੇਂ ਰਾਹ ਦੀ ਖੋਜ ਨਹੀਂ ਕੀਤੀ ਜਾਂਦੀ। ਭੀੜਾਂ ਬੇਤਹਾਸ਼ਾ ਦੌੜਦੀਆਂ ਹਨ। ਇਹ ਵੀ ਪਤਾ ਨਹੀਂ ਹੁੰਦਾ ਕਿ ਜਾਣਾ ਕਿੱਥੇ ਹੈ ? ਸਾਡੀ ਮੰਜ਼ਿਲ ਕਿਹੜੀ ਹੈ ? ਭੀੜਾਂ ਸ਼ੋਰ ਮਚਾਉਂਦੀਆਂ ਹਨ, ਚੀਕਾਂ ਮਾਰਦੀਆਂ ਹਨ। ਇਹ ਪਤਾ ਨਹੀਂ ਲਗਦਾ ਕਿ ਕੀ ਕਹਿ ਰਹੀਆਂ ਹਨ। ਸ਼ੋਰ ਬਹੁਤ ਸੁਣਾਈ ਦਿੰਦਾ ਹੈ, ਆਵਾਜ਼ ਸਮਝ ਕੋਈ ਨਹੀਂ ਆਉਂਦੀ। ਭੀੜਾਂ ਅੱਗਾਂ ਲਾਉਂਦੀਆਂ ਹਨ, ਘਰ, ਪਿੰਡ, ਸ਼ਹਿਰ ਸਾੜ ਕੇ ਸੁਆਹ ਕਰ ਦਿੰਦੀਆਂ ਹਨ। ਉਨ੍ਹਾਂ ਨੂੰ ਇਹ ਕੋਈ ਪਤਾ ਨਹੀਂ ਹੁੰਦਾ ਕਿ ਅਸੀਂ ਅਜਿਹਾ ਕਿਉਂ ਕਰ ਰਹੇ ਹਾਂ। ਭੀੜਾਂ ਬਲਾਤਕਾਰ ਕਰਦੀਆਂ ਹਨ, ਕਤਲ ਕਰਦੀਆਂ ਹਨ, ਤਬਾਹੀ ਮਚਾਉਂਦੀਆਂ ਹਨ ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਅਸੀਂ ਅਜਿਹਾ ਕਿਉਂ ਕਰ ਰਹੇ ਹਾਂ ? ਆਪਣੇ ਹੀ ਲੋਕ ਆਪਣੇ ਹੀ ਭਰਾਵਾਂ ਨੂੰ ਕਤਲ ਕਰਦੇ ਹਨ। ਆਪਣੇ ਹੀ ਦੇਸ਼ ਦੀ ਦੌਲਤ ਨੂੰ ਸਾੜ ਕੇ ਸੁਆਹ ਕਰ ਦਿੰਦੇ ਹਨ। ਭੀੜਾਂ ਜਾਂ ਤਾਂ ਮਰਦੀਆਂ ਹਨ ਜਾਂ ਦੂਜਿਆਂ ਨੂੰ ਮਾਰਦੀਆਂ ਹਨ। ਚੰਗੇ ਲਾਹੇਵੰਦ ਕੰਮ ਕਦੀ ਸ਼ਾਇਦ ਹੀ ਕਰ ਸਕਣ। ਭੀੜ ਵਿੱਚ ਰਲ ਕੇ ਕੀਤਾ ਹੋਇਆ ਪਾਪ ਕਰਮ ਛੁਪ ਜਾਂਦਾ ਹੈ, ਵਿਅਕਤੀ ਦੀ ਪਛਾਣ ਨਹੀਂ ਹੁੰਦੀ। ਇਸੇ ਕਾਰਨ ਕਾਤਲ ਭੀੜ ਦਾ ਹਿੱਸਾ ਬਣ ਕੇ ਲੁਕ ਜਾਂਦੇ ਹਨ, ਪਛਾਣ ਰਹਿਤ ਹੋ ਜਾਂਦੇ ਹਨ। ਸੈਂਕੜੇ ਜਾਂ ਹਜ਼ਾਰਾਂ ਸਾਲ ਤੋਂ ਬਾਅਦ ਕੋਈ ਇਨਸਾਨ ਜੇਕਰ ਭੀੜਾਂ ਨੂੰ ਕਾਬੂ ਵਿੱਚ ਕਰ ਲਵੇ, ਮਰਿਆਦਾ ਵਿੱਚ ਲੈ ਆਵੇ, ਫਿਰ ਰਾਜ ਪਲਟੇ ਕਰਵਾਏ ਜਾ ਸਕਦਾ ਹਨ। ਜ਼ੁਲਮ ਦੀ ਜੜ੍ਹ ਪੁੱਟੀ ਜਾ ਸਕਦੀ ਹੈ। ਦੇਸ਼ ਨੂੰ ਵਿਕਾਸ ਦੇ ਰਾਹ ਪਾਇਆ ਜਾ ਸਕਦਾ ਹੈ।

ਅਜਿਹਾ ਕੋਈ ਸਿਆਣਾ ਆਗੂ ਬਹੁਤ ਦੇਰ ਬਾਅਦ ਮਿਲਦਾ ਹੈ।

ਨਵੇਂ ਰਾਹਾਂ 'ਤੇ ਟੁਰਨਾ ਬੜਾ ਔਖਾ ਹੈ। ਰਸਤੇ ਵਿੱਚ ਕਿੰਨੀਆਂ ਕੁ ਰੁਕਾਵਟਾਂ ਆਉਣਗੀਆਂ, ਕੁੱਝ ਪਤਾ ਨਹੀਂ ਹੈ। ਮੰਜ਼ਿਲ ਮਿਲੇਗੀ ਕਿ ਨਹੀਂ, ਕੋਈ ਯਕੀਨ ਨਹੀਂ ਹੈ। ਇਸ ਲਈ ਨਵੇਂ ਰਾਹਾਂ ਵੱਲ ਲੋਕੀਂ ਘੱਟ ਹੀ ਜਾਂਦੇ ਹਨ, ਕੌਣ ਜਾਨ ਜੋਖਮ ਵਿੱਚ ਪਾਵੇ ? ਪੁਰਾਣੇ ਰਸਤੇ ਵੇਖੇ ਪਰਖੇ ਹੋਏ ਹਨ, ਸੰਗੀ ਸਾਥੀ ਭੀ ਨਾਲ ਹਨ। ਇਸ ਲਈ ਪੁਰਾਣੇ ਰਸਤੇ ਚਲਦਿਆਂ ਹੀ ਸੁਰੱਖਿਅਤਾ ਹੈ। ਇਸੇ ਤਰ੍ਹਾਂ ਪੁਰਾਣੀਆਂ ਰਵਾਇਤਾਂ, ਜਿਨ੍ਹਾਂ ਨੂੰ ਬਹੁਤ ਸਾਰੇ ਲੋਕ ਸਦੀਆਂ ਤੋਂ ਨਿਭਾਉਂਦੇ ਆ ਰਹੇ ਹਨ, ਉਹੀ ਅਸੀਂ ਭੀ ਨਿਭਾਉਂਦੇ ਰਹੀਏ। ਰਵਾਇਤਾਂ ਤਿਆਗਣ ਵਿੱਚ "ਨਵਾਂਪਣ" ਹੈ, ਇਸ ਲਈ ਖ਼ਤਰਾ ਹੈ। ਖ਼ਤਰੇ ਵਾਲਾ ਰਾਹ ਅਖ਼ਤਿਆਰ ਕਰਨਾ ਕਾਫ਼ੀ ਔਖਾ ਹੈ। ਜੋ ਪਹਿਲਾਂ ਤੋਂ ਹੁੰਦਾ ਆ ਰਿਹਾ ਹੈ, ਉਸ ਵਿੱਚ ਖ਼ਤਰੇ ਨਹੀਂ ਹਨ। ਨਾਲੇ ਉਹੀ ਕੰਮ ਹੋਰ ਕਿੰਨੇ ਸਾਰੇ ਲੋਕ ਕਰ ਰਹੇ ਹਨ। ਇਸੇ ਲਈ ਪੁਰਾਤਨਤਾ ਵੱਲ ਭੀੜ ਵਧਦੀ ਜਾਂਦੀ ਹੈ।


ਪੁਸਤਕਾਂ ਲਿਖੀਆਂ ਜਾ ਰਹੀਆਂ ਹਨ ਪੁਰਾਤਨ ਸਭਿਅਤਾ ਦੀਆਂ। ਕਿਤਾਬਾਂ ਲਿਖੀਆਂ ਜਾ ਰਹੀਆਂ ਹਨ, ਪੁਰਾਤਨ ਇਤਿਹਾਸ ਦੀਆਂ। ਵਿਆਖਿਆ ਕੀਤੀ ਜਾ ਰਹੀ ਹੈ ਪੁਰਾਤਨ ਧਰਮਾਂ ਦੀ। ਕਵਿਤਾ, ਕਹਾਣੀਆਂ, ਨਾਵਲ, ਫਿਲਾਸਫ਼ੀ, ਜੀਵਨੀਆਂ, ਸੰਗੀਤ ਆਦਿ ਬਾਰੇ ਲਿਖਣ ਵਾਲੇ ਵਿਦਵਾਨਾਂ ਦੀ ਗਿਣਤੀ ਕੋਈ ਨਹੀਂ। ਲੋਕਾਂ ਨੂੰ ਸਿਖਾਇਆ ਜਾਂਦਾ ਹੈ ਕਿ ਸਾਨੂੰ ਆਪਣੀ ਪੁਰਾਤਨ ਸੰਸਕ੍ਰਿਤੀ 'ਤੇ ਬਹੁਤ ਫ਼ਖ਼ਰ ਹੈ। ਜਦੋਂ ਇਨਸਾਨ ਕੋਲ ਮਾਣ ਕਰਨ ਜੋਗ ਕੋਈ ਵਸਤੂ ਨਾ ਹੋਵੇ ਤਾਂ ਆਪਣੇ ਸਮੁੱਚੇ ਦੇਸ਼ ਨੂੰ "ਬਹੁਤ ਮਹਾਨ" ਦਾ ਖ਼ੁਦ ਹੀ ਖਿਤਾਬ ਦੇ ਕੇ ਖ਼ੁਸ਼ ਹੁੰਦਾ ਹੈ। ਮੇਰਾ ਸੂਬਾ (ਸਟੇਟ) ਬਹੁਤ ਮਹਾਨ ਹੈ। ਸਾਡੀ ਬੋਲੀ ਬਹੁਤ ਪੁਰਾਣੀ ਹੈ। ਸਾਡਾ ਖਾਣਾ ਪਹਿਨਣਾ ਬਹੁਤ ਵਧੀਆ ਹੈ। ਸਾਡੇ ਤਿਉਹਾਰ ਬੜੇ ਵਧੀਆ ਹਨ। ਸਾਡਾ ਧਰਮ ਸਭ ਤੋਂ ਚੰਗਾ ਹੈ। ਸਾਡੀ ਜਾਤ ਬਹੁਤ ਉੱਚੀ ਹੈ। ਵਰਤਮਾਨ ਸਮੇਂ ਵਿੱਚ ਜੇ ਮਨੁੱਖ ਗ਼ਰੀਬ ਹੋਵੇ, ਗ਼ੁਲਾਮ ਹੋਵੇ ਤਾਂ ਇਉਂ ਕਹਿ ਕੇ ਆਪਣੇ ਆਪ ਨੂੰ ਢਾਰਸ ਦੇਣ ਦੀ ਕੋਸ਼ਿਸ਼ ਕਰਦਾ ਹੈ ਕਿ "ਸਾਡੇ ਵਡੇਰੇ ਬਹੁਤ ਅਮੀਰ ਸਨ, ਰਾਜੇ ਸਨ, ਗੁਰੂ-ਪੀਰ ਸਨ, ਉਨ੍ਹਾਂ ਨੇ ਬਹੁਤ ਪਰਉਪਕਾਰ ਕੀਤੇ ਸਨ।" ਧਰਮ ਪ੍ਰਚਾਰਕ (ਕਥਾ ਵਾਚਕ) ਸਟੇਜਾਂ 'ਤੇ ਪੁਰਾਤਨ ਕਥਾਵਾਂ ਹੀ ਬਾਰ-ਬਾਰ ਸੁਣਾਈ ਜਾ ਰਹੇ ਹਨ। ਵਰਤਮਾਨ ਬਾਰੇ ਕੋਈ ਵਿਰਲਾ ਹੀ ਗੱਲ ਕਰਦਾ ਹੈ। ਭਵਿੱਖ ਬਾਰੇ ਤਾਂ ਸ਼ਾਇਦ ਹੀ ਕਿਸੇ ਨੇ ਵਿਚਾਰ ਦਿੱਤੇ ਹੋਣ ਕਿਉਂਕਿ ਅੱਗੇ ਬਾਰੇ ਕੋਈ ਪਤਾ ਨਹੀਂ ਰਾਹ ਨਵਾਂ ਹੈ। ਪਿੱਛੇ ਵਾਲਾ ਸਾਰਾ ਪੜ੍ਹਿਆ-ਸੁਣਿਆ ਹੈ। ਸੁਣਾਉਣ ਵਿੱਚ ਖ਼ਤਰਾ ਕੋਈ ਨਹੀਂ।

ਜਿਨ੍ਹਾਂ ਲੋਕਾਂ ਨੇ ਜ਼ਿਕਰਯੋਗ ਕਾਰਜ ਕੀਤੇ ਹਨ, ਅਗਾਂਹ ਵੇਖ ਕੇ ਕੀਤੇ ਹਨ, ਖ਼ਤਰੇ ਸਹੇੜ ਕੇ ਕੀਤੇ ਹਨ। ਨਵੇਂ ਰਾਹਾਂ 'ਤੇ ਚੱਲਣ ਲਈ ਤੇ ਨਵੇਂ ਕੰਮ ਕਰਨ ਲਈ ਸਿਆਣਪ ਅਤੇ ਹਿੰਮਤ ਦੀ ਸਖ਼ਤ ਜ਼ਰੂਰਤ ਹੋਇਆ ਕਰਦੀ ਹੈ। ਭੀੜ ਵਿੱਚ ਰਲ ਕੇ ਚੱਲਣ ਵਾਲੇ ਦੀ ਆਪਣੀ ਕੋਈ ਪਛਾਣ ਨਹੀਂ ਹੁੰਦੀ। ਜੇ ਇੱਕ ਅੱਧਾ ਚੰਗਾ ਕੰਮ ਹੋ ਭੀ ਜਾਵੇ ਤਾਂ ਕੰਮ ਕਰਨ ਵਾਲਾ ਗੁੰਮਨਾਮ ਹੀ ਹੁੰਦਾ ਹੈ। ਦੁਨੀਆਂ ਵਿੱਚ ਜਿੰਨੇ ਕਮਜ਼ੋਰ ਜੀਵ ਹਨ, ਉਹ

ਭੀੜਾਂ ਵਿੱਚ ਹੀ ਰਹਿੰਦੇ ਹਨ। ਇਕੱਲਿਆਂ ਉਨ੍ਹਾਂ ਦੀ ਕੋਈ ਹਸਤੀ ਹੀ ਨਹੀਂ ਹੁੰਦੀ। ਭੇਡਾਂ ਦੇ ਇੱਜੜ ਹੁੰਦੇ ਹਨ। ਗਾਵਾਂ-ਮੱਝਾਂ ਦੇ ਵੱਗ ਹੁੰਦੇ ਹਨ। ਕੀੜੀਆਂ ਦੇ ਭੌਣ ਹੁੰਦੇ ਹਨ। ਪੰਛੀਆਂ ਦੀਆਂ ਡਾਰਾਂ ਹੋਇਆ ਕਰਦੀਆਂ ਹਨ। ਦੂਜੇ ਪਾਸੇ ਧਿਆਨ ਮਾਰੋ ਸ਼ੇਰਾਂ ਦੇ ਵੱਗ ਨਹੀਂ ਹੁੰਦੇ। ਬਾਜਾਂ ਦੀਆਂ ਡਾਰਾਂ ਨਹੀਂ ਹੁੰਦੀਆਂ। ਬਘਿਆੜਾਂ ਤੇ ਰਿਛਾਂ ਦੇ ਇੱਜੜ ਨਹੀਂ ਹੁੰਦੇ। ਸੱਪਾਂ ਦੇ ਭੌਣ ਨਹੀਂ ਹੁੰਦੇ। ਹਿੰਮਤ ਹੌਸਲੇ ਵਾਲੇ ਜੀਵ ਜਿੱਧਰ ਦਿਲ ਚਾਹੇ, ਇਕੱਲੇ ਹੀ ਬੇਖੌਫ਼ ਚੱਲ ਪੈਂਦੇ ਹਨ। ਪਸ਼ੂ ਜਗਤ ਵਿੱਚ ਸੁਭਾ ਕੁਦਰਤੀ ਨਿਅਮ ਅਧੀਨ ਆਪਣੇ ਆਪ ਢਲਿਆ ਹੋਇਆ ਹੁੰਦਾ ਹੈ। ਉਸ ਵਿੱਚ ਤਬਦੀਲੀ ਸਦੀਆਂ ਤੋਂ ਮਗਰੋਂ ਭੀ ਥੋੜ੍ਹੀ ਜਿੰਨੀ ਹੀ ਹੋ ਸਕਦੀ ਹੈ ਪਰ ਮਨੁੱਖ ਨੂੰ ਬਦਲਿਆ ਜਾ ਸਕਦਾ ਹੈ। ਅਣਪੜ੍ਹ ਨੂੰ ਪੜ੍ਹਾਇਆ ਜਾ ਸਕਦਾ ਹੈ। ਮੂਰਖ ਨੂੰ ਸਮਝਦਾਰ ਬਣਾਇਆ ਜਾ ਸਕਦਾ ਹੈ। ਪੈਦਲ ਟੁਰਦੇ ਨੂੰ ਹਵਾਈ ਜਹਾਜ਼ ਵਿੱਚ ਸਫ਼ਰ ਕਰਵਾਇਆ ਜਾ ਸਕਦਾ ਹੈ। ਝੱਖੜਾਂ-ਤੂਫਾਨਾਂ, ਗਰਮੀ-ਸਰਦੀ ਤੋਂ ਬਚਾਉਣ ਲਈ ਮਹਿਲਾਂ ਵਿੱਚ ਵਾਸਾ ਕਰਵਾਇਆ ਜਾ ਸਕਦਾ ਹੈ। ਬਿਮਾਰੀਆਂ 'ਤੇ ਕਾਬੂ ਪਾ ਕੇ ਤੰਦਰੁਸਤੀ ਵੱਲ ਵਧਿਆ ਜਾ ਸਕਦਾ ਹੈ। ਗ਼ੁਲਾਮੀ ਦੇ ਸੰਗਲ ਤੋੜ ਕੇ ਆਜ਼ਾਦ ਹੋਇਆ ਜਾ ਸਕਦਾ ਹੈ। ਹਾਰ ਨੂੰ ਜਿੱਤ ਵਿੱਚ ਬਦਲਿਆ ਜਾ ਸਕਦਾ ਹੈ। ਜਿਵੇਂ ਸਰਕਸ ਦਾ ਰਿਗ ਮਾਸਟਰ ਜਾਨਵਰਾਂ ਤੋਂ ਹੈਰਾਨੀ ਜਨਕ ਕੰਮ ਕਰਵਾ ਲੈਂਦਾ ਹੈ। ਜਿਵੇਂ ਪਾਇਲਟ ਸਵਾਰੀਆਂ ਦਾ ਭਰਿਆ ਜਹਾਜ਼ ਉਡਾ ਸਕਦਾ ਹੈ। ਇਸੇ ਤਰ੍ਹਾਂ ਇੱਕ ਸਿਆਣਾ ਆਗੂ ਭੀੜਾਂ ਨੂੰ ਨਿਅਮ ਬੱਧ ਕਰ ਕੇ ਅਣਹੋਣੀ ਨੂੰ ਹੋਣੀ ਵਿੱਚ ਬਦਲ ਸਕਦਾ ਹੈ।

ਦੂਰਅੰਦੇਸ਼ ਆਗੂਆਂ ਨੇ ਘੱਟ ਸਾਧਨਾਂ ਨਾਲ ਵੱਡੀਆਂ ਪ੍ਰਾਪਤੀਆਂ ਕਰ ਵਿਖਾਈਆਂ। ਪੁਰਾਤਨਤਾ ਤੋਂ ਕੇਵਲ ਸਬਕ ਸਿੱਖਿਆ ਜਾ ਸਕਦਾ ਹੈ। ਜੋ ਗ਼ਲਤੀਆਂ ਪਹਿਲਾਂ ਹੁੰਦੀਆਂ ਰਹੀਆਂ ਹਨ, ਦੁਬਾਰਾ ਬਚਿਆ ਜਾ ਸਕਦਾ ਹੈ। ਰੂਪ ਰੇਖਾ ਭਵਿੱਖ ਸੰਵਾਰਨ ਵਾਸਤੇ ਉਲੀਕਣੀ ਪਵੇਗੀ। ਅਸੀਂ ਬੀਤੇ ਨੂੰ ਨਹੀਂ ਸੰਵਾਰ ਸਕਦੇ, ਆਉਣ ਵਾਲੇ ਹਾਲਾਤ ਨੂੰ ਸੁਧਾਰ ਸਕਦੇ ਹਾਂ। ਇਸ ਲਈ ਪਿਛਾਂਹ ਵੱਲ ਨਾ ਜਾਈਏ। ਭਵਿੱਖ ਵੱਲ ਅੱਗੇ ਵੱਧਣ ਲਈ ਹਿੰਮਤ ਅਤੇ ਸਿਆਣਪ ਦੀ ਵਰਤੋਂ ਕਰੀਏ। ਪੁਰਾਤਨਤਾ ਵੱਲ ਸਫ਼ਰ ਨਾ ਕਰੀਏ ਨਵੇਂ ਰਾਹਾਂ ਦੀ ਖੋਜ ਕਰੀਏ। ਦੁਨੀਆਂ ਵਿੱਚ ਜਿੰਨਾ ਕੁੱਝ ਫ਼ਖ਼ਰਯੋਗ ਹੈ, ਜੋ ਕੁੱਝ ਜੀਵਨ ਨੂੰ ਸੁੱਖ ਦੇਣ ਵਾਲਾ ਹੈ। ਇਹ ਸਭ ਕੁੱਝ ਭਵਿੱਖਮੁਖੀ ਸੋਚ ਰੱਖਣ ਵਾਲਿਆਂ ਦੀ ਮਿਹਨਤ ਦਾ ਨਤੀਜਾ ਹੈ। ਜੇਕਰ ਕੋਈ ਦਲੇਰ ਇਨਸਾਨ ਫਾਂਸੀ 'ਤੇ ਲਟਕਦਾ ਹੈ। ਆਜ਼ਾਦੀ ਦੀ ਲੜਾਈ ਲੜਦਿਆਂ ਗੋਲੀਆਂ ਖਾਂਦਾ ਹੈ ਤਾਂ ਉਸ ਦੇ ਮਨ ਵਿੱਚ ਇਹ ਤਮੰਨਾ ਹੁੰਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਮੇਰੇ ਦੇਸ਼ ਵਾਸੀ ਆਜ਼ਾਦ ਹੋਣ, ਸੁਖੀ ਬਸਣ।

ਆਗਾਹਾ ਕੂ ਝਾਘਿ ਪਿਛਾ ਫੇਰਿ ਨ ਮੁਹਡ਼ਾ॥
ਨਾਨਕ ਸਿਝਿ ਇਵੇਹਾ ਵਾਰ, ਬਹੁੜਿ ਨ ਹੋਵੀ ਜਨਮੜਾ॥ (1096)



ਮੱਸੇ ਰੰਘੜ ਦੀ ਰੂਹ

ਗੁਰਮਤਿ ਨਾਲ ਸਾਂਝ ਰੱਖਣ ਵਾਲਿਆਂ ਲਈ ਗੁਰਦਵਾਰਾ "ਪਵਿੱਤਰਤਾ" ਦੀ ਹੱਦ ਤੱਕ ਸਤਿਕਾਰ ਪ੍ਰਾਪਤ ਕਰ ਚੁੱਕਿਆ ਹੈ। ਜਦੋਂ ਆਪਣੇ ਕਿਸੇ ਵਿਰੋਧੀ ਨੂੰ ਬੇਇੱਜ਼ਤ ਕਰਨਾ ਹੋਵੇ ਤਾਂ ਆਮ ਕਰ ਕੇ ਇਸ ਤਰ੍ਹਾਂ ਦੇ ਇਲਜ਼ਾਮ ਲਾਏ ਜਾਂਦੇ ਹਨ- "ਇਹ ਤਾਂ ਗੁਰਦਵਾਰੇ ਨਹੀਂ ਜਾਂਦਾ। ਗੋਲਕ ਵਿੱਚ ਧੇਲਾ ਨਹੀਂ ਪਾਉਂਦਾ। ਨਿੱਤਨੇਮ (ਪਾਠ) ਨਹੀਂ ਕਰਦਾ। ਦਸਵੰਧ ਨਹੀਂ ਕੱਢਦਾ। ਕਦੀ ਧਾਰਮਕ ਯਾਤਰਾ 'ਤੇ ਨਹੀਂ ਗਿਆ। ਇਹ ਭਾਈ ਤਾਂ ਨਾਸਤਕ ਹੈ। ਪੰਥ ਦੋਖੀ ਹੈ....।" ਸਿੱਖ ਸਮਾਜ ਵਿੱਚ ਗੁਰਦਵਾਰਾ "ਪੂਜਾ ਦਾ ਅਸਥਾਨ" ਸਵੀਕਾਰਿਆ ਜਾਣ ਲੱਗ ਪਿਆ ਹੈ। ਹਾਲਾਤ ਦੀ ਮਜਬੂਰੀ ਕਾਰਨ ਕਈ ਗੁਰਦਵਾਰੇ ਵੱਧ ਮਹੱਤਤਾ ਵਾਲੇ ਮੰਨੇ ਜਾਣ ਲੱਗ ਪਏ ਹਨ, ਕੁੱਝ ਘੱਟ ਵਾਲੇ। ਕਈ ਥਾਵਾਂ 'ਤੇ ਕਦੀ ਕਦਾਈਂ ਮੱਥਾ ਟੇਕਣ ਵਾਲਾ ਜਾਂਦਾ ਹੈ। ਕੁੱਝ ਥਾਵਾਂ 'ਤੇ ਸਾਰਾ ਦਿਨ ਲੋਕੀਂ ਕਤਾਰਾਂ ਵਿੱਚ ਖਲੋ ਕੇ ਹੌਲੀ ਹੌਲੀ ਅੱਗੇ ਵੱਧਦੇ ਨਮਸਕਾਰ ਕਰਦੇ ਹਨ।ਕਈ ਥਾਵਾਂ 'ਤੇ ਹਰ ਸਮੇਂ ਕੀਰਤਨ, ਪਾਠ ਹੁੰਦਾ ਰਹਿੰਦਾ ਹੈ। ਕੁੱਝ ਥਾਵਾਂ 'ਤੇ ਸਾਲ ਛਿਮਾਹੀ ਮਗਰੋਂ ਕੋਈ ਸਮਾਗਮ ਮਸੀਂ ਕਰਾਇਆ ਜਾਂਦਾ ਹੈ। ਕਈ ਥਾਵਾਂ 'ਤੇ ਹਰ ਸਮੇਂ ਲੰਗਰ ਅਤੇ ਕੜਾਹ ਪ੍ਰਸ਼ਾਦ ਵਰਤਦਾ ਹੈ। ਕੁੱਝ ਥਾਈਂ ਸੇਵਾਦਾਰ ਭੀ ਕੋਈ ਨਹੀਂ ਲੱਭਦਾ। ਕੀਰਤਪੁਰ, ਆਨੰਦਪੁਰ ਅਤੇ ਗੋਇੰਦਵਾਲ ਦੀ ਇਤਿਹਾਸਕ ਨੁਕਤੇ ਤੋਂ ਬਹੁਤ ਅਹਿਮੀਅਤ ਸੀ ਪਰ "ਸਮੇਂ ਦੀ ਕਰਵਟ" ਨੇ ਅੰਮ੍ਰਿਤਸਰ ਨੂੰ ਮੋਢੀ ਥਾਂ ਲੈ ਆਂਦਾ।

ਸੰਨ 1740 ਵਿੱਚ ਮੰਡਿਆਲੀ ਪਿੰਡ ਦਾ ਰਹਿਣ ਵਾਲਾ ਇੱਕ ਮੁਸਲਮਾਨ "ਮੱਸਾ ਰੰਘੜ" ਅੰਮ੍ਰਿਤਸਰ ਦਾ ਮੁੱਖ ਅਫ਼ਸਰ ਨਿਯੁਕਤ ਹੋ ਗਿਆ। ਪੰਜਾਬ ਦਾ ਸੂਬੇਦਾਰ ਜਕਰੀਆ ਖ਼ਾਨ ਬਹੁਤ ਜ਼ਾਲਮ ਹਾਕਮ ਸੀ। ਉਸ ਨੇ ਮੱਸੇ ਨੂੰ ਸਖ਼ਤ ਹਦਾਇਤਾਂ ਦੇ ਕੇ ਭੇਜਿਆ ਕਿ ਸਿੱਖਾਂ ਨੂੰ ਬੇਆਬਰੂ ਕਰਨ ਵਾਸਤੇ ਦਰਬਾਰ (ਸਾਹਿਬ) ਦੀ ਬੇ-ਅਦਬੀ ਕਰੋ। ਜੇ ਕੋਈ ਸਿੱਖ ਆਵੇ ਤਾਂ ਕਤਲ ਕਰ ਦਿਓ। ਇਸ ਤਰ੍ਹਾਂ ਦੀ ਸਖ਼ਤਾਈ ਨਾਲ ਕੁੱਝ ਸਿੱਖ ਮਾਰੇ ਜਾਣਗੇ, ਬਾਕੀ ਦੇਸ਼ ਛੱਡ ਕੇ ਨੱਸ ਜਾਣਗੇ। ਹੁਕਮ ਦੀ ਤਾਮੀਲ ਕਰਦਿਆਂ ਮੱਸੇ ਰੰਘੜ ਨੇ ਦਰਬਾਰ ਸਾਹਿਬ ਵਿੱਚ ਆਪਣਾ ਪਲੰਘ ਲਗਵਾ ਲਿਆ। ਮਹਿਫਲਾਂ ਜੰਮਣ ਲੱਗੀਆਂ। ਹੁੱਕਾ, ਪਾਨ ਤੇ ਸ਼ਰਾਬ ਦੇ ਦੌਰ ਚੱਲਣ ਲੱਗੇ। ਰੰਡੀਆਂ ਦੇ ਮੁਜਰਿਆਂ ਵਿੱਚ ਝਾਂਜਰਾਂ ਛਣਕਣ ਲੱਗੀਆਂ, ਮੱਸਾ ਅਤੇ ਉਸ ਦੇ ਸਾਥੀ ਸ਼ਰਾਬ ਵਿੱਚ ਝੂਮਦੇ ਹੋਏ ਖ਼ੂਬ ਰੁਪਿਆਂ ਦੀ ਬਾਰਸ਼ ਕਰਦੇ। ਸਾਰੇ ਸ਼ਹਿਰ ਦੇ ਦੁਆਲੇ ਸਖ਼ਤ ਮੋਰਚੇ ਬਣਾ ਕੇ ਪਹਿਰੇ ਲੱਗੇ ਹੋਏ ਸਨ। ਦਰਬਾਰ ਸਾਹਿਬ ਦੇ ਨੇੜੇ ਫਿਰ ਸਖ਼ਤ ਪੁੱਛ ਪੜਤਾਲ ਹੁੰਦੀ ਸੀ। ਸਿੱਖਾਂ ਨੂੰ ਜਦੋਂ ਇਸ ਮੰਦੀ ਕਰਤੂਤ ਦਾ ਪਤਾ ਲੱਗਿਆ ਤਾਂ ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ ਅੰਮ੍ਰਿਤਸਰ ਵੱਲ ਚੱਲ ਪਏ। ਮਾਮਲਾ, ਉਤਾਰਨ ਵਾਲੇ ਨੰਬਰਦਾਰਾਂ ਦਾ ਭੇਸ ਧਾਰਨ ਕਰ ਕੇ ਦਰਬਾਰ ਸਾਹਿਬ ਵਿੱਚ ਦਾਖ਼ਲ ਹੋ ਗਏ। ਜਰਾ ਕੁ ਅਵੇਸਲਾ ਹੁੰਦਿਆਂ ਹੀ ਮੱਸੇ ਰੰਘੜ ਦਾ ਸਿਰ ਕਲਮ ਕਰ ਦਿੱਤਾ। ਜੋ ਰਸਤੇ ਵਿੱਚ ਅੜਿਆ

ਉਸੇ ਨੂੰ ਤੇਗ ਦੀ ਪਿਉਂਦ ਲਾ ਕੇ ਪਾਰ ਬੁਲਾ ਦਿੱਤਾ। ਮੱਸੇ ਦਾ ਕੱਟਿਆ ਸਿਰ ਲੈ ਕੇ ਹਵਾ ਵਾਂਗ ਘੋੜਿਆਂ 'ਤੇ ਸਵਾਰ ਹੋ ਕੇ ਵਾਪਸ ਆਪਣੇ ਸਾਥੀ ਸਿੰਘਾਂ ਕੋਲ ਜਾ ਪਹੁੰਚੇ। ਸਾਰਿਆਂ ਨੇ ਜੈਕਾਰੇ ਗਜਾ ਕੇ ਇਨ੍ਹਾਂ ਦਾ ਸਤਿਕਾਰ ਕੀਤਾ ਤੇ ਸਾਰੇ ਘਟਨਾਕ੍ਰਮ ਦੀ ਜਾਣਕਾਰੀ ਲੈ ਕੇ ਅਤਿਅੰਤ ਖ਼ੁਸ਼ੀ ਮਹਿਸੂਸ ਹੋਈ। ਇਤਿਹਾਸ ਵਿੱਚ ਇਨ੍ਹਾਂ ਦੋਵਾਂ ਬਹਾਦਰਾਂ ਦਾ ਸ਼ਾਨਦਾਰ ਢੰਗ ਨਾਲ ਜ਼ਿਕਰ ਕੀਤਾ ਮਿਲਦਾ ਹੈ।

ਦਰਬਾਰ ਸਾਹਿਬ ਵਿੱਚ ਬੈਠ ਕੇ ਸ਼ਰਾਬ ਪੀਣੀ ਤੇ ਹੋਰ ਮੰਦੇ ਕੰਮ ਕਰਨੇ ਅਤਿਅੰਤ ਸ਼ਰਮਨਾਕ ਸਨ। ਪਾਪ ਕਰਨ ਵਾਲੇ ਪਾਪੀ ਨੂੰ ਸਿੰਘਾਂ ਨੇ ਕੀਤੇ ਦੀ ਸਜ਼ਾ ਦੇ ਦਿੱਤੀ। ਇਥੇ ਇੱਕ ਦੂਸਰਾ ਨੁਕਤਾ ਵਿਚਾਰਨ ਵਾਸਤੇ ਇਸ ਸਾਖੀ ਦਾ ਜ਼ਿਕਰ ਕੀਤਾ ਗਿਆ ਹੈ। "ਹਰਿਮੰਦਰ" ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਕਿਸੇ ਇਮਾਰਤ ਲਈ ਨਹੀਂ ਵਰਤਿਆ ਗਿਆ। ਮਨੁੱਖੀ ਸਰੀਰ ਲਈ ਵਰਤਿਆ ਗਿਆ ਹੈ। ਅੱਜ ਦੇ ਸਮੇਂ ਵਿੱਚ ਭਾਵੇਂ 'ਹਰਿਮੰਦਰ" ਸੰਗਿਆ ਦਰਬਾਰ ਸਾਹਿਬ (ਅੰਮ੍ਰਿਤਸਰ) ਲਈ ਰਾਖਵੀਂ ਹੋ ਗਈ ਹੈ, ਪਰ ਪਟਨਾ ਵਿਖੇ ਭੀ ਹਰਿਮੰਦਰ ਹੈ। ਨਾਂਦੇੜ ਵਿਖੇ ਭੀ ਹਰਿਮੰਦਰ ਹੈ। ਹਰ ਕੋਈ ਆਪੋ ਆਪਣੇ ਗੁਰਦਵਾਰੇ ਨੂੰ ਹਰਿਮੰਦਰ ਬਣਾਈ ਬੈਠਾ ਹੈ। ਆਓ ਗੁਰਬਾਣੀ ਵਿੱਚੋਂ ਪਰਮਾਣ ਪੜ੍ਹ ਕੇ ਵੇਖੀਏ-

- ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥
 ਮਾਨਸ ਦੇਹ ਗੁਰਬਚਨੀ ਪਾਇਆ, ਸਭੁ ਆਤਮੁ ਰਾਮੁ ਪਛਾਤਾ ॥
 ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥
 ਮਨਮੁਖ "ਹਰਿ ਮੰਦਰ" ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥ (953)
- ਗੁਰ ਪਰਸਾਦੀ ਵੇਖੁ ਤੂ "ਹਰਿ ਮੰਦਰੁ" ਤੇਰੈ ਨਾਲਿ ॥
 "ਹਰਿ ਮੰਦਰੁ" ਸਬਦੇ ਖੋਜੀਐ, ਹਰਿ ਨਾਮੋ ਲੇਹੁ ਸਮ੍ਹਾਲਿ ॥...
 "ਹਰਿ ਮੰਦਰੁ" ਏਹੁ ਸਰੀਰੁ ਹੈ, ਗਿਆਨਿ ਰਤਨਿ ਪਰਗਟੁ ਹੋਇ ॥
 ਮਨਮੁਖ ਮੂਲੁ ਨ ਜਾਣਨੀ ਮਾਣਸਿ "ਹਰਿ ਮੰਦਰੁ" ਨ ਹੋਇ ॥
 "ਹਰਿ ਮੰਦਰੁ" ਹਰਿ ਜੀਉ ਸਾਜਿਆ, ਰਖਿਆ ਹੁਕਮ ਸਵਾਰਿ ॥
 ਧੁਰਿ ਲੇਖੁ ਲਿਖਿਆ ਸੁ ਕਮਾਵਣਾ, ਕੋਇ ਨ ਮੇਟਣਹਾਰੁ ॥
 ਸਬਦੁ ਚੀਨ੍ਹਿ ਸੁਖੁ ਪਾਇਆ, ਸਚੈ ਨਾਇ ਪਿਆਰ ॥
 "ਹਰਿ ਮੰਦਰੁ" ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥
 "ਹਰਿ ਮੰਦਰੁ" ਏਹੁ ਜਗਤੁ ਹੈ, ਗੁਰ ਬਿਨੁ ਘੋਰੰਧਾਰ ॥....
 "ਹਰਿ ਮੰਦਰੁ" ਹਰਿ ਕਾ ਹਾਟੁ ਹੈ, ਰਖਿਆ ਸਬਦਿ ਸਵਾਰਿ ॥
 ਤਿਸ ਵਿਚਿ ਸਉਦਾ ਏਕੁ ਨਾਮੁ, ਗੁਰਮੁਖਿ ਲੈਨਿ ਸਵਾਰਿ ॥
 "ਹਰਿ ਮੰਦਰ" ਮਹਿ ਮਨੁ ਲੋਹਟੁ ਹੈ, ਮੋਹਿਆ ਦੂਜੈ ਭਾਇ ॥
 ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥
 "ਹਰਿ ਮੰਦਰ" ਮਹਿ ਹਰਿ ਵਸੈ, ਸਰਬ ਨਿਰੰਤਰਿ ਸੋਇ ॥
 ਨਾਨਕ ਗੁਰਮਖਿ ਵਣਜੀਐ, ਸਚਾ ਸਉਦਾ ਹੋਇ ॥ (1346)

ਇਸ ਸ਼ਬਦ ਦਾ ਸੰਖੇਪ ਸਾਰ ਇਹ ਹੈ ਕਿ ਗੁਰੂ ਦੇ ਉਪਦੇਸ਼ ਰੂਪ ਸ਼ਬਦ ਅਨੁਸਾਰੀ ਜੀਵਨ ਬਣਾਉਣਾ ਚਾਹੀਦਾ ਹੈ। ਵਿਕਾਰਾਂ ਤੋਂ ਮੁਕਤ, ਗੁਣਾਂ ਨਾਲ ਭਰਪੂਰ ਮਨੁੱਖ ਹੀ "ਹਰਿ ਮੰਦਰ" ਹੈ। ਜਦੋਂ ਸਮਾਜ ਵਿੱਚ ਭਲੇ ਇਨਸਾਨਾਂ ਦੀ ਬਹੁਤਾਤ ਹੋ ਜਾਵੇ, ਸਮਾਜ ਦੇ ਅਨੇਕ ਦੁੱਖ ਸੰਤਾਪ ਖ਼ਤਮ ਹੋ ਜਾਣ ਤਾਂ ਸਮਝੋ ਇਹ ਸਾਰੀ ਧਰਤੀ, ਸਾਰਾ ਸੰਸਾਰ "ਹਰਿ ਮੰਦਰ" ਦਾ ਹੀ ਰੂਪ ਹੋਵੇਗਾ ਪਰ ਮੂਰਖ ਲੋਕ ਇਸ ਗੱਲ ਨੂੰ ਸਮਝਦੇ ਹੀ ਨਹੀਂ। ਗੁਰਬਾਣੀ ਰੂਪੀ ਸ਼ਬਦ ਗਿਆਨ ਨਾਲ ਬੁਰਾਈਆਂ ਨੂੰ ਖ਼ਤਮ ਕਰਨਾ ਹੈ। ਅਗਿਆਨਤਾ ਦਾ ਹਨ੍ਹੇਰਾ ਖ਼ਤਮ ਕਰਨਾ ਹੈ।

ਦਰਬਾਰ ਸਾਹਿਬ ਅੰਮ੍ਰਿਤਸਰ ਸਿੱਖਾਂ ਲਈ ਵਡੇਰੀ ਮਹੱਤਤਾ ਪ੍ਰਾਪਤ ਕਰ ਚੁੱਕਿਆ ਸੀ। ਅਜਿਹੇ ਵਿੱਚ ਮੱਸੇ ਰੰਘੜ ਵਰਗੇ ਕੁਕਰਮੀ, ਅਧਰਮੀ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਸੀ, ਸੋ ਮਿਲ ਗਈ। ਕੋਟਿ-ਕੋਟਿ ਪ੍ਰਣਾਮ ਉਨ੍ਹਾਂ ਬਹਾਦਰਾਂ (ਭਾਈ ਮਹਿਤਾਬ ਸਿੰਘ, ਭਾਈ ਸੁੱਖਾ ਸਿੰਘ) ਨੂੰ ਜਿਨ੍ਹਾਂ ਨੇ ਆਪਣੀ ਜਾਨ ਦਾਅ 'ਤੇ ਲਾ ਕੇ ਅਸੰਭਵ ਕੰਮ ਕਰ ਵਿਖਾਇਆ। ਗੁਰਬਾਣੀ ਉਪਦੇਸ਼ ਅਨੁਸਾਰ ਹਰੀ ਦਾ ਮੰਦਰ ਮਨੁੱਖਾ ਸਰੀਰ ਹੈ ਪਰ ਸਿੱਖ ਅਖਵਾਉਣ ਵਾਲੇ, ਸਿੱਖ ਸ਼ਕਲਾਂ ਵਾਲੇ, ਲੰਮੀਆਂ ਦਾੜ੍ਹੀਆਂ ਵਾਲੇ, ਗਾਤਰੇ-ਕ੍ਰਿਪਾਨਾਂ ਵਾਲੇ "ਅੰਮ੍ਰਿਤਧਾਰੀ ਸਿੰਘ", ਸਰੀਰ ਰੂਪੀ ਹਰਿਮੰਦਰ ਵਿੱਚ ਹਰ ਰੋਜ਼ ਸ਼ਰਾਬ ਦੀਆਂ ਅਣਗਿਣਤ ਬੋਤਲਾਂ ਉਲੱਦ ਦਿੰਦੇ ਹਨ। ਵਿਭਚਾਰ ਕਰਦੇ ਹਨ, ਗ਼ਰੀਬਾਂ ਦੇ ਹੱਕ ਖੋਹ ਕੇ ਖਾ ਜਾਂਦੇ ਹਨ। ਰਿਸ਼ਵਤਾਂ ਦਿੰਦੇ ਹਨ ਅਤੇ ਲੈਂਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ "ਰਸਮ ਪੂਰਤੀ" ਲਈ ਆਨੰਦ ਕਾਰਜ ਕਰਦੇ ਹਨ। ਮੈਰਿਜ ਪੈਲੇਸਾਂ ਵਿੱਚ ਫਿਰ ਤਰ੍ਹਾਂ-ਤਰ੍ਹਾਂ ਦੀਆਂ ਸ਼ਰਾਬਾਂ ਦੇ ਦਰਿਆ ਵਗਦੇ ਹਨ। ਜਵਾਨ ਸੋਹਣੀਆਂ ਲੜਕੀਆਂ, ਅੱਧ ਨੰਗੇ.ਗਦਰਾਏ ਸਰੀਰਾਂ ਨਾਲ ਨਾਚ ਕਰਦੀਆਂ ਹਨ। ਬੱਚੇ, ਬੁੱਢੇ, ਬੀਬੀਆਂ, ਭੈਣਾਂ ਆਦਿ ਸਾਰੇ ਇਸ "ਸਭਿਆਚਾਰਕ" ਨਾਚ ਨੂੰ ਵੇਖ-ਸੁਣ ਕੇ ਜਨਮ ਸਫ਼ਲਾ ਕਰਦੇ ਹਨ। ਲਾੜੇ- ਲਾੜੀਆਂ ਲੱਖਾਂ-ਕਰੋੜਾਂ ਵਿੱਚ ਵਿਕਦੇ ਹਨ। ਦਾਜ ਕਾਰਨ ਨੂੰਹਾਂ ਨਰਕ ਭੋਗਦੀਆਂ ਹਨ, ਆਤਮ ਹੱਤਿਆਵਾਂ ਕਰਦੀਆਂ ਹਨ। ਕਤਲ ਹੁੰਦੀਆਂ ਹਨ। ਮੁਕੱਦਮੇ ਚਲਦੇ ਹਨ, ਘਰ ਉੱਜੜਦੇ ਹਨ।

ਇੱਕ ਮੱਸਾ ਰੰਘੜ ਦਰਬਾਰ ਸਾਹਿਬ (ਹਰਿਮੰਦਰ) ਵਿੱਚ ਸ਼ਰਾਬ ਪੀਂਦਾ ਸੀ। ਵੇਸ਼ਵਾਵਾਂ ਦੇ ਨਾਚ ਕਰਾਉਂਦਾ ਸੀ, ਮਾਇਆ ਇਕੱਠੀ ਕਰਦਾ ਸੀ। ਕੀ ਅੱਜ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਆਪਣੇ ਗਿਰੇਵਾਨ ਵਿੱਚ ਕਦੀ ਸਿਰ ਨੀਵਾਂ ਕਰ ਕੇ ਝਾਤ ਪਾਉਣਗੇ ਕਿ ਅਸੀਂ ਸਾਰੇ ਕੰਮ ਮੱਸੇ ਰੰਘੜ ਵਾਲੇ ਹੀ ਕਰ ਰਹੇ ਹਾਂ। ਉਦੋਂ ਇੱਕ ਦੋ ਮੱਸਾ ਰੰਘੜ ਸੀ। ਉਹ ਹੈ ਸੀ ਵਿਦੇਸ਼ੀ ਤੇ ਗ਼ੈਰ ਧਰਮੀ। ਉਸ ਨੂੰ ਕੀਤੇ ਦੀ ਸਜ਼ਾ ਦੇ ਦਿੱਤੀ ਗਈ। ਮੌਜੂਦਾ ਸਮੇਂ ਦੇ ਮੱਸੇ ਰੰਘੜ ਸਿੱਖਾਂ ਦੇ ਅੰਦਰ ਹੀ ਨੇ। ਉਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਜਦੋਂ ਕੋਈ ਸਿੱਖ ਉਨ੍ਹਾਂ ਵਿਰੁੱਧ ਮੂੰਹ ਖੋਲ੍ਹਦਾ ਹੈ, ਤੁਰੰਤ ਉਸ ਦੇ ਮੂੰਹ ਵਿੱਚ ਲੋਹੇ ਦਾ ਕਿੱਲਾ ਠੋਕ ਦਿੱਤਾ ਜਾਂਦਾ ਹੈ। ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਸੁੱਟ ਦਿੱਤਾ ਜਾਂਦਾ ਹੈ। ਫਾਂਸੀ ਦਾ ਫੰਦਾ ਗਲ ਵਿੱਚ ਪਾਇਆ ਜਾ ਸਕਦਾ ਹੈ। ਅੱਜ ਕੱਲ੍ਹ ਤਾਂ ਸੁੱਖਾ ਸਿੰਘ, ਮਹਿਤਾਬ ਸਿੰਘ ਵਿਚਾਰੇ ਲੁਕ-ਲੁਕ ਕੇ ਦਿਨ ਕੱਟੀ ਕਰਦੇ ਹਨ। ਜੋ ਪੰਜਾਬ ਵਿੱਚ

ਹਨ, ਉਹ ਖ਼ਾਮੋਸ਼ ਹਨ। ਕੁੱਝ ਖ਼ਤਰਾ ਭਾਂਪ ਕੇ ਪੰਜਾਬ ਤੋਂ ਬਾਹਰ ਚਲੇ ਗਏ। ਕੁੱਝ ਵਿਦੇਸ਼ਾਂ ਵਿੱਚ ਪਨਾਹਗੀਰ ਬਣ ਗਏ। "ਹਰਿਮੰਦਰ" ਰੂਪ ਪੰਜਾਬ ਦੀ ਧਰਤੀ "ਮੱਸੇ ਰੰਘੜਾਂ" ਨੇ ਪਲੀਤ ਕਰ ਦਿੱਤੀ ਹੈ। ਮੱਸੇ ਰੰਘੜ ਦਾ ਸਮਾਂ ਬਹੁਤ ਪਿੱਛੇ ਰਹਿ ਗਿਆ ਹੈ। ਅੱਜ ਦੇ ਮੱਸੇ ਰੰਘੜਾਂ ਬਾਰੇ ਸੋਚੀਏ ਕਿ ਇਨ੍ਹਾਂ ਤੋਂ ਗੁਰਦਵਾਰੇ ਕਿਵੇਂ ਆਜ਼ਾਦ ਕਰਾਉਣੇ ਹਨ ? ਪੰਜਾਬ ਵਿੱਚੋਂ ਸ਼ਰਾਬ (ਅਤੇ ਹੋਰ ਨਸ਼ੇ) ਦੇ ਦਰਿਆ ਕਿਵੇਂ ਬੰਦ ਕਰਨੇ ਹਨ ? ਇਥੇ ਰੰਡੀਆਂ ਦੇ ਨਾਚ ਕਿਵੇਂ ਬੰਦ ਕਰਾਉਣੇ ਹਨ ? ਪ੍ਰਚਾਰਕ ਵੀਰੋ ! ਕਦੀ ਇਸ ਪੱਖ ਵੱਲ ਜ਼ਰੂਰ ਵਿਚਾਰ ਕਰ ਕੇ ਵੇਖਣਾ। ਸ਼ਾਇਦ ਕੋਈ ਮੱਸਾ ਰੰਘੜ ਤੁਹਾਨੂੰ ਭੀ ਨਜ਼ਰ ਆ ਜਾਵੇ।

ਕਾਟੈ ਪੇਡੁ ਡਾਲ ਪਰਿ ਠਾਢੌ, ਖਾਇ ਖਾਇ ਮੁਸਕਾਰੈ ॥
ਗਿਰਿਓ ਜਾਇ ਰਸਾਤਲਿ ਪਰਿਓ, ਛਿਟੀ ਛਿਟੀ ਸਿਰ ਭਾਰੈ ॥ (1205)

* * * * * *

ਇਕਸੁਰਤਾ

ਰੋਜ਼ਾਨਾ ਦੇ ਜੀਵਨ ਵਿੱਚ ਅਸੀਂ ਆਲੇ-ਦੁਆਲੇ ਵੇਖਦੇ ਹਾਂ ਕਿ ਬੜੀ ਬੇ ਤਰਤੀਬੀ ਹੈ। ਹਰ ਕੋਈ ਨਿਅਮਾਂ ਨੂੰ ਤੋੜ ਕੇ ਖ਼ੁਸ਼ੀ ਮਹਿਸੂਸ ਕਰਦਾ ਹੈ। ਖ਼ੁਦ ਵਾਸਤੇ ਆਜ਼ਾਦੀ ਚਾਹੁੰਦਾ ਹੈ। ਦੂਜਿਆਂ ਦੀ ਆਜ਼ਾਦੀ ਦਾ ਰੱਤਾ ਭਰ ਅਹਿਸਾਸ ਨਹੀਂ। ਆਪਣੇ ਲਈ ਸਤਿਕਾਰ ਚਾਹੁੰਦਾ ਹੈ ਪਰ ਖ਼ੁਦ ਦੂਜਿਆਂ ਨੂੰ ਸਤਿਕਾਰ ਦੇਣ ਤੋਂ ਮੁਨਕਰ ਹੈ। ਹਰ ਇੱਕ ਮਨੁੱਖ ਦੀ ਆਜ਼ਾਦੀ ਉਸ ਹੱਦ ਤੱਕ ਹੋਇਆ ਕਰਦੀ ਹੈ, ਜਿਥੋਂ ਤੱਕ ਦੂਜੇ ਦੀ ਆਜ਼ਾਦੀ ਵਿੱਚ ਬਿਘਨ ਨਾ ਪਵੇ। ਸਮਾਜ ਲਈ ਕੁੱਝ ਅਸੂਲ ਬਣਾਏ ਜਾਂਦੇ ਹਨ ਤਾਂ ਕਿ ਹਰ ਕੋਈ ਦੂਜੇ ਦੇ ਜੀਵਨ ਵਿੱਚ ਦਖ਼ਲ ਦੇਣ ਤੋਂ ਬਿਨਾਂ ਆਪਣਾ ਜੀਵਨ ਸੌਖਾ ਬਿਤਾ ਸਕੇ। ਇਸ ਨੂੰ ਸਮਾਜ ਦੀ ਇਕਸੁਰਤਾ ਕਹਿ ਸਕਾਂਗੇ। ਸਾਡੇ ਕੋਲ ਬਹੁਤ ਸਾਰੀਆਂ ਮਸ਼ੀਨਾਂ ਹਨ। ਬਾਕੀ ਸਾਰੀ ਮਸ਼ੀਨ ਠੀਕ ਹੈ ਕੇਵਲ ਇੱਕ ਪੁਰਜਾ ਖ਼ਰਾਬ ਹੋ ਗਿਆ ਹੈ। ਕੋਈ ਆਖੀ ਜਾਵੇ ਬੇਸ਼ੱਕ ਕਿ ਇੱਕ ਪੁਰਜੇ ਦੀ ਕਿਹੜੀ ਗੱਲ ਹੈ, ਬਾਕੀ ਬਹੁਤ ਸਾਰੇ ਪੁਰਜੇ ਤਾਂ ਠੀਕ ਹਨ। ਪਰ ਨਹੀਂ ਇੱਕ ਪੁਰਜੇ ਦੀ ਖ਼ਰਾਬੀ ਕਾਰਨ ਮਸ਼ੀਨ ਕੰਮ ਨਹੀਂ ਕਰ ਸਕੇਗੀ ਜਾਂ ਘੱਟ ਕਰੇਗੀ। ਇਕਸੁਰਤਾ ਤੋਂ ਬਿਨਾਂ ਮਸ਼ੀਨਾਂ ਭੀ ਕੰਮ ਨਹੀਂ ਕਰ ਸਕਦੀਆਂ।

ਜੇ ਕਿਸਾਨ ਨੇ ਖੇਤ ਵਿੱਚੋਂ ਚੰਗਾ ਲਾਹਾ ਪ੍ਰਾਪਤ ਕਰਨਾ ਹੈ ਤਾਂ ਜ਼ਰੂਰੀ ਹੈ ਕਿ ਫ਼ਸਲ ਬੀਜਣ ਲਈ ਚੰਗੀ ਉਪਜਾਊ ਜ਼ਮੀਨ ਹੋਵੇ। ਫ਼ਸਲ ਵਾਸਤੇ ਵਧੀਆ ਨਿਰੋਗ ਬੀਜ ਹੋਵੇ। ਫ਼ਸਲ ਬੀਜਣ ਸਮੇਂ ਰੁੱਤ ਫ਼ਸਲ ਅਨੁਕੂਲ ਹੋਵੇ। ਧਰਤੀ ਵਿੱਚ ਵੱਤਰ (ਗਿੱਲ) ਲੋੜ ਮੁਤਾਬਕ ਹੋਵੇ। ਧੁੱਪ, ਹਵਾ, ਪਾਣੀ, ਖ਼ਾਦ, ਰਾਖੀ, ਮੌਸਮ ਆਦਿ ਮਿਲ ਕੇ ਜੇ ਸਾਰੇ ਹਾਲਾਤ ਠੀਕ ਹੋਣ ਤਾਂ ਹੀ ਫ਼ਸਲ ਚੰਗਾ ਮੁਨਾਫ਼ਾ ਦੇਵੇਗੀ। ਵਰਨਾ ਵੱਡਾ ਘਾਟਾ ਪੈ ਸਕਦਾ ਹੈ। ਫ਼ਸਲ ਵਾਸਤੇ

ਸਾਰੇ ਹਾਲਾਤ ਦਾ ਅਨੁਕੂਲ ਹੋਣਾ ਜ਼ਰੂਰੀ ਹੈ। ਸਾਰੇ ਕੰਮਾਂ ਵਿੱਚ ਇਕਸੁਰਤਾ ਬਹੁਤ ਜ਼ਰੂਰੀ ਹੈ। ਮਨੁੱਖੀ ਸਰੀਰ ਦੇ ਬਹੁਤ ਸਾਰੇ ਅੰਗ ਹਨ। ਜਦੋਂ ਬੱਚਾ ਜਨਮ ਲੈਂਦਾ ਹੈ ਤਾਂ ਉਹ ਆਪਣੇ ਸਰੀਰ ਦੇ ਕਿਸੇ ਅੰਗ ਤੋਂ ਕੋਈ ਕੰਮ ਨਹੀਂ ਲੈ ਸਕਦਾ। ਜਿਉਂ- ਜਿਉਂ ਸਮਾਂ ਬੀਤਦਾ ਹੈ, ਬੱਚਾ ਆਪਣੇ ਅੰਗਾਂ ਨੂੰ ਵਰਤਣਾ ਸਿਖਦਾ ਹੈ। ਹੱਥ, ਪੈਰ, ਜ਼ੁਬਾਨ ਆਦਿ ਸਾਰਿਆਂ ਨੂੰ ਬੜੀ ਮਿਹਨਤ ਨਾਲ ਕੰਮ ਸਿਖਾਏ ਜਾਂਦੇ ਹਨ। ਕਈ ਵਾਰੀ ਅਸੀਂ ਕੰਮ ਕਰ ਰਹੇ ਹੁੰਦੇ ਹਾਂ ਪਰ ਗ਼ਲਤੀ ਹੋ ਜਾਂਦੀ ਹੈ, ਵੱਡਾ ਹਾਦਸਾ ਵਾਪਰ ਜਾਂਦਾ ਹੈ। ਕਾਰਨ! ਸਰੀਰ ਦੇ ਅੰਗਾਂ ਦੀ ਮਨ ਨਾਲ ਇਕਸੁਰਤਾ ਨਹੀਂ ਰਹੀ। ਜਦੋਂ ਭੀ ਅਸੀਂ ਕੋਈ ਕੰਮ ਕਰਦੇ ਹਾਂ, ਸਰੀਰ ਦੇ ਅੰਗਾਂ ਨੂੰ ਦਿਸ਼ਾ ਨਿਰਦੇਸ਼ ਮਨ (ਦਿਮਾਗ) ਵੱਲੋਂ ਮਿਲ ਰਹੇ ਹੁੰਦੇ ਹਨ। ਜਿੰਨੀ ਦੇਰ ਤੱਕ ਅੰਗਾਂ ਨੂੰ ਠੀਕ ਹੁਕਮ ਮਿਲਦੇ ਰਹੇ, ਠੀਕ ਕੰਮ ਹੁੰਦਾ ਰਿਹਾ। ਜਦੋਂ ਭੀ ਦਿਮਾਗ ਵੱਲੋਂ ਅਣਗਹਿਲੀ ਵਰਤੀ ਗਈ, ਉਸੇ ਵਕਤ ਨੁਕਸਾਨ ਹੋ ਜਾਵੇਗਾ। ਮਾਮੂਲੀ ਜਿਹੀ ਹਾਨੀ ਤੋਂ ਲੈ ਕੇ ਲੱਖਾਂ-ਕਰੋੜਾਂ ਤੱਕ ਦਾ ਨੁਕਸਾਨ ਹੋ ਸਕਦਾ ਹੈ। ਕਦੀ ਕਦਾਈਂ ਅਜਿਹੇ ਭਿਆਨਕ ਹਾਦਸੇ ਵਾਪਰਦੇ ਹਨ ਕਿ ਆਪਣੀ ਜਾਨ 'ਤੇ ਹੋਰ ਬਹੁਤ ਸਾਰੇ ਲੋਕਾਂ ਦੀ ਕੀਮਤੀ ਜਾਨ ਭੀ ਚਲੀ ਜਾਂਦੀ ਹੈ। ਕਾਰਨ ? ਮਨ ਅਤੇ ਸਰੀਰ ਦੇ ਤਾਲਮੇਲ ਵਿੱਚ ਕਮੀ, ਦਿਮਾਗ ਦੀ ਅਣਗਹਿਲੀ।

ਉਮਰ ਦੇ ਪਹਿਲੇ ਪੜਾ ਵਿੱਚ ਜਿਨ੍ਹਾਂ ਨੇ ਆਪਣੇ ਮਨ ਨੂੰ ਬੁਰਾਈਆਂ ਵੱਲੋਂ ਰੋਕ ਲਿਆ, ਅਧਿਆਪਕਾਂ ਦਾ ਪੜ੍ਹਾਇਆ, "ਧਿਆਨ ਨਾਲ" ਪੜ੍ਹ ਲਿਆ। "ਇਕਾਗਰਤਾ" ਨਾਲ ਸੁਣ ਕੇ ਸਮਝ ਲਿਆ, ਉਹ ਨੌਜੁਆਨ ਜੀਵਨ ਦੀ ਦੌੜ ਵਿੱਚ ਬਾਕੀਆਂ ਨਾਲੋਂ ਅੱਗੇ ਲੰਘ ਜਾਂਦੇ ਹਨ। ਪਛੜ ਗਏ ਲੋਕ ਆਪਣੇ ਵੱਲੋਂ ਕੀਤੀਆਂ ਲਾਪ੍ਰਵਾਹੀਆਂ ਨੂੰ ਦੋਸ਼ ਦੇਣ ਦੀ ਥਾਵੇਂ, ਫਿਰ "ਕਿਸਮਤ ਵਿੱਚ ਇਸੇ ਤਰ੍ਹਾਂ ਲਿਖਿਆ ਸੀ" ਦਾ ਰੋਣਾ ਰੋਂਦੇ ਹਨ। ਇਸੇ ਤਰ੍ਹਾਂ ਗੁਰਬਾਣੀ (ਅਤੇ ਬਾਕੀ ਵਿੱਦਿਆ) ਨੂੰ ਇਕਾਗਰ ਚਿੱਤ ਪੜ੍ਹਿਆ ਜਾਵੇ। ਸੋਚ ਵਿਚਾਰ ਕਰ ਕੇ ਸਮਝਿਆ ਜਾਵੇ। ਫਿਰ ਆਪਣੇ ਜੀਵਨ ਵਿੱਚ ਢਾਲਿਆ ਜਾਵੇ। ਵਰਨਾ ਗੁਰਬਾਣੀ ਦਾ ਪਾਠ ਮਸ਼ੀਨ ਵਾਂਗ ਕਰਦਿਆਂ ਦੀਆਂ ਉਮਰਾਂ ਬੀਤ ਜਾਂਦੀਆਂ ਹਨ, ਸੁਭਾਅ ਵਿੱਚ ਕੋਈ ਬਦਲਾਅ ਨਹੀਂ ਆਉਂਦਾ। ਸਰੀਰ ਅਤੇ ਮਨ ਵਿੱਚ ਇਕਸੁਰਤਾ ਅਤਿਅੰਤ ਜ਼ਰੂਰੀ ਹੈ। ਇਸ ਤੋਂ ਭੀ ਜ਼ਰੂਰੀ ਹੈ ਮਨ ਦਾ ਟਿਕਾਉ, ਇਕਾਗਰਤਾ। ਤੀਰ, ਤਲਵਾਰ, ਬੰਦੂਕ ਅਤੇ ਤੋਪ ਦਾ ਸਹੀ ਨਿਸ਼ਾਨਾ, ਇਕਾਗਰਤਾ ਤੋਂ ਬਿਨਾਂ ਕੋਈ ਮਾਇਨੇ ਨਹੀਂ ਰੱਖਦਾ। ਸਾਰੀ ਖੇਚਲ ਬੇਕਾਰ ਚਲੀ ਜਾਵੇਗੀ। ਸਾਧਿਆ, ਸਿਖਾਇਆ ਹੋਇਆ ਘੋੜਾ, ਵੇਖਣ ਵਾਲਿਆਂ ਦੀ ਨਜ਼ਰ ਦਾ ਕੇਂਦਰ ਬਿੰਦੂ ਬਣ ਜਾਂਦਾ ਹੈ। ਜਦੋਂ ਮੈਦਾਨ ਵਿੱਚ ਨਿੱਤਰਦਾ ਹੈ, ਜਿੱਤ ਦੇ ਝੰਡੇ ਗੱਡ ਦਿੰਦਾ ਹੈ। ਮਾਲਕ ਨੂੰ ਬੇਅੰਤ ਸਨਮਾਨ ਹਾਸਲ ਕਰ ਕੇ ਦਿੰਦਾ ਹੈ ਪਰ ਪਹਿਲਾਂ ਉਸ ਨੂੰ ਸਿਖਾਇਆ ਗਿਆ ਸੀ। ਉਸਤਾਦ ਨੇ ਬਹੁਤ ਚੰਡਿਆ ਸੀ। ਗ਼ਲਤੀਆਂ ਦਰੁੱਸਤ ਕਰਨ ਵਾਸਤੇ ਬਹੁਤ ਮਿਹਨਤ ਕਰਵਾਈ ਸੀ। ਲੰਮੇ ਅਭਿਆਸ ਤੋਂ ਬਾਅਦ ਇਕਸੁਰਤਾ ਆਈ ਸੀ।

ਕੁਦਰਤ ਵਿੱਚ ਵਰਤ ਰਹੇ ਨਿਅਮ ਨੂੰ ਕਦੀ ਗੌਰ ਨਾਲ ਪਰਖ ਕੇ ਵੇਖਣਾ। ਮੂਸਲੇਧਾਰ ਮੀਂਹ ਪੈਣ ਤੋਂ ਮਗਰੋਂ ਮੀਂਹ ਤਾਂ ਹੱਟ ਗਿਆ ਪਰ ਬੱਦਲਵਾਈ ਅਜੇ ਬਾਕੀ ਹੈ।

ਜਦੋਂ ਥੋੜ੍ਹੀ ਜਿਹੀ ਧੁੱਪ ਨਿਕਲੇ ਤਾਂ ਆਲੇ ਦੁਆਲੇ ਵੇਖਿਆਂ ਸਤਰੰਗੀ ਪੀਂਘ (ਇੰਦਰ ਧਨੁਸ਼ ਭੀ ਕਹਿੰਦੇ ਹਨ) ਬਣੀ ਨਜ਼ਰ ਆਉਂਦੀ ਹੈ। ਇਸ ਪੀਂਘ ਵਾਸਤੇ ਤਿੰਨ ਚੀਜ਼ਾਂ ਦਾ ਇਕਸਾਰਤਾ ਵਿੱਚ ਆਉਣਾ ਜ਼ਰੂਰੀ ਹੈ, ਵਰਨਾ ਪੀਂਘ ਵਿਖਾਈ ਨਹੀਂ ਦੇਵੇਗੀ। ਉਹ ਤਿੰਨ ਚੀਜਾਂ ਹਨ- ਸੂਰਜ ਦਾ ਚੜ੍ਹਦੇ ਵੱਲ ਜਾਂ ਲਹਿੰਦੇ ਵੱਲ ਹੋਣਾ ਜਾਣੀ ਕਿ ਇੱਕ ਖ਼ਾਸ ਕੋਣ ਤੋਂ ਸੂਰਜ ਦੀਆਂ ਕਿਰਨਾਂ ਪੈਣ। ਲੋੜੀਂਦੀ ਸਹੀ ਦਿਸ਼ਾ ਵਿੱਚੋਂ ਪਾਣੀ ਦੀਆਂ ਬੂੰਦਾਂ ਬਰਸ ਰਹੀਆਂ ਹੋਣ। ਉਸੇ ਹਿਸਾਬ ਨਾਲ ਵੇਖਣ ਵਾਲਾ ਠੀਕ ਆਪਣੇ ਕੋਣ 'ਤੇ ਖੜਾ ਹੋਵੇ। ਜਦੋਂ ਇਨ੍ਹਾਂ ਤਿੰਨਾਂ ਵਿੱਚ ਇਕਸੁਰਤਾ ਆ ਗਈ, ਤਾਲਮੇਲ ਬੈਠ ਗਿਆ ਤਦੋਂ ਸਤਰੰਗੀ ਪੀਂਘ ਸਾਫ਼ ਨਜ਼ਰ ਆਵੇਗੀ। ਜੇਕਰ ਤਿੰਨਾਂ ਵਿੱਚੋਂ ਇੱਕ ਚੀਜ਼ ਦਾ ਭੀ ਸਹੀ ਕੋਣ ਨਾ ਮਿਲੇ ਤਾਂ ਇੰਦਰ ਧਨੁਸ਼ ਗ਼ਾਇਬ ਹੋ ਜਾਵੇਗਾ।

ਇਸੇ ਤਰ੍ਹਾਂ ਧਰਤੀ, ਆਕਾਸ਼, ਹਵਾ, ਪਾਣੀ, ਗ੍ਰਿਹ, ਉਪ ਗ੍ਰਹਿ ਜਦੋਂ ਇਕਸੁਰਤਾ ਵਿੱਚ ਨਾ ਰਹਿਣ ਤਾਂ ਭਿਆਨਕ ਤਬਾਹੀ ਹੋਵੇਗੀ। ਮਾਨੋ ਪੂਰਾ ਬ੍ਰਹਿਮੰਡ ਐਟਮ ਬੰਬ ਵਾਲੇ ਵੱਡੇ ਧਮਾਕਿਆਂ ਨਾਲ ਧੂੜ ਬਣ ਜਾਵੇਗਾ। ਚੰਦ, ਤਾਰੇ, ਧਰਤੀ ਆਦਿ ਦਾ ਨਾਮੋ ਨਿਸ਼ਾਨ ਨਹੀਂ ਰਹੇਗਾ। ਇਹ ਉਤਨੀ ਦੇਰ ਤੱਕ ਹੀ ਸਲਾਮਤ ਹਨ ਜਦੋਂ ਤੱਕ ਇਕਸੁਰਤਾ ਵਿੱਚ ਹਨ। ਕਿਸੇ ਭੀ ਕਾਰਨ, ਕਿਸੇ ਭੀ ਥਾਂ ਜਦੋਂ ਇਕਾਗਰਤਾ ਅਤੇ ਇਕਸੁਰਤਾ ਭੰਗ ਹੋਈ ਤਾਂ ਬਰਬਾਦੀ ਲਾਜ਼ਮੀ ਹੋਵੇਗੀ।

ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ, ਸਿਮਰੈ ਸਗਲ ਉਪਾਰਜਨਾ ॥
ਸਿਮਰਹਿ ਖੰਡ ਦੀਪ ਸਭਿ ਲੋਆ ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥
ਸਿਮਰਹਿ ਖਾਣੀ ਸਿਮਰਹਿ ਬਾਣੀ, ਸਿਮਰਹਿ ਸਗਲੇ ਹਰਿ ਜਨਾ ॥ (1078)

★★★★★★

ਮੁੱਲ ਦਾ ਉਪਦੇਸ਼

ਸਾਰੀ ਦੁਨੀਆਂ ਵਿੱਚ ਲੋਕ ਮਨਾਂ 'ਤੇ ਧਰਮ ਦਾ ਬਹੁਤ ਗਹਿਰਾ ਪ੍ਰਭਾਵ ਚੱਲਿਆ ਆ ਰਿਹਾ ਹੈ। ਆਮ ਮਾਨਸਿਕ ਪੱਧਰ ਵਾਲੇ ਇਨਸਾਨ ਜੀਵਨ ਲਈ ਅਤਿਅੰਤ ਜ਼ਰੂਰੀ ਵਿਚਾਰਾਂ ਨੂੰ ਭੀ ਨਜ਼ਰ ਅੰਦਾਜ਼ ਕਰ ਦਿੰਦੇ ਹਨ। ਜਦੋਂ ਕੋਈ ਧਾਰਮਕ ਮੰਨਿਆ ਜਾ ਰਿਹਾ ਵਿਅਕਤੀ ਉਸੇ ਆਮ ਉਪਦੇਸ਼ ਨੂੰ "ਧਰਮ" ਨਾਲ ਸਬੰਧਤ ਕਰ ਕੇ ਅਪਣਾਉਣ ਲਈ ਆਖੇ ਤਾਂ ਉਸ ਨੂੰ ਬਿਨਾਂ ਕਿੰਤੂ ਕੀਤੇ ਸੋਖਿਆਂ ਹੀ ਅਪਣਾ ਲਿਆ ਜਾਂਦਾ ਹੈ। ਜੇ ਉਪਦੇਸ਼ ਕਰਨ ਵਾਲਾ ਸਾਧ ਦਿਲੋਂ-ਮਨੋਂ ਭਲਾ ਪੁਰਖ ਹੈ ਤਾਂ ਉਹ ਕਲਿਆਣਕਾਰੀ ਉਪਦੇਸ਼ ਹੀ ਦਿੰਦਾ ਹੈ। ਕਦੀ ਭੀ ਆਪਣੇ ਲੋਕਾਂ ਨੂੰ ਕੁਰਾਹੇ ਨਹੀਂ ਪਾਉਂਦਾ। ਸਗੋਂ ਗ਼ਲਤ ਜੀਵਨ ਰਾਹ

'ਤੇ ਚੱਲਣ ਵਾਲਿਆਂ ਨੂੰ ਪਿਆਰ ਭਰੇ ਢੰਗ ਵਰਤੇ ਕੇ, ਨੇਕ ਰਾਹ 'ਤੇ ਟੁਰਨ ਦੀ ਪ੍ਰੇਰਨਾ ਕਰੇਗਾ। ਜਦੋਂ ਮਨੁੱਖ ਨੂੰ ਆਪਣੇ ਧਰਮ ਮੁਖੀ, ਧਰਮ ਨਾਲ ਸਬੰਧਤ ਸਾਧ ਸੰਤ ਦੀ ਕਰਨੀ ਅਤੇ ਕਥਨੀ 'ਤੇ ਵਿਸ਼ਵਾਸ ਹੋ ਜਾਵੇ। ਉਸ ਦੀ ਆਖੀ ਹਰ ਗੱਲ 'ਤੇ "ਸ਼ਰਧਾ" ਪੈਦਾ ਹੋ ਜਾਵੇ। ਫਿਰ ਮਨੁੱਖ ਬਿਨਾਂ ਸੋਚੇ ਸਮਝੇ ਆਪਣਾ ਸਭ ਕੁੱਝ ਉਸ ਦੇ ਚਰਨਾਂ 'ਤੇ ਰੱਖ ਦਿੰਦਾ ਹੈ। ਘਰ, ਜ਼ਮੀਨ ਜਾਂ ਪੈਸਾ ਧਰਮ ਲਈ ਵਾਰਨ ਵਾਸਤੇ ਤਿਆਰ ਹੋ ਜਾਂਦਾ ਹੈ। ਕੁਦਰਤ ਵੱਲੋਂ ਮਿਲਿਆ ਅਨਮੋਲ ਤੋਹਫ਼ਾ ਮਨੁੱਖੀ ਸਰੀਰ ਨੂੰ ਕੁਰਬਾਨ ਕਰਨ ਲਈ ਭੀ ਤਿਆਰ ਹੋ ਜਾਂਦਾ ਹੈ। ਦੁਨੀਆਂ ਦੇ ਸਾਰੇ ਧਰਮ ਇਸ ਦੀ ਗਵਾਹੀ ਭਰਦੇ ਹਨ।

ਧਰਮ ਪ੍ਰਤੀ ਇਤਨਾ ਵਿਸ਼ਵਾਸ ਪੈਦਾ ਹੋਣ ਪਿੱਛੋਂ ਨਿਰਸੁਆਰਥ ਲੋਕਾਂ ਵੱਲੋਂ ਪਰਉਪਕਾਰ ਵਾਲੇ ਕੀਤੇ ਗਏ ਅਣਗਿਣਤ ਕਾਰਜ ਹੀ ਮੰਨੇ ਜਾ ਸਕਦੇ ਹਨ। ਅਜਿਹੇ ਬਹੁਤ ਸਾਰੇ ਧਰਮੀ ਪੁਰਖਾਂ ਨੇ ਲੋਕਾਂ ਨੂੰ ਬੁਰਾਈਆਂ ਵੱਲੋਂ ਵਾਪਸ ਮੋੜਿਆ ਹੈ। ਸਮਾਜਕ ਬਣਤਰ ਵਿਚਲੇ ਨਿਅਮ ਤਿਆਰ ਕੀਤੇ ਹਨ। ਬੁਰਾਈ ਵਿਰੁੱਧ ਲੜਨ ਲਈ ਹੌਸਲਾ ਤੇ ਗਿਆਨ ਵੰਡਿਆ ਹੈ। ਮਨੁੱਖਤਾ ਦੇ ਦਰਦੀ ਬਹੁਤ ਸਾਰੇ ਧਰਮੀ ਪੁਰਖਾਂ ਨੇ ਸਮੇਂ ਦੀਆਂ ਜ਼ਾਲਮ ਹਕੂਮਤਾਂ ਵਿਰੁੱਧ ਲੰਮੀਆਂ ਜੰਗਾਂ ਲੜੀਆਂ ਹਨ। ਅਣਗਿਣਤ ਧਰਮੀ ਪੁਰਖਾਂ ਨੂੰ ਅਨੰਤ ਮੁਸੀਬਤਾਂ ਝੱਲਣੀਆਂ ਪਈਆਂ, ਸੂਲੀ 'ਤੇ ਲਟਕਣਾ ਪਿਆ ਹੈ। ਜਿਵੇਂ ਚੰਗੀ ਚੀਜ਼ ਦੀ ਹਮੇਸ਼ਾ ਨਕਲ ਕਰਨ ਦਾ ਰੁਝਾਨ ਬਣਿਆ ਰਹਿੰਦਾ ਹੈ। ਇਸੇ ਤਰ੍ਹਾਂ ਧਰਮ ਦੇ ਖੇਤਰ ਵਿੱਚ ਭੀ "ਨਕਲੀ ਧਰਮੀ" ਲੋਕ ਧਾਰਮਕ ਚੋਲੇ ਪਹਿਨ ਕੇ, ਧਰਮ ਅਸਥਾਨ ਉਸਾਰ ਕੇ, ਧਰਮ ਪੁਸਤਕਾਂ ਵਿੱਚੋਂ ਕੁੱਝ ਮੰਤਰ ਪੜ੍ਹ ਕੇ, ਲੋਕਾਂ ਨੂੰ ਆਪਣੇ "ਧਰਮੀ" ਹੋਣ ਦਾ ਯਕੀਨ ਕਰਵਾ ਦਿੰਦੇ ਹਨ। ਆਮ ਲੋਕਾਂ ਦੀ ਸਮਝ ਇਤਨੀ ਵਿਕਸਤ ਨਹੀਂ ਹੁੰਦੀ ਕਿ ਉਹ ਅਸਲੀ ਜਾਂ ਨਕਲੀ "ਧਰਮੀ" ਦੀ ਪਛਾਣ ਕਰ ਸਕਣ।

ਇੱਕ ਬਹੁਤ ਭਲਾ ਪੁਰਖ, ਸਾਗੀਆਂ ਖਾਹਿਸ਼ਾਂ ਤੋਂ ਮੁਕਤ ਪਰਉਪਕਾਰ ਕਰਨ ਵਾਲਾ ਸੀ। ਇਸ ਦਾ ਨਾਮ ਸੀ ਗੁਰੂ ਜੀ (ਅਸਲੀ ਨਾਮ ਗੁਰਜੀਏਫ਼ ਦੱਸਿਆ ਜਾਂਦਾ ਹੈ) ਲੋਕੀਂ ਇਸ ਦਾ ਬਹੁਤ ਸਤਿਕਾਰ ਕਰਦੇ ਸਨ। ਸਾਦੇ ਜਿਹੇ ਛੱਪਰ ਵਿੱਚ ਇਸ ਦੀ ਰਿਹਾਇਸ਼ ਸੀ। ਜਿਹੋ ਜਿਹਾ ਰੁੱਖਾ ਮਿੱਸਾ ਭੋਜਨ ਕੋਈ ਦੇ ਗਿਆ, ਰੱਬ ਦਾ ਸ਼ੁਕਰਾਨਾ ਕਰਦਿਆਂ ਛਕ ਲੈਂਦਾ। ਕੋਈ ਪੂੰਜੀ ਨਹੀਂ, ਜਾਇਦਾਦ ਨਹੀਂ। ਆਪਣੇ ਦੁਆਲੇ ਚੇਲਿਆਂ ਦੀਆਂ ਭੀੜਾਂ ਨਹੀਂ। ਆਪਣੇ ਜ਼ਮਾਨੇ ਦਾ ਸਿਰ ਕੱਢਵਾਂ ਵਿਦਵਾਨ ਸੀ। ਲਗਪਗ ਜੀਵਨ ਦੇ ਹਰ ਪਹਿਲੂ ਬਾਰੇ ਭਰਪੂਰ ਗਿਆਨ ਸੀ। ਜਿਸ ਕਿਸੇ ਨੂੰ ਕੋਈ ਮੁਸ਼ਕਿਲ ਆ ਪੈਂਦੀ ਤਾਂ "ਗੁਰੂ ਜੀ" ਕੋਲੋਂ ਸਲਾਹ ਲੈਂਦਾ। ਇਸ ਭਲੇ ਸਾਧ ਦੀ ਸਲਾਹ ਨੂੰ ਸੀਸ ਝੁਕਾ ਕੇ ਪ੍ਰਵਾਨਗੀ ਦਿੰਦਾ। ਵੱਡੇ-ਵੱਡੇ ਰਈਸਜ਼ਾਦੇ ਅਤੇ ਅਫ਼ਸਰ ਇਸ ਦੇ ਗਿਆਨ ਤੋਂ ਬਹੁਤ ਪ੍ਰਭਾਵਤ ਸਨ। ਜਦੋਂ ਕਦੀ ਗੁੰਝਲਦਾਰ ਮਸਲਿਆਂ ਬਾਰੇ ਫ਼ੈਸਲਾ ਕਰਨ ਵਕਤ ਦੁਬਿਧਾ ਘੇਰ ਲੈਂਦੀ। ਕੀਤੇ ਗਏ ਫ਼ੈਸਲੇ ਨਾਲ ਕਿਸੇ ਇੱਕ ਧਿਰ ਦਾ ਬਿਨਾਂ ਵਜਾਹ ਨੁਕਸਾਨ ਨਾ ਹੋ ਜਾਵੇ। ਉਸ ਔਕੜ ਦਾ ਹੱਲ ਕੱਢਣ ਵਾਸਤੇ "ਗੁਰੂ ਜੀ" ਤੋਂ ਸਲਾਹ ਲੈਂਦੇ।

ਇੱਕ ਦਿਨ "ਗੁਰੂ ਜੀ" ਨੇ ਐਲਾਨ ਕਰ ਦਿੱਤਾ ਕਿ "ਅੱਗੇ ਤੋਂ ਸਵੇਰੇ ਸ਼ਾਮ ਧਰਮ

ਉਪਦੇਸ਼ ਤਾਂ ਜ਼ਰੂਰ ਹੋਇਆ ਕਰੇਗਾ ਪਰ ਮੈਂ ਕਿਸੇ ਦੇ ਸੁਆਲ ਦਾ ਜੁਆਬ ਨਹੀਂ ਦਿਆਂਗਾ।" ਸਾਰਿਆਂ ਨੂੰ ਬੜੀ ਹੈਰਾਨੀ ਹੋਈ। ਸੰਗਤ ਵਿੱਚੋਂ ਖੜਾ ਹੋ ਕੇ ਨਿਮਰਤਾ ਨਾਲ ਇੱਕ ਸੇਵਕ ਨੇ ਬੇਨਤੀ ਕੀਤੀ, "ਮਹਾਤਮਾ ਜੀ! ਸੁਆਲਾਂ ਦੇ ਜੁਆਬ ਦੇਣੇ ਕਿਉਂ ਬੰਦ ਕਰ ਰਹੇ ਹੋ? ਹੋਰ ਸਾਡਾ ਗ਼ਰੀਬਾਂ ਦਾ ਕੌਣ ਹੈ? ਜਿਸ ਤੋਂ ਯੋਗ ਸਲਾਹ ਲੈ ਕੇ ਭਟਕਣ ਤੋਂ ਬਚ ਜਾਈਏ?" "ਗੁਰੂ ਜੀ" ਨੇ ਪਿਆਰ ਨਾਲ ਆਖਿਆ, "ਬੇਟਾ! ਇਹ ਹੁਕਮ ਤੁਹਾਡੇ ਵਰਗੇ ਗ਼ਰੀਬਾਂ 'ਤੇ ਲਾਗੂ ਨਹੀਂ ਹੋਵੇਗਾ। ਤੁਸੀਂ ਸਵਾਲ ਕਰ ਸਕਦੇ ਹੋ। ਮੈਂ ਜਾਣਦਾ ਹਾਂ ਕਿ ਗ਼ਰੀਬ ਕੌਣ ਹੈ ਅਤੇ ਅਮੀਰ ਕੌਣ ਹੈ। ਅਮੀਰ ਲੋਕ ਜੇਕਰ ਸੁਆਲ ਕਰਨਗੇ ਤਾਂ ਉਨ੍ਹਾਂ ਲਈ ਮੈਂ ਫ਼ੀਸ ਨਿਸਚਿਤ ਕਰ ਦਿੱਤੀ ਹੈ। ਜਿੰਨੇ ਸੁਆਲ ਕਰਨਗੇ, ਉਨੀਆਂ ਮੋਹਰਾਂ ਦੇਣੀਆਂ ਪੈਣਗੀਆਂ। ਅਫ਼ਸਰ ਲੋਕ ਵੱਡੀਆਂ ਤਨਖ਼ਾਹਾਂ ਲੈਂਦੇ ਹਨ। ਲੋਕਾਂ ਤੋਂ ਮੁਫ਼ਤ ਵਿੱਚ ਨਮਸ਼ਕਾਰਾਂ ਕਰਵਾਉਂਦੇ ਹਨ। ਗ਼ਰੀਬਾਂ ਤੋਂ ਬਿਨਾਂ ਮਜ਼ਦੂਰੀ ਦਿੱਤੇ ਆਪਣੇ ਕੰਮ ਕਰਾਉਂਦੇ ਹਨ। ਫ਼ੈਸਲੇ ਕਰਨ ਦੀ ਇਨ੍ਹਾਂ ਕੋਲ ਯੋਗਤਾ ਨਹੀਂ ਹੁੰਦੀ। ਪੜ੍ਹਾਈ ਵੱਲ ਘੱਟ ਧਿਆਨ ਦਿੰਦੇ ਹਨ। ਐਸ਼ ਪ੍ਰਸਤੀ ਵਿੱਚ ਆਪਣਾ ਸਮਾਂ ਅਤੇ ਪੈਸਾ ਬਰਬਾਦ ਕਰਦੇ ਹਨ। ਸਿਆਣਪ ਅਤੇ ਦਿਆਨਤਦਾਰੀ ਨਾਲ ਜੋ ਫ਼ੈਸਲੇ ਇਨ੍ਹਾਂ ਨੇ ਕਰਨੇ ਸਨ, ਉਹ ਮੇਰੇ ਕੋਲੋਂ ਪੁੱਛ ਕੇ ਕਰਦੇ ਹਨ। ਜਦੋਂ ਕਿ "ਗ਼ਲਤ ਜਾਂ ਠੀਕ" ਬਾਰੇ ਪੜਤਾਲ ਕਰਨ ਦੇ ਸਾਰੇ ਸਾਧਨ ਇਨ੍ਹਾਂ ਕੋਲ ਹੁੰਦੇ ਹਨ। ਮੈਨੂੰ ਤਾਂ ਕਈ ਗੱਲਾਂ ਦਾ ਪਤਾ ਹੀ ਨਹੀਂ ਹੁੰਦਾ। ਅੱਗੇ ਲਈ ਮੈਂ ਇਨ੍ਹਾਂ ਤੋਂ ਇੱਕ ਸੁਆਲ ਦੀ ਇੱਕ ਮੋਹਰ ਵਸੂਲ ਕਰਿਆ ਕਰਾਂਗਾ। ਮੁਫ਼ਤ ਵਿੱਚ ਸਮਾਂ ਨਹੀਂ ਗਵਾਵਾਂਗਾ।"

"ਪਰ "ਗੁਰੂ ਜੀ", ਤੁਸੀਂ ਤਾਂ ਅੱਜ ਤੱਕ ਆਪਣੇ ਲਈ ਮਕਾਨ ਤੱਕ ਨਹੀਂ ਬਣਾਇਆ। ਕੀਮਤੀ ਬਸਤਰ ਨਹੀਂ ਪਹਿਨੇ। ਦੁਨੀਆਂਦਾਰ ਲੋਕਾਂ ਵਾਂਗ ਬੁਰੀਆਂ ਆਦਤਾਂ ਨਹੀਂ ਲਾਈਆਂ। ਫਿਰ ਹੁਣ ਸੋਨੇ ਦੀਆਂ ਮੋਹਰਾਂ ਇਕੱਠੀਆਂ ਕਰ ਕੇ ਕਿੱਥੇ ਲੈ ਕੇ ਜਾਉਗੇ?"

"ਗੁਰੂ ਜੀ" ਨੇ ਠਰ੍ਹੰਮੇ ਨਾਲ ਆਖਿਆ, "ਜੋ ਮੋਹਰਾਂ ਇਹ ਅਮੀਰ ਲੋਕ ਮੈਨੂੰ ਦੇਣਗੇ, ਮੈਂ ਇਕੱਠੀਆਂ ਕਰ ਕੇ ਗ਼ਰੀਬਾਂ ਦੀ ਭਲਾਈ 'ਤੇ ਲਾਵਾਂਗਾ। ਤੁਹਾਡੇ ਬੱਚਿਆਂ ਲਈ ਸਕੂਲ ਖੋਲ੍ਹਾਂਗਾ। ਭੁੱਖਿਆਂ ਲਈ ਰੋਟੀ ਦਾ ਪ੍ਰਬੰਧ ਕਰਾਂਗਾ। ਬਿਮਾਰਾਂ ਦੇ ਇਲਾਜ ਲਈ ਹਸਪਤਾਲ ਖੋਲ੍ਹਾਂਗਾ। ਜਿਸ ਤਰ੍ਹਾਂ ਦਾ ਕੰਮ ਕੋਈ ਕਰ ਸਕਦਾ ਹੋਵੇ, ਮੈਂ ਉਸ ਨੂੰ ਕੰਮ 'ਤੇ ਲਗਵਾਉਣ ਦੀ ਕੋਸ਼ਿਸ਼ ਕਰਾਂਗਾ। ਮੈਂ ਹੁਣ ਤੁਹਾਨੂੰ ਦਸਾਂਗਾ ਕਿ ਇਹ ਲੋਕ ਰਾਜ ਕਰਨ ਦੇ ਕਾਬਲ ਨਹੀਂ। ਇਨ੍ਹਾਂ ਦਾ ਵਾਸਾ ਮਹਿਲਾਂ ਵਿੱਚ ਨਹੀਂ, ਜੇਲ੍ਹ ਦੀਆਂ ਕੋਠੜੀਆਂ ਵਿੱਚ ਹੋਣਾ ਚਾਹੀਦਾ ਹੈ। ਤੁਸੀਂ ਗਿਣਤੀ ਵਿੱਚ ਬਹੁਤ ਹੋ। ਆਪਾਂ ਸਾਰੇ ਰਲ ਕੇ ਇਨ੍ਹਾਂ ਨੂੰ ਚੰਗਾ ਸਬਕ ਸਿਖਾ ਦਿਆਂਗੇ।"

ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ ਲਾਲ ਏਹਿ ਰਤਨ ॥
ਸੁਨਤ ਕਮਾਵਤ ਹੋਤ ਉਧਾਰ ॥ ਆਪਿ ਤਰੈ ਲੋਕਹ ਨਿਸਤਾਰ ॥ (295)

★★★★★★

ਗੁਰੂ ਜੀ ਦੇ ਉਪਕਾਰ

ਇੱਕ ਵਿਦਵਾਨ ਪੁਰਖ ਜਿਸ ਦਾ ਨਾਮ ਇਤਿਹਾਸ ਵਿੱਚ ਭਾਈ ਸੁਥਰਾ ਸ਼ਾਹ ਜੀ ਕਰ ਕੇ ਪ੍ਰਸਿੱਧ ਹੈ। ਇਸ ਨੂੰ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਪਾਲਿਆ ਸੀ। ਆਪਣੇ ਬੱਚਿਆਂ ਵਾਂਗ ਨਿੱਜੀ ਨਿਗਰਾਨੀ ਵਿੱਚ ਪੜ੍ਹਾਇਆ। ਜੀਵਨ ਦੇ ਸਾਰੇ ਕੰਮਾਂ ਵਿੱਚ ਨਿਪੁੰਨ ਬਣਾਉਣ ਦੀ ਕੋਸ਼ਿਸ਼ ਕੀਤੀ। ਜਿਥੇ ਭਾਈ ਸੁਥਰਾ ਸੇਵਾ ਕਰ ਕੇ ਸੰਗਤਾਂ ਦੀ ਖ਼ੁਸ਼ੀ ਦਾ ਪਾਤਰ ਬਣਦਾ ਨਾਲ ਹੀ ਉਹ ਹਾਸਰਸੀ ਢੰਗ ਨਾਲ ਬੜੀਆਂ ਹੈਰਾਨੀ ਜਨਕ ਗੱਲਾਂ ਕਰ ਜਾਂਦਾ। ਜਿਸ ਨੂੰ ਉਸ ਦੀਆਂ ਤੇਜ ਤਰਾਟ ਟਿੱਪਣੀਆਂ ਸਮਝ ਆ ਜਾਂਦੀਆਂ, ਉਹ ਖ਼ੁਸ਼ ਹੁੰਦਾ। ਭਾਈ ਜੀ ਤੋਂ ਕੁਰਬਾਨ ਜਾਂਦਾ ਪਰ ਜਿਨ੍ਹਾਂ ਨੂੰ ਉਸ ਦੀਆਂ ਆਖੀਆਂ ਗੱਲਾਂ ਸਮਝ ਨਾ ਆਉਂਦੀਆਂ, ਉਹ ਅੱਗ ਬਬੂਲਾ ਹੋਏ ਗੁਰੂ ਜੀ ਕੋਲ ਸ਼ਿਕਾਇਤਾਂ ਲਾਉਂਦੇ। ਉਸ ਨੂੰ ਰਾਹ ਸਿਰ ਲਿਆਉਣ ਵਾਸਤੇ ਬੇਨਤੀ ਕਰਦੇ। ਸਾਰਿਆਂ ਦੀਆਂ ਸ਼ਿਕਾਇਤਾਂ ਸੁਣਨ ਤੋਂ ਮਗਰੋਂ ਜਦੋਂ ਗੁਰੂ ਜੀ ਸੁਥਰੇ ਨੂੰ ਸੱਦ ਕੇ ਸ਼ਿਕਾਇਤ ਬਾਰੇ ਗੱਲ ਕਰਦੇ ਤਾਂ ਮਸਲਾ ਹੋਰ ਦਾ ਹੋਰ ਨਿਕਲ ਆਉਂਦਾ ਸੀ। ਖ਼ੁਦ ਸ਼ਿਕਾਇਤ ਕਰਨ ਵਾਲਿਆਂ ਨੂੰ ਸ਼ਰਮਿੰਦਗੀ ਨਾਲ ਵਾਪਸ ਜਾਣਾ ਪੈਂਦਾ ਸੀ।

ਇੱਕ ਦਿਨ ਸਵੇਰ ਵੇਲੇ ਦੀਵਾਨ ਸਜਿਆ ਹੋਇਆ ਸੀ। ਸੰਗਤਾਂ ਬਹੁਤੀਆਂ ਨਹੀਂ ਸਨ। ਕੀਰਤਨ ਕਰਨ ਵਾਲੇ ਸਿੱਖ ਕੁੱਝ ਉਪਰਾਮ ਜਿਹੇ ਦਿਸਦੇ ਸਨ। ਇੰਨੇ ਵਿੱਚ ਕਿਧਰੋਂ ਭਾਈ ਸੁਥਰਾ ਜੀ ਆਏ। ਰਾਗੀ ਸਿੱਖਾਂ ਦੇ ਕੋਲ ਜਾ ਕੇ ਅਪਮਾਨ ਕਰਨ ਵਾਲੇ ਕਉੜੇ ਬਚਨ ਬੋਲੇ, ਤੇਜ਼ ਕਦਮੀ ਬਾਹਰ ਚਲੇ ਗਏ। ਕੀਰਤਨ ਵਾਲਿਆਂ ਨੇ ਗੁਰੂ ਜੀ ਨੂੰ ਸਾਰੀ ਹੋਈ ਬੀਤੀ ਆਖ ਸੁਣਾਈ। ਬੋਲੇ, "ਜੀ ਤੁਸੀਂ ਇਸ ਨੂੰ ਜ਼ਿਆਦਾ ਹੀ ਲਾਡਲਾ ਰੱਖਿਆ ਹੋਇਆ ਹੈ। ਜਦੋਂ ਭੀ ਮੌਕਾ ਮਿਲਦਾ ਹੈ ਇਹ ਸ਼ਰਾਰਤ ਕਰਨੋ ਬਾਜ ਨਹੀਂ ਆਉਂਦਾ। ਸੇਵਾ ਕਰਨ ਵਾਲਿਆਂ ਨੂੰ, ਪਾਠ ਕਰਨ ਵਾਲਿਆਂ ਨੂੰ ਤੇ ਕੀਰਤਨ ਕਰਨ ਵਾਲੇ ਸਿੱਖਾਂ ਨੂੰ ਭੀ ਅਪਮਾਨਤ ਕਰ ਜਾਂਦਾ ਹੈ। ਵੇਖੋ ਨਾ ਅੱਜ ਦੀ ਹੀ ਘਟਨਾ ਹੈ, ਅਸੀਂ ਕੀਰਤਨ ਕਰ ਰਹੇ ਸਾਂ। ਭਾਈ ਸੁਥਰਾ ਸਾਡੇ ਨੇੜੇ ਆਇਆ ਤੇ ਕੀਰਤਨ ਕਰਦਿਆਂ ਨੂੰ ਸੰਗਤ ਵਿੱਚ ਭੱਦੇ ਬੋਲ ਆਖ ਕੇ ਤੇਜ ਕਦਮੀ ਬਾਹਰ ਨਿਕਲ ਗਿਆ।"

ਸਤਿਗੁਰੂ ਜੀ ਆਖਣ ਲੱਗੇ, "ਭਾਈ ਠਰ੍ਹੰਮਾ ਰੱਖੋ, ਜਦੋਂ ਭਾਈ ਸੁਥਰਾ ਮਿਲਿਆ ਸਾਡਾ ਹੁਕਮ ਸੁਣਾ ਦੇਣਾ ਕਿ ਗੁਰੂ ਜੀ ਨੇ ਬੁਲਾਇਆ ਹੈ। ਅਸੀਂ ਸਾਰੀ ਹੋਈ ਬੀਤੀ ਪੁੱਛ ਲਵਾਂਗੇ।"

ਕੁੱਝ ਦਿਨਾਂ ਤੋਂ ਬਾਅਦ ਭਾਈ ਸੁਥਰਾ ਜੀ ਆਣ ਪਹੁੰਚੇ। ਅਜੇ ਬਾਹਰ ਖੜੇ ਸਾਥੀਆਂ ਨਾਲ ਗੱਲਬਾਤ ਹੀ ਕਰ ਰਹੇ ਸਨ ਕਿ ਸ਼ਿਕਾਇਤ ਕਰਨ ਵਾਲਿਆਂ ਨੇ ਵੇਖਦਿਆਂ ਹੀ ਆ ਕੇ ਗੁਰੂ ਜੀ ਦਾ ਹੁਕਮ ਸੁਣਾ ਦਿੱਤਾ, "ਸੁਥਰਾ ਜੀ! ਛੇਤੀ ਚੱਲੋ, ਗੁਰੂ ਸਾਹਿਬ ਨੇ ਬੁਲਾਇਆ ਹੈ।" ਸੁਥਰਾ ਜੀ ਅਤੇ ਸ਼ਿਕਾਇਤ ਕਰਨ ਵਾਲੇ ਗੁਰੂ ਸਾਹਿਬ ਜੀ ਸਨਮੁੱਖ ਅਦਬ ਨਾਲ ਜਾ ਹਾਜ਼ਰ ਹੋਏ। ਸ਼ਿਕਾਇਤ ਕਰਨ ਵਾਲਿਆਂ ਨੇ ਮੁੜ ਸ਼ਿਕਾਇਤ ਦੁਹਰਾਈ। ਗੁਰੂ ਜੀ ਨੇ ਭਾਈ

ਸੁਥਰੇ ਨੂੰ ਪੁੱਛਿਆ, "ਕਿਉਂ ਭਾਈ! ਤੂੰ ਇਨ੍ਹਾਂ ਨੂੰ ਮੰਦੇ ਬਚਨ ਬੋਲੇ ਸਨ?"

ਭਾਈ ਸੁਥਰਾ- "ਸਤਿਗੁਰੂ ਜੀ ਮੁਆਫ਼ ਕਰਨਾ, ਕੁੱਝ ਯਾਦ ਨਹੀਂ ਆ ਰਿਹਾ ਕਦੋਂ ਕੁ ਦੀ ਗੱਲ ਹੈ?"

ਸ਼ਿਕਾਇਤ ਕਰਨ ਵਾਲੇ- "ਜੀ ਚਾਰ ਦਿਨ ਪਹਿਲਾਂ ਦਾ ਵਾਕਿਆ ਹੈ।"

ਭਾਈ ਸੁਥਰਾ- "ਤੁਸੀਂ ਉਦੋਂ ਕਿਥੇ ਸੀ, ਕੀ ਕਰ ਰਹੇ ਸੀ?"

ਸ਼ਿਕਾਇਤ ਕਰਨ ਵਾਲੇ- "ਅਸੀਂ ਤਦੋਂ ਸੰਗਤ ਵਿੱਚ ਸਾਂ, ਗੁਰਬਾਣੀ ਦਾ ਕੀਰਤਨ ਕਰ ਰਹੇ ਸਾਂ।"

ਭਾਈ ਸੁਥਰਾ- "ਕ੍ਰਿਪਾ ਕਰ ਕੇ ਦੱਸੋ ਕਿ ਉਸ ਸਮੇਂ ਤੁਸੀਂ ਕਿਸ ਸ਼ਬਦ ਦਾ ਕੀਰਤਨ ਕਰ ਰਹੇ ਸੀ?"

ਸ਼ਿਕਾਇਤ ਕਰਨ ਵਾਲੇ- "ਸਤਿਗੁਰੂ ਜੀ ਮੁਆਫ਼ ਕਰਨਾ, ਉਂਵ ਤਾਂ ਗੁਰਬਾਣੀ ਬਹੁਤ ਯਾਦ ਹੈ। ਉਸ ਸਮੇਂ ਕਿਸ ਸ਼ਬਦ ਦਾ ਕੀਰਤਨ ਕਰ ਰਹੇ ਸੀ, ਇਹ ਯਾਦ ਨਹੀਂ ਰਿਹਾ। ਅਸਲ ਵਿੱਚ ਇਹ ਬੰਦਾ ਗੱਲ ਨੂੰ ਕੁਰਾਹੇ ਪਾਉਣਾ ਚਾਹੁੰਦਾ ਹੈ। ਅਸੀਂ ਕੋਈ ਸ਼ਬਦ ਗਾਈਏ, ਸਾਰੀ ਬਾਣੀ ਸਤਿਕਾਰਯੋਗ ਹੈ। ਮਸਲਾ ਹੈ, ਇਸ ਨੇ ਸਾਡਾ ਅਤੇ ਗੁਰਬਾਣੀ ਦੇ ਸ਼ਬਦ ਕੀਰਤਨ ਦਾ ਅਪਮਾਨ ਕੀਤਾ ਹੈ। ਇਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ।"

ਭਾਈ ਸੁਥਰਾ- "ਸਤਿਗੁਰੂ ਜੀ! ਉਸ ਵਕਤ ਗਾਇਆ ਜਾ ਰਿਹਾ ਸ਼ਬਦ ਇਨ੍ਹਾਂ ਨੂੰ ਯਾਦ ਨਹੀਂ। ਗੁਰਬਾਣੀ ਜੋ ਸਿੱਖਾਂ ਦੇ ਜੀਵਨ ਦਾ ਆਧਾਰ ਹੈ, ਉਹ ਭੁੱਲ ਗਈ। ਮੇਰੇ ਮੰਦੇ ਬਚਨ ਇਨ੍ਹਾਂ ਨੂੰ ਅੱਖਰ-ਅੱਖਰ ਯਾਦ ਹਨ। ਜਿਸ ਗੁਰਬਾਣੀ ਸ਼ਬਦ ਨੂੰ ਇਹ ਗਾ ਰਹੇ ਸਨ, ਉਹ ਇਹ ਸੀ-

ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ, ਸਿਮਰੈ ਸਗਲ ਉਪਾਰਜਨਾ ॥
ਸਿਮਰਹਿ ਖੰਡ ਦੀਪ ਸਭਿ ਲੋਆ ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥
ਸਿਮਰਹਿ ਖਾਣੀ ਸਿਮਰਹਿ ਬਾਣੀ, ਸਿਮਰਹਿ ਸਗਲੇ ਹਰਿ ਜਨਾ ॥ (1078)

ਜਦੋਂ ਇਹ ਭਾਈ "ਸਿਮਰਹਿ" ਬੋਲਦੇ ਸਨ ਮੈਂ ਕਹਿ ਦਿੰਦਾ ਸਾਂ "ਥੋਨੂੰ ਕੀ, ਥੋਨੂੰ ਕੀ, ਤੁਸੀਂ ਮੂਰਖ ਹੋ ਤੇ ਮੂਰਖ ਹੀ ਰਹੋਗੇ।" ਭਾਈ ਸੁਥਰਾ ਜੀ ਨੇ ਆਪਣੀ ਗੱਲ ਜਾਰੀ ਰਖਦਿਆਂ ਕਿਹਾ, "ਪਾਤਿਸ਼ਾਹ ਜੀ! ਤੁਹਾਡੀ ਪਵਿੱਤਰ ਬਾਣੀ ਇਨ੍ਹਾਂ ਨੂੰ ਯਾਦ ਨਹੀਂ ਰਹੀ ਕਿ ਉਸ ਵਕਤ ਕਿਹੜਾ ਸ਼ਬਦ ਗਾਇਆ ਜਾ ਰਿਹਾ ਸੀ। ਮੇਰੇ ਮੰਦੇ ਬਚਨ ਇਨ੍ਹਾਂ ਨੂੰ ਇੰਨ ਬਿੰਨ ਯਾਦ ਹਨ। ਮੈਂ ਇਹੀ ਤਾਂ ਸਮਝਾਉਣ ਗਿਆ ਸੀ। ਜਦੋਂ ਇਹ ਗਾਉਂਦੇ ਸਨ, **ਸਿਮਰੈ ਧਰਤੀ ਅਰੁ ਆਕਾਸਾ** ਉਦੋਂ ਮੈਂ ਕਹਿ ਦਿੰਦਾ ਸਾਂ, ਥੋਨੂੰ ਕੀ? ਭਾਵ ਕਿ ਤੁਹਾਡੇ 'ਤੇ ਗੁਰਬਾਣੀ ਦੇ ਹੁਕਮ ਦਾ ਕੋਈ ਅਸਰ ਨਹੀਂ। ਮੈਂ ਇਨ੍ਹਾਂ ਨੂੰ ਜਾਣਦਾ ਹਾਂ। ਇਥੇ ਸੋਹਣੇ ਬਸਤਰ ਪਹਿਨ ਕੇ ਨਹਾ ਧੋ ਕੇ ਆ ਜਾਂਦੇ ਹਨ। ਅੰਦਰ ਕੂੜ ਕੁਫਰ ਹੈ। ਪੈਸੇ ਦੀ ਹਵਸ ਹੈ। ਈਰਖਾ ਹੈ, ਕ੍ਰੋਧ ਹੈ, ਜਾਤੀ ਹੰਕਾਰ ਹੈ। ਸੂਰਜ, ਚੰਦ, ਧਰਤੀ ਸਿਮਰਦੇ ਹਨ। ਨਿਰੰਕਾਰ ਦੇ ਹੁਕਮ ਵਿੱਚ ਨਿਰਬਿਘਨ ਆਪਣੇ ਜ਼ਿੰਮੇ ਲੱਗੀ ਸੇਵਾ ਕਰ ਰਹੇ ਹਨ। ਕੀ ਇਨ੍ਹਾਂ ਕੀਰਤਨੀਆਂ ਦੇ ਜੀਵਨ

ਵਿੱਚ ਭੀ ਕੋਈ ਬਦਲਾਓ ਆਵੇਗਾ ? ਕੀਰਤਨ ਕੇਵਲ ਮਾਇਆ ਬਟੋਰਨ ਵਾਸਤੇ ਇੱਕ ਧੰਦਾ ਤਾਂ ਨਹੀਂ ਬਣ ਗਿਆ...।" ਭਾਈ ਸੁਥਰਾ ਬੜੀ ਬੇਬਾਕੀ ਨਾਲ ਬੋਲ ਰਿਹਾ ਸੀ। ਸ਼ਿਕਾਇਤ ਕਰਨ ਵਾਲੇ ਨੀਵੀਂਆਂ ਪਾਈ ਸਿਰ ਝੁਕਾਈ ਚੁੱਪ-ਚਾਪ ਖੜੇ ਸਨ। ਸੁਥਰਾ ਜੀ ਦੀਆਂ ਖਰੀਆਂ-ਖਰੀਆਂ ਦਾ ਉਨ੍ਹਾਂ ਕੋਲ ਕੋਈ ਜੁਆਬ ਨਹੀਂ ਸੀ। ਗੁਰੂ ਚਰਨਾਂ 'ਤੇ ਨਮਸਕਾਰ ਕਰ ਕੇ ਵਿਦਾ ਹੋਣ ਲੱਗਿਆਂ ਹੌਲੀ ਜਿਹੀ ਮਨੋ ਦਿਸ਼ਾ ਪ੍ਰਗਟ ਕੀਤੀ, "ਜੀ ਅੱਗੇ ਤੋਂ ਬਾਣੀ ਨੂੰ ਸਮਝ ਕੇ ਪੜ੍ਹਾਂਗੇ, ਗਵਾਂਗੇ ਅਤੇ ਜੀਵਨ ਗੁਰਬਾਣੀ ਦੇ ਅਨੁਸਾਰੀ ਬਣਾਉਣ ਦੀ ਪੂਰੀ ਕੋਸ਼ਿਸ਼ ਕਰਾਂਗੇ।"

ਕੇਤੇ ਕਹਹਿ ਵਖਾਣ, ਕਹਿ ਕਹਿ ਜਾਵਣਾ ॥
ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ ॥
ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ (148)

★★★★★★

ਭਾਈ ਸੁਥਰਾ ਜੀ (2)

ਵਿਦਵਾਨ ਗੁਰਸਿੱਖ ਭਾਈ ਸੁਥਰੇ ਦਾ ਜੀਵਨ ਕਾਲ 1615 ਤੋਂ 1681 ਈਸਵੀ ਮੰਨਿਆ ਜਾਂਦਾ ਹੈ। ਇਸ ਨੂੰ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਆਪਣੀ ਨਿਗਰਾਨੀ ਵਿੱਚ ਰੱਖਿਆ, ਪੜ੍ਹਾਇਆ। ਅੱਗੋਂ ਇਹ ਸਾਰੇ ਗੁਰ ਵਿਅਕਤੀਆਂ ਦਾ ਨਜ਼ਰੇ ਕਰਮ ਰਿਹਾ। ਛੇ-ਸੱਤ ਸਾਲ ਤੱਕ ਦਸਵੇਂ ਗੁਰੂ ਜੀ ਦੀ ਹਜ਼ੂਰੀ ਵਿੱਚ ਰਹਿ ਕੇ ਭੀ ਪੰਥਕ ਸੇਵਾ ਕਰਦਾ ਰਿਹਾ। ਸੁਥਰੇ ਸ਼ਾਹ ਨੇ ਹਾਸ ਵਿਅੰਗ ਰਾਹੀਂ ਧਰਮ ਦਾ ਵਿਖਾਵਾ ਕਰਨ ਵਾਲੇ ਲੋਕਾਂ ਦੀ ਬਹੁਤ ਵਾਰੀ ਖੁੰਬ ਠੱਪੀ ਸੀ। ਭਾਵੇਂ ਸਿੱਖ ਤੇ ਭਾਵੇਂ ਗ਼ੈਰ ਸਿੱਖ ਹੋਵੇ, ਉਚਿਤ ਸਮਾਂ ਜਾਣ ਕੇ ਇਹ ਭਾਈ, ਮਨੁੱਖ ਦੇ ਅੰਦਰਲੇ ਸੱਚ ਨੂੰ ਸਾਰਿਆਂ ਦੇ ਸਾਹਮਣੇ ਬੇ ਪਰਦ ਕਰਨ ਦੀ ਜੁਗਤ ਅਤੇ ਦਲੇਰੀ ਰੱਖਦਾ ਸੀ। ਇਸ ਨੇ ਕੁੱਝ ਕੁ ਵਿਅੰਗਮਈ ਕਵਿਤਾਵਾਂ ਭੀ ਲਿਖੀਆਂ ਸਨ। ਖ਼ੁਸ਼ੀ-ਗ਼ਮੀ ਦੇ ਹਰ ਮੌਕੇ ਸੁਥਰਾ ਅਡੋਲ ਸ਼ਾਂਤ ਚਿੱਤ ਰਹਿੰਦਾ ਸੀ। ਇਹ ਲੋਕ ਅਖਾਣ ਤਾਂ ਹਰ ਬੱਚੇ, ਬੁੱਢੇ ਦੀ ਜ਼ੁਬਾਨ 'ਤੇ ਚੜ੍ਹਿਆ ਹੋਇਆ ਹੈ ਜੋ ਸੁਥਰੇ ਦਾ ਆਪਣੇ ਆਪ ਬਾਰੇ ਬੋਲਿਆ ਹੋਇਆ ਸੀ- "ਕੋਈ ਮਰੇ ਕੋਈ ਜੀਵੇ। ਸੁਥਰਾ ਘੋਲ ਪਤਾਸੇ ਪੀਵੇ।"

ਆਪਣੇ ਤਿਖੇ ਵਿਅੰਗ ਬੋਲਾਂ (ਅਤੇ ਕੰਮਾਂ) ਰਾਹੀਂ ਬਹੁਤ ਸਾਰੇ ਲੋਕਾਂ ਨੂੰ ਨਾਰਾਜ਼ ਭੀ ਕਰ ਲੈਂਦਾ ਸੀ ਪਰ ਅਜਿਹੀ ਕੋਈ ਲਿਖਤ ਨਹੀਂ ਮਿਲਦੀ ਜਿਸ ਤੋਂ ਪਤਾ ਲੱਗੇ ਕਿ ਕਦੀ ਗੁਰੂ ਸਾਹਿਬ ਭੀ ਇਸ 'ਤੇ ਨਾਰਾਜ਼ ਹੋਏ ਹੋਣ। ਪੰਜ ਗੁਰੂ ਸਾਹਿਬਾਨ ਦੇ ਸਮੇਂ ਆਪਣੇ ਢੰਗ ਨਾਲ ਇਹ ਲਿਖਦਾ ਜਾਂ ਬੋਲਦਾ ਰਿਹਾ। ਗੁਰੂ ਸਾਹਿਬ ਨੇ ਇਸ ਨੂੰ ਕਦੀ ਨਹੀਂ ਰੋਕਿਆ। ਜਦੋਂ ਗੁਰਦਵਾਰਿਆਂ ਵਿਚਲੇ ਅੱਜ ਦੇ ਵਰਤਾਰੇ ਨੂੰ ਵੇਖਿਆ ਜਾਵੇ ਤਾਂ ਇਉਂ ਮਹਿਸੂਸ ਹੁੰਦਾ

ਹੈ ਕਿ "ਗੁਰਦਵਾਰੇ ਵਿੱਚ ਹੱਸਣਾ ਮਨ੍ਹਾ ਹੈ" ਦਾ ਹੁਕਮ ਸਖ਼ਤੀ ਨਾਲ ਲਾਗੂ ਕਰ ਦਿੱਤਾ ਗਿਆ ਹੋਵੇ। ਠੀਕ ਹੈ ਕਿ ਕਥਾ, ਕੀਰਤਨ ਵਕਤ "ਚੁੱਪ ਦਾ ਦਾਨ" ਜ਼ਰੂਰੀ ਹੈ ਪਰ ਕਦੀ "ਹਾਸੇ ਦਾ ਦਾਨ" ਭੀ ਗੁਰਦਵਾਰੇ ਵਿੱਚੋਂ ਮਿਲਣਾ ਚਾਹੀਦਾ ਹੈ। ਅੱਗੇ ਜਾ ਕੇ ਅਸੀਂ ਵੇਖਾਂਗੇ ਕਿ ਗੁਰੂ ਸਾਹਿਬ ਨੇ ਗੁਰਬਾਣੀ ਰਾਹੀਂ ਕਮਾਲ ਦੇ ਵਿਅੰਗ ਕੀਤੇ ਹਨ। "ਛੱਡਿਆ ਸੀ ਗਾਂ ਥੱਲੇ, ਜਾ ਬੈਠਿਆ ਸਾਨ੍ਹ ਥੱਲੇ", **ਬੈਲ ਕਉ ਨੇੜਾ ਪਾਇ ਦੁਹਾਵੈ ਗਊ ਚਰਿ ਸਿਘ ਪਾਛੈ ਪਾਵੈ ॥** (198) ਵਰਗੇ ਕਰੜੇ ਕਟਾਖਸ਼ ਭੀ ਗੁਰਬਾਣੀ ਵਿੱਚੋਂ ਪੜ੍ਹੇ ਜਾ ਸਕਦੇ ਹਨ। ਗੁਰੂ ਸਾਹਿਬ ਦੇ ਜੀਵਨ ਇਤਿਹਾਸ ਵਿੱਚੋਂ ਬਹੁਤ ਸਾਰਾ ਵਿਅੰਗਾਤਮਕ ਖ਼ਜ਼ਾਨਾ ਪੜ੍ਹਨ ਨੂੰ ਮਿਲ ਜਾਂਦਾ ਹੈ। ਇਨ੍ਹਾਂ ਵਿਦਵਾਨ ਸਿੱਖਾਂ ਨੂੰ "ਸੁਥਰੇ ਸਾਹੀ" ਨਾਮ ਅਧੀਨ ਮੰਜੀਦਾਰ ਜਾਂ ਪ੍ਰਚਾਰਕ ਥਾਪਿਆ ਗਿਆ ਸੀ। ਮਿਸਲਾਂ ਦੇ ਔਖੇ ਸਮੇਂ ਇਨ੍ਹਾਂ ਵਿੱਚੋਂ ਬਹੁਤੇ ਵਾਪਸ ਆਪਣੇ "ਪਿਤਰੀ ਧਰਮ" ਵਿੱਚ ਜਾ ਰਲੇ। ਅੱਜ ਭੀ ਸਖ਼ਤ ਲੋੜ ਹੈ ਕਿ ਬੇ ਲੋੜੀ "ਗੰਭੀਰਤਾ" ਨੂੰ ਛੱਡ ਕੇ ਹਲਕੇ ਫੁਲਕੇ ਤਰੀਕੇ ਗੁਰਮਤਿ ਬਾਰੇ ਜਾਣੂ ਕਰਵਾਇਆ ਜਾਵੇ।

ਇੱਕ ਦਿਨ ਦੀਵਾਨ ਸਜਿਆ ਹੋਇਆ ਸੀ। ਗੁਰੂ ਤੇਗ ਬਹਾਦਰ ਸਾਹਿਬ ਉਪਦੇਸ਼ ਕਰ ਰਹੇ ਸਨ। ਸੰਗਤਾਂ ਦਾ ਵੱਡਾ ਇਕੱਠ ਸੀ। ਦੂਰੋਂ-ਨੇੜਿਓਂ ਆਏ ਮਾਈ-ਭਾਈ ਯਥਾ ਸ਼ਕਤ ਦਸਵੰਧ ਦੀ ਮਾਇਆ (ਅਤੇ ਰਸਦ) ਅਰਪਣ ਕਰ ਰਹੇ ਸਨ। ਸੁਥਰਾ ਜੀ ਆਏ, ਭੇਟਾ ਕੀਤੀ ਮਾਇਆ ਵਿੱਚੋਂ ਦੋ ਪੈਸੇ ਚੁੱਕ ਲਏ। ਆਲੇ-ਦੁਆਲੇ ਸਾਰਿਆਂ ਵੱਲ ਵੇਖਿਆ। ਦੋ ਪੈਸੇ ਸਭ ਨੂੰ ਵਿਖਾਏ ਤੇ ਜੇਬ 'ਚ ਪਾ ਕੇ ਤੇਜ ਕਦਮੀ ਦੀਵਾਨ ਵਿੱਚੋਂ ਬਾਹਰ ਚਲਾ ਗਿਆ। ਜਿਨ੍ਹਾਂ ਦੀ ਨਿਗਾਹ ਆਉਣ ਜਾਣ ਵਾਲਿਆਂ 'ਤੇ ਹੀ ਟਿਕੀ ਹੁੰਦੀ ਹੈ। ਕਿਵੇਂ ਮੱਥਾ ਟੇਕਿਆ, ਕਿੰਨੇ ਪੈਸੇ ਰੱਖੇ, ਕਿਹੋ ਜਿਹੇ ਬਸਤਰ ਪਹਿਨੇ ਹੋਏ ਹਨ ? ਅਜਿਹੀ ਫ਼ਿਤਰਤ ਵਾਲਿਆਂ ਉਪਦੇਸ਼ ਤਾਂ ਸੁਣਨਾ ਨਹੀਂ ਹੁੰਦਾ। ਬਸ ਹਲਕੇ ਜਿਹੇ ਪੱਧਰ ਦਾ ਮਨੋਰਜੰਨ ਕਰਨਾ ਹੁੰਦਾ ਹੈ। ਦੀਵਾਨ ਦੀ ਸਮਾਪਤੀ ਹੋਈ। ਕਈ ਸਾਰੇ "ਸਿੱਖ" ਗੁਰੂ ਕੋਲ ਜਾ ਕੇ ਦੱਸਣ ਲੱਗੇ, "ਮਹਾਰਾਜ! ਬਹੁਤ ਲੰਮੇਂ ਅਰਸੇ ਤੋਂ ਭਾਈ ਸੁਥਰਾ "ਸ਼ਰਾਰਤਾਂ" ਕਰਦਾ ਆ ਰਿਹਾ ਹੈ। ਤੁਸੀਂ ਇਸ ਨੂੰ ਬਹੁਤਾ ਹੀ ਲਾਡਲਾ ਰੱਖਿਆ ਹੋਇਆ ਹੈ। ਪਹਿਲਾਂ ਜੋ ਹੋਇਆ ਸੋ ਹੋਇਆ ਪਰ ਅੱਜ ਤਾਂ ਇਸ ਨੇ ਹੱਦ ਹੀ ਮੁਕਾ ਦਿੱਤੀ। ਤੁਸੀਂ ਤਾਂ ਆਪਣੇ ਧਿਆਨ ਵਿੱਚ ਮਗਨ ਬੈਠੇ ਸੀ। ਅਸੀਂ ਚੰਗੀ ਤਰ੍ਹਾਂ ਨੇੜਿਓਂ ਵੇਖਿਆ ਹੈ। ਸੰਗਤਾਂ ਵੱਲੋਂ ਅਰਪਣ ਕੀਤੀ ਮਾਇਆ ਵਿੱਚੋਂ ਪੈਸੇ ਚੁੱਕ ਕੇ ਉਸ ਨੇ ਆਪਣੀ ਜੇਬ ਵਿੱਚ ਪਾ ਲਏ। ਤੇਜ ਕਦਮਾਂ ਨਾਲ ਬਾਹਰ ਚਲਾ ਗਿਆ। ਹਜ਼ੂਰ ਸਮਝਾਉ ਉਸ ਨੂੰ, ਇਹ ਕੋਈ ਸੋਭਨੀਕ ਕੰਮ ਨਹੀਂ ਹਨ।"

ਸਤਿਗੁਰੂ- "ਭਾਈ ਸਿੱਖੋ! ਜਦੋਂ ਸੁਥਰਾ ਮਿਲੇ ਮੇਰੇ ਕੋਲ ਲੈ ਆਉਣਾ ਪੁੱਛਾਂਗੇ ਸਾਰੀ ਗੱਲਬਾਤ।" ਕੁੱਝ ਦਿਨਾਂ ਤੋਂ ਬਾਅਦ ਜਦੋਂ ਭਾਈ ਸੁਥਰਾ ਫਿਰ ਨਜ਼ਰ ਆਇਆ ਤਾਂ ਚਾਰ-ਪੰਜ ਬੈਦਿਆਂ ਨੇ ਘੇਰ ਲਿਆ। ਲੱਗੇ ਸੁਆਲ-ਜੁਆਬ ਕਰਨ। ਟੋਰ ਲਿਆਏ ਗੁਰੂ ਤੇਗ ਬਹਾਦਰ ਸਾਹਿਬ ਵੱਲ। ਦੁਬਾਰਾ ਫਿਰ ਉਹੀ ਸ਼ਿਕਾਇਤ ਦੁਹਰਾਈ। ਗੁਰੂ ਸਾਹਿਬ ਜੀ ਨੇ ਪਿਆਰ ਨਾਲ ਸੁਥਰਾ ਸ਼ਾਹ ਨੂੰ ਪੁੱਛਿਆ, "ਭਾਈ ਕੀ ਮਾਜਰਾ ਹੈ ? ਕੀ ਕਹਿੰਦੇ ਨੇ ਇਹ ਭਾਈ ?" ਸੁਥਰਾ ਨਿਮਰਤਾ ਨਾਲ ਦੱਸਣ ਲੱਗਾ, "ਪਾਤਿਸ਼ਾਹ! ਸੰਗਤਾਂ ਵੱਲੋਂ ਅਰਪਣ

ਕੀਤੀ ਮਾਇਆ ਵਿੱਚੋਂ ਮੈਂ ਕੇਵਲ ਦੋ ਪੈਸੇ ਚੁੱਕੇ ਸਨ। ਚੋਰੀ ਨਹੀਂ ਕੀਤੀ, ਸਾਰਿਆਂ ਦੇ ਸਾਹਮਣੇ ਚੁੱਕੇ ਸਨ। ਵੱਡੀ ਰਕਮ ਨਹੀਂ ਚੁੱਕੀ ਸੰਕੇਤ ਮਾਤਰ ਦੋ ਪੈਸੇ ਪਰ ਮੈਂ ਇਨ੍ਹਾਂ ਭਾਈਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸੰਗਤਾਂ ਨੇ ਰੁਪਏ ਪੈਸੇ ਅਰਪਣ ਕਰ ਦਿੱਤੇ। ਮੈਂ ਆਪਣੇ ਪਿਤਾ ਦੇ ਖ਼ਜ਼ਾਨੇ ਵਿੱਚੋਂ ਦੋ ਪੈਸੇ ਲੈ ਲਏ। ਤੁਹਾਨੂੰ ਕਿਉਂ ਚਾਰ ਦਿਨਾਂ ਤੋਂ ਢਿੱਡ ਪੀੜ ਹੋ ਰਹੀ ਹੈ ? ਤੁਹਾਨੂੰ ਮੇਰੇ ਦੋ ਪੈਸੇ ਨਜ਼ਰ ਆ ਗਏ, ਤੁਹਾਨੂੰ ਆਪਣੇ ਵਾਲੇ ਖ਼ਜ਼ਾਨੇ ਕਦੀ ਨਹੀਂ ਦਿੱਸੇ ? ਤੁਸੀਂ ਪੈਸਾ, ਦੋ ਪੈਸੇ ਇੱਥੇ ਰੱਖ ਕੇ ਕਿੰਨੀਆਂ ਮੰਗਾਂ ਦੀ ਅਰਦਾਸ ਕਰਦੇ ਹੋ ? ਸਤਿਗੁਰੂ ਜੀ ਰੋਗ ਮੁਕਤ ਕਰ ਦਿਓ। ਅੰਨ, ਧਨ ਨਾਲ ਭੰਡਾਰੇ ਭਰ ਦਿਓ। ਪੁੱਤਰ ਦੀ ਦਾਤ ਬਖ਼ਸ਼ੋ। ਕਦੀ ਸੋਚਿਆ ਹੈ ਅੱਜ ਤੱਕ ਕਿ ਦੋ ਚੌਹ ਪੈਸਿਆਂ ਵਿੱਚ ਇਹ ਸਾਰਾ ਕੁੱਝ ਖ਼ਰੀਦਿਆ ਜਾ ਸਕਦਾ ਹੈ ?"

"ਤੁਸੀਂ ਨਹੀਂ ਜਾਣਦੇ ਕਿ ਗੁਰੂ ਜੀ ਤੁਹਾਡੇ ਵਾਸਤੇ ਕੀ ਕੁੱਝ ਕਰਨਾ ਚਾਹੁੰਦੇ ਹਨ। ਜੋ ਚੰਡਾਲ ਸਰਕਾਰੀ ਹਾਕਮ ਤੁਹਾਡਾ ਅੰਨ, ਧਨ ਖੋਹ ਕੇ ਲੈ ਜਾਂਦੇ ਹਨ, ਜਿਨ੍ਹਾਂ ਦੇ ਕਾਰਨ ਅਸੀਂ-ਤੁਸੀਂ ਗ਼ੁਲਾਮ ਹਾਂ। ਜਿਸ ਮੰਦੇ ਨਿਜ਼ਾਮ ਕਾਰਨ ਅਸੀਂ ਬੇਆਬਰੂ ਹੋ ਚੁੱਕੇ ਹਾਂ। ਜਿਨ੍ਹਾਂ ਲੋਟੂ ਪੁਜਾਰੀਆਂ ਦੀ ਬਦੌਲਤ ਅਸੀਂ ਗਿਆਨਹੀਣ ਹੋ ਕੇ ਘਰ ਲੁਟਾਈ ਜਾ ਰਹੇ ਹਾਂ। ਸਤਿਗੁਰੂ ਜੀ ਦੀ ਜੰਗ ਉਸ ਵਿਗੜੇ ਹੋਏ ਰਾਜ ਪ੍ਰਬੰਧ ਨਾਲ ਹੈ। ਤੁਸੀਂ ਆਉਂਦੇ ਹੋ ਨਿੱਕੀਆਂ-ਨਿੱਕੀਆਂ ਗਰਜਾਂ ਲਈ ਅਰਦਾਸਾਂ ਕਰਾਉਂਦੇ ਹੋ। ਦੋ-ਦੋ ਪੈਸਿਆਂ ਦਾ ਹਿਸਾਬ ਮੰਗਦੇ ਹੋ। ਸ਼ਾਇਦ ਤੁਸੀਂ ਸਤਿਗੁਰੂ ਦਾ ਉਪਦੇਸ਼ ਸੁਣਿਆ ਹੀ ਨਹੀਂ। ਜਿੰਨੇ ਉੱਚੇ ਸੁੱਚੇ ਵਿਚਾਰ ਪਾਤਿਸ਼ਾਹ ਦੇ ਰਹੇ ਸਨ, ਜੇ ਤੁਸੀਂ ਉਹ ਇਕਾਗਰ ਚਿੱਤ ਸੁਣ ਲੈਂਦੇ ਤਾਂ ਦੋ ਪੈਸਿਆਂ ਵਾਲੀ ਨਿਗੁਣੀ ਜਿਹੀ ਗੱਲ ਵੱਲ ਤੁਸੀਂ ਧਿਆਨ ਨਹੀਂ ਦੇਣਾ ਸੀ। ਮੈਨੂੰ ਦੋ ਪੈਸਿਆਂ ਦੀ ਲੋੜ ਨਹੀਂ ਸੀ। ਨਾ ਹੀ ਇਹ ਕੋਈ ਵੱਡੀ ਰਕਮ ਸੀ। ਮੈਂ ਆਪਣੀਆਂ ਲੋੜਾਂ ਇਥੋਂ ਹੀ ਪੂਰੀਆਂ ਕਰਦਾ ਹਾਂ। ਧਿਆਨ ਰਹੇ, ਜਿਨ੍ਹਾਂ ਲੋਕਾਂ ਦੇ ਟੀਚੇ ਵੱਡੇ ਹੁੰਦੇ ਹਨ, ਉਹ ਨਿਗੁਣੀਆਂ ਗੱਲਾਂ ਵਿੱਚ ਸਮਾਂ ਵਿਅਰਥ ਨਹੀਂ ਗਵਾਉਂਦੇ। ਜਿਨ੍ਹਾਂ ਨੇ ਆਜ਼ਾਦੀ ਲਈ ਵੱਡੀ ਜੰਗ ਲੜਨੀ ਹੁੰਦੀ ਹੈ, ਉਹ ਮਾਮੂਲੀ ਝਗੜਿਆਂ ਵਿੱਚ ਨਹੀਂ ਉਲਝਦੇ। ਜਿਨ੍ਹਾਂ ਦਾ ਟੀਚਾ ਰਾਜ ਪ੍ਰਾਪਤੀ ਹੋਵੇ, ਉਹ ਆਪਸ ਵਿੱਚ ਨਹੀਂ ਖਹਿਬੜਦੇ। ਜਿਹੜੇ ਇਨਸਾਨ ਧਰਮੀ ਹੁੰਦੇ ਹਨ, ਉਹ ਮਾਮੂਲੀ ਜਿੰਨੀ ਮਾਇਆ ਕਾਰਨ ਬੇਚੈਨ ਨਹੀਂ ਹੋ ਜਾਇਆ ਕਰਦੇ। ਸਤਿਗੁਰੂ ਦੀ ਅਗਵਾਈ ਵਿੱਚ ਆਪਾਂ ਬਹੁਤ ਵੱਡੀਆਂ ਪ੍ਰਾਪਤੀਆਂ ਕਰਨੀਆਂ ਹਨ, ਉਪਦੇਸ਼ ਧਿਆਨ ਨਾਲ ਸੁਣਿਆ ਕਰੋ।" ਗੁਰੂ ਸਾਹਿਬ ਨੇ ਭਾਈ ਸੁਥਰਾ ਜੀ ਨੂੰ ਪਿਆਰ ਥਾਪੜਾ ਦਿੱਤਾ, ਅਸੀਸਾਂ ਨਾਲ ਨਿਵਾਜਿਆ। ਸ਼ਿਕਾਇਤ ਕਰਨ ਵਾਲੇ ਮੁਆਫ਼ੀ ਮੰਗ ਕੇ ਨੀਵੀਂਆਂ ਪਾਈ ਵਾਪਸ ਚਲੇ ਗਏ।

ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥
ਜੈ ਜੈ ਕਾਰੁ ਸਗਲ ਭੂ ਮੰਡਲ, ਮੁਖ ਊਜਲ ਦਰਬਾਰ ॥ (678)

★★★★★★

ਭਾਈ ਸੁਥਰਾ ਜੀ (3)

ਗੁਰੂ ਨਾਨਕ ਸਾਹਿਬ ਜੀ ਨੇ ਕਰੀਬ ਵੀਹ ਸਾਲ ਤੱਕ ਲਗਾਤਾਰ "ਜਾਗੋ ਯਾਤਰਾ" ਕੀਤੀ। ਜੋ ਪਹਿਲਾਂ ਹੀ ਜਾਗੇ ਹੋਏ ਸਨ, ਉਨ੍ਹਾਂ ਦੀ ਜ਼ਿੰਮੇਵਾਰੀ ਹੋਰਾਂ ਨੂੰ ਜਗਾਉਣ ਲਈ ਲਾਉਂਦੇ ਗਏ। ਇੱਕੋ ਪ੍ਰਚਾਰ ਦੌਰੇ ਨੇ ਭਾਰਤ ਵਾਸੀ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ। ਗੁਰੂ ਨਾਨਕ ਸਾਹਿਬ ਤੋਂ ਮਗਰੋਂ ਲੰਮੇ ਦੌਰੇ ਸਿਰਫ਼ ਨੌਵੇਂ ਗੁਰੂ ਜੀ ਨੇ ਕੀਤੇ ਹਨ। ਉਹ ਭੀ (ਸ਼ਾਇਦ) ਗੁਰਤਾ ਪ੍ਰਾਪਤੀ ਤੋਂ ਪਹਿਲਾਂ। ਬਾਕੀ ਗੁਰੂਆਂ ਨੇ ਪੰਜਾਬ ਤੋਂ ਬਾਹਰ ਦੇ ਦੌਰੇ ਨਹੀਂ ਕੀਤੇ। ਸਗੋਂ ਹਾਲਾਤ ਇਉਂ ਮੋੜ ਕੱਟ ਗਏ ਕਿ ਗੁਰੂ ਸਾਹਿਬ ਵੱਲੋਂ ਆਰੰਭ ਕੀਤੀ ਇਨਕਲਾਬੀ ਲਹਿਰ ਨੂੰ ਵੇਖਣ-ਸਮਝਣ ਲਈ ਪੰਜਾਬ ਵੱਲ ਲੋਕੀਂ ਆ ਰਹੇ ਸਨ। ਇੰਨੇ ਖ਼ਤਰਨਾਕ ਹਾਲਾਤ ਵਿੱਚ ਬਿਨਾਂ ਸਾਧਨਾਂ ਤੋਂ ਸਮੇਂ ਦੀ ਸ਼ਕਤੀਸ਼ਾਲੀ ਹਕੂਮਤ ਨਾਲ ਹਥਿਆਰਬੰਦ ਜੰਗ ਭੀ ਲੜ ਰਹੇ ਹਨ। ਗੁਰੂ ਸਾਹਿਬ ਦੀ ਸ਼ਖ਼ਸੀਅਤ ਲੋਕਾਂ ਲਈ ਖਿੱਚ ਦਾ ਕੇਂਦਰ ਸੀ। ਲੋਕੀਂ ਘਰ ਤਿਆਗ ਕੇ "ਭਗਤੀ ਤਪੱਸਿਆ" ਕਰਨ ਲਈ ਜੰਗਲਾਂ ਵੱਲ ਦੌੜ ਰਹੇ ਸਨ। ਗੁਰੂ ਸਾਹਿਬ ਬੁਝਦਿਲਾਂ ਵਾਲੀ ਭਗਤੀ ਤੋਂ ਮੋੜ ਕੇ ਬਹਾਦਰਾਂ ਵਾਲੀ ਜੀਵਨ ਵਿਧੀ ਸਮਝਾ ਰਹੇ ਸਨ। ਭਾਰਤ ਵਿੱਚੋਂ ਬਹੁਤ ਸਾਰੇ ਤਿਆਗੀ, ਮੋਨੀ, ਨਾਂਗੇ, ਜਟਾਧਾਰੀ ਸਾਧ ਆ ਕੇ ਵਿਚਾਰ ਚਰਚਾ ਕਰਦੇ ਸਨ। ਸਵਾਲਾਂ ਦੇ ਜੁਆਬ ਕਈ ਵਾਰੀ ਵਿਦਵਾਨ ਗੁਰਸਿੱਖ ਦਿੰਦੇ ਤੇ ਕਦੀ ਸਤਿਗੁਰੂ ਜੀ ਖ਼ੁਦ ਜੁਆਬ ਦਿੰਦੇ। ਇੰਨੇ ਵੱਡੇ ਕਾਰਜ ਨੂੰ ਨਿਰਬਿਘਨ ਚਲਦਾ ਰੱਖਣਾ ਬਹੁਤ ਔਖਾ ਸੀ।

ਪੰਜਾਬ ਤੋਂ ਦੂਰ ਦੇ ਕਿਸੇ ਇਲਾਕੇ ਵਿੱਚੋਂ ਜੋਗੀਆਂ ਦਾ ਇੱਕ ਟੋਲਾ ਆ ਗਿਆ। ਸਿੱਖ ਸੇਵਕਾਂ ਨੂੰ ਮਿਲ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਮਿਲਣ ਦੀ ਇੱਛਾ ਜਤਾਈ। ਸਿੱਖਾਂ ਨੇ ਉਨ੍ਹਾਂ ਦਾ ਉਤਾਰਾ ਕਰਵਾ ਦਿੱਤਾ। ਲੋੜ ਮੁਤਾਬਕ ਸੇਵਾ ਕੀਤੀ ਗਈ। ਦੂਜੇ ਦਿਨ ਸਾਰੇ ਜੋਗੀਆਂ ਨੇ ਸਵੇਰੇ ਬਾਣੀ ਦਾ ਪਾਠ ਸ੍ਰਵਣ ਕੀਤਾ, ਕੀਰਤਨ ਹੋਇਆ। ਨਾਸ਼ਤਾ ਕਰਨ ਵਾਸਤੇ ਕੁੱਝ ਸਮੇਂ ਦੀ ਵੇਹਲ ਮਿਲ ਗਈ। ਇੰਨੇ ਨੂੰ ਭਾਈ ਸੁਥਰਾ ਜੀ ਉਨ੍ਹਾਂ ਜੋਗੀਆਂ ਕੋਲ ਜਾ ਬੈਠੇ। ਰਸਮੀ ਸੁੱਖਸਾਂਦ ਤੋਂ ਮਗਰੋਂ ਭਾਈ ਜੀ ਨੇ "ਗੁਰੂ ਘਰ" ਬਾਰੇ ਸੰਖੇਪ ਜਾਣਕਾਰੀ ਦਿੱਤੀ। ਦੇਸ਼ ਵਿਚਲੇ ਜ਼ੁਲਮੀ ਰਾਜ ਬਾਰੇ ਵਿਚਾਰਾਂ ਹੋਈਆਂ। ਥੋੜੇ ਸਮੇਂ ਮਗਰੋਂ ਸੁਥਰਾ ਜੀ ਨੇ ਸੁਆਲ ਕੀਤਾ, "ਜੋਗੀ ਜੀ! ਕ੍ਰਿਪਾ ਕਰ ਕੇ ਦੱਸੋ ਕਿ ਤੁਹਾਡਾ ਨਾਂ ਕੀ ਹੈ, ਤੁਸੀਂ ਸਰੀਰ ਦੇ ਬਸਤਰ ਕਿਉਂ ਤਿਆਗ ਦਿੱਤੇ?

ਜੋਗੀ- "ਮੇਰਾ ਨਾਮ ਸ਼ਾਂਤੀ ਸਰੂਪ ਹੈ। ਅਸੀਂ ਤਿਆਗੀ ਜੋ ਹੋਇ, ਮਾਇਆ ਤੋਂ ਨਿਰਲੇਪ। ਕੋਈ ਜ਼ਮੀਨ ਜਾਇਦਾਦ ਨਹੀਂ, ਧੀਆਂ, ਪੁੱਤਰ, ਪਤਨੀ ਨਹੀਂ। ਸਭ ਰਿਸ਼ਤੇ ਭੀ ਤਿਆਗ ਦਿੱਤੇ। ਘਰ ਜ਼ਮੀਨ ਭੀ ਤਿਆਗ ਦਿੱਤੇ। ਫਿਰ ਸਰੀਰ ਦੇ ਬਸਤਰ ਭੀ ਤਿਆਗ ਦਿੱਤੇ। ਹੁਣ ਤਾਂ ਮੌਤ ਦਾ ਪ੍ਰਤੀਕ ਸਰੀਰ 'ਤੇ ਸੁਆਹ ਮਲ ਲਈਦੀ ਹੈ। ਇਥੇ ਕਠਨ ਸਾਧਨਾ ਕਰਾਂਗੇ, ਅਗਲੇ ਜਨਮ ਵਿੱਚ ਮੁਕਤੀ ਮਿਲੇਗੀ।"

ਸੁਥਰਾ- "ਜੋਗੀ ਜੀ! ਤੁਹਾਡਾ ਘਰ ਬਾਰ ਤਿਆਗਣ ਨਾਲ ਕੀ ਨਫਾ ਜਾਂ ਕੀ ਨੁਕਸਾਨ ਹੋਇਆ ? ਤੁਹਾਡੇ "ਤਿਆਗ" ਵਿੱਚੋਂ ਲੋਕਾਂ ਨੂੰ ਕੀ ਮਿਲਿਆ ?"

ਜੋਗੀ- "ਅਸੀਂ ਤਾਂ ਆਪਣਾ ਅੱਗਾ ਸੰਵਾਰਨ ਲਈ ਇਉਂ ਕੀਤਾ ਹੈ। ਲੋਕਾਂ ਦਾ ਤਾਂ ਕੋਈ ਭਲਾ ਨਹੀਂ ਹੋਇਆ।"

ਭਾਈ ਸੁਥਰਾ- "ਇਸ ਜਨਮ ਵਿੱਚ ਤੁਸੀਂ ਸਾਰੇ ਸੁੱਖਾਂ ਤੋਂ ਵਾਂਝੇ ਹੋ ਗਏ। ਤੁਹਾਡੇ ਪ੍ਰਵਾਰ ਦੇ ਜੀਅ ਤੜਪ ਰਹੇ ਹੋਣਗੇ। ਬਜ਼ੁਰਗ ਮਾਤਾ-ਪਿਤਾ ਨੂੰ ਸੇਵਾ ਦੀ ਲੋੜ ਹੋਵੇਗੀ, ਉਨ੍ਹਾਂ ਨੂੰ ਰੋਟੀ ਕੌਣ ਦਿੰਦਾ ਹੋਵੇਗਾ ? ਤੁਹਾਡਾ ਆਪਣਾ ਪ੍ਰਵਾਰ ਗਿਆ। ਸੁੱਖ ਆਰਾਮ ਗਿਆ। ਖਾਣਾ-ਪਹਿਨਣਾ ਗਿਆ। ਧਰਮ ਕਰਮ ਗਿਆ, ਇੱਜ਼ਤ ਆਬਰੂ ਗਈ। ਤੁਸੀਂ ਇਸ ਜਨਮ ਨੂੰ ਸੰਵਾਰਨ ਦੀ ਥਾਂ ਅਗਲੇ ਜਨਮ ਦੀ ਕੂੜੀ ਆਸ ਲਾਈ ਹੋਈ ਹੈ। ਕੱਪੜੇ ਉਤਾਰ ਦਿੱਤੇ, ਸਰੀਰ 'ਤੇ ਸੁਆਹ ਮਲ ਲਈ। ਇਹ ਤੁਸੀਂ ਕਿਸ ਰਾਹ ਪੈ ਗਏ ?

ਜੋਗੀ- ਤਲਖੀ ਵਿੱਚ, "ਦੇਖੋ ਮੇਰੇ ਧਰਮ ਕਰਮ ਵਿੱਚ ਦਖ਼ਲ ਨਾ ਦਿਓ। ਮੇਰੀ ਆਪਣੀ ਮਰਿਆਦਾ ਹੈ, ਆਪਣੀ ਸ਼ਰਧਾ ਹੈ। ਤੁਸੀਂ ਆਪਣਾ ਧਰਮ ਕਰਮ ਨਿਭਾਉਂਦੇ ਰਹੋ, ਪਰ ਮੈਨੂੰ ਕੁੱਝ ਨਹੀਂ ਕਹਿਣਾ।"

ਸੁਥਰਾ- "ਜੋਗੀ ਮਹਾਰਾਜ! ਕ੍ਰਿਪਾ ਕਰ ਕੇ ਇਹ ਦੱਸੋ ਕਿ ਤੁਸੀਂ ਤੇ ਤੁਹਾਡੇ ਚੇਲੇ ਜੋ ਸਰੀਰ 'ਤੇ ਸੁਆਹ ਮਲ ਕੇ ਰੱਖਦੇ ਹੋ, ਇਹ ਕਿਵੇਂ ਤਿਆਰ ਕੀਤੀ ਜਾਂਦੀ ਹੈ ?"

ਜੋਗੀ- "ਅਸੀਂ ਸੁੱਕੇ ਗੋਹੇ ਇਕੱਠੇ ਕਰ ਕੇ ਅੱਗ ਲਾ ਦਿੰਦੇ ਹਾਂ। ਜਦੋਂ ਪੂਰੀ ਤਰ੍ਹਾਂ ਸੜ ਜਾਣ ਤਾਂ ਉਨ੍ਹਾਂ ਦੀ ਸੁਆਹ ਸਰੀਰ 'ਤੇ ਚੰਗੀ ਤਰ੍ਹਾਂ ਮਲ ਲੈਂਦੇ ਹਾਂ।"

ਸੁਥਰਾ- "ਜੋਗੀ ਮਹਾਰਾਜ! ਕ੍ਰਿਪਾ ਕਰ ਕੇ ਇਹ ਦੱਸੋ ਕਿ ਗੋਹੇ ਦੀ ਚੋਣ ਕਿਵੇਂ ਕਰਦੇ ਹੋ ? ਮੇਰਾ ਮਤਲਬ ਗੋਹਾ ਮੱਝਾਂ ਦਾ ਹੈ ਕਿ ਗਾਵਾਂ ਦਾ ਜਾਂ ਫਿਰ ਬਲਦ-ਝੋਟਿਆਂ ਦਾ ?"

ਜੋਗੀ (ਜਰਾ ਤਲਖੀ ਨਾਲ), "ਫ਼ਜ਼ੂਲ ਨਹੀਂ ਬੋਲਣਾ ਚਾਹੀਦਾ। ਕਿਸੇ ਦੇ ਧਰਮ ਕਰਮ 'ਤੇ ਹਾਸਾ ਨਹੀਂ ਪਾਈਦਾ। ਅਸੀਂ ਜੋ ਬਿਭੂਤੀ (ਸੁਆਹ) ਤਿਆਰ ਕਰਦੇ ਹਾਂ। ਸਿਰਫ਼ ਗਊਆਂ ਦੇ ਗੋਬਰ ਤੋਂ ਬਣੀ ਹੁੰਦੀ ਹੈ।"

ਸੁਥਰਾ- "ਸੁਆਮੀ ਜੀ! ਇੱਕ ਗੱਲ ਹੋਰ, ਜੋ ਸੁਆਹ ਤੁਸੀਂ ਤਿਆਰ ਕਰਦੇ ਹੋ, ਇਹ ਪਾਲਤੂ ਗਾਵਾਂ ਦੇ ਗੋਹੇ ਤੋਂ ਤਿਆਰ ਕਰਦੇ ਹੋ ਜਾਂ ਜੰਗਲੀ ਗਾਵਾਂ ਦੇ ਗੋਹੇ ਤੋਂ ? ਅੱਗੋਂ ਚੋਣ ਕਿਵੇਂ ਕਰਦੇ ਹੋ ? ਸਫੇਦ ਗਾਂ, ਕਪਿਲਾ (ਕਾਲੀ) ਗਾਂ ਜਾਂ ਫਿਰ ਗੋਰੀ ਗਾਂ ਦਾ ਗੋਹਾ ਵਰਤਦੇ ਹੋ ? ਇਹ ਭੀ ਫੁਰਮਾ ਦਿਓ ਕਿ ਬਿਭੂਤੀ ਤਿਆਰ ਕਰਨ ਸਮੇਂ ਮੰਤਰ ਕਿਹੜੇ ਪੜ੍ਹਦੇ ਹੋ ?"

ਭਾਈ ਸੁਥਰੇ ਸ਼ਾਹ ਦੇ ਵਿਅੰਗ ਸੁਣ ਕੇ ਜੋਗੀ ਦਾ ਪਾਰਾ ਸਿਖਰ ਚੜ੍ਹ ਚੁੱਕਿਆ ਸੀ। ਹੁਣ ਤਾਂ ਗੱਲ ਬਰਦਾਸ਼ਤ ਤੋਂ ਬਾਹਰ ਹੋ ਗਈ। ਅੱਖਾਂ ਲਾਲ ਹੋ ਗਈਆਂ ਸਾਹ ਤੇਜ ਚੱਲਣ ਲੱਗ ਪਿਆ। ਨਾਲ ਦੇ ਸੰਗੀ ਸਾਧ ਭੀ ਕਚੀਚੀਆਂ ਵੱਟਣ ਲੱਗੇ। ਸ਼ਾਂਤੀ ਸਰੂਪ ਜੋਗੀ ਨੇ ਆਪਣੇ ਸੋਟੇ ਨੂੰ ਮਜ਼ਬੂਤੀ ਨਾਲ ਹੱਥ ਵਿੱਚ ਫੜਿਆ ਹੀ ਸੀ ਕਿ ਸੁਥਰਾ ਜੀ "ਬਚਾਓ-

ਬਚਾਓ" ਦਾ ਸ਼ੋਰ ਪਾਉਂਦੇ ਦੌੜ ਪਏ। ਪਿੱਛੇ-ਪਿੱਛੇ ਚੇਲਿਆਂ ਸਮੇਤ ਸੋਟਾ ਲੈ ਕੇ ਗੁੱਸੇ ਵਿੱਚ ਭਰਿਆ ਸਾਧ ਦੌੜ ਰਿਹਾ ਸੀ। ਭਾਈ ਸੁਥਰਾ ਸਿੱਧਾ ਦੌੜਦਾ ਹੋਇਆ ਗੁਰੂ ਜੀ ਅੱਗੇ ਜਾ ਪਹੁੰਚਿਆ। ਪੁਕਾਰ ਕੀਤੀ, "ਮਹਾਰਾਜ ਬਚਾਉ। ਆਹ ਸਾਧ ਮੈਨੂੰ ਮਾਰਨ ਲੱਗੇ ਹਨ।" ਇਤਨੇ ਨੂੰ ਜੋਗੀ ਸ਼ਾਂਤੀ ਸਰੂਪ ਭੀ ਆ ਗਿਆ। ਗੁਰੂ ਜੀ ਨੇ ਗੁੱਸੇ ਦਾ ਕਾਰਨ ਪੁੱਛਿਆ? ਜੋਗੀ ਨੇ ਸੰਖੇਪ ਵਿੱਚ ਸਾਰੀ ਹੋਈ ਬੀਤੀ ਕਹਿ ਸੁਣਾਈ। ਫਿਰ ਸਤਿਗੁਰੂ ਜੀ ਨੇ ਸੁਥਰੇ ਨੂੰ ਪੁੱਛਿਆ। ਸੁਥਰਾ ਹੱਥ ਜੋੜ ਕੇ ਆਖਣ ਲੱਗਾ, "ਪਾਤਿਸ਼ਾਹ ਖ਼ਿਮਾ ਕਰਨਾ। ਮੈਂ ਇਸ ਦਾ ਸੰਤਪੁਣਾ ਪਰਖ ਰਿਹਾ ਸਾਂ। ਇਨ੍ਹਾਂ ਨੇ ਘਰ, ਜ਼ਮੀਨ, ਪ੍ਰਵਾਰ ਸਭ ਤਿਆਗ ਦਿੱਤੇ, ਗੁੱਸੇ ਦੀ ਪੰਡ ਨਹੀਂ ਤਿਆਗ ਸਕੇ। ਨਾਮ ਰਖਾਇਆ ਹੈ "ਸ਼ਾਂਤੀ ਸਰੂਪ"। ਬਾਹਰ ਭਾਵੇਂ ਸੁਆਹ ਮਲੀ ਹੋਈ ਹੈ, ਅੰਦਰ ਤਾਂ ਇਸ ਦੇ (ਕ੍ਰੋਧ ਵਾਲੇ) ਅੱਗ ਦੇ ਭਾਂਬੜ ਬਲ ਰਹੇ ਹਨ। ਮੈਂ ਇਨ੍ਹਾਂ ਦੀ ਸੰਤਗੀਰੀ ਨੂੰ ਪਰਖਣ ਵਾਸਤੇ ਹੀ ਇਸ ਤਰ੍ਹਾਂ ਦਾ ਮਾਹੌਲ ਸਿਰਜਿਆ ਸੀ। ਇਹ ਸਾਧ ਸੁਆਹ ਵਿੱਚੋਂ ਧਰਮ ਭਾਲਦਾ ਹੈ। ਨਾਂਗੇ ਰਹਿਣ ਵਿੱਚ ਧਰਮ ਸਮਝਦਾ ਹੈ। ਆਪਣੀ ਪੇਟ ਪੂਰਤੀ ਲਈ ਲੋਕਾਂ ਦੇ ਘਰੋਂ ਟੁਕੜੇ ਮੰਗ ਮੰਗ ਕੇ ਖਾਂਦਾ ਹੈ। ਸਮਾਜਿਕ ਜ਼ਿੰਮੇਵਾਰੀ ਵਾਲਾ ਕੋਈ ਕੰਮ ਕਰਨ ਨੂੰ ਤਿਆਰ ਨਹੀਂ। ਸ਼ਾਂਤੀ ਸਰੂਪ ਨਾਮ ਰਖਵਾ ਕੇ ਬਣਿਆ ਫਿਰਦਾ ਹੈ ਸੰਤ। ਜਿਸ ਦਾ ਸਭ ਤੋਂ ਜ਼ਿਆਦਾ ਅਪਮਾਨ ਕਰਨਾ ਹੋਵੇ, ਉਸ ਦੇ ਸਿਰ ਵਿੱਚ ਸੁਆਹ ਪਾ ਦੇਈਦੀ ਹੈ। ਇਹ ਭਾਈ ਖ਼ੁਦ ਹੀ ਸਿਰ ਵਿੱਚ ਸੁਆਹ ਪਾ ਰਹੇ ਹਨ। ਤੁਹਾਨੂੰ ਮਿਲ ਕੇ ਵਕਤ ਖ਼ਰਾਬ ਕਰਨਾ ਚਾਹੁੰਦੇ ਸਨ। ਮੈਂ ਤਾਂ ਇਨ੍ਹਾਂ ਦੇ ਹੋਸ਼ ਟਿਕਾਣੇ ਲਿਆਉਣ ਵਾਸਤੇ ਆਹ ਨਾਟਕ ਰਚਿਆ ਸੀ। ਗੁਰੂ ਪਾਤਿਸ਼ਾਹ ਜੀ! ਤੁਹਾਡੇ ਤੋਂ ਅਤੇ ਇਨ੍ਹਾਂ ਜੋਗੀ ਭਾਈਆਂ ਤੋਂ ਮੈਂ ਮੁਆਫ਼ੀ ਮੰਗਦਾ ਹਾਂ।" ਜੋਗੀ ਸ਼ਾਂਤੀ ਸਰੂਪ ਕੁੱਝ ਦੇਰ ਖੜਾ ਸੋਚਦਾ ਰਿਹਾ। ਅੰਦਰੋਂ ਕੁੱਝ ਟੁਟਦਾ ਢਹਿੰਦਾ ਮਹਿਸੂਸ ਹੋਇਆ। ਸਾਰਿਆਂ ਦੇ ਸਾਹਮਣੇ ਧਰਮ ਦਾ ਪਾਖੰਡ ਨੰਗਾ ਹੋ ਜਾਣ ਦਾ ਬਹੁਤ ਪਛਤਾਵਾ ਹੋਇਆ। ਸਤਿਗੁਰੂ ਜੀ ਦੇ ਚਰਨਾਂ 'ਤੇ ਲੰਮਾ ਪੈ ਕੇ ਡੰਡੌਤ ਕੀਤੀ। ਵਿਖਾਵੇ ਵਾਲੇ ਧਰਮ ਤੋਂ ਤੋਬਾ ਕੀਤੀ। ਅੱਗੇ ਲਈ ਨੇਕ ਰਾਹ 'ਤੇ ਚੱਲਣ ਦਾ ਪ੍ਰਣ ਕੀਤਾ। ਸਤਿਗੁਰੂ ਜੀ ਨੇ ਪਿਆਰ ਅਸੀਸ ਦਿੱਤੀ। ਪੜ੍ਹੋ ਗੁਰਬਾਣੀ ਫ਼ੁਰਮਾਨ-

ਪ੍ਰੇਮ ਭਾਇ ਗੋਰੀ ਕੈ ਬਸਤ੍ਰਾ ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥
ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥
ਕਾਨ ਫਰਾਇ ਹਿਰਾਏ ਟੂਕਾ ॥ ਘਰਿ ਘਰਿ ਮਾਗੈ ਤ੍ਰਿਪਤਾਵਨ ਤੇ ਚੂਕਾ ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ ਵੇਸਿ ਨ ਪਾਈਐ ਮਹਾ ਦੁਖਿਆਰੀ ॥
ਬੋਲੈ ਨਾਹੀ ਹੋਇ ਬੈਠਾ ਮੋਨੀ ॥ ਅੰਤਰਿ ਕਲਪ ਭਵਾਈਐ ਜੋਨੀ ॥
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ ॥ ਹੁਕਮੁ ਨ ਬੂਝੈ ਵਿਆਪਿਆ ਮਮਤਾ ॥ (1348)

★★★★★★

ਚੁੱਪ

ਆਪਣੇ ਮਨ ਵਿੱਚ ਉਠੇ ਵਿਚਾਰ ਦੂਜਿਆਂ ਤੱਕ ਪੁਚਾਣ ਲਈ ਸਾਰੇ ਤਰੀਕੇ ਵਰਤੇ ਜਾ ਸਕਦੇ ਹਨ। ਵੇਖ ਕੇ ਅੱਖਾਂ ਦੇ ਹਾਵ-ਭਾਵ ਰਾਹੀਂ। ਬੋਲ ਕੇ, ਲਿਖ ਕੇ ਜਾਂ ਹੋਰ ਇਸ਼ਾਰਿਆਂ ਰਾਹੀਂ। ਦੂਜਿਆਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਕੋਈ ਭੀ ਕਾਰਗਰ ਢੰਗ ਵਰਤਿਆ ਜਾ ਸਕਦਾ ਹੈ। ਜੇਕਰ ਸਰੋਤਾ ਬਣਨਾ ਹੀ ਕਿਸੇ ਨੇ ਪ੍ਰਵਾਨ ਨਾ ਕੀਤਾ। ਬੋਲਣ ਵਾਲੇ ਦੀ ਆਖੀ ਗੱਲ ਨੂੰ ਕੋਈ ਸੁਣਨ ਲਈ ਹੀ ਤਿਆਰ ਨਹੀਂ, ਫਿਰ ਉਨ੍ਹਾਂ ਦਾ ਸੁਧਾਰ ਹੋਣ ਦਾ ਚਾਨਸ ਨਹੀਂ। ਜਿਸ ਮਨੁੱਖ ਨੇ ਸਮਾਜ ਦਾ ਸੁਧਾਰ ਕਰਨ ਦਾ ਤਹੱਈਆ ਕੀਤਾ ਹੋਇਆ ਹੈ, ਉਸ ਨੂੰ ਅਜਿਹਾ ਰਾਹ ਖੋਜਣਾ ਪਵੇਗਾ ਕਿ ਲੋਕੀਂ ਸਰੋਤੇ ਬਣ ਕੇ ਆਖੀ ਗੱਲਬਾਤ ਨੂੰ ਧਿਆਨ ਨਾਲ ਸੁਣ ਲੈਣ।

ਰਮਤੇ ਸਾਧੂ ਇੱਕ ਥਾਵੇਂ ਨਾ ਟਿਕ ਕੇ, ਸਦਾ "ਚੱਕਰਵਰਤੀ" ਬਣੇ ਰਹਿੰਦੇ ਸਨ। ਇੱਕ ਤਾਂ ਮਨ ਵਿੱਚ ਲੋਕਾਂਈ ਨੂੰ "ਧਰਮ" ਬਾਰੇ ਕੁੱਝ ਗਿਆਨ ਦੇਣਾ। ਦੂਜਾ ਆਪਣੀ ਪੇਟ ਪੂਰਤੀ ਕਰਨੀ। ਇਨ੍ਹਾਂ ਵਿੱਚ ਕਈ ਵੇਹਲੜ ਭੀ ਹੁੰਦੇ ਸਨ, ਕਈ ਅੱਛੇ ਗਿਆਨਵਾਨ ਪਰਉਪਕਾਰੀ ਭੀ ਹੁੰਦੇ ਸਨ। ਇੱਕ ਪਿੰਡ ਦੇ ਲੋਕਾਂ ਬਾਰੇ ਚਰਚਾ ਬੜੀ ਜ਼ੋਰਾਂ 'ਤੇ ਸੀ ਕਿ ਜਿੰਨਾ ਮਰਜੀ ਸਮਝਾ ਲਉ, ਇਨ੍ਹਾਂ ਨੇ ਸਮਝਣਾ ਕੋਈ ਨਹੀਂ। ਉਸ ਪਿੰਡ ਵਿੱਚ ਬਹੁਤ ਸਾਰੇ ਸਾਧੂ ਆਉਂਦੇ। ਕਥਾ, ਕਹਾਣੀਆਂ ਸੁਣਾਉਂਦੇ। ਪਿੰਡ ਵਾਲੇ ਭੋਜਨ ਦਾ ਪ੍ਰਬੰਧ ਕਰ ਦਿੰਦੇ ਪਰ ਨਿੰਦਿਆ, ਚੋਰੀ, ਨਸ਼ੇ ਆਦਿ ਨਾ ਤਿਆਗਦੇ। ਮਾਮੂਲੀ ਜਿਹੇ ਕਾਰਨਾਂ ਬਦਲੇ ਪਿੰਡ ਵਿੱਚ ਕਈ ਕਤਲ ਹੋ ਚੁੱਕੇ ਸਨ। ਜਦੋਂ ਕੋਈ ਸਾਧੂ ਆਉਂਦਾ ਉਸ ਤੋਂ ਉਪਦੇਸ਼ ਭੀ ਸੁਣ ਲੈਂਦੇ ਸਨ। ਇਸ ਮਨੋਬਿਰਤੀ ਦਾ ਹਾਲ ਜਾਣ ਕੇ ਇਸ ਪਿੰਡ ਵਿੱਚ ਇੱਕ ਨਵਾਂ ਸਾਧੂ ਆ ਗਿਆ। ਪਿੰਡ ਦੇ ਕੁੱਝ ਬੰਦਿਆਂ ਨੇ ਉਸ ਦੀਆਂ ਲੋੜਾਂ ਪੂਰੀਆਂ ਕੀਤੀਆਂ। ਪਹਿਲਾਂ ਦੀ ਚੱਲ ਰਹੀ ਪ੍ਰਕਿਰਿਆ ਮੁਤਾਬਕ ਰਾਤ ਨੂੰ ਕਾਫੀ ਸਾਰੇ ਲੋਕ ਉਪਦੇਸ਼ ਸੁਣਨ ਵਾਸਤੇ ਸਾਧੂ ਦੇ ਕੋਲ ਆ ਕੇ ਬੈਠਦੇ ਗਏ। ਲੋਕੀਂ ਆਪੋ ਆਪਣੀਆਂ ਗੱਲਾਂਬਾਤਾਂ ਵਿੱਚ ਉਲਝੇ ਰਹੇ, ਬਹਿਸਾਂ ਕਰਦੇ ਰਹੇ। ਸਾਧੂ ਬੈਠਾ ਚੁੱਪ-ਚਾਪ ਸਭ ਕੁੱਝ ਸੁਣਦਾ ਰਿਹਾ। ਬਹੁਤ ਰਾਤ ਬੀਤ ਗਈ ਫਿਰ ਕਿਸੇ ਨੂੰ ਯਾਦ ਆਇਆ ਕਿ ਅਸੀਂ ਤਾਂ ਇਥੇ ਸਾਧੂ ਤੋਂ ਪ੍ਰਵਚਨ ਸੁਣਨ ਵਾਸਤੇ ਆਏ ਸਾਂ ਪਰ ਉਸ ਨੂੰ ਤਾਂ ਬੋਲਣ ਵਾਸਤੇ ਕਿਸੇ ਨੇ ਆਖਿਆ ਹੀ ਨਹੀਂ। ਕੋਈ ਸਵਾਲ ਹੀ ਨਹੀਂ ਕੀਤਾ। ਅਸੀਂ ਆਪੋ ਆਪਣੀਆਂ ਵਿੱਚ ਲੱਗੇ ਰਹੇ। ਖ਼ੈਰ! ਹੁਣ ਸਾਰੇ ਚੁੱਪ ਹੋ ਜਾਓ, ਬਾਬਾ ਜੀ ਨੂੰ ਬੋਲਣ ਲਈ ਬੇਨਤੀ ਕਰਦੇ ਹਾਂ। ਇੱਕ ਸਿਆਣੀ ਉਮਰ ਵਾਲੇ ਵਿਅਕਤੀ ਨੇ ਨਿਮਰਤਾ ਨਾਲ ਬੇਨਤੀ ਕੀਤੀ ਕਿ "ਬਾਬਾ ਜੀ ਅਸੀਂ ਬਹੁਤ ਦੇਰ ਤੋਂ ਬੈਠੇ ਉਡੀਕ ਰਹੇ ਹਾਂ ਕਿ ਤੁਸੀਂ ਕੋਈ ਕੀਮਤੀ ਵਿਚਾਰ ਸਾਨੂੰ ਦਿਉਗੇ। ਜਿਸ ਨਾਲ ਜਿਉਣ ਦਾ ਚੱਜ ਆ ਜਾਵੇ। ਅਸੀਂ ਉਡੀਕਦੇ ਰਹੇ ਪਰ ਤੁਸੀਂ ਚੁੱਪ ਚਾਪ ਬੈਠੇ ਰਹੇ। ਕਰੋ ਕ੍ਰਿਪਾ ਸੁਣਾਓ ਕੋਈ ਪਵਿੱਤਰ ਬਚਨ।"

ਸਾਧੂ ਬੋਲਿਆ- "ਪਿੰਡ ਵਾਸੀ ਭਰਾਓ! ਮੈਂ ਭੀ ਬਹੁਤ ਦੇਰ ਤੋਂ ਉਡੀਕ ਰਿਹਾ ਸਾਂ ਕਿ ਤੁਸੀਂ ਕਦੋਂ ਚੁੱਪ ਦਾ ਦਾਨ ਬਖ਼ਸ਼ੋਗੇ ? ਬਹੁਤ ਲੰਮਾ ਸਮਾਂ ਬੀਤ ਗਿਆ, ਤੁਸੀਂ ਆਪਣੀ ਜ਼ੁਬਾਨ 'ਤੇ ਕਾਬੂ ਨਹੀਂ ਪਾ ਸਕੇ। ਤੁਸੀਂ ਇੰਨੇ ਸਾਰੇ ਬੰਦੇ ਬੋਲ ਰਹੇ ਸੀ ਕਿ ਮੈਨੂੰ ਇਸ ਰੌਲੇ ਵਿੱਚ "ਕਾਵਾਂ ਰੌਲੀ" ਤਾਂ ਖ਼ੂਬ ਸੁਣਾਈ ਦਿੱਤੀ, ਅਕਲ ਦੀ ਗੱਲ ਮੈਂ ਕੋਈ ਨਹੀਂ ਸੁਣ ਸਕਿਆ। ਮੈਨੂੰ ਮਹਿਸੂਸ ਹੋਇਆ ਹੈ ਕਿ ਤੁਸੀਂ ਪਹਿਲਾਂ ਹੀ ਬਹੁਤ ਕੁੱਝ ਜਾਣਦੇ ਹੋਵੋਗੇ। ਕੁੱਝ ਸਿਖਣ ਨਹੀਂ ਆਏ, ਸ਼ਰੀਂ ਮੈਨੂੰ ਸਿਖਾਉਣ ਆਏ ਹੋ। ਤੁਹਾਡੇ ਵਿੱਚ ਸਰੋਤਾ ਕੋਈ ਨਹੀਂ ਹੈ। ਤੁਸੀਂ ਸਾਰੇ ਹੀ ਬੁਲਾਰੇ ਹੋ, ਮੈਂ ਤੁਹਾਨੂੰ ਕੀ ਸਮਝਾ ਸਕਦਾ ਹਾਂ ? ਹੁਣ ਸਮਾਂ ਭੀ ਬਹੁਤ ਹੋ ਗਿਆ ਹੈ, ਇਸ ਲਈ ਸਾਨੂੰ ਸਾਰਿਆਂ ਨੂੰ ਆਰਾਮ ਕਰਨਾ ਚਾਹੀਦਾ ਹੈ।"


ਪਿੰਡ ਵਾਸੀ ਬੜੇ ਮਾਯੂਸ ਹੋਏ, ਕੋਈ ਚਾਰਾ ਨਹੀਂ ਸੀ। ਘਰੋ-ਘਰੀ ਜਾਣ ਲੱਗੇ ਤੇ ਜਾਂਦਿਆਂ ਇਹ ਬੇਨਤੀ ਕੀਤੀ ਕਿ ਕੱਲ ਨੂੰ ਜ਼ਰੂਰ ਕੁੱਝ ਸੁਣਾਂਗੇ। ਲੋਕਾਂ ਨੇ ਦਿਨ ਵਿੱਚ ਆਪੋ ਆਪਣੇ ਘਰੇਲੂ ਕੰਮ ਕੀਤੇ। ਸ਼ਾਮ ਨੂੰ ਫਿਰ ਉਸ ਸਾਧ ਕੋਲ ਇਕੱਠ ਹੋਣ ਲੱਗ ਪਿਆ। ਅੱਜ ਸਾਰੇ ਚੁੱਪ ਸਨ। ਜਦੋਂ ਕੋਈ ਨਵਾਂ ਬੰਦਾ ਬੋਲਣ ਦੀ ਕੋਸ਼ਿਸ਼ ਕਰਦਾ ਤਾਂ ਨਾਲ ਦਾ ਸਾਥੀ ਚੁੱਪ ਕਰਵਾ ਦਿੰਦਾ। ਲੰਮੇਂ ਸਮੇਂ ਤੱਕ ਚੁੱਪ ਕੀਤੇ ਉਡੀਕ ਕਰਦੇ ਰਹੇ। ਜਦੋਂ ਸਾਧ ਫਿਰ ਭੀ ਨਾ ਬੋਲਿਆ ਤਾਂ ਇੱਕ ਸਿਆਣੇ ਬਜ਼ੁਰਗ ਨੇ ਖੜੇ ਹੋ ਕੇ ਨਿਮਰਤਾ ਸਹਿਤ ਬੇਨਤੀ ਕੀਤੀ, "ਬਾਬਾ ਜੀ! ਕੱਲ੍ਹ ਜੋ ਹੋਈ ਉਸ 'ਤੇ ਅਸੀਂ ਪਛਤਾਵਾ ਕਰਦੇ ਹਾਂ। ਅੱਜ ਅਸੀਂ ਸਾਰੇ ਤੁਹਾਡੇ ਬਚਨ ਸੁਣਨ ਲਈ ਚੁੱਪ-ਚਾਪ ਬੈਠੇ ਹੋਏ ਹਾਂ। ਤੁਸੀਂ ਬਹੁਤ ਯਾਤਰਾ ਕੀਤੀ ਹੋਵੇਗੀ। ਬੇਅੰਤ ਵਿਦਵਾਨ ਪੁਰਖਾਂ ਨੂੰ ਮਿਲ ਕੇ ਸੁਆਲ-ਜੁਆਬ ਕੀਤੇ ਹੋਣਗੇ। ਚੰਗਿਆਂ ਨੂੰ ਤੇ ਬੁਰਿਆਂ ਨੂੰ ਮਿਲੇ ਹੋਵੋਗੇ। ਗ਼ਰੀਬਾਂ, ਮਜ਼ਦੂਰਾਂ ਨੂੰ ਅਮੀਰ ਤੇ ਰਾਜਿਆਂ ਨੂੰ ਮਿਲੇ ਹੋਵੋਗੇ। ਕ੍ਰਿਪਾ ਕਰ ਕੇ ਅੱਜ ਧਰਮ ਬਾਰੇ ਕੁੱਝ ਚਾਨਣਾ ਪਾ ਦਿਓ, ਧਰਮ ਪੁਸਤਕਾਂ ਬਾਰੇ ਦੱਸ ਦਿਓ...।"

ਸਾਧ ਖੜਾ ਹੋ ਗਿਆ ਸਾਰਿਆਂ ਨੂੰ ਸੰਬੋਧਨ ਕਰ ਕੇ ਆਖਣ ਲੱਗਾ- "ਪਿੰਡ ਵਾਸੀਓ! ਇਥੇ ਬੁੱਧ ਆਇਆ, ਉਸ ਨੇ ਤੁਹਾਨੂੰ ਨਿਰਵਾਣ ਦੇ ਗੁਰ ਸਿਖਾਏ। ਤੁਸੀਂ ਬੁੱਧ ਦੀ ਕੋਈ ਗੱਲ ਨਾ ਮੰਨੀ। ਤੁਹਾਡੇ ਕੋਲ ਯਿਸੂ ਆਇਆ, ਬਹੁਤ ਉਪਦੇਸ਼ ਦਿੱਤੇ। ਤੁਸੀਂ ਉਸ ਦੀ ਭੀ ਕੋਈ ਗੱਲ ਨਾ ਮੰਨੀ। ਸਗੋਂ ਉਸ ਦੇ ਵਿਰੁੱਧ ਝੂਠੀਆਂ ਗਵਾਹੀਆਂ ਦੇ ਕੇ ਸੂਲੀ ਚਾੜ੍ਹ ਦਿੱਤਾ। ਤੁਹਾਡੇ ਕੋਲ ਕਨਫ਼ਿਊਸਸ ਆਇਆ। ਤੁਸੀਂ ਉਸ ਨੂੰ ਆਪਣੇ ਪਿੰਡ ਵਿੱਚੋਂ ਧੱਕੇ ਮਾਰ ਕੇ ਕੱਢ ਦਿੱਤਾ। ਤੁਹਾਨੂੰ ਮੱਤ ਦੇਣ ਅਸਤੂ ਆਇਆ, ਤੁਸੀਂ ਉਸ ਤੋਂ ਮੱਤ ਲੈਣ ਤੋਂ ਇਨਕਾਰੀ ਹੋ ਗਏ। ਉਹ ਨਿਰਾਸ਼ ਹੋ ਕੇ ਚਲਾ ਗਿਆ। ਇਸੇ ਪਿੰਡ ਵਿੱਚ ਪੈਗੰਬਰ ਮੁਹੰਮਦ ਆਇਆ। ਉਸ ਨੇ ਸਾਰੇ ਆਸਰੇ ਪਰਨੇ ਛੱਡਣ ਲਈ ਕਿਹਾ ਤੇ ਇੱਕ ਖ਼ੁਦਾ ਨੂੰ ਸਿਜਦਾ ਕਰਨ ਲਈ ਕਿਹਾ। ਤੁਸੀਂ ਮੁਹੰਮਦ ਨੂੰ ਪਿੰਡ ਵਿੱਚੋਂ ਕੱਢ ਦਿੱਤਾ। ਇੱਥੇ ਗੁਰੂ ਨਾਨਕ ਬਾਬਾ ਆਇਆ। ਤੁਹਾਨੂੰ ਭਰਾ ਭਰਾ ਬਣ ਕੇ ਰਹਿਣ ਦਾ ਉਪਦੇਸ਼ ਦੇਣ ਲੱਗਾ। ਉਸ ਪਰਉਪਕਾਰੀ ਬਾਬਾ ਜੀ ਦੀ ਤੁਸੀਂ ਇੱਕ ਨਾ ਮੰਨੀ। ਸਗੋਂ ਉਸੇ ਨੂੰ ਕਮਲਾ ਹੈ, ਕਮਲਾ ਹੈ ਆਖਣ ਲੱਗ ਪਏ ਤੇ ਪਿੰਡੋਂ ਕੱਢ ਦਿੱਤਾ। ਜਦੋਂ ਤੁਸੀਂ ਉਨ੍ਹਾਂ ਦੇ ਬੇਅੰਤ ਉਪਦੇਸ਼ ਨਾ

ਸੁਣੇ। ਸਾਰੇ ਵੱਡੇ ਪੁਰਖਾਂ ਨੂੰ ਬਿਨਾਂ ਸੁਣੇ ਵਾਪਸ ਘੱਲ ਦਿੰਦੇ ਰਹੇ। ਫਿਰ ਭੀ ਉਨ੍ਹਾਂ ਨੇ ਹਾਰ ਨਾ ਮੰਨੀ। ਉਨ੍ਹਾਂ ਸਾਰਿਆਂ ਨੇ ਆਪੋ ਆਪਣੇ ਵਿਚਾਰ ਲਿਖ ਲਏ। ਜ਼ਿੰਦਗੀ ਦੇ ਤਜਰਬੇ ਇਕੱਤਰ ਕਰ ਲਏ। ਰੱਬ ਬਾਰੇ ਧਾਰਮਿਕਤਾ ਲਿਖ ਦਿੱਤੀ। ਸਾਰੇ ਵੱਡੇ ਪੁਰਖਾਂ ਦੇ ਲਿਖੇ ਗ੍ਰੰਥ ਤੁਹਾਡੇ ਪਿੰਡ ਵਿੱਚ ਮੌਜੂਦ ਹਨ। ਤੁਸੀਂ ਉਨ੍ਹਾਂ ਗ੍ਰੰਥਾਂ ਨੂੰ ਕਦੀ ਪੜ੍ਹ ਕੇ ਨਹੀਂ ਵੇਖਿਆ। ਜਿਨ੍ਹਾਂ ਨੇ ਕੁੱਝ ਕੁ ਪੜ੍ਹਿਆ ਸੀ, ਉਹ ਪੁਜਾਰੀ ਬਣ ਗਏ। ਪੁਜਾਰੀਆਂ ਨੇ ਪੈਸੇ ਕਮਾਉਣ ਦੇ "ਧਰਮ" ਤਾਂ ਬਹੁਤ ਸਿਖ ਲਏ। ਖ਼ੁਦ ਭੀ ਮੂਰਖ ਬਣੇ ਰਹਿ ਗਏ ਤੇ ਤੁਹਾਨੂੰ ਭੀ ਮੂਰਖ ਬਣਾ ਦਿੱਤਾ। ਤੁਸੀਂ ਪੁਜਾਰੀਆਂ ਦੇ ਆਖੇ ਨੂੰ ਹੀ ਧਰਮ ਮੰਨ ਲਿਆ, ਖ਼ੁਦ ਕਦੀ ਮਿਹਨਤ ਨਹੀਂ ਕੀਤੀ। ਕਦੀ ਧਰਮ ਗ੍ਰੰਥ ਨਹੀਂ ਪੜ੍ਹੇ। ਮੂਰਖ ਸੀ, ਮੂਰਖ ਹੀ ਬਣੇ ਰਹਿ ਗਏ।"

"ਸਾਰੇ ਧਰਮ ਮੁਖੀ ਸਾਰੇ ਧਰਮ ਉਪਦੇਸ਼, ਧਰੇ ਧਰਾਏ ਰਹਿ ਗਏ। ਇਸ ਪਿੰਡ ਦੇ ਲੋਕਾਂ ਵਿੱਚ ਕੋਈ ਸੁਧਾਰ ਨਹੀਂ ਹੋਇਆ, ਕੋਈ ਤਬਦੀਲੀ ਨਹੀਂ ਆਈ। ਇਸ ਪਿੰਡ ਵਾਲੇ ਕਦੀ ਸਫ਼ੇਦ ਬਸਤਰ ਪਹਿਨ ਲੈਂਦੇ ਹਨ। ਫਿਰ ਨੀਲੇ ਬਾਣੇ ਧਾਰਨ ਕਰਨ ਲਗਦੇ ਹਨ। ਫਿਰ ਕਦੀ ਲਾਲ ਕੱਪੜੇ ਪਹਿਨਦੇ ਹਨ ਤੇ ਕਦੀ ਕਾਲੇ ਰੰਗ ਦੇ। ਕਈ ਸਾਰੇ ਲੋਕ ਬਸਤਰ ਸਾਰੇ ਲਾਹ ਸੁਟਦੇ ਹਨ। ਅਲਫ਼ ਨੰਗੇ ਘੁੰਮਣ ਲੱਗ ਪੈਂਦੇ ਹਨ। ਤੁਸੀਂ ਸਾਰੇ ਲੋਕ ਮੂਰਖ ਹੋ, ਤੁਸੀਂ ਕਦੀ ਨਹੀਂ ਸੁਧਰੋਗੇ। ਜਦੋਂ ਇੰਨੇ ਵੱਡੇ ਧਰਮ ਮੁਖੀ ਤੁਹਾਨੂੰ ਅਕਲ ਨਹੀਂ ਦੇ ਸਕੇ, ਮੈਂ ਕਿਹੜੇ ਬਾਗ਼ ਦੀ ਮੂਲੀ ਹਾਂ?" ਪਿੰਡ ਵਾਲਿਆਂ ਨੂੰ ਸਭ ਤੋਂ "ਸਿਆਣੇ ਬਜ਼ੁਰਗ" ਨੇ ਵੰਗਾਰ ਪਾਈ, "ਓਏ ਪਿੰਡ ਵਾਸੀਓ! ਆਹ ਟਕੇ ਦਾ ਸਾਧ ਸਾਡੀ ਸਾਰੇ ਪਿੰਡ ਵਾਲਿਆਂ ਦੀ ਇੱਜ਼ਤ ਰੋਲ ਰਿਹਾ ਹੈ। ਸਾਰਿਆਂ ਨੂੰ ਗਾਲਾਂ ਕੱਢ ਰਿਹਾ ਹੈ। ਪਤਾ ਨਹੀਂ ਕਿਥੋਂ ਉਜੜਿਆ ਉਖੜਿਆ ਆਇਆ ਹੈ। ਅਸੀਂ ਨਹੀਂ ਬੁਲਾਇਆ ਸੀ, ਇਸ ਨੂੰ। ਭੁੱਖੇ ਮਰਦੇ ਨਿਕਲ ਪੈਂਦੇ ਨੇ, ਧਰਮ ਉਪਦੇਸ਼ ਕਰਨ ਲਈ। ਅਸੀਂ ਕੋਈ ਪਾਗਲ ਹਾਂ ਜੋ ਸਾਡੀ ਪੱਗ ਨੂੰ ਇਸ ਨੇ ਹੱਥ ਪਾਇਆ ਹੈ। ਵੇਖਦੇ ਹਾਂ ਕੌਣ ਹੈ ਇਹਨੂੰ ਬਚਾਉਣ ਵਾਲਾ ਇਥੇ। ਦੂਜੇ ਪਿੰਡ ਵਿੱਚ ਦੂਜੇ ਲੋਕਾਂ ਵਿੱਚ ਜਾ ਕੇ ਕਿਵੇਂ ਬੋਲੀਦਾ ਹੈ, ਅੱਜ ਇਸ ਨੂੰ ਸਿਖਾ ਕੇ ਹੀ ਰਹਾਂਗੇ। ਫਿੱਤਰ ਫੇਰ ਦਿਓ ਇਸ 'ਤੇ।" ਨੌਜੁਆਨ ਵੰਗਾਰ ਸੁਣ ਕੇ "ਧਰਮ ਯੁਧ" ਲਈ ਉੱਠ ਖੜੇ ਹੋਏ। ਜੋ ਕਿਸੇ ਦੇ ਹੱਥ ਵਿੱਚ ਆਇਆ ਓਹੀ ਦੇ ਮਾਰਿਆ। ਮਿੰਟਾਂ ਵਿੱਚ ਹੀ ਉਸ ਪਿੰਡ ਦੇ "ਸਿਆਣੇ" ਬੰਦਿਆਂ ਨੇ ਇੱਕ "ਪਾਗਲ" ਬੰਦੇ ਨੂੰ ਅੱਧ ਮੋਇਆ ਕਰ ਕੇ ਸੁੱਟ ਦਿੱਤਾ। ਆਪੋ ਆਪਣੇ ਘਰਾਂ ਵੱਲ ਵਾਪਸ ਜਾਂਦੇ ਹੋਏ ਹਸਦੇ ਗੱਲਾਂ ਕਰ ਰਹੇ ਸਨ- "ਸਾਨੂੰ ਪਾਗਲ ਸਮਝਦਾ ਹੈ, ਪਾਗਲ ਕਿਤੋਂ ਦਾ।"

ਸਭੁ ਕੋ ਬੋਲੈ ਆਪਣ ਭਾਣੈ ॥ ਮਨਮੁਖ ਦੂਜੈ ਬੋਲਿ ਨ ਜਾਣੈ ॥
ਅੰਧੁਲੇ ਕੀ ਮਤਿ ਅੰਧਲੀ ਬੋਲੀ, ਆਇ ਗਇਆ ਦੁਖੁ ਤਾਹਾ ਹੈ ॥
ਦੁਖ ਮਹਿ ਜਨਮੈ ਦੁਖ ਮਹਿ ਮਰਣਾ ॥ ਦੂਖੁ ਨ ਮਿਟੈ ਬਿਨੁ ਗੁਰ ਕੀ ਸਰਣਾ ॥
ਦੂਖੀ ਉਪਜੈ ਦੂਖੀ ਬਿਨਸੈ ਕਿਆ ਲੈ ਆਇਆ, ਕਿਆ ਲੈ ਜਾਹਾ ਹੇ ॥ (1033)



ਸੰਗੀਤ ਦੀ ਕਦਰ

ਮੁੱਲਾਂ ਨਸੀਰੂਦੀਨ ਬਾਰੇ ਪ੍ਰਸਿੱਧ ਹੈ ਕਿ ਉਹ ਆਪਣੇ ਜੀਵਨ ਵਿੱਚ ਹੀ ਬਹੁਤ ਮਕਬੂਲੀਅਤ ਹਾਸਲ ਕਰ ਗਿਆ ਸੀ। ਜਿਵੇਂ ਸੇਖਚਿਲੀ ਦਾ ਕਲਪਨਾ ਦੇ ਘੋੜੇ ਉਡਾਉਣ ਵਿੱਚ ਕੋਈ ਸਾਨੀ ਨਹੀਂ। ਇਸੇ ਤਰ੍ਹਾਂ ਮੁੱਲਾਂ ਨਸੀਰੂਦੀਨ ਦਾ ਵਿਅੰਗ ਕਰਨ ਵਿੱਚ ਕੋਈ ਮੁਕਾਬਲਾ ਨਹੀਂ। ਸਿੱਖਾਂ ਵਿੱਚ ਧਾਰਮਕ ਸਟੇਜ 'ਤੇ ਬੋਲਣ ਵਾਲਿਆਂ ਵਿੱਚ ਭਾਈ ਸੁਥਰੇ ਸ਼ਾਹ ਤੋਂ ਮਗਰੋਂ ਭਾਈ ਮਾਨ ਸਿੰਘ ਝੋਰ, ਈਸ਼ਰ ਸਿੰਘ "ਭਾਈਆ" ਦਾ ਕੋਈ ਜਵਾਬ ਨਹੀਂ। ਉਨ੍ਹਾਂ ਦੀਆਂ ਸਟੇਜ 'ਤੇ ਆਖੀਆਂ ਗੱਲਾਂ ਦਲੇਰੀ ਅਤੇ ਸੂਝ-ਬੂਝ ਦੀ ਮੂੰਹ ਬੋਲਦੀ ਗਵਾਹੀ ਹਨ। ਭਾਈ ਮਾਨ ਸਿੰਘ ਬਾਰੇ ਅੱਗੇ ਕਿਸੇ ਥਾਂ ਲਿਖਾਂਗੇ, ਇਸ ਵਕਤ ਮੁੱਲਾਂ ਨਸੀਰੂਦੀਨ ਬਾਰੇ। ਨਸੀਰੂਦੀਨ ਦੇ ਸ਼ਹਿਰ ਵਿੱਚ ਬਹੁਤ ਚੰਗੇ ਗਵੱਈਏ ਕਿਸੇ ਖ਼ਾਸ ਪ੍ਰੋਗਰਾਮ ਵਿੱਚ ਕਵਾਲੀਆਂ ਗਾਉਣ ਲਈ ਆਏ ਹੋਏ ਸਨ। ਜਦੋਂ ਉਨ੍ਹਾਂ ਦੇ ਪ੍ਰੋਗਰਾਮ ਦਾ ਸਮਾਂ ਹੋਇਆ ਤਾਂ ਨਸੀਰੂਦੀਨ ਭੀ ਸ੍ਰੋਤਿਆਂ ਵਿੱਚ ਜਾ ਬੈਠਾ। ਬੜੇ ਧਿਆਨ ਪੂਰਬਕ ਸਾਰਾ ਪ੍ਰੋਗਰਾਮ ਸੁਣਿਆ। ਜਦੋਂ ਸਮਾਪਤੀ ਕਰ ਕੇ ਗਾਇਕ ਹੇਠਾਂ ਉਤਰ ਆਏ ਨਸੀਰੂਦੀਨ ਨੇ ਖ਼ੁਦ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮੇਰੇ ਘਰ ਦੋ ਚਾਰ ਦਿਨ ਕਲਾਸੀਕਲ ਸੰਗੀਤ ਦੀ ਮਹਿਫ਼ਲ ਜਮਾਓ। ਯਥਾ ਸਕਤ ਮੈਂ ਸੇਵਾ ਕਰਾਂਗਾ। ਉਨ੍ਹਾਂ ਸਵੀਕਾਰ ਕਰ ਲਿਆ।

ਅਗਲੇ ਦਿਨ ਉਹ ਮੁੱਲਾਂ ਜੀ ਦੇ ਘਰ ਪਹੁੰਚ ਗਏ। ਜਲ ਪਾਨ ਤੋਂ ਬਾਅਦ ਗੱਲਬਾਤ ਹੋਣ ਲੱਗ ਪਈ। ਮੁੱਲਾਂ ਜੀ ਨੇ ਉਨ੍ਹਾਂ ਨੂੰ ਰਾਗ ਬਾਰੇ ਕਈ ਤਰ੍ਹਾਂ ਦੇ ਸਵਾਲ ਕੀਤੇ। ਪੂਰੀ ਤਸੱਲੀ ਤੋਂ ਬਾਅਦ ਮੁੱਲਾਂ ਜੀ ਕਹਿਣ ਲੱਗੇ ਕਿ ਤੁਸੀਂ ਕਿੰਨੇ ਸਮੇਂ ਤੱਕ ਗਾ ਸਕਦੇ ਹੋ? ਆਖਣ ਲੱਗੇ ਚਾਰ-ਪੰਜ ਘੰਟੇ ਗਾ ਸਕਦੇ ਹਾਂ। ਉੱਚੀ ਆਵਾਜ਼ ਅਤੇ ਪੱਕਾ ਰਾਗ, ਗਾਉਣਾ ਸ਼ੁਰੂ ਕਰ ਦਿਓ। ਉਹ ਪੁੱਛਣ ਲੱਗੇ ਕਿ ਤੁਸੀਂ ਕੋਈ ਸੱਦਾ ਪੱਤਰ ਨਹੀਂ ਭੇਜੇ? ਕੋਈ ਦੋਸਤ, ਰਿਸ਼ਤੇਦਾਰ ਨਹੀਂ ਆਏ, ਕੀ ਕਾਰਨ ਹੈ ਕਿ ਇਥੇ ਤੁਸੀਂ ਇਕੱਲੇ ਹੀ ਹੋ? ਮੁੱਲਾਂ ਜੀ ਕਹਿਣ ਲੱਗੇ ਕਿ "ਇਹ ਸਾਰੀਆਂ ਗੱਲਾਂ ਅਸੀਂ ਬਾਅਦ ਵਿੱਚ ਕਰਾਂਗੇ ਹੁਣ ਤੁਸੀਂ ਆਪਣਾ ਪ੍ਰੋਗਰਾਮ ਆਰੰਭ ਕਰ ਦਿਓ।" ਕਲਾਕਾਰਾਂ ਨੂੰ ਆਪਣੇ ਘਰ ਦੀ ਛੱਤ 'ਤੇ ਬਿਠਾ ਦਿੱਤਾ। ਗਾਉਣਾ ਸ਼ੁਰੂ ਹੋ ਗਿਆ। ਮੁੱਲਾਂ ਦੇ ਹੁਕਮ ਮੁਤਾਬਕ ਗਾਉਣਾ ਘੱਟ ਅਲਾਪ ਵੱਧ। ਮੁੱਲਾਂ ਜੀ ਖ਼ੁਦ ਦੂਰ ਪਿਛਾਂਹ ਹਟ ਕੇ ਬੈਠ ਗਏ। ਲਗਾਤਾਰ ਹੱਲਾਸ਼ੇਰੀ ਦਿੰਦੇ ਰਹੇ। "ਵਾਹ ਕਿਆ ਬਾਤ ਹੈ, ਕਿਆ ਰਾਗ ਹੈ, ਕਿਆ ਆਵਾਜ਼ ਹੈ, ਜ਼ਰਾ ਹੋਰ ਉੱਚੀ, ਹੋਰ ਉੱਚੀ ਹੇਕ ਲਾਓ, ਹੋਰ ਉੱਚੀ....।"

ਗਾਉਣ ਵਾਲੇ ਹੇਕਾਂ ਲਾ ਕੇ ਸੰਘ ਪਾੜ ਪਾੜ ਕੇ ਗਾਉਂਦੇ ਰਹੇ। ਜ਼ੋਰ ਸ਼ੋਰ ਨਾਲ ਗਾਉਂਦੇ, ਪਸੀਨਾ ਬਹਾਉਂਦੇ ਰਹੇ। ਮੁੱਲਾਂ ਨਸੀਰੂਦੀਨ ਜੀ ਦੂਰ ਬੈਠੇ ਮੁਸਕੁਰਾਉਂਦੇ ਰਹੇ। ਗਾਉਣ ਵਾਲਿਆਂ ਦੀ ਜਦੋਂ ਬੱਸ ਹੋ ਗਈ ਤਾਂ ਉਨ੍ਹਾਂ ਇਸ਼ਾਰੇ ਨਾਲ ਮੁੱਲਾਂ ਜੀ ਨੂੰ

ਬੁਲਾਇਆ ਤੇ ਗਾਇਕੀ ਸਮਾਪਤ ਕਰਨੀ ਚਾਹੀ। ਮੁੱਲਾਂ ਜੀ ਨੇ ਆਗਿਆ ਦੇ ਦਿੱਤੀ। ਪ੍ਰੋਗਰਾਮ ਖ਼ਤਮ ਕਰ ਕੇ ਸਾਰੇ ਪ੍ਰਸ਼ਾਦਾ ਛਕਣ ਬੈਠੇ ਤਾਂ ਮੁਖੀ ਗਾਇਕ ਨੇ ਨਸੀਰੂਦੀਨ ਨੂੰ ਪੁੱਛਿਆ, "ਮੁੱਲਾਂ ਜੀ! ਇਹ ਤਾਂ ਠੀਕ ਹੈ ਕਿ ਸਾਡੇ ਸਾਹਮਣੇ ਸਰੋਤੇ ਨਹੀਂ ਸਨ, ਇਸ ਲਈ ਕਾਫੀ ਅਫ਼ਸੋਸ ਹੋਇਆ, ਫਿਰ ਭੀ ਇਹ ਖ਼ੁਸ਼ੀ ਦੀ ਗੱਲ ਹੈ ਕਿ ਤੁਹਾਡੇ ਵਰਗਾ ਸੰਗੀਤ ਦਾ ਕਦਰਦਾਨ ਇਸ ਸ਼ਹਿਰ ਵਿੱਚ ਮੌਜੂਦ ਹੈ। ਜੋ ਇਕੱਲਾ ਹੀ ਸਾਰਾ ਖ਼ਰਚਾ ਬਰਦਾਸ਼ਤ ਕਰਦਾ ਹੈ। ਸਾਹਮਣੇ ਬੈਠ ਕੇ ਸਾਰਾ ਪ੍ਰੋਗਰਾਮ ਸੁਣਦਾ ਹੈ ਪਰ ਤੁਹਾਨੂੰ ਇਹ ਸ਼ੌਕ ਕਿਵੇਂ ਪੈਦਾ ਹੋਇਆ?"

ਮੁੱਲਾਂ ਜੀ- "ਕੀ ਲੈਣਾ ਹੈ ਇਹ ਗੱਲਾਂ ਛੇੜ ਕੇ, ਖਾਣਾ ਖਾਓ।"

ਗਾਇਕ- "ਪਰ ਮੁੱਲਾਂ ਜੀ! ਜਿਵੇਂ ਤੁਸੀਂ ਫ਼ਰਮਾਇਸ਼ ਕਰ ਕੇ ਸਾਥੋਂ ਉੱਚੀ ਸੁਰ ਵਿੱਚ ਹੇਕਾਂ ਲਗਵਾਈਆਂ। ਜਿਵੇਂ ਸਾਜ ਖੁੱਲ੍ਹ ਕੇ ਵਰਤਣ ਦੀ ਆਗਿਆ ਕੀਤੀ, ਤੁਹਾਨੂੰ ਇਹ ਚੇਟਕ ਆਪਣੇ ਬਜ਼ੁਰਗਾਂ ਤੋਂ ਲੱਗੀ ਹੋਵੇਗੀ?"

ਮੁੱਲਾਂ ਜੀ- "ਆਹ ਇੱਕ ਡੋਂਗਾ ਤੁਸੀਂ ਹਾਲੀ ਹੱਥ ਲਾ ਕੇ ਭੀ ਨਹੀਂ ਵੇਖਿਆ, ਇਹ ਭੀ ਖਾਓ।"

ਗਾਇਕ-"ਮੁੱਲਾਂ ਨਸੀਰੂਦੀਨ ਜੀ ਕੀ ਹੋਇਆ ਜੇ ਤੁਸੀਂ ਸਟੇਜ 'ਤੇ ਨਹੀਂ ਗਾਉਂਦੇ ਪਰ ਅਸੀਂ ਤਾਂ ਮਹਿਸੂਸ ਕੀਤਾ ਹੈ ਕਿ ਤੁਸੀਂ ਵਿੱਦਿਆ ਦੇ ਧੁਰੰਤਰ ਵਿਦਵਾਨ ਹੋ।"

ਮੁੱਲਾਂ ਜੀ ਦੇ ਸਬਰ ਦਾ ਪਿਆਲਾ ਛਲਕ ਪਿਆ, ਤਲਖੀ ਜਿਹੀ ਵਿੱਚ ਆਖਣ ਲੱਗੇ, "ਤੁਹਾਨੂੰ ਕਿਸ ਭੜੂਏ ਨੇ ਕਿਹਾ ਹੈ ਕਿ ਮੈਂ ਰਾਗ ਦਾ ਕਦਰਦਾਨ ਹਾਂ? ਤੁਹਾਨੂੰ ਕਿਸ ਮੂਰਖ ਨੇ ਦੱਸਿਆ ਹੈ ਕਿ ਮੈਂ ਰਾਗ ਵਿੱਦਿਆ ਦਾ ਮਾਹਰ ਹਾਂ? ਤੁਹਾਨੂੰ ਕਿਸ ਨੇ ਖ਼ਬਰ ਦਿੱਤੀ ਕਿ ਮੈਂ ਗਾਇਕੀ ਸੁਣਨ ਦਾ ਸ਼ੌਕ ਰਖਦਾ ਹਾਂ? ਅਜਿਹਾ ਕੁੱਝ ਨਹੀਂ ਪਿਆਰਿਓ, ਤੁਸੀਂ ਗ਼ਲਤੀ ਖਾ ਰਹੇ ਹੋ। ਮੇਰੇ ਘਰ ਦੇ ਆਲੇ-ਦੁਆਲੇ ਗੁਆਂਢੀਆਂ ਨੇ ਕਿਸੇ ਨੇ ਟੀ.ਵੀ. ਖ਼ਰੀਦ ਲਿਆਂਦਾ। ਕਿਸੇ ਹੋਰ ਨੇ ਡੀ.ਵੀ.ਡੀ. ਪਲੇਅਰ ਲਿਆਂਦਾ। ਕਿਸੇ ਦੇ ਬੱਚੇ ਸੰਗੀਤ ਸਿਖਦੇ ਹਨ। ਕਿਸੇ ਦੇ ਨਾਚ ਗਾਣਾ ਸਿਖਦੇ ਹਨ। ਇਨ੍ਹਾਂ ਲੋਕਾਂ ਨੇ ਸ਼ੋਰ ਮਚਾ ਕੇ ਸਾਡੇ ਪਰਵਾਰ ਦਾ ਜਿਉਣਾ ਔਖਾ ਕੀਤਾ ਹੋਇਆ ਹੈ। ਬਹੁਤ ਸਮਝਾਇਆ ਅਸੀਂ ਇਨ੍ਹਾਂ ਨੂੰ ਕਿ ਆਪਣੀ ਆਵਾਜ਼ ਆਪਣੇ ਘਰ ਦੇ ਅੰਦਰ ਰੱਖੋ। ਮੇਰੇ ਵੱਲੋਂ ਬਾਰ-ਬਾਰ ਤਰਲੇ ਕਰਨ 'ਤੇ ਭੀ ਇਹ ਲੋਕ ਬਾਜ਼ ਨਹੀਂ ਆਏ। ਇਸੇ ਲਈ ਮੈਂ ਇਨ੍ਹਾਂ ਤੋਂ ਬਦਲਾ ਲੈਣ ਦੀ ਠਾਣ ਲਈ। ਤੁਹਾਨੂੰ ਬੁਲਾਇਆ। ਪ੍ਰੋਗਰਾਮ ਛੱਤ 'ਤੇ ਰਖਵਾਇਆ। ਤੁਹਾਨੂੰ ਉੱਚੀਆਂ ਹੇਕਾਂ ਲਾਉਣ ਨੂੰ ਕਿਹਾ। ਇਸ ਵਿੱਚ ਮੇਰਾ ਸੰਗੀਤ ਪ੍ਰੇਮ ਨਹੀਂ ਸੀ ਸਗੋਂ ਗੁਆਂਢੀਆਂ ਨੂੰ ਖ਼ੂਬ ਪ੍ਰੇਸ਼ਾਨ ਕਰਨਾ ਸੀ ਤਾਂ ਕਿ ਇਨ੍ਹਾਂ ਨੂੰ ਪਤਾ ਲੱਗ ਜਾਵੇ ਕਿ ਬੇਲੋੜੀ ਉੱਚੀ ਆਵਾਜ਼ ਨਾਲ ਕਿੰਨੀ ਪ੍ਰੇਸ਼ਾਨੀ ਹੋ ਸਕਦੀ ਹੈ। ਇਨ੍ਹਾਂ ਦਾ ਸਤਾਇਆ ਮੈਂ ਪਾਗਲ ਹੋਣ ਕਿਨਾਰੇ ਪੁੱਜਿਆ ਹੋਇਆ ਹਾਂ। ਇਸ ਲਈ ਤੁਸੀਂ ਜਾਓ, ਮੇਰਾ ਸੰਗੀਤ ਨਾਲ ਕੋਈ ਪ੍ਰੇਮ ਨਹੀਂ, ਮੈਂ ਤਾਂ ਇਨ੍ਹਾਂ ਤੋਂ ਬਦਲਾ ਲਿਆ ਹੈ।"

ਅੱਜ ਆਲੇ ਦੁਆਲੇ ਧਿਆਨ ਮਾਰੋ ਕਿ ਗੁਰਦਵਾਰਿਆਂ ਦੀਆਂ ਉੱਚੀਆਂ ਇਮਾਰਤਾਂ

ਉੱਤੇ ਫਿੱਟ ਕੀਤੇ ਚਾਰ-ਚਾਰ ਸਪੀਕਰ ਸਾਥੋਂ ਕਿਸ ਜਨਮ ਦਾ ਬਦਲਾ ਲੈ ਰਹੇ ਹਨ? ਯੋਰਪੀਨ ਮੁਲਕਾਂ ਦੀਆਂ ਸਰਕਾਰਾਂ ਨੇ ਸਖ਼ਤ ਹੁਕਮ ਲਾਗੂ ਕਰ ਕੇ ਹਰ ਇੱਕ ਨਾਗਰਿਕ ਨੂੰ ਸਮਝਾ ਦਿੱਤਾ ਹੈ ਕਿ ਤੁਹਾਡੇ ਘਰ ਵਿੱਚੋਂ ਆਵਾਜ਼ ਬਾਹਰ ਸੁਣਾਈ ਨਹੀਂ ਦੇਣੀ ਚਾਹੀਦੀ। ਤੁਹਾਡੇ ਧਰਮ ਅਸਥਾਨ ਜਾਂ ਵਿਆਹ ਸ਼ਾਦੀ ਵਾਲੀ ਇਮਾਰਤ ਵਿੱਚੋਂ ਸ਼ੋਰ ਬਾਹਰ ਨਹੀਂ ਸੁਣਨਾ ਚਾਹੀਦਾ। ਭਾਵੇਂ ਕਿ ਭਾਰਤ ਦੀ ਸੁਪ੍ਰੀਮ ਕੋਰਟ ਦਾ ਭੀ ਇਹ ਹੁਕਮ ਹੈ ਕਿ ਰਾਤ ਦੱਸ ਵਜੇ ਤੋਂ ਲੈ ਕੇ ਸਵੇਰੇ ਚਾਰ ਵਜੇ ਤੱਕ ਉੱਚੀ ਆਵਾਜ਼ ਵਾਲਾ ਕੋਈ ਸਪੀਕਰ ਨਹੀਂ ਲਾ ਸਕਦਾ। ਧਰਮ ਅਸਥਾਨਾਂ 'ਤੇ ਭੀ ਇਹ ਹੁਕਮ ਲਾਗੂ ਹੈ ਪਰ ਕੌਣ ਮੰਨਦਾ ਹੈ ਇਨ੍ਹਾਂ ਹੁਕਮਾਂ ਨੂੰ? ਸਰਕਾਰਾਂ ਨਹੀਂ ਚਾਹੁੰਦੀਆਂ ਕੋਈ ਕਾਨੂੰਨ ਲਾਗੂ ਹੋਵੇ।

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ, ਸਾਂਈ ਨ ਬਹਰਾ ਹੋਇ॥
ਜਾ ਕਾਰਨਿ ਤੂੰ ਬਾਂਗ ਦੇਹਿ, ਦਿਲ ਹੀ ਭੀਤਰਿ ਜੋਇ॥ (1374)

★★★★★★

ਅਰਦਾਸ, ਜੰਗ ਅਤੇ ਅਮਨ ਦੀ

ਹਰ ਦਿਨ ਵਾਂਗ ਆਜੜੀ ਆਪਣੀਆਂ ਭੇਡਾਂ-ਬੱਕਰੀਆਂ ਨੂੰ ਜੰਗਲ ਵਿੱਚ ਲੈ ਆਇਆ। ਚੰਗੀ ਚਾਰਾਗਾਹ ਵਿੱਚ ਛੱਡ ਕੇ ਰੁੱਖ ਦੀ ਛਾਂਵੇਂ ਆਰਾਮ ਕਰਨ ਲਈ ਬੈਠ ਗਿਆ। ਭੇਡਾਂ ਚਾਈਂ ਚਾਈਂ ਘਾਹ ਚਰ ਰਹੀਆਂ ਹਨ। ਉਹ ਬਹੁਤ ਖ਼ੁਸ਼ ਹਨ ਕਿ ਇਥੇ ਕਿੰਨਾ ਵਧੀਆ ਹਰਾ ਚਾਰਾ ਮਿਲ ਜਾਂਦਾ ਹੈ। ਸਾਨੂੰ ਹੋਰ ਕੀ ਚਾਹੀਦਾ ਹੈ, ਸਿਰਫ਼ ਪਾਣੀ। ਉਹ ਭੀ ਨੇੜੇ ਹੀ ਮਿਲ ਜਾਂਦਾ ਹੈ। ਸੁਰਗ ਇਸ ਤੋਂ ਵਧੀਆ ਕੀ ਹੋਵੇਗਾ? ਭੇਡਾਂ ਦੇ ਬੱਚੇ ਬਹੁਤ ਖ਼ੁਸ਼ ਹਨ, ਦੌੜ ਰਹੇ ਹਨ, ਟਪੂਸੀਆਂ ਮਾਰ ਰਹੇ ਹਨ। ਆਪਣੇ ਵੱਡਿਆਂ ਦੀ ਰਾਖੀ ਵਿੱਚ ਕੋਈ ਡਰ ਨਹੀਂ ਹੈ। ਆਜੜੀ ਵੱਲੋਂ ਸਿਖਲਾਈ ਦੇ ਕੇ ਤਿਆਰ ਕੀਤੇ ਦੋ ਮਜ਼ਬੂਤ ਅਤੇ ਦਲੇਰ ਕੁੱਤੇ ਭੇਡਾਂ ਦੀ ਰਾਖੀ ਵਾਸਤੇ ਪਾਲੇ ਹੋਏ ਨਾਲ ਲਿਆਂਦੇ ਹਨ ਤਾਂ ਕਿ ਆਪਣੀਆਂ ਭੇਡਾਂ ਨੂੰ ਜੰਗਲੀ ਜਾਨਵਰਾਂ ਤੋਂ ਬਚਾਇਆ ਜਾ ਸਕੇ। ਦੋਵੇਂ ਕੁੱਤੇ ਲਗਾਤਾਰ ਇੱਜੜ ਦੁਆਲੇ ਚੱਕਰ ਲਾਉਂਦੇ ਹਨ। ਮਾਲਕ ਭੀ ਚੇਤਨਤਾ ਨਾਲ ਨਿਗਰਾਨੀ ਕਰਦਾ ਹੈ।

ਪਰ ਆਹ ਕੀ, ਆਕਾਸ਼ ਵਿੱਚੋਂ ਇਨੀਆਂ ਭਿਆਨਕ ਆਵਾਜ਼ਾਂ? ਅਜਿਹੀ ਆਵਾਜ਼ ਕਦੀ ਕਦਾਈਂ ਹੀ ਸੁਣਾਈ ਦਿੰਦੀ ਹੈ। ਆਵਾਜ਼ ਇੱਕ ਨਹੀਂ ਦੋ ਪ੍ਰਤੀਤ ਹੁੰਦੀਆਂ ਨੇ। ਜਿਵੇਂ ਦੋ ਖ਼ੂੰਖਾਰ ਸੂਰਮੇ ਮੈਦਾਨੇ ਜੰਗ ਵਿੱਚ ਲਲਕਾਰੇ ਮਾਰ ਰਹੇ ਹੋਣ। ਆਪਣੇ ਵਿਰੋਧੀ ਨੂੰ ਮੈਦਾਨ ਵਿੱਚੋਂ ਦੌੜ ਜਾਣ ਲਈ ਧੱਕੇ ਮਾਰ ਰਹੇ ਹੋਣ। ਸਾਰੀਆਂ ਭੇਡਾਂ ਨੇ ਘਾਹ ਚਰਨਾ ਛੱਡ ਦਿੱਤਾ। ਹੈਰਾਨ ਹੋ ਕੇ ਇਧਰ-ਓਧਰ ਵੇਖਣ ਲੱਗ ਪਈਆਂ। ਬੱਚੇ ਡਰੇ ਹੋਏ ਹਨ, ਮਾਵਾਂ ਦੀ ਕੁੱਛੜ

ਵਿੱਚ ਲੁਕ ਜਾਣਾ ਚਾਹੁੰਦੇ ਹਨ। ਆਵਾਜ਼ਾਂ ਹੋਰ ਉੱਚੀਆਂ ਹੋ ਗਈਆਂ। ਨਾਲ ਹੀ ਮਾਰੂ ਕਿਸਮ ਦੀ ਜਿਵੇਂ ਗੜਗੜਾਹਟ ਸੁਣਨ ਲੱਗ ਪਈ। ਡਰਾਉਣੀਆਂ ਆਵਾਜ਼ਾਂ ਦੇ ਨਾਲ ਹੁਣ ਆਕਾਸ਼ ਵਿੱਚੋਂ ਖ਼ੂਨ ਦੇ ਕਤਰੇ ਭੀ ਡਿੱਗਣ ਲੱਗ ਪਏ। ਸਾਰੇ ਬੰਨੇ ਦਹਿਸ਼ਤ ਪਸਰ ਗਈ। ਭੇਡਾਂ ਇੱਕ ਦੂਜੀ ਦਾ ਆਸਰਾ ਭਾਲਣ ਲੱਗੀਆਂ। ਪੰਜ-ਪੰਜ, ਦਸ-ਦਸ ਦੀਆਂ ਟੋਲੀਆਂ ਬਣਾ ਕੇ ਸਿਰ ਜੋੜ ਕੇ ਖਲੋ ਗਈਆਂ।

ਇੱਕ ਭੇਡ ਅਤੇ ਉਸ ਦਾ ਛੋਟਾ ਬੱਚਾ ਅਲੱਗ ਇੱਕ ਝਾੜੀ ਕੋਲ ਲੁਕੇ ਹੋਏ ਖੜੇ ਹਨ। ਡਰੇ ਹੋਏ ਬੱਚੇ ਨੇ ਮਾਂ ਨੂੰ ਪੁੱਛਿਆ, "ਮਾਂ ਇਨੀਆਂ ਭਿਆਨਕ ਆਵਾਜ਼ਾਂ ਕਿੱਥੋਂ ਆ ਰਹੀਆਂ ਹਨ ?"

ਮਾਂ- "ਪੁੱਤਰ ਇਉਂ ਲਗਦੈ ਕਿਧਰੇ ਜੰਗ ਛਿੜ ਪਈ ਹੈ।"

ਪੁੱਤਰ- "ਮਾਂ ਜੰਗ ਕੀ ਹੁੰਦੀ ਹੈ ?"

ਮਾਂ- "ਪੁੱਤਰ ਜੰਗ ਵਿੱਚ ਬਹੁਤ ਲੋਕੀਂ ਮਾਰੇ ਜਾਂਦੇ ਹਨ।"

ਪੁੱਤਰ- "ਕੌਣ ਮਾਰਦਾ ਹੈ ਲੋਕਾਂ ਨੂੰ ? ਕਿਉਂ ਮਾਰਦਾ ਹੈ ?"

ਮਾਂ- "ਪੁੱਤਰ ਪਤਾ ਨਹੀਂ ਕੌਣ ਮਾਰਦਾ ਹੈ ਤੇ ਕਿਉਂ ਮਾਰਦਾ ਹੈ। ਪਰ ਆਪਾਂ ਦੋਵੇਂ ਅੱਜ ਇੱਕ ਮਨ ਇੱਕ ਚਿੱਤ ਹੋ ਕੇ ਰੱਬ ਅੱਗੇ ਅਰਦਾਸ ਕਰੀਏ। ਰੱਬ ਨੂੰ ਬੇਨਤੀ ਕਰੀਏ ਕਿ ਸਾਰੀ ਦੁਨੀਆਂ ਵਿੱਚ ਅਮਨ ਰਹੇ। ਜੰਗ ਵਿੱਚ ਤਾਂ ਬਹੁਤ ਤਬਾਹੀ ਹੋਇਆ ਕਰਦੀ ਹੈ। ਰੱਬ ਜੀ ਨੂੰ ਆਖਾਂਗੇ ਇਉਂ ਤਬਾਹੀ ਨਾ ਕਰਾਇਆ ਕਰੋ। ਸਾਵਧਾਨ ਖੜਾ ਹੋ ਮੇਰੇ ਬੇਟੇ ਦੋਵੇਂ ਹੱਥ ਜੋੜ ਕੇ। ਅੰਤਰ ਧਿਆਨ ਹੋ ਕੇ ਅਰਦਾਸ ਕਰਾਂਗੇ ਤਾਂ ਰੱਬ ਸਾਡੀ ਅਰਦਾਸ ਜ਼ਰੂਰ ਸੁਣੇਗਾ।"

ਆਕਾਸ਼ ਵਿੱਚੋਂ ਆ ਰਹੀਆਂ ਭਿਆਨਕ ਆਵਾਜ਼ਾਂ, ਆਪਣੇ ਸ਼ਿਕਾਰ 'ਤੇ ਕਬਜਾ ਜਮਾਉਣ ਲਈ ਦੋ ਬਾਜਾਂ ਦੀਆਂ ਸਨ। ਭੇਡ ਤਾਂ ਚੁੱਕ ਕੇ ਲਿਜਾਣੀ ਔਖੀ ਹੈ, ਉਸ ਦੇ ਬੱਚੇ ਨੂੰ ਤਾਂ ਬੜਾ ਸੌਖਿਆਂ ਹੀ ਲਿਜਾਇਆ ਜਾ ਸਕਦਾ ਹੈ। ਇੱਕ ਦਿਨ ਲਈ ਇੱਕ ਬਾਜ ਦਾ ਪ੍ਰਵਾਰ ਆਪਣੀ ਭੁੱਖ ਮਿਟਾ ਸਕਦਾ ਹੈ। ਦੋਵੇਂ ਬਾਜ ਲੜਦੇ ਹੋਏ ਆਪਣੇ ਵਿਰੋਧੀ ਨੂੰ ਮੈਦਾਨ ਵਿੱਚ ਹਰਾ ਦੇਣਾ ਚਾਹੁੰਦੇ ਹਨ ਤਾਂ ਕਿ ਜੇਤੂ ਬਾਜ ਸੌਖਿਆਂ ਹੀ ਆਪਣੀ ਪੇਟ ਪੂਰਤੀ ਕਰ ਸਕੇ। ਸ਼ਾਇਦ ਇਹ ਕਮਜ਼ੋਰ ਜੀਵ ਅਰਦਾਸ ਕਰ ਕੇ ਬਾਜਾਂ ਨੂੰ ਦੂਰ ਭੇਜ ਦੇਣਾ ਚਾਹੁੰਦੇ ਹਨ ਪਰ ਇਹ ਨਹੀਂ ਜਾਣਦੇ ਕਿ ਬਾਜ ਭੀ ਉਸੇ ਰੱਬ ਦੇ ਬਣਾਏ ਹੋਏ ਹਨ। ਜੇ ਰੱਬ ਨੇ ਭੇਡਾਂ ਦੀ ਅਰਦਾਸ ਮੰਨ ਲਈ ਫਿਰ ਸਾਰੇ ਬਾਜਾਂ ਨੂੰ ਮਰਨਾ ਪਵੇਗਾ। ਸ਼ੇਰਾਂ, ਬਘਿਆੜਾਂ ਨੂੰ ਮਰਨਾ ਪਵੇਗਾ। ਕਮਜ਼ੋਰ ਧਿਰਾਂ ਅਮਨ ਲਈ ਅਰਦਾਸਾਂ ਕਰਦੀਆਂ ਹਨ। ਤਾਕਤਵਰ ਧਿਰਾਂ ਕਮਜ਼ੋਰਾਂ ਨੂੰ ਚੱਬ ਜਾਣ ਲਈ ਜੰਗ ਲੜਦੀਆਂ ਹਨ। ਜੇ ਅਰਦਾਸਾਂ ਨਾਲ ਅਮਨ ਹੋ ਸਕਦਾ ਤਾਂ ਦੁਨੀਆਂ ਵਿੱਚ ਕਿਧਰੇ ਜੰਗ ਨਹੀਂ ਲਗਣੀ ਸੀ।

ਭਾਰਤ-ਪਾਕਿਸਤਾਨ ਜਾਂ ਬੰਗਲਾਦੇਸ਼ ਵਰਗੇ ਲੋਕਾਂ ਦੀਆਂ ਸਰਕਾਰਾਂ ਅਮਨ ਲਈ ਮਤੇ ਪਾਸ ਕਰਦੀਆਂ ਹਨ। ਅਮਰੀਕਾ, ਚੀਨ, ਰੂਸ ਵਰਗੇ ਜੰਗੀ ਹਥਿਆਰਾਂ ਨਾਲ ਲੈਸ ਦੇਸ਼ ਬਿਨਾਂ ਕਾਰਨ ਤੋਂ ਜੰਗ ਛੇੜ ਦਿੰਦੇ ਹਨ। ਜੇਕਰ ਜੰਗ ਨਹੀਂ ਲਗੇਗੀ ਤਾਂ ਲੋਕਾਂ ਨੂੰ

ਨਵੀਆਂ ਖ਼ਬਰਾਂ ਕਿੱਥੋਂ ਮਿਲਣਗੀਆਂ ? ਜੰਗ ਤੋਂ ਬਗ਼ੈਰ ਨਵੇਂ ਕਾਰੋਬਾਰ ਕਿਵੇਂ ਚਲਣਗੇ ? ਦਵਾਈਆਂ ਕਿਵੇਂ ਵਿਕਣਗੀਆਂ ? ਹਸਪਤਾਲ ਅਤੇ ਡਾਕਟਰ ਫਿਰ ਕੀ ਕਰਨਗੇ ? ਗੱਡੀਆਂ-ਮੋਟਰਾਂ ਦੀ ਵਿਕਰੀ ਵਧੇਗੀ। ਟੈਂਕ, ਤੋਪਾਂ ਤੇ ਬੰਬਾਂ ਦੀ ਖ਼ੂਬ ਵਿਕਰੀ ਹੋਵੇਗੀ। ਨਵੇਂ ਮਕਾਨਾਂ ਦੀ ਉਸਾਰੀ ਹੋਵੇਗੀ। ਬੇਅੰਤ ਲੋਕਾਂ ਨੂੰ ਸ਼ਹੀਦ ਮੰਨ ਕੇ ਉਨ੍ਹਾਂ ਦੀ ਬਹਾਦਰੀ ਦੇ ਸੋਹਿਲੇ ਗਾਏ ਜਾਣਗੇ। ਭਰੇ ਇਕੱਠਾਂ ਵਿੱਚ ਉਨ੍ਹਾਂ ਦੇ ਪਰਵਾਰਾਂ ਨੂੰ ਸਨਮਾਨਤ ਕੀਤਾ ਜਾਵੇਗਾ। ਨਵਾਂ ਮਾਲ ਵੇਚਣ ਵਾਲੇ ਮਾਲਾ ਮਾਲ ਹੋ ਜਾਣਗੇ। ਖ਼ੈਦਣ ਵਾਲੇ ਕਮਿਸ਼ਨਾਂ ਨਾਲ ਆਪਣੇ ਘਰ ਭਰ ਲੈਣਗੇ। ਅਫ਼ਸਰ ਤੇ ਮੰਤਰੀ ਜੋਸ਼ੀਲੇ ਭਾਸ਼ਣ ਦੇਣਗੇ। ਗਾਇਕ ਦੇਸ਼ ਭਗਤੀ ਦੇ ਗੀਤ ਗਾਉਣਗੇ। ਕਹਾਣੀਆਂ, ਨਾਟਕ, ਨਾਵਲ, ਕਵਿਤਾਵਾਂ ਲਿਖੀਆਂ ਜਾਣਗੀਆਂ। ਇਸੇ ਵਿਸ਼ੇ 'ਤੇ ਫ਼ਿਲਮਾਂ ਬਣਨਗੀਆਂ। ਮੰਤਰੀ ਵਿਦੇਸ਼ਾਂ ਵਿੱਚ ਕਈ ਕਈ ਚੱਕਰ ਲਾਉਣਗੇ। ਜਿਨ੍ਹਾਂ ਦੇਸ਼ਾਂ ਨੇ ਚੁੱਕਣਾ ਦੇ ਕੇ ਜੰਗ ਲਗਵਾਈ ਸੀ, ਉਹੀ ਫਿਰ ਜੰਗ ਬੰਦ ਕਰਾਉਣਗੇ। ਭਾਰੀ ਵਿਆਜ 'ਤੇ ਕਰਜੇ ਦੇ ਕੇ ਦੇਸ਼ ਦੀ ਪੁਨਰ ਉਸਾਰੀ ਵਿੱਚ ਸਹਾਇਤਾ ਕਰਨਗੇ।

ਜੇਕਰ ਅਮਨ ਅਮਾਨ ਹੀ ਸਦਾ ਰਹੀ ਜਾਵੇ ਤਾਂ ਜੀਵਨ ਬੇਸੁਆਦਾ ਜਿਹਾ ਹੋ ਜਾਂਦਾ ਹੈ। ਇਸ ਲਈ "ਰੱਬ ਜੀ" ਅਮਨ ਨਹੀਂ ਚਾਹੁੰਦਾ, ਜੰਗ ਚਾਹੁੰਦਾ ਹੈ। "ਰੱਬ ਜੀ" ਨੂੰ ਜੰਗ ਸ਼ੁਰੂ ਕਰਵਾ ਕੇ ਬਹੁਤ ਲਾਭ ਹੈ। ਸਿਆਣੇ ਪੁਰਖਾਂ ਦਾ ਕਹਿਣਾ ਹੈ ਕਿ ਤੁਸੀਂ ਜੇਕਰ ਜੰਗ ਦੀ ਤਬਾਹੀ ਤੋਂ ਬਚਣਾ ਚਾਹੁੰਦੇ ਹੋ ਤਾਂ ਆਪਣੇ ਆਪ ਨੂੰ (ਆਪਣੇ ਦੇਸ਼ ਜਾਂ ਆਪਣੇ "ਪੰਥ" ਨੂੰ, ਭਾਈਚਾਰੇ ਨੂੰ) ਇਤਨਾ ਤਾਕਤਵਰ ਬਣਾ ਲਓ ਕਿ ਤੁਹਾਡੇ ਵੱਲ ਕੋਈ ਕੈਰੀ ਅੱਖ ਨਾਲ ਵੇਖਣ ਦੀ ਹਿੰਮਤ ਨਾ ਕਰ ਸਕੇ ਜਾਂ ਇਨਾ ਤੇਜ "ਦੌੜਨਾ" ਸਿੱਖ ਲਵੋ ਕਿ ਦੁਸ਼ਮਣ ਤੁਹਾਡੇ ਤੱਕ ਪਹੁੰਚ ਨਾ ਸਕੇ ਜਾਂ ਫਿਰ ਆਪਣੀ "ਜ਼ਮੀਰ ਮਾਰ ਕੇ" ਜ਼ੋਰਾਵਰ ਦੇ ਚਰਨਾਂ ਵਿੱਚ ਲੰਮੇ ਪੈ ਜਾਉ। ਭਾਵੇਂ ਪੂਰੀ ਤਰ੍ਹਾਂ ਲਾਗੂ ਹੋਣਾ ਸੰਭਵ ਨਾ ਹੋਵੇ ਪਰ ਸਾਨੂੰ ਹਾਥੀ ਵਰਗੇ ਬਣਨਾ ਪਵੇਗਾ। ਹਾਥੀ ਖ਼ੁਦ ਕਿਸੇ ਦਾ ਸ਼ਿਕਾਰ ਨਹੀਂ ਕਰਦਾ। ਘਾਹ ਖਾ ਕੇ ਪੇਟ ਪੂਰਤੀ ਕਰ ਲੈਂਦਾ ਹੈ ਪਰ ਤਾਕਤਵਰ ਇਨਾ ਹੈ ਕਿ ਸ਼ੇਰ ਵਰਗਾ ਜੰਗ ਜੂ ਜਾਨਵਰ ਭੀ ਹਾਥੀ ਦੇ ਨੇੜੇ ਆਉਣ ਦੀ ਹਿੰਮਤ ਨਹੀਂ ਕਰਦਾ।

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ ॥
ਭੈ ਨਾਸਨ ਦੁਰਮਤਿ ਹਰਨ, ਕਲਿ ਮੈ ਹਰਿ ਕੋ ਨਾਮੁ ॥
ਨਿਸਿ ਦਿਨੁ ਜੋ ਨਾਨਕ ਭਜੈ, ਸਫਲ ਹੋਹਿ ਤਿਹ ਕਾਮ ॥ (1427)



ਤਨ ਮਨ ਦੇ ਰੋਗੀ

ਸਮਾਜ ਵਿੱਚ ਅਜਿਹੇ ਲੋਕਾਂ ਦੀ ਬਹੁਤਾਤ ਹੈ ਜਿਨ੍ਹਾਂ ਨੂੰ ਹੋਰ ਬਹੁਤ ਸਾਰੀ ਜਾਣਕਾਰੀ ਹੁੰਦੀ ਹੈ ਪਰ ਆਪਣੇ ਤਨ ਅਤੇ ਮਨ ਬਾਰੇ ਕੋਈ ਗਿਆਨ ਨਹੀਂ ਹੁੰਦਾ। ਚਲੋ ਮੰਨ ਲੈਂਦੇ ਹਾਂ ਕਿ ਮਨ ਦਾ ਵਿਸ਼ਾ ਔਖਾ ਹੈ ਤਨ (ਸਰੀਰ) ਬਾਰੇ ਤਾਂ ਮੋਟੀ ਮੋਟੀ ਜਾਣਕਾਰੀ ਹੋਣੀ ਹੀ ਚਾਹੀਦੀ ਹੈ ਪਰ ਅਜਿਹਾ ਭੀ ਨਹੀਂ ਹੁੰਦਾ। ਥੋੜ੍ਹ ਚਿਰੇ ਸੁਆਦ ਲਈ ਅਸੀਂ ਬਹੁਤ ਕੁੱਝ ਖਾ ਪੀ ਲੈਂਦੇ ਹਾਂ, ਉਸ ਦੇ ਨਫੇ-ਨੁਕਸਾਨ ਬਾਰੇ ਕੁੱਝ ਪਤਾ ਨਹੀਂ। ਕਿਹੋ ਜਿਹਾ ਕੰਮ ਕਰਨ ਵਾਲੇ ਲਈ ਕਿਸ ਤਰ੍ਹਾਂ ਦੀ ਖੁਰਾਕ ਹੋਣੀ ਚਾਹੀਦਾ ਹੈ, ਕੋਈ ਜਾਣਕਾਰੀ ਨਹੀਂ ਹੁੰਦੀ। ਬਿਮਾਰੀਆਂ ਸਹੇੜ ਕੇ ਦੁੱਖ ਭੋਗ ਕੇ ਜਦੋਂ ਤੱਕ ਸਮਝ ਆਉਂਦੀ ਹੈ, ਉਦੋਂ ਤੱਕ ਸਰੀਰ ਦਾ ਖ਼ਾਤਮਾ ਹੋਣ ਵਾਲਾ ਹੁੰਦਾ ਹੈ। ਦੁੱਧ-ਮੱਖਣ ਤੇ ਪਨੀਰ ਆਦਿ ਬਹੁਤ ਚੰਗੇ ਹਨ ਪਰ ਉਨ੍ਹਾਂ ਲਈ ਜੋ ਸਰੀਰਕ ਸ਼ਕਤੀ ਵਾਲਾ ਕੰਮ ਜ਼ਿਆਦਾ ਕਰਦੇ ਹਨ। ਅੱਜ ਦੇ ਸਮੇਂ ਵਿੱਚ ਤਾਂ (ਅਤੀ ਗ਼ਰੀਬਾਂ ਨੂੰ ਛੱਡ ਕੇ) ਸਰੀਰਕ ਸ਼ਕਤੀ ਵਾਲੇ ਕੰਮ ਮਸ਼ੀਨਾਂ ਨੇ ਖ਼ਤਮ ਹੀ ਕਰ ਦਿੱਤੇ ਹਨ। ਦਸ ਕਦਮ ਟੁਰ ਕੇ ਨਹੀਂ ਜਾਣਾ, ਆਂਵਾ ਜਾਈ ਦੇ ਸਾਧਨ ਹਨ। ਘਰਾਂ ਵਿੱਚ ਕੰਮ ਕਰਨ ਵਾਲੀਆਂ ਬਹੁਤ ਸਾਰੀਆਂ ਮਸ਼ੀਨਾਂ ਹਨ। ਪਾਣੀ ਲਈ ਬਿਜਲੀ ਦੀ ਮੋਟਰ ਹੈ, ਕੱਪੜੇ ਧੋਣ ਲਈ ਮਸ਼ੀਨ ਹੈ। ਖਾਣੇ ਵਿਚਲੇ ਸੁਆਦਾਂ ਵਿੱਚ ਕਾਫੀ ਵਾਧਾ ਹੋ ਗਿਆ ਹੈ। ਇਨ੍ਹਾਂ ਸੁਆਦਾਂ ਦੇ ਕਾਰਨ ਲੋਕੀਂ ਜ਼ਿਆਦਾ ਖਾ ਜਾਂਦੇ ਹਨ। ਹਜ਼ਮ ਕਰਨ ਲਈ ਕੰਮ ਨਹੀਂ ਕਰਦੇ ਸਗੋਂ ਹੋਰ ਗੋਲੀਆਂ ਤੇ ਹੋਰ ਖੱਟੇ-ਮਿੱਠੇ ਜੂਸ ਆਦਿ ਪੀਂਦੇ ਹਨ। ਛਾਤੀ ਦੀਆਂ ਪਸਲੀਆਂ ਤੋਂ ਬਾਹਰ ਵਧਿਆ ਹੋਇਆ ਪੇਟ ਦੱਸ ਰਿਹਾ ਹੁੰਦਾ ਹੈ ਕਿ ਇਹ ਇਨਸਾਨ ਲੋੜ ਨਾਲੋਂ ਵੱਧ ਖੁਰਾਕ ਖਾ ਰਿਹਾ ਹੈ। ਜੋ ਵਿਅਕਤੀ ਆਪਣੇ ਆਪੇ 'ਤੇ ਕਾਬੂ ਨਹੀਂ ਰੱਖ ਸਕਦਾ, ਹੋਰ ਕਿਸੇ ਦਾ ਕੀ ਸੰਵਾਰੇਗਾ ?

ਇੱਕ ਫ਼ਕੀਰ ਹੋ ਗੁਜਰਿਆ ਹੈ ਬਾਇਜੀਦ। ਆਪਣੇ ਆਲੇ-ਦੁਆਲੇ ਇਸ ਦੀ ਕਾਫੀ ਮਾਨਤਾ ਸੀ। ਲੋਕੀਂ ਨਮਸਕਾਰਾਂ ਕਰਨ, ਸਲਾਹਾਂ ਲੈਣ ਦੁਆਵਾਂ ਕਰਾਉਣ ਆਉਂਦੇ ਹੀ ਰਹਿੰਦੇ ਸਨ। ਇੱਕ ਪ੍ਰਵਾਰ ਲੰਮੇਂ ਸਮੇਂ ਦੀ ਉਡੀਕ ਤੋਂ ਬਾਅਦ ਘਰ ਦੀ ਨੂੰਹ ਰਾਣੀ ਨੂੰ ਫ਼ਕੀਰ ਕੋਲ ਲੈ ਆਇਆ। ਸਾਰਿਆਂ ਨੇ ਆ ਕੇ ਸਿਜਦਾ ਕੀਤਾ। ਯਥਾ ਸ਼ਕਤ ਭੇਟਾ ਰੱਖੀ। ਲਿਆਂਦੀ ਗਈ ਔਰਤ ਦੇ ਪਤੀ ਨੇ ਨਿਮਰਤਾ ਸਹਿਤ ਅਰਜ਼ ਕੀਤੀ, "ਪੀਰ ਜੀ! ਸਾਡਾ ਵਿਆਹ ਹੋਏ ਨੂੰ ਦਸ ਕੁ ਸਾਲ ਹੋ ਚੁੱਕੇ ਹਨ। ਬੜੇ ਇਲਾਜ ਕਰਵਾਏ, ਕਈ ਸਾਧੂਆਂ-ਫ਼ਕੀਰਾਂ ਕੋਲ ਗਏ। ਕਿਧਰੇ ਖੈਰ ਪੱਲੇ ਨਹੀਂ ਪਈ। ਸਾਡੇ ਘਰ ਬੱਚਾ ਨਹੀਂ ਹੋਇਆ। ਤੁਸੀਂ ਕ੍ਰਿਪਾ ਕਰ ਕੇ ਕੋਈ ਅਰਦਾਸ ਜਾਂ ਦਵਾ ਦਾਰੂ ਦਾ ਪ੍ਰਬੰਧ ਕਰੋ ਤਾਂ ਕਿ ਅਸੀਂ ਭੀ ਸੰਤਾਨ ਦਾ ਸੁੱਖ ਮਾਣ ਸਕੀਏ।"

ਇਸ ਔਰਤ ਝੀ ਸਰੀਰਕ ਬਣਤਰ ਵੇਖ ਕੇ ਫ਼ਕੀਰ ਨੇ ਬਿਨਾਂ ਝਿਜਕ ਤੇ ਬਗ਼ੈਰ ਦੇਰੀ ਤੋਂ ਤੁਰੰਤ ਕਹਿ ਦਿੱਤਾ ਕਿ "ਤੁਸੀਂ ਸੰਤਾਨ ਦੀ ਆਸ ਲਾਈ ਬੈਠੇ ਹੋ। ਇਸ ਔਰਤ ਦੀ ਤਾਂ ਉਮਰ ਪੁੱਗ ਚੁੱਕੀ ਹੈ। ਅੱਜ ਤੋਂ ਠੀਕ ਚਾਲੀ ਦਿਨਾਂ ਤੋਂ ਬਾਅਦ ਇਸ ਦੀ ਮੌਤ ਹੋ ਜਾਏਗੀ। ਜਾਉ ਇਸ ਨੂੰ ਘਰ ਲੈ ਜਾਵੋ, ਕੁੱਝ ਦਿਨ ਸੇਵਾ ਕਰ ਲਵੋ।"

ਪਰਿਵਾਰ ਵਾਲਿਆਂ ਦੇ ਹੋਸ਼ ਗੁੰਮ ਹੋ ਗਏ, ਸੁਣ ਕੇ ਬੜਾ ਕਰਾਰਾ ਝਟਕਾ ਲੱਗਾ। ਕੀਹਦੇ ਅੱਗੇ ਫ਼ਰਿਆਦ ਕਰਨ ? ਸਾਰੇ ਇਲਾਕੇ ਵਿੱਚੋਂ ਮੰਨੀਦਾ ਇਹੋ ਫ਼ਕੀਰ ਸੀ। ਇਸੇ ਦੀ ਸ਼ਰਨ ਵਿੱਚ ਆਏ ਸਨ। ਇਸੇ ਫ਼ਕੀਰ ਵੱਲੋਂ ਮੌਤ ਦਾ ਐਲਾਨ ਸੁਣ ਕੇ ਬਹੁਤ ਵਿਆਕੁਲ ਹੋਏ। ਰੋਂਦੇ ਕੁਰਲਾਂਦੇ ਵਾਪਸ ਆਪਣੇ ਘਰ ਪਹੁੰਚ ਗਏ। ਸਾਰੀਆਂ ਖ਼ੁਸ਼ੀਆਂ ਘਰ ਵਿੱਚੋਂ ਅਲੋਪ ਹੋ ਗਈਆਂ। ਹੱਸਣਾ-ਖੇਡਣਾ ਬੰਦ ਹੋ ਗਿਆ। ਜਦੋਂ ਉਸ ਔਰਤ ਨੂੰ ਪਤਾ ਲੱਗਾ ਕਿ ਮੈਂ ਸਿਰਫ਼ ਚਾਲੀ ਦਿਨਾਂ ਦੀ ਮਹਿਮਾਨ ਹਾਂ, ਉਸ ਦਾ ਧੀਰਜ ਹਿੱਲ ਗਿਆ। ਨਾ ਕੁੱਝ ਖਾਵੇ ਨਾ ਪੀਵੇ। ਹਰ ਸਮੇਂ ਰੋਂਦੀ ਰਹੇ, ਤੜਪਦੀ ਰਹੇ। ਇਸ ਹਾਲਤ ਵਿੱਚ ਇੱਕ ਦਿਨ ਮੁਕਾਉਣਾ ਔਖਾ ਹੁੰਦਾ ਹੈ, ਚਾਲੀ ਦਿਨ ਬਿਤਾਉਣੇ ਤਾਂ ਮਾਨੋ ਅੱਗ 'ਤੇ ਲੇਟਣ ਨਿਆਂਈਂ ਸੀ। ਸਾਰੇ ਬੰਨੇ ਭੂਤਾਂ ਨੱਚਦੀਆਂ ਮਹਿਸੂਸ ਹੁੰਦੀਆਂ। ਡਿਗਦਿਆਂ ਢਹਿੰਦਿਆਂ ਰੋਂਦਿਆਂ ਵਿਲਕਦਿਆਂ ਚਾਲੀ ਦਿਨ ਬੀਤ ਗਏ। ਜਦੋਂ ਇਕਤਾਲੀਵਾਂ ਦਿਨ ਚੜ੍ਹਿਆ ਸਾਰਾ ਪ੍ਰਵਾਰ ਬਹੁਤ ਖ਼ੁਸ਼ ਹੋਇਆ ਕਿ ਚਲੋ ਹੁਣ ਇਹ ਬੀਬੀ ਬਚ ਗਈ ਹੈ। ਚਲੋ ਸਾਰੇ ਉਸੇ ਫ਼ਕੀਰ ਕੋਲ ਚਲਦੇ ਹਾਂ। ਅੰਨ-ਦਾਣਾ ਲੈ ਕੇ ਸਾਰਾ ਪ੍ਰਵਾਰ ਇਕੱਠਾ ਹੋ ਕੇ ਫ਼ਕੀਰ ਦੇ ਦਰ 'ਤੇ ਜਾ ਹਾਜ਼ਰ ਹੋਇਆ। ਅਰਜ ਕੀਤੀ, "ਮਹਾਰਾਜ ! ਤੁਸੀਂ ਚਾਲੀ ਦਿਨ ਪਹਿਲਾਂ ਕਿਹਾ ਸੀ ਕਿ ਇਸ ਬੀਬੀ ਦੇ ਸੰਤਾਨ ਨਹੀਂ ਹੋ ਸਕਦੀ, ਚਾਲੀ ਦਿਨਾਂ ਤੋਂ ਬਾਦ ਇਸ ਦੀ ਮੌਤ ਹੋ ਜਾਵੇਗੀ ਪਰ ਖ਼ੁਦਾ ਦਾ ਸ਼ੁਕਰ ਹੈ ਕਿ ਇਸ ਦੀ ਮੌਤ ਨਹੀਂ ਹੋਈ, ਅਜਿਹਾ ਕਿਵੇਂ ਹੋ ਗਿਆ ?" ਫ਼ਕੀਰ ਬਾਇਜੀਦ ਬੋਲਿਆ, "ਹੁਣ ਘਰ ਜਾਓ ਸੰਤਾਨ ਭੀ ਹੋ ਜਾਵੇਗੀ।" ਸਾਰੇ ਪ੍ਰਵਾਰ ਵਾਲੇ ਹੈਰਾਨ ਪ੍ਰੇਸ਼ਾਨ ਕਿ ਇਹ ਬਾਬਾ ਕੀ ਕਹਿ ਰਿਹਾ ਹੈ ? ਕਦੀ ਕੁੱਝ, ਕਦੀ ਕੁੱਝ। ਫਿਰ ਬੇਨਤੀ ਕੀਤੀ, "ਫ਼ਕੀਰ ਜੀ ! ਸਾਨੂੰ ਸਮਝ ਨਹੀਂ ਆਈ, ਪਹਿਲਾਂ ਤੁਸੀਂ ਆਖਿਆ ਸੀ, ਇਸ ਦੀ ਚਾਲੀ ਦਿਨਾਂ ਅੰਦਰ ਮੌਤ ਹੋ ਜਾਵੇਗੀ। ਅੱਜ ਕਹਿ ਰਹੇ ਹੋ ਸੰਤਾਨ ਭੀ ਹੋ ਜਾਵੇਗੀ, ਇਸ ਗੱਲ ਦਾ ਰਾਜ ਕੀ ਹੈ ?"

ਫ਼ਕੀਰ ਬਾਇਜੀਦ ਕਹਿਣ ਲੱਗਾ, "ਅਸਲ ਵਿੱਚ ਤੁਸੀਂ ਨਹੀਂ ਸਮਝ ਸਕੇ। ਗੱਲ ਇਹ ਸੀ ਕਿ ਇਸ ਬੀਬੀ ਦਾ ਮੋਟਾਪਾ ਇੰਨਾ ਜ਼ਿਆਦਾ ਸੀ, ਇੰਨਾ ਜ਼ਿਆਦਾ ਸੀ, ਮੈਨੂੰ ਮਹਿਸੂਸ ਹੋਇਆ ਕਿ ਇਸ ਨੇ ਮਹੀਨੇ ਡੇਢ ਮਹੀਨੇ ਵਿੱਚ ਮਰ ਹੀ ਜਾਣਾ ਹੈ। ਮੋਟਾਪਾ ਹੋਣ ਕਾਰਨ ਹੀ ਇਹ ਮਾਂ ਨਹੀਂ ਸੀ ਬਣ ਸਕੀ। ਹੁਣ ਜਦੋਂ ਇਸ ਨੂੰ ਚਾਲੀ ਦਿਨਾਂ ਅੰਦਰ ਮੌਤ ਆਈ ਦਿੱਸਣ ਲੱਗੀ ਤਾਂ ਇਸ ਨੇ ਖਾਣਾ ਤਿਆਗ ਦਿੱਤਾ ਜਾਂ ਘਟਾ ਦਿੱਤਾ। ਖੁਰਾਕ ਘੱਟ ਕਰਨ 'ਤੇ ਹੀ ਮੋਟਾਪਾ ਖ਼ਤਮ ਹੋ ਗਿਆ। ਚਰਬੀ ਢਲ ਗਈ ਹੈ। ਜਦੋਂ ਸਰੀਰ ਸਾਧਾਰਨ ਹਾਲਤ ਵਿੱਚ ਹੋਵੇਗਾ ਤਾਂ ਬੱਚਾ ਭੀ ਜ਼ਰੂਰ ਹੋਵੇਗਾ। ਇਸ ਵਿੱਚ ਕਿਸੇ ਜੋਤਿਸ਼ ਦੀ ਲੋੜ ਨਹੀਂ, ਕਿਸੇ ਬ੍ਰਹਮ ਗਿਆਨਤਾ ਦੀ ਜ਼ਰੂਰਤ ਨਹੀਂ। ਜਾਓ ਸੁਖੀ ਵਸੋ, ਅੱਗੇ ਤੋਂ ਆਪੋ ਆਪਣੀ ਸਿਹਤ ਦਾ ਖ਼ਿਆਲ ਰੱਖਣਾ, ਖ਼ੁਸ਼ੀਆਂ ਮਾਣੋ ॥

ਖਾਇਆ ਮੈਲੁ ਵਧਾਇਆ, ਪੈਧੈ ਘਰ ਕੀ ਹਾਣਿ ॥
ਬਕਿ ਬਕਿ ਵਾਦੁ ਚਲਾਇਆ, ਬਿਨੁ ਨਾਵੈ ਬਿਖੁ ਜਾਣਿ ॥ (1331)

★★★★★★

.ਫ਼ਕੀਰ ਦਾ ਕੰਬਲ


ਜੈਨੀ ਲੋਕਾਂ ਵਿੱਚ ਧਰਮ ਪ੍ਰਚਾਰਕਾਂ ਵਾਸਤੇ ਮਾਨਤਾ ਹੈ ਕਿ ਉਨ੍ਹਾਂ ਨੇ ਆਪਣੇ ਲਈ ਕੋਈ ਜ਼ਮੀਨ ਜਾਇਦਾਦ ਨਹੀਂ ਬਣਾਉਣੀ। ਸਰੀਰ 'ਤੇ ਕੱਪੜੇ ਭੀ ਨਹੀਂ ਪਾਉਣੇ। ਜੇ ਨਾ ਹੀ ਸਰਦਾ ਹੋਵੇ ਤਾਂ ਕੇਵਲ ਇੱਕ ਲੰਗੋਟੀ ਨਾਲ ਕੰਮ ਸਾਰ ਲੈਣਾ ਹੈ। ਸਦੀਆਂ ਤੋਂ ਇਨ੍ਹਾਂ ਲੋਕਾਂ ਨੇ ਇਹੀ ਤਿਆਗ ਦਾ ਰਾਹ ਫੜਿਆ ਹੋਇਆ ਹੈ। ਦੂਜਾ ਪੱਖ ਇਹ ਭੀ ਹੈ ਕਿ ਜੈਨ ਧਰਮ ਨੂੰ ਮੰਨਣ ਵਾਲੇ ਬਹੁਤ ਵੱਡੇ-ਵੱਡੇ ਧਨਾਢ ਲੋਕ ਹਨ। ਕਾਰਖਾਨੇਦਾਰ, ਵਾਪਾਰੀ ਹਨ। ਖੇਤੀ ਵਰਗੇ ਕੰਮ ਨਹੀਂ ਕਰਦੇ। ਇਨ੍ਹਾਂ ਦੀ ਮਨੌਂਤ ਹੈ ਕਿ ਖੇਤੀ ਕਰਨ ਨਾਲ ਜੀਵ ਹੱਤਿਆ ਹੁੰਦੀ ਹੈ। ਜਿਸ ਕੰਮ ਵਿੱਚ ਜੀਵ ਹੱਤਿਆ ਨਾ ਹੋਵੇ, ਉਹੀ ਕੰਮ ਕਰਨਾ ਹੈ। ਦੂਜੇ ਪਾਸੇ ਵਾਪਾਰ ਵਿੱਚ ਭਾਵੇਂ ਜਿੰਨੀ ਮਰਜ਼ੀ ਲੁੱਟ ਕਰ ਲਈ ਜਾਵੇ, ਇਨ੍ਹਾਂ ਨੂੰ ਬੁਰਾ ਨਹੀਂ ਲਗਦਾ। ਗ਼ਰੀਬਾਂ ਦਾ ਹੱਕ ਜਿੰਨਾ ਦਿਲ ਕਰੇ ਲੁੱਟ ਲਿਆ ਜਾਵੇ, ਕੋਈ ਪਾਪ ਨਹੀਂ ਲਗਦਾ। ਸੰਨ 1983 ਦੀਆਂ ਅਖ਼ਬਾਰੀ ਸੁਰਖੀਆਂ ਵਿੱਚ ਬਠਿੰਡੇ ਸ਼ਹਿਰ ਦਾ ਇੱਕ ਵਾਪਾਰੀ ਖ਼ੂਬ ਚਮਕਦਾ ਰਿਹਾ। ਇਹ ਵਾਪਾਰੀ ਵੱਡਾ ਕਾਰਖਾਨੇਦਾਰ ਸੀ। ਬਠਿੰਡੇ ਵਿੱਚ ਇਸ ਦਾ ਸਾਬਣ ਬਣਾਉਣ ਦਾ ਕਾਫ਼ੀ ਵੱਡਾ ਕਾਰਖਾਨਾ ਸੀ। ਪੁਲਿਸ ਛਾਪੇ ਦੌਰਾਨ ਇਸ ਦੇ ਕਾਰਖਾਨੇ ਵਿੱਚੋਂ ਹਜ਼ਾਰਾਂ ਪੀਪੇ ਗਾਵਾਂ ਦੀ ਚਰਬੀ ਪ੍ਰਾਪਤ ਹੋਈ। ਇਸ ਨੇ ਪੁੱਛਣ 'ਤੇ ਦੱਸਿਆ f. ਸਾਰੇ ਤਰ੍ਹਾਂ ਦੀਆਂ ਸਾਬਣਾਂ ਵਿੱਚ ਚਰਬੀ ਪੈਂਦੀ ਹੈ। ਸਾਰਾ ਸੁੰਦਰਤਾ ਨਾਲ ਸਬੰਧਤ (ਮੇਕਅੱਪ) ਸਾਮਾਨ ਚਰਬੀ ਨਾਲ ਹੀ ਤਿਅਰ ਹੁੰਦਾ ਹੈ। ਲਗਪਗ 99 ਫ਼ੀ ਸਦੀ ਦੰਦਾਂ ਦੀ ਸਫ਼ਾਈ ਕਰਨ ਵਾਲੇ ਮੰਜਨਾਂ ਵਿੱਚ ਭੀ ਚਰਬੀ ਪੈਂਦੀ ਹੈ। ਉਸ ਨੇ ਦੱਸਿਆ ਕਿ ਮੈਂ ਇਹ ਚਰਬੀ ਆਸਟ੍ਰੇਲੀਆ ਤੋਂ ਮੰਗਾਉਂਦਾ ਹਾਂ। ਕੁੱਝ ਰਾਜਨੀਤੀਵਾਨਾਂ ਨੇ ਉਸ ਨੂੰ ਬਦਨਾਮ ਕੀਤਾ। "ਧਰਮੀ" ਲੋਕਾਂ ਨੇ ਉਸ ਦਾ ਅਪਮਾਨ ਕੀਤਾ। ਪੁਲਿਸ ਨੇ ਲੁੱਟਿਆ, ਅਦਾਲਤਾਂ ਨੇ "ਘਸੀਟਿਆ"। ਪੰਦਰਾਂ ਸਾਲ ਮੁਕੱਦਮਾ ਲੜਦਿਆਂ ਉਸ ਦੀ ਘੀਸੀ ਹੋ ਗਈ। ਉਸ ਦਾ ਕਾਰਖਾਨਾ ਬੰਦ ਹੋ ਗਿਆ। ਮਸ਼ੀਨਾਂ ਕਬਾੜੀਆਂ ਨੂੰ ਵੇਚੀਆਂ। ਕਾਰਖਾਨੇ ਵਾਲੀ ਜ਼ਮੀਨ ਰਾਜਨੀਤੀ ਵਿਚਲੇ ਭੂਮਾਫੀਏ ਨੇ ਕੌਡੀਆਂ ਦੇ ਭਾਅ ਹਥਿਆ ਲਈ। ਅੱਗੋਂ ਪਲਾਟ ਬਣਾ ਕੇ ਵੇਚਦਿਆਂ ਕਰੋੜਾਂ ਦੀ ਕਮਾਈ ਕਰ ਲਈ। ਕਾਰਖਾਨੇਦਾਰ ਜੈਨੀ ਭਾਈ ਕਿਧਰੇ ਬਾਹਰ ਜਾ ਕੇ ਬਸ ਗਿਆ। ਇਉਂ "ਗਊ ਮਾਤਾ" ਦੀ ਸੇਵਾ ਕੀਤੀ ਗਈ।

ਜਿਸ ਜੈਨੀ ਫ਼ਕੀਰ ਦਾ ਅਸੀਂ ਇਥੇ ਜ਼ਿਕਰ ਕਰ ਰਹੇ ਹਾਂ ਉਹ ਬਹੁਤ ਪਹਿਲਾਂ ਹੋ ਚੁੱਕਿਆ ਹੈ। ਕਹਿੰਦੇ ਹਨ ਕਿ ਉਹ ਸਾਧ ਇੱਕ ਝੌਂਪੜੀ ਬਣਾ ਕੇ ਸ਼ਹਿਰ ਵਿਚਲੀ ਕਿਸੇ ਖ਼ਾਲੀ ਥਾਂ 'ਤੇ ਦਿਨ ਕੱਟੀ ਕਰ ਰਿਹਾ ਸੀ। ਰਾਤ ਕੱਟਣ ਲਈ ਇੱਕੋ ਕੰਬਲ ਸੀ। ਰਾਤ ਦਾ ਗੂੜ੍ਹਾ ਹਨ੍ਹੇਰਾ ਦੋ ਚੋਰ, ਚੋਰੀ ਕਰਨ ਆਏ। ਕਿਸੇ ਅਮੀਰ ਘਰ ਵਿੱਚ ਸੰਨ ਲਾਉਣ ਦੀ ਤਿਆਰੀ ਕਰ ਰਹੇ ਸਨ। ਸਾਧ ਦੀ ਝੁੱਗੀ ਵਿੱਚ ਦਾਖ਼ਲ ਹੋ ਗਏ। ਸੋਚਿਆ ਸ਼ਾਇਦ ਇਥੋਂ ਭੀ ਕੋਈ ਕੰਮ ਦੀ ਚੀਜ਼ ਮਿਲ ਜਾਵੇ। ਫ਼ਕੀਰ ਬੋਲ ਪਿਆ- "ਚੋਰ ਭਾਈ! ਮੇਰੇ ਘਰ ਵਿੱਚ ਆਉਣ 'ਤੇ ਤੁਹਾਡਾ ਸੁਆਗਤ ਹੈ। ਤੁਸੀਂ ਮੈਨੂੰ ਭੀ ਇਸ ਕਾਬਲ ਸਮਝਿਆ ਜਿਵੇਂ ਮੈਂ ਕੋਈ ਮਾਲਦਾਰ ਅਸਾਮੀ ਹੋਵਾਂ। ਬਹੁਤ ਅਫ਼ਸੋਸ ਹੈ ਕਿ ਤੁਸੀਂ ਮੈਨੂੰ ਆਉਣ ਬਾਰੇ ਪਹਿਲਾਂ ਨਹੀਂ ਦੱਸਿਆ। ਵਰਨਾ ਮੈਂ ਤੁਹਾਡੇ ਲਿਜਾਣ ਲਈ ਬਾਜ਼ਾਰ ਵਿੱਚੋਂ ਕੁੱਝ

ਸਾਮਾਨ ਮੰਗਵਾ ਕੇ ਰੱਖ ਲੈਂਦਾ, ਤੁਹਾਨੂੰ ਖ਼ਾਲੀ ਹੱਥ ਨਾ ਮੁੜਨਾ ਪੈਂਦਾ। ਮੇਰੀ ਭੀ ਇੱਜ਼ਤ ਰਹਿ ਜਾਂਦੀ। ਤੁਹਾਡੀ ਭੀ ਇੱਜ਼ਤ ਰਹਿ ਜਾਂਦੀ। ਹੁਣ ਮੇਰੇ ਕੋਲ ਹੋਰ ਤਾਂ ਦੇਣ ਲਈ ਕੁੱਝ ਹੈ ਨਹੀਂ। ਆਹ ਇੱਕ ਕੰਬਲ ਹੈ, ਇਹ ਤੁਸੀਂ ਜ਼ਰੂਰ ਲੈ ਜਾਓ। ਖ਼ਾਲੀ ਹੱਥ ਮੁੜਨਾ ਚੰਗਾ ਨਹੀਂ ਲਗਦਾ।"

ਚੋਰ ਕੰਬਲ ਲੈ ਕੇ ਚਲੇ ਗਏ। ਕਿਸੇ ਅਮੀਰ ਦੇ ਘਰ ਚੋਰੀ ਕੀਤੀ, ਚੰਗਾ ਮਾਲ ਹੱਥ ਲੱਗਿਆ ਪਰ ਘਰ ਵਾਲਿਆਂ ਨੂੰ ਬਿੜਕ ਆਈ ਤਾਂ ਰੌਲਾ ਪਾ ਦਿੱਤਾ। ਚੋਰ ਕੀਮਤੀ ਮਾਲ ਲੈ ਕੇ ਦੌੜ ਗਏ। ਪੁਲਿਸ ਨੂੰ ਖ਼ਬਰ ਦਿੱਤੀ ਗਈ। ਥਾਉਂ ਥਾਈਂ ਨਾਕੇ ਲਾਏ, ਘੋੜੇ ਦੌੜਾਏ। ਕਾਫੀ ਸਾਰੇ ਸ਼ੱਕੀ ਬੰਦੇ ਫੜ ਕੇ ਵੱਡੇ ਅਫ਼ਸਰ ਅੱਗੇ ਪੇਸ਼ ਕੀਤੇ ਗਏ। ਜੈਨੀ ਫ਼ਕੀਰ ਜਿਥੇ ਜਾਂਦਾ ਸੀ, ਆਪਣਾ ਕੰਬਲ ਮੋਢੇ 'ਤੇ ਹੀ ਰੱਖਦਾ ਸੀ। ਬਹੁਤ ਸਾਰੇ ਲੋਕ ਉਸ ਦੇ ਕੰਬਲ ਤੋਂ ਵਾਕਫ਼ ਸਨ। ਜਦੋਂ ਉਹੀ ਕੰਬਲ ਚੋਰਾਂ ਕੋਲ ਵੇਖਿਆ, ਕਿਸੇ ਨੇ ਝੱਟ ਕਹਿ ਦਿੱਤਾ ਕਿ ਜੈਨੀ ਫ਼ਕੀਰ ਨੂੰ ਬੁਲਾ ਕੇ ਇਨ੍ਹਾਂ ਦੀ ਸ਼ਨਾਖ਼ਤ ਕਰਵਾਉ ਕਿਉਂਕਿ ਆਹ ਕੰਬਲ ਜੋ ਇਨ੍ਹਾਂ ਤੋਂ ਮਿਲਿਆ ਹੈ, ਉਸੇ ਸਾਧ ਦਾ ਹੈ। ਸਾਧ ਨੂੰ ਬੁਲਾਇਆ ਗਿਆ, ਸ਼ਨਾਖਤ ਕਰਨ ਲਈ ਕਿਹਾ। ਸਾਧ ਕਹਿਣ ਲੱਗਾ, "ਭਾਈ ਇਹ ਤਾਂ ਬਹੁਤ ਭਲੇ ਮਾਣਸ ਨੇ। ਮੇਰੇ ਕੋਲ ਕਾਫ਼ੀ ਦੇਰ ਬੈਠੇ ਰਹੇ। ਕੰਬਲ ਮੈਂ ਖ਼ੁਦ ਇਨ੍ਹਾਂ ਨੂੰ ਦਿੱਤਾ ਹੈ। ਅਜਿਹੇ ਨੌਜੁਆਨ ਚੋਰ ਨਹੀਂ ਹੋ ਸਕਦੇ।" ਪੁਲਿਸ ਅਫ਼ਸਰ ਨੇ ਦੱਸਿਆ ਕਿ "ਬਾਬਾ ਜੀ! ਗੱਲ ਤੁਹਾਡੇ ਕੰਬਲ ਚੋਰੀ ਦੀ ਨਹੀਂ ਹੈ ਸਗੋਂ ਇਨ੍ਹਾਂ ਨੇ ਤੁਹਾਡੀ ਝੌਂਪੜੀ ਦੇ ਨੇੜੇ ਵਾਲੇ ਘਰ ਵਿੱਚ ਚੋਰੀ ਕੀਤੀ ਹੈ, ਉਸੇ ਬਾਰੇ ਗੱਲਬਾਤ ਚੱਲ ਰਹੀ ਹੈ।" ਸਾਧ ਕਹਿਣ ਲੱਗਿਆ, "ਇਹ ਚੰਗੇ ਬੰਦੇ ਹਨ, ਚੋਰ ਕੋਈ ਹੋਰ ਹੋਣਗੇ, ਮੇਰੇ ਆਖੇ ਇਨ੍ਹਾਂ ਨੂੰ ਛੱਡ ਦਿਓ।" ਅਫ਼ਸਰ ਨੇ ਉਨ੍ਹਾਂ ਨੂੰ ਛੱਡ ਦਿੱਤਾ। ਦੋਵੇਂ ਬਾਹਰ ਆ ਕੇ ਸਾਧ ਦੇ ਪੈਰੀਂ ਪੈ ਗਏ। ਆਖੀ ਜਾਣ, "ਬਾਬਾ ਜੀ ਤੁਸੀਂ ਬਚਾ ਲਿਆ, ਜੇ ਤੁਸੀਂ ਸਾਡੇ ਹੱਕ ਵਿੱਚ ਨਾ ਬੋਲਦੇ, ਅਸੀਂ ਅੱਜ ਜੇਲ੍ਹ ਵਿੱਚ ਬੰਦ ਹੋ ਜਾਣਾ ਸੀ।" ਸਾਧ ਬੋਲਿਆ, "ਭਾਈ ਕਾਕਾ! ਅਸਲ ਵਿੱਚ ਆਹ ਜੋ ਮੇਰਾ ਕੰਬਲ ਹੈ ਨਾ, ਇਹ ਬੜਾ ਕਰਾਮਾਤੀ ਹੈ। ਮੈਂ ਆਪਣੇ ਉਪਰ ਇਸ ਨੂੰ ਲੈ ਕੇ "ਸਿਮਰਨ" ਕਰਦਾ ਹਾਂ। ਰੱਬ ਅੱਗੇ ਸਰਬੱਤ ਦੇ ਭਲੇ ਦੀਆਂ ਅਰਦਾਸਾਂ ਕਰਦਾ ਹਾਂ। ਮੇਰੇ ਨਾਮ ਅਤੇ ਅਰਦਾਸਾਂ ਦਾ ਕੰਬਲ ਵਿੱਚ ਅਸਰ ਪਹੁੰਚ ਗਿਆ। ਜਿਸ ਕੰਮ ਲਈ ਮੈਂ ਇਸ ਨੂੰ ਕਹਾਂ, ਕੰਬਲ ਕਰ ਦਿੰਦਾ ਹੈ। ਇਸ ਨੂੰ ਮੈਂ ਕਿਹਾ ਸੀ, ਇਨ੍ਹਾਂ ਮੁੰਡਿਆਂ ਨੂੰ ਮੰਦੇ ਰਾਹ ਤੋਂ ਰੋਕਣ ਹੈ। ਕੰਬਲ ਨੇ ਆਪਣਾ ਕੰਮ ਕਰ ਵਿਖਾਇਆ। ਤੁਸੀਂ ਬਹੁਤ ਚੰਗੇ ਨੌਜੁਆਨ ਹੋ। ਐਵੇਂ ਕਦੀ ਗ਼ਲਤੀ ਹੋ ਜਾਂਦੀ ਹੈ। ਅੱਗੋਂ ਕਦੀ ਗ਼ਲਤੀ ਨਹੀਂ ਕਰਨੀ। ਜੇ ਕਰੋਗੇ ਤਾਂ ਮੈਂ ਆਪਣਾ ਕੰਬਲ ਤੁਹਾਨੂੰ ਫੜਨ ਲਈ ਦੁਬਾਰਾ ਭੇਜ ਦਿਆਂਗਾ। ਜਾਓ ਮੌਜਾਂ ਕਰੋ। ਕਿਰਤ ਕਮਾਈ ਜ਼ਰੂਰ ਕਰੋ ਪਰ ਹੱਕ ਸੱਚ ਦੀ ਕਰੋ।" ਦੋਵਾਂ ਨੌਜੁਆਨਾਂ ਨੇ ਸਾਧ ਦੇ ਚਰਨਾਂ 'ਤੇ ਮੱਥਾ ਟੇਕਿਆ। ਅੱਗੇ ਲਈ ਪ੍ਰਣ ਕੀਤਾ ਕਿ ਚੋਰੀ ਚਕਾਰੀ ਆਦਿ ਵਰਗੇ ਮੰਦੇ ਕੰਮ ਕਦੀ ਨਹੀਂ ਕਰਾਂਗੇ।

ਫਿਰਿ ਫਿਰਿ ਫਾਹੀ ਫਾਸੈ ਕਉਆ ॥ ਫਿਰਿ ਪਛੁਤਾਨਾ ਅਬ ਕਿਆ ਹੂਆ ॥
ਫਾਥਾ ਚੋਗ ਚੁਗੈ ਨਹੀ ਬੂਝੈ ॥ ਸਤਿਗੁਰੁ ਮਿਲੈ ਤ ਆਖੀ ਸੂਝੈ ॥ (935)



ਸਿਰ ਉੱਚਾ ਸਿਰ ਨੀਵਾਂ

ਦੁਨੀਆਂ ਭਰ ਵਿੱਚ ਜਿਥੇ ਭੀ ਮਨੁੱਖਤਾ ਵਸੀ ਹੋਈ ਹੈ, ਇੱਕ ਵਿਚਾਰ ਸਾਰਿਆਂ ਵਿੱਚ ਸਾਂਝਾ ਵੇਖਿਆ ਜਾ ਸਕਦਾ ਹੈ ਕਿ ਪੁਰਾਤਨਤਾ 'ਤੇ ਬਹੁਤ ਮਾਣ ਹੈ। ਕਈ ਵਾਰੀ "ਪੁਰਾਤਨ ਗੌਰਵ" ਦਾ ਮਾਣ ਹੰਕਾਰ ਦਾ ਰੂਪ ਧਾਰਨ ਕਰ ਲੈਂਦਾ ਹੈ। ਮੇਰਾ ਪਿਤਾ, ਦਾਦਾ, ਉਸ ਦਾ ਦਾਦਾ ਬਹੁਤ ਮਹਾਨ ਸੀ। ਸਾਡਾ ਖ਼ਾਨਦਾਨ ਸਦੀਆਂ ਤੋਂ ਮਹਾਨ ਹੈ। ਸਾਡਾ ਪਿਛੋਕੜ ਬੜਾ ਲਾਸਾਨੀ ਹੈ। ਸਾਡੀ ਪੈਦਾਇਸ਼ ਅਮਕੇ ਰਿਸ਼ੀ, ਭਗਤ, ਗੁਰੂ, ਪੀਰ ਤੋਂ ਹੋਈ ਹੈ। ਅਸੀਂ ਸੂਰਜ ਤੋਂ ਪੈਦਾ ਹੋਏ ਹਾਂ, ਸੂਰਜਵੰਸ਼ ਹਾਂ। ਸਾਡੀ ਕੁੱਲ ਚੰਦਰਮਾ ਤੋਂ ਚੱਲੀ ਸੀ। ਬੜੀ ਮਹਾਨ ਕੁੱਲ ਹੈ। ਅਸੀਂ ਇਸੇ ਲਈ ਚੰਦ੍ਰਵੰਸ਼ੀ ਹਾਂ। ਅਸੀਂ ਸੋਢੀ ਹਾਂ, ਬੇਦੀ ਹਾਂ। ਬ੍ਰਾਹਮਣ ਹਾਂ, ਖੱਤਰੀ ਹਾਂ। ਸਾਡੇ ਵਡੇਰੇ ਨੇ ਗੁਰੂ ਸਾਹਿਬ ਤੋਂ ਖੰਡੇ ਕੀ ਪਾਹੁਲ ਛਕੀ ਸੀ। ਸਾਡੇ ਇੱਕ ਬਜ਼ੁਰਗ ਨੇ ਇੱਥੋਂ ਦੀ ਲੰਘਦਿਆਂ ਗੁਰੂ ਸਾਹਿਬ ਜੀ ਅਤੇ ਸਿੱਖਾਂ ਨੂੰ ਜਲ ਛਕਾਇਆ ਸੀ। ਸਾਡੇ ਕੋਲ ਤਾਂ ਗੁਰੂ ਦੇ ਹੱਥਾਂ ਦੀ ਲਿਖੀ ਪੋਥੀ ਹੈ। ਓਏ ਭਾਈ ਸਾਡੇ ਕੋਲ ਉਨ੍ਹਾਂ ਦਾ ਹੁਕਮਨਾਮਾ ਹੈ। ਸਾਡੇ ਕੋਲ ਲੋਟਾ ਹੈ। ਸਾਡੇ ਕੋਲ ਰਬਾਬ ਹੈ। ਮੇਰੇ ਪਾਸ ਮਾਲਾ ਹੈ। ਸਾਡੇ ਘਰ ਵਿੱਚ ਗੁਰੂ ਸਾਹਿਬ ਜੀ ਦੇ ਬਸਤਰ ਹਨ, ਖੜਾਵਾਂ ਹਨ। ਸਾਡੇ ਘਰ ਵਿੱਚ ਤਾਂ ਗੁਰੂ ਸਾਹਿਬ ਦੀ ਕੋਈ ਨਿਸ਼ਾਨੀ ਨਹੀਂ ਸੀ ਪਰ ਅਸੀਂ ਉਸ ਜੰਡ 'ਤੇ ਕਬਜਾ ਕਰ ਲਿਆ ਹੈ, ਜਿਥੇ ਗੁਰੂ ਜੀ ਨੇ ਘੋੜਾ ਬੰਨ੍ਹਿਆ ਸੀ। ਅਸੀਂ ਉਸ ਥਾਂ 'ਤੇ ਆਪਣਾ "ਇਤਿਹਾਸਕ" ਗੁਰਦਵਾਰਾ ਬਣਾ ਲਿਆ ਹੈ। ਫਲਾਹੀ ਸਾਹਿਬ, ਟਾਹਲੀ ਸਾਹਿਬ, ਭੱਠਾ ਸਾਹਿਬ, ਕਿਆਰਾ ਸਾਹਿਬ, ਤਿੱਤਰ ਸਾਹਿਬ, ਘੋੜਾ ਸਾਹਿਬ ਆਦਿ ਬਣਾਉਣ ਵਾਲੇ ਕਿਸੇ ਤੋਂ ਪਿੱਛੇ ਕਿਉਂ ਰਹਿਣ ? ਫਿਰ ਕਈਆਂ ਨੇ ਐਲਾਨ ਕਰ ਦਿੱਤਾ ਕਿ ਸਾਡਾ ਡੇਰਾ, ਸਾਡੀ ਟਕਸਾਲ, ਸਾਡਾ ਪੰਥ (ਸੇਵਾ ਪੰਥੀ) ਗੁਰੂ ਸਾਹਿਬ ਜੀ ਨੇ ਆਪ ਸ਼ੁਰੂ ਕੀਤਾ ਹੈ। ਇਹ ਜਥੇਬੰਦੀ ਕੋਈ ਮਾਮੂਲੀ ਨਹੀਂ ਹੈ। ਮਹਾਨ ਯੋਧੇ ਭਾਈ ਦੀਪ ਸਿੰਘ ਤੋਂ ਚੱਲੀ ਹੈ, ਜਿਸ ਨੂੰ ਗੁਰੂ ਜੀ ਨੇ ਖ਼ੁਦ ਟਕਸਾਲ ਚਲਾਉਣ ਦੀ ਆਗਿਆ ਕੀਤੀ ਸੀ।

ਇਹ ਲਿਸਟ ਬਹੁਤ ਲੰਮੀ ਹੈ, ਹਰ ਕੋਈ ਆਪਣੇ ਤੋਂ ਪਹਿਲਾਂ ਹੋਏ ਗੁਰੂਆਂ-ਪੀਰਾਂ ਬਾਰੇ ਮਾਣ ਨਾਲ ਦੱਸਦਾ ਹੈ। ਮਹਾਂਪੁਰਖਾਂ ਨਾਲ ਵੱਡੇ ਖ਼ਾਨਦਾਨਾਂ ਨਾਲ ਆਪਣੇ ਆਪ ਨੂੰ ਸਬੰਧਤ ਕਰਦਾ ਹੈ। ਅਫ਼ਸੋਸ ਕਿ ਆਪਣੇ ਨਿੱਜ ਬਾਰੇ ਕੁੱਝ ਨਹੀਂ ਦੱਸਦਾ। ਮੈਂ ਕਿੰਨੀ ਵਿੱਦਿਆ ਪੜ੍ਹੀ ਹੈ। ਕਿੰਨਾ ਕੁ ਧਰਮ ਬਾਰੇ ਗਿਆਨ ਹੈ। ਰਾਜਨੀਤੀ ਬਾਰੇ ਇਤਨੀ ਕੁ ਸਮਝ ਹੈ। ਇਤਨੇ ਕੁ ਮੈਂ ਸਮਾਜ ਸੁਧਾਰ ਦੇ ਕੰਮ ਕੀਤੇ ਹਨ। ਸਮਾਜ ਵਿੱਚੋਂ ਬੇਇਨਸਾਫ਼ੀ ਖ਼ਤਮ ਕਰਨ ਵਾਸਤੇ ਮੈਂ ਇਸ ਤਰ੍ਹਾਂ ਦੇ ਕਾਰਜ ਕੀਤੇ ਹਨ, ਅੱਗੋਂ ਕਰ ਰਿਹਾ ਹਾਂ। ਸਮਾਜ ਦੇ ਕਲਿਆਣ ਲਈ ਮੈਨੂੰ ਇਤਨੀਆਂ ਮੁਸੀਬਤਾਂ ਝੱਲਣੀਆਂ ਪਈਆਂ। ਜੇਲ੍ਹਾਂ ਕੱਟੀਆਂ, ਜੁਰਮਾਨੇ ਭਰੇ ਜਾਂ ਮਾਰਾਂ ਖਾਧੀਆਂ। ਜਿਸ ਵੱਡੇ ਅਹੁਦੇ 'ਤੇ ਇਸ ਵਕਤ ਮੈਂ ਕਾਬਜ ਹਾਂ, ਇਥੇ ਅਪੜਨ ਲਈ ਮੈਂ ਕੀ-ਕੀ ਪਾਪੜ ਵੇਲੇ, ਸਾਜ਼ਿਸ਼ਾਂ ਰਚੀਆਂ, ਵੱਡਿਆਂ ਦੇ ਚਰਨ ਪੂਜੇ ਜਾਂ ਰਿਸ਼ਵਤਾਂ ਦਿੱਤੀਆਂ।

ਇਹ ਗੱਲਾਂ ਕੋਈ ਨਹੀਂ ਦੱਸਦਾ। ਆਪਣੇ ਤੋਂ ਪਹਿਲੇ ਦੀਆਂ "ਮਹਾਨਤਾਵਾਂ" ਦੀਆਂ ਫੜ੍ਹਾਂ ਸਾਰੇ ਮਾਰਦੇ ਹਨ। ਉਨ੍ਹਾਂ ਵਿੱਚ ਭੀ ਬਹੁਤਾ ਝੂਠ ਹੀ ਹੁੰਦਾ ਹੈ ਕਿਉਂਕਿ ਅਜਿਹਾ ਕੋਈ ਪ੍ਰਬੰਧ ਨਹੀਂ ਕਿ ਸੌ ਦੋ ਸੌ ਸਾਲ ਪਹਿਲਾਂ ਹੋਈਆਂ ਘਟਨਾਵਾਂ ਨੂੰ ਸਹੀ ਤਰੀਕੇ ਪਰਖਿਆ ਜਾ ਸਕੇ। ਆਪਣੀਆਂ ਕਮਜ਼ੋਰੀਆਂ ਨੂੰ ਲੁਕਾਉਣ ਵਾਸਤੇ ਮਨੁੱਖ ਪਿੱਛੇ ਦੀਆਂ ਗੱਲਾਂ ਕਰਦਾ ਹੈ। ਆਪਣੇ ਬਾਰੇ ਕੋਈ ਗੱਲ ਨਹੀਂ ਕਰਦਾ ਕਿ "ਮੈਂ ਹੁਣ ਕੀ ਹਾਂ।"

ਜਦੋਂ ਭੀ ਕੋਈ ਧਰਮੀ ਪੁਰਖ ਬਾਦਸ਼ਾਹਾਂ ਵੱਲੋਂ ਕੀਤੇ ਜਬਰ ਜ਼ੁਲਮ ਨੰਗੇ ਕਰਦਾ ਹੈ। ਜਦੋਂ ਭੀ ਕੋਈ ਸੱਚਾ ਧਰਮੀ ਪੁਰਖ ਧਰਮ ਵਿਚਲੇ ਪਾਖੰਡ ਤੇ ਲੁੱਟ ਨੂੰ ਨੰਗਿਆਂ ਕਰਦਾ ਹੈ। ਜਦੋਂ ਕੋਈ ਧਰਮੀ ਸੂਰਮਾ ਸਾਰੇ ਮਨੁੱਖਾਂ ਨੂੰ ਬ੍ਰਾਬਰ ਆਖਣ ਦੀ ਹਿੰਮਤ ਕਰਦਾ ਹੈ। ਉਸ ਵਕਤ ਬਾਦਸ਼ਾਹ ਅਜਿਹੇ ਮਨੁੱਖ ਲਈ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕਰਾਉਂਦਾ ਹੈ। ਅਜਿਹੇ ਵਿਅਕਤੀ ਵਿਰੁੱਧ, ਧਾਰਮਕ ਪੁਜਾਰੀ "ਧਰਮ ਲਈ ਖ਼ਤਰਾ ਹੈ, ਨਾਸਤਕ ਹੈ" ਦਾ ਫ਼ਤਵਾ ਜਾਰੀ ਕਰ ਦਿੰਦੇ ਹਨ। ਜੰਤਾ ਵਿਚਲੇ ਲੋਕ ਕੁੱਝ ਡਰਦੇ ਚੁੱਪ ਹੋ ਜਾਂਦੇ ਹਨ। ਕੁੱਝ ਨਾ ਸਮਝੀ ਕਾਰਨ ਖ਼ਾਮੋਸ਼ ਰਹਿੰਦੇ ਹਨ। ਬਹੁਤਿਆਂ ਨੂੰ ਪਤਾ ਹੀ ਨਹੀਂ ਲਗਦਾ ਕਿ ਹੋ ਕੀ ਰਿਹਾ ਹੈ। ਫਿਰ ਸਰਕਾਰਾਂ ਅਤੇ ਪੁਜਾਰੀ ਅਜਿਹੇ ਵਿਅਕਤੀ ਨੂੰ ਪਾਗਲ-ਪਾਗਲ ਕਹਿ ਕੇ ਸੂਲੀ ਚਾੜ੍ਹਦੀਆਂ ਹਨ। ਵੇਖਣ ਵਾਲੀਆਂ ਭੀੜਾਂ ਬਾਦਸ਼ਾਹ ਦੇ ਗੁਣ ਗਾਇਨ ਕਰਦੀਆਂ ਹਨ। ਪੁਜਾਰੀਆਂ ਦੇ ਚਰਨ ਪੂਜਦੀਆਂ ਹਨ। ਫਿਰ ਖ਼ੁਸ਼ੀ ਦੇ ਤਾਂਡਵ ਨਾਚ ਨੱਚੇ ਜਾਂਦੇ ਹਨ। ਸਮਾਂ ਬੀਤਣ ਨਾਲ ਜਦੋਂ ਤੱਕ ਅਗਲੀਆਂ ਪੀੜ੍ਹੀਆਂ ਨੂੰ ਸਮਝ ਆਉਂਦੀ ਹੈ, ਉਦੋਂ "ਪਾਗਲ ਕਹਿ ਕੇ ਫਾਂਸੀ ਟੰਗੇ ਬੰਦੇ" "ਸ਼ਹੀਦ" ਬਣ ਜਾਂਦੇ ਹਨ। ਉਨ੍ਹਾਂ ਦੇ ਸ਼ਹੀਦੀ ਅਸਥਾਨ ਬਣਦੇ ਹਨ। ਬੁੱਤ ਲਗਦੇ ਹਨ, ਜੋੜ ਮੇਲਿਆਂ 'ਤੇ ਇਕੱਠ ਜੁੜਦੇ ਹਨ। ਉਨ੍ਹਾਂ ਦੇ ਨਾਂ 'ਤੇ ਰਾਜਨੀਤੀ ਚਲਦੀ ਹੈ। ਵੋਟਾਂ ਬਟੋਰੀਆਂ ਜਾਂਦੀਆਂ ਹਨ। ਪੂਜਾ ਹੁੰਦੀ ਹੈ। ਸਾਰਾ ਕੁੱਝ ਹੁੰਦਾ ਹੈ ਪਰ ਉਨ੍ਹਾਂ ਦੀ ਕਹੀ ਗਈ ਗੱਲ ਨਹੀਂ ਮੰਨੀ ਜਾਂਦੀ। ਜੇ ਕੋਈ ਉਨ੍ਹਾਂ ਦੀ ਗੱਲ ਮੰਨਣ ਲਈ ਲੈਕਚਰ ਕਰੇਗਾ, ਉਸ ਨੂੰ ਭੀ ਪਾਗਲ, ਆਖ ਕੇ ਸੂਲੀ 'ਤੇ ਟੰਗ ਦਿੱਤਾ ਜਾਵੇਗਾ। ਬਸ ਇਹ ਇੱਕ ਜਨੂੰਨ ਹੈ। ਅੱਜ ਤੱਕ ਅਜਿਹੇ ਬੇਅੰਤ "ਪਾਗਲ" ਸੂਲੀ ਚਾਹੜੇ ਜਾ ਚੁੱਕੇ ਹਨ। ਅੱਗੋਂ ਹੋਰ ਪਾਗਲ, ਹੋਰ ਵੱਡੇ ਇਕੱਠਾਂ ਵਿੱਚ, ਵੱਡੀਆਂ ਧਰਤੀਆਂ 'ਤੇ ਵੱਡੇ ਅਸਮਾਨਾਂ ਹੇਠ, ਸੂਲੀ ਚੜ੍ਹਨ ਲਈ ਤਿਆਰ ਰਹਿਣਗੇ। ਜਿੰਨੀ ਦੇਰ ਤੱਕ ਅਸਲੀ ਪਾਗਲਾਂ ਨੂੰ ਹੋਸ਼ ਨਹੀਂ ਆ ਜਾਂਦੀ। ਪਹਿਲਾਂ ਸੂਲੀ ਚੜ੍ਹਾਉਣ ਵਾਲਿਆਂ ਦਾ ਸਿਰ ਉੱਚਾ ਹੋਇਆ ਸੀ। ਫਿਰ ਸਮਾਂ ਬੀਤਣ ਨਾਲ ਉਸੇ ਦੀ ਪੂਜਾ ਕਰਨ ਵਾਲਿਆਂ ਦਾ ਸਿਰ ਉੱਚਾ ਹੋਣ ਲੱਗ ਪਿਆ।

ਬੋਲਿ ਸੁ ਧਰਮੀੜਿਆ, ਮੋਨਿ ਕਤ ਧਾਰੀ ਰਾਮ ॥
ਤੂ ਨੇੜੀ ਦੇਖਿ ਚਲਿਆ, ਮਾਇਆ ਬਿਉਹਾਰੀ ਰਾਮ ॥
ਸੰਗਿ ਤੇਰੈ ਕਛੁ ਨ ਚਾਲੈ, ਬਿਨਾ ਗੋਬਿੰਦ ਨਾਮਾ ॥
ਦੇਸ ਵੇਸ ਸੁਵਰਨ ਰੁਪਾ, ਸਗਲ ਊਣੇ ਕਾਮਾ ॥ (547)

★★★★★★

ਆਜ਼ਾਦੀ

ਸੰਸਾਰ ਦੇ ਸਿਆਣਿਆਂ ਨੇ ਆਪੋ ਆਪਣੀ ਪਹੁੰਚ ਅਨੁਸਾਰ ਆਪਣੀ ਸਮਰੱਥਾ ਅਤੇ ਚਲੰਤ ਹਾਲਾਤ ਮੁਤਾਬਕ ਇਸ ਦੋ ਪੈਰਾਂ 'ਤੇ ਚੱਲਣ ਵਾਲੇ ਜੀਵ (ਮਨੁੱਖ) ਨੂੰ ਪਸ਼ੂਪੁਣੇ ਵਿੱਚੋਂ ਕੱਢ ਕੇ, ਸਹੀ ਮਾਇਨਿਆਂ ਵਿੱਚ ਇਨਸਾਨ ਬਣਨ ਲਈ ਉਪਦੇਸ਼ ਕੀਤੇ। ਮਨੁੱਖ ਨੂੰ ਸੰਜਮ ਵਿੱਚ ਰਹਿਣ ਲਈ ਪ੍ਰੇਰਨਾ ਦਿੱਤੀ। ਅਜਿਹੀਆਂ ਬੇਲੋੜੀਆਂ ਖਾਹਿਸ਼ਾਂ 'ਤੇ ਕਾਬੂ ਪਾਉਣ ਲਈ ਆਖਿਆ ਜੋ ਦੂਜਿਆਂ ਨੂੰ ਕਿਸੇ ਮੁਸ਼ਕਿਲ ਵਿੱਚ ਪਾਉਣ। ਜੋ ਆਪਣਾ ਨਿੱਜੀ ਨੁਕਸਾਨ ਕਰ ਦੇਣ। ਸਰੀਰਕ ਨੁਕਸਾਨ ਜਾਂ ਮਾਨਸਿਕ ਹਾਨੀ। ਹਰ ਇਨਸਾਨ ਦੂਜਿਆਂ ਦਾ ਪ੍ਰੇਰਨਾ ਸ੍ਰੋਤ ਹੋਵੇ, ਕਠੋਰ ਮਾਲਕ ਬਣਨ ਦੀ ਕੋਸ਼ਿਸ਼ ਨਾ ਕਰੇ। ਖ਼ੁਦ ਆਜ਼ਾਦ ਹੋਵੇ ਤੇ ਦੂਜਿਆਂ ਨੂੰ ਆਜ਼ਾਦੀ ਦਾ ਸੁੱਖ ਮਾਨਣ ਦੇਵੇ। ਇਸੇ ਲਈ ਚੋਟੀ ਦੇ ਸਿਆਣਿਆਂ ਨੇ ਮਨੁੱਖ ਲਈ ਕੁੱਝ ਬੰਦਿਸ਼ਾਂ ਲਾਈਆਂ ਹਨ। ਉਹ ਬੰਦਸ਼ਾਂ ਸਨ ਇਸ ਲਈ ਕਿ ਦੂਜੇ ਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ। ਸਮਾਂ ਪਾ ਕੇ ਰੋਕਾਂ ਧਰਮ ਦਾ ਹਿੱਸਾ ਬਣ ਕੇ "ਅੰਦਰੂਨੀ ਗ਼ੁਲਾਮੀ" ਦਾ ਕਾਰਨ ਬਣ ਗਈਆਂ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵੱਲ ਧਾਈ ਕਰਨ ਤੋਂ ਬੰਦਸ਼ ਸੀ। ਸੰਜਮ ਵਿੱਚ ਰਹਿਣ ਦੀ। ਇਸਤਰੀ ਦੇ ਮਨੋਭਾਵਾਂ ਦੀ ਕਦਰ ਕਰਨ ਵਾਸਤੇ ਧਰਮਾਂ ਨੇ ਸਿਖਾਣਾ ਚਾਹਿਆ ਸੀ। ਔਰਤ ਦੀ ਮਰਜ਼ੀ ਤੋਂ ਵਿਰੁੱਧ (ਧੱਕੇਸ਼ਾਹੀ ਨਾਲ) ਵਾਸਨਾ ਪੂਰਤੀ ਨਾ ਕੀਤੀ ਜਾਵੇ। ਦੋਵਾਂ ਧਿਰਾਂ ਦੀ ਸਹਿਮਤੀ ਹੋਵੇ। ਇਸਤਰੀ ਦੀ ਇੱਛਾ ਤੋਂ ਬਿਨਾਂ ਇਸ਼ ਨੂੰ ਕੁਕਰਮ ਪਾਪ ਜਾਂ ਵਿਭਚਾਰ ਮੰਨਿਆ ਜਾਵੇਗਾ। ਇਸ ਘੁੰਡੀ ਨੂੰ ਸਮਝਣ ਦੀ ਥਾਵੇਂ "ਕਾਮ" ਨੂੰ ਹੀ ਨਿੰਦਣਾ ਸ਼ੁਰੂ ਕਰ ਦਿੱਤਾ। ਔਰਤ ਨੂੰ "ਕਾਮਣੀ" ਆਖ ਕੇ ਭੰਡਣੀ ਸ਼ੁਰੂ ਕਰ ਦਿੱਤੀ। ਵਿਆਹ ਨਾ ਕਰਾਉਣਾ ਹੀ ਵੱਡਾ ਧਰਮ ਬਣ ਗਿਆ। ਬ੍ਰਹਮਚਾਰੀ ਹੀ ਪੂਜਣਯੋਗ ਬਣ ਗਿਆ। ਇਸੇ ਨੀਵੇਂ ਵਹਿਣ ਵਿੱਚ ਰੁੜ੍ਹਦਿਆਂ ਕਈ ਸਾਰੇ "ਸਾਧੂਆਂ, ਸੰਤਾਂ" ਨੇ ਆਪਣੇ ਲਿੰਗ ਹੀ ਕਟਵਾ ਦਿੱਤੇ। "ਨਾ ਰਹੇ ਬਾਂਸ, ਨਾ ਵੱਜੇ ਬਾਂਸਰੀ" ਵਾਲੀ ਗੱਲ ਕਰ ਵਿਖਾਈ। ਅਜਿਹੇ ਲੋਕ ਨਹੀਂ ਜਾਣਦੇ ਸਨ ਕਾਮ ਨਾਲ ਹੀ ਉਤਸ਼ਾਹ, ਜੋਸ਼, ਚੜ੍ਹਦੀਕਲਾ, ਜੋਆਨੀ, ਸੁੰਦਰਤਾ, ਕਲਾ ਸਾਹਿਤ ਆਦਿ ਅੰਤਰ ਸਬੰਧਤ ਹੈ। ਕਾਮ ਤੋਂ ਬਗ਼ੈਰ ਅੱਗੋਂ ਨਸਲ ਨਹੀਂ ਉਪਜੇਗੀ। ਕਾਮ ਤੋਂ ਬਿਨਾਂ ਇਸਤਰੀ ਪੁਰਖ ਦੀ ਪਿਆਰ ਖਿੱਚ ਖ਼ਤਮ ਹੋ ਜਾਵੇਗੀ। ਕੋਈ ਜੀਵਨ ਸਾਥੀ ਨਹੀਂ ਹੋਵੇਗਾ। ਪ੍ਰਵਾਰਿਕ ਜੀਵਨ ਦੇ ਖੇੜੇ ਖ਼ੁਸ਼ੀਆਂ ਅਲੋਪ ਹੋ ਜਾਣਗੇ। ਗੁਰੂ ਸਾਹਿਬ ਜੀ ਨੇ ਇਸ ਨੁਕਤੇ ਨੂੰ ਚੰਗੀ ਤਰ੍ਹਾਂ ਸਮਝਿਆ ਹੈ। ਸਾਰੇ ਪਹਿਲੂਆਂ 'ਤੇ ਵਿਚਾਰ ਕਰ ਕੇ ਗ੍ਰਿਸਤ ਨੂੰ ਪ੍ਰਵਾਨਗੀ ਦੇ ਕੇ ਬਾਕੀ ਸਾਰੇ ਆਸ਼ਰਮਾ (ਹਿੰਦੂਆਂ ਦੇ ਚਾਰ ਆਸ਼ਰਮ) ਵਿੱਚੋਂ ਪ੍ਰਧਾਨਗੀ ਬਖ਼ਸ਼ ਦਿੱਤੀ। ਇਸੇ ਤਰ੍ਹਾਂ ਬਾਕੀ ਮਨੁੱਖੀ ਜਜ਼ਬਿਆਂ ਨੂੰ ਲੈਣਾ ਚਾਹੀਦਾ ਹੈ। ਜਿਵੇਂ ਕਾਮ ਨੂੰ ਸੰਜਮ ਵਿੱਚ ਰੱਖਣਾ ਹੈ, ਇਸੇ ਤਰ੍ਹਾਂ ਕਰੋਧ ਨੂੰ ਬੀਰਤਾ ਵਿੱਚ ਲੋਭ ਨੂੰ ਪ੍ਰਵਾਰ ਤੇ ਸਮਾਜ ਦੀਆਂ ਲੋੜਾਂ ਵਿੱਚ। ਮੋਹ ਨੂੰ ਰਿਸ਼ਤੇ-ਨਾਤਿਆਂ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ। ਹੰਕਾਰ ਨੂੰ ਸਵੈਮਾਣ

ਵਿੱਚ, ਬੰਨ੍ਹ ਕੇ ਰੱਖਣਾ ਹੈ। ਆਜ਼ਾਦੀ ਕਿਸ ਹੱਦ ਤੱਕ, ਬੰਧਨ ਕਿਸ ਸੀਮਾ ਤੱਕ, ਇਸ ਗੁੰਝਲ ਦਾ ਚੰਗੀ ਤਰ੍ਹਾਂ ਪਤਾ ਹੋਵੇ। ਫਿਰ ਮਨੁੱਖ ਆਜ਼ਾਦੀ ਅਤੇ ਗ਼ੁਲਾਮੀ ਵਿੱਚ ਨਿਖੇੜਾ ਕਰਨ ਜੋਗ ਹੋ ਜਾਵੇਗਾ।

ਮਨੁੱਖ ਜੇ ਆਪਣੇ ਸਰੀਰ ਦੇ ਬਾਕੀ ਅੰਗਾਂ ਨੂੰ ਜ਼ਬਤ ਵਿੱਚ ਨਾ ਰੱਖੇ, ਉਹ ਭੀ ਗ਼ਲਤੀਆਂ ਕਰਦੇ ਹਨ। ਪੈਰ ਗ਼ਲਤ ਰਾਹ ਪੈਣ ਦੀ ਆਜ਼ਾਦੀ ਚਾਹੁੰਦੇ ਹਨ। ਹੱਥ ਬੁਰੇ ਕੰਮਾਂ ਦੀ ਆਜ਼ਾਦੀ ਮੰਗਦੇ ਹਨ। ਕੰਨ ਭੈੜੀ ਸਿੱਖਿਆ ਸੁਣਨ ਨੂੰ ਹੀ ਆਜ਼ਾਦੀ ਮੰਨਦੇ ਹਨ। ਅੱਖਾਂ ਪਰਾਏ ਰੂਪ ਨੂੰ ਨਿਗਲ ਲੈਣ ਦੀ ਖੁੱਲ੍ਹ ਚਾਹੁੰਦੀਆਂ ਹਨ। ਜੀਭ ਸਦਾ ਕੌੜਾ, ਬੇਥਵਾ, ਬੇ-ਰਸਾ ਬੋਲਣ ਦੀ ਆਜ਼ਾਦੀ ਚਾਹੁੰਦੀ ਹੈ। ਇਨ੍ਹਾਂ ਦੇ ਪਿੱਛੇ ਬੈਠਾ "ਮਨ ਰਾਜਾ" ਖੋਤਿਆਂ ਵਾਲੇ ਕੰਮ ਕਰਵਾਉਣ ਤੋਂ ਭੀ ਸ਼ਰਮ ਨਹੀਂ ਕਰਦਾ। ਹਜ਼ਾਰਾਂ ਸਾਲ ਦੀ ਦਿੱਤੀ ਜਾ ਰਹੀ ਸਿੱਖਿਆ ਭੀ ਮਨੁੱਖਤਾ ਨੂੰ ਅਜੇ ਸੰਜਮ ਵਿੱਚ ਨਹੀਂ ਲਿਆ ਸਕੀ। ਵੱਡੇ-ਵੱਡੇ ਧਰਮਾਤਮਾ, ਧਰਮ ਮੁਖੀਆਂ ਨੇ ਪੂਰੀ ਵਾਹ ਲਾਈ ਪਰ ਅਜੇ ਭੀ ਮਨੁੱਖ ਨੂੰ ਜਿਉਣਾ ਨਹੀਂ ਆਇਆ। ਉਸ ਉੱਚੀ ਅਵੱਸਥਾ ਨੂੰ ਪਹੁੰਚਣ ਵਾਲੇ ਟਾਵੇਂ-ਟਾਵੇਂ ਹੋਣਗੇ। ਬਹੁਗਿਣਤੀ ਲੋਕ ਤਾਂ ਬੇਕਾਬੂ ਹੋਇਆ ਦਰਿਆ ਹਨ। ਬੇਕਾਬੂ ਹੋਈ ਹਵਾ ਦਾ ਤੂਫ਼ਾਨ ਹਨ। ਬੇ ਕਾਬੂ ਹੋਈ ਅੱਗ ਦੇ ਭਾਂਬੜ ਹਨ। ਬੇਕਾਬੂ ਹੋਈਆਂ ਬੱਸਾਂ, ਰੇਲਾਂ ਤੇ ਕਾਰਾਂ ਆਦਿ ਹਨ। ਧਰਤੀ ਅਤੇ ਸੂਰਜ ਭੀ ਜੇ ਸੰਜਮ ਵਿੱਚ ਨਾ ਰਹਿਣ ਤਾਂ ਸਾਰੇ ਬੰਨੇ ਪਰਲੋ ਆ ਜਾਵੇਗੀ। ਦੋ ਚਾਰ ਵੱਡੇ ਵਿਸਫੋਟ (ਧਮਾਕੇ) ਹੋਣਗੇ ਤੇ ਸਭ ਕੁੱਝ ਖਾਕ ਬਣ ਕੇ ਉੱਡ ਜਾਵੇਗਾ। ਮਨੁੱਖ ਲਈ ਆਜ਼ਾਦੀ ਤਦੋਂ ਮਿਲੇਗੀ ਜਦੋਂ ਦੂਜੇ ਨੂੰ ਗ਼ੁਲਾਮੀ ਵਿੱਚ ਕੈਦ ਕਰਨ ਦੀ ਬਿਰਤੀ ਤਿਆਗ ਦੇਵੇਗਾ। ਜੇ ਮੈਂ ਆਜ਼ਾਦੀ ਚਾਹੁੰਦਾ ਹਾਂ ਤਾਂ ਦੂਸਰਿਆਂ ਲਈ ਭੀ ਆਜ਼ਾਦੀ ਉਤਨੀ ਹੀ ਜ਼ਰੂਰੀ ਹੈ।

ਇਥੇ ਇਸ ਘੁੰਡੀ ਨੂੰ ਸਮਝਣਾ ਬੜਾ ਜ਼ਰੂਰੀ ਹੈ ਕਿ ਧਰਮਾਂ ਨੇ ਮਨੁੱਖ ਨੂੰ ਆਜ਼ਾਦ ਕਰਨ ਦੀ ਬਹੁਤ ਵਕਾਲਤ ਕੀਤੀ ਹੈ। ਆਪਣੀ ਆਜ਼ਾਦੀ ਨੂੰ ਕਾਇਮ ਰੱਖਣ ਵਾਸਤੇ ਬੇਅੰਤ ਖ਼ੂਨ ਬਹਾਇਆ ਗਿਆ। ਬਾਹਰ ਦਿਸਦੀ ਗ਼ੁਲਾਮੀ ਤੋਂ ਕਈ ਵਾਰੀ ਮਨੁੱਖ ਆਜ਼ਾਦੀ ਹਾਸਲ ਕਰ ਲੈਂਦਾ ਹੈ। ਅੰਦਰਲੀ ਗ਼ੁਲਾਮੀ ਵਿੱਚ ਜਕੜਿਆ ਜਾਂਦਾ ਹੈ। ਮਨੁੱਖ ਦੇ ਆਪਣੇ ਧਰਮ ਵਿਚਲੇ, "ਧਰਮ ਭਾਈ" ਆਪਣੀਆਂ ਚਲਾਕੀਆਂ ਨਾਲ ਆਪਣੇ ਹੀ ਲੋਕਾਂ ਨੂੰ ਗ਼ੁਲਾਮ ਬਣਾ ਲੈਂਦੇ ਹਨ। ਕਈ ਵਾਰੀ ਰਹਿਤਾਂ ਜਾਂ ਪ੍ਰੰਪਰਾਵਾਂ ਦੀ ਗ਼ੁਲਾਮੀ ਗਲ ਪੈ ਜਾਂਦੀ ਹੈ। ਮਜ਼ਹਬ ਨੂੰ ਮਨੁੱਖੀ ਜ਼ਿੰਦਗੀ ਤੋਂ ਵੱਖ ਤਾਂ ਨਹੀਂ ਕੀਤਾ ਜਾ ਸਕਦਾ। ਇਸ ਦੀ ਵਰਤੋਂ ਮਨੁੱਖ ਨੂੰ ਆਜ਼ਾਦੀ ਦਿਵਾਉਣ ਲਈ ਕਰਨੀ ਚਾਹੀਦੀ ਹੈ। ਨਵੀਂ ਕਿਸਮ ਦੀ ਗ਼ੁਲਾਮੀ ਗਲ ਪੁਆਉਣ ਲਈ ਨਹੀਂ।


ਕਈ ਨਾ ਸਮਝ ਲੋਕ ਬੁਲਬੁਲਾਂ ਦੀ ਸੁੰਦਰਤਾ 'ਤੇ ਮੋਹਿਤ ਹੋ ਕੇ, ਉਨ੍ਹਾਂ ਦੇ ਪਿਆਰੇ ਗੀਤ ਸੁਣ ਕੇ, ਫੜ ਕੇ ਪਿੰਜਰਿਆਂ ਵਿੱਚ ਪਾ ਲੈਂਦੇ ਹਨ। ਆਪਣੇ ਮਹਿਲਾਂ ਦੀ ਖ਼ੂਬਸੂਰਤੀ ਵਿੱਚ ਵਾਧਾ ਕਰਨਾ ਚਾਹੁੰਦੇ ਹਨ। ਸ਼ਾਇਦ ਉਹ ਨਹੀਂ ਜਾਣਦੇ ਕਿ ਪਿੰਜਰੇ ਵਿੱਚ ਬੁਲਬੁਲਾਂ ਗੀਤ ਨਹੀਂ ਗਾਉਂਦੀਆਂ, ਬੇਬਸੀ ਵਿੱਚ ਰੋਂਦੀਆਂ ਹਨ, ਹੰਝੂ ਕੇਰਦੀਆਂ ਹਨ। ਪਿੰਜਰਿਆਂ ਵਿੱਚਲੇ ਪੰਛੀ ਬੱਚੇ ਪੈਦਾ ਨਹੀਂ ਕਰਦੇ। ਉਹ ਆਪਣੀ, ਔਲਾਦ ਨੂੰ ਗ਼ੁਲਾਮ ਮਾਹੌਲ ਵਿੱਚ

ਜਨਮ ਨਹੀਂ ਦਿੰਦੇ। ਗ਼ੁਲਾਮੀ ਵਿੱਚ ਪੀੜ੍ਹੀ ਦਰ ਪੀੜ੍ਹੀ ਨਹੀਂ ਰਹਿਣਾ ਚਾਹੁੰਦੇ। ਜੇਲ੍ਹਾਂ ਦੀਆਂ ਕਾਲਕੋਠੜੀਆਂ ਵਿੱਚ ਕਵੀ, ਸਾਹਿਤਕਾਰ ਜਾਂ ਸੰਗੀਤਕਾਰ ਪੈਦਾ ਨਹੀਂ ਹੋਇਆ ਕਰਦੇ। ਉਥੋਂ ਦੇ ਜਾਲਮਾਨਾ ਵਰਤਾਉ ਵਿੱਚੋਂ ਪੱਥਰ ਦਿਲ ਮੁਜ਼ਰਮ, ਡਾਕੂ ਤੇ ਕਾਤਲ ਪੈਦਾ ਹੁੰਦੇ ਹਨ। ਜੋ ਬਾਹਰ ਦੀ ਫ਼ਿਜ਼ਾ ਵਿੱਚ ਗੀਤ ਗਾਉਂਦੇ ਸਨ, ਜੇਲ੍ਹ ਵਿੱਚ ਬੰਦ ਹੋ ਕੇ ਜਾਰੋ ਜਾਰ ਰੋਂਦੇ ਹਨ। ਲਾਠੀ ਗੋਲੀ ਦੀ ਵਰਤੋਂ ਕਰ ਕੇ ਇਨਸਾਨ ਵਿੱਚ ਤਬਦੀਲੀ ਨਹੀਂ ਲਿਆਂਦੀ ਜਾ ਸਕਦੀ। ਇਸ ਲਈ ਮਾਂ ਦੀਆਂ ਮਿੱਠੀਆਂ ਲੋਰੀਆਂ ਦੀ ਲੋੜ ਹੈ। ਪਿਤਾ ਦੀ ਅਪਣੱਤ ਵਾਲੀ ਡਾਂਟ ਦੀ ਜ਼ਰੂਰਤ ਹੈ।

ਇੱਕ ਬਲਦ ਨੇ ਆਪਣੀ ਧੌਣ ਪੰਜਾਲੀ (ਜੂਲਾ) ਵਿੱਚ ਦਿੱਤੀ ਹੋਈ ਹੈ। ਉਹ ਜ਼ਮੀਨ ਵਾਹੁੰਦਾ ਹੈ। ਗੱਡਾ ਖਿੱਚਦਾ ਹੈ। ਸਦੀਆਂ ਤੋਂ ਉਹ ਗ਼ੁਲਾਮੀ ਵਿੱਚ ਦਿਨ ਕੱਟੀ ਕਰਦਾ (ਸ਼ਾਇਦ) ਗ਼ੁਲਾਮੀ ਦਾ ਆਦੀ ਹੋ ਗਿਆ ਹੋਵੇ। ਗੱਡੇ ਦਾ ਜੂਲਾ ਬਲੰਦ ਦੇ ਕੰਧੇ 'ਤੇ ਰੱਖ ਕੇ ਉਸ ਨੂੰ ਡੰਡਾ ਮਾਰ ਦਿੱਤਾ ਜਾਵੇ ਤਾਂ ਸਿੱਧਾ ਘਰੋਂ ਚੱਲ ਕੇ ਖੇਤ ਪਹੁੰਚ ਜਾਵੇਗਾ। ਖੇਤ ਵਿੱਚੋਂ ਬਿਨਾਂ ਰੁਕੇ ਘਰ ਪਹੁੰਚ ਜਾਵੇਗਾ। ਆਪਣੇ ਕਿੱਲੇ 'ਤੇ ਖ਼ੁਦ ਪਹੁੰਚ ਜਾਵੇਗਾ ਕਿਉਂਕਿ ਉਸ ਦੇ ਖ਼ੂਨ ਵਿੱਚ ਗ਼ੁਲਾਮੀ ਸਮਾ ਗਈ ਹੈ। ਗ਼ੁਲਾਮ ਹੋਇਆ ਬਲਦ, ਹਿਰਨਾਂ ਅਤੇ ਚੀਤਿਆਂ ਨੂੰ ਨੱਸਦੇ-ਭੱਜਦੇ ਕਲੋਲਾਂ ਕਰਦੇ ਵੇਖ ਕੇ ਉਨ੍ਹਾਂ ਨੂੰ ਵੇਹਲੜ ਅਤੇ ਅਵਾਰਾ ਹੀ ਕਹੇਗਾ ਪਰ ਉਹ ਨਹੀਂ ਜਾਣਦਾ ਕਿ ਗ਼ੁਲਾਮੀ ਅਤੇ ਆਜ਼ਾਦੀ ਵਿੱਚ ਕੀ ਅੰਤਰ ਹੈ। ਸੁਰਗ ਦੀ ਗ਼ੁਲਾਮੀ ਨਾਲੋਂ ਨਰਕ ਦੀ ਆਜ਼ਾਦੀ ਹਜ਼ਾਰ ਦਰਜੇ ਬੇਹਤਰ ਹੈ। ਪਿੰਜਰਾ ਭਾਵੇਂ ਸੋਨੇ ਦਾ ਹੋਵੇ, ਹੈ ਤਾਂ ਕੈਦਖਾਨਾ ਹੀ। ਪਤਾ ਨਹੀਂ ਲੋਕ ਕੁੱਝ ਟੁਕੜਿਆਂ ਬਦਲੇ, ਕੁੱਝ ਛਿੱਲੜਾਂ ਵੱਟੇ ਆਪਣੀ ਜ਼ਮੀਰ ਨੂੰ ਵੇਚ ਕੇ ਕਿਵੇਂ ਦੂਜਿਆਂ ਦੇ ਪੈਰਾਂ 'ਤੇ ਆਪਣਾ ਸਿਰ ਰੱਖ ਦੇਂਦੇ ਹਨ। ਫਿਰ ਭੀ ਬੜੀ ਨਿਰਲੱਜਤਾ ਨਾਲ ਦਾਅਵਾ ਕਰਦੇ ਹਨ ਕਿ "ਅਸੀਂ ਜੀਵਤ ਇਨਸਾਨ ਹਾਂ।" ਜੇ ਤੁਸੀਂ ਆਜ਼ਾਦੀ ਪ੍ਰਾਪਤ ਨਹੀਂ ਕਰ ਸਕੇ, ਆਜ਼ਾਦੀ ਲਈ ਲੜ ਤਾਂ ਸਕਦੇ ਹੋ। ਜੇ ਲੜਨ ਦੀ ਤਾਕਤ ਨਹੀਂ ਤਾਂ ਗ਼ੁਲਾਮੀ ਤੋੜਨ ਲਈ ਆਵਾਜ਼ ਬੁਲੰਦ ਤਾਂ ਕਰ ਸਕਦੇ ਹੋ। ਜੇ ਆਵਾਜ਼ ਭੀ ਬੁਲੰਦ ਨਹੀਂ ਕਰ ਸਕਦੇ ਤਾਂ ਆਜ਼ਾਦੀ ਦੇ ਸੁਪਨੇ ਤਾਂ ਲੈ ਸਕਦੇ ਹੋ। ਜਿਸ ਦਿਨ ਤੁਹਾਨੂੰ ਗ਼ੁਲਾਮੀ ਦਾ ਅਹਿਸਾਸ ਮਨਮਸਤਕ ਵਿੱਚ ਨਿਕਲ ਗਿਆ, ਫਿਰ ਆਜ਼ਾਦੀ ਦੇ ਸੁਪਨੇ ਭੀ ਖ਼ਤਮ ਹੋ ਜਾਣਗੇ। ਉਸ ਦਿਨ ਤੁਸੀਂ "ਸਦਾ ਵਾਸਤੇ ਹਾਰ ਗਏ" ਮੰਨੇ ਜਾਉਗੇ।

(ਗ਼ੁਲਾਮੀ) ਫਰੀਦਾ ਬਾਰਿ ਪਰਾਇਐ ਬੈਸਣਾ, ਸਾਂਈ ਮੁਝੈ ਨ ਦੇਹਿ ॥
ਜੇ ਤੂ ਏਵੈ ਰਖਸੀ, ਜੀਉ ਸਰੀਰਹੁ ਲੇਹਿ ॥ (1380)

(ਆਜ਼ਾਦੀ) ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ ॥
ਹੁਕਮੁ ਮੰਨੇ ਸਿਰਦਾਰੁ ਦਰਿ ਦੀ ਬਾਣੀਐ ॥ (142)



ਪੱਥਰ ਜਿਉਂਦੇ ਹਨ

ਉੱਪਰ ਦਿੱਤਾ ਸਿਰਲੇਖ ਪੜ੍ਹ ਕੇ ਪਾਠਕਾਂ ਨੂੰ ਹੈਰਾਨੀ ਹੋ ਸਕਦੀ ਹੈ ਪਰ ਇਹ ਸੱਚ ਹੈ ਕਿ ਪੱਥਰਾਂ ਵਿੱਚ ਭੀ ਜਿੰਦ ਜਾਨ ਹੈ। ਪੱਥਰ ਇੱਕ ਸੰਪੂਰਨ ਜ਼ਿੰਦਗੀ ਜਿਉਂਦਾ ਹੈ। ਪੱਥਰ ਦੇ ਅੰਦਰ ਜੀਵਨ ਰੌਂ ਚੱਲ ਰਹੀ ਹੈ। ਇਸ ਦੇ "ਦਿਲ ਦੀ ਧੜਕਣ" ਭਾਵੇਂ ਮਨੁੱਖ ਵਾਂਗ ਪ੍ਰਤੀਤ ਨਾ ਹੋਵੇ ਪਰ ਹੈ ਜ਼ਰੂਰ। ਵਿਗਿਆਨੀਆਂ ਨੇ ਇਹ ਸੱਚਾਈ ਪ੍ਰਗਟ ਕਰ ਹੀ ਦਿੱਤੀ ਹੈ। ਗੁਰਬਾਣੀ ਨੇ ਤਾਂ ਬਹੁਤ ਪਹਿਲਾਂ ਹੀ ਫੁਰਮਾਨ ਕਰ ਦਿੱਤਾ ਹੈ।

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥ ਰਹਾਉ ॥

ਏਕਲ ਮਾਟੀ ਕੁੰਜਰ ਚੀਟੀ, ਭਾਜਨ ਹੈ ਬਹੁ ਨਾਨਾ ਰੇ ॥

ਅਸਥਾਵਰ ਜੰਗਮ ਕੀਟ ਪਤੰਗਮ, ਘਟਿ ਘਟਿ ਰਾਮੁ ਸਮਾਨਾ ਰੇ ॥ (988)

ਹੇ ਭਾਈ! ਸਾਰੇ ਜੀਵਾਂ ਵਿੱਚ ਪਰਮੇਸ਼ਰ ਦੀ ਸੱਤਿਆ ਕੰਮ ਕਰਦੀ ਸਾਫ਼ ਦਿਸਦੀ ਹੈ। ਉਸ ਦੇ ਕਾਇਦੇ ਕਾਨੂੰਨ ਤੋਂ ਬਾਹਰ ਕੋਈ ਨਹੀਂ ਹੈ। ਇੱਕੋ ਮਿੱਟੀ ਤੋਂ ਸਾਰੇ ਜੀਵ ਬਣੇ ਹਨ, ਕੀੜੀ ਤੋਂ ਲੈ ਕੇ ਹਾਥੀ ਤੱਕ। ਇੱਕ ਥਾਂ ਅਡੋਲ ਟਿਕੇ ਰਹਿਣ ਵਾਲੇ ਰੁੱਖ ਅਤੇ ਟੁਰਨ-ਫਿਰਨ ਵਾਲੇ ਜੀਵ ਸਾਰੇ ਉਸੇ ਇੱਕ ਮਿੱਟੀ ਦੇ ਬਣੇ ਹੋਏ ਹਨ। ਸਾਰਿਆਂ ਵਿੱਚ ਉਸੇ ਦਾ ਨਿਅਮ ਕੰਮ ਕਰਦਾ ਹੈ। ਵਿਗਿਆਨੀਆਂ ਨੇ ਤਜਰਬੇ ਕਰ ਕੇ ਸਿੱਧ ਕਰ ਦਿੱਤਾ ਹੈ ਕਿ ਪੱਥਰ "ਐਟਮਾਂ" ਦਾ ਸਮੂਹ ਹੈ। ਐਟਮ ਆਪਣੇ ਧੁਰੇ ਦੁਆਲੇ ਸਦਾ ਚੱਕਰ ਕੱਟਦੇ ਰਹਿੰਦੇ ਹਨ। ਕਦੀ ਆਰਾਮ ਨਹੀਂ ਕਰਦੇ, ਕਦੀ ਸੌਂਦੇ ਨਹੀਂ। ਸਾਡੇ ਵਾਂਗ ਕੁੱਝ ਖਾਂਦੇ-ਪੀਂਦੇ-ਪਹਿਨਦੇ ਨਹੀਂ। ਇਹ ਨਿੱਕੇ-ਨਿੱਕੇ ਜੀਵ ਜੇ ਕਦੀ "ਗੁੱਸੇ ਵਿੱਚ" ਆ ਜਾਣ ਤਾਂ ਫਿਰ ਹੀਰੋ ਸੀਮਾ ਤੇ ਨਾਗਾ ਸਾਕੀ (ਦੂਜੀ ਸੰਸਾਰ ਜੰਗ 1945) ਵਰਗਾ ਕਹਿਰ ਵਰਤਾਉਂਦੇ ਹਨ। ਸਦੀਆਂ ਤੱਕ ਇਨ੍ਹਾਂ ਯੋਧਿਆਂ ਦਾ ਗੁੱਸਾ ਠੰਢਾ ਨਹੀਂ ਹੁੰਦਾ। ਇਨ੍ਹਾਂ ਪਰਮਾਣੂੰ ਸੂਰਮਿਆਂ ਦੀ ਤਾਕਤ ਦਾ ਗੁਰਬਾਣੀ ਵਿੱਚ ਜ਼ਿਕਰ ਕੀਤਾ ਗਿਆ ਹੈ-

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਧੰਡਣਹ ॥

ਗਛਿਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯੰਤੇ ॥ (1360)

ਭਾਵ ਅਰਥ- ਪਰਮਾਣੂ ਦੀ ਮਹਾਨ ਸ਼ਕਤੀ ਹਾਸਲ ਕਰ ਕੇ ਮਨੁੱਖ ਅੱਖ ਦੇ ਝਪਕਣ ਜਿੰਨੇ ਸਮੇਂ ਵਿੱਚ, (ਘੱਟ ਤੋਂ ਘੱਟ) ਮਨੁੱਖ ਵੱਡੀਆਂ ਦੂਰੀਆਂ ਤੱਕ ਜਾ ਸਕਦਾ ਹੈ। ਹਰ ਤਰ੍ਹਾਂ ਦਾ ਸੁੱਖ ਦੇਣ ਵਾਲਾ ਗਿਆਨ ਗੁਰੂ ਤੋਂ ਮਿਲਦਾ ਹੈ।

ਵਿੱਦਿਆ ਦਾ ਚਾਨਣ ਦਿਨ-ਬ-ਦਿਨ ਵੱਧਣ ਕਰ ਕੇ ਬਹੁਤੇ ਲੋਕ ਰੁੱਖਾਂ ਨੂੰ ਜਾਨਦਾਰ ਮੰਨਣ ਲੱਗ ਪਏ ਹਨ। ਵੱਧਣ-ਫੁੱਲਣ ਵਾਲੀ ਸਾਰੀ ਵਨਸਪਤੀ ਨੂੰ "ਜੀਵਤ" ਪ੍ਰਵਾਨ ਕਰ ਚੁੱਕੇ ਹਨ। ਅਜੇ ਪੱਥਰਾਂ, ਰੋੜਿਆਂ ਜਾਂ ਪਹਾੜਾਂ ਨੂੰ "ਜੀਵਤ" ਮੰਨਣਾ ਬਹੁਤ ਔਖਾ ਲਗਦਾ ਹੈ। ਹੈਂ ਹਜ਼ਾਰਾਂ ਸਾਲ ਇੱਕੋ ਥਾਂ ਪਿਆ ਰਹਿਣ ਵਾਲਾ, ਕੁੱਝ ਭੀ ਨਾ ਖਾ-ਪੀ ਕੇ ਅਚੇਤ ਅਵੱਸਥਾ ਵਿੱਚ ਟਿਕਿਆ ਅਹਿਲ, ਅਡੋਲ ਤੇ ਅਬੋਲ "ਜਿਉਂਦਾ" ਕਿਵੇਂ

ਹੋ ਸਕਦਾ ਹੈ? ਜੀ ਹਾਂ ਕੁਦਰਤ ਵਿੱਚ ਬਹੁਤ ਕ੍ਰਿਸ਼ਮੇ ਹਨ, ਜਿਨ੍ਹਾਂ ਦੀ ਮਨੁੱਖ ਨੂੰ ਹੌਲੀ ਹੌਲੀ ਸਮਝ ਆ ਰਹੀ ਹੈ। ਸਰ ਜਗਦੀਸ਼ ਚੰਦਰ ਬੋਸ ਨੇ ਸੰਨ 1914 ਵਿੱਚ ਦੁਨੀਆਂ ਨੂੰ ਦੱਸਿਆ ਸੀ ਕਿ ਰੁੱਖ, ਬਿਰਖ, ਫ਼ਸਲਾਂ ਸਾਰੀ ਵਨਸਪਤੀ "ਜੀਵਤ ਹੈ, ਜਾਨਦਾਰ" ਹੈ। ਆਮ ਲੋਕਾਂ ਦੀ ਸਮਝ ਵਿੱਚ ਇਹ ਗੱਲ ਨਹੀਂ ਆਈ ਸੀ ਪਰ ਵਿਗਿਆਨੀਆਂ ਦੀ ਚੋਣ ਕਮੇਟੀ ਨੇ ਜਗਦੀਸ਼ ਚੰਦਰ ਜੀ ਨੂੰ ਨੋਬਲ ਪੁਰਸਕਾਰ ਦੇ ਕੇ ਨਿਵਾਜਿਆ ਸੀ। ਉਨ੍ਹਾਂ ਸੌ ਸਾਲ ਪਹਿਲਾਂ ਖੋਜ ਲਿਆ ਸੀ ਕਿ ਵੇਲ-ਬੂਟਿਆਂ ਦੇ ਭੀ "ਕੰਨ" ਹੁੰਦੇ ਹਨ। ਇਨ੍ਹਾਂ ਦਾ ਭੀ "ਦਿਲ" ਹੁੰਦਾ ਹੈ। ਇਹ ਭੀ ਨਰ-ਮਾਦਾ ਵਾਲੀ "ਸਰੀਰਕ ਸਾਂਝ" ਰਾਹੀਂ ਸੰਤਾਨ ਪੈਦਾ ਕਰਦੇ ਹਨ। ਖ਼ੁਸ਼ੀ-ਗ਼ਮੀ ਮਹਿਸੂਸ ਕਦੇ ਹਨ ਪਰ ਇਨ੍ਹਾਂ ਗਹਿਰਾਈਆਂ ਦਾ ਆਮ ਮਨੁੱਖ ਨੂੰ ਪਤਾ ਨਹੀਂ ਹੈ। ਜਿਵੇਂ ਮਨੁੱਖਾਂ ਵਿੱਚ ਭੀ ਕੁੱਝ ਵਿਅਕਤੀ ਮਾਨਸਿਕ ਤੌਰ 'ਤੇ ਵੱਧ ਵਿਕਸਤ ਹੋਏ ਹੁੰਦੇ ਹਨ, ਕੁੱਝ ਘੱਟ। ਕਈ ਵੱਡੇ ਗੁਣਵਾਨ ਹੁੰਦੇ ਹਨ ਤੇ ਕੁੱਝ ਵਿਚਾਰੇ ਪੇਟ ਪੂਰਤੀ ਤੱਕ ਸੀਮਤ। ਕੁੱਝ ਦੁਨੀਆਂ ਨੂੰ ਬਦਲ ਦਿੰਦੇ ਹਨ ਤੇ ਕੁੱਝ ਨੂੰ ਪਤਾ ਹੀ ਨਹੀਂ ਲਗਦਾ ਕਿ ਕੀ ਬਦਲਿਆ ਹੈ ਤੇ ਕੀ ਬਦਲਣਾ ਚਾਹੀਦਾ ਹੈ। ਸਰੀਰ ਕਰ ਕੇ ਬੇਅੰਤ ਸਾਰੇ ਮਨੁੱਖ ਦਿਸਦੇ ਹਨ ਅਸਲ ਵਿੱਚ ਹਾਲੀ ਮਨੁੱਖ ਬਣ ਨਹੀਂ ਸਕੇ। ਗੁਰਬਾਣੀ ਨੇ ਇਨ੍ਹਾਂ ਨੂੰ ਇਨਸਾਨ ਬਣਾਉਣ ਲਈ ਭਰਪੂਰ ਯੋਗਦਾਨ ਪਾਇਆ ਹੈ।

ਗੱਲ ਚੱਲ ਰਹੀ ਸੀ ਪੱਥਰ ਦੇ ਜੀਵਨ ਦੀ। ਇੱਕ ਵਿਦਵਾਨ ਦਾ ਕਥਨ ਹੈ ਕਿ ਜੇਕਰ ਰਸਤੇ ਵਿੱਚ ਟੁਰਦਿਆਂ ਕਿਸੇ ਪੱਥਰ ਨਾਲ ਠੋਹਕਰ ਲੱਗ ਜਾਵੇ ਤਾਂ ਪੱਥਰ ਨੂੰ ਮੰਦਾ ਨਾ ਬੋਲੋ। ਉਸ 'ਤੇ ਗੁੱਸਾ ਨਾ ਝਾੜੋ। ਆਪਣੇ ਆਪ ਨੂੰ ਦੋਸ਼ ਦਿਓ ਕਿਉਂਕਿ ਤੁਸੀਂ ਖ਼ੁਦ ਬੇ ਧਿਆਨੇ ਸੀ। ਚੱਲ ਰਹੇ ਸੀ ਹੋਰ ਪਾਸੇ ਪਰ ਧਿਆਨ ਸੀ ਕਿਧਰੇ ਹੋਰ। ਪੱਥਰ ਆਪਣੀ ਮਗਨਤਾ ਵਿੱਚ ਸੀ। ਜੇ ਉਹ ਬੋਲ ਸਕਦਾ ਤਾਂ ਉਸ ਨੇ ਤੁਹਾਨੂੰ ਫਿਟਕਾਰ ਪਾਉਣੀ ਸੀ ਕਿ "ਮੂਰਖਾ! ਅਜੇ ਤੱਕ ਚੱਲਣਾ ਨਹੀਂ ਆਇਆ?" ਪੱਥਰ ਛੋਟਾ ਹੈ ਜਾਂ ਵੱਡਾ, ਹਰੇਕ ਅੰਦਰ ਐਟਮ (ਪਰਮਾਣੂ) ਹਨ। ਆਪਣੇ ਧੁਰੇ ਦੁਆਲੇ ਸਦਾ ਚਲਦੇ ਰਹਿੰਦੇ ਹਨ। ਇਉਂ ਕਹਿ ਲਈਏ ਕਿ ਪੱਥਰ (ਅਤੇ ਹੋਰ ਨਿਰਜਿੰਦ ਦਿਸਦੀਆਂ ਵਸਤਾਂ) ਕਠੋਰ ਬਿਰਤੀ ਵਾਲੇ ਜੀਵਾਂ ਦਾ ਜਮਘੱਟਾ ਹਨ। ਪੱਥਰਾਂ ਨੂੰ ਤੋੜ ਦਿਓ, ਪੀਸ ਦਿਓ, ਸੜਕਾਂ 'ਤੇ ਵਿਛਾ ਦਿਓ, ਸਮੁੰਦਰਾਂ ਵਿੱਚ ਸੁੱਟ ਦਿਓ, ਅੱਗ ਵਿੱਚ ਪਾ ਦਿਓ। ਕਿਸੇ ਭੀ ਅਵੱਸਥਾ ਵਿੱਚ ਇਨ੍ਹਾਂ ਵਿਚਲਾ "ਜੀਵ" (ਪਰਮਾਣੂ) ਮਰਦਾ ਨਹੀਂ, ਉਹ "ਅਮਰ" ਹੈ। ਜਦੋਂ ਵਿਗਿਆਨੀ ਪਰਮਾਣੂ ਨੂੰ ਮਾਰਨ ਲਈ ਇਸ ਦੇ ਸਿਰ ਵਿੱਚ ਜ਼ੋਰਦਾਰ "ਹਥੌੜਾ" ਮਾਰਦੇ ਹਨ। ਉਸ ਵਕਤ ਇਹ ਅਸੀਮ, ਅਨੰਤ ਗੁੱਸੇ ਵਿੱਚ ਆ ਕੇ ਅੱਗ ਦੇ ਭਾਂਬੜ ਬਾਲ ਦਿੰਦਾ ਹੈ। ਸਭ ਕਾਸੇ ਨੂੰ ਮਲੀਆ ਮੇਟ ਕਰ ਦਿੰਦਾ ਹੈ।

ਅਸੀਂ ਆਪਣੀ ਇੱਛਾ ਮੁਤਾਬਕ ਤੱਤਾਂ ਵਿੱਚ (ਸਰੀਰ ਦੇ ਪੰਜ ਤੱਤ) ਭਾਵੇਂ ਤਬਦੀਲੀ ਤਾਂ ਕਰ ਸਕਦੇ ਹਾਂ ਪਰ ਨਸ਼ਟ ਨਹੀਂ ਕਰ ਸਕਦੇ। ਧਰਤੀ ਉੱਤੇ ਜੋ ਕੁੱਝ ਭੀ ਹੈ, ਉਹ ਬੇਲੋੜਾ ਨਹੀਂ ਹੈ। ਬਸ ਇਨਸਾਨ ਉਸ ਨੂੰ ਸਮੂਹਕ ਭਲਾਈ ਵਾਸਤੇ ਵਰਤੋਂ ਕਰਨੀ ਨਹੀਂ ਸਿੱਖ ਸਕਿਆ। ਜਿਵੇਂ ਵਿਗਿਆਨ ਨੇ ਬੇਅੰਤ ਨਵੀਆਂ ਦੁਰਲੱਭ ਖੋਜਾਂ ਨਾਲ ਮਨੁੱਖ ਨੂੰ ਸੁੱਖ

ਦਿੱਤੇ ਹਨ, ਇਹ ਸਾਰਾ "ਕੱਚਾ ਮਾਲ" ਤਾਂ ਸਦਾ ਤੋਂ ਹੀ ਇਥੇ ਮੌਜੂਦ ਸੀ ਪਰ ਪਹਿਲਾਂ ਵਰਤੋਂ ਕਰਨੀ ਨਹੀਂ ਆਉਂਦੀ ਸੀ। ਜਿਵੇਂ ਜਿਵੇਂ ਵਰਤੋਂ ਕਰਨੀ ਆਉਣੀ ਸ਼ੁਰੂ ਹੋਈ ਰੇਲਾਂ, ਮੋਟਰਾਂ, ਹਵਾਈ ਜਹਾਜ਼, ਫ਼ੋਨ ਤੇ ਕੰਪਿਊਟਰ ਵਗੈਰਾ ਸਾਡੀ ਸੇਵਾ ਕਰਨ ਲੱਗੇ। ਅੱਗ, ਹਵਾ, ਪਾਣੀ, ਮਿਟੀ ਆਦਿ ਹੈਰਾਨੀ ਜਨਕ ਢੰਗ ਨਾਲ ਸੇਵਾ ਕਰਨ ਲੱਗ ਪਏ। ਜਿਵੇਂ ਅਸੀਂ ਨਾ ਸਮਝੀ ਕਾਰਨ ਮਹਿਸੂਸ ਕਰ ਲੈਂਦੇ ਹਾਂ ਕਿ ਅਮਕੀ ਚੀਜ਼ ਇਥੇ ਵਾਧੂ ਹੈ। ਇੱਕ ਥਾਂ 'ਤੇ ਵਾਧੂ ਹੋ ਸਕਦੀ ਹੈ ਪਰ ਕਿਸੇ ਹੋਰ ਥਾਂ 'ਤੇ ਉਸ ਦੀ ਸਖ਼ਤ ਜ਼ਰੂਰਤ ਹੁੰਦੀ ਹੈ। ਕਦੀ ਸਾਨੂੰ ਸਾਡੇ ਸਰੀਰ ਨਾਲ ਸਬੰਧਤ ਕੋਈ ਚੀਜ਼ ਵਾਧੂ ਨਜ਼ਰ ਆ ਸਕਦੀ ਹੈ ਪਰ ਅਜਿਹਾ ਨਹੀਂ ਹੈ। ਅਸੀਂ ਉਸ ਦੀ ਲੋੜ ਨੂੰ ਸਮਝ ਹੀ ਨਹੀਂ ਸਕੇ ਵਰਨਾ ਵਾਧੂ ਨਹੀਂ ਹੋਣੀ ਸੀ। ਨੱਕ ਦਾ ਵਧਿਆ ਹੋਇਆ ਭਾਗ ਕੀ ਵਾਧੂ ਨਹੀਂ ਹੈ? ਕੰਨਾਂ ਦੇ ਬਾਹਰ ਲੱਗਿਆ ਮਾਸ ਕੀ ਫਾਲਤੂ ਨਹੀਂ ਹੈ? ਫਿਰ ਸਰੀਰ 'ਤੇ ਉੱਗੇ ਹੋਏ ਦਾੜ੍ਹੀ, ਕੇਸ ਕਿਵੇਂ ਵਾਧੂ ਬੇਲੋੜੇ ਹੋ ਸਕਦੇ ਹਨ? ਇਹ ਤਾਂ ਆਪੋ ਆਪਣੀ ਸੋਚ 'ਤੇ ਨਿਰਭਰ ਹੈ। ਦੁਨੀਆਂ ਵਿੱਚ ਲੋਕੀਂ ਖਾਣ-ਪੀਣ-ਪਹਿਨਣ ਅਤੇ ਰਹਿਣ ਦੇ ਮਾਮਲੇ ਵਿੱਚ ਅਲੱਗ-ਅਲੱਗ ਤਰੀਕੇ ਜ਼ਿੰਦਗੀ ਬਤੀਤ ਕਰਦੇ ਹਨ। ਵਖਰੇਵੇਂ ਕਾਰਨ ਕੀ ਉਹ ਇੱਕ ਦੂਜੇ ਨੂੰ ਗ਼ਲਤ ਜਾਂ ਮੂਰਖ ਆਖਣਗੇ?

ਇਥੇ ਕੁੱਝ ਭੀ ਬੇਲੋੜਾ ਤੇ ਨਿਰਜਿੰਦ ਨਹੀਂ ਹੈ। ਬਸ ਆਪੋ ਆਪਣੀ ਦ੍ਰਿਸ਼ਟੀ ਦਾ ਫ਼ਰਕ ਹੈ। ਸਮਝਣ ਦੇ ਤਰੀਕਿਆਂ ਵਿੱਚ ਭੇਦ ਹੈ।

ਸਗਲ ਬਨਸਪਤਿ ਮਹਿ ਬੈਸੰਤਰੁ, ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ, ਘਟਿ ਘਟਿ ਮਾਧਉ ਜੀਆ ॥ (617)

★★★★★★

ਚੰਗਿਆਈ ਤੇ ਬੁਰਾਈ

ਸੰਸਾਰ ਵਿਚਲੇ ਸਮਾਜਾਂ ਵਿੱਚ ਜਿਉਣ ਦੇ ਜਾਂ ਵਰਤੋਂ-ਵਿਹਾਰ ਦੇ ਅਲੱਗ-ਅਲੱਗ ਢੰਗ ਤਰੀਕੇ ਹਨ। ਜੋ ਵਿਅਕਤੀ ਆਪਣੇ ਲੋਕਾਂ ਦੇ ਮਨਾਂ ਵਿੱਚ ਕੋਈ ਚੰਗਾ ਵਿਚਾਰ ਪਾਉਣ ਵਿੱਚ ਕਾਮਯਾਬ ਹੋ ਜਾਂਦਾ ਹੈ, ਫਿਰ ਜਨ ਸਮੂਹ ਵਿੱਚ ਉਸ ਦਾ ਸਤਿਕਾਰ ਪੈਦਾ ਹੋ ਜਾਂਦਾ ਹੈ। ਸਤਿਕਾਰਯੋਗ ਵਿਅਕਤੀ ਦੇ ਨਾਮ 'ਤੇ ਚਾਲਾਕ ਇਨਸਾਨ ਆਪਣਾ ਮਿਲਾਵਟੀ ਸਾਮਾਨ ਭੀ ਵੇਚਣ ਲੱਗ ਪੈਂਦੇ ਹਨ। ਜਦੋਂ ਖੋਟ ਅਤੇ ਮਿਲਾਵਟ ਮਨਾਂ ਵਿੱਚ ਘਰ ਪਾ ਕੇ ਬੈਠ ਜਾਵੇ ਤਦੋਂ ਉਸ ਨੂੰ ਉਖਾੜ ਕੇ ਬਾਹਰ ਸੁੱਟਣਾ ਬਹੁਤ ਔਖਾ ਹੋ ਜਾਂਦਾ ਹੈ। ਮਨੁੱਖੀ ਮਨ ਨੂੰ ਸਮਝਾਉਣ ਵਾਸਤੇ ਵਿਦਵਾਨਾਂ ਅਤੇ ਧਰਮ ਮੁਖੀਆਂ ਨੇ ਅਨੰਤ ਤਰੀਕੇ ਸੁਝਾਏ ਹਨ। ਕਈ ਤਰੀਕੇ ਸਫ਼ਲ ਹੋ ਜਾਂਦੇ ਹਨ, ਕਈ ਫ਼ੇਲ੍ਹ। ਉਹੀ ਫ਼ੇਲ੍ਹ ਤਰੀਕਾ ਕਿਸੇ ਹੋਰ ਥਾਵੇਂ ਕਾਮਯਾਬ ਹੋ ਜਾਂਦਾ ਹੈ। ਕੁੱਝ ਕੁ ਮਿਸਾਲਾਂ ਲੈ ਕੇ ਗੱਲ ਨੂੰ ਸੋਖੇ ਤਰੀਕੇ ਸਮਝ

ਲਈਏ। ਦੁਨੀਆਂ ਦੇ ਦਾਨੇ ਪੁਰਖਾਂ ਨੇ ਜਨਮ ਅਤੇ ਮੌਤ ਨੂੰ ਇੱਕ ਸਮਾਨ ਆਖਿਆ ਹੈ ਪਰ ਆਮ ਆਦਮੀ ਇਸ ਗੁੰਝਲ ਨੂੰ ਸੌਖਿਆ ਸੁਲਝਾ ਨਹੀਂ ਸਕਦਾ। ਜੇਕਰ ਜੀਵਨ ਅਤੇ ਮੌਤ ਬ੍ਰਾਬਰ ਹਨ ਤਾਂ ਫਿਰ ਜਨਮ ਲੈਣ ਦੀ ਲੋੜ ਹੀ ਕੀ ਹੈ ? ਜੇ ਜਨਮ ਹੋ ਹੀ ਗਿਆ ਤਾਂ ਜਨਮ ਲੈਂਦਿਆਂ ਹੀ ਮਰ ਜਾਣਾ ਚਾਹੀਦਾ ਹੈ, ਜਿਉਣ ਦੀ ਜ਼ਰੂਰਤ ਹੀ ਕੀ ਹੈ? ਜਦੋਂ ਕਿ ਅਸਲੀਅਤ ਇਹ ਹੈ ਕਿ ਮਨੁੱਖ ਜਿਤਨੀ ਦੇਰ ਜੀਵਤ ਹੈ, ਉਤਨੀ ਦੇਰ ਹੀ ਉਹ ਚੰਗੇ ਜਾਂ ਮਾੜੇ ਕੰਮ ਕਰ ਸਕੇਗਾ। ਸਮਾਜ ਦਾ ਭਲਾ ਜਾਂ ਬੁਰਾ ਕਰ ਸਕੇਗਾ। ਕੁਦਰਤ ਨੇ ਜੀਵ ਨੂੰ ਜਨਮ ਦਿੱਤਾ ਹੈ। ਕੁਦਰਤ ਇਸ ਨੂੰ ਜੀਵਤ ਰੱਖਣਾ ਚਾਹੁੰਦੀ ਹੈ। ਅੱਗੋਂ ਮਨੁੱਖ ਨੇ ਸੋਚਣਾ ਹੈ ਕਿ ਉਸ ਨੇ ਜਿਉਣਾ ਹੈ ਕਿ ਮਰਨਾ ਹੈ।

ਜ਼ਿੰਦਗੀ ਦੀ ਉੱਤਮ ਪਦਵੀ ਨੂੰ ਜਾਣ ਕੇ ਇਸ ਦੀ ਉਮਰ ਲੰਮੀ ਕਰਨ ਵਾਸਤੇ ਵਿਗਿਆਨ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਅਣਗਿਣਤ ਬਿਮਾਰੀਆਂ 'ਤੇ ਕਾਬੂ ਪਾ ਲਿਆ ਹੈ। ਬਾਕੀਆਂ ਬਾਰੇ ਖੋਜਾਂ ਜਾਰੀ ਹਨ। ਕੁੱਝ ਇੱਕ ਚੋਣਵੇਂ ਵਿਗਿਆਨੀ ਸਾਹਿਤਕਾਰ ਧਰਮ ਮੁਖੀ ਰਾਜਨੀਤੀਵਾਨ, ਸਮਾਜ ਸੁਧਾਰਕ ਅਤੇ ਵਿਗਿਆਨੀ ਆਪਣੇ ਜੀਵਨ ਕਾਲ ਵਿੱਚ ਇੰਨਾ ਜ਼ਿਆਦਾ ਕੰਮ ਕਰ ਜਾਂਦੇ ਹਨ ਕਿ ਸਦੀਆਂ ਤੱਕ ਲੋਕੀਂ ਉਨ੍ਹਾਂ ਦੀਆਂ ਲਿਖਤਾਂ ਤੋਂ ਸੇਧ ਲੈ ਕੇ, ਅੱਗੇ ਵੱਧਦੇ ਰਹਿੰਦੇ ਹਨ। ਇਉਂ ਕਹਿ ਸਕਦੇ ਹਾਂ ਕਿ ਅਜਿਹੇ ਮਹਾਂ ਨਾਇਕ ਮਰੇ ਨਹੀਂ, ਸਦਾ ਅੰਗ-ਸੰਗ ਹੋ ਕੇ ਸਾਡੀ ਸਹਾਇਤਾ ਕਰ ਰਹੇ ਹਨ। ਬਹੁ ਗਿਣਤੀ ਅਜਿਹੇ ਜਮ ਘੱਟੇ ਦੀ ਹੈ ਕਿ ਨਾ ਜਿਉਂਦੇ ਕਿਸੇ ਕੰਮ ਨਾ ਮਰੇ ਕਿਸੇ ਕੰਮ।

ਕੁੱਝ ਕੁ ਚੋਣਵੇਂ ਵਿਅਕਤੀ ਥੋੜੇ ਸਮੇਂ ਵਿੱਚ ਹੀ ਸਦੀਆਂ ਦਾ ਕਾਰਜ ਕਰ ਜਾਂਦੇ ਹਨ। ਬਹੁਤੇ ਲੋਕ ਸਦੀਆਂ ਦੀ ਲੰਮੀ ਉਮਰ ਭੋਗ ਕੇ ਸਮ੍ਹਾਂ ਵਿਅਰਥ ਗਵਾ ਜਾਂਦੇ ਹਨ। ਸਾਰੇ ਗੁਰ ਵਿਅਕਤੀਆਂ ਦੀ ਉਮਰ (ਸਰੀਰਕ) ਬਹੁਤੀ ਨਹੀਂ ਸੀ। ਤਿੰਨ ਗੁਰ ਵਿਅਕਤੀ (ਗੁਰੂ ਨਾਨਕ, ਗੁਰੂ ਅਮਰਦਾਸ ਤੇ ਗੁਰੂ ਤੇਗ ਬਹਾਦਰ ਦੀ ਉਮਰ ਪੰਜਾਹ ਸਾਲ ਤੋਂ ਵੱਧ ਸੀ) ਪੰਜਾਹ ਸਾਲ ਦੀ ਉਮਰ ਪੂਰੀ ਹੋਣ ਤੋਂ ਪਹਿਲਾਂ ਹੀ ਸਰੀਰ ਤਿਆਗ ਗਏ। ਉਮਰ ਦੇ ਸੀਮਤ ਅਰਸੇ ਵਿੱਚ ਹੀ ਇੰਨੇ ਜ਼ਿਕਰਯੋਗ ਕਾਰਜ ਕਰ ਗਏ ਕਿ ਸਦੀਆਂ ਤੱਕ ਯਾਦ ਕੀਤੇ ਜਾਣਗੇ। ਬੇਅੰਤ ਜੋਗੀ, ਜਤੀ, ਬ੍ਰਹਮਚਾਰੀ, ਤਿਆਗੀ ਆਦਿ ਸਾਧ ਗੁਫ਼ਾਵਾਂ ਵਿੱਚ ਬੈਠ ਕੇ ਸਮਾਧੀਆਂ ਲਾ ਕੇ ਆਪਣੀ "ਉਮਰ ਲੰਮੀ" ਕਰਦੇ ਰਹੇ। ਇੱਕ ਮਿੰਟ ਵਾਸਤੇ ਮੰਨ ਲੈਂਦੇ ਹਾਂ ਕਿ ਉਨ੍ਹਾਂ ਦੀ ਉਮਰ ਵਡੇਰੀ ਹੋ ਗਈ ਹੋਵੇਗੀ। ਉਸ ਵੱਡੀ ਲੰਮੀ ਉਮਰ ਦਾ ਕਿਸੇ ਨੂੰ ਕੀ ਫ਼ਾਇਦਾ ਹੋਇਆ ? ਅੱਜ ਉਨ੍ਹਾਂ ਸਾਧਾਂ ਦਾ ਕਿਧਰੇ ਨਾਮੋ ਨਿਸ਼ਾਨ ਨਹੀਂ ਲਭਦਾ।

ਜ਼ਿੰਦਗੀ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਬੜੀਆਂ ਵਚਿੱਤਰ ਹਨ। ਜ਼ਿੰਦਗੀ ਦੇ ਕਿਸੇ ਖ਼ਾਸ ਮੋੜ 'ਤੇ ਜੇ ਫ਼ੈਸਲਾ ਕਰਨ ਵਿੱਚ ਕੁਤਾਹੀ ਹੋ ਗਈ ਤਾਂ ਸਾਰੀ ਉਮਰ ਦੀ ਮਿਹਨਤ ਬਰਬਾਦ ਹੋਈ ਸਮਝੋ। ਚਮਕੌਰ ਦੀ ਗੜ੍ਹੀ ਵਾਲੀ ਜੰਗ ਸਮੇਂ ਜੇਕਰ ਗੁਰੂ ਗੋਬਿੰਦ ਸਿੰਘ ਆਪਣੇ ਪੁੱਤਰਾਂ ਨੂੰ "ਜੀਵਤ" ਰੱਖ ਲੈਂਦੇ ? ਦੋਵੇਂ ਸਾਹਿਬਜ਼ਾਦੇ ਫਿਰ "ਜੀਵਤ" ਨਹੀਂ ਸਨ ਰਹਿਣੇ। ਸਗੋਂ ਅਜਿਹੀ ਮੌਤ ਮਰਦੇ ਜਿਵੇਂ ਪਿਰਥੀ ਚੰਦ, ਧੀਰ ਮੱਲ ਆਦਿ ਮਰੇ ਸਨ। "ਨਿੱਕੀਆਂ ਜਿੰਦਾਂ", ਛੋਟੇ ਸਾਹਿਬਜ਼ਾਦੇ ਜੇਕਰ ਜਾਨ ਬਚਾ ਲੈਂਦੇ ਫਿਰ ਭਾਵੇਂ ਸੌ ਸਾਲ ਤੱਕ

ਸੁੱਖ ਭੋਗ ਲੈਂਦੇ ਪਰ ਅੱਜ ਵਾਂਗ ਉਨ੍ਹਾਂ ਸਿੱਖ ਯਾਦ ਅੰਦਰ ਜੀਵਤ ਨਹੀਂ ਸੀ ਰਹਿਣਾ। ਬਾਲ ਉਮਰੇ ਮਰ ਕੇ ਉਹ ਸਦਾ ਵਾਸਤੇ ਅਮਰ ਹੋ ਗਏ। ਜਿਸ ਇਨਸਾਨ ਨੂੰ ਫ਼ੈਸਲਾ ਲੈਣ ਦੀ ਸੂਝ ਆ ਗਈ ਹੈ, ਉਹ ਜ਼ਿੰਦਗੀ ਦੀ ਬਾਜ਼ੀ ਜਿੱਤ ਜਾਂਦਾ ਹੈ। ਦੂਜਾ ਜੀਵਨ ਦੀ ਬਾਜ਼ੀ ਹਾਰ ਜਾਂਦਾ ਹੈ।

ਸੱਪ ਦੇ ਸਿਰ ਵਿੱਚ ਜੋ ਜ਼ਹਿਰ ਹੈ, ਸਦੀਆਂ ਤੱਕ ਉਸ ਨੂੰ ਬਹੁਤ ਨਿੰਦਿਆ ਗਿਆ। ਉਸੇ ਜ਼ਹਿਰ ਕਾਰਨ ਕਰੋੜਾਂ ਸੱਪਾਂ ਨੂੰ ਬਿਨਾਂ ਕਸੂਰ ਤੋਂ ਮਾਰ ਦਿੱਤਾ ਗਿਆ। ਬੇਅੰਤ ਉਹ ਸੱਪ ਭੀ ਮਾਰ ਦਿੱਤੇ ਗਏ ਜਿਨ੍ਹਾਂ ਅੰਦਰ ਜ਼ਹਿਰ ਪੈਦਾ ਹੀ ਨਹੀਂ ਹੁੰਦਾ ਕਿਉਂਕਿ ਇਹ ਵੇਖਣ ਵਿੱਚ ਸੱਪ ਹਨ। ਆਮ ਆਦਮੀ ਪਛਾਣ ਕਰਨ ਤੋਂ ਅਸਮਰੱਥ ਹੈ। ਇਸੇ ਕਾਰਨ ਜਿਹੜਾ ਸੱਪ ਦਿਸ ਪਿਆ ਡਾਂਗ ਲੈ ਕੇ ਪੈ ਗਏ, ਸਿਰੀ ਭੰਨ੍ਹ ਕੇ ਹੀ ਸਾਹ ਲਿਆ। ਹੁਣ ਵਿਗਿਆਨੀਆਂ ਨੇ ਵੱਧ ਜ਼ਹਿਰ ਵਾਲੇ ਸੱਪਾਂ ਦੀ ਵੱਧ ਰੱਖਿਆ ਤੇ ਵੱਧ ਕੀਮਤ ਸਥਾਪਤ ਕਰ ਲਈ ਹੈ। ਸੰਨ 2010 ਵਿੱਚ ਵਿਗਿਆਨੀਆਂ ਨੇ ਇੱਕ ਬਹੁਤਾ ਜ਼ਹਿਰ ਪੈਦਾ ਕਰਨ ਵਾਲੇ ਸੱਪ ਦੀ ਕੀਮਤ ਤਿੰਨ ਕਰੋੜ ਰੁਪਏ ਲਾਈ। ਜਿਸ ਕੂੜੇ ਨੂੰ ਅਸੀਂ ਬੇਲੋੜਾ ਜਾਣ ਕੇ ਬਾਹਰ ਸੁਟਦੇ ਹਾਂ, ਜਾਣਕਾਰ ਲੋਕ ਉਸੇ ਤੋਂ ਕਈ ਕੀਮਤੀ ਵਸਤਾਂ ਤਿਆਰ ਕਰ ਲੈਂਦੇ ਹਨ। ਰੂੜੀ ਫ਼ਸਲਾਂ ਵਿੱਚ ਜਾ ਕੇ ਅੰਨ ਦਾਣੇ ਦਾ ਝਾੜ ਦੋ ਗੁਣਾਂ ਵਧਾ ਦਿੰਦੀ ਹੈ। ਛੱਪੜ ਦਾ ਪਾਣੀ ਬਹੁਤ ਮੈਲਾ ਪ੍ਰਤੀਤ ਹੁੰਦਾ ਹੈ। ਉਹੀ ਗੰਦਾ ਪਾਣੀ ਫ਼ਸਲਾਂ ਜਾਂ ਰੁੱਖਾਂ ਲਈ ਅੰਮ੍ਰਿਤ ਨਿਆਈਂ ਹੁੰਦਾ ਹੈ। ਚੰਗਿਆਈ ਅਤੇ ਬੁਰਾਈ, ਨੇਕੀ ਅਤੇ ਬਦੀ, ਜ਼ਹਿਰ ਅਤੇ ਅੰਮ੍ਰਿਤ, ਜੀਵਨ ਅਤੇ ਮੌਤ, ਇਹ ਸਾਰੀਆਂ ਅੰਤਰ ਸਬੰਧਤ ਹਨ। ਆਪਸ ਵਿੱਚ ਰਿਸ਼ਤੇਦਾਰ ਹਨ। ਜੁੜਵੇਂ ਭੈਣ-ਭਰਾ ਹਨ। ਮਨੁੱਖ ਦੇ ਅੰਦਰ ਹੀ ਨੇਕੀ ਹੈ, ਬਦੀ ਭੀ ਹੈ। ਪਰਉਪਕਾਰ ਹੈ, ਖ਼ੁਦਗਰਜ਼ੀ ਭੀ ਹੈ। ਤਿਆਗ ਹੈ ਤੇ ਲਾਲਚ ਭੀ ਹੈ। ਇਮਾਨਦਾਰੀ ਹੈ, ਬੇਈਮਾਨੀ ਭੀ ਹੈ। ਬਹਾਦਰੀ ਹੈ ਪਰ ਕਾਇਰਤਾ ਭੀ ਹੈ। ਸਿਆਣਪ ਹੈ ਤੇ ਮੂਰਖਤਾ ਭੀ ਹੈ। ਪਿਆਰ ਹੈ, ਨਫ਼ਰਤ ਭੀ ਹੈ। ਨਿਮਰਤਾ ਹੈ ਤੇ ਕਰੋਧ ਭੀ ਹੈ। ਮਨੁੱਖੀ ਮਨ ਅੰਦਰ ਬਹੁਤ ਕੁੱਝ ਹੈ। ਇਸ ਮਨ ਨੂੰ ਖੋਜਣਾ ਹੈ, ਸਮਝਣਾ ਹੈ। ਚੰਗਿਆਈ ਦੇ ਬੀਜਾਂ ਨੂੰ ਉੱਗਣ ਦਾ ਮੌਕਾ ਦੇਣਾ ਹੈ। ਬੁਰਾਈ ਦੇ ਬੀਜਾਂ ਨੂੰ "ਫ਼ਰੀਜ਼" ਕਰ ਕੇ ਪਾਸੇ ਰੱਖ ਦੇਣਾ ਹੈ। ਜੀਵਨ ਪੰਧ ਵਿੱਚ ਬੜੀ ਤਿਲਕਣ ਬਾਜ਼ੀ ਹੈ। ਪਤਾ ਨਹੀਂ ਕਿਸ ਵਕਤ ਜ਼ਰਾ ਕੁ ਅਵੇਸਲੇ ਹੋ ਜਾਈਏ, ਪੈਰ ਤਿਲਕ ਪਵੇ ਤੇ ਮੁੱਧੇ ਮੂੰਹ ਜਾ ਡਿੱਗੀਏ।

ਹਮ ਨੀਚ ਸੇ ਊਤਮ ਭਏ, ਹਰਿ ਕੀ ਸਰਣਾਈ॥
ਪਾਥਰੁ ਡੂਬਦਾ ਕਾਢਿ ਲੀਆ, ਸਾਚੀ ਵਡਿਆਈ॥
ਬਿਖੁ ਸੇ ਅੰਮ੍ਰਿਤ ਭਏ, ਗੁਰਮਤਿ ਬੁਧਿ ਪਾਈ॥
ਅਕਹੁ ਪਰਮਲ ਭਏ, ਅੰਤਰਿ ਵਾਸਨਾ ਵਸਾਈ॥ (565)



ਬਰਬਾਦੀ ਦੇ ਲੱਛਣ

ਬਜ਼ੁਰਗਾਂ ਨੇ ਮੱਤ ਦੇਣ ਵਾਸਤੇ ਕਥਾਵਾਂ ਰਾਹੀਂ ਸਮਝਾਇਆ ਹੈ ਕਿ ਇੱਕ-ਇੱਕ ਕਰ ਕੇ ਜਿੰਨੇ ਮਰਜ਼ੀ ਧਾਗੇ ਤੋੜਦੇ ਜਾਉ, ਕੋਈ ਮੁਸ਼ਕਿਲ ਨਹੀਂ। ਇੱਕ-ਇੱਕ ਤੀਲਾ ਕਰ ਕੇ ਸਾਰੀਆਂ ਲੱਕੜੀਆਂ ਤੋੜ ਦਿਓ, ਕੋਈ ਔਖ ਨਹੀਂ ਹੈ। ਜੇਕਰ ਇਕੱਠੀਆਂ ਹੋਣ ਤਾਂ ਨਹੀਂ ਟੁੱਟਦੀਆਂ। ਜੇ ਬਹੁਤ ਸਾਰੀ ਤਾਕਤ ਇਕੱਠੀ ਕਰੋਗੇ ਫਿਰ ਕਾਮਯਾਬੀ ਮਿਲਣ ਦੀ ਆਸ ਕਰ ਸਕਦੇ ਹੋ। ਸਮੇਂ ਦੇ ਬਦਲਣ ਨਾਲ ਸਾਖੀਆਂ ਵਿੱਚ ਭੀ ਬਦਲਾਉ ਆਉਂਦਾ ਹੈ। ਆਉਣਾ ਹੀ ਚਾਹੀਦਾ ਹੈ, ਦੁਨੀਆਂ ਵਿਕਾਸ ਜੋ ਕਰ ਰਹੀ ਹੈ। ਜਿਨ੍ਹਾਂ ਲੋਕਾਂ ਨੇ ਬਦਲਦੇ ਹਾਲਾਤ ਨਾਲ ਆਪਣੇ ਸਿੱਖਿਆ ਦੇ ਢੰਗ ਤਰੀਕੇ ਨਹੀਂ ਬਦਲੇ, ਉਹ ਪੱਛੜ ਜਾਂਦੇ ਹਨ। ਪਿਆਸੇ ਕਾਂ ਨੇ ਬਹੁਤ ਪਹਿਲਾਂ ਪਾਣੀ ਵਾਲੇ ਬਰਤਣ ਵਿੱਚ ਰੋੜੇ ਪਾ ਕੇ ਪਾਣੀ ਦਾ ਸਤਰ ਉੱਚਾ ਕਰ ਲਿਆ ਸੀ। ਅੱਜ ਕੱਲ੍ਹ ਕਾਂ ਪਾਣੀ ਪੀਣ ਲਈ ਠੰਢੇ ਪੀਣ ਵਾਲੀਆਂ ਪਾਈਪਾਂ ਲੱਭ ਕੇ ਪਾਣੀ ਪੀਣ ਦੀ ਜਾਚ ਸਿੱਖ ਗਏ ਹਨ ਕਿਉਂਕਿ ਅੱਜ ਦੀ ਸਿੱਖਿਆ ਲੈ ਕੇ ਕੱਲ ਦੇ ਰਾਜਨੇਤਾ ਬਣਨੇ ਹਨ। ਧਾਰਮਕ ਖੇਤਰ ਵਿੱਚ ਸੇਵਾਦਾਰ ਬਣਨੇ ਹਨ। ਅਫ਼ਸਰ ਬਣਨੇ ਹਨ।

ਸਾਰੀ ਦੁਨੀਆਂ ਜਾਂ ਦੇਸ਼ ਇੱਕ "ਇਕਾਈ" ਤੋਂ ਸ਼ੁਰੂ ਹੁੰਦੇ ਹਨ। ਇਹ ਮੁੱਢਲੀ ਇਕਾਈ ਹੈ ਇੱਕ ਪਰਿਵਾਰ। ਜਿਸ ਪਰਿਵਾਰ ਵਿੱਚ ਆਪਸੀ ਵਿਸ਼ਵਾਸ ਹੈ। ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਸਾਂਝੇਦਾਰੀ ਹੈ। ਪੁਰਸ਼ਾਂ ਦੇ ਬਰਾਬਰ ਇਸਤਰੀਆਂ ਦਾ ਸਤਿਕਾਰ ਹੈ। ਆਪਣੀ ਨਿੱਜੀ ਸੋਚ ਹੋਣ ਦੇ ਬਾਵਜੂਦ ਸਾਰੇ ਇੱਕ ਸਾਂਝੇ ਵਿਧਾਨ ਵਿੱਚ ਰਹਿਣ ਦੀ ਵਫ਼ਾਦਾਰੀ ਨਿਭਾਉਂਦੇ ਹਨ। ਪਰਿਵਾਰ ਤੋਂ ਦੂਜੀ ਇਕਾਈ ਹੈ, ਆਪਣਾ ਭਾਈਚਾਰਾ ਜਾਂ ਸਰੀਕਾ ਕਬੀਲਾ। ਭਾਵੇਂ ਇਹ ਇਕਾਈ ਅੱਜ ਕੱਲ੍ਹ ਬਹੁਤੀ ਮਜ਼ਬੂਤ ਤਾਂ ਨਹੀਂ ਰਹੀ ਪਰ ਇਸ ਤੋਂ ਬਗ਼ੈਰ ਸਰਦਾ ਭੀ ਨਹੀਂ ਹੈ। ਇਨ੍ਹਾਂ ਸਰੀਕੇਦਾਰਾਂ ਵਿੱਚ ਵਿਚਰ ਕੇ ਸਾਡੀ ਚੰਗੀ ਮੰਦੀ ਪਛਾਣ ਬਣਦੀ ਹੈ। "ਲੋਕੀਂ ਕੀ ਕਹਿਣਗੇ, ਸਾਡੀ ਤਾਂ ਨੱਕ ਵੱਢੀ ਜਾਵੇਗੀ। ਮੇਰੇ ਭਰਾ ਮੇਰੇ ਨਾਲ ਹਨ। ਕਿਸੇ ਨੂੰ ਭਰਾ ਹੀ ਵੱਡਾ ਕਰਦੇ ਹਨ", ਆਦਿ ਆਖ ਕੇ ਅਸੀਂ ਆਪਣੇ ਖ਼ਾਨਦਾਨ ਨਾਲ ਨੇੜੇ ਦੇ ਰਿਸ਼ਤੇ ਵਿੱਚ ਬੱਝੇ ਹੋਣ ਦਾ ਪ੍ਰਗਟਾ ਹੀ ਕਰ ਰਹੇ ਹੁੰਦੇ ਹਾਂ। ਕੁੱਝ ਖ਼ਾਨਦਾਨਾਂ ਦੇ ਸਮੂਹ ਨੂੰ ਅੱਗੋਂ ਪਿੰਡ ਜਾਂ ਸ਼ਹਿਰ ਨਾਲ ਜੁੜ ਕੇ ਇੱਕ ਰਾਜ (ਸੂਬਾ-ਸਟੇਟ) ਦੇਸ਼ ਤੇ ਫਿਰ ਦੁਨੀਆਂ ਬਣਦੀ ਹੈ। ਇਨ੍ਹਾਂ ਸਾਂਝ ਦੀਆਂ ਕੜੀਆਂ ਦੇ ਵਿਚਕਾਰ ਇੱਕ ਮਜ਼ਬੂਤ ਕੜੀ ਹੈ "ਧਰਮ"। ਧਰਮ ਮੁਖੀ ਜੇਕਰ ਸਮਝਦਾਰ ਹੋਣ ਤਾਂ ਧਰਮ ਦੀ ਮਜ਼ਬੂਤ ਇਕਾਈ ਵਿੱਚ ਬੰਨ੍ਹ ਕੇ ਆਪਣੇ ਲੋਕਾਂ ਨੂੰ ਵੱਡੀਆਂ ਜਿੱਤਾ ਤੱਕ ਦਿਵਾ ਸਕਦੇ ਹਨ, ਸਮੇਤ ਰਾਜ ਦੇ। ਅੱਜ ਦੇ ਸਮੇਂ ਵਿੱਚ "ਦੇਸ਼ ਭਗਤੀ" ਪਹਿਲੇ ਦਰਜੇ ਤੋਂ ਚਲੀ ਗਈ ਹੈ। ਧਰਮ ਪ੍ਰਤੀ ਵਫ਼ਾਦਾਰੀ ਦੂਜੇ ਦਰਜੇ 'ਤੇ ਆ ਗਈ ਹੈ ਕਿਉਂਕਿ ਇੱਕੋ ਦੇਸ਼ ਵਿੱਚ ਕਈ ਧਰਮਾਂ ਨੂੰ ਮੰਨਣ ਵਾਲੇ ਪਰਿਵਾਰ ਰਹਿੰਦੇ ਹਨ। ਸਾਰੇ ਪਰਿਵਾਰਾਂ ਨੂੰ ਆਪਣੇ ਧਰਮ-ਕਰਮ ਦੀ ਆਗਿਆ ਤਾਂ ਹੋਇਆ ਕਰਦੀ ਹੈ। ਪੂਜਾ-ਪਾਠ ਤਾਂ ਕਰ ਸਕਦੇ ਹਨ ਪਰ ਕਿਸੇ ਦੂਜੇ ਧਰਮ ਦਾ ਅਪਮਾਨ ਨਹੀਂ ਕਰ ਸਕਦੇ।

ਇਹ ਦੇਸ਼ ਸਾਰੇ ਧਰਮਾਂ ਵਾਲਿਆਂ ਦਾ ਸਾਂਝਾ ਹੈ। ਸਾਰੇ ਇਕਸਾਰ ਕਾਨੂੰਨ ਦੀ ਪਾਲਣਾ ਕਰਨਗੇ। ਕਾਨੂੰਨ ਸਾਰਿਆਂ ਨੂੰ ਇੱਕੋ ਜਿਹਾ ਇਨਸਾਫ਼ ਦੇਵੇਗਾ।

ਕੁੱਝ ਖ਼ੁਦਗਰਜ਼ ਲੋਕ ਆਪਣੇ ਨਿੱਜੀ ਮੁਫ਼ਾਦਾਂ ਲਈ ਇਨ੍ਹਾਂ ਸਾਂਝੇ ਕਾਨੂੰਨਾਂ ਦੀ ਪਾਲਣਾ ਨਹੀਂ ਕਰਦੇ। ਕੁੱਝ ਰਿਸ਼ਵਤਖ਼ੋਰ ਅਫ਼ਸਰ ਪੈਸੇ ਦੀ ਹਵਸ ਕਾਰਨ ਕਾਨੂੰਨ ਦੇ ਬੰਧਨਾਂ ਨੂੰ ਤੋੜ ਦਿੰਦੇ ਹਨ। ਕਈ ਰਾਜਨੇਤਾ ਵਫ਼ਾਦਾਰੀਆਂ ਬਦਲਦੇ ਹਨ। ਕਦੀ ਫ਼ੌਜੀ ਅਫ਼ਸਰ ਦੇਸ਼ ਨਾਲ ਧ੍ਰੋਹ ਕਮਾਉਂਦੇ ਹਨ। ਕਈ "ਧਰਮੀ" ਲੋਕ ਨਫ਼ਰਤ ਫੈਲਾਉਂਦੇ ਹਨ। ਜੰਤਾ ਅਣਪੜ੍ਹ ਧਰਮ ਤੋਂ ਸੱਖਣੀ ਰਾਜਨੀਤੀ ਤੋਂ ਬੇਖ਼ਬਰ ਕਾਨੂੰਨ ਤੋਂ ਅਣਜਾਣ, ਆਰਥਕ ਪੱਖੋਂ ਕਮਜ਼ੋਰ, ਸਿਰ ਸੁੱਟੀ ਜ਼ਿੰਦਗੀ ਦਾ ਬੋਝਾ ਢੋਅ ਰਹੀ ਹੁੰਦੀ ਹੈ। ਜੇ ਵੱਡੇ ਹਾਦਸੇ ਵਾਪਰਨ ਤੋਂ ਪਹਿਲਾਂ ਕਿਸੇ ਸਿਆਣੇ ਇਨਸਾਨ ਨੇ ਰਾਜ ਸੱਤਾ ਬਦਲ ਕੇ ਆਪਣੇ ਹੱਥ ਵਿੱਚ ਲੈ ਕੇ ਸੰਭਾਲ ਲਈ ਤਾਂ ਕਈ ਵਾਰੀ ਬਚਾਅ ਹੋ ਜਾਂਦਾ ਹੈ। ਬਹੁਤੀ ਵਾਰੀ ਤਾਂ ਦੇਸ਼ ਦੇ ਟੁਕੜੇ ਹੋ ਜਾਂਦੇ ਹਨ। ਬੇਅੰਤ ਲੋਕਾਂ ਦਾ ਖ਼ੂਨ ਵਹਿੰਦਾ ਹੈ। ਤਬਾਹੀ ਹੁੰਦੀ ਹੈ, ਦੇਸ਼ ਉੱਜੜ ਜਾਂਦਾ ਹੈ।

ਇੱਕ ਵਿਦਵਾਨ ਪੁਰਖ ਨੇ ਕਿੰਨਾ ਸੁੰਦਰ ਲਿਖਿਆ ਹੈ, "ਉਹ ਦੇਸ਼ ਤਰਸਯੋਗ ਹੈ, ਜਿਸ ਦੇ ਲੋਕਾਂ ਨੂੰ ਸਮਾਜ ਦੇ ਭਲੇ ਵਾਲਾ, ਸੱਚਾਈ ਦੇ ਮਾਰਗ ਵਾਲਾ, ਪਰਉਪਕਾਰ ਵਾਲਾ, ਕਿਰਤ ਕਰਨ ਵਾਲਾ, ਵੰਡ ਕੇ ਛਕਣ ਵਾਲਾ ਧਰਮ ਨਹੀਂ ਪੜ੍ਹਾਇਆ ਗਿਆ। ਸਗੋਂ ਕਰਮਕਾਂਡ ਵਾਲਾ, ਵਹਿਮ-ਭਰਮ ਵਾਲਾ, ਧਾਗੇ-ਤਵੀਤਾਂ ਵਾਲਾ, ਜਾਦੂ-ਮੰਤਰਾਂ ਵਾਲਾ, ਝੂਠੀਆਂ ਕਹਾਣੀਆਂ ਵਾਲਾ, ਬੇ-ਸਿਰ, ਪੈਰ ਦੀਆਂ ਇਨਸਾਨੀਅਤ ਵਿਰੋਧੀ ਮਾਨਤਾਵਾਂ ਵਾਲਾ "ਧਰਮ" ਸਿਖਾਇਆ ਜਾਂਦਾ ਹੈ। ਅਜਿਹੇ ਰਾਹਾਂ 'ਤੇ ਚੱਲਣ ਵਾਲਾ ਦੇਸ਼ ਡੁੱਬਿਆ ਹੀ ਸਮਝੋ। ਜਿਸ ਦੇਸ਼ ਦੇ ਲੋਕਾਂ ਨੂੰ "ਆਪਣਾ ਦੇਸ਼ ਮਹਾਨ ਹੈ" ਦਾ ਪਾਠ ਬਾਰ-ਬਾਰ ਪੜ੍ਹਾਇਆ ਜਾਂਦਾ ਹੈ ਪਰ ਆਪਣੇ ਦੇਸ਼ ਵਿੱਚ ਇੱਕ ਸੂਈ ਤੱਕ ਨਾ ਬਣਦੀ ਹੋਵੇ, ਉਹ ਭੀ ਵਿਦੇਸ਼ ਵਿੱਚੋਂ ਮੰਗਵਾਉਣੀ ਪਵੇ। ਸੂਈ ਤੋਂ ਲੈ ਕੇ ਕਾਰਾਂ, ਬੱਸਾਂ, ਰੇਲਾਂ, ਹਵਾਈ ਜਹਾਜ਼, ਫ਼ੌਜ ਲਈ ਹਥਿਆਰ ਆਦਿ ਵਿਦੇਸ਼ ਵਿੱਚੋਂ ਆਉਣ। ਜਦੋਂ ਇਥੇ ਆਪਣਾ ਹੈ ਹੀ ਕੁੱਝ ਨਹੀਂ ਤਾਂ ਦੇਸ਼ ਪਿਆਰ ਕਿਵੇਂ ਪੈਦਾ ਹੋ ਸਕਦਾ ਹੈ? ਅਜਿਹਾ ਦੇਸ਼ ਡੁੱਬਿਆ ਹੀ ਸਮਝੋ। ਜਿਥੋਂ ਦੇ ਲੋਕੀਂ ਆਪਣੇ ਤਨ ਦੇ ਕੱਪੜੇ ਭੀ ਬਾਹਰੋਂ ਮੰਗਵਾ ਕੇ ਪਹਿਨਦੇ ਹਨ। ਫ਼ੌਜੀ ਬਰਦੀਆਂ ਭੀ ਤਿਆਰ ਨਾ ਕਰ ਸਕੇ, ਉਸ ਦੇਸ਼ ਦਾ ਸਦਾ ਸਿਰ ਨੀਵਾਂ ਸਮਝੋ। ਜਿਸ ਦੇਸ਼ ਵਿੱਚ ਕਾਇਰ ਨੂੰ ਬਹਾਦਰ ਕਿਹਾ ਜਾਵੇ। ਨਿਰਦਈ ਨੂੰ ਦਇਆਵਾਨ ਕਿਹਾ ਜਾਵੇ। ਉਹ ਦੇਸ਼ ਡੁੱਬਿਆ ਹੀ ਸਮਝੋ। ਜਿਸ ਦੇਸ਼ ਦੇ ਲੋਕ ਮੌਤ ਦੇ ਜਨਾਜ਼ੇ ਤੋਂ ਬਿਨਾਂ ਉੱਚੀ ਆਵਾਜ਼ ਨਹੀਂ ਕੱਢਦੇ। ਖੰਡਰਾਂ ਤੋਂ ਬਿਨਾਂ ਕਿਤੇ ਸਵੈਮਾਣ ਪ੍ਰਗਟ ਨਹੀਂ ਕਰਦੇ, ਉਹ ਦੇਸ਼ ਮਰਿਆ ਹੀ ਸਮਝੋ। ਜਿਸ ਦੇਸ਼ ਦੇ ਲੋਕ ਤਲਵਾਰ ਹੇਠ ਧੌਣ ਨਿਵਾ ਦੇਣ ਪਰ ਬਗਾਵਤ ਦਾ ਰਾਹ ਅਖ਼ਤਿਆਰ ਨਾ ਕਰਨ, ਉਹ ਦੇਸ਼ ਗ਼ੁਲਾਮ ਹੋਇਆ ਹੀ ਸਮਝੋ। ਜਿਸ ਦੇਸ਼ ਦਾ ਸਿਆਸਤਦਾਨ ਲੂੰਬੜ ਮੂੰਹਾਂ ਹੋਵੇ, ਉਸ ਦੇਸ਼ ਨੇ ਕਿਵੇਂ ਬਚਣਾ ਹੈ? ਜਿਸ ਦੇਸ਼ ਦਾ ਵਿਚਾਰਵਾਨ ਬਾਜ਼ੀਗਰਾਂ ਵਾਲਾ ਛਲ ਨਾਟਕ ਤਾਂ ਕਰੇ ਪਰ ਆਪਣੇ ਲੋਕਾਂ ਨੂੰ ਸਹੀ ਸੇਧ ਨਾ ਦੇਵੇ ਉਹ ਦੇਸ਼ ਤਬਾਹ ਹੋਇਆ ਹੀ ਸਮਝੋ। ਜਿਸ ਦੇ ਕਲਾਕਾਰਾਂ ਦੀ ਕੋਈ ਨਵੇਕਲੀ ਪਛਾਣ ਨਹੀਂ। ਆਪਣੀ ਕੋਈ ਦੇਣ ਨਹੀਂ,

ਦੂਜਿਆਂ ਦੀ ਨਕਲ ਮਾਰ ਕੇ ਆਪਣੇ ਮਿਊਜ਼ੀਅਮ ਭਰ ਲਏ, ਉਸ ਦੇਸ਼ ਦਾ ਮਾਨ ਸਨਮਾਨ ਖ਼ਤਮ ਹੋਇਆ ਹੀ ਸਮਝੋ। ਜਿਸ ਦੇਸ਼ ਦੇ ਲੋਕ ਨਵੇਂ ਬਾਦਸ਼ਾਹ ਦਾ ਸੁਆਗਤ ਬੜੇ ਉਤਸ਼ਾਹ ਨਾਲ ਕਰਦੇ ਹੋਣ। ਜਿਸ ਦੇਸ਼ ਦੇ ਵਾਸੀ ਗੱਦੀ ਤੋਂ ਉਤਾਰੇ ਜਾ ਰਹੇ ਬਾਦਸ਼ਾਹ ਦਾ ਵਿਰੋਧ ਭੀ ਉਸੇ ਜੋਸ਼ ਨਾਲ ਕਰ ਰਹੇ ਹੋਣ ਤਾਂ ਕਿ ਨਵੇਂ ਨੂੰ ਛੇਤੀ ਜੀ ਆਇਆਂ ਆਖ ਸਕੀਏ। ਉਹ ਦੇਸ਼ ਤਬਾਹ ਹੋਇਆ ਹੀ ਸਮਝੋ। ਜਿਸ ਦੇਸ਼ ਦੇ "ਧਰਮੀ ਮਹਾਂਪੁਰਖ" ਗੂੰਗੇ ਹਨ। ਕਦੀ ਸੱਚ ਦਾ ਹੋਕਾ ਨਹੀਂ ਦਿੰਦੇ। ਗਰੀਬਾਂ ਦੀ ਹਮਾਇਤ ਵਿੱਚ ਅੜ ਕੇ ਨਹੀਂ ਖਲੋਂਦੇ। ਆਪਣੇ ਨਿੱਜੀ ਸੁੱਖਾਂ ਵਾਸਤੇ ਗ਼ਰੀਬ ਜੰਤਾ ਨੂੰ ਲੁਟਦੇ ਹਨ। ਉਹ ਦੇਸ਼ ਛੇਤੀ ਹੀ ਬਰਬਾਦ ਹੋਇਆ ਸਮਝੋ। ਜਿਸ ਦੇਸ਼ ਦੇ ਸੂਰਮੇ ਅੰਦਰ ਦੜੇ ਬੈਠੇ ਹਨ। ਦੁੱਧ ਪੀਣੇ ਮਜਨੂੰ ਬਣ ਕੇ ਸਿਰ ਸੁੱਟ ਕੇ ਬੇਗ਼ੈਰਤ ਜੀਵਨ ਜਿਉਂ ਰਹੇ ਹਨ। ਉਹ ਦੇਸ਼ ਬਰਬਾਦ ਹੋਇਆ ਹੀ ਸਮਝੋ। ਜਿਸ ਦੇਸ਼ ਦੇ ਲੋਕ ਟੁਕੜਿਆਂ ਵਿੱਚ ਵੰਡੇ ਹੋਏ ਹਨ। ਬੋਲੀ, ਸਭਿਅਤਾ, ਧਰਮ, ਜਾਤ, ਕਬੀਲੇ ਵੱਖੋ-ਵੱਖਰੇ ਹਨ। ਹਰ ਕੋਈ ਆਪਣੇ ਛੋਟੇ ਜਿਹੇ ਖਿੱਤੇ ਨੂੰ ਸੁਤੰਤਰ ਦੇਸ਼ ਕਹਿ ਰਿਹਾ ਹੈ। ਆਪਣੀ ਬੋਲੀ 'ਤੇ ਧਰਮ ਨੂੰ, ਜਾਤ ਨੂੰ, ਸਭਿਅਤਾ ਨੂੰ ਉੱਚੀ ਸਮਝਦਾ ਹੈ। ਆਪਣੀ ਜਾਤ ਨੂੰ ਪਵਿੱਤਰ ਮੰਨਦਾ ਹੈ। ਬਦਕਿਸਮਤ ਹੈ, ਉਹ ਦੇਸ਼। ਉਸ ਨੇ ਦੇਰ ਸਵੇਰ ਬਰਬਾਦ ਹੋ ਹੀ ਜਾਣਾ ਹੈ। ਉਸ ਨੂੰ ਬਾਹਰੋਂ ਆਉਣ ਵਾਲੇ ਹਮਲਾਵਰ ਤਾਂ ਹਾਨੀ ਬਾਦ ਵਿੱਚ ਪੁਚਾਉਣਗੇ। ਉਸ ਦੇ ਅੰਦਰ ਵਸਣ ਵਾਲੇ ਆਪਣੀਆਂ ਹੀ ਮੰਦੀਆਂ ਕਰਤੂਤਾਂ ਨਾਲ ਬਰਬਾਦ ਕਰ ਦੇਣਗੇ। ਸਭ ਕੁੱਝ ਤਬਾਹ ਹੋਣ ਤੋਂ ਮਗਰੋਂ ਐਲਾਨ ਕਰਨਗੇ ਕਿ ਭਗਵਾਨ ਨੂੰ ਇਸੇ ਤਰ੍ਹਾਂ ਮਨਜ਼ੂਰ ਸੀ। ਪਰਮੇਸ਼ਰ ਦਾ ਇਹੀ ਹੁਕਮ ਸੀ। ਸਾਡੀ ਕਿਸਮਤ ਵਿੱਚ ਇਸੇ ਤਰ੍ਹਾਂ ਲਿਖਿਆ ਹੋਇਆ ਸੀ। ਪਿਛਲੇ ਜਨਮਾਂ ਦੇ ਕੀਤੇ ਪਾਪ ਅੱਗੇ ਆ ਗਏ।

ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥
ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਐ ਜਿਉ ਹਾਰੈ ॥ ਰਹਾਉ ॥
ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ, ਪਰ ਨਿੰਦਾ ਹਿਤ ਕਾਰੈ ॥
ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ, ਦੁਆਰੇ ਪਾਵਕੁ ਜਾਰੈ ॥
ਕਾਲਰ ਪੋਟ ਉਠਾਵੈ ਮੂੰਡਹਿ, ਅੰਮ੍ਰਿਤੁ ਮਨ ਤੇ ਡਾਰੈ ॥
ਓਢੈ ਬਸਤਰ ਕਾਜਰ ਮਹਿ ਪਰਿਆ, ਬਹੁਰਿ ਬਹੁਰਿ ਫਿਰਿ ਝਾਰੈ ॥
ਕਾਟੈ ਪੇਡੁ ਡਾਲ ਪਰਿ ਠਾਢੌ, ਖਾਇ ਖਾਇ ਮੁਸਕਾਰੈ ॥
ਗਿਰਿਓ ਜਾਇ ਰਸਾਤਲਿ ਪਰਿਓ, ਛਿਟੀ ਛਿਟੀ ਸਿਰ ਭਾਰੈ ॥
ਨਿਰਵੈਰੈ ਸੰਗਿ ਵੈਰੁ ਰਚਾਏ, ਪਹੁੰਚਿ ਨ ਸਕੈ ਗਵਾਰੈ ॥
ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ ॥ (1205)

ਕੋਮਲ ਕਲਾ ਮਹਾਨ ਹੈ

ਸਾਡੇ ਆਲੇ-ਦੁਆਲੇ ਬਹੁਤ ਕੁੱਝ ਅਣਸੁਖਾਵਾਂ ਸਾਮਾਨ ਖਿੱਲਰਿਆ ਹੋ ਸਕਦਾ ਹੈ। ਉਭੜ-ਖਾਬੜ ਰਸਤੇ ਹੋ ਸਕਦੇ ਹਨ। ਜੰਗਲ ਹਨ, ਖੰਡਰ ਹਨ। ਰੇਤ-ਥਲ ਹਨ ਤੇ ਪੱਥਰ-ਪਹਾੜ ਹਨ। ਲੜਦੇ-ਝਗੜਦੇ ਇੱਕ ਦੂਜੇ ਨੂੰ ਨਫ਼ਰਤ ਕਰਦੇ ਲੋਕ ਹਨ। ਬਿਮਾਰੀਆਂ ਹਨ, ਜੰਗ ਯੁੱਧ ਹਨ। ਬੱਚਿਆਂ ਦੀ ਕੁਰਲਾਹਟ ਹੈ। ਔਰਤਾਂ ਦੇ ਹੰਝੂ ਹਨ। ਉਦਾਸ ਚਿਹਰੇ ਹਨ, ਨੰਗੇ ਜਿਸਮ ਹਨ। ਰੋਟੀ ਲਈ ਮਨੁੱਖ ਵਿਲਕ ਰਹੇ ਹਨ। ਇੱਜ਼ਤਾਂ ਨਿਲਾਮ ਹੁੰਦੀਆਂ ਹਨ। ਬੇਈਮਾਨ ਰਾਜਨੇਤਾ ਹਨ। ਤਬਾਹੀ ਮਚਾਉਣ ਵਾਲੇ ਐਟਮ ਬੰਬ ਹਨ। ਪਰਦੂਸ਼ਣ ਹੈ, ਸ਼ੋਰ ਹੈ, ਐਕਸੀਡੈਂਟ ਹਨ। ਧੋਖੇ ਹਨ, ਲੁੱਟਾਂ ਹਨ। ਬੇਈਮਾਨੀਆਂ ਹਨ, ਫਰੇਬ ਹਨ, ਵਿਸ਼ਵਾਸਘਾਤ ਹਨ। ਬਹੁਤ ਕੁੱਝ ਅਜਿਹਾ ਹੈ ਜੋ ਸਾਨੂੰ ਚੰਗਾ ਨਹੀਂ ਲਗਦਾ। ਹੁਣ ਜਾਂ ਤਾਂ ਸਾਨੂੰ ਇਸੇ "ਅੱਗ ਦੇ ਦਰਿਆ" ਵਿੱਚ ਵਹਿ ਜਾਣਾ ਚਾਹੀਦਾ ਹੈ। ਜੇ ਸਾਨੂੰ ਇਹ ਵਰਤਾਰਾ ਚੰਗਾ ਨਹੀਂ ਲਗਦਾ ਤਾਂ ਇਸ ਨੂੰ ਸੁਧਾਰਨ ਵਾਸਤੇ ਯਤਨ ਕਰਨਾ ਚਾਹੀਦਾ ਹੈ। ਅਸੀਂ ਸਭ ਕੁੱਝ ਠੀਕ ਨਹੀਂ ਕਰ ਸਕਾਂਗੇ ਪਰ ਆਪਣਾ ਬਣਦਾ ਹਿੱਸਾ ਤਾਂ ਪਾਈਏ। ਜੇ ਅਸੀਂ ਬੁਰਾਈ ਦੇ ਵਿਰੁੱਧ ਕੰਮ ਨਹੀਂ ਕਰਦੇ, ਜੇ ਅਸੀਂ ਜ਼ੁਲਮ ਦੇ ਵਿਰੁੱਧ ਆਵਾਜ਼ ਨਹੀਂ ਉਠਾਉਂਦੇ, ਫਿਰ ਜਾਂ ਤਾਂ ਕਾਇਰ ਹਾਂ ਜਾਂ ਮੂਰਖ ਹਾਂ ਜਾਂ ਫਿਰ ਜ਼ਾਲਮ ਧਾੜਾਂ ਦੇ ਸਹਿਯੋਗੀ ਹਾਂ। ਫ਼ੈਸਲਾ ਪਾਠਕਾਂ ਨੇ ਖ਼ੁਦ ਕਰਨਾ ਹੈ ਕਿ ਉਹ ਕਿਹੜੀ ਧਿਰ ਦੇ ਨਾਲ ਹਨ?

ਮਨੁੱਖ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਰੇਤ ਦੀ ਇੱਕ ਬੁੱਕ (ਮੁੱਠੀ) ਵਿੱਚ ਅਪਸਰਾ ਬਣਨ ਦੀ ਯੋਗਤਾ ਹੈ, ਬਸ਼ਰਤੇ ਕੋਈ ਨਿਪੁੰਨ ਕਲਾਕਾਰ ਮਿਲ ਜਾਵੇ। ਇੱਕ ਨਿੱਕੇ ਜਿਹੇ ਬੀਜ ਵਿੱਚ ਪੂਰਾ-ਪੂਰਾ ਰੁੱਖ ਬਣਨ ਦੀ ਸੰਭਾਵਨਾ ਹੈ, ਬਸ਼ਰਤੇ ਕਿ ਉਸ ਨੂੰ ਉਚਿਤ ਵਾਤਾਵਰਣ ਮਿਲ ਜਾਵੇ। ਜਿਸ ਨਿਰੰਕਾਰ ਨੇ ਕੰਡੇ ਬਣਾਏ ਹਨ, ਫੁੱਲ ਭੀ ਉਸੇ ਨੇ ਬਣਾਏ ਹਨ। ਜਿਸ ਪਰਮੇਸ਼ਰ ਨੇ ਕਠੋਰ ਪਹਾੜ ਬਣਾਏ ਹਨ, ਨਿਰਮਲ ਜਲ ਭੀ ਉਸੇ ਨੇ ਬਣਾਇਆ ਹੈ। ਬਹੁਤੀ ਵਾਰੀ ਸਗੋਂ ਕਠੋਰ ਪਹਾੜਾਂ ਵਿੱਚੋਂ ਹੀ ਨਿਰਮਲ ਜਲ ਦੀਆਂ ਨਦੀਆਂ ਅਤੇ ਦਰਿਆ ਨਿਕਲਦੇ ਹਨ। ਜਿਸ ਰੇਤ-ਥਲਾਂ ਨੂੰ ਵੀਰਾਨਗੀ ਸਮਝਦੇ ਰਹੇ ਹਾਂ ਉਨ੍ਹਾਂ ਮਾਰੂਥਲਾਂ ਦੇ ਹੇਠਾਂ ਤੇਲ ਦੇ ਦਰਿਆ ਵਗਦੇ ਹਨ। ਜਿਨ੍ਹਾਂ ਨਾਲ ਸਾਰੀ ਦੁਨੀਆਂ ਦੀਆਂ ਮਸ਼ੀਨਾਂ ਚਲਦੀਆਂ ਹਨ। ਜਿਵੇਂ ਮਨੁੱਖ ਦੇ ਅੰਦਰ ਰੱਬ ਭੀ ਹੈ, ਸ਼ੈਤਾਨ ਭੀ ਹੈ। ਨੇਕੀ ਅਤੇ ਬਦੀ, ਧਰਮ ਅਤੇ ਪਾਪ, ਕਾਤਲ ਅਤੇ ਪਰਉਪਕਾਰੀ ਇੱਕੋ ਥਾਂ ਇਕੱਠੇ ਹਨ। ਮਨੁੱਖ ਨੇ ਆਪਣੇ ਅੰਦਰ ਦੀ ਖੋਜ ਕਰ ਕੇ ਫ਼ੈਸਲਾ ਕਰਨਾ ਹੈ ਕਿ ਉਸ ਨੇ ਕਿਹੋ ਜਿਹਾ ਬਣਨਾ ਹੈ। ਆਲੇ-ਦੁਆਲੇ ਅੱਖਾਂ ਖੋਲ੍ਹ ਕੇ ਵੇਖਦੇ ਰਹਿਣਾ ਹੈ ਕਿ ਦੁਨੀਆਂ ਨੂੰ ਚੰਗੇਰੀ ਬਣਾਉਣ ਵਾਸਤੇ ਉਹ ਕੀ ਯੋਗਦਾਨ ਪਾ ਸਕਦਾ ਹੈ।

ਬਹੁਤ ਅਰਸਾ ਪਹਿਲਾਂ ਇੱਕ ਵਿਦੇਸ਼ੀ ਵਿਦਵਾਨ ਦੀ ਕਹਾਣੀ ਪੜ੍ਹੀ ਸੀ। ਕਹਾਣੀ ਦਾ ਨਾਂ ਸੀ "ਆਖਰੀ ਪੱਤਾ"। ਲੇਖਕ ਨੇ ਬੇਜੋੜ ਆਸਾਵਾਦੀ ਪੱਖ ਉਘਾੜਿਆ ਹੈ।

ਕਹਾਣੀ ਦਾ ਸੰਖੇਪ ਸਾਰ ਇਉਂ ਹੈ- "ਇੱਕ ਲਾਇਲਾਜ ਮਰੀਜ਼ ਹਸਪਤਾਲ ਦੇ ਬੈੱਡ 'ਤੇ ਪਿਆ ਆਪਣੇ ਜੀਵਨ ਦੇ ਆਖਰੀ ਸਾਹ ਲੈ ਰਿਹਾ ਹੈ। ਡਾਕਟਰ ਆਉਂਦੇ ਹਨ, ਦਵਾਈ ਦਿੰਦੇ ਹਨ, ਬੇਬਸੀ ਵਿੱਚ ਸਿਰ ਹਿਲਾ ਕੇ ਵਾਪਸ ਚਲੇ ਜਾਂਦੇ ਹਨ। ਇੱਕ ਬੂਟਾ ਮਰੀਜ਼ ਦੇ ਸਾਹਮਣੇ ਵਾਲੀ ਤਾਕੀ ਵਿੱਚ ਪਿਆ ਹੈ। ਸਰਦੀ ਵੱਧ ਰਹੀ ਹੈ। ਇੱਕ-ਇੱਕ ਕਰ ਕੇ ਉਸ ਬੂਟੇ ਦੇ ਪੱਤੇ ਝੜ ਰਹੇ ਹਨ। ਮਰੀਜ਼ ਉਸ ਬੂਟੇ ਵੱਲ ਦਿਨ ਭਰ ਵੇਖਦਾ ਰਹਿੰਦਾ ਹੈ। ਜਦੋਂ ਬੂਟੇ ਨਾਲ ਸਿਰਫ਼ ਇੱਕ ਪੱਤਾ ਰਹਿ ਗਿਆ ਤਾਂ ਮਰੀਜ਼ ਨੂੰ ਯਕੀਨ ਹੋ ਗਿਆ ਕਿ ਕੱਲ੍ਹ ਨੂੰ ਆਖਰੀ ਪੱਤਾ ਡਿੱਗ ਜਾਣਾ ਹੈ। ਮੇਰੇ ਪ੍ਰਾਣ ਪੰਖੇਰੂ ਉੱਡ ਜਾਣੇ ਹਨ। ਇੱਕ ਨਰਸ ਬੀਬੀ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਨਰਸ ਨੇ ਰਾਤ ਨੂੰ ਤਾਕੀ ਅੱਗੇ ਕੱਪੜਾ ਤਾਣ ਦਿੱਤਾ। ਸਵੇਰ ਹੋਈ ਤੋਂ ਪਰਦਾ ਪਰ੍ਹੇ ਕੀਤਾ ਪਰ ਪੱਤਾ ਡਿੱਗਿਆ ਨਹੀਂ ਸੀ, ਬੂਟੇ ਦੇ ਨਾਲ ਹੀ ਲੱਗਾ ਹੋਇਆ ਸੀ। ਮਰੀਜ਼ ਸ਼ਾਮ ਤੱਕ ਉਸ ਵੱਲ ਵੇਖਦਾ ਰਿਹਾ। ਅਗਲੀ ਸਵੇਰ ਨੂੰ ਇੱਕ ਨਿੱਕਾ ਜਿਹਾ ਹੋਰ ਪੱਤਾ ਉੱਗ ਪਿਆ ਦਿੱਸਿਆ। ਮਰੀਜ਼ ਵਿੱਚ ਕੁੱਝ ਹਿੰਮਤ ਜਾਗੀ। ਅਗਲੇ ਦਿਨ ਇੱਕ ਹੋਰ ਪੱਤਾ, ਉਸ ਤੋਂ ਅਗਲੇ ਦਿਨ ਹੋਰ। ਦਸ ਕੁ ਦਿਨਾਂ ਅੰਦਰ ਉਸ ਬੂਟੇ ਦੀਆਂ ਟਾਹਣੀਆਂ ਪੱਤਿਆਂ ਨਾਲ ਭਰੀਆਂ ਨਜ਼ਰ ਆ ਰਹੀਆਂ ਸਨ ਤੇ ਇੱਕ ਦਿਨ ਦੋ ਫੁੱਲ ਭੀ ਖਿੜਨ ਲਈ ਤਿਆਰ ਸਨ। ਮਰੀਜ਼ ਦੀ ਅੰਦਰੂਨੀ ਸੱਤਿਆ ਮਜ਼ਬੂਤ ਹੋਣ ਲੱਗੀ। ਮਨ ਅੰਦਰ ਜਿਉਣ ਦੀ ਆਸ ਜਾਗ ਪਈ। ਜੋ ਦਵਾਈ ਪਹਿਲਾਂ ਅਸਰ ਨਹੀਂ ਸੀ ਕਰਦੀ, ਹੁਣ ਕਾਰਗਰ ਢੰਗ ਨਾਲ ਕੰਮ ਕਰਨ ਲੱਗੀ। ਦਸਵੇਂ ਕੁ ਦਿਨ ਮਰੀਜ਼ ਤੰਦਰੁਸਤ ਹੋ ਕੇ ਡਾਕਟਰ ਨੂੰ ਖ਼ੁਦ ਕਹਿਣ ਲੱਗਾ ਕਿ "ਮੈਂ ਹੁਣ ਠੀਕ ਹਾਂ, ਮੈਨੂੰ ਛੁੱਟੀ ਦੇ ਦਿਓ।" ਮਰੀਜ਼ ਦੇ ਚਲੇ ਜਾਣ 'ਤੇ ਇਸ ਬਾਰੇ ਹਸਪਤਾਲ ਦੇ ਸਟਾਫ਼ ਨੇ ਕਈ ਪੱਖਾਂ 'ਤੇ ਵਿਚਾਰ-ਵਟਾਂਦਰਾ ਕੀਤਾ। ਇੱਕ ਨਰਸ ਬੀਬੀ ਨੇ ਦੱਸਿਆ ਕਿ, "ਮੈਂ ਇਸ ਮਰੀਜ਼ ਦੀ ਮਨੋਦਸ਼ਾ ਵੇਖ ਕੇ ਰਾਤ ਸਮੇਂ ਇਸ ਬੂਟੇ ਨਾਲ ਇੱਕ-ਇੱਕ ਬਣਾਵਟੀ ਪੱਤਾ ਲਾ ਦਿੰਦੀ ਸੀ। ਦਸ ਕੁ ਦਿਨਾਂ ਵਿੱਚ ਕਾਫ਼ੀ ਪੱਤੇ ਲਾਏ ਤੇ ਦੋ ਕੁ ਫੁੱਲ ਭੀ ਲਾ ਦਿੱਤੇ। ਮਰੀਜ਼ ਦੀ ਮੁਰਦਾ ਆਸ ਜਾਗ ਪਈ। ਡਿੱਗ ਰਹੇ ਪੱਤਿਆਂ ਨੂੰ ਵੇਖ ਕੇ ਉਹ ਖ਼ੁਦ ਡਿੱਗ ਰਿਹਾ ਸੀ। ਪੱਤਿਆਂ ਦਾ ਡਿੱਗਣੋਂ ਰੁਕਣਾ, ਨਵੇਂ ਉੱਗ ਪੈਣੇ ਉਸ ਲਈ ਜੀਵਨ ਸੋਮਾ ਬਣ ਗਏ।"

ਹਸਪਤਾਲ ਦੇ ਸਾਲਾਨਾ ਸਮਾਗਮ ਵਿੱਚ ਜਿਥੇ ਸਾਰੇ ਸ਼ਹਿਰ ਦੇ ਪਤਵੰਤੇ ਲੋਕ ਇਕੱਠੇ ਹੋਏ ਸਨ। ਸਾਰਿਆਂ ਸਾਹਮਣੇ ਇਸ ਨਰਸ ਬੀਬੀ ਵੱਲੋਂ ਕੀਤੇ ਕੰਮ ਬਾਰੇ ਜਾਣਕਾਰੀ ਦਿੱਤੀ ਗਈ। ਇਸ ਸਾਲ ਦਾ ਸਭ ਤੋਂ ਵੱਡਾ ਇਨਾਮ "ਜੀਵਨ ਦੀ ਕਲਾਕਾਰ" ਦਾ ਉਸ ਨਰਸ ਨੂੰ ਦੇ ਕੇ ਨਿਵਾਜਿਆ ਗਿਆ।

ਕਲਾਕਾਰ ਲੋਕ ਬਹੁਤ ਕੁੱਝ ਲਿਖਦੇ ਹਨ। ਕਲਾ ਕਿਰਤਾਂ ਬਣਾਉਂਦੇ ਹਨ। ਗਿਗੀਤਕਾਰ ਹਨ। ਚਿੱਤਰਕਾਰ ਹਨ, ਬੁੱਤ ਘਾੜੇ ਹਨ। ਇਨ੍ਹਾਂ ਦੀਆਂ ਤਿਆਰ ਕੀਤੀਆਂ ਕਲਾ ਕਿਰਤਾਂ ਨਾਲ ਜੇ ਕਿਸੇ ਦਾ ਜੀਵਨ ਨਹੀਂ ਬਦਲਿਆ ਫਿਰ ਇਹ ਕਲਾ ਕ੍ਰਿਤਾਂ ਕਿਸ ਅਰਥ ? ਸਿਆਣਿਆਂ ਦਾ ਕਥਨ ਹੈ ਕਿ ਸਿਆਹੀ ਦਾ ਇੱਕ ਤੁਪਕਾ ਖ਼ੂਨ ਦੇ ਹਜ਼ਾਰਾਂ ਕਤਰਿਆਂ ਤੋਂ ਵੱਧ ਕੀਮਤੀ ਹੈ। ਕਲਮ ਦੀ ਤਾਕਤ ਤਲਵਾਰ ਦੀ ਤਾਕਤ ਨਾਲੋਂ ਕਿਤੇ

ਵੱਧ ਹੈ। ਤਲਵਾਰ ਚੁੱਕਣ ਅਤੇ ਵਰਤਣ ਦੀ ਕਲਾ ਕਲਮ ਸਿਖਾਉਂਦੀ ਹੈ। ਜੇ ਇਕੱਲੀ ਤਲਵਾਰ ਹੀ ਹਰ ਥਾਂ ਕਾਬਜ ਹੋ ਜਾਏ ਤਾਂ ਕਲਮਾਂ ਨੂੰ ਤੋੜਦੀ ਹੈ। ਕਲਮਾਂ ਚਲਾਉਣ ਵਾਲੇ ਹੱਥਾਂ ਦੇ ਟੁਕੜੇ ਕਰ ਦਿੰਦੀ ਹੈ। ਦਸਮ ਗੁਰੂ ਜੀ ਨੇ ਜੰਗਾਂ-ਯੁੱਧਾਂ ਦੌਰਾਨ ਭੀ ਵਿਦਵਾਨ ਦੂਰ ਨਹੀਂ ਕੀਤੇ। ਸਗੋਂ ਉਨ੍ਹਾਂ ਤੋਂ ਸੁੱਤੀ ਜੰਤਾ ਨੂੰ ਜਗਾਉਣ ਵਾਸਤੇ ਲੋੜ ਮੁਤਾਬਕ ਸੇਵਾ ਲਈ। ਜ਼ਰਾ ਸੋਚ ਕੇ ਵੇਖੋ ਕਿ ਜੇਕਰ ਸਿੱਖਾਂ ਕੋਲ ਲਿਖਤ ਰੂਪ ਵਿੱਚ ਗੁਰਬਾਣੀ ਦਾ ਖ਼ਜ਼ਾਨਾ ਨਾ ਹੁੰਦਾ ਤਦੋਂ ਸਿੱਖੀ ਸਰੂਪ ਤੇ ਸਿੱਖੀ ਮਰਿਆਦਾ ਕਿਹੋ ਜਿਹੀ ਹੁੰਦੀ ?

ਇਹ ਕਲਾਕਾਰਾਂ ਦੀ ਹੀ ਸਿਆਣਪ ਹੈ ਕਿ ਪੱਥਰਾਂ ਨੂੰ ਤਰਾਸ਼ ਕੇ ਬੁੱਤ ਜਾਂ ਮੂਰਤੀਆਂ ਬਣਾ ਦਿੰਦੇ ਹਨ। ਲੋਕਾਂ ਦੀ ਨਾ ਸਮਝੀ ਵੇਖੋ ਮੂਰਤੀ ਨੂੰ ਪੂਜਣ ਲੱਗ ਪੈਂਦੇ ਹਨ, ਕਲਾਕਾਰ ਵਿਸਰ ਜਾਂਦਾ ਹੈ। ਇਹ ਕਲਾਕਾਰ ਹੀ ਹਨ ਜੋ ਮਿੱਟੀ ਦੀ ਢੇਲੀ ਤੋਂ ਸੋਹਣੇ ਕੁੱਜੇ ਘੜੇ (ਮਿੱਟੀ ਦੇ ਭਾਂਡੇ) ਤਿਆਰ ਕਰ ਵਿਖਾਉਂਦੇ ਹਨ। ਲੋਕੀਂ ਭਾਂਡਿਆਂ ਨੂੰ ਸਾਂਭ ਲੈਂਦੇ ਹਨ। ਕਲਾਕਾਰ (ਘੁਮਿਆਰ) ਨੂੰ ਭੁੱਲ ਜਾਂਦੇ ਹਨ। ਕਲਾਕਾਰ ਰੋੜਿਆਂ-ਵੱਟਿਆਂ ਦੇ ਢੇਰ ਨੂੰ ਸੋਹਣੇ ਮਹਿਲਾਂ ਵਿੱਚ ਬਦਲ ਸਕਦੇ ਹਨ। ਮਜ਼ਬੂਤ ਕਿਲ੍ਹੇ ਬਣਾ ਸਕਦੇ ਹਨ। ਇਹ ਕਲਾਕਾਰ ਹੀ ਹਨ ਜੋ ਰੰਗਾਂ ਵਿੱਚੋਂ "ਜਿਉਂਦਿਆਂ ਵਰਗੇ" ਚਿੱਤਰ ਬਣਾ ਦਿੰਦੇ ਹਨ। ਕਲਾਕਾਰ ਦਾ ਕਵੀ ਮਨ, ਕਾਲਖ (ਸਿਆਹੀ) ਨੂੰ ਕਵਿਤਾ ਵਿੱਚ ਬਦਲ ਸਕਦੇ ਹਨ। ਜਿਨ੍ਹਾਂ ਕਵਿਤਾਵਾਂ ਨੂੰ ਪੜ੍ਹ ਕੇ ਲੋਕਾਂ ਵਿੱਚ ਸ਼ਾਂਤੀ ਵਰਤ ਸਕਦੀ ਹੈ ਤੇ ਪਰਲੋ ਆ ਸਕਦੀ ਹੈ। ਕੋਈ ਦੇਸ਼, ਕੋਈ ਕੌਮ ਕਲਾ ਤੋਂ ਬਗ਼ੈਰ ਮਹਾਨ ਨਹੀਂ ਬਣ ਸਕਦੀ। ਇਤਿਹਾਸ ਕੌਮਾਂ ਦਾ ਸ਼ੀਸ਼ਾ ਹੋਇਆ ਕਰਦਾ ਹੈ, ਜੇਕਰ ਸ਼ੀਸ਼ਾ ਮੈਲਾ ਨਾ ਹੋਵੇ ਤਾਂ ਜੀਵਨ ਦੇ ਹਰ ਇੱਕ ਪਹਿਲੂ ਲਈ ਉੱਚਾ ਉੱਠਣ ਵਾਸਤੇ ਵਿੱਦਿਆ ਅਗੰਮੀ ਪਉੜੀ ਹੈ। ਇਸ ਵਿੱਦਿਆ ਦੀ ਪਉੜੀ ਦੁਆਰਾ ਤਾਰਿਆਂ ਤੱਕ ਉੱਚਾ ਚੜ੍ਹਿਆ ਜਾ ਸਕਦਾ ਹੈ। "ਧਰਮ" ਜੀਵਨ ਦੀ ਅਸਲੀ ਕਵਿਤਾ ਹੈ ਜੋ ਡੋਲਣ ਤੋਂ, ਡਿੱਗਣ ਤੋਂ ਲਗਾਤਾਰ ਸਾਵਧਾਨ ਕਰਦੀ ਹੈ। ਬੁਰਾਈ ਵੱਲੋਂ ਵਰਜਦੀ ਹੈ। ਪਰਉਪਕਾਰ ਕਰਨ ਲਈ ਹੌਸਲਾ ਦਿੰਦੀ ਹੈ। ਧਰਮ ਤੋਂ ਬਿਨਾਂ ਜ਼ਿੰਦਗੀ ਅਧੂਰੀ ਹੈ। ਕੋਮਲ ਕਲਾ ਰਾਖਸ਼ਾਂ ਨੂੰ ਮਨੁੱਖ ਬਣਾਉਂਦੀ ਹੈ ਤੇ ਮਨੁੱਖਾਂ ਨੂੰ ਦੇਵਤੇ। ਜੰਗ ਵਿੱਚ ਹਾਰਿਆ ਹੋਇਆ ਸਿਪਾਹੀ ਆਤਮਕ ਮੌਤੇ ਮਰ ਜਾਂਦਾ ਹੈ। ਧਰਮ ਗੁਰੂ ਅੱਗੇ (ਸਮਰਪਣ) ਹਾਰਿਆ ਬੰਦਾ ਨਵਾਂ ਜੀਵਨ ਪ੍ਰਾਪਤ ਕਰ ਲੈਂਦਾ ਹੈ। ਤਲਵਾਰ ਮਾਰਦੀ ਹੈ, ਕਲਾ ਜੀਵਤ ਕਰਦੀ ਹੈ। ਸੱਜਣ (ਠੱਗ) ਜੀ ਦੇ ਅੰਦਰਲਾ ਰਾਖ਼ਸ਼ ਮਰ ਗਿਆ, ਮਨੁੱਖ ਜੀਵਤ ਹੋ ਗਿਆ। ਭਾਈ ਬਿਧੀ ਚੰਦ ਦੇ ਅੰਦਰਲਾ ਚੋਰ ਮਰ ਗਿਆ ਤੇ ਪਰਉਪਕਾਰੀ ਜੀਵਤ ਹੋ ਗਿਆ। ਕਉਡਾ ਜੀ ਵਿਚਲਾ ਰਾਖ਼ਸ਼ ਮਰ ਗਿਆ, ਸੂਰਮਾ ਉੱਠ ਪਿਆ। ਕੋਮਲ ਕਲਾ ਬਹੁਤ ਮਹਾਨ ਹੈ। ਪਿਆਰ ਵਾਲੇ ਲਾਡ ਲਡਾ ਕੇ ਸ਼ਹਿਦ ਵਰਗੇ ਮਿੱਠੇ ਬੋਲਾਂ ਨਾਲ ਬੱਚਿਆਂ ਨੂੰ ਇੱਕ ਸਿਆਣੀ ਮਾਂ ਜੋ ਮੱਤ ਦੇ ਸਕਦੀ ਹੈ। ਪਿਤਾ ਦੀਆਂ ਮਾਰਾਂ, ਚਪੇੜਾਂ, ਘੁਰਕੀਆਂ, ਉਤਨਾ ਕੰਮ ਨਹੀਂ ਕਰ ਸਕਦੀਆਂ। ਹਰ ਥਾਂ ਇਸੇ ਕਾਰਨ ਬੱਚੇ ਮਾਂ ਨੂੰ ਵੱਧ ਪਿਆਰ ਕਰਦੇ ਹਨ। ਪਿਤਾ ਨਾਲੋਂ ਮਾਂ ਨੂੰ ਵੱਧ ਯਾਦ ਕਰਦੇ ਹਨ। ਉਹ ਕੋਮਲਤਾ ਦਾ ਮੁਜੱਸਮਾ ਹੈ। ਠੰਢੇ ਮਿੱਠੇ ਜਲ ਦਾ ਝਰਨਾ ਹੈ।

"ਬਦਕਿਸਮਤੀ" ਨਾਲ ਸਿੱਖਾਂ ਨੂੰ ਜੰਮਦਿਆਂ ਹੀ (ਬਹੁਤ ਛੇਤੀ) ਤਲਵਾਰ ਚੁੱਕਣੀ ਪੈ ਗਈ। ਦੁਸ਼ਮਣ ਬਹੁਤੇ ਸਿੱਖ ਥੋੜੇ। ਸਿਰਾਂ ਦੇ ਮੁੱਲ ਵੱਟੇ ਗਏ। ਜੰਗਲਾਂ ਵਿੱਚ ਵਾਸ ਕਰਨਾ ਪਿਆ। ਬੱਚਿਆਂ ਦੇ ਟੁਕੜੇ ਹੋ ਗਏ। ਸਮੇਂ ਦੀ ਮਜਬੂਰੀ ਵਿੱਚ ਸਿੱਖ ਹੱਥਾਂ ਵਿੱਚ ਹਥਿਆਰ ਲੈ ਕੇ "ਪੈਦਾ" ਹੋਣ ਲੱਗ ਪਏ। ਲਗਪਗ ਇੱਕ ਸੌ ਸਾਲ ਤੱਕ ਸਿੱਖਾਂ ਨੇ ਜੰਗ ਲੜਦਿਆਂ ਬਿਤਾਏ। ਅਗਲੇ ਪੰਜਾਹ ਸਾਲ ਆਪਣੇ ਰਾਜ ਨੂੰ ਪੱਕੇ ਪੈਰੀਂ ਖੜਾ ਕਰਨ ਵਾਸਤੇ ਫਿਰ ਜੰਗ ਲੜਦਿਆਂ ਬੀਤੇ। ਇਸ ਭਗਦੜ ਵਾਲੇ ਲੰਮੇ ਸਮੇਂ ਵਿੱਚ ਦਿਨ ਕੱਟੀ ਕਰਦਿਆਂ ਸਿੱਖਾਂ ਦੀਆਂ ਸਭ ਕੋਮਲ ਕਲਾਵਾਂ ਨਸ਼ਟ ਹੋ ਗਈਆਂ। ਭਾਈ ਗੁਰਦਾਸ ਜੀ ਤੋਂ ਮਗਰੋਂ ਕੋਈ ਸਿੱਖ ਉਸ ਪੱਧਰ ਦਾ (ਭਾਈ ਗੁਰਦਾਸ ਵਰਗਾ) ਮੁੜ ਪੈਦਾ ਨਹੀਂ ਹੋਇਆ। ਕਵੀ ਚਿੱਤਰਕਾਰ, ਸੰਗੀਤਕਾਰ, ਸੰਸਾਰ ਪੱਧਰ ਦਾ ਧਰਮ ਉਪਦੇਸ਼ਕ, ਡਾਕਟਰ, ਇੰਜੀਨੀਅਰ, ਵਿਗਿਆਨੀ, ਸਿਰ ਕੱਢਵਾਂ ਲੇਖਕ, ਸਮਾਜ ਸੇਵਕ, ਖਿਡਾਰੀ, ਕਾਰਖਾਨੇਦਾਰ, ਵਾਪਾਰੀ, ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਏ ਵਿੱਚ ਯੋਗਦਾਨ ਪਾਉਣ ਵਾਲਾ, ਰਾਜਨੀਤੀ ਦਾ ਮਾਹਿਰ, ਉੱਘੜਵੇਂ ਨਾਮ ਵਾਲਾ ਸਿੱਖਾਂ ਵਿੱਚ ਪੈਦਾ ਨਹੀਂ ਹੋਇਆ। ਇੱਕੋ ਗੱਲ ਬਾਰ-ਬਾਰ ਉਭਾਰ ਕੇ ਸਾਹਮਣੇ ਆਉਂਦੀ ਹੈ, ਜੰਗ ਲੜਨੇ, ਬਿਨਾਂ ਕੁੱਝ ਪ੍ਰਾਪਤ ਕੀਤੇ "ਸ਼ਹੀਦ" ਹੋ ਜਾਣਾ। ਸਿਰ ਵਾਰਨਾ ਸਿਖ ਗਏ, ਸਿਰ ਵਰਤਣਾ ਭੁੱਲ ਗਏ। ਸਿੱਖ ਖ਼ੁਦ ਤਾਂ ਪਛੜੇ ਹੀ ਸਨ, ਸਿੱਖ ਔਰਤਾਂ ਨੂੰ ਹੋਰ ਪਿੱਛੇ ਰਹਿਣ ਲਈ ਮਜਬੂਰ ਕਰ ਦਿੱਤਾ। ਵੈਸੇ ਤਾਂ ਸਿੱਖਾਂ ਦੇ ਆਪਣੇ ਚੰਗੇ ਸਕੂਲ 'ਤੇ ਕਾਲਜ ਹੈ ਹੀ ਨਹੀਂ। ਜਿੰਨੇ ਕੁ ਨਾਮ ਧਰੀਕ ਜਿਹੇ ਹੈਗੇ ਨੇ, ਉਨ੍ਹਾਂ ਵਿੱਚ ਇੰਗਲਿਸ਼ ਤਾਂ ਖ਼ੂਬ ਸਿਖਾਈ ਜਾ ਰਹੀ ਹੈ ਪਰ ਉਨ੍ਹਾਂ ਸਕੂਲਾਂ ਦਾ ਪੜ੍ਹਿਆ ਕੋਈ ਉਪਰ ਵਰਣਿਤ ਕਿਸਮ ਦਾ ਸਿਰ ਕੱਢਵਾਂ ਕਲਾਕਾਰ ਪੈਦਾ ਨਹੀਂ ਹੋਇਆ। ਹੋਰ ਸਾਰੇ ਕਿੱਤੇ ਭੀ ਬਹੁਤ ਚੰਗੇ ਹਨ ਪਰ ਕਲਾ ਨੂੰ ਬਚਾਉਣਾ ਅਤਿਅੰਤ ਜ਼ਰੂਰੀ ਹੈ। ਕਲਾਕਾਰਾਂ ਨੂੰ ਉਤਸ਼ਾਹਤ ਕਰਨਾ ਲਾਜ਼ਮੀ ਹੈ। ਪੜ੍ਹੋ ਗੁਰਵਾਕ-

- ਲੇਖ ਅਸੰਖ ਲਿਖਿ ਲਿਖਿ ਮਾਨੁ ॥ ਮਨਿ ਮਾਨਿਐ ਸਚੁ ਸੁਰਤਿ ਵਖਾਨੁ ॥
 ਕਥਨੀ ਬਦਨੀ ਪੜਿ ਪੜਿ ਭਾਰੁ ॥ ਲੇਖ ਅਸੰਖ ਅਲੇਖੁ ਅਪਾਰੁ ॥.... (412)
- ਜਗੁ ਬੰਦੀ ਮੁਕਤੇ ਹਉ ਮਾਰੀ ॥ ਜਗਿ ਗਿਆਨੀ ਵਿਰਲਾ ਆਚਾਰੀ ॥
 ਜਗਿ ਪੰਡਿਤੁ ਵਿਰਲਾ ਵੀਚਾਰੀ ॥ ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥ (413)



ਧਰਮ ਤੇ ਵਾਪਾਰ

ਸਮਾਜ ਵਿੱਚ ਬਹੁਤ ਪ੍ਰਕਾਰ ਦੇ ਲੋਕ ਹਨ। ਸਿਆਣੇ ਬੰਦੇ ਜ਼ਹਿਰ ਨੂੰ ਭੀ ਅੰਮ੍ਰਿਤ ਬਣਾ ਸਕਦੇ ਹਨ ਪਰ ਮੂਰਖ ਬੰਦੇ ਅੰਮ੍ਰਿਤ ਨੂੰ ਭੀ ਜ਼ਹਿਰ ਬਣਾ ਦਿੰਦੇ ਹਨ। ਬੇਅੰਤ ਲੋਕ ਹਨ ਜੋ ਆਪਣੇ ਧੰਦੇ ਵਿੱਚੋਂ "ਧਰਮ" ਪ੍ਰਗਟ ਕਰਦੇ ਹਨ। ਕਈ ਸਾਰੇ ਅਜਿਹੇ ਹਨ ਕਿ ਧਰਮ ਨੂੰ ਹੀ ਧੰਦਾ ਬਣਾ ਲੈਂਦੇ ਹਨ। ਮਨੁੱਖ ਦਾ ਸਰੀਰ ਹੈ ਇਸ ਰਾਹੀਂ ਉਪਕਾਰ ਕਰੋ, ਚਾਹੋ ਦੁਰਾਚਾਰ ਕਰੋ, ਤੁਹਾਡੀ ਮਰਜ਼ੀ। ਇਸੇ ਸਰੀਰ ਨਾਲ ਸਾਰੇ ਤਰ੍ਹਾਂ ਦੇ ਕੰਮ ਕਰੀਦੇ ਹਨ। ਇੱਕ ਪ੍ਰਵਾਰ ਨੇ ਕਾਰੋਬਾਰ ਦੀ ਸਫ਼ਲਤਾ ਵਾਸਤੇ ਪਾਠ ਰਖਵਾਇਆ। ਦੇਗ ਬਣਾਈ, ਅਰਦਾਸ ਹੋਈ। "ਹੁਕਮ" ਲਿਆ, ਸਾਰਿਆਂ ਸਿਰ ਨਿਵਾਇਆ। ਪਾਠ ਸ਼ੁਰੂ ਹੋ ਗਿਆ। ਪਰਵਾਰ ਵਾਲੇ ਕੰਮਾਂ 'ਤੇ ਜਾਣਾ ਚਾਹੁੰਦੇ ਸਨ। ਟੁਰਨ ਲੱਗੇ ਮੁਖੀ ਪਾਠੀ ਨੂੰ ਆਖਣ ਲੱਗੇ, "ਗਿਆਨੀ ਜੀ, ਅਸੀਂ ਆਪਣੇ ਕਾਰੋਬਾਰ ਵਿੱਚ ਸਫ਼ਲਤਾ ਵਾਸਤੇ ਪਾਠ ਰਖਵਾਇਆ ਹੈ। ਕਮੀ ਪੇਸ਼ੀ ਜਾਂ ਅਸ਼ੁੱਧਤਾ ਕੋਈ ਨਾ ਰਹੇ, ਸਾਨੂੰ ਤਾਂ ਹੀ ਪੂਰਾ ਫੱਲ ਮਿਲੇਗਾ।"

ਪਾਠੀ ਸਿੰਘ- "ਵੀਰ ਜੀ! ਕੋਸ਼ਿਸ਼ ਤਾਂ ਕਰਾਂਗੇ ਪਾਠ ਸ਼ੁੱਧ ਹੀ ਹੋਵੇ। ਜੇਕਰ ਕਿਸੇ ਕਾਰਨ ਅਸ਼ੁੱਧ ਹੋ ਹੀ ਗਿਆ ਫਿਰ ਕੀ ਹੋਵੇਗਾ ?"

ਘਰਵਾਲਾ ਵਾਲਾ- "ਤਾਂ ਤੁਹਾਨੂੰ ਪਾਪ ਲਗੇਗਾ।"

ਪਾਠੀ ਸਿੰਘ- "ਠੀਕ ਫੁਰਮਾਇਆ ਤੁਸੀਂ। ਜੇ ਤਾਂ ਅਸੀਂ ਪਾਠ ਸ਼ੁੱਧ ਕਰੀਏ, ਚੰਗੀ "ਮਰਿਆਦਾ" ਨਾਲ ਕਰੀਏ ਤਾਂ ਪੁੰਨ ਤੁਹਾਨੂੰ ਪ੍ਰਾਪਤ ਹੋਵੇਗਾ। ਜੇਕਰ ਪਾਠ ਸ਼ੁੱਧ ਨਾ ਹੋਵੇ ਤਾਂ ਪਾਪ ਸਾਡੇ 'ਤੇ ਹਮਲਾ ਕਰ ਦੇਵੇਗਾ। ਇੱਕ ਗੱਲ ਮੈਨੂੰ ਸਮਝਾਉ ਕਿ ਚੰਗਾ-ਚੰਗਾ ਤੁਹਾਡੇ ਵੱਲ ਤੇ ਭੈੜਾ-ਭੈੜਾ ਪਾਠੀਆਂ ਵੱਲ। ਇਸ ਇਨਸਾਫ਼ ਦਾ ਕ੍ਰਿਪਾ ਕਰ ਕੇ ਤਰੀਕਾ ਸਮਝਾ ਦਿਓ। ਪੁੰਨ ਤੁਹਾਡੇ ਵੱਲ ਤੇ ਪਾਪ ਸਾਡੇ ਵੱਲ ? ਅਜਿਹੇ ਇਨਸਾਫ਼ ਦਾ ਤਰਾਜੂ ਕਿਥੋਂ ਮਿਲਦਾ ਹੈ ? ਸੁਣਨ ਵਾਲੇ ਸਾਰੇ ਹੱਕੇ ਬੱਕੇ ਰਹਿ ਗਏ, ਕੋਈ ਜੁਆਬ ਨਹੀਂ ਸੀ। ਹਰ ਇੱਕ ਸਮਾਜ ਦੀ ਬਣਤਰ ਵੱਖੋ ਵੱਖਰੀ ਹੈ। ਹਰ ਧਰਮ ਦੇ ਅਸੂਲ ਆਪੋ ਆਪਣੇ ਹਨ। ਅੱਗੋਂ ਹਰ ਇੱਕ ਧਰਮ ਮੁਖੀ ਦੇ ਸੰਦੇਸ਼, ਆਦੇਸ਼ ਤੇ ਹੁਕਮਨਾਮੇ ਆਪੋ ਆਪਣੀ ਸਮਝ ਅਨੁਸਾਰ ਹਨ। ਲਗਪਗ ਹਰ ਇੱਕ ਧਰਮ ਪ੍ਰਚਾਰਕ ਦੀ ਸਟੇਜ 'ਤੇ ਧਰਮ ਨੂੰ ਪੇਸ਼ ਕਰਨ ਦੀ ਵਿਧੀ ਅੱਡੋ ਅੱਡ ਹੈ। ਲੇਖਕਾਂ ਦੀ ਆਪਣੀ ਪਹੁੰਚ ਹੈ, ਸਮਝ ਹੈ, ਡਰ ਹੈ, ਲਾਲਚ ਹੈ। ਬਹੁਤ ਸਾਰੇ ਦਬਾਵਾਂ ਅਧੀਨ ਲੇਖਕ ਧਰਮ ਦੀ ਵਿਆਖਿਆ ਕਰਦੇ ਹਨ। ਅੱਗੋਂ ਧਰਮ ਨੂੰ ਮੰਨਣ ਵਾਲੇ ਆਪੋ ਆਪਣੀ ਸਮਝ ਅਤੇ ਲੋੜ ਮੁਤਾਬਕ ਧਰਮ ਨੂੰ ਮੰਨਦੇ ਹਨ। ਇਥੇ ਜੋ ਕਹਾਣੀ ਦਿੱਤੀ ਜਾ ਰਹੀ ਹੈ, ਬਸ ਇਸੇ ਤਰ੍ਹਾਂ ਦੀ ਹੈ।

ਕਈ ਸਾਰੇ ਪੁਰਾਣੇ ਦੋਸਤ ਇੱਕ ਹੋਟਲ ਵਿੱਚ ਇਕੱਠੇ ਹੋਏ। ਬਹੁਤ ਚਾਅ ਸੀ, ਉਮਾਹ ਸੀ ਸਾਰਿਆਂ ਅੰਦਰ। ਮਾਨੋਂ ਹਰ ਕੋਈ ਆਪਣੀ ਸਾਰੀ ਖ਼ੁਸ਼ੀ ਦੂਜਿਆਂ ਤੋਂ ਲੁਟਾ ਦੇਣਾ ਚਾਹੁੰਦਾ ਸੀ। ਪੂਰੇ ਜੋਸ਼ ਨਾਲ ਇੱਕ ਦੂਜੇ ਨੂੰ ਜੱਫੀਆਂ ਪਾ ਕੇ ਮਿਲੇ। ਸਾਰਿਆਂ ਦੀ ਇੱਛਾ

ਸੀ ਕਿ ਅੱਜ ਵੱਧ ਤੋਂ ਵੱਧ ਖ਼ੁਸ਼ੀ ਮਨਾਈ ਜਾਵੇ। ਭਾਵੇਂ ਸਾਰੀ ਰਾਤ ਇਸੇ ਹੋਟਲ ਵਿੱਚ ਰਹਿਣਾ ਪਵੇ। ਖ਼ਰਚਾ ਕਿੰਨਾ ਭੀ ਹੋ ਜਾਵੇ ਪਰ ਮਨ ਦੀਆਂ ਇੱਛਾਵਾਂ ਪੂਰੀਆਂ ਕਰ ਕੇ ਹੀ ਜਾਵਾਂਗੇ। ਸਾਰੇ ਪ੍ਰੋਗਰਾਮ ਦਾ ਅਤੇ ਖਾਣ ਪੀਣ ਦਾ ਖ਼ਰਚਾ ਤਿੰਨਾਂ ਨੌਜੁਆਨਾਂ ਨੇ ਆਪਣੇ ਸਿਰ ਲੈ ਲਿਆ। ਉਸ ਦੇ ਉਨ੍ਹਾਂ ਨੇ ਖ਼ਾਸ ਕਾਰਨ ਦੱਸੇ। ਇਨ੍ਹਾਂ ਤਿੰਨਾਂ ਵਿੱਚੋਂ ਇੱਕ ਸੀ ਲੱਕੜੀ ਦਾ ਸਾਮਾਨ ਬਣਾਉਣ ਵਾਲਾ ਮਿਸਤਰੀ। ਉਸ ਨੇ ਕਿਹਾ, "ਵੇਖੋ ਭਰਾਵੋ! ਅੱਜ ਮੁਰਗਾ ਖਾਓ, ਮੱਛੀ ਖਾਉ ਜਾਂ ਕਿਸੇ ਹੋਰ ਤਰ੍ਹਾਂ ਦਾ ਮੀਟ ਖਾਓ। ਬਿਨਾਂ ਝਿਜਕ ਖਾਓ, ਸਾਰਾ ਖ਼ਰਚਾ ਮੀਟ ਦਾ ਮੈਂ ਦਿਆਂਗਾ। ਗੱਲ ਇਸ ਤਰ੍ਹਾਂ ਹੈ ਕਿ ਮੈਂ ਅੱਜ ਇੱਕ ਤਾਬੂਤ (ਮੁਰਦੇ ਲਈ ਲੱਕੜੀ ਦਾ ਬਕਸਾ) ਤਿਆਰ ਕੀਤਾ ਹੈ। ਲੱਕੜੀ ਦਾ ਤਬੂਤ ਬੜੀ ਦੇਰ ਦਾ ਬਣਾਇਆ ਪਿਆ ਸੀ। ਅੱਜ ਇੱਕ ਪ੍ਵਾਰ ਆਇਆ ਮੇਰਾ ਮਨ ਸਥਿਰ ਨਹੀਂ ਸੀ। ਪਤਾ ਨਹੀਂ ਬੇਚੈਨੀ ਜਿਹੀ ਵਿੱਚੋਂ ਮੈਂ ਉਨ੍ਹਾਂ ਨੂੰ ਬਹੁਤ ਜ਼ਿਆਦਾ ਮੁੱਲ ਦੱਸ ਦਿੱਤਾ। ਵਿਚਾਰੇ ਬੜੇ ਭੋਲੇ ਸਨ, ਬਹੁਤ ਨੇਕ ਸਨ ਜਾਂ ਉਨ੍ਹਾਂ ਕੋਲ ਪੈਸੇ "ਲੁੱਟ ਦਾ ਮਾਲ" ਸੀ। ਮੈਂ ਜਿੰਨੇ ਪੈਸੇ ਮੰਗੇ, ਉਨ੍ਹਾਂ ਉਤਨੇ ਹੀ ਮੈਨੂੰ ਫੜਾ ਦਿੱਤੇ। ਇੱਕ ਪੈਸਾ ਭੀ ਘਟਾਉਣ ਲਈ ਜ਼ੋਰ ਨਹੀਂ ਪਾਇਆ। ਤਾਬੂਤ ਚੁੱਕ ਕੇ ਲੈ ਗਏ। ਇਸੇ ਖ਼ੁਸ਼ੀ ਵਿੱਚ ਅੱਜ ਦੇ ਮੁਰਗੇ, ਮੱਛੀਆਂ ਮੇਰੇ ਖਾਤੇ ਵਿੱਚੋਂ ਚੱਲਣਗੇ।"

ਦੂਜੀ ਥਾਂ ਇੱਕ ਜੁਲਾਹਾ ਸੀ, ਉਹ ਬੋਲ ਪਿਆ, "ਭਰਾਵੋ! ਮੈਂ ਕੱਪੜੇ ਤਾਂ ਰੋਜ਼ਾਨਾ ਬਣਾਉਂਦਾ ਹਾਂ ਤੇ ਵੇਚਦਾ ਹਾਂ ਪਰ ਅੱਜ ਇੱਕ ਅਮੀਰ ਬੰਦਾ ਮਰ ਗਿਆ। ਸ਼ਹਿਰ ਦੀਆਂ ਦੁਕਾਨਾਂ ਹੜਤਾਲ ਕਾਰਨ ਬੰਦ ਪਈਆਂ ਸਨ। ਉਹ ਪੁਛਦੇ ਪੁਛਾਂਦੇ ਮੇਰੇ ਘਰ ਆ ਗਏ। ਮੈਂ ਸਮਝ ਗਿਆ ਕਿ ਅੱਜ ਇਹ ਮੇਰੇ ਘਰ ਐਵੇਂ ਨਹੀਂ ਆਏ। ਸਾਰੇ ਪਾਸਿਆਂ ਤੋਂ ਮਾਯੂਸ ਹੋ ਕੇ ਅਖ਼ੀਰ ਵਿੱਚ ਆਏ ਹਨ। ਜਿਹੜੇ ਮੁਸ਼ਕਿਲ ਵਿੱਚ ਫਸੇ ਆ ਹੀ ਗਏ, ਹੁਣ ਖ਼ਾਲੀ ਹੱਥ ਵਾਪਸ ਨਹੀਂ ਜਾਣ ਲੱਗੇ। ਪਰਵਾਰ ਭੀ ਅਮੀਰ ਲਗਦਾ ਹੈ। ਸਾਰਾ ਕੁੱਝ ਸੋਚ ਕੇ ਮੈਂ ਕਹਿ ਦਿੱਤਾ, "ਵੇਖੋ ਜੀ! ਲੋੜ ਦਾ ਜਾਂ ਪਸੰਦ ਦਾ ਕੋਈ ਮੁੱਲ ਨਹੀਂ ਹੋਇਆ ਕਰਦਾ ਪਰ ਤੁਸੀਂ ਮੈਨੂੰ ਇਸ ਖੱਫਣ ਦੀਆਂ ਸੋਨੇ ਦੀਆਂ ਦੋ ਮੋਹਰਾਂ ਦੇ ਦਿਓ।" ਉਨ੍ਹਾਂ ਨੇ ਕੋਈ ਨਰਾਜ਼ਗੀ ਨਹੀਂ ਮੰਨੀ। ਝੱਟ ਹੀ ਮੇਰੀ ਹਥੇਲੀ 'ਤੇ ਦੋ ਮੋਹਰਾਂ ਰੱਖ ਦਿੱਤੀਆਂ। ਉਸ ਖੱਫਣ ਵਿੱਚੋਂ ਮੈਨੂੰ ਅੱਜ ਚੰਗੀ ਕਮਾਈ ਹੋਈ ਹੈ, ਇਸ ਲਈ ਸਾਰਿਆਂ ਨੂੰ ਅੱਜ ਰੱਜਵੀਂ ਸ਼ਰਾਬ ਮੇਰੇ ਵੱਲੋਂ ਹੋਵੇਗੀ। ਪੀਓ ਤੇ ਭੰਗੜੇ ਪਾਓ।"

ਤੀਸਰਾ ਸਾਥੀ ਬੋਲਿਆ, "ਭਰਾਵੋ! ਭਾਵੇਂ ਮੈਂ ਬਹੁਤਾ ਅਮੀਰ ਤਾਂ ਨਹੀਂ ਹਾਂ ਕਿ ਤੁਹਾਡੀ ਬਹੁਤੀ ਸੇਵਾ ਕਰ ਸਕਾਂ। ਫਿਰ ਭੀ ਅੱਜ ਜਿਸ ਤਰ੍ਹਾਂ ਦੀ ਵਧੀਆ ਮਠਿਆਈ ਤੁਸੀਂ ਖਾਣੀ ਚਾਹੋ ਰੱਜ ਕੇ ਖਾ ਸਕਦੇ ਹੋ। ਮਿੱਠੀਆਂ ਚੀਜ਼ਾਂ ਦਾ ਖ਼ਰਚਾ ਮੇਰਾ। ਗੱਲ ਅਸਲ ਵਿੱਚ ਇਉਂ ਹੋਈ ਕਿ ਮੈਂ ਦਿਨ ਵਿੱਚ ਦੋ ਕਬਰਾਂ ਪੁੱਟੀਆਂ ਸਨ। ਬਹੁਤ ਥੱਕ ਗਿਆ ਸੀ ਮੈਂ। ਆਪਣਾ ਕੰਮ ਖ਼ਤਮ ਕਰ ਕੇ ਘਰ ਜਾਣ ਹੀ ਵਾਲਾ ਸਾਂ ਕਿ ਇੱਕ ਅਮੀਰ ਪਰਿਵਾਰ ਮੁਰਦੇ ਨੂੰ ਲੈ ਕੇ ਆ ਗਿਆ। ਉਹ ਮੈਨੂੰ ਕਬਰ ਪੁੱਟਣ ਲਈ ਮਜਬੂਰ ਕਰਨ ਲੱਗੇ, ਮੈਂ ਕਈ ਵਾਰੀ ਨਾਂਹ ਕੀਤੀ, ਥੱਕੇ ਹੋਣ ਬਾਰੇ ਦੱਸਿਆ। ਉਨ੍ਹਾਂ ਵਿੱਚੋਂ ਇੱਕ ਅਮੀਰ ਬੰਦਾ ਅੱਗੇ ਆਇਆ

ਤੇ ਉਸ ਨੇ ਦੋ ਗੁਣਾਂ ਵੱਧ ਪੈਸੇ ਮੇਰੀ ਜੇਬ ਵਿੱਚ ਪਾ ਦਿੱਤੇ। ਨਾਲ ਹੀ ਨਿਮਰਤਾ ਨਾਲ ਆਖਣ ਲੱਗਾ, ਇਹ ਕੰਮ ਤਾਂ ਤੁਹਾਨੂੰ ਕਰਨਾ ਹੀ ਪਵੇਗਾ ਕਰੋ ਕਿਰਪਾ। ਮੈਂ ਅੱਖੇ ਹੋ ਕੇ ਉਹ ਕਬਰ ਭੀ ਪੁੱਟ ਦਿੱਤੀ। ਇਸ ਕਾਰਨ ਮੈਨੂੰ ਅੱਜ ਚੰਗੀ ਕਮਾਈ ਹੋਈ ਹੈ। ਮਿੱਠੀ ਜ਼ਿਆਫ਼ਤ ਮੇਰੇ ਵੱਲੋਂ...।"

ਅੱਧੀ ਰਾਤ ਤੱਕ ਸਾਰੇ ਦੋਸਤ ਸ਼ਰਾਬ ਪੀਂਦੇ ਰਹੇ। ਮੁਰਗਾ, ਮੱਛੀ ਖਾਂਦੇ ਰਹੇ। ਗੀਤ ਗਾਉਂਦੇ ਰਹੇ। ਹਸਦੇ ਰਹੇ, ਹਸਾਉਂਦੇ ਰਹੇ ਤੇ ਖ਼ੂਬ ਖ਼ੁਸ਼ੀਆਂ ਮਨਾਉਂਦੇ ਰਹੇ। ਜਦੋਂ ਉਹ ਖਾ-ਪੀ ਕੇ ਬਿਲ਼ ਅਦਾ ਕਰ ਕੇ ਬਾਹਰ ਨਿਕਲ ਰਹੇ ਸਨ ਤਾਂ ਰੈਸਟੋਰੈਂਟ ਦੇ ਮਾਲਕ ਦੀ ਪਤਨੀ ਤੋਂ ਰਹਿ ਨਾ ਹੋਇਆ। ਪਤੀ ਨੂੰ ਆਖਣ ਲੱਗੀ, "ਕਿੰਨੇ ਖ਼ੁਸ਼ ਨਸੀਬ ਹਨ, ਇਹ ਲੋਕ। ਕਿੰਨਾ ਸਮਾਂ ਖਾਂਦੇ-ਪੀਂਦੇ ਹੋਏ ਖ਼ੁਸ਼ੀਆਂ ਸਾਂਝੀਆਂ ਕਰਦੇ ਰਹੇ। ਅੱਜ ਚੰਗੀ ਵੱਟਕ ਕਰਵਾ ਗਏ ਹਨ। ਰੱਬ ਕਰੇ ਐਹੋ ਜਿਹੇ ਦੋ ਚਾਰ ਗਾਹਕ ਰੋਜ਼ਾਨਾ ਆਉਂਦੇ ਰਹਿਣ। ਫਿਰ ਅਸੀਂ ਆਪਣੇ ਪੁੱਤਰ ਨੂੰ ਚੰਗੀ ਪੜ੍ਹਾਈ ਕਰਵਾ ਕੇ ਪਾਦਰੀ (ਧਰਮ ਪ੍ਰਚਾਰਕ) ਬਣਾ ਸਕਾਂਗੇ।"

ਸਤਿਗੁਰੁ ਸੇਵੇ ਭਰਮੁ ਚੁਕਾਏ ॥ ਅਨਦਿਨੁ ਜਾਗੈ ਸਚਿ ਲਿਵ ਲਾਏ ॥
ਏਕੋ ਜਾਣੇ ਅਵਰੁ ਨ ਕੋਇ ॥ ਸੁਖ ਦਾਤਾ ਸੇਵੇ ਨਿਰਮਲੁ ਹੋਇ ॥
ਸੇਵਾ ਸੁਰਤਿ ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥
ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥
ਸੁਖ ਦਾਤਾ ਦੁਖੁ ਮੇਟਣਹਾਰਾ ॥ ਅਵਰੁ ਨ ਸੂਝਸਿ ਬੀਜੀ ਕਾਰਾ ॥
ਤਨੁ ਮਨੁ ਧਨੁ ਹਰਿ ਆਗੈ ਰਾਖਿਆ ॥ ਨਾਨਕੁ ਕਹੈ ਮਹਾਰਸੁ ਚਾਖਿਆ ॥ (1343)

★★★★★★

ਸ਼ੁਕਰਾਨਾ

ਭਾਰਤ-ਪਾਕਿ ਵੰਡ ਤੋਂ ਪਹਿਲਾਂ ਸਿੱਖਾਂ ਬਾਰੇ ਹਿੰਦੂ ਲੀਡਰਾਂ ਦਾ ਨਜ਼ਰੀਆ ਹੋਰ ਸੀ। ਦੇਸ਼ ਵੰਡ ਤੋਂ ਮਗਰੋਂ (ਸੰਨ 1947) ਸੋਚ ਅਤੇ ਵਿਹਾਰ ਬਿਲਕੁਲ ਬਦਲ ਗਿਆ ਹੈ। ਗੁਰੂ ਨਾਨਕ ਬਾਬਾ ਜੀ ਨੇ ਬਹੁਤ ਕੋਸ਼ਿਸ਼ ਕੀਤੀ ਕਿ ਇਨਸਾਨੀਅਤ ਦੇ ਭਲੇ ਵਾਸਤੇ ਕਿਸੇ ਇੱਕ ਕੇਂਦਰ ਬਿੰਦੂ 'ਤੇ ਸਾਂਝੀ ਸੋਚ ਬਣਾਈ ਜਾ ਸਕੇ। ਕਿਸੇ ਇੱਕ ਨੁਕਤੇ ਉਪਰ ਦੇਸ਼ ਵਾਸੀ ਇਕੱਠੇ ਹੋ ਜਾਣ। ਸਦੀਆਂ ਤੋਂ ਚੱਲ ਰਹੀ ਬਹੁ ਦੇਵ ਪੂਜਾ ਦੀ ਥਾਂ ਇੱਕ ਪਰਮੇਸ਼ਰ ਨੂੰ ਸਾਰੇ ਮੰਨਣ ਲੱਗ ਪੈਣ। ਮਨੁੱਖਾਂ ਵਿੱਚ ਉਚ-ਨੀਚ ਵਾਲੀ ਮੰਦੀ ਸੋਚ ਨੂੰ ਖ਼ਤਮ ਕੀਤਾ ਜਾਵੇ। ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਵਾਲਾ ਦਰਜਾ ਹਾਸਲ ਹੋਵੇ। ਪੈਸੇ ਦੀ ਕਾਣੀ ਵੰਡ ਨਾ ਹੋਵੇ। ਰਾਜੇ ਜਾਲਮ ਨਾ ਹੋਣ। ਧਾਰਮਕ ਮੁਖੀ ਪਾਖੰਡੀ ਜਾਂ ਲਹੂ ਪੀਣੇ ਨਾ ਹੋਣ। ਆਮ ਇਨਸਾਨ ਆਪਣੇ ਅਧਿਕਾਰਾਂ ਬਾਰੇ ਜਾਗਰੂਕ ਹੋਵੇ, ਗਿਆਨਵਾਨ ਹੋਵੇ। ਹਰ ਮਨੁੱਖ ਕਿਰਤ ਕਰਨ

ਵਾਲਾ ਤੇ ਦੂਜੇ ਦੇ ਦੁੱਖ ਦਰਦ ਨੂੰ ਸਮਝ ਕੇ ਉਸ ਦੀ ਸਹਾਇਤਾ ਕਰਨ ਵਾਲਾ ਹੋਵੇ। ਹਰ ਇੱਕ ਮਨੁੱਖ ਜਿਥੇ ਨਿਮਰ ਭਾਵ ਵਾਲਾ ਹੋਵੇ, ਨਾਲ ਹੀ ਬਹਾਦਰ ਭੀ ਹੋਵੇ। ਅਜਿਹੇ ਅਨੰਤ ਗੁਣਾਂ ਦਾ ਮੁਜੱਸਮਾ ਗੁਰਬਾਣੀ ਸਾਡੇ ਕੋਲ ਸਦਾ ਅਗਵਾਈ ਕਰਨ ਲਈ ਮੌਜੂਦ ਹੈ। ਗੁਰਬਾਣੀ ਵਿੱਚੋਂ ਸਪੱਸ਼ਟ ਕੀਤਾ ਜਾ ਸਕਦਾ ਹੈ ਕਿ ਇਥੇ ਪੰਦਰਾਂ ਕੁ ਉਨ੍ਹਾਂ ਸਤਿਕਾਰਯੋਗ ਵਿਅਕਤੀਆਂ ਦੀ ਬਾਣੀ ਮੌਜੂਦ ਹੈ ਜੋ ਜਨਮ ਕਰ ਕੇ ਬ੍ਰਾਹਮਣ ਜਾਤੀ ਨਾਲ ਸਬੰਧਤ ਸਨ। ਅਜਿਹੇ ਗੁਰਸਿੱਖਾਂ ਬਾਰੇ ਇਤਿਹਾਸ ਵਿੱਚੋਂ ਭੀ ਪੜ੍ਹਿਆ ਜਾ ਸਕਦਾ ਹੈ ਜਿਨ੍ਹਾਂ ਨੇ ਸਿੱਖੀ ਧਾਰਨ ਕੀਤੀ। ਜਿਥੇ ਸੇਵਾ ਦੇ ਖੇਤਰ ਵਿੱਚ ਜ਼ਿਕਰਯੋਗ ਕਾਰਜ ਕੀਤੇ ਉਥੇ ਗੁਰੂ ਪਿਆਰ ਵਿੱਚ ਲਬਰੇਜ ਹੋ ਕੇ ਗ਼ੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਆਪਣੀਆਂ ਜਾਨਾਂ ਤੱਕ ਵਾਰ ਦਿੱਤੀਆਂ।

ਜਿਵੇਂ ਕਿ ਪ੍ਰਵਾਨ ਕੀਤਾ ਜਾ ਚੁੱਕਿਆ ਹੈ ਕਿ ਨੌਵੇਂ ਸਤਿਗੁਰੂ ਜੀ ਨੇ "ਹਿੰਦੂ ਧਰਮ" ਦੀ ਰਾਖੀ ਲਈ ਆਪਣੇ ਵੱਲੋਂ ਸੰਭਵ ਕੋਸ਼ਿਸ਼ ਕੀਤੀ। ਅੰਤ ਨੂੰ ਔਰੰਗਜ਼ੇਬ ਦੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ। ਇਸ ਬੇਜੋੜ ਸ਼ਹੀਦੀ ਨੂੰ ਹਿੰਦੂਆਂ ਦੇ ਧਰਮ ਸਥਾਨਾਂ ਵਿੱਚ ਵੱਡੇ ਪੱਧਰ 'ਤੇ ਮਨਾਇਆ ਜਾਣਾ ਚਾਹੀਦਾ ਸੀ। ਸਾਰੇ ਭਾਰਤ ਵਿੱਚ ਇਸ ਦਿਨ ਲਈ ਛੁੱਟੀ ਕੀਤੀ ਜਾਂਦੀ। ਇਥੇ ਹਾਲਤ ਇਹ ਹੈ ਕਿ ਆਮ ਇਨਸਾਨ ਸ਼ਹੀਦੀ ਪੱਖੋਂ ਗੁਰੂ ਜੀ ਨਾਲੋਂ ਵੱਧ ਮਸ਼ਹੂਰੀ ਖੱਟ ਗਏ। ਗੁਰੂ ਸਾਹਿਬ ਸਿਰਫ਼ ਸਿੱਖਾਂ ਤੱਕ ਸੀਮਤ ਰਹਿ ਗਏ। ਲਾਲਾ ਦੌਲਤ ਰਾਏ ਨੇ 110 ਸਾਲ ਪਹਿਲਾਂ ਬੜਾ ਕਮਾਲ ਲਿਖਿਆ ਸੀ, "ਐ ਮੇਰੇ ਹਿੰਦੂ ਭਾਈਓ! ਅੱਜ ਤੁਹਾਡੇ ਗਲ ਵਿੱਚ ਜੋ ਜੰਜੂ ਪਿਆ ਦਿਸਦਾ ਹੈ, ਇਹ ਸੂਤ ਦਾ ਨਹੀਂ ਹੈ। ਸੂਤ ਦਾ ਜੰਜੂ ਤਾਂ ਔਰੰਗਜ਼ੇਬ ਨੇ ਤੋੜ ਦਿੱਤਾ ਸੀ। ਅੱਜ ਵਾਲਾ ਜੰਜੂ ਤੁਹਾਡੇ ਗਲ ਵਿੱਚ ਗੁਰੂ ਤੇਗ ਬਹਾਦਰ ਦੀ ਚਸਡ਼ੀ ਦਾ ਬਣਿਆ ਪਾਇਆ ਹੋਇਆ ਹੈ। ਤੁਹਾਡੇ ਮੱਥੇ 'ਤੇ ਲੱਗਾ ਤਿਲਕ ਔਰੰਗਜ਼ੇਬ ਨੇ ਮਿਟਾ ਦਿੱਤਾ ਸੀ। ਉਸ ਤੋਂ ਮਗਰੋਂ ਗੁਰੂ ਤੇਗ ਬਹਾਦਰ ਨੇ ਤੁਹਾਡੇ ਮੱਥੇ 'ਤੇ ਆਪਣੇ ਖ਼ੂਨ ਦਾ ਟਿੱਕਾ ਲਾਇਆ ਸੀ। ਤੁਹਾਡੀਆਂ ਮੂਰਤੀਆਂ ਵਿੱਚ ਗੁਰੂ ਤੇਗ ਬਹਾਦਰ ਬੈਠਾ ਹੈ। ਤੁਹਾਡੇ ਮੰਦਰਾਂ ਵਿੱਚ ਘੰਟਿਆਂ ਦੀ ਗੂੰਜ ਨਹੀਂ ਹੈ, ਗੁਰੂ ਜੀ ਦੀ ਜੈ ਜੈ ਕਾਰ ਹੈ। ਉਨ੍ਹਾਂ ਨੇ ਆਪਣਾ ਸਭ ਕੁੱਝ ਦਾਅ 'ਤੇ ਲਾ ਕੇ ਤੁਹਾਨੂੰ ਜਿਉਂਦੇ ਰੱਖਿਆ ਹੈ। ਕਦੀ ਅਕਿਰਤਘਣ ਨਾ ਬਣ ਜਾਣਾ। ਉਸ ਮਹਾਨ ਗੁਰੂ ਦੇ ਉਪਕਾਰ ਨੂੰ ਸਦਾ ਯਾਦ ਰੱਖਣਾ।"

ਬੰਗਾਲ ਦਾ ਇੱਕ ਸਿਰ ਕੱਢਵਾਂ ਲੇਖਕ ਬਹੁਤ ਸਾਲ ਪਹਿਲਾਂ ਇੰਗਲੈਂਡ ਯਾਤਰਾ 'ਤੇ ਚਲਾ ਗਿਆ। ਵੇਖਣਯੋਗ ਥਾਵਾਂ ਵੇਖਦਾ ਇੱਕ ਦਿਨ ਝੀਲ ਦੇ ਕਿਨਾਰੇ ਬੈਂਚ 'ਤੇ ਬੈਠਾ ਧੁੱਪ ਦਾ ਨਿੱਘ ਲੈ ਰਿਹਾ ਸੀ। ਆਉਣ-ਜਾਣ ਵਾਲੇ ਲੋਕਾਂ ਦੀ ਚਹਿਲ ਕਦਮੀ ਦਾ ਮਜ਼ਾ ਲੈ ਰਿਹਾ ਸੀ। ਨਾਲ ਵਾਲੇ ਬੈਂਚ 'ਤੇ ਇੱਕ ਗੋਰਾ ਨੌਜੁਆਨ ਆ ਕੇ ਬੈਠ ਗਿਆ। ਇਸ ਭਾਰਤੀ ਯਾਤਰੂ ਵੱਲ ਪਿੱਠ ਕਰ ਲਈ। ਭਾਰਤੀ ਨੇ ਕੁੱਝ ਜਾਣਕਾਰੀ ਲੈਣ ਦੇ ਅੰਦਾਜ਼ ਨਾਲ ਨਿਮਰਤਾ ਸਹਿਤ ਪੁੱਛਿਆ, "ਕਿੱਥੇ ਰਹਿੰਦੇ ਹੋ, ਕੀ ਨਾਮ ਹੈ? ਇਸ ਸ਼ਹਿਰ ਬਾਰੇ ਜਾਣਕਾਰੀ ਦਿਓ...?" ਨੌਜੁਆਨ ਬੜੇ ਰੁੱਖੇ ਲਹਿਜ਼ੇ ਵਿੱਚ ਬੋਲਿਆ, "ਤੁਸੀਂ ਭਾਰਤੀ ਲੋਕ ਬਹੁਤ ਘਟੀਆ ਹੋ, ਕਮੀਣੇ ਹੋ।" "ਪਰ ਕਾਕਾ ਮੈਂ ਤਾਂ ਕੋਈ ਬੁਰਾਈ ਨਹੀਂ ਕੀਤੀ,


ਸਾਰਿਆਂ ਨੂੰ ਇੱਕੋ ਰੱਸੇ ਕਿਉਂ ਬੰਨ੍ਹ ਰਿਹਾ ਹੈਂ ? ਫਿਰ ਭੀ ਮੈਨੂੰ ਦੱਸ ਕਿ ਤੇਰੇ ਨਾਲ ਅਜਿਹੀ ਕੀ ਮੰਦੀ ਘਟਨਾ ਵਾਪਰੀ ਸੀ ?"

ਗੋਰੇ ਨੌਜੁਆਨ ਨੇ ਦੱਸਣਾ ਸ਼ੁਰੂ ਕੀਤਾ- "ਕਈ ਸਾਲ ਪਹਿਲਾਂ ਇਸੇ ਝੀਲ 'ਤੇ ਸੈਰ ਕਰਨ ਇੱਕ ਭਾਰਤੀ ਜੋੜਾ ਆਇਆ ਸੀ। ਉਹ ਬੈਠੇ ਗੱਲਾਂ ਕਰਦੇ ਰਹੇ, ਉਨ੍ਹਾਂ ਦਾ ਛੋਟਾ ਜਿਹਾ ਬੱਚਾ, ਖੇਢਦਾ-ਖੇਢਦਾ ਪਾਣੀ ਵਿੱਚ ਜਾ ਡਿੱਗਿਆ। ਉਹ ਦੋਵੇਂ ਖੜੇ ਧਾਹਾਂ ਮਾਰੀ ਜਾਣ, ਰੋਈ ਜਾਣ, ਮੱਦਦ ਵਾਸਤੇ ਪੁਕਾਰ ਕਰੀ ਜਾਣ। ਮੈਂ ਹਿੰਮਤ ਕਰ ਕੇ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਪਾਣੀ ਵਿੱਚ ਕੁੱਦ ਪਿਆ। ਕਾਫੀ ਜੱਦੋ ਜਹਿਦ ਤੋਂ ਬਾਅਦ ਮੈਂ ਡੁੱਬ ਰਹੇ ਬੱਚੇ ਨੂੰ ਜਾ ਹੱਥ ਪਾਇਆ। ਸੰਭਾਲ ਕੇ ਬਾਹਰ ਲਿਆ ਕੇ ਮਾਂ ਦੀ ਝੋਲੀ ਵਿੱਚ ਬੱਚਾ ਰੱਖ ਦਿੱਤਾ। ਪਤੀ-ਪਤਨੀ ਦੋਵੇਂ ਬੱਚੇ ਨੂੰ ਪਿਆਰ ਕਰਦੇ ਰਹੇ। ਚੁੰਮਦੇ ਚਟਦੇ ਰਹੇ ਪਰ ਮੇਰੇ ਵੱਲ ਅੱਖ ਪੁੱਟ ਕੇ ਭੀ ਨਾ ਵੇਖਿਆ। ਮੇਰੇ ਲਈ ਧੰਨਵਾਦ ਦੇ ਦੋ ਅੱਖਰ ਤੱਕ ਨਾ ਕਹੇ। ਆਪਣੇ ਬੱਚੇ ਨੂੰ ਚੁੱਕ ਕੇ ਟੁਰ ਗਏ। ਮੈਂ ਵੇਖਦਾ ਹੀ ਰਹਿ ਗਿਆ। ਇਸ ਲਈ ਮੈਂ ਕਹਿ ਰਿਹਾ ਹਾਂ ਕਿ ਇੰਡੀਅਨ ਲੋਕ ਬੜੇ ਘਟੀਆ ਨੇ, ਖ਼ੁਦਗਰਜ਼ ਨੇ।"

ਭਾਰਤੀ ਵਿਦਵਾਨ ਸਾਰੀ ਗੱਲਬਾਤ ਸੁਣਨ ਤੋਂ ਬਾਅਦ ਆਖਣ ਲੱਗਾ, "ਨੌਜੁਆਨਾ! ਤੂੰ ਭਾਰਤੀ ਲੋਕਾਂ ਬਾਰੇ ਘੱਟ ਜਾਣਦਾ ਹੈਂ। ਜੋ ਕੁੱਝ ਤੇਰੇ ਨਾਲ ਵਾਪਰਿਆ ਹੈ, ਬਹੁਤ ਥੋੜਾ ਹੈ। ਤੂੰ ਗੁੱਸਾ ਨਾ ਕਰ। ਅਸੀਂ ਭਾਰਤੀ ਲੋਕਾਂ ਨੇ ਤਾਂ ਗੁਰੂ ਤੇਗ ਬਹਾਦਰ ਜੀ ਦਾ ਸ਼ੁਕਰਾਨਾ ਨਹੀਂ ਕੀਤਾ, ਜਿਨ੍ਹਾਂ ਨੇ ਨਿਰੋਲ ਸਾਡੇ ਲਈ ਆਪਣੀ ਜਾਨ ਵਾਰ ਦਿੱਤੀ ਸੀ। ਅਸੀਂ ਤਾਂ ਗੁਰੂ ਗੋਬਿੰਦ ਸਿੰਘ ਦਾ ਸ਼ੁਕਰੀਆ ਅਦਾ ਨਹੀਂ ਕੀਤਾ ਜਿਨ੍ਹਾਂ ਨੇ ਸਾਡੇ ਲਈ ਮਾਤਾ, ਪਿਤਾ ਵਾਰ ਦਿੱਤੇ। ਚਾਰ ਪੁੱਤਰ ਵਾਰ ਦਿੱਤੇ। ਆਪਣਾ ਆਪਾ ਕੁਰਬਾਨ ਕਰ ਦਿੱਤਾ। ਇੰਡੀਅਨ ਲੋਕ ਬੜੇ ਘਟੀਆ ਹਨ। ਤੂੰ ਅਫ਼ਸੋਸ ਨਾ ਕਰ, ਤੂੰ ਤਾਂ ਉਸ ਦੇ ਮੁਕਾਬਲੇ ਥੋੜ੍ਹਾ ਜਿਹਾ ਪਰਉਪਕਾਰ ਹੀ ਕੀਤਾ ਹੈ। ਅਸੀਂ ਤਾਂ ਉਨ੍ਹਾਂ ਮਹਾਨ ਪਰਉਪਕਾਰੀਆਂ ਦਾ ਸ਼ੁਕਰਾਨਾ ਨਹੀਂ ਕੀਤਾ ਜੋ ਸਾਡੇ ਲਈ ਸਭ ਕੁੱਝ ਲੇਖੇ ਲਾ ਗਏ....।"

ਗੁਰਵਾਕ ਹਨ-

ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ, ਸਬਦਿ ਨ ਕਰਹਿ ਵੀਚਾਰੁ ॥
ਸੁਧਿ ਮਤਿ ਕਰਤੈ ਸਭ ਹਿਰਿ ਲਈ, ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਹਿ, ਅੰਤਰਿ ਤਿਸਨਾ ਬਹੁ ਅਗਿਆਨ ਅੰਧ੍ਹਾਰੁ ॥
ਨਾਨਕ ਮਨਮੁਖਾ ਨਾਲੋ ਤੁਟੀ ਭਲੀ, ਜਿਨ ਮਾਇਆ ਮੋਹ ਪਿਆਰੁ ॥ (316)



ਕਾਨੂੰਨ ਦੇ ਸ਼ਹੀਦ

ਜਦੋਂ ਕੋਈ ਵਿਅਕਤੀ ਕੰਮ ਕਰਦਾ ਹੈ ਤਾਂ ਉਸ ਕੰਮ ਵਿੱਚ ਉਸ ਦਾ ਮਨ ਇਕਾਗਰ ਚਾਹੀਦਾ ਹੈ। ਜੇ ਅਜਿਹਾ ਨਾ ਹੋਵੇ ਤਾਂ ਗ਼ਲਤੀਆਂ ਹੋਣਗੀਆਂ। ਨੁਕਸਾਨ ਹੋਵੇਗਾ, ਕਈ ਵਾਰੀ ਜਾਨ ਭੀ ਚਲੀ ਜਾਂਦੀ ਹੈ। ਸਰੋਂ ਕਿਸੇ ਇੱਕ ਇਨਸਾਨ ਦੀ ਅਣਗਹਿਲੀ ਜਾਂ ਨਾ ਸਮਝੀ ਕਾਰਨ ਬਹੁਤ ਵੱਡੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਆਪਣੇ ਆਪ ਨੂੰ ਸੁਰੱਖਿਅਤ ਰੱਖਣ ਵਾਸਤੇ ਸੁਚੇਤ ਹੋਣਾ ਜ਼ਰੂਰੀ ਹੈ। ਫਿਰ ਆਪਣੇ ਲੋਕਾਂ ਦਾ ਵੱਡਾ ਜਾਂ ਛੋਟਾ ਸੰਗਠਨ ਬਣਾ ਕੇ ਉਨ੍ਹਾਂ ਨੂੰ ਨਿਸ਼ਾਨੇ ਪ੍ਰਤੀ ਸੁਚੇਤ ਕਰ ਕੇ ਹੋਰ ਤਾਕਤ ਬਣਾ ਲਈਦੀ ਹੈ। ਲੋਕ ਸ਼ਕਤੀ ਕੇਂਦਰਤ ਕਰਨ ਵਾਸਤੇ ਆਪਣਾ ਪਰਵਾਰ ਪਹਿਲੀ ਇਕਾਈ ਹੈ। ਫਿਰ ਖ਼ਾਨਦਾਨ ਜਾਂ ਕਬੀਲਾ ਹੈ। ਇਸ ਤੋਂ ਮਗਰੋਂ ਇੱਕੋ ਸਭਿਅਤਾ ਕੰਮ ਕਰਦੀ ਹੈ। ਆਪਣੀ ਬੋਲੀ ਭੀ ਇਕੱਠੇ ਰੱਖਣ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੀ ਹੈ। ਇਸ ਤੋਂ ਅੱਗੇ ਬਹੁਤ ਹੀ ਸੰਵੇਦਨਸ਼ੀਲ ਸਾਂਝ ਧਰਮ ਰਾਹੀਂ ਪੈਦਾ ਕੀਤੀ ਜਾਂਦੀ ਹੈ। ਇੱਕ ਦੇਸ਼ ਦੀਆਂ ਹੱਦਾਂ ਅੰਦਰ ਵਸੇ ਲੋਕਾਂ ਨੂੰ ਭੀ ਇੱਕ ਮਜ਼ਬੂਤ ਕੜੀ ਵਿੱਚ ਹੋਣ ਦਾ ਅਹਿਸਾਸ ਬਾਰ-ਬਾਰ ਕਰਾਇਆ ਜਾਂਦਾ ਹੈ। ਉਨ੍ਹਾਂ ਦੇ ਧਰਮ ਅਤੇ ਬੋਲੀਆਂ ਭਾਵੇਂ ਅੱਡੋ ਅੱਡ ਹੀ ਕਿਉਂ ਨਾ ਹੋਣ। ਦੇਸ਼ ਦੇ ਅੰਦਰ ਕਾਨੂੰਨ ਬਣਾਏ ਜਾਂਦੇ ਹਨ। ਅਦਾਲਤਾਂ ਸਥਾਪਤ ਕੀਤੀਆਂ ਜਾਂਦੀਆਂ ਹਨ। ਪੁਲਿਸ ਦੁਆਰਾ ਡੰਡੇ ਦੇ ਜ਼ੋਰ ਕਾਨੂੰਨ ਮੰਨਣ ਲਈ ਮਜਬੂਰ ਕੀਤਾ ਜਾਂਦਾ ਹੈ। ਦੇਸ਼ ਦੀ ਰੱਖਿਆ ਵਾਸਤੇ ਫ਼ੌਜ ਦੀ ਵੱਡੀ ਗਿਣਤੀ ਹੁੰਦੀ ਹੈ। ਕਈ ਵਾਰੀ ਬਾਹਰਲੇ ਦੁਸ਼ਮਣਾਂ ਨਾਲ "ਦੋ ਹੱਥ" ਕਰਨ ਦੀ ਥਾਵੇਂ ਫ਼ੌਜ ਆਪਣੇ ਹੀ ਲੋਕਾਂ ਨੂੰ "ਸਿੱਧੇ ਰਾਹ" ਪਾਉਣ ਵਾਸਤੇ ਬੰਦੂਕਾਂ, ਤੋਪਾਂ ਦੀ ਵਰਤੋਂ ਕਰਦੀ ਹੈ। ਅੱਜ ਦੇ ਮਾਹੌਲ ਮੁਤਾਬਕ ਰਾਜ ਕਰ ਰਹੀ ਧਿਰ, ਸਭ ਤੋਂ ਵੱਧ ਤਾਕਤਵਰ ਹੁੰਦੀ ਹੈ। ਸਾਰੀਆਂ ਸ਼ਕਤੀਆਂ ਉਸੇ ਦੇ ਅਧਿਕਾਰ ਵਿੱਚ ਹੁੰਦੀਆਂ ਹਨ।

ਰਾਜ ਕਰ ਰਹੀਆਂ ਧਿਰਾਂ ਵਿੱਚ ਖ਼ੁਦਗਰਜ਼ ਲੋਕ ਬਹੁਤ ਹੁੰਦੇ ਹਨ। ਉਹ ਆਪਣੇ ਲੋਕਾਂ ਦੀ ਭਲਾਈ ਕਰਨ ਦੀ ਥਾਂ ਖ਼ੁਦਗਰਜ਼ੀਆਂ ਵਿੱਚ ਰੁੜ੍ਹ ਜਾਂਦੇ ਹਨ। ਨਸ਼ੇ ਕਰਨੇ, ਐਸ਼ ਪ੍ਰਸਤੀ ਵਿੱਚ ਡੁੱਬੇ ਰਹਿਣਾ, ਨਾਜਾਇਜ਼ ਤਰੀਕਿਆਂ ਨਾਲ ਪੈਸਾ ਇਕੱਠਾ ਕਰਨਾ, ਉਨ੍ਹਾਂ ਦੀ ਜ਼ਿੰਦਗੀ ਦਾ ਟੀਚਾ ਬਣ ਜਾਂਦਾ ਹੈ। ਅਜਿਹੇ ਲੋਕ ਵਿਰੋਧੀ ਪਾਪ ਕਰਮਾਂ ਨੂੰ ਰੋਕਣ ਵਾਸਤੇ ਫਿਰ ਹੋਰ ਨੇਤਾ ਉਭਰਦੇ ਹਨ। ਲੋਕਾਂ ਨੂੰ ਚੇਤੰਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਰਕਾਰੀ ਧਿਰ ਵੱਲੋਂ ਕੀਤੇ ਗਏ ਲੋਕ ਵਿਰੋਧੀ ਕੰਮਾਂ ਨੂੰ ਜੰਤਾਂ ਸਨਮੁੱਖ ਰੱਖਦੇ ਹਨ। ਬੁਰੇ ਨਜ਼ਾਮ ਨੂੰ ਬਦਲਣ ਦੀ ਕੋਸ਼ਿਸ਼ ਕਰਦੇ ਹਨ। ਕਦੀ-ਕਦੀ ਇਹ ਕੋਸ਼ਿਸ਼ ਕਾਮਯਾਬ ਹੋ ਜਾਂਦੀ ਹੈ। ਬਹੁਤੀ ਵਾਰੀ ਅਸਫ਼ਲ ਰਹਿੰਦੀ ਹੈ। ਤਬਦੀਲੀ ਲਿਆਉਣ ਦੇ ਚਾਹਵਾਨ ਲੋਕਾਂ ਨੂੰ ਹਾਰ ਜਾਣ ਦੀ ਸੂਰਤ ਵਿੱਚ ਅਣਗਿਣਤ ਮੁਸੀਬਤਾਂ ਝੱਲਣੀਆਂ ਪੈਂਦੀਆਂ ਹਨ। ਹਾਕਮ ਧਿਰ ਵੱਲੋਂ ਅਪਮਾਨ ਕੀਤਾ ਜਾਂਦਾ ਹੈ। ਬਦਨਾਮ ਅਤੇ ਦੇਸ਼ ਧਰੋਹੀ ਗਰਦਾਨਿਆ ਜਾਂਦਾ

ਹੈ। ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਜ਼ਿੰਦਗੀ ਰੋਲੀ ਜਾਂਦੀ ਹੈ। ਬਹੁਤ ਸਾਰਿਆਂ ਨੂੰ "ਕਾਨੂੰਨ" ਦੀ ਵਰਤੋਂ ਕਰ ਕੇ ਫਾਂਸੀ ਲਟਕਾ ਦਿੱਤਾ ਜਾਂਦਾ ਹੈ। ਜੇ ਛੇਤੀ "ਦੁਸ਼ਮਣਾਂ" ਨੂੰ ਗਲੋਂ ਲਾਹੁਣਾ ਹੋਵੇ ਤਾਂ "ਪੁਲਿਸ ਮੁਕਾਬਲਾ" ਹੋ ਜਾਂਦਾ ਹੈ। ਕਈ ਵਾਰੀ ਇਨ੍ਹਾਂ ਪਾਪ ਕਰਮਾਂ ਲਈ "ਧਰਮ ਮੁਖੀ ਅਤੇ ਧਰਮ ਪੁਸਤਕਾਂ" ਦੀ ਲੋੜ ਮੁਤਾਬਕ ਵਰਤੋਂ ਕਰ ਲਈ ਜਾਂਦੀ ਹੈ। ਸੁਧਾਰ ਕਰਨ ਵਾਸਤੇ ਸੰਘਰਸ਼ ਕਰਨ ਵਾਲਿਆਂ ਨੂੰ ਧਰਮ ਦੇ ਦੁਸ਼ਮਣ ਬਣਾਇਆ ਜਾਂਦਾ ਹੈ। ਦੇਸ਼ ਦੇ ਗੱਦਾਰ ਭੀ ਐਲਾਨਿਆ ਜਾ ਸਕਦਾ ਹੈ ਕਿਉਂਕਿ ਹਾਲੀ ਉਨ੍ਹਾਂ ਦੇ ਹੱਥ ਵਿੱਚ ਤਾਕਤ ਨਹੀਂ ਹੈ। ਕਮਜ਼ੋਰਾਂ ਨਾਲ ਸਦਾ ਤੋਂ ਇਹੀ ਵਰਤਾਉ ਹੁੰਦਾ ਆ ਰਿਹਾ ਹੈ।

ਇੱਕ ਪਾਸੇ ਰਾਜ ਕਰ ਰਹੀਆਂ ਧਿਰਾਂ ਸਾਰੇ ਦੇਸ਼ ਵਾਸੀਆਂ ਦੇ ਹਿੱਸੇ ਦਾ ਧਨ ਆਪਣੇ ਕਬਜ਼ੇ ਵਿੱਚ ਕਰ ਲੈਂਦੀਆਂ ਹਨ। ਕਈ ਪੁਸਤਾਂ ਵਾਸਤੇ ਖ਼ਜ਼ਾਨੇ ਭਰ ਲੈਂਦੀਆਂ ਹਨ। ਉਨ੍ਹਾਂ ਨੂੰ ਕੋਈ ਸਜ਼ਾ ਨਹੀਂ। ਉਨ੍ਹਾਂ ਖ਼ਿਲਾਫ਼ ਕੋਈ ਕਾਨੂੰਨ ਨਹੀਂ। ਆਮ ਮਨੁੱਖ ਸਰਕਾਰ ਤੋਂ ਕੁੱਝ ਕਰਜਾ ਚੁੱਕ ਲਵੇ। ਆਰਥਕ ਮਜਬੂਰੀ ਕਾਰਨ ਸਮੇਂ ਸਿਰ ਕਿਸ਼ਤ ਨਾ ਮੋੜ ਸਕੇ। ਉਸ ਨੂੰ ਫੜ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਘਰ, ਜ਼ਮੀਨ ਨਿਲਾਮ ਕਰ ਕੇ ਰੁਪਏ ਵਸੂਲੇ ਜਾਂਦੇ ਹਨ। ਆਪਣੇ ਪ੍ਰਵਾਰ ਨੂੰ ਛੱਡ ਕੇ ਪਤਨੀ ਦੇ ਹੌਂਕਿਆ ਨੂੰ ਅਣ ਵੇਖਿਆਂ, ਕਰ ਕੇ ਬੱਚਿਆਂ ਦੇ ਹੰਝੂਆਂ ਵੱਲੋਂ ਮੂੰਹ ਫੇਰ ਕੇ, ਦੇਸ਼ ਦੀ ਰਾਖੀ ਲਈ ਫ਼ੌਜਾਂ ਵਿੱਚ ਭਰਤੀ ਹੋ ਕੇ ਜਾਨਾਂ ਵਾਰ ਜਾਂਦੇ ਹਨ, ਇਹ ਭੀ "ਸ਼ਹੀਦ" ਹਨ। ਬਹੁਤ ਸਾਰੇ ਕਵੀ, ਸਾਹਿਤਕਾਰ, ਸਰਕਾਰਾਂ ਵੱਲੋਂ ਸਨਮਾਨੇ ਜਾਂਦੇ ਹਨ। ਇਹ ਸਾਰੇ ਉਹ ਲੋਕ ਹੁੰਦੇ ਹਨ ਜੋ ਆਪਣੇ ਲੋਕਾਂ ਦੇ ਦੁੱਖ ਦਰਦ ਬਿਆਨ ਨਹੀਂ ਕਰਦੇ। ਸਗੋਂ ਲੋਕਾਂ ਨਾਲ ਗੱਦਾਰੀ ਕਰ ਕੇ ਸਰਕਾਰਾਂ ਦੇ ਹੱਥ ਠੋਕੇ ਬਣਦੇ ਹਨ। ਸਰਕਾਰ ਲਈ ਇਹ ਬਹੁਤ ਮਹਾਨ ਹਨ। ਦੂਜੇ ਬੰਨੇ ਸੱਚ 'ਤੇ ਪਹਿਰਾ ਦੇਣ ਵਾਲੇ, ਲੋਕਾਂ ਲਈ ਲਿਖਣ ਵਾਲੇ, ਗੁੰਮਨਾਮੀ ਦੀ ਹਾਲਤ ਵਿੱਚ ਜ਼ਿੰਦਗੀ ਬਿਤਾ ਕੇ, ਸੰਸਾਰ ਤੋਂ ਕੂਚ ਕਰ ਜਾਂਦੇ ਹਨ। ਇਹ ਹਨ ਕਾਨੂੰਨ ਵੱਲੋਂ "ਸ਼ਹੀਦ" ਕੀਤੇ ਲੋਕ।

ਬਹੁਤ ਸਾਰੀਆਂ ਸੋਹਣੀਆਂ ਲੜਕੀਆਂ ਕਿਸੇ ਮਜਬੂਰੀ ਵੱਸ ਦੱਲਿਆਂ, ਅਯਾਸ਼ਾਂ, ਬਦਮਾਸ਼ਾਂ ਦੇ ਕਾਬੂ ਆ ਜਾਂਦੀਆਂ ਹਨ। ਸਾਰੀ ਉਮਰ ਹਉਕਿਆਂ ਹਾਵਿਆਂ ਵਿੱਚ ਬੀਤ ਜਾਂਦੀ ਹੈ। ਉਨ੍ਹਾਂ ਨੂੰ ਪਤਾ ਹੀ ਨਹੀਂ ਲਗਦਾ ਕਿ ਕਿਸ ਅਪਰਾਧ ਦੀ ਸਜ਼ਾ ਦਿੱਤੀ ਗਈ ਹੈ। ਦੱਲਿਆਂ ਨੂੰ ਕੋਈ ਸਜ਼ਾ ਨਹੀਂ। ਅਜਿਹੀਆਂ ਅਣਗਿਣਤ ਔਰਤਾਂ ਬੇਗ਼ਾਨਿਆਂ ਤੋਂ ਅਤੇ ਆਪਣਿਆਂ ਹੱਥੋਂ, ਬੇਅੰਤ ਤਸੀਹੇ ਝਲਦੀਆਂ ਸੰਸਾਰ ਤੋਂ ਵਿਦਾ ਹੋ ਜਾਂਦੀਆਂ ਹਨ। ਇਹ ਭੀ ਕਾਨੂੰਨ ਦੀਆਂ "ਸ਼ਹੀਦ" ਹਨ। ਬਸ ਇੰਨਾ ਕੁ ਫ਼ਰਕ ਹੈ ਕਿ ਮਰਦੇ ਤਾਂ ਬੇਅੰਤ ਲੋਕ ਹਨ, ਸ਼ਹੀਦ ਦਾ ਖ਼ਿਤਾਬ ਕਿਸੇ ਵਿਰਲੇ ਨੂੰ ਹੀ ਦਿੱਤਾ ਜਾਂਦਾ ਹੈ। ਕੁੱਝ ਆਪਣਿਆਂ ਵੱਲੋਂ ਕਤਲ ਕੀਤੇ ਜਾਂਦੇ ਹਨ, ਕੁੱਝ ਬੇਗ਼ਾਨਿਆਂ ਵੱਲੋਂ। ਇਹ ਮਰਜ਼ੀ ਹੈ ਸਰਕਾਰੀ ਧਿਰਾਂ ਦੀ ਪਈ ਸ਼ਹੀਦ ਕਿਸ ਨੂੰ ਮੰਨਣਾ ਹੈ। ਗੱਦਾਰ ਦਾ ਫ਼ਤਵਾ ਕਿਸ ਨੂੰ ਦੇਣਾ ਹੈ। ਜੇਲ੍ਹਾਂ ਵਿੱਚ ਬੰਦ ਸਾਰੇ ਲੋਕ ਅਪ੍ਰਾਧੀ ਨਹੀਂ ਹੁੰਦੇ। ਜਿਸ ਮਨੁੱਖ ਨੂੰ ਜੰਜੀਰਾਂ ਵਿੱਚ ਜਕੜਿਆ ਹੋਇਆ ਹੈ, ਜ਼ਰੂਰੀ ਨਹੀਂ ਕਿ ਉਹ ਅਪਰਾਧੀ ਹੋਵੇ। ਉਹ ਆਪਣੇ ਲੋਕਾਂ ਲਈ ਹੱਕ ਲੈਣ ਵਾਸਤੇ

ਲੜਦਾ ਹੋਇਆ ਫੜ ਲਿਆ ਹੋਵੇ। ਹੋ ਸਕਦਾ ਹੈ ਲੋਕੀਂ ਕੱਲ੍ਹ ਨੂੰ ਇਸ ਦੀ ਪੂਜਾ ਕਰਨ ਲੱਗ ਪੈਣ। ਇਸ ਦੀਆਂ ਜੰਜੀਰਾਂ ਕਿਸੇ ਅਜਾਇਬ ਘਰ ਵਿੱਚ ਦਰਸ਼ਨਾਂ ਲਈ ਰੱਖ ਦਿੱਤੀਆਂ ਜਾਣ। ਕੋਈ ਆਦਮੀ ਖ਼ਾਨਦਾਨੀ ਸ਼ਰੀਫ਼ ਜਾਂ ਖ਼ਾਨਦਾਨੀ ਅਪਰਾਧੀ ਨਹੀਂ ਹੋਇਆ ਕਰਦਾ। ਜੋ ਅੱਜ ਪਤਿਵੰਤੇ ਨਜ਼ਰ ਆਉਂਦੇ ਹਨ, ਹੋ ਸਕਦਾ ਹੈ ਇਨ੍ਹਾਂ ਦਾ ਪਿਛੋਕੜ ਕਾਤਲਾਂ ਵਾਲਾ ਜਾਂ ਅਪਰਾਧੀਆਂ ਵਰਗਾ ਹੋਵੇ। ਜਿਨ੍ਹਾਂ ਨੂੰ ਅੱਜ ਚੋਰ, ਡਾਕੂ ਜਾਂ ਕਮੀਣੇ ਕਿਹਾ ਜਾ ਰਿਹਾ ਹੈ, ਕੀ ਪਤਾ ਇਨ੍ਹਾਂ ਦਾ ਪਿਛੋਕੜ ਨਿਹਾਇਤ ਭਲੇ ਲੋਕਾਂ ਵਰਗਾ ਹੋਵੇ। ਬਹੁ ਗਿਣਤੀ ਦੇ ਮਗਰ ਲੱਗ ਕੇ ਗ਼ਲਤ ਫ਼ੈਸਲਾ ਨਾ ਕਰਨਾ। ਖ਼ੁਦ ਪਰਖ ਕਰ ਕੇ ਨਿਰਣਾ ਕਰੋ।

ਬਲੁ ਛੁਟਕਿਓ ਬੰਧਨ ਪਰੇ, ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ, ਗਜ ਜਿਉ ਹੋਹੁ ਸਹਾਇ॥
ਬਲੁ ਹੋਆ ਬੰਧਨ ਛੁਟੇ, ਸਭੁ ਕਿਛੁ ਹੋਤੁ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ, ਤੁਮ ਹੀ ਹੋਤ ਸਹਾਇ॥ (1429)

★★★★★★

ਆਜ਼ਾਦੀ ਦਾ ਛਲਾਵਾ

ਸਾਰੀ ਦੁਨੀਆਂ ਵਿੱਚ ਆਜ਼ਾਦੀ ਦਾ ਸੰਕਲਪ ਮੌਜੂਦ ਹੈ। ਮਨੁੱਖ ਨੂੰ ਬੇਅੰਤ ਵਾਰ ਆਜ਼ਾਦੀ ਦੇ "ਸ਼ਬਜਬਾਗ" ਵਿਖਾਏ ਜਾਂਦੇ ਹਨ। ਆਜ਼ਾਦੀ ਲਈ ਵਿਆਖਿਆ ਹਰ ਇੱਕ ਮਜ਼ਹਬ ਨੇ, ਰਾਜਨੀਤਕਾਂ ਨੇ ਅਤੇ ਵਿਦਵਾਨਾਂ ਨੇ ਅੱਡੋ-ਅੱਡ ਨਿਸਚਿਤ ਕੀਤੀ ਹੈ। ਮਨੁੱਖ ਆਪਣੇ ਲਈ ਮੁਕੰਮਲ ਆਜ਼ਾਦੀ ਚਾਹੁੰਦਾ ਹੈ ਪਰ ਦੂਜਿਆਂ ਲਈ ਨਹੀਂ। ਦੁਨੀਆਂ ਵਿੱਚ ਜਿੰਨੇ ਤਾਨਾਸ਼ਾਹ ਹੋਏ ਹਨ, ਉਨ੍ਹਾਂ ਨੇ ਆਪਣੀ ਆਜ਼ਾਦੀ ਲਈ ਦੂਜਿਆਂ ਦੀ ਆਜ਼ਾਦੀ ਖ਼ਤਮ ਕੀਤੀ। ਭਾਵ ਕਿ ਜਿਵੇਂ ਮੇਰਾ ਮਨ ਚਾਹੇ ਮੈਂ ਮਨਮਾਨੀਆਂ ਕਰਾਂ, ਰੋਕਣ ਵਾਲਾ ਕੋਈ ਨਾ ਹੋਵੇ। ਦੁਨੀਆਂ ਦੇ ਸਾਰੇ ਸੁੱਖ-ਸਾਧਨ ਮੇਰੇ ਕੋਲ ਹੋਣ ਹੋਰ ਕਿਸੇ ਕੋਲ ਨਹੀਂ। ਸੰਸਾਰ ਦੀਆਂ ਸਾਰੀਆਂ ਸੋਹਣੀਆਂ ਔਰਤਾਂ ਮੇਰੇ ਮਹਿਲ ਵਿੱਚ ਹੋਣ। ਉਹ ਔਰਤਾਂ ਕੀ ਚਾਹੁੰਦੀਆਂ ਹਨ, ਇਹ ਕੋਈ ਨਾ ਪੁੱਛੇ। ਮੈਂ ਦੇਸ਼ ਦਾ ਬਾਦਸ਼ਾਹ ਹੋਵਾਂ, ਸਾਰੇ ਮੇਰੇ ਆਖੇ ਵਿੱਚ ਚੱਲਣ। ਮੈਂ ਦੁਨੀਆਂ ਦਾ ਮਾਲਕ ਹੋਵਾਂ, ਮੇਰੀ ਇਜਾਜ਼ਤ ਤੋਂ ਬਿਨਾਂ ਸੂਰਜ ਨਾ ਚੜ੍ਹੇ, ਨਾ ਛਿਪੇ। ਇਹ ਲਾਲਸਾ ਵਧਦੀ ਚਲੀ ਜਾਂਦੀ ਹੈ ਕਿਉਂਕਿ ਗ਼ੁਲਾਮਾਂ ਤੋਂ ਮਨਚਾਹੇ ਕੰਮ ਕਰਵਾਏ ਜਾ ਸਕਦੇ ਹਨ, ਜਿਵੇਂ ਪਸ਼ੂਆਂ ਤੋਂ।

ਕਹਿੰਦੇ ਨੇ ਕਿ ਤੇਹਰਵੀਂ ਸਦੀ ਵਿੱਚ ਹੋਇਆ ਇੱਕ ਤਾਕਤਵਰ ਬਾਦਸ਼ਾਹ ਚੰਗੇਜ਼ਖ਼ਾਨ ਅਣਗਿਣਤ ਪਦਾਰਥਾਂ ਦਾ ਮਾਲਕ ਹੋਣ ਦੇ ਬਾਵਜੂਦ ਭੀ ਖ਼ੁਸ਼ ਨਹੀਂ ਸੀ।

ਆਪਣੀ ਖ਼ੁਸ਼ੀ ਵਿੱਚ ਵਾਧਾ ਕਰਨ ਲਈ ਉਹ ਆਪਣੇ ਸੌ ਸਿਪਾਹੀਆਂ ਦੇ ਨੇਜਿਆਂ 'ਤੇ ਇੱਕ ਸੌ ਬੰਦਿਆਂ ਦੇ ਸਿਰ ਕੱਟ ਕੇ ਟੰਗਵਾ ਦਿਆ ਕਰਦਾ ਸੀ। ਜੇਕਰ ਪਹਿਲਾਂ ਟੰਗੇ ਸਿਰ ਬਦਬੂ ਮਾਰਨ ਲੱਗ ਪੈਣ ਤਾਂ ਉਨ੍ਹਾਂ ਨੂੰ ਸੁੱਟ ਕੇ ਕਿਸੇ ਭੀ ਬੰਦੇ ਦਾ ਸਿਰ ਕੱਟ ਕੇ ਨੇਜੇ 'ਤੇ ਟੰਗਿਆ ਜਾ ਸਕਦਾ ਸੀ। ਬਹੁਤ ਹੀ ਕਰੀਬੀ ਦੋਸਤ ਨੇ ਇੱਕ ਦਿਨ ਪੁੱਛਿਆ ਕਿ ਬਾਦਸ਼ਾਹ ਜੀ, ਆਹ ਇੱਕ ਸੌ ਬੰਦਿਆਂ ਦੇ ਸਿਰ ਕਿਉਂ ਨਾਲ ਲਿਜਾਏ ਜਾ ਰਹੇ ਹਨ ? ਆਖਣ ਲੱਗਾ, "ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਬਾਦਸ਼ਾਹ ਚੰਗੇਜ਼ਖ਼ਾਨ ਦੀ ਸਵਾਰੀ ਲੰਘ ਰਹੀ ਹੈ, ਕੋਈ ਐਰਾ ਗੈਰਾ ਨਹੀਂ।"

ਚੰਗੇਜ਼ਖ਼ਾਨ ਆਪਣੇ ਵੱਡੇ ਲਾਉ ਲਸ਼ਕਰ ਸਮੇਤ ਸ਼ਿਕਾਰ ਲਈ ਜੰਗਲ ਵੱਲ ਗਿਆ। ਬਹੁਤ ਸਾਰਾ ਸ਼ੋਰ ਗੁਲ ਸੁਣ ਕੇ, ਇੱਕ ਹਾਥੀ ਡਰਦਾ ਹੋਇਆ ਦੌੜ ਪਿਆ। ਉੱਚੀ-ਨੀਵੀਂ ਥਾਂ ਤੋਂ ਪੈਰ ਤਿਲਕ ਗਿਆ। ਰਿੜਦਾ ਹੋਇਆ ਬਹੁਤ ਡੂੰਘੀ ਖੱਡ ਵਿੱਚ ਜਾ ਡਿੱਗਾ। ਸਾਰੀਆਂ ਹੱਡੀਆਂ ਟੁੱਟ ਗਈਆਂ। ਮਾਸ ਦੇ ਚੀਥੜੇ ਉੱਡ ਗਏ। ਖ਼ੂਨ ਦੀਆਂ ਘਰਾਲਾਂ ਵੱਗ ਪਈਆਂ। ਇਸ ਦਰਦਨਾਕ ਦ੍ਰਿਸ਼ ਨੂੰ ਵੇਖਦਿਆਂ ਚੰਗੇਜ਼ਖ਼ਾਨ ਖ਼ੂਬ ਹੱਸਿਆ, ਜ਼ੋਰ ਦੀ ਠਹਾਕਾ ਮਾਰ ਕੇ ਹੱਸਿਆ। ਉਸ ਤੋਂ ਮਗਰੋਂ ਜਦੋਂ ਭੀ ਸ਼ਿਕਾਰ ਲਈ ਜਾਣਾ। ਸੇਵਾਦਾਰਾਂ ਨੇ ਕੋਸ਼ਿਸ਼ ਕਰ ਕੇ ਕੋਈ ਹਾਥੀ ਖੱਡ ਵੱਲ ਰੋਹੜ ਦੇਣਾ। ਹਾਥੀ ਖਾਈ ਵਿੱਚ ਡਿੱਗ ਕੇ ਮਰ ਜਾਣਾ। ਇਸ ਤਰ੍ਹਾਂ ਬਹੁਤ ਸਾਰੇ ਹਾਥੀ ਮਾਰ ਦਿੱਤੇ ਗਏ ਪਰ ਫਿਰ ਕਦੀ ਚੰਗੇਜ਼ਖ਼ਾਨ ਨੂੰ ਹਾਸੀ ਨਹੀਂ ਆਈ। ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਹਨ, ਉਹ ਲੋਕ ਜਿਹੜੇ ਦੂਜਿਆਂ ਨੂੰ ਰੁਆ ਕੇ ਹੱਸਦੇ ਹਨ। ਦੂਜਿਆਂ ਤੋਂ ਖੋਹ ਕੇ ਪੇਟ ਪੂਰਤੀ ਕਰਦੇ ਹਨ। ਦੂਜਿਆਂ ਨੂੰ ਉਜਾੜ ਕੇ ਖ਼ੁਦ ਵਸਦੇ ਹਨ। ਦੂਜਿਆਂ ਨੂੰ ਨੀਵੇਂ ਗਰਦਾਨ ਕੇ, ਖ਼ੁਦ ਉੱਚੇ ਬਣਦੇ ਹਨ। ਦੂਜਿਆਂ ਦਾ ਖ਼ੂਨ ਡਕਾਰ ਕੇ, ਆਪਣਾ ਖ਼ੂਨ ਵਧਾਉਂਦੇ ਹਨ। ਦੂਜਿਆਂ ਦਾ ਮਾਸ ਖਾ ਕੇ ਆਪਣੀਆਂ ਗੋਗੜਾਂ ਵਧਾਉਂਦੇ ਹਨ। ਦੂਜਿਆਂ ਦੇ ਘਰ ਲੁੱਟ ਕੇ ਆਪਣੀਆਂ ਤਿਜੋਰੀਆਂ ਭਰਦੇ ਹਨ। ਦੂਜਿਆਂ ਨੂੰ ਗ਼ੁਲਾਮ ਬਣਾ ਕੇ ਖ਼ੁਦ ਆਜ਼ਾਦ ਘੁੰਮਦੇ ਹਨ।

ਆਮ ਲੋਕਾਂ ਨੂੰ ਦੱਸਿਆ ਜਾਂਦਾ ਹੈ ਕਿ ਆਜ਼ਾਦੀ ਦਾ ਨਿੱਘ ਮਾਣਨ ਲਈ ਕੁੱਝ ਹੱਦ ਤੱਕ ਗ਼ੁਲਾਮੀ ਭੀ ਬਰਦਾਸ਼ਤ ਕਰਨੀ ਪਵੇਗੀ। ਬੰਦਸ਼ਾਂ ਤੋਂ ਬਿਨਾਂ ਸਮਾਜ ਨਹੀਂ ਚੱਲ ਸਕਦਾ। ਜਿਵੇਂ ਸੜਕਾਂ 'ਤੇ ਚੱਲਣ ਲਈ ਅਸੂਲ ਹਨ। ਜੇ ਅਸੂਲਾਂ ਦੀ ਪਾਲਣਾ ਨਾ ਕੀਤਾ ਜਾਵੇ ਤਾਂ ਟੱਕਰਾਂ ਵੱਜਣਗੀਆਂ, ਰੁਕਾਵਟ ਤਾਂ ਪਵੇਗੀ ਹੀ। ਇਸ ਤਰ੍ਹਾਂ ਰਾਜਨੀਤੀ ਨੇ ਆਜ਼ਾਦੀ ਘੱਟ ਦਿੱਤੀ, ਪਾਬੰਦੀਆਂ ਵੱਧ ਲਾਈਆਂ। ਧਰਮ ਨੇ ਆਜ਼ਾਦੀ ਘੱਟ ਦਿੱਤੀ, ਬੰਦਸ਼ਾਂ ਬਹੁਤ ਲਾਈਆਂ। ਸਮਾਜ ਨੇ ਆਜ਼ਾਦੀ ਘੱਟ ਦਿੱਤੀ, ਪਾਬੰਦੀਆਂ ਵੱਧ ਲਾਈਆਂ। ਪਰਚਾਰਿਆ ਇਹੀ ਗਿਆ ਹੈ ਕਿ ਆਜ਼ਾਦੀ ਦਾ ਨਿੱਘ ਮਾਣੋ। ਆਜ਼ਾਦ ਖ਼ਿਆਲਾਂ ਵਾਲੇ ਬਣੋ, ਆਪਣੀ ਆਜ਼ਾਦੀ ਵਾਲੇ ਅਧਿਕਾਰਾਂ ਦੀ ਵਰਤੋਂ ਕਰੋ ਪਰ ਅਜਿਹਾ ਨਜ਼ਰ ਨਹੀਂ ਆਉਂਦਾ। ਇਥੇ ਹਰ ਕੋਈ ਗ਼ੁਲਾਮ ਹੈ ਘੱਟ ਜਾਂ ਵੱਧ। ਜਿੰਨੀ ਦੇਰ ਤੱਕ ਸਾਰੇ ਇਨਸਾਨ "ਹੱਕ ਅਤੇ ਫ਼ਰਜ਼" ਦੀ ਸਹੀ ਪਛਾਣ ਨਹੀਂ ਕਰ ਲੈਂਦੇ, ਉਤਨੀ ਦੇਰ ਆਜ਼ਾਦੀ ਸੰਭਵ ਨਹੀਂ ਹੈ, ਕੇਵਲ ਛਲਾਵਾ ਹੈ।

ਖ਼ਲੀਲ ਜਿਬਰਾਨ ਦਾ ਕਥਨ ਹੈ- "ਮੈਂ ਇਥੇ ਆਮ ਆਦਮੀ ਨੂੰ ਆਪਣੀਆਂ ਆਦਤਾਂ ਦਾ ਗ਼ੁਲਾਮ ਵੇਖਿਆ। ਨਸ਼ਿਆਂ ਦਾ ਗ਼ੁਲਾਮ ਵੇਖਿਆ। ਕਿਸੇ ਨੂੰ ਰਸਮਾਂ ਰੀਤਾਂ ਦਾ ਗ਼ੁਲਾਮ ਵੇਖਿਆ। ਕੋਈ ਪ੍ਰਵਾਰਕ ਗ਼ੁਲਾਮੀ ਵਿੱਚ ਵਿਲਕ ਰਹੇ ਹਨ। ਕਿਸੇ ਨੂੰ ਸਮਾਜ ਨੇ ਜਾਤ ਪਾਤੀ ਗ਼ੁਲਾਮੀ ਵਿੱਚ ਜਕੜ ਦਿੱਤਾ। ਬਹੁਤ ਲੋਕ ਰਾਜ ਦੇ ਗ਼ੁਲਾਮ ਹਨ। ਅਣਗਿਣਤ ਇਨਸਾਨ ਧਰਮਾਂ ਨੇ ਗ਼ੁਲਾਮ ਬਣਾ ਲਏ ਹਨ। ਮੈਂ ਪੂਰਬ ਤੋਂ ਲੈ ਕੇ ਪੱਛਮ ਤੱਕ, ਉੱਤਰ ਤੋਂ ਲੈ ਕੇ ਦੱਖਣ ਤੱਕ ਦੀ ਯਾਤਰਾ ਕੀਤੀ, ਸਾਰੇ ਕਿਤੇ ਗ਼ੁਲਾਮੀ ਹੀ ਨਜ਼ਰ ਆਈ। ਬਾਹਰੀ ਤੌਰ 'ਤੇ ਭਾਵੇਂ ਲੋਕ ਆਜ਼ਾਦ ਨਜ਼ਰ ਆਉਂਦੇ ਹਨ ਪਰ ਸਦੀਆਂ ਤੋਂ ਮਨ ਅੰਦਰ ਡੇਰਾ ਜਮਾਈ ਬੈਠੀ ਗ਼ੁਲਾਮੀ ਨਿਕਲੀ ਨਹੀਂ। ਗ਼ੁਲਾਮਾਂ ਵਾਂਗ ਹਰ ਮਨੁੱਖ ਸਿਰ ਝੁਕਾਈ, ਹੱਥ ਜੋੜੀ ਡਰਿਆ-ਡਰਿਆ ਦਿਨ ਕੱਟੀ ਕਰ ਰਿਹਾ ਹੈ। ਮੈਂ ਰਾਜ ਭਵਨਾਂ ਤੱਕ ਗਿਆ। ਕਾਲਜਾਂ, ਯੂਨੀਵਰਸਿਟੀਆਂ ਵਿੱਚ ਗਿਆ। ਪੂਜਾ ਅਸਥਾਨ ਨੂੰ ਵੇਖਿਆ, ਬਲੀ ਵੇਦੀਆਂ 'ਤੇ ਗਿਆ। ਮੈਂ ਸੋਨੇ ਨਾਲ ਮੜ੍ਹੇ ਆਲੀਸ਼ਾਨ ਧਰਮ ਮੰਦਰਾਂ ਵਿੱਚ ਗਿਆ। ਮੈਨੂੰ ਹਰ ਥਾਂ ਭੇਡਾਂ ਵਰਗੇ ਗ਼ੁਲਾਮ ਲੋਕ ਨਜ਼ਰ ਆਏ। ਮੈਂ ਵੇਖਿਆ ਕਿ ਮਜ਼ਦੂਰ ਪੈਸੇ ਵਾਲੇ ਦਾ ਗ਼ੁਲਾਮ ਹੈ। ਪੂੰਜੀਪਤੀ ਸਿਪਾਹੀ ਦਾ ਗ਼ੁਲਾਮ ਹੈ। ਸਿਪਾਹੀ ਸੈਨਾਪਤੀ ਦਾ ਗ਼ੁਲਾਮ ਹੈ। ਸੈਨਾਪਤੀ ਬਾਦਸ਼ਾਹ ਦਾ ਗ਼ੁਲਾਮ ਹੈ। ਬਾਦਸ਼ਾਹ ਪਾਦਰੀ (ਪੁਜਾਰੀ) ਦਾ ਗ਼ੁਲਾਮ ਹੈ। ਅੱਗੇ ਜਾ ਕੇ ਵੇਖਿਆ ਪਾਦਰੀ ਮੂਰਤੀ ਦਾ ਗ਼ੁਲਾਮ ਹੈ। ਮੂਰਤੀ ਮਿੱਟੀ ਦੀ ਬਣੀ ਹੋਈ ਹੈ। ਇਸ ਮੂਰਤੀ ਦੀ ਮਿੱਟੀ ਨੂੰ ਅਣਗਿਣਤ ਲੋਕਾਂ ਦੇ ਖ਼ੂਨ ਵਿੱਚ ਗੁੰਨ੍ਹ ਕੇ, ਸ਼ੈਤਾਨਾਂ ਨੇ ਸਜਾਇਆ ਸੰਵਾਰਿਆ ਹੈ। ਹੁਣ ਇਹ ਮੂਰਤੀ ਮੁਰਦਾ ਮਨੁੱਖੀ ਖੋਪਰੀਆਂ ਦੇ ਢੇਰ ਉੱਤੇ ਟਿਕਾ ਕੇ ਪੂਜਣਯੋਗ ਬਣਾ ਦਿੱਤੀ ਗਈ ਹੈ।"

ਅਮੀਰਾਂ, ਸਰਦਾਰਾਂ ਦੀਆਂ ਕੋਠੀਆਂ ਵਿੱਚ ਨਿਗਾਹ ਮਾਰੋ। ਗ਼ਰੀਬਾਂ, ਆਲਸੀਆਂ ਦੀਆਂ ਛੱਪਰੀਆਂ ਵਿੱਚ ਵੇਖੋ। ਵੇਸ਼ਵਾਵਾਂ ਦੇ ਕੋਠਿਆਂ 'ਤੇ ਜਾ ਕੇ ਵੇਖੋ ਜਾਂ ਰਾਜ ਮਹਿਲਾਂ ਅੰਦਰ ਨਰਕ ਭੋਗ ਰਹੀਆਂ ਪਰ ਸੋਹਣੇ ਬਸਤਰਾਂ ਅਤੇ ਗਹਿਣਿਆਂ ਵਿੱਚ ਸਜੀਆਂ ਸੁੰਦਰੀਆਂ ਨੂੰ ਵੇਖੋ। ਸਾਰੇ ਪਾਸੇ ਗ਼ੁਲਾਮੀ ਹੀ ਗ਼ੁਲਾਮੀ ਨਜ਼ਰ ਆਵੇਗੀ। ਅਣਭੋਲ ਬੱਚੇ ਮਾਂਵਾਂ ਦਾ ਦੁੱਧ ਪੀਂਦੇ ਹੋਏ ਨਾਲੋ ਨਾਲ ਗ਼ੁਲਾਮੀ ਦਾ ਜ਼ਹਿਰ ਭੀ ਪੀ ਰਹੇ ਹਨ। ਜਿਵੇਂ ਲੋਕੀਂ ਆਪਣੀ ਜ਼ਮੀਨ, ਘਰ ਆਦਿ ਆਪਣੇ ਪਰਿਵਾਰ ਦੇ ਨਾਂ ਵਸੀਅਤ ਕਰ ਜਾਂਦੇ ਹਨ। ਇਸੇ ਤਰ੍ਹਾਂ ਗ਼ੁਲਾਮੀ ਦੇ ਬੀਜ਼ ਫ਼ਸਲ ਦੇ ਬੀਜਾਂ ਵਾਂਗ ਅੱਗੇ ਔਲਾਦ ਵਿੱਚ ਦਾਖ਼ਲ ਹੋ ਜਾਂਦੇ ਹਨ। ਇਹ ਬੜਾ ਅਸਾਧ ਰੋਗ ਹੈ। ਕੋਈ ਗੁਰੂ ਨਾਨਕ ਬਾਬਾ ਜੀ ਵਰਗੇ ਸਦੀਆਂ ਤੋਂ ਮਗਰੋਂ ਜਨਮ ਲੈਂਦੇ ਹਨ। ਆਜ਼ਾਦੀ ਅਤੇ ਗ਼ੁਲਾਮੀ ਵਿਚਲਾ ਅੰਤਰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ। ਅਸੀਂ ਉਨ੍ਹਾਂ ਦੀ ਆਖੀ ਗੱਲ ਨੂੰ ਸਮਝਣ ਤੋਂ ਕਈ ਵਾਰੀ ਨਾਂਹ ਕਰ ਦਿੰਦੇ ਹਾਂ। ਬਹੁਤੀ ਵਾਰੀ ਸਮਝ ਲੈਣ ਦਾ ਭਰਮ ਪਾਲ ਲੈਂਦੇ ਹਾਂ। ਜ਼ਿੰਦਗੀ ਵਿੱਚ ਤਬਦੀਲੀ ਕੋਈ ਨਹੀਂ ਆਉਂਦੀ। ਮਨ ਵਿੱਚੋਂ ਸਾਰੇ ਤਰ੍ਹਾਂ ਦੇ ਡਰ ਖੋਂਫ਼ ਕੱਢ ਦੇਣ 'ਤੇ ਹੀ ਸਹੀ ਆਜ਼ਾਦੀ ਪ੍ਰਾਪਤ ਕਰ ਸਕਾਂਗੇ। ਅਨੇਕ ਤਰ੍ਹਾਂ ਦੀ ਗ਼ੁਲਾਮੀ ਨੂੰ ਜੜੋਂ ਪੁੱਟਣ ਵਾਸਤੇ ਗੁਰਬਾਣੀ ਇਉਂ ਸੇਧ ਬਖ਼ਸ਼ਦੀ ਹੈ-

ਨਾ ਓਹੁ ਮਰਤਾ ਨਾ ਹਮ ਡਰਿਆ ॥ ਨਾ ਓਹੁ ਬਿਨਸੈ ਨਾ ਹਮ ਕੜਿਆ ॥
ਨਾ ਓਹੁ ਨਿਰਧਨੁ ਨਾ ਹਮ ਭੂਖੇ ॥ ਨਾ ਓਸੁ ਦੂਖੁ ਨ ਹਮ ਕਉ ਦੂਖੇ ॥
ਅਵਰੁ ਨ ਕੋਊ ਮਾਰਨਵਾਰਾ ॥ ਜੀਅਉ ਹਮਾਰਾ ਜੀਉ ਦੇਨ ਹਾਰਾ ॥ ਰਹਾਉ ॥
ਨਾ ਉਸੁ ਬੰਧਨ ਨਾ ਹਮ ਬਾਧੇ ॥ ਨਾ ਉਸੁ ਧੰਧਾ ਨਾ ਹਮ ਧਾਧੇ ॥
ਨਾ ਉਸੁ ਮੈਲੁ ਨ ਹਮ ਕਉ ਮੈਲਾ ॥ ਓਸੁ ਅਨੰਦੁ ਤ ਹਮ ਸਦ ਕੇਲਾ ॥
ਨਾ ਉਸੁ ਸੋਚੁ ਨ ਹਮ ਕਉ ਸੋਚਾ ॥ ਨਾ ਉਸੁ ਲੇਪੁ ਨ ਹਮ ਕਉ ਪੋਚਾ ॥
ਨਾ ਉਸੁ ਪੂਖ ਨ ਹਮ ਕਉ ਤ੍ਰਿਸਨਾ ॥ ਜਾ ਉਹੁ ਨਿਰਮਲੁ ਤਾਂ ਹਮ ਜਚਨਾ ॥
ਹਮ ਕਿਛੁ ਨਾਹੀ ਏਕੈ ਓਹੀ ॥ ਆਗੈ ਪਾਛੈ ਏਕੋ ਸੋਈ ॥
ਨਾਨਕ ਗੁਰਿ ਖੋਏ ਭ੍ਰਮ ਭੰਗਾ ॥ ਹਮ ਓਇ ਮਿਲਿ ਹੋਏ ਇਕ ਰੰਗਾ ॥ (391)

ਵਿਸ਼ਵਾਸ ਘਾਤ

ਕਾਫ਼ੀ ਪੁਰਾਣੀ ਘਟਨਾ ਹੈ। ਇੱਕ ਗੁਰੂ ਵਰੋਸਾਏ ਮਨੁੱਖ, ਜੋ ਸਿੱਖੀ ਨੂੰ ਸਮਝਦੇ ਸਨ ਤੇ ਜੀਵਨ ਵਿੱਚ ਉਤਾਰਨ ਲਈ ਕੋਸ਼ਿਸ਼ ਕਰਦੇ ਰਹਿੰਦੇ ਸਨ। ਉਨ੍ਹਾਂ ਗਾਵਾਂ-ਮੱਝਾਂ ਤਾਂ ਰੱਖੀਆਂ ਹੀ ਸਨ ਤਾਂ ਕਿ ਯਾਤਰੂਆਂ ਲਈ ਲੰਗਰ ਦੀ ਸੇਵਾ ਨਿਰਬਿਘਨ ਚਲਦੀ ਰਹੇ। ਨਾਲ ਹੀ ਸ਼ਹਿਰ ਜਾਣ ਲਈ ਘੋੜਾ ਰੱਖਿਆ ਹੋਇਆ ਸੀ। ਸਿੱਖ ਨੂੰ ਘੋੜਾ ਜੀਅ ਜਾਨ ਤੋਂ ਪਿਆਰਾ ਸੀ। ਉਸ ਦੀ ਖੁਰਾਕ ਵਿੱਚ ਕਦੀ ਕਮੀ ਨਾ ਆਉਣ ਦੇਣੀ। ਸਵੇਰੇ ਜਾਂ ਸ਼ਾਮ ਬਾਹਰ ਸੈਰ ਲਈ ਜ਼ਰੂਰ ਲੈ ਕੇ ਜਾਣਾ। ਸਰਦੀ, ਗਰਮੀ ਤੋਂ ਸਾਫ਼ ਸਫ਼ਾਈ ਆਦਿ ਤੋਂ ਪੂਰਾ ਧਿਆਨ ਰੱਖਣਾ। ਆਪਣੇ ਪਸ਼ੂਆਂ ਦੀ ਰਾਖੀ ਕਰਦਿਆਂ ਰਾਤ ਦਾ ਬਹੁਤ ਹਿੱਸਾ ਜਾਗਦਿਆਂ ਬਿਤਾ ਦੇਣਾ। ਲੋੜ ਅਨੁਸਾਰ ਦਿਨੇ ਆਰਾਮ ਕਰ ਲੈਣਾ। ਲੋੜਵੰਦ ਰਾਹੀਆਂ ਦੀ ਜੀਅ ਜਾਨ ਨਾਲ ਸੇਵਾ ਕਰ ਕੇ ਪ੍ਰਸੰਨਤਾ ਮਹਿਸੂਸ ਕਰਨੀ। ਹਫ਼ਤੇ ਦਸ ਦਿਨਾਂ ਮਗਰੋਂ ਕਦੀ ਸ਼ਹਿਰ ਜਾਣਾ ਤਾਂ ਘੋੜੇ 'ਤੇ ਸਵਾਰ ਹੋ ਕੇ ਜਿਧਰੋਂ ਦੀ ਸਿੰਘ ਨੇ ਲੰਘਣਾ, ਲੋਕਾਂ ਨੇ ਘੋੜੇ ਦੀ ਬੇਹਿਸਾਬ ਤਾਰੀਫ਼ ਕਰਨੀ।

ਅੱਜ ਵਾਂਗ ਆਵਾਜਾਈ ਦੇ ਸਾਧਨ ਨਹੀਂ ਸਨ। ਘੋੜਾ ਬੜੀ ਲੋੜੀਂਦੀ ਸਵਾਰੀ ਸੀ। ਇਸ "ਅਰਬੀ ਘੋੜੇ" ਦੀਆਂ ਆਲੇ-ਦੁਆਲੇ ਗੱਲਾਂ ਹੋਣ ਲੱਗੀਆਂ। ਚੋਰਾਂ ਦੇ ਇੱਕ ਟੋਲੇ ਨੂੰ ਘੋੜੇ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਦੇ ਮੁਖੀ ਨੇ ਇੱਕ ਚਲਾਕ ਚੋਰ ਦੀ ਜ਼ਿੰਮੇਵਾਰੀ ਲਾ ਦਿੱਤੀ ਕਿ ਤੂੰ ਇਸ ਸਿੱਖ ਬਾਬੇ ਦਾ ਘੋੜਾ ਹਰ ਹਾਲਤ ਵਿੱਚ ਚੋਰੀ ਕਰ ਕੇ ਲਿਆਉਣਾ ਹੈ। ਉਹ ਚੋਰ ਲੋੜਵੰਦ ਯਾਤਰੂ ਬਣ ਕੇ ਕਈ ਵਾਰੀ ਧਰਮਸ਼ਾਲਾ ਵਿੱਚ ਆਇਆ। ਲੰਗਰ ਛਕਦਾ। ਰਾਤੀ ਆਰਾਮ ਕਰਦਾ। ਸਮੇਂ ਦੀ ਉਡੀਕ ਕਰਦਾ ਪਈ ਕਦੋਂ ਸਿੱਖ ਬਾਬਾ

ਅਵੇਸਲਾ ਹੋਵੇ ਤੇ ਮੈਂ ਘੋੜੇ 'ਤੇ ਪਲਾਕੀ ਮਾਰ ਕੇ ਲੈ ਕੇ ਉੱਡ ਜਾਵਾਂ ਪਰ ਸਿੰਘ ਜੀ ਸਨ ਕਿ ਰਾਤ ਨੂੰ ਵਕਤ ਹੀ ਨਹੀਂ ਸਨ ਦਿੰਦੇ ਪਈ ਕੋਈ ਚੋਰੀ ਚਕਾਰੀ ਕਰ ਸਕੇ। ਬਾਣੀ ਪੜ੍ਹਦੇ, ਗਾਉਂਦੇ ਟਹਿਲਦੇ ਰਹਿੰਦੇ। ਜਦੋਂ ਕਦੀ ਨੀਂਦਰ ਜ਼ਿਆਦਾ ਪ੍ਰੇਸ਼ਾਨ ਕਰਦੀ ਤਾਂ ਆਪਣੀ ਥਾਵੇਂ ਕਿਸੇ ਹੋਰ ਸੇਵਕ ਨੂੰ ਖੜਾ ਕਰ ਦਿੰਦੇ। ਸਮਾਂ ਬੀਤਦਾ ਜਾ ਰਿਹਾ ਸੀ। ਚੋਰ ਜੀ ਬਹੁਤ ਉਦਾਸ ਸਨ। ਘੋੜਾ ਕਾਬੂ ਨਹੀਂ ਆ ਰਿਹਾ ਸੀ, ਕੀ ਕੀਤਾ ਜਾਵੇ ? ਸਮਝ ਨਹੀਂ ਪੈ ਰਹੀ ਸੀ। ਸਾਰਿਆਂ ਨਾਲ ਗੱਲਾਂਬਾਤਾਂ ਕਰ ਕੇ ਚੋਰ ਭਾਈ ਇਥੋਂ ਦੇ ਹਾਲਾਤ ਨੂੰ ਚੰਗੀ ਤਰ੍ਹਾਂ ਸਮਝ ਚੁੱਕਿਆ ਸੀ।

ਲੰਗਰ ਦਾ ਸਾਮਾਨ ਲੈਣ ਵਾਸਤੇ ਸਿੱਖ ਭਾਈ ਨੇ ਗੱਡਾ ਪਹਿਲਾਂ ਟੋਰ ਦਿੱਤਾ। ਜਦੋਂ ਮਹਿਸੂਸ ਕੀਤਾ ਕਿ ਸੇਵਾਦਾਰ ਗੱਡਾ ਲੈ ਕੇ ਸ਼ਹਿਰ ਦੇ ਨੇੜੇ ਪਹੁੰਚ ਗਿਆ ਹੋਵੇਗਾ ਤਦੋਂ ਘੋੜੇ 'ਤੇ ਸਵਾਰ ਹੋਇਆ ਸ਼ਹਿਰ ਵੱਲ ਨੂੰ ਚੱਲ ਪਿਆ। ਚਾਰ ਪੰਜ ਕਿਲੋ ਮੀਟਰ ਦੇ ਫ਼ਾਸਲੇ 'ਤੇ ਰਸਤੇ ਵਿੱਚ ਪੁਰਾਣੇ ਜਿਹੇ ਮੈਲੇ ਕੱਪੜਿਆਂ ਵਾਲਾ ਬੰਦਾ ਬੈਠਾ ਮਿਲਿਆ। ਜਦੋਂ ਘੋੜ ਸਵਾਰ ਸਿੱਖ ਨੇੜੇ ਆਇਆ ਤਾਂ ਉਸ ਨੇ ਉੱਚੀ-ਉੱਚੀ ਹਾਏ ਵਿਰਲਾਪ ਕਰਨਾ ਸ਼ੁਰੂ ਕਰ ਦਿੱਤਾ। ਸਿੰਘ ਜੀ ਨੇ ਉਸ ਦੁਖਿਆਰੇ ਬੰਦੇ ਕੋਲ ਜਾ ਕੇ ਘੋੜਾ ਰੋਕ ਲਿਆ। ਅਪਣੱਤ ਨਾਲ ਪ੍ਰੇਸ਼ਾਨੀ ਦਾ ਕਾਰਨ ਪੁੱਛਿਆ। ਦੁਖਿਆਰੇ ਬੰਦੇ ਨੇ ਬੜੀ ਦਰਦ ਵਿੰਨ੍ਹੀ ਆਵਾਜ਼ ਨਾਲ ਆਪਣਾ ਦੁੱਖੜਾ ਕਿਹਾ, "ਵੀਰ ਜੀ! ਹਫ਼ਤੇ ਭਰ ਤੋਂ ਬਿਮਾਰ ਪਿਆ ਹਾਂ। ਮਲੇਰੀਏ ਬੁਖਾਰ ਨੇ ਸਾਹ ਸਤ ਕੱਢ ਧਰਿਆ। ਨਾ ਕੁੱਝ ਖਾਧਾ ਜਾਵੇ ਨਾ ਪੀਤਾ ਜਾਵੇ। ਪਿੰਡ ਵਿੱਚ ਜਿੰਨਾ ਕੁ ਓਹੜ ਪੋਹੜ ਹੋ ਸਕਦਾ ਸੀ ਕੀਤਾ ਪਰ ਆਰਾਮ ਨਹੀਂ ਆਇਆ। ਮੇਰਾ ਅਜਿਹਾ ਕੋਈ ਨਹੀਂ ਜੋ ਸ਼ਹਿਰ ਤੱਕ ਲੈ ਜਾਵੇ। ਰਿੜ੍ਹਦਾ ਘਿਸਰਦਾ ਇੱਥੋਂ ਤੱਕ ਆਇਆ ਹਾਂ। ਗੁਰੂ ਨਾਨਕ ਬਾਬਾ ਜੀ ਦਾ ਵਾਸਤਾ ਜੇ, ਮੈਨੂੰ ਸ਼ਹਿਰ ਕਿਸੇ ਵੈਦ ਕੋਲ ਪੁਚਾ ਦਿਓ। ਸਾਰੀ ਉਮਰ ਤੁਹਾਡੇ ਗੁਣ ਗਾਵਾਂਗਾ।"

ਸਿੱਖ ਦਾ ਮਨ ਦ੍ਰਵ ਗਿਆ। "ਗੁਰੂ ਦਾ ਵਾਸਤਾ" ਪਾਇਆ ਕਰ ਕੇ ਜੁਆਬ ਦੇਣ ਦੀ ਹਿੰਮਤ ਨਾ ਪਈ। ਘੋੜੇ ਤੋਂ ਉੱਤਰ ਆਇਆ। ਉਸ ਦੁਖਿਆਰੇ ਬੰਦੇ ਨੂੰ ਸਹਾਰਾ ਦੇ ਕੇ ਘੋੜੇ 'ਤੇ ਬਿਠਾਇਆ। ਖ਼ੁਦ ਘੋੜੇ ਦੀ ਲਗਾਮ ਫੜ ਕੇ ਅੱਗੇ-ਅੱਗੇ ਪੈਦਲ ਟੁਰ ਪਿਆ। ਕੁੱਝ ਦੂਰੀ 'ਤੇ ਜਾ ਕੇ ਘੋੜੇ ਦੀ ਲਗਾਮ ਭੀ ਸਵਾਰ ਨੂੰ ਫੜਾ ਦਿੱਤਾ। ਪੰਜ-ਸੱਤ ਮਿੰਟ ਚਲਦੇ ਰਹਿਣ ਤੋਂ ਮਗਰੋਂ ਘੋੜੇ 'ਤੇ ਸਵਾਰ ਬੰਦੇ ਨੇ ਘੋੜੇ ਨੂੰ ਅੱਡੀ ਮਾਰੀ ਤੇ ਦੌੜਾ ਕੇ ਅੱਗੇ ਲੰਘ ਗਿਆ। ਜਾਂਦਾ-ਜਾਂਦਾ ਕਹਿਣ ਲੱਗਿਆ, "ਕਮਲਿਆ ਸਿੱਖਾ! ਇਸ ਤਰ੍ਹਾਂ ਕਿਸੇ ਅਣਜਾਣ ਬੰਦੇ ਨੂੰ ਆਪਣਾ ਹੀਰੇ ਵਰਗਾ ਕੀਮਤੀ ਘੋੜਾ ਨਹੀਂ ਫੜਾ ਦੇਈਦਾ। ਮੈਂ ਬਹੁਤ ਦਿਨਾਂ ਤੋਂ ਤੇਰਾ ਪਿੱਛਾ ਕਰ ਰਿਹਾ ਸਾਂ। ਤੇਰੀ ਧਰਮਸ਼ਾਲਾ ਵਿੱਚ ਰਾਤਾਂ ਭੀ ਕੱਟੀਆਂ ਸਾਰਾ ਭੇਤ ਲੈ ਕੇ ਭੀ ਮੈਂ ਡੇਰੇ ਵਿੱਚੋਂ ਘੋੜਾ ਚੋਰੀ ਨਹੀਂ ਕਰ ਸਕਿਆ। ਬੜੀ ਦੇਰ ਤੋਂ ਸਾਡੀ ਨਿਗਾਹ ਸੀ ਇਸ ਘੋੜੇ 'ਤੇ। ਜਾਹ ਹੁਣ ਵਾਪਸ ਚਲਾ ਜਾ। ਤੇਰਾ ਘੋੜਾ ਦਿਨ ਦਿਹਾੜੇ ਚੋਰੀ ਹੋ ਗਿਆ ਹੈ। ਮੈਂ ਕੋਈ ਬਿਮਾਰ ਨਹੀਂ ਹਾਂ। ਬਿਮਾਰੀ ਦਾ ਪੱਜ ਲਾਇਆ ਸੀ।"

ਸਿੰਘ ਜੀ ਗਰਜਵੀਂ ਆਵਾਜ਼ ਵਿੱਚ ਬੋਲੇ, "ਸੁਣ ਓਏ ਰੱਬ ਦਿਆ ਬੰਦਿਆ! ਘੋੜਾ

ਤੂੰ ਲੈ ਜਾ, ਮੈਨੂੰ ਕੋਈ ਦੁੱਖ ਨਹੀਂ ਪਰ ਰੱਬ ਦਾ ਵਾਸਤਾ ਜੇ ਕਿਸੇ ਨੂੰ ਇਹ ਨਾ ਦੱਸੀਂ ਕਿ ਮੈਂ ਬਿਮਾਰੀ ਦਾ ਭੇਖ ਕੀਤਾ ਸੀ। ਗੁਰੂ ਨਾਨਕ ਸਾਹਿਬ ਜੀ ਦੇ ਨਾਮ ਦੀ ਦੁਹਾਈ ਦਿੱਤੀ। ਇੱਕ ਸਿੱਖ ਕੋਲੋਂ ਘੋੜਾ ਠੱਗ ਲਿਆਂਦਾ। ਤੇਰੇ ਇਸ ਤਰ੍ਹਾਂ ਦੱਸਣ ਨਾਲ ਅੱਗੋਂ ਪਤਾ ਨਹੀਂ ਕਿੰਨੇ ਬਿਮਾਰ ਬੰਦੇ ਇਲਾਜ ਖੁਣੋਂ ਮਰ ਜਾਣਗੇ। ਕਿਸੇ ਦੀ ਬਿਮਾਰ 'ਤੇ ਕੋਈ ਤਰਸ ਨਹੀਂ ਕਰੇਗਾ। ਗੁਰੂ ਨਾਨਕ ਬਾਬਾ ਜੀ ਦੀ ਸੱਚੀ ਕਸਮ 'ਤੇ ਭੀ ਕੋਈ ਯਕੀਨ ਨਹੀਂ ਕਰੇਗਾ। ਰੱਬ ਦਿਆ ਬੰਦਿਆ ਲੈ ਜਾ ਘੋੜਾ, ਮੇਰੀਆਂ ਆਖੀਆਂ ਗੱਲਾਂ 'ਤੇ ਜ਼ਰੂਰ ਗੌਰ ਕਰੀਂ।"

ਠੱਗ ਬੰਦਾ ਘੋੜਾ ਲੈ ਕੇ ਰਫੂ ਚੱਕਰ ਹੋ ਗਿਆ। ਸਿੱਖ ਜੀ ਪੈਦਲ ਟੁਰ ਕੇ ਸ਼ਹਿਰ ਗਏ। ਖ਼ਰੀਦਦਾਰੀ ਕੀਤੀ ਤੇ ਵਾਪਸ ਚੱਲ ਪਏ। ਇਧਰ ਘੋੜਾ ਚੋਰੀ ਕਰਨ ਵਾਲੇ ਦੇ ਅੰਦਰ ਹਲਚਲ ਮਚ ਗਈ। **"ਪਤਾ ਨਹੀਂ ਕਿੰਨੇ ਲੋਕ ਇਲਾਜ ਵੱਲੋਂ ਮਰ ਜਾਣਗੇ... ਕਿਸੇ ਨੇ ਇਤਬਾਰ ਨਹੀਂ ਕਰਨਾ।"** ਬਾਰ-ਬਾਰ ਉਸ ਦੇ ਅੰਦਰ ਇਹ ਆਵਾਜ਼ ਠੋਹਕਰਾਂ ਮਾਰ ਰਹੀ ਸੀ। ਸਾਰਾ ਦਿਨ ਬੇਚੈਨੀ ਵਿੱਚ ਬੀਤਿਆ। ਨਾ ਖਾਣਾ ਚੰਗਾ ਲੱਗਾ, ਨਾ ਕਿਸੇ ਨਾਲ ਕੋਈ ਗੱਲਬਾਤ ਕੀਤੀ। ਸਾਰਾ ਦਿਨ ਇਨ੍ਹਾਂ ਸੋਚਾਂ ਵਿੱਚ ਹੀ ਬੀਤ ਗਿਆ। ਸ਼ਾਮੀ ਘੋੜਾ ਦੌੜਾਇਆ। ਦੌੜਦਿਆਂ ਘੋੜਾ ਭੀ ਪਸੀਨੇ ਨਾਲ ਨੁਚੜਨ ਲੱਗਾ। ਉਪਰ ਬੈਠਾ ਸਵਾਰ ਭੀ ਪਸੀਨੇ ਵਿੱਚ ਤਰਬਤਰ ਹੋ ਗਿਆ। ਸੂਰਜ ਡੁੱਬਦੇ ਉਸੇ ਡੇਰੇ ਵਿੱਚ ਪਹੁੰਚ ਗਿਆ। ਅੱਗੇ ਸਿੱਖ ਜੀ ਗੱਡੇ ਵਿੱਚੋਂ ਸਾਮਾਨ ਉਤਾਰ ਰਹੇ ਸੀ। ਘੋੜੇ ਵਾਲੇ ਨੂੰ ਵੇਖ ਕੇ ਬੜੇ ਹੈਰਾਨ ਹੋਏ। ਮਨਾ! ਇਹ "ਠੱਗ" ਇਥੇ ਦੁਬਾਰਾ? ਕੁੱਝ ਪੁੱਛਣ ਹੀ ਲੱਗੇ ਸਨ ਕਿ ਸਵਾਰ ਘੋੜੇ ਤੋਂ ਉਤਰਿਆ ਤੇ ਸਿੱਖ ਦੇ ਚਰਨਾਂ 'ਤੇ ਢਹਿ ਪਿਆ। ਆਪਣੇ ਕੀਤੇ ਲਈ ਬਾਰ-ਬਾਰ ਮੁਆਫ਼ੀ ਮੰਗੀ। "ਜਿੰਨੀ ਦੇਰ ਮੁਆਫ਼ ਨਹੀਂ ਕਰੋਗੇ, ਮੈਂ ਚਰਨਾਂ ਤੋਂ ਨਹੀਂ ਉੱਠਾਂਗਾ। ਬਖ਼ਸ਼ ਦਿਓ ਮੈਨੂੰ ਸਿੱਖ ਜੀ ਬਖ਼ਸ਼ ਦਿਓ।" ਸਿੱਖ ਨੇ ਮੋਢਿਆਂ ਤੋਂ ਫੜਿਆ, ਗਲ ਨਾਲ ਲਾਇਆ, ਹੌਂਸਲਾ ਦਿੱਤਾ। ਮੁਆਫ਼ੀ ਤਾਂ ਦੇ ਹੀ ਦਿਆਂਗਾ ਪਰ ਚੋਰੀ ਕਰਨੀ ਭੀ ਛੱਡੇਂਗਾ ਤਦੋਂ। ਚੋਰ ਨੇ ਚੋਰੀ ਤੋਂ ਭੀ ਤੋਬਾ ਕੀਤੀ ਤੇ ਨੇਕ ਇਨਸਾਨ ਬਣ ਕੇ ਜੀਵਨ ਬਸਰ ਕਰਨ ਦਾ ਪ੍ਰਣ ਕੀਤਾ। ਧੰਨ ਗੁਰੂ ਨਾਨਕ।

ਸਤਿਗੁਰ ਪੁਰਖੁ ਹਰਿ ਧਿਆਇਦਾ, ਸਤਸੰਗਤਿ ਸਤਿਗੁਰ ਭਾਇ ॥
ਸਤਸੰਗਤਿ ਸਤਿਗੁਰ ਸੇਵਦੇ, ਹਰਿ ਮੇਲੇ ਗੁਰੁ ਮੇਲਾਏ ॥
ਏਹੁ ਭਉਜਲੁ ਜਗਤੁ ਸੰਸਾਰੁ ਹੈ, ਗੁਰੁ ਬੋਹਿਥੁ ਨਾਮਿ ਤਰਾਇ ॥
ਗੁਰਸਿਖੀ ਭਾਣਾ ਮੰਨਿਆ, ਗੁਰੁ ਪੂਰਾ ਪਾਰਿ ਲੰਘਾਇ ॥
ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ ॥
ਧੁਰਿ ਮਸਤਕਿ ਹਰਿ ਪ੍ਰਭ ਲਿਖਿਆ, ਗੁਰ ਨਾਨਕ ਮਿਲਿਆ ਆਇ ॥ (1424)



ਮਿਹਨਤ ਅਤੇ ਕਿਸਮਤ

ਬਹੁਤ ਸਾਰੇ ਖ਼ੁਦਗਰਜ "ਧਰਮ ਪ੍ਰਚਾਰਕਾਂ" ਨੇ ਆਮ ਲੋਕਾਈ ਨੂੰ "ਕਿਸਮਤ" 'ਤੇ ਭਰੋਸਾ ਰੱਖਣ ਦਾ ਅਨੰਤਵਾਰੀ ਪਾਠ ਪੜ੍ਹਾਇਆ ਹੈ। ਜੇ ਬਿਮਾਰੀ ਆ ਗਈ ਤਾਂ "ਕਿਸਮਤ ਵਿੱਚ ਲਿਖੀ ਸੀ" ਮੰਨ ਲਿਆ ਜਾਂਦਾ ਹੈ। ਵਾਪਾਰ ਵਿੱਚ ਘਾਟਾ ਪੈ ਰਿਹਾ ਹੈ ਤਾਂ ਇਹ "ਕਿਸਮਤ ਦੀ ਖੇਢ" ਹੈ, ਆਖ ਕੇ ਮਨ ਨੂੰ ਧਰਵਾਸ ਦੇ ਲਿਆ ਜਾਂਦਾ ਹੈ। ਰਿਸ਼ਤੇ ਨਾਤਿਆਂ ਵਿੱਚ ਵਿਗਾੜ ਆ ਗਿਆ ਤਾਂ "ਕਿਸਮਤ" ਇਸੇ ਤਰ੍ਹਾਂ ਲਿਖੀ ਸੀ। ਪ੍ਰਵਾਰਕ ਜ਼ਿੰਦਗੀ ਵਿੱਚ ਕੁੜੱਤਣ ਆ ਗਈ, ਤਦੋਂ ਭੀ ਕਿਸਮਤ ਨੂੰ ਦੋਸ਼। ਪੜ੍ਹਾਈ ਵਿੱਚ ਨੰਬਰ ਚੰਗੇ ਨਹੀਂ ਆਏ, ਨੌਕਰੀ ਨਹੀਂ ਮਿਲੀ ਜਾਂ ਮਿਲੀ ਨੌਕਰੀ ਤੋਂ ਜੁਆਬ ਮਿਲ ਗਿਆ ਤਾਂ ਕਿਸਮਤ ਦਾ ਕਸੂਰ। ਜਨਮ ਅਤੇ ਮੌਤ ਵਿੱਚ ਕਿਸਮਤ। ਭਿਖਾਰੀ ਜਾਂ ਰਾਜਾ ਬਣਾਉਣਾ ਭੀ ਕਿਸਮਤ ਦੇ ਲੇਖੇ। ਗੱਲ ਕੀ ਇਨਸਾਨ ਆਪਣੀ ਬੇ ਅਕਲੀ ਨੂੰ ਦੋਸ਼ੀ ਮੰਨਣ ਦੀ ਥਾਵੇਂ, ਕਿਸਮਤ ਨੂੰ ਸਾਰੀਆਂ ਬਰਬਾਦੀਆਂ ਦੀ ਕਸੂਰਵਾਰ ਠਹਿਰਾ ਕੇ ਖ਼ੁਦ ਦੋਸ਼ ਮੁਕਤ ਹੋ ਜਾਣਾ ਚਾਹੁੰਦਾ ਹੈ। ਵਿੱਦਿਆ ਹਾਸਲ ਨਹੀਂ ਕਰਦਾ। ਮਿਹਨਤ ਕਰਨ ਤੋਂ ਪਾਸਾ ਵੱਟਦਾ ਹੈ। ਖ਼ੁਦ ਨੂੰ ਜੁਆਬ ਦੇਹ ਭੀ ਨਹੀਂ ਬਣਾਉਂਦਾ।

ਆਲੇ-ਦੁਆਲੇ ਦਿਮਾਗ ਦੀ ਵਰਤੋਂ ਕਰ ਕੇ ਵੇਖੋ। ਜਿਸ ਦਿਨ ਬੱਚਾ ਜਨਮਿਆ ਸੀ ਤਾਂ ਉਸ ਦਿਨ ਅਲਫ਼ ਨੰਗਾ ਸੀ। ਬਸਤਰ ਬਾਅਦ ਵਿੱਚ ਪੁਆਏ ਗਏ ਹਨ। ਜਨਮ ਸਮੇਂ ਬੱਚਾ ਬੋਲਣ ਨਹੀਂ ਜਾਣਦਾ ਸੀ। ਬੋਲੀ ਮਗਰੋਂ ਸਿਖੀ ਹੈ। ਜਨਮ ਤੋਂ ਟੁਰਨਾ ਨਹੀਂ ਜਾਣਦਾ ਸੀ। ਕੋਸ਼ਿਸ਼ ਕਰ ਕੇ ਸਿੱਖਿਆ ਹੈ। ਜਨਮ ਸਮੇਂ ਪੜ੍ਹਨਾ-ਲਿਖਣਾ ਨਹੀਂ ਜਾਣਦਾ ਸੀ, ਲਗਾਤਾਰ ਦੀ ਮਿਹਨਤ ਨਾਲ ਸਿੱਖਿਆ ਹੈ। ਖਾਣ-ਪੀਣ ਦਾ ਸਾਮਾਨ ਲੋੜਾਂ ਮੁਤਾਬਕ ਤਿਆਰ ਕਰੀਦਾ ਹੈ। ਆਲੂ ਵਾਲੇ ਪਰੌਂਠੇ ਅਤੇ ਤੜਕੇ ਵਾਲੀ ਦਾਲ ਖ਼ੁਦ ਬਣਾਉਣੀ ਸਿਖੀ ਹੈ। ਕੁੱਕੜ, ਬੱਕਰੀਆਂ, ਸੂਰ, ਕੁੱਤੇ, ਗਾਵਾਂ, ਮੱਝਾਂ, ਹਾਥੀ, ਘੋੜੇ ਆਦਿ ਰੱਬ ਨੇ ਸਾਡੇ ਗ਼ੁਲਾਮ ਬਣਾ ਕੇ ਨਹੀਂ ਭੇਜੇ। ਲੰਮੀ ਮਿਹਨਤ ਅਤੇ ਸਿਆਣਪ ਨਾਲ ਮਨੁੱਖ ਨੇ ਇਹ ਮੁਹਾਰਤ ਹਾਸਲ ਕੀਤੀ ਹੈ। ਸਕੂਟਰ, ਕਾਰਾਂ, ਰੇਲਾਂ, ਹਵਾਈ ਜਹਾਜ਼ ਵਗੈਰਾ ਆਕਾਸ਼ ਵਿੱਚੋਂ ਨਹੀਂ ਉਤਰੇ। ਬੜੀ ਲੰਮੀ ਘਾਲਣਾ ਤੋਂ ਮਗਰੋਂ ਅੱਜ ਵਾਲੀ ਹਾਲਤ ਵਿੱਚ ਪ੍ਰਾਪਤ ਹੋਏ ਹਨ। ਚੇਚਕ, ਪੋਲੀਓ, ਮਲੇਰੀਆ ਆਦਿ ਬਿਮਾਰੀਆਂ ਨਾਲ ਬੇਅੰਤ ਲੋਕੀਂ ਮਰ ਜਾਂਦੇ ਸਨ। ਅਕਲ ਨਾਲ ਬਹੁਤੀਆਂ ਬਿਮਾਰੀਆਂ 'ਤੇ ਕਾਬੂ ਪਾ ਲਿਆ ਹੈ। ਸਾਡੀ ਨਿਤ ਦਿਨ ਦੀ ਜ਼ਿੰਦਗੀ ਵਿੱਚ ਵਰਤੋਂ ਵਾਲੀਆਂ ਚੀਜ਼ਾਂ "ਕਿਸਮਤ" ਨਾਲ ਕਿਤੋਂ ਨਹੀਂ ਆਈਆਂ। ਸਗੋਂ ਵਿਗਿਆਨੀਆਂ ਦੀ ਸੈਂਕੜੇ ਸਾਲਾਂ ਦੀ ਮਿਹਨਤ ਅਤੇ ਸਿਆਣਪ ਵਿੱਚੋਂ ਪੈਦਾ ਹੋਈਆਂ ਹਨ। ਪੰਜ ਹਜ਼ਾਰ ਸਾਲ ਤੋਂ ਭਾਰਤ ਦੇ ਅਸਲ ਮਾਲਕ "ਸ਼ੂਦਰ" ਗਰਦਾਨੇ ਤੇ ਗ਼ੁਲਾਮ ਬਣਾਏ ਕਰੋੜਾਂ ਲੋਕਾਂ ਦੀ "ਕਿਸਮਤ" ਬੁਰੀ ਨਹੀਂ ਸੀ। ਬਲਕਿ ਇਨ੍ਹਾਂ ਕੋਲ ਚਤੁਰ ਬੁੱਧੀ ਵਾਲੇ ਅਤੇ ਲੜਾਕੇ ਆਰੀਅਨ ਹਮਲਾਵਰਾਂ ਨਾਲ ਮੁਕਾਬਲਾ ਕਰਨ ਦੀ ਯੋਗਤਾ

ਨਹੀਂ ਸੀ। ਉੱਚੀ-ਨੀਵੀਂ ਜਾਤ ਕਿਸਮਤ ਨਾਲ ਨਹੀਂ ਬਣਦੀ। ਤਾਕਤਵਰ ਵਿਅਕਤੀ ਜਾਂ ਖ਼ਾਨਦਾਨ ਉੱਚਾ ਬਣ ਜਾਂਦਾ ਹੈ। ਕਮਜ਼ੋਰ ਧਿਰਾਂ ਨੀਵੀਂ ਜਾਤ ਵਾਲੀਆਂ ਬਣਾ ਦਿੱਤੀਆਂ ਜਾਂਦੀਆਂ ਹਨ। ਹਾਰੇ ਹੋਏ ਕਮਜ਼ੋਰਾਂ ਦੀ ਕਿਸਮਤ ਫਿਰ ਰੱਬ ਨਹੀਂ ਲਿਖਦਾ, ਜੇਤੂ ਧਿਰ ਲਿਖਦੀ ਹੈ। ਵਿਸ਼ਵਾਸ ਇਹੀ ਬਨਾਉਂਦੀ ਹੈ ਕਿ ਪ੍ਰਮਾਤਮਾ ਨੂੰ ਇਸੇ ਤਰ੍ਹਾਂ ਮਨਜ਼ੂਰ ਸੀ। ਤੁਹਾਡੀ ਕਿਸਮਤ ਵਿੱਚ ਦੁੱਖ, ਕੰਗਾਲੀ ਅਤੇ ਗ਼ੁਲਾਮੀ ਲਿਖੀ ਹੋਈ ਸੀ। ਸੱਤ ਸੌ ਸਾਲ ਤੱਕ ਮੁਸਲਮਾਨਾਂ ਵੱਲੋਂ ਭਾਰਤੀ ਲੋਕਾਂ ਦੇ ਮੌਰ ਕੁੱਟੇ ਗਏ। ਦੋ ਸੌ ਸਾਲ ਅੰਗਰੇਜ਼ਾਂ ਨੇ ਚੰਗੀ ਗਿੱਦੜ ਕੁੱਟ ਕੀਤੀ। ਕਰੀਬ ਇੱਕ ਹਜ਼ਾਰ ਸਾਲ ਦੀ ਗ਼ੁਲਾਮੀ "ਕਿਸਮਤ" ਵਿੱਚ ਲਿਖੀ ਹੋਈ ਸੀ ? ਔਰਤਾਂ ਹਜ਼ਾਰਾਂ ਸਾਲ ਤੋਂ ਜ਼ਿੱਲਤ ਅਤੇ ਗ਼ੁਲਾਮੀ ਵਿੱਚ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਇਹ ਸਦੀਵੀ ਗ਼ੁਲਾਮੀ ਔਰਤਾਂ ਦੀ "ਕਿਸਮਤ" ਵਿੱਚ ਰੱਬ ਨੇ ਲਿਖ ਕੇ ਭੇਜੀ ਹੈ ?

ਹਰ ਤਰ੍ਹਾਂ ਦੀਆਂ ਮੁਸੀਬਤਾਂ ਨੂੰ ਪੁਜਾਰੀ ਟੋਲਿਆਂ ਨੇ ਕਿਸਮਤ ਦੇ ਮੱਥੇ ਮੜ੍ਹ ਦਿੱਤਾ ਹੈ। ਕਿਸਮਤ ਨੂੰ ਬਦਲਣ ਵਾਸਤੇ ਸਿਆਣਪ ਵਾਲਾ ਪ੍ਰਚਾਰ ਨਾ ਕੀਤਾ ਗਿਆ। ਹਿੰਮਤੀ ਬਣਨ ਲਈ ਉਤਸ਼ਾਹਤ ਨਾ ਕੀਤਾ ਗਿਆ। ਮੰਤਰ ਪੜ੍ਹਨ ਲਈ ਆਖਿਆ ਗਿਆ। ਚੌਕੜੇ ਮਾਰ ਕੇ ਅੱਖਾਂ ਬੰਦ ਕਰ ਕੇ ਬੈਠਣ ਲਈ ਕਿਹਾ ਗਿਆ। ਟੱਲੀਆਂ ਖੜਕਾਉਣਾ, ਸੰਖ ਵਜਾਉਣ, ਹਵਨ ਕਰਨ ਤੇ ਪਾਠ ਕਰਨ ਦਾ ਹੁਕਮ ਦਿੱਤਾ ਗਿਆ। ਨਾਲ ਬਹੁਤ ਸਾਰਾ "ਦਾਨ ਪੁੰਨ" ਕਰਨ ਦੀ ਜ਼ੋਰਦਾਰ ਪ੍ਰੇਰਨਾ ਕੀਤੀ ਗਈ। ਅਜਿਹੇ ਦੁਸ਼ਟ ਪ੍ਰਚਾਰ ਕਾਰਨ ਭਾਰਤੀ ਲੋਕ ਨਾ ਸਮਝ ਰਹਿ ਗਏ, ਆਲਸੀ ਬਣ ਗਏ, ਮੰਗਤੇ ਬਣ ਗਏ, ਕਾਇਰ ਬਣ ਗਏ, ਬੇ-ਗ਼ੈਰਤ ਬਣ ਗਏ। ਅੰਤ ਨੂੰ ਗ਼ੁਲਾਮ ਬਣ ਗਏ।

ਗੁਰੂ ਨਾਨਕ ਬਾਬਾ ਜੀ ਨੂੰ ਬਾਬਰ ਦੇ ਵਿਰੁੱਧ ਲਿਖਣ-ਬੋਲਣ ਦੀ ਕੀ ਲੋੜ ਸੀ ? ਬਾਬਰ ਵੱਲੋਂ ਭਾਰਤੀਆਂ ਦੀ ਮਾਰ ਕਾਟ "ਕਿਸਮਤ" ਵਿੱਚ ਲਿਖੀ ਹੋਈ ਸੀ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਲਈ ਜਹਾਂਗੀਰ ਨੂੰ ਫਿਟਕਾਰਾਂ ਕਿਉਂ ? ਇਹ ਤਾਂ ਸਾਰੀ ਕਿਸਮਤ ਦੀ ਖੇਢ ਸੀ। ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀਆਂ ਸ਼ਹੀਦੀਆਂ 'ਤੇ ਦੁੱਖ ਕਾਹਦੇ ਲਈ ? ਉਨ੍ਹਾਂ ਦੀ ਕਿਸਮਤ ਵਿੱਚ ਇਸੇ ਤਰ੍ਹਾਂ ਦੁੱਖ ਭੋਗਣੇ ਲਿਖੇ ਸਨ। ਬੇਅੰਤ ਸਿੰਘਾਂ ਸਿੰਘਣੀਆਂ ਨੇ ਜਾਨਾਂ ਨਿਛਾਵਰ ਕਰ ਦਿੱਤੀਆਂ। ਰੋਜ਼ਾਨਾ ਅਰਦਾਸਾਂ ਵਿੱਚ ਅਣਗਿਣਤ ਵਾਰੀ ਉਨ੍ਹਾਂ ਦੇ ਨਾਮ ਲੈ ਕੇ ਸਿਜਦਾ ਕੀਤਾ ਜਾਂਦਾ ਹੈ। ਫਿਰ ਕੀ ਲੋੜ ਹੈ ਉਨ੍ਹਾਂ ਨੂੰ ਨਮਸਕਾਰਾਂ ਕਰਨ ਦੀ ? ਉਨ੍ਹਾਂ ਨੇ ਆਪਣੀ ਕਿਸਮਤ ਵਿੱਚ ਲਿਖਿਆ ਭੋਗ ਲਿਆ। ਰਾਜਾ (ਸਰਕਾਰ) ਜਿੰਨਾ ਚਾਹੇ ਟੈਕਸ ਲਾਵੇ। ਅਤਿਆਚਾਰ ਕਰੇ, ਕਾਹਦਾ ਰੋਸ ? ਕਿਸਮਤ ਦੀ ਖੇਢ ਵਰਤ ਰਹੀ ਹੈ। ਗੁਰਬਾਣੀ ਦੇ ਪਰਮਾਣ ਦੇ ਕੇ ਬੁਰਾਈਆਂ ਨੂੰ ਛੱਡਣ ਲਈ ਆਖਣਾ ਤਾਂ ਫਿਰ ਗ਼ਲਤ ਹੀ ਹੈ ਕਿਉਂਕਿ ਬੁਰੇ ਕੰਮ ਕਰਨਾ ਤਾਂ ਉਨ੍ਹਾਂ ਦੀ ਕਿਸਮਤ ਵਿੱਚ ਲਿਖਿਆ ਹੋਇਆ ਹੈ। ਇਸ ਦੇਸ਼ ਵਿੱਚ ਗੌਰੇ ਆਏ ਤਾਂ ਦੋ ਸੌ ਸਾਲ ਵਾਸਤੇ ਭਾਰਤ ਵਾਸੀਆਂ ਦੀ "ਕਿਸਮਤ" ਵਿੱਚ ਗ਼ੁਲਾਮੀ ਲਿਖ ਗਏ।

"ਪੰਚ ਤੰਤਰ" ਪੁਸਤਕ ਵਿੱਚ ਇੱਕ ਬੜੀ ਪਿਆਰੀ ਕਥਾ ਹੈ, ਇੱਕ ਗਿੱਦੜ ਨੂੰ ਭੁੱਖ ਲੱਗੀ। ਉਹ ਦੂਜੇ ਗਿੱਦੜ ਭਰਾ ਕੋਲ ਜਾ ਕੇ ਆਖਣ ਲੱਗਾ, "ਭਰਾਵਾ ਬਹੁਤ ਭੁੱਖ ਲੱਗੀ ਹੈ, ਚੱਲ ਕੋਈ ਸ਼ਿਕਾਰ ਕਰੀਏ।" ਦੂਜਾ ਗਿੱਦੜ ਆਖਣ ਲੱਗਾ, "ਜੋ "ਕਿਸਮਤ" ਵਿੱਚ ਲਿਖਿਆ ਹੈ, ਮਿਲ ਹੀ ਜਾਵੇਗਾ। ਫਿਕਰ ਨਹੀਂ ਕਰੀਦਾ।" ਪਹਿਲਾ ਗਿੱਦੜ ਆਖਣ ਲੱਗਿਆ, "ਭਰਾਵਾ ਅਸੀਂ ਤਾਂ ਕਮਜ਼ੋਰ ਜਿਹੇ ਹਾਂ, ਸਾਡੇ ਕੋਲ ਤਾਂ ਸ਼ਿਕਾਰ ਕਿਥੋਂ ਆਉਣਾ ਹੋਇਆ ? ਸ਼ੇਰ ਸਾਡੇ ਨਾਲੋਂ ਬਹੁਤ ਜ਼ਿਆਦਾ ਤਾਕਤਵਰ ਹਨ। ਬੱਕਰੇ, ਹਿਰਨ, ਖਰਗੋਸ਼ ਵਗੈਰਾ ਖ਼ੁਦ ਆ ਕੇ ਉਨ੍ਹਾਂ ਮੂਹਰੇ ਲੰਮੇ ਨਹੀਂ ਪੈ ਜਾਂਦੇ ਕਿ ਲਉ ਜੀ ਸਾਨੂੰ ਖਾ ਲਉ। ਸ਼ੇਰ ਨੂੰ ਭੀ ਸ਼ਿਕਾਰ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਪੇਟ ਭਰਨ ਵਾਸਤੇ ਕੋਈ ਸ਼ਿਕਾਰ ਕਰੇ, ਚਾਹੇ ਚੋਰੀ ਕਰੇ ਪਰ ਕੰਮ ਤਾਂ ਕਰਨਾ ਹੀ ਪਵੇਗਾ। ਵੇਹਲੇ ਬੈਠਿਆਂ ਦੇ ਅੱਗੇ ਥਾਲ ਪਰੋਸ ਕੇ ਨਹੀਂ ਕਿਸੇ ਨੇ ਰੱਖ ਦੇਣਾ।" ਦੋਵੇਂ ਉੱਠ ਕੇ ਟੁਰ ਪਏ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿਤ ॥ (522)



ਸੁਪਨ ਸੰਸਾਰ

ਛੋਟੇ ਬੱਚੇ ਸੁਪਨਿਆਂ ਵਿੱਚ ਜ਼ਿਆਦਾ ਜਿਉਂਦੇ ਹਨ। ਕਲਪਣਾ 'ਤੇ ਆਧਾਰਤ ਆਪਣੀ ਹੀ ਦੁਨੀਆਂ ਸਿਰਜ ਲੈਂਦੇ ਹਨ। ਇੱਕ ਸੋਟੀ ਲੈ ਕੇ ਆਪਣੀਆਂ ਦੋਵਾਂ ਲੱਤਾਂ ਦੇ ਵਿਚਕਾਰ ਲੈ ਕੇ ਦੌੜ ਪੈਣਗੇ। ਆਖਣਗੇ ਕਿ ਮੇਰਾ ਘੋੜਾ ਵੇਖੋ ਕਿੰਨਾ ਤੇਜ ਦੌੜਦਾ ਹੈ। ਉਸੇ ਸੋਟੀ ਨੂੰ ਬੰਦੂਕ ਵਾਂਗ ਵਰਤਣ ਦਾ ਵਿਖਾਵਾ ਕਰਨਗੇ। ਇੱਕੋ ਚੀਜ਼ ਨੂੰ ਕਈ-ਕਈ ਰੂਪਾਂ ਵਿੱਚ ਵਰਤਦੇ ਆਮ ਹੀ ਵੇਖੇ ਜਾ ਸਕਦੇ ਹਨ। ਉਮਰ ਦੇ ਵਾਧੇ ਨਾਲ ਮਨ ਦਾ ਵਿਕਾਸ ਹੋਣਾ ਅਤਿ ਜ਼ਰੂਰੀ ਹੈ। ਆਪਣੀ ਉਮਰ ਦੇ ਸਾਲਾਂ ਦੇ ਨਾਲ-ਨਾਲ ਦਿਮਾਗ ਵਿਕਾਸ ਨਹੀਂ ਕਰਦਾ। ਦੁਨੀਆਂ ਵਿੱਚ ਅਣਗਿਣਤ ਲੋਕ ਅਜਿਹੇ ਹਨ ਜਿਨ੍ਹਾਂ ਦੀ ਸਰੀਰਕ ਉਮਰ ਬਹੁਤ ਹੋ ਜਾਂਦੀ ਹੈ, ਦਿਮਾਗ ਬਚਪਨ ਨੂੰ ਪਾਰ ਨਹੀਂ ਕਰਦਾ। ਕਈ ਵਾਰੀ ਤਾਂ ਗੱਲਬਾਤ ਕਰਨ ਵਾਲੇ ਨੂੰ ਕਹਿਣਾ ਪੈਂਦਾ ਹੈ ਕਿ "ਭਾਈ! ਕੋਈ ਕੰਮ ਦੀ ਗੱਲ ਹੈ ਤਾਂ ਕਰ ਲੈ। ਬਚਗਾਨੀਆਂ ਗੱਲਾਂ ਵਿੱਚ ਵਕਤ ਖ਼ਰਾਬ ਨਾ ਕਰ।" ਸ਼ਾਇਦ ਅੱਧਾ ਪ੍ਰਤੀਸ਼ਤ ਲੋਕ ਹੋਣਗੇ ਜਿਨ੍ਹਾਂ ਦਾ ਦਿਮਾਗ ਉਮਰ ਨਾਲੋਂ ਅੱਗੇ ਚੱਲ ਰਿਹਾ ਹੋਵੇ। ਕੁੱਝ ਇੱਕ ਲੋਕ ਹਨ ਜੋ ਸਮਝਾਏ ਤੋਂ ਸਮਝ ਜਾਂਦੇ ਹਨ। ਬਹੁਤਿਆਂ ਦੀ ਸਾਰੀ ਉਮਰ ਬੀਤ ਜਾਂਦੀ ਹੈ ਠੋਹਕਰਾਂ ਖਾਂਦਿਆਂ ਹੀ ਪਰ ਸਿਆਣਪ ਫਿਰ ਭੀ ਨੇੜੇ ਨਹੀਂ ਆਉਂਦੀ।

ਧਰਮ ਮੰਦਰਾਂ (ਡੇਰਿਆਂ, ਗੁਰਦਵਾਰਿਆਂ, ਗਿਰਜਿਆਂ, ਮਸਜਿਦਾਂ ਆਦਿ) ਵਿੱਚ

ਸੁਪਨ ਸੰਸਾਰ ਉਸਾਰਿਆ ਜਾਂਦਾ ਹੈ। ਪ੍ਰਚਾਰਿਆ ਜਾਂਦਾ ਹੈ ਤੇ ਹੌਲੀ-ਹੌਲੀ ਲੋਕਾਈ ਦੇ ਅੰਦਰ ਉਤਾਰਿਆ ਜਾਂਦਾ ਹੈ। ਜਿਵੇਂ- ਤੁਹਾਡੇ ਘਰ ਭਾਵੇਂ ਅਨਾਜ ਨਹੀਂ ਹੈ ਪਰ ਤੁਸੀਂ ਭੁੱਖੇ ਮਹਿਸੂਸ ਨਹੀਂ ਕਰਨਾ। ਤੁਹਾਡੇ ਤਨ 'ਤੇ ਭਾਵੇਂ ਵਸਤਰ ਨਹੀਂ ਹਨ, ਪਰਵਾਹ ਨਹੀਂ ਕਰਨੀ। ਤੁਹਾਡੇ ਕੋਲ ਮਕਾਨ ਨਹੀਂ ਹੈ, ਕੋਈ ਗੱਲ ਨਹੀਂ। ਨੀਲੇ ਅੰਬਰ ਨੂੰ ਆਪਣਾ ਘਰ ਬਣਾ ਲਉ। ਘਰ ਵਿੱਚ ਕੰਗਾਲੀ ਹੈ, ਕੋਈ ਗੱਲ ਨਹੀਂ ਮਨ ਦੇ ਸੁਲਤਾਨ ਬਣੇ ਰਹੋ। ਭਾਵੇਂ ਗ਼ੁਲਾਮੀ ਗਲ ਪੈ ਗਈ ਹੈ, ਤੁਸੀਂ ਆਪਣੇ ਆਪ ਨੂੰ ਆਜ਼ਾਦ ਪੰਛੀ ਸਮਝੋ। ਭਾਵੇਂ ਤੁਹਾਨੂੰ ਕੋਈ ਕਤਲ ਭੀ ਕਰ ਦੇਵੇ ਤਾਂ ਭੀ ਇਹੀ ਆਖੋ ਕਿ ਸੁਰਗ ਨੂੰ ਚੱਲੇ ਹਾਂ। **ਇਸ ਜਹਾਨ ਵਿੱਚ ਜੇਕਰ ਕੋਈ ਪ੍ਰਾਪਤੀ ਨਹੀਂ ਹੋਈ, ਫਿਕਰ ਨਾ ਕਰੋ ਅਗਲੇ ਜਹਾਨ ਵਿੱਚ ਬੜੀਆਂ ਪ੍ਰਾਪਤੀਆਂ ਹੋ ਜਾਣਗੀਆਂ।**

ਸੁਪਨਿਆਂ ਦੀ ਦੁਨੀਆਂ ਵਿੱਚੋਂ ਕੱਢ ਕੇ ਮਨੁੱਖ ਨੂੰ ਜੇਕਰ ਸੱਚ ਦੇ ਸਨਮੁੱਖ ਲਿਆਂਦਾ ਜਾਵੇ ਤਾਂ ਸੁਧਾਰ ਬਾਰੇ ਕੁੱਝ ਵਿਚਾਰ ਹੋ ਸਕਦੀ ਹੈ। ਜਦੋਂ ਧਰਤੀ 'ਤੇ ਵਰਤ ਰਹੇ ਕਠੋਰ ਅਤੇ ਕੌੜੇ ਸੱਚ ਨੂੰ ਖੰਡ ਵਿੱਚ ਲਪੇਟ ਕੇ ਪੇਸ਼ ਕੀਤਾ ਜਾਂਦਾ ਹੈ, ਉਦੋਂ ਅਸਲੀਅਤ ਗੁਆਚ ਜਾਂਦੀ ਹੈ। ਬੰਦਾ ਮਰ ਰਿਹਾ ਹੋਵੇ ਤਾਂ ਪੁਜਾਰੀ ਆਖਣਗੇ ਫਿਕਰ ਨਾ ਕਰੋ ਰੱਬ ਤੁਹਾਡੇ ਨਾਲ ਹੈ। ਜੇ ਰੱਬ ਨਾਲ ਹੁੰਦਾ ਤਾਂ ਅਜਿਹਾ ਬੁਰਾ ਦਿਨ ਆਉਂਦਾ ਹੀ ਕਿਉਂ ? ਮਾਨੋ ਇਸ ਤਰ੍ਹਾਂ ਦੇ ਸੁਪਨੇ ਉਸਾਰ ਦਿੱਤੇ ਗਏ ਹਨ ਕਿ ਮਨੁੱਖ ਬਾਜ਼ਾਰ ਵਿੱਚ ਅਲਫ਼ ਨੰਗਾ ਘੁੰਮ ਰਿਹਾ ਹੋਵੇ। ਜੇ ਕੋਈ ਉਸ ਨੂੰ ਨੰਗਾ ਹੋਣ ਦਾ ਅਹਿਸਾਸ ਕਰਾਵੇ ਤਾਂ ਅੱਗੋਂ ਨੰਗਾ ਆਦਮੀ ਆਖੇ, "ਕਿਉਂ ਨਾਰਾਜ ਹੁੰਦੇ ਹੋ ? ਮੇਰੇ ਘਰ ਵਿੱਚ ਬੇਸ਼ੁਮਾਰ ਸੂਟ ਪਏ ਹਨ, ਮਹਿੰਘੇ ਤੋਂ ਮਹਿੰਘੇ। ਤੁਹਾਨੂੰ ਉਨ੍ਹਾਂ ਬਾਰੇ ਜਾਣਕਾਰੀ ਨਹੀਂ ਹੈ। ਜੇਕਰ ਕਿਸੇ ਝੁੱਗੀ ਝੌਂਪੜੀ ਵਿੱਚ ਰਹਿਣ ਵਾਲੇ ਨੂੰ ਆਖੀਏ ਕਿ, "ਭਾਈ! ਇਸ ਝੁੱਗੀ ਵਿੱਚ ਗਰਮੀ-ਸਰਦੀ ਤੋਂ ਬਚਾਉ ਨਹੀਂ ਹੈ। ਥਾਂ ਤੰਗ ਹੈ। ਪਰਵਾਰ ਕਾਫੀ ਮੁਸ਼ਕਿਲ ਵਿੱਚ ਪਰਤੀਤ ਹੁੰਦਾ ਹੈ। ਜੇਕਰ ਹੋ ਸਕੇ ਤਾਂ ਗੁਜਾਰੇ ਜੋਗਾ ਮਕਾਨ ਉਸਾਰਨ ਦੀ ਕੋਸ਼ਿਸ਼ ਕਰੋ।" ਅੱਗੋਂ ਝੁੱਗੀ ਵਿੱਚ ਬੈਠਾ ਆਦਮੀ ਆਖੇ, "ਹਮਦਰਦੀ ਲਈ ਧੰਨਵਾਦ ਮੇਰੇ ਕੋਲ ਤਾਂ ਔਹ ਸਾਹਮਣੇ ਵਾਲੀ ਬਹੁਤ ਵੱਡੀ ਕੋਠੀ ਹੈ। ਉਸ ਵਿੱਚ ਸਾਰੀਆਂ ਸਹੂਲਤਾਂ ਹਨ। ਮੈਨੂੰ ਝੌਂਪੜੀ ਵਾਲਾ ਹੀ ਨਾ ਸਮਝਦਾ ਰਹੀਂ।" ਕਿਸੇ ਸਰੀਰ ਦੇ ਕਮਜ਼ੋਰ ਵਿਅਕਤੀ ਨੂੰ ਪੁੱਛੀਏ ਕਿ "ਭਾਈ! ਹੱਥ ਬਹੁਤਾ ਹੀ ਤੰਗ ਲਗਦਾ ਹੈ। ਸਰੀਰ ਬਹੁਤ ਕਮਜ਼ੋਰ ਹੈ, ਖ਼ੁਰਾਕ ਦੀ ਕਮੀ ਮਹਿਸੂਸ ਹੋ ਰਹੀ ਹੈ। ਅਜਿਹੀ ਕੀ ਮੁਸੀਬਤ ਆ ਪਈ ਕਿ ਖਾਣਾ ਭੀ ਪੇਟ ਭਰਵਾਂ ਨਹੀਂ ਮਿਲਦਾ ?" ਤਾਂ ਭੁੱਖਾ ਮਨੁੱਖ ਆਖੇ, "ਤੁਹਾਨੂੰ ਕੋਈ ਗ਼ਲਤ ਫਹਿਮੀ ਹੋਈ ਲਗਦੀ ਹੈ। ਮੇਰੇ ਘਰ ਵਿੱਚ ਖਾਣ ਵਾਲੀਆਂ ਵਸਤੂਆਂ ਦੀ ਕੋਈ ਕਮੀ ਨਹੀਂ ਹੈ, ਸਭ ਭੰਡਾਰੇ ਭਰਪੂਰ ਹਨ।"

ਅਜਿਹੇ ਲੋਕਾਂ ਦੀ ਅਕਲ 'ਤੇ ਅਫ਼ਸੋਸ ਹੀ ਕੀਤਾ ਜਾ ਸਕਦਾ ਹੈ। ਤਨ ਨੰਗਾ ਹੈ, ਕਪੜੇ ਘਰ ਵਿੱਚ ਬਹੁਤ ਪਏ ਹਨ ? ਢਿੱਡ ਭੁੱਖਾ ਹੈ, ਘਰ ਵਿੱਚ ਪਦਾਰਥ ਬਹੁਤ ਪਏ ਹਨ, ਕਾਹਦੇ ਲਈ ? ਕੋਠੀਆਂ ਦਾ ਮਾਲਕ ਹੈ ਪਰ ਝੁੱਗੀ ਵਿੱਚ ਦਿਨ ਕੱਟੀ ਕਰਦਾ ਹੈ, ਕਿਉਂ ? ਇੰਨ ਬਿੰਨ ਇਹੀ ਹਾਲਤ ਹੈ ਧਰਮੀ ਅਖਵਾਉਣ ਵਾਲਿਆਂ ਦੀ। ਧਰਮ ਦੇ ਕਿਸੇ ਅਸੂਲ ਦੀ ਜਾਣਕਾਰੀ ਨਹੀਂ। ਆਪਣੇ ਆਪ 'ਤੇ ਕੋਈ ਨਿਅਮ ਲਾਗੂ ਨਹੀਂ ਕੀਤਾ। ਆਪਣੇ ਆਪ

ਨੂੰ ਧਰਮੀ ਪੁਰਖ ਹੋਣ ਦਾ ਹੋਕਾ ਦੇਈ ਜਾ ਰਹੇ ਹਨ। ਜ਼ੁਬਾਨੀ ਕਲਾਮੀ ਆਖੀ ਜਾਣਗੇ ਕਿ ਸਾਡੇ ਕੋਲ ਗੁਰੂ ਗ੍ਰੰਥ ਸਾਹਿਬ ਵਰਗਾ ਮਹਾਨ ਧਰਮ ਗ੍ਰੰਥ ਹੈ ਪਰ ਉਸ ਵਿੱਚ ਲਿਖਿਆ ਹੋਇਆ ਕੀ ਹੈ, ਕੋਈ ਪਤਾ ਨਹੀਂ। "ਮੇਰਾ ਗੁਰੂ, ਗੁਰੂ ਗ੍ਰੰਥ ਸਾਹਿਬ ਹੈ। ਮੇਰੀ ਧਰਮ ਪੁਸਤਕ ਪਵਿੱਤਰ ਕੁਰਾਨ ਹੈ। ਮੇਰੀ ਧਰਮ ਪੁਸਤਕ ਪਵਿੱਤਰ ਬਾਈਬਲ ਹੈ। ਸਾਡੇ ਕੋਲ ਤਾਂ ਇੱਕ ਨਹੀਂ ਚਾਰ ਵੇਦ ਹਨ। ਇਸ ਲਈ ਅਸੀਂ ਵੱਡੇ ਭਾਗਾਂ ਵਾਲੇ ਹਾਂ। ਬਹੁ ਗਿਣਤੀ ਲੋਕਾਂ ਨੇ ਬਸ ਭਰਮ ਹੀ ਪੈਦਾ ਕਰ ਲਿਆ ਹੈ ਕਿ ਸਾਡੇ ਕੋਲ ਅਜਿਹੇ ਗ੍ਰੰਥ ਮੌਜੂਦ ਹਨ। ਉਨ੍ਹਾਂ ਵਿੱਚ ਲਿਖੇ ਅਸੂਲਾਂ ਤੋਂ ਬਹੁਤ ਦੂਰ ਹਨ। ਪਤਾ ਹੀ ਨਹੀਂ, ਕੀ ਲਿਖਿਆ ਹੈ ਧਰਮ ਮੁਖੀਆਂ ਨੇ। ਧਰਮ 'ਤੇ ਕਾਬਜ ਪੁਜਾਰੀ ਲੋਕ ਆਪਣੀਆਂ ਨਿੱਜੀ ਲੋੜਾਂ ਪੂਰੀਆਂ ਕਰਨ ਲਈ ਮਨ ਮਰਜੀ ਦੇ ਪਾਠ ਜਾਂ ਕਹਾਣੀਆਂ ਸੁਣਾ ਦਿੰਦੇ ਹਨ। ਜਿਸ ਨਾਲ ਉਨ੍ਹਾਂ ਨੂੰ ਆਰਥਕ ਲਾਭ ਹੋ ਜਾਂਦਾ ਹੈ ਪਰ ਸੱਚ ਹਮੇਸ਼ਾ ਢਕਿਆ ਰਹਿ ਜਾਂਦਾ ਹੈ।

ਅੱਖਾਂ ਖੁੱਲ੍ਹੀਆਂ ਹੋਣ ਨਾਲ ਹੀ ਅਰੋਗ ਭੀ ਹੋਣ ਤਦੋਂ ਨਿੱਕੀ ਕੀੜੀ ਤੋਂ ਲੈ ਕੇ ਹਿਮਾਲਾ ਪਰਬਤ ਤੱਕ, ਚੰਦ-ਸੂਰਜ ਤੱਕ ਸਭ ਕੁੱਝ ਵੇਖਿਆ ਜਾ ਸਕਦਾ ਹ। ਜੇ ਅੱਖ ਬੰਦ ਹੋਵੇ ਜਾਂ ਕੋਈ ਨੁਕਸ ਪੈ ਗਿਆ ਹੋਵੇ ਤਾਂ ਸੂਰਜ ਭੀ ਨਹੀਂ ਦਿਸਦਾ। ਹਿਮਾਲਾ ਪਰਬਤ ਭੀ ਅਣਹੋਇਆਂ ਹੋ ਜਾਂਦਾ ਹੈ। ਕੰਨ ਬੰਦ ਹੋਣ ਤਾਂ ਆਵਾਜ਼ ਦੀ ਦੁਨੀਆਂ ਖ਼ਤਮ ਹੋ ਜਾਂਦੀ ਹੈ। ਇਨ੍ਹਾਂ ਦੇ ਪਿੱਛੇ ਜੋ ਮਨ ਹੈ, ਸਾਰਿਆਂ ਨੂੰ ਚਲਾਉਣ ਵਾਲਾ ਹੈ। ਉਸ ਨੂੰ ਸਿਆਣਾ ਬਣਾਉਣ ਲਈ ਪੂਰੀ ਵਾਹ ਲਾ ਦੇਈਏ। ਫਿਰ ਸਭ ਕੁੱਝ ਸਾਡਾ ਆਪਣਾ ਹੋਵੇਗਾ ਬਲਕਿ ਇਉਂ ਜ਼ਿਆਦਾ ਠੀਕ ਰਹੇਗਾ ਕਿ ਧਰਮ ਗ੍ਰੰਥ ਮੇਰਾ ਨਹੀਂ ਹੈ ਸਗੋਂ ਮੈਂ ਇਸ ਧਰਮ ਦਾ ਘੜਿਆ ਹੋਇਆ ਹਾਂ। ਇਸ ਲਈ "ਮੈਂ ਇਸ ਧਰਮ ਦਾ ਹਾਂ।" ਰੱਬ ਜੀ ਨੇ ਮੈਨੂੰ ਬਣਾਇਆ ਹੈ, ਜੀਵਨ ਬਖ਼ਸ਼ਿਆ ਹੈ। ਇਸ ਲਈ ਮੈਂ ਰੱਬ ਜੀ ਦਾ ਹਾਂ ਕਿਉਂਕਿ ਮੈਂ ਰੱਬ ਜੀ ਵਾਲੇ ਚੰਗੇ ਗੁਣਾਂ ਨੂੰ ਧਾਰਨ ਕਰ ਲਿਆ ਹੈ। ਸਿਮਰਨ ਭੀ ਇੱਕ ਭਰਮ ਹੈ। ਸੁਪਨ ਸੰਸਾਰ ਹੈ। "ਸਿਮਰਨ" (ਗੁਰਬਾਣੀ ਉਪਦੇਸ਼) ਨੂੰ ਆਪਣੇ ਜੀਵਨ ਦਾ ਯਥਾਰਥ ਬਣਾਉਣਾ ਹੈ ਨਾ ਕਿ ਮੂੰਹ ਨਾਲ ਕੋਈ ਦੋ ਚਾਰ ਅੱਖਰਾਂ ਦਾ ਜਾਪ ਕਰੀ ਜਾਣਾ। ਹੈ। ਭਰਮ ਜਾਂ ਸੁਪਨੇ ਵਿੱਚੋਂ ਬਾਹਰ ਆ ਕੇ, ਸੱਚ ਨੂੰ ਸਾਹਮਣੇ ਮੱਥੇ ਪ੍ਰਵਾਨ ਕਰਨਾ ਹੀ ਸਹੀ ਜ਼ਿੰਦਗੀ ਹੈ।

ਜੋਗੀ ਗ੍ਰਿਹੀ ਪੰਡਿਤ ਭੇਖ ਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥
ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥ ਰਹਾਉ ॥
ਜੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥
ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥
ਸੋ ਜਾਗੈ ਜੋ ਏਕੋ ਜਾਣੈ ॥ ਪਰ ਕਿਰਤਿ ਛੋਡੈ ਤਤੁ ਪਛਾਣੈ ॥
ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥
ਕਹਤ ਨਾਲਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾਕੀ ਨੇਤ੍ਰੀ ਹੋਇ ॥ (1128)

★★★★★★

ਸਿਰ ਦੀ ਭੇਟਾ

ਚੀਨ ਦੇਸ਼ ਵਿੱਚ ਇੱਕ ਫ਼ਕੀਰ ਹੋ ਗੁਜ਼ਰਿਆ ਹੈ ਬਜੀਤ (ਅਸਲ ਨਾਮ ਬਾਯਜੀਦ ਸੀ) ਨਾਮ ਦਾ। ਬੜਾ ਨੇਕ ਇਨਸਾਨ ਪਰਉਪਕਾਰੀ ਅਤੇ ਵਿਦਵਾਨ ਸੀ ਇਹ ਸਾਧ। ਜਿਥੇ ਹੋਰ ਤਰੀਕਿਆਂ ਨਾਲ ਲੋਕ ਭਲਾਈ ਕਰਨਾ ਇਸ ਦਾ ਸ਼ੌਕ ਸੀ। ਉਥੇ ਨਾਲ ਹੀ ਆਪਣੇ ਆਸ਼ਰਮ ਵਿੱਚ ਕਦੀ ਕਦਾਈਂ ਖ਼ਾਸ ਇਕੱਠ ਦੇ ਮੌਕਿਆਂ 'ਤੇ ਲੋਕਾਂ ਨੂੰ ਧਰਮ ਉਪਦੇਸ਼ ਭੀ ਕਰਦਾ ਹੁੰਦਾ ਸੀ। ਗਿਆਨ ਵਰਧਕ ਗੱਲਾਂ ਲੋਕੀਂ ਧਿਆਨ ਨਾਲ ਸੁਣਦੇ। ਇਹ ਸਾਧ ਲੋਕਾਂ ਨੂੰ ਮਿਲ ਕੇ ਰਹਿਣ ਦੀ ਤਾਕੀਦ ਕਰਦਾ। ਹੱਕ ਸੱਚ 'ਤੇ ਪਹਿਰਾ ਦੇਣ ਲਈ ਕਹਿੰਦਾ। ਵਿਕਾਰਾਂ ਵੱਲੋਂ ਮਨ ਨੂੰ ਮਾਰ ਲੈਣਾ ਤੇ ਗੁਣਾਂ ਵੱਲ ਲਾ ਲੈਣ ਦੀ ਹਦਾਇਤ ਕਰਦਾ। ਮਨੁੱਖਤਾ ਦੇ ਦੁਸ਼ਮਣ ਚੌਧਰੀ, ਸਰਕਾਰ, ਰਾਜੇ ਆਦਿ ਵਿਰੁੱਧ ਲੜ ਮਰਨ ਲਈ ਤਿਆਰ ਹੋਣ ਵਾਸਤੇ ਸਿੱਖਿਆ ਦਿੰਦਾ। ਮਨੁੱਖਤਾ ਦੇ ਹਿਤ ਵਾਲੇ ਅਸੂਲ ਪ੍ਰਾਪਤ ਕਰਨ ਵਾਸਤੇ ਚੰਗਾ ਰਾਜ ਸਥਾਪਤ ਕਰਨ ਲਈ ਕੋਈ ਭੀ ਕੀਮਤ ਤਾਰਨੀ ਪਵੇ ਜ਼ਰੂਰ ਤਾਰਨੀ ਚਾਹੀਦੀ ਹੈ। ਲੋਕੀਂ ਇਸ ਦਾ ਉਪਦੇਸ਼ ਸੁਣਦੇ, ਘਰਾਂ ਨੂੰ ਚਲੇ ਜਾਂਦੇ। ਕਈ ਸਾਲ ਉਪਦੇਸ਼ ਕਰਦੇ ਰਹਿਣ ਤੋਂ ਮਗਰੋਂ ਬਜੀਤ ਨੇ ਆਪਣਾ ਢੰਗ ਬਦਲ ਲਿਆ। ਹੁਣ ਜਦੋਂ ਇਹ ਬਾਬਾ ਕਥਾ ਕਰਦਾ ਸੀ ਤਾਂ ਲੋਕਾਂ ਵੱਲ ਪਿੱਠ ਕਰ ਲੈਂਦਾ ਤੇ ਕੰਧ ਵੱਲ ਮੂੰਹ ਕਰ ਲੈਂਦਾ। ਬਹੁਤ ਲੰਮਾ ਸਮਾਂ ਇਸੇ ਤਰ੍ਹਾਂ ਬੀਤ ਗਿਆ। ਸੇਵਕਾਂ ਵਿੱਚੋਂ ਕਿਸੇ ਨੇ ਜੇਕਰ ਪੁੱਛਣਾ ਤਾਂ ਕਹਿ ਦੇਣਾ ਕਿ ਮੈਨੂੰ ਇਸੇ ਤਰ੍ਹਾਂ ਚੰਗਾ ਲੱਗਦਾ ਹੈ। ਤੁਸੀਂ ਪ੍ਰਵਚਨ ਸੁਣਨੇ ਹਨ, ਸੁਣਦੇ ਰਹੋ।

ਕਈ ਵਾਰੀ ਬੇਨਤੀ ਕਰਨ ਦੇ ਬਾਵਜੂਦ ਬਜੀਤ ਬਾਬਾ ਨਾ ਮੰਨਿਆ। ਉਸੇ ਤਰ੍ਹਾਂ ਕੰਧ ਵੱਲ ਮੂੰਹ ਕਰ ਕੇ ਬੈਠਦਾ ਰਿਹਾ। ਸੰਗਤ ਵਿੱਚੋਂ ਇੱਕ ਜੋਸ਼ੀਲਾ ਨੌਜੁਆਨ ਖੜਾ ਹੋ ਗਿਆ। ਕੁੱਝ ਅਪਣੱਤ ਤੇ ਕੁੱਝ ਗੁੱਸੇ ਵਾਲੀ ਗਰਜਵੀਂ ਆਵਾਜ਼ ਵਿੱਚ ਬੋਲਿਆ, "ਬਾਬਾ ਜੀ! ਧਿਆਨ ਨਾਲ ਸੁਣ ਲਓ। ਸਾਨੂੰ ਬਹੁਤ ਦਿਨ ਹੋ ਗਏ ਮਿਨਤਾਂ ਕਰਦਿਆਂ ਨੂੰ ਪਰ ਤੁਸੀਂ ਸਾਡੀ ਗੱਲ ਨਹੀਂ ਮੰਨੀ। ਸਾਡੇ ਵਿੱਚ ਅਜਿਹੀ ਕੀ ਖਰਾਬੀ ਹੈ ਕਿ ਤੁਸੀਂ ਸਾਰੇ ਵੱਲ ਆਪਣਾ ਚਿਹਰਾ ਨਹੀਂ ਕਰਦੇ ? ਇਨਸਾਨਾਂ ਨਾਲੋਂ ਕੰਧ ਕਿੰਨੀ ਕੁ ਚੰਗੀ ਹੈ ?"

ਬਜੀਤ ਨੇ ਕਿਹਾ, "ਭਾਈ ਨੌਜੁਆਨਾ! ਜੋਸ਼ ਵਿੱਚ ਨਹੀਂ ਆਈਦਾ। ਮੈਨੂੰ ਯਕੀਨ ਹੈ ਕਿ ਇਹ ਕੰਧ ਮੇਰੀਆਂ ਗੱਲਾਂ ਧਿਆਨ ਨਾਲ ਸੁਣਦੀ ਹੈ। ਅੱਜ ਤੱਕ ਇਸ ਨੇ ਮੇਰੀਆਂ ਗੱਲਾਂ ਦਾ ਕਦੀ ਵਿਰੋਧ ਨਹੀਂ ਕੀਤਾ। ਜੇ ਇਸ ਨੇ ਦੋ ਮਹੀਨੇ ਲਗਾਤਾਰ ਮੇਰਾ ਉਪਦੇਸ਼ ਸੁਣ ਲਿਆ ਤਾਂ ਇਹ ਕੰਧ ਅਨੋਖੇ ਕਾਰਨਾਮੇ ਕਰ ਵਿਖਾਏਗੀ।"

ਨੌਜੁਆਨ- "ਬਾਬਾ ਜਾਂ ਤਾਂ ਤੇਰਾ ਦਿਮਾਗ ਘੁੰਮ ਗਿਆ ਹੈ ਜਾਂ ਫਿਰ ਸਾਨੂੰ ਮੂਰਖ ਸਮਝ ਰਿਹਾ ਹੈਂ। ਕਦੀ ਕੰਧਾਂ ਨੇ ਭੀ ਕੋਈ ਉਪਦੇਸ਼ ਸੁਣਿਆ ਹੈ ? ਪੱਥਰਾਂ ਅਤੇ ਮਿੱਟੀ ਦੀਆਂ ਦੀਵਾਰਾਂ ਕੰਮ ਕਰਨਗੀਆਂ ? ਤੁਸੀਂ ਕੀ ਕਹਿਣਾ ਚਾਹੁੰਦੇ ਹੋ ?"

ਬਾਬਾ ਬਜੀਤ- "ਭਾਈ ਕਾਕਾ! ਮੈਂ ਬਹੁਤ ਲੰਮੇ ਅਰਸੇ ਤੋਂ ਤੁਹਾਨੂੰ ਆਪਸੀ ਪਿਆਰ

ਦਾ ਉਪਦੇਸ਼ ਦਿੰਦਾ ਆ ਰਿਹਾ ਹਾਂ। ਇਸ ਦੇ ਨਾਲ ਹੀ ਸਿਆਣਪ ਅਤੇ ਬਹਾਦਰੀ ਦੇ ਪਾਠ ਭੀ ਬਹੁਤ ਪੜ੍ਹਾ ਚੁੱਕਿਆ ਹਾਂ। ਇਸ ਦੇਸ਼ ਦੇ ਰਾਜੇ, ਜੰਤਾ ਦਾ ਜਿਵੇਂ ਖ਼ੂਨ ਨਿਚੋੜ ਰਹੇ ਹਨ, ਸਭ ਬਿਆਨ ਕਰ ਚੁੱਕਿਆ ਹਾਂ। ਜ਼ਾਲਮ ਰਾਜੇ ਦਾ ਤਖ਼ਤਾ ਪਲਟਣ ਵਾਸਤੇ ਮੈਂ ਕੁੱਝ ਸਿਰਾਂ ਦੀ ਮੰਗ ਕਰਦਾ ਆ ਰਿਹਾ ਹਾਂ ਤਾਂ ਕਿ ਤੁਸੀਂ ਜਾਂ ਤੁਹਾਡੀਆਂ ਅਗਲੀਆਂ ਪੀੜ੍ਹੀਆਂ ਸੁਖੀ ਵਸਣ। ਲੰਮਾ ਸਮਾਂ ਉਪਦੇਸ਼ ਕਰਨ ਦੇ ਬਾਵਜੂਦ ਮੈਨੂੰ ਤੁਹਾਡੇ ਵਿੱਚ ਕੋਈ ਤਬਦੀਲੀ ਨਜ਼ਰ ਨਹੀਂ ਆਈ। ਤੁਸੀਂ ਮੈਨੂੰ ਖਾਲਸ ਪੱਥਰ ਨਜ਼ਰ ਆਏ। ਇਸੇ ਲਈ ਮੈਂ ਕੰਧ ਵੱਲ ਮੂੰਹ ਕਰ ਲਿਆ ਕਿ ਸ਼ਾਇਦ ਤੁਸੀਂ ਸਮਝ ਸਕੋ। ਨੌਜੁਆਨਾ! ਅੱਜ ਮੈਨੂੰ ਤੇਰਾ ਹੱਥ ਚਾਹੀਦਾ ਹੈ। ਦੇ ਸਕਦਾ ਹੈਂ ? ਇਨੀ ਹਿੰਮਤ ਹੈ ਤੇਰੇ ਅੰਦਰ ?"

ਨੌਜੁਆਨ ਨੇ ਆਪਣੇ ਕੋਲ ਰੱਖੀ ਕ੍ਰਿਪਾਨ ਜੋਸ਼ ਨਾਲ ਮਿਆਨ ਵਿੱਚੋਂ ਕੱਢੀ। ਸੱਜੇ ਹੱਥ ਵਿੱਚ ਪਕੜੀ। ਖੱਬਾ ਹੱਥ ਇੱਕ ਪੱਥਰ 'ਤੇ ਰੱਖਿਆ ਤੇ ਕ੍ਰਿਪਾਨ ਵਾਹ ਦਿੱਤੀ। ਖੱਬਾ ਹੱਥ ਕੂਹਣੀ ਕੋਲੋਂ ਕੱਟ ਕੇ ਅਲੱਗ ਹੋ ਗਿਆ। ਲਹੂ ਵਿੱਚ ਲੱਥ ਪੱਥ ਗੱਭਰੂ ਨੇ ਕੱਟਿਆ ਹੋਇਆ ਹੱਥ ਬਜੀਤ ਦੇ ਅੱਗੇ ਸੁੱਟ ਦਿੱਤਾ। ਨਾਲ ਹੀ ਜ਼ੋਰਦਾਰ ਆਵਾਜ਼ ਵਿੱਚ ਗਰਜਿਆ- "ਬਾਬਾ ਜੇ ਸਾਡੇ ਵੱਲ ਮੂੰਹ ਨਾ ਕੀਤਾ, ਮੈਂ ਆਪਣਾ ਸਿਰ ਕੱਟ ਕੇ ਤੇਰੇ ਅੱਗੇ ਰੱਖ ਦਿਆਗਾਂ।" ਬਜੀਤ ਬਾਬਾ ਤੁਰੰਤ ਉਠਿਆ। ਨੌਜੁਆਨ ਦਾ ਕੱਟਿਆ ਹੱਥ ਮੱਥੇ ਨਾਲ ਲਾਇਆ। ਅੱਗੇ ਵੱਧ ਕੇ ਨੌਜੁਆਨ ਨੂੰ ਗਲਵਕੜੀ ਵਿੱਚ ਲੈ ਕੇ ਪਿਆਰ ਦਿੱਤਾ। ਬਾਬਾ ਸਾਰਿਆਂ ਨੂੰ ਸੰਬੋਧਨ ਹੋ ਕੇ ਆਖਣ ਲੱਗਾ- "ਸ਼ੁਕਰ ਹੈ ਕਿ ਮੇਰੀ ਮਿਹਨਤ ਕੁੱਝ ਰੰਗ ਲਿਆਈ। ਤੁਹਾਡੇ ਅੰਦਰ ਕੁੱਝ ਹੱਦ ਤੱਕ ਨੇਕੀ ਕਰਨ ਦੀ ਜਾਂ ਮਰਨ ਦੀ ਹਿੰਮਤ ਪੈਦਾ ਹੋਈ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਮੇਰੇ ਉਪਦੇਸ਼ ਸੁਣ ਕੇ ਸਮਾਜ ਦੇ ਕਲਿਆਣ ਵਿੱਚ ਜੁੱਟ ਜਾਓ। ਪਰਮੇਸ਼ਰ ਜ਼ਰੂਰ ਸਫ਼ਲਤਾ ਦੇਵੇਗਾ। ਮੈਂ ਵਚਨ ਦਿੰਦਾ ਹਾਂ ਕਿ ਅੱਜ ਤੋਂ ਬਾਅਦ ਮੈਂ ਕੰਧ ਵੱਲ ਨਹੀਂ, ਤੁਹਾਡੇ ਵੱਲ ਮੂੰਹ ਕਰ ਕੇ ਉਪਦੇਸ਼ ਕਰਾਂਗਾ।"

ਇਥੇ ਇਹਿਤਾਸ ਦੇ ਉਹ ਰੌਂਗਟੇ ਖੜੇ ਕਰ ਦੇਣ ਵਾਲੇ ਵਾਕਿਆਤਾਂ ਨੂੰ ਅੱਖਾਂ ਸਾਹਮਣੇ ਲਿਆਈਏ। ਜਦੋਂ ਗੁਰੂ ਅਰਜਨ ਸਾਹਿਬ ਨੇ ਕਿਸੇ ਬੇਗਾਨੇ ਪੁੱਤ ਦਾ ਸਿਰ ਨਹੀਂ ਮੰਗਿਆ, ਆਪਣਾ ਸਿਰ ਖ਼ੁਦ ਲੇਖੇ ਲਾ ਦਿੱਤਾ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣਾ ਆਪਾ ਨਹੀਂ ਲੁਕਾਇਆ। ਦੂਜਿਆਂ ਦੀ ਧਾਰਮਕ ਆਜ਼ਾਦੀ ਲਈ ਆਪਣਾ ਸਿਰ ਕਟਵਾ ਲਿਆ। ਗੁਰੂ ਗੋਬਿੰਦ ਸਿੰਘ ਜੀ ਦੀ ਵੰਗਾਰ 'ਤੇ ਤਾਂ ਸਦਾ ਹੀ ਹਜ਼ਾਰਾਂ ਸਿੱਖ ਜਾਨਾਂ ਵਾਰਨ ਲਈ ਤਿਆਰ ਰਹਿੰਦੇ ਸਨ। ਚਮਕੌਰ ਦੀ ਗੜ੍ਹੀ ਵਿੱਚ ਦੋ ਪਿਆਰੇ ਸਿੱਖਾਂ ਨੂੰ ਤਾਂ ਬਚਾ ਲਿਆ ਪਰ ਪੁੱਤਰਾਂ ਨੂੰ ਨਹੀਂ ਲੁਕਾਇਆ। ਕੁਰਬਾਨੀ ਲਈ ਖ਼ੁਦ ਤੋਰਿਆ। ਇਸ ਬਜੀਤ ਸਾਧ ਨੂੰ ਦੂਜਿਆਂ ਦੇ ਸਿਰਾਂ ਦੀ ਲੋੜ ਸੀ, ਆਪਣਾ ਸਿਰ ਮਹਿਫ਼ੂਜ਼ ਰੱਖਣਾ ਚਾਹੁੰਦਾ ਸੀ। ਲੋਕਾਂ ਦੇ ਹਿਤ ਵਿੱਚ ਆਵਾਜ਼ ਬੁਲੰਦ ਕਰਨੀ ਚੰਗੀ ਹੈ ਪਰ ਹੱਕ ਸੱਚ 'ਤੇ ਪਹਿਰਾ ਦਿੰਦਿਆਂ ਜੇ ਆਗੂ ਨੂੰ ਸਰੀਰ ਲੇਖੇ ਲਾਉਣਾ ਪੈ ਜਾਵੇ ਤਾਂ ਕੁਰਬਾਨੀ ਤੋਂ ਮੁਨਕਰ ਨਾ ਹੋਵੇ। ਲੋਕ ਵਿਰੋਧੀ ਸਮੌਤਾ ਨਾ ਕਰੇ। ਖ਼ੁਦਗਰਜ਼ੀ ਵਿੱਚ ਗਰਕ ਹੋ ਕੇ ਲੋਕਾਂ ਦੇ ਹੱਕਾਂ ਨੂੰ ਦਗਾ ਦੇ ਕੇ ਕਾਇਰਤਾ ਨਾ ਵਿਖਾਵੇ। ਜਿਉਂਦਾ ਭੀ ਅਤੇ ਮੁਰਦਾ ਭੀ ਫਿਰ ਸਦਾ ਯਾਦ ਕੀਤਾ

ਜਾਵੇਗਾ। ਲੋਕੀਂ ਉਸ ਵੱਲੋਂ ਦਰਸਾਏ ਮਾਰਗ 'ਤੇ ਲਗਾਤਰ ਚਲਦੇ ਹੋਏ ਅੱਗੇ ਵੱਧਦੇ ਰਹਿਣਗੇ। ਉਸ ਨੇਕ ਬਖ਼ਤ ਆਹੂ ਨੂੰ ਸਦਾ ਸਲਾਮਾ ਕਰਨਗੇ।

ਗੁਰਮੁਖਿ ਹੋਵੈ ਸੁ ਸੁਖੁ ਕਮਾਏ ॥ ਮਰਣ ਜੀਵਣ ਕੀ ਸੋਝੀ ਪਾਏ ॥
ਮਰਣੁ ਜੀਵਣੁ ਜੋ ਸਮ ਕਰਿ ਜਾਣੈ, ਸੋ ਮੇਰੇ ਪ੍ਰਭ ਭਾਇਦਾ ॥
ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥ ਆਵਣ ਜਾਣਾ ਸ਼ਬਦੁ ਪਛਾਣੁ ॥
ਮਰੈ ਨ ਜੰਮੈ ਨਾ ਦੁਖੁ ਪਾਏ, ਮਨ ਹੀ ਮਨਹਿ ਸਮਾਇਦਾ ॥ (1059)

★★★★★★

ਗੁਰੂ ਦੀ ਲਾਡਲੀ ਫ਼ੌਜ ?

ਦਸਮ ਪਿਤਾ ਜੀ ਨੇ ਆਜ਼ਾਦੀ ਦੀ ਜੰਗ ਲੜਨ ਵਾਸਤੇ ਨੌਜੁਆਨਾਂ ਨੂੰ ਠਾਠਾਂ ਮਾਰਦੇ ਇਕੱਠਾਂ ਵਿੱਚ ਵੰਗਾਰ ਪਾਈ ਸੀ। ਇਸ ਆਪਾ ਵਾਰੂ ਜੰਗ ਵਿੱਚ ਜੂਝਣ ਲਈ ਪਹਿਲੇ ਦਿਨ ਪੰਜ ਸਿਘਾਂ (ਪੰਜ ਪਿਆਰੇ) ਦੀ ਚੋਣ ਕੀਤੀ ਗਈ। ਅਗਲੇ ਦੋ ਦਿਨਾਂ ਵਿੱਚ ਵੀਹ ਹਜ਼ਾਰ ਹੋਰ ਸਿਰਾਂ 'ਤੇ ਖੱਫਣ ਬੰਨ੍ਹ ਕੇ, "ਧਰਮ ਯੁੱਧ" ਲਈ ਮੈਦਾਨ ਵਿੱਚ ਨਿੱਤਰ ਪਏ। ਇਨ੍ਹਾਂ ਸਾਰਿਆਂ ਨੂੰ ਖੰਡੇ ਕੀ ਪਾਹੁਲ ਛਕਾ ਕੇ, ਵਿਸ਼ੇਸ਼ ਬਰਦੀ ਧਾਰਨ ਕਰਵਾਈ ਗਈ। ਕੁੱਝ ਖ਼ਾਸ "ਮਰਿਆਦਾ" ਪਾਲਣ ਦੀ ਹਦਾਇਤ ਕੀਤੀ ਗਈ। ਇਸ ਨਵੀਂ ਸਾਜੀ ਗਈ ਜਥੇਬੰਦੀ ਨੂੰ "ਗੁਰੂ ਕੀ ਫ਼ੌਜ, ਲਾਡਲੀ ਫ਼ੌਜ, ਖ਼ਾਲਸਾ ਫ਼ੌਜ ਜਾਂ ਨਿਹੰਗ ਫ਼ੌਜ", ਆਖ ਕੇ ਮਾਣ ਦਿੱਤਾ ਗਿਆ। ਦਸ਼ਮੇਸ਼ ਜੀ ਦੇ ਹੁੰਦਿਆਂ ਇਸ ਫ਼ੌਜ ਦਾ ਖ਼ਾਸ ਸਤਿਕਾਰ ਸੀ। ਇਸ ਫ਼ੌਜ ਦਾ ਬਾਣਾ ਆਮ ਕਰ ਕੇ "ਨੀਲੰਬਰਧਾਰਾ" (ਨੀਲਾ) ਸੀ। ਬੰਦਾ ਸਿੰਘ ਬਹਾਦਰ ਦੇ ਸਮੇਂ ਇਸ ਫ਼ੌਜ ਵਿੱਚ ਭਰਤੀ ਹੋਏ ਸਿੰਘਾਂ ਨੇ ਸਮੇਂ ਦੀ ਹਕੂਮਤ ਦੀਆਂ ਜੜ੍ਹਾ ਹਿਲਾ ਦਿੱਤੀਆਂ ਸਨ। ਮਿਸਲਾਂ ਦੇ ਭਿਆਨਕ ਸਮੇਂ ਵਿੱਚ ਭੀ ਸਾਰੇ ਗੱਭਰੂ ਲਾਡਲੀ ਫ਼ੌਜ ਵਿੱਚ ਸ਼ਾਮਲ ਹੋ ਕੇ ਜੰਗ ਲੜਦੇ ਸਨ। ਇਨ੍ਹਾਂ ਵੱਲੋਂ ਲੰਮੇਂ ਸਮੇਂ ਤੱਕ ਅਣਗਿਣਤ ਜੰਗਾਂ ਲੜਦਿਆਂ, ਬਹਾਦਰੀ ਨਾਲ ਦੁਸ਼ਮਣਾਂ ਦੇ ਆਹੂ ਲਾਹੁੰਦਿਆਂ ਵੇਖ ਕੇ ਲੋਕ ਮਨਾਂ ਵਿੱਚ ਇਨ੍ਹਾਂ ਦੀ ਸਾਰੇ ਬੰਨੇ ਸੋਭਾ ਫੈਲ ਗਈ। "ਅਕਾਲੀ, ਨਿਹੰਗ, ਗੁਰੂ ਕੀ ਲਾਡਲੀ ਫ਼ੌਜ" ਵਰਗੇ ਵਿਸ਼ੇਸ਼ਣਾਂ ਨੇ ਲੋਕ ਮਨਾਂ ਵਿੱਚ ਆਦਰਯੋਗ ਥਾਂ ਬਣਾ ਲਈ। ਇਤਿਹਾਸਕਾਰਾਂ ਨੇ ਪ੍ਰਸੰਸਾ ਕੀਤੀ। ਕਵੀਆਂ ਨੇ ਬਹਾਦਰੀ ਦੇ ਗੀਤ ਬਣਾਏ।

ਮਹਾਰਾਜਾ ਰਣਜੀਤ ਸਿੰਘ ਵੱਲੋਂ ਰਾਜ ਪ੍ਰਾਪਤ ਕਰਨ ਤੋਂ ਬਾਅਦ ਨਿਹੰਗ ਸਿੰਘਾਂ ਨੇ ਉਸ ਫ਼ੌਜੀ ਮਰਿਆਦਾ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ, ਜਿਸ ਦੀ ਰਾਜ ਚਲਾਉਣ ਲਈ ਜ਼ਰੂਰਤ ਹੁੰਦੀ ਹੈ। ਮਾ. ਰਣਜੀਤ ਸਿੰਘ ਨੇ ਫ਼ੌਜੀ ਬਰਦੀ ਵਿੱਚ ਲੋੜੀਂਦੀ ਤਬਦੀਲੀ ਕੀਤੀ। ਸਿਖਲਾਈ ਵਿੱਚ ਪੱਛਮੀ ਕਿਸਮ ਦੇ ਸੁਧਾਰ ਕੀਤੇ। ਲੁੱਟਾਂ-ਮਾਰਾਂ ਵਿੱਚੋਂ ਹਿੱਸੇਦਾਰੀ

ਰੋਕ ਕੇ ਫ਼ੌਜੀਆਂ ਨੂੰ ਮਹੀਨੇ ਵਾਰੀ ਤਨਖ਼ਾਹ ਦੇਣੀ ਸ਼ੁਰੂ ਕੀਤੀ। ਹਰ ਫ਼ੌਜੀ ਦਾ ਰਿਕਾਰਡ ਲਿਖ ਕੇ ਰੱਖਿਆ ਜਾਣ ਲੱਗਿਆ। ਆਪ ਮੁਹਾਰੇ ਚੱਲੇ ਅਕਾਲੀ ਫ਼ੌਜੀਆਂ ਨੂੰ ਇਹ ਬੰਦਸ਼ਾਂ ਮਨਜ਼ੂਰ ਨਹੀਂ ਸਨ। ਜਿਨ੍ਹਾਂ ਨੇ ਨਵੇਂ ਦਸਤੂਰ ਨੂੰ ਮੰਨ ਲਿਆ ਫ਼ੌਜ ਵਿੱਚ ਰੱਖ ਲਏ ਗਏ। ਜਿਨ੍ਹਾਂ ਨੇ ਨਾ ਮੰਨਿਆ, ਉਹ ਵੱਖ ਹੋ ਗਏ। ਇਨ੍ਹਾਂ ਦਾ ਇੱਕ ਮੁਖੀ ਅਕਾਲੀ ਫੂਲਾ ਸਿੰਘ ਸੀ ਜੋ ਕਦੀ-ਕਦੀ ਜੰਗ ਵਿੱਚ ਹਿੱਸਾ ਲੈਂਦਾ ਸੀ ਪਰ ਵਿਧੀ ਪੂਰਵਕ ਫ਼ੌਜ ਦਾ ਅੰਗ ਨਹੀਂ ਸੀ। ਫ਼ੌਜ ਵਿੱਚੋਂ ਵੇਹਲੇ ਹੋਏ ਅਕਾਲੀਆਂ ਨੇ ਗੁਰਦਵਾਰਿਆਂ 'ਤੇ ਕਬਜੇ ਕਰਨੇ ਸ਼ੁਰੂ ਕਰ ਦਿੱਤੇ। ਰਣਜੀਤ ਸਿੰਘ ਨੇ ਇਨ੍ਹਾਂ ਵੱਲੋਂ ਪਿਛਲੇ ਸਮੇਂ ਕੀਤੀਆਂ ਸੇਵਾਵਾਂ ਦੇ ਮੱਦੇ ਨਜ਼ਰ, ਗੁਰਦਵਾਰਿਆਂ ਨੂੰ ਕਾਫ਼ੀ ਜ਼ਮੀਨਾਂ ਦੇ ਦਿੱਤੀਆਂ। ਸਮਾਂ ਬੀਤਣ ਨਾਲ ਨਿਹੰਗਾਂ ਦੇ "ਛੌਣੇ" (ਫ਼ੌਜੀਆਂ ਦੇ ਟਿਕਾਣੇ) ਵੇਹਲੜਾਂ, ਨਸ਼ਈਆਂ, ਬਲੈਕੀਆਂ ਅਤੇ ਚੋਰਾਂ ਦੇ ਵੱਡੇ ਕੇਂਦਰ ਬਣ ਕੇ ਉੱਭਰੇ। ਇਨ੍ਹਾਂ ਥਾਵਾਂ 'ਤੇ ਘਰੋਂ ਕੱਢੇ ਵੇਹਲੜ ਲੋਕ ਜਾਂ ਪੁਲਿਸ ਦੇ ਭਗੌੜੇ ਮੁਜ਼ਰਿਮ ਕਿਸਮ ਦੇ ਬੰਦੇ ਪਨਾਹ ਲੈ ਕੇ ਰਹਿਣ ਲੱਗੇ।

ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜਾ ਹੋਣ ਮਗਰੋਂ ਇਨ੍ਹਾਂ ਵਿੱਚੋਂ ਬਹੁਤੇ ਨਿਹੰਗ ਮਾਲਵੇ ਦੇ ਰਾਜਿਆਂ ਦੀ ਸ਼ਰਨ ਵਿੱਚ ਚਲੇ ਗਏ। ਸਿੱਖ ਰਾਜ ਦੇ ਖ਼ਾਤਮੇ ਤੋਂ ਲੈ ਕੇ (1849) ਮੌਜੂਦਾ ਸਮੇਂ ਤੱਕ ਇਨ੍ਹਾਂ ਦੀ ਪੰਥ ਨੂੰ ਕੋਈ ਦੇਣ ਨਹੀਂ ਹੈ। ਹਾਂ ਲੋਕਾਂ ਦੇ ਖੇਤਾਂ ਵਿੱਚੋਂ ਜ਼ਬਰਦਸਤੀ ਘਾਹ ਪੱਠਾ ਵੱਢ ਲੈਣਾ। ਘੋੜੇ ਖੁੱਲ੍ਹੇ ਛੱਡ ਕੇ ਖੇਤ ਉਜਾੜਨੇ। ਘਰਾਂ ਅਤੇ ਲੋਕਲ ਗੁਰਦਵਾਰਿਆਂ ਵਿੱਚੋਂ ਜਬਰੀ ਉਗਰਾਹੀ ਕਰ ਲਿਆਉਣੀ। ਝਗੜੇ ਵਾਲੀਆਂ ਕੋਠੀਆਂ ਜਾਂ ਜ਼ਮੀਨਾਂ 'ਤੇ ਕਬਜ਼ੇ ਕਰ ਲੈਣੇ। ਵਾਧੂ ਸਮੇਂ ਵਿੱਚ ਭੰਗ ਘੋਟ ਕੇ ਪੀ ਲੈਣਾ ਤੇ ਸੌਂ ਜਾਣਾ। ਇਹੀ ਸਨ ਇਨ੍ਹਾਂ "ਲਾਡਲੀਆਂ ਫ਼ੌਜਾਂ ਦੇ ਜ਼ਰੂਰੀ ਕੰਮ"। ਮਹੰਤਾਂ ਦੇ ਕਬਜਿਆਂ ਵਿੱਚੋਂ ਗੁਰਦਵਾਰੇ ਆਜ਼ਾਦ ਕਰਾਉਣ ਲਈ ਅਤੇ ਦੇਸ਼ ਦੀ ਆਜ਼ਾਦੀ ਲਈ ਤਾਂ ਚਿਰਾਗ ਲੈ ਕੇ ਭੀ ਕਿਧਰੇ ਇਨ੍ਹਾਂ ਦੀ ਦੇਣ ਨਹੀਂ ਲਭਦੀ। ਸਗੋਂ ਕਾਫ਼ੀ ਸਾਰੇ ਗੁਰਦਵਾਰੇ ਨਿਹੰਗਾਂ ਦੇ ਕਬਜ਼ੇ ਵਿੱਚੋਂ ਮਸੀਂ ਛੁਡਾਏ ਜਾ ਸਕੇ ਹਨ। ਹਾਲਤ ਇਨੀ ਨਿੱਘਰ ਗਈ ਕਿ ਸਿੱਖਾਂ ਦੀ ਕਿਸੇ ਮੰਗ ਦੀ ਇਨ੍ਹਾਂ ਨੇ ਕਦੀ ਹਮਾਇਤ ਤੱਕ ਨਾ ਕੀਤੀ। ਦਿੱਲੀ ਸਰਕਾਰ ਦੇ ਜੀ ਹਜ਼ੂਰੀਏ ਬਣ ਕੇ ਬੱਸਾਂ ਅਤੇ ਰੇਲਾਂ ਵਿੱਚ ਮੁਫ਼ਤ ਸਫ਼ਰ ਕਰਨਾ ਅਤੇ ਗੁਰਦਵਾਰਿਆਂ ਵਿੱਚੋਂ ਲੰਗਰ ਛਕ ਲੈਣ ਦੀ "ਸੇਵਾ ਕਰ ਕੇ ਜਨਮ ਸਫ਼ਲਾ" ਕਰਨ ਲੱਗ ਪਏ ਹਨ।

ਕਈ ਸਾਲ ਪਹਿਲਾਂ ਮੈਂ ਨਿਹੰਗਾਂ ਦੇ "ਪੰਜਵੇਂ ਤਖ਼ਤ ਚਲਦਾ ਵਹੀਰ ਛਿਆਨਵੇਂ ਕਰੋੜੀ" ਵਾਲਿਆਂ ਦੇ ਸਦਰ ਮੁਕਾਮ ਤਲਵੰਡੀ ਸਾਬੋ (ਦਮਦਮਾ) ਵਿਖੇ ਚਲਾ ਗਿਆ। ਹੋਰ ਗੁਰਦਵਾਰੇ ਵੇਖ ਕੇ ਨਿਹੰਗਾਂ ਦੇ ਛੌਣੇ ਵਿੱਚ ਪਹੁੰਚ ਗਿਆ। ਫ਼ਤਿਹ ਬੁਲਾ ਕੇ ਬੇਨਤੀ ਕੀਤੀ ਕਿ "ਮੈਂ ਤੁਹਾਡੇ ਬਾਰੇ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿਉਂਕਿ ਮੈਂ ਅਖ਼ਬਾਰਾਂ ਲਈ ਲਿਖਦਾ ਹਾਂ, ਪੁਸਤਕਾਂ ਭੀ ਲਿਖਦਾ ਹਾਂ। ਤੁਸੀਂ ਜੇਕਰ ਆਪਣੇ ਬਾਰੇ ਸੰਖੇਪ ਜਾਣਕਾਰੀ ਦਿਓ ਤਾਂ ਧੰਨਵਾਦੀ ਹੋਵਾਂਗਾ।" ਉਨ੍ਹਾਂ ਨੇ ਇੱਕ ਚੰਗੇ "ਪੜ੍ਹੇ-ਲਿਖੇ" ਸਿੰਘ ਨੂੰ ਬੁਲਾ ਕੇ ਲਿਆਂਦਾ। ਉਸ ਨੇ ਸੰਖੇਪ ਜਿਹਾ ਵੇਰਵਾ ਕੁੱਝ ਇਉਂ ਦੇਣਾ ਸ਼ੁਰੂ ਕੀਤਾ- "ਸਾਡੀ ਇਸ ਅਕਾਲੀ ਫ਼ੌਜ ਨੂੰ ਦਸਮੇਸ਼ ਪਿਤਾ ਜੀ ਨੇ ਸਾਜਿਆ ਸੀ। ਆਹ ਬਸਤਰ, ਸ਼ਸਤਰ ਅਤੇ ਘੋੜੇ

ਆਦਿ ਅਸੀਂ ਉਸੇ ਤਰ੍ਹਾਂ (ਪੁਰਾਤਨ) ਸੰਭਾਲ ਕੇ ਰੱਖੇ ਹੋਏ ਹਨ। ਬੀਤੇ ਸਮੇਂ ਵਿੱਚ ਸਾਡੇ ਵਡੇਰਿਆਂ ਨੇ ਛਪ੍ਰਯੋਗ ਜੰਗ-ਯੁੱਧ ਲੜੇ ਸਨ। ਜ਼ੁਲਮੀ ਰਾਜ ਦੀ ਜੜ੍ਹ ਪੁੱਟਣ ਵਾਸਤੇ ਇਸ ਲਾਡਲੀ ਫ਼ੌਜ ਨੇ ਬਹੁਤ ਕੰਮ ਕੀਤੇ ਹਨ...।" ਵਿਚਕਾਰੋਂ ਰੋਕ ਕੇ ਮੈਂ ਸਵਾਲ ਕੀਤਾ- "ਪਿਛਲੇ ਸਮੇਂ ਦਾ ਇਤਿਹਾਸ ਮੈਂ ਪੜ੍ਹਿਆ ਹੋਇਆ ਹੈ। ਉਸ ਬਾਰੇ ਆਪਾਂ ਸਾਰੇ ਹੀ ਸਹਿਮਤ ਹਾਂ। ਮੈਂ ਤਾਂ ਵਰਤਮਾਨ ਸਮੇਂ ਬਾਰੇ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿੱਚ ਤੁਹਾਡਾ ਕੀ ਯੋਗਦਾਨ ਹੈ ? ਸਿੱਖਾਂ 'ਤੇ ਸੰਤਾਲੀ ਤੋਂ ਮਗਰੋਂ ਨਵੀਂ ਗ਼ੁਲਾਮੀ ਨੇ ਕਾਬੂ ਕਰ ਲਿਆ। ਪੰਜਾਬ ਵਿੱਚ ਬਹੁਗਿਣਤੀ ਕਿਉਂਕਿ ਸਿੱਖਾਂ ਦੀ ਹੈ, ਇਸ ਲਈ ਭਾਰਤ ਸਰਕਾਰ ਨੇ ਦੁਸ਼ਮਣਾਂ ਵਾਲਾ ਰਾਹ ਅਖ਼ਤਿਆਰ ਕਰ ਲਿਆ। ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਿਆ। ਪੰਜਾਬੀ ਬੋਲਦੇ ਇਲਾਕੇ ਬਾਹਰ ਕੱਢ ਕੇ ਪੰਜਾਬ ਛੋਟਾ ਕਰ ਦਿੱਤਾ ਗਿਆ। ਪੰਜਾਬ ਦੀ ਰਾਜਧਾਨੀ ਖੋਹ ਲਈ। ਸੰਨ 1984 ਵਿੱਚ ਗੁਰਦਵਾਰਿਆਂ 'ਤੇ ਹਮਲੇ ਹੋਏ। ਅਕਾਲ ਤਖ਼ਤ ਢਾਹਿਆ ਗਿਆ। ਦੋ ਲੱਖ ਤੋਂ ਵੱਧ ਸਿੱਖ ਮਾਈ-ਭਾਈ ਬਿਨਾਂ ਕਸੂਰ ਤੋਂ ਝੂਠੇ ਮੁਕਾਬਲਿਆਂ ਵਿੱਚ ਮਾਰ ਦਿੱਤੇ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਾਰੇ ਭਾਰਤ ਵਿੱਚ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਸਬੂਤ ਹੋਣ ਦੇ ਬਾਵਜੂਦ ਕਿਸੇ ਮੁਜ਼ਰਿਮ ਨੂੰ ਸਜ਼ਾ ਨਹੀਂ ਦਿੱਤੀ ਗਈ। ਅੱਜ ਤੱਕ ਇਹ ਅਤਿਆਚਾਰ ਉਸੇ ਤਰ੍ਹਾਂ ਚਲਦੇ ਆ ਰਹੇ ਹਨ। ਇਸ ਸਾਰੇ ਭਿਆਨਕ ਦੌਰ ਵਿੱਚ ਤੁਹਾਡੀ "ਗੁਰੂ ਕੀ ਲਾਡਲੀ ਫ਼ੌਜ" ਦਾ ਕੀ ਰੋਲ ਰਿਹਾ ਹੈ ?" ਗੁੱਸੇ ਵਿੱਚ ਉਬਲਦਾ ਹੋਇਆ ਇੱਕ ਨਿਹੰਗ ਡਾਂਗ ਚੁੱਕ ਕੇ ਖੜਾ ਹੋਇਆ। ਰੰਦੀ ਗਾਲ ਕੱਢ ਕੇ ਮੈਨੂੰ ਬਾਂਹ ਤੋਂ ਫੜਿਆ ਤੇ ਧੱਕੇ ਮਾਰਦਾ ਗੇਟ ਤੋਂ ਬਾਹਰ ਛੱਡ ਆਇਆ। ਅਖੇ, "ਆ ਜਾਂਦੇ ਨੇ ਸਾਲੇ ਕੁੱਤੇ ਕਿਤੋਂ ਦੇ, ਉੱਜੜੀਆਂ ਖੱਡਾਂ ਵਿੱਚ ਪਾਣੀ ਪਾਉਣ। ਭੈਣ.....।" ਮੈਂ ਸ਼ੁਕਰ ਕੀਤਾ ਕਿ ਸਿਰਫ਼ ਗਾਲਾਂ ਹੀ ਮਿਲੀਆਂ ਨੇ, ਧੱਕੇ ਹੀ ਪਏ ਹਨ, ਜਾਨ ਸਲਾਮਤ ਛੱਡ ਦਿੱਤੀ ਹੈ। ਇਨ੍ਹਾਂ ਦੀ ਥਾਵੇਂ ਜੇ ਅਜਿਹੇ ਸੁਆਲ ਮੈਂ ਟਕਸਾਲੀਆਂ ਦੇ ਡੇਰੇ ਵਿੱਚ ਜਾ ਕੇ ਕੀਤੇ ਹੁੰਦੇ ਤਾਂ ਉਨ੍ਹਾਂ ਨੇ ਤਾਂ ਮੇਰਾ ਉਥੇ ਹੀ "ਸੋਹਿਲਾ" ਪੜ੍ਹ ਦੇਣਾ ਸੀ। ਨਿਹੰਗ ਸਿੰਘ ਉਨ੍ਹਾਂ ਨਾਲੋਂ ਰਹਿਮ ਦਿਲ ਨਿਕਲੇ। ਅਜਿਹੇ ਲੋਕਾਂ ਪਰਥਾਇ ਗੁਰਵਾਕ ਹਨ-

ਜਿਨ ਕੈ ਹਿਰਦੈ ਮੈਲੁ ਕਪਟੁ ਹੈ, ਬਾਹਰੁ ਧੋਵਾਇਆ ॥
ਕੂੜੁ ਕਪਟੁ ਕਮਾਵਦੇ, ਕੂੜੁ ਪਰਗਟੀ ਆਇਆ ॥
ਅੰਦਰਿ ਹੋਇ ਸੁ ਨਿਕਲੈ, ਨਹ ਛਪੈ ਛਪਾਇਆ ॥
ਕੂੜੇ ਲਾਲਚਿ ਲਗਿਆ, ਫਿਰਿ ਜੂਨੀ ਪਾਇਆ ॥
ਨਾਨਕ ਜੋ ਬੀਜੈ ਸੋ ਖਾਵਣਾ, ਕਰਤੈ ਲਿਖਿ ਪਾਇਆ (1243)

ਵਫ਼ਾਦਾਰੀ ਦੀ ਇੰਤਹਾ

ਮੁਹੰਮਦ ਗੌਰੀ ਬਾਦਸ਼ਾਹ ਨੇ ਭਾਰਤ 'ਤੇ ਪਹਿਲਾ ਹਮਲਾ ਸੰਨ 1191 ਵਿੱਚ ਕੀਤਾ ਸੀ। ਮੁਲਤਾਨ ਤੋਂ ਲੈ ਕੇ ਪੰਜਾਬ ਤੱਕ ਉਸ ਦੀ ਫ਼ੌਜ ਨੇ ਅਥਾਹ ਤਬਾਹੀ ਮਚਾਈ। ਦਿੱਲੀ ਦੇ ਤਖ਼ਤ 'ਤੇ ਕਬਜਾ ਕਰਨ ਲਈ ਅੱਗੇ ਵਧਿਆ। ਉਸ ਨਾਲ ਮੁਕਾਬਲਾ ਕਰਨ ਵਾਸਤੇ ਆਪਣੀ ਫ਼ੌਜ ਲੈ ਕੇ ਪ੍ਰਿਥਵੀ ਰਾਜ ਮੈਦਾਨ ਵਿੱਚ ਨਿੱਤਰਿਆ। ਗਹਿਗੱਚ ਦੀ ਲੜਾਈ ਤੋਂ ਬਾਅਦ ਗੌਰੀ ਦੀ ਫ਼ੌਜ ਮੋਰਚੇ ਛੱਡ ਕੇ ਪਿੱਛੇ ਹੱਟ ਗਈ। ਰਾਤ ਨੂੰ ਗੌਰੀ ਨੇ ਹਨ੍ਹੇਰੇ ਦਾ ਫ਼ਾਇਦਾ ਉਠਾ ਕੇ ਆਪਣੇ ਦੇਸ਼ ਪਰਤ ਜਾਣਾ ਹੀ ਬੇਹਤਰ ਸਮਝਿਆ। ਇਸ ਤਰ੍ਹਾਂ ਪ੍ਰਿਥਵੀ ਰਾਜ ਨੂੰ ਬਹੁਤ ਮਾਣ ਪ੍ਰਾਪਤ ਹੋਇਆ। ਉਧਰ ਮੁਹੰਮਦ ਗੌਰੀ ਨੇ ਆਪਣੀ ਹਾਰ ਨੂੰ ਜਿੱਤ ਵਿੱਚ ਬਦਲਣ ਲਈ ਜ਼ੋਰਦਾਰ ਤਿਆਰੀਆਂ ਆਰੰਭ ਦਿੱਤੀਆਂ। ਹੋਰ ਤਾਜਾ ਦਮ ਨੌਜੁਆਨ ਫ਼ੌਜ ਵਿੱਚ ਭਰਤੀ ਕੀਤੇ। ਲੁੱਟ ਦੇ ਮਾਲ ਵਿੱਚੋਂ ਹਿੱਸੇ ਦਾ ਲਾਲਚ ਦਿੱਤਾ। ਧਾਰਮਕ ਤੌਰ 'ਤੇ ਇਸਲਾਮ ਦੇ ਵਾਧੇ ਲਈ ਜਹਾਦ ਦਾ ਨਾਹਰਾ ਲਾਇਆ। ਪਹਿਲਾਂ ਨਾਲੋਂ ਦੋ ਗੁਣਾਂ ਵੱਡੀ ਫ਼ੌਜ ਲੈ ਕੇ ਸੰਨ 1192 ਵਿੱਚ ਫਿਰ ਉਸ ਨੇ ਭਾਰਤ 'ਤੇ ਜ਼ੋਰਦਾਰ ਹੱਲਾ ਬੋਲਿਆ। ਰਸਤੇ ਵਿੱਚ ਕਿਸੇ ਨੇ ਉਸ ਦਾ ਰਾਹ ਨਾ ਰੋਕਿਆ। ਸਾਰਿਆਂ ਨੂੰ ਲਤਾੜਦਾ ਸਿੱਧਾ ਦਿੱਲੀ ਵੱਲ ਵਧਿਆ।

ਉਧਰ ਪ੍ਰਿਥਵੀ ਰਾਜ ਚੌਹਾਨ ਨੇ ਲੋੜੀਂਦੀ ਫ਼ੌਜੀ ਤਿਆਰੀ ਨਾ ਕੀਤੀ। ਇੱਕ ਸਾਲ ਤੱਕ ਖ਼ੁਸ਼ੀਆਂ ਅਤੇ ਜਸ਼ਨ ਹੀ ਮਨਾਉਂਦਾ ਰਿਹਾ। ਦੇਵੀਆਂ-ਦੇਵਤਿਆਂ ਦਾ ਧੰਨਵਾਦ ਕਰਨ ਮੰਦਰਾਂ ਵਿੱਚ ਮੱਤਰ ਪੜ੍ਹਦਾ ਰਿਹਾ। ਬ੍ਰਾਹਮਣਾਂ ਨੂੰ ਦਾਨ ਦੇ ਕੇ ਅਸ਼ੀਰਵਾਦ ਪ੍ਰਾਪਤ ਕਰਦਾ ਰਿਹਾ। ਉਸ ਦੇ ਚੇਤੇ ਵਿੱਚ ਹੀ ਨਹੀਂ ਸੀ ਕਿ ਮੁਹੰਮਦ ਗੌਰੀ ਹਾਰ ਖਾ ਕੇ ਇੱਕ ਸਾਲ ਦੇ ਅੰਦਰ ਫਿਰ ਭਾਰਤ 'ਤੇ ਹਮਲਾ ਕਰ ਸਕੇਗਾ। ਫਿਰ ਭੀ ਉਸ ਨੇ ਫ਼ੌਜ ਇਕੱਠੀ ਕੀਤੀ ਤੇ ਪਾਣੀਪਤ ਦੇ ਮੈਦਾਨ ਵਿੱਚ ਮੁਹੰਮਦ ਗੌਰੀ ਦੇ ਵਿਰੁੱਧ ਆ ਡੇਰੇ ਲਾਏ। ਅਗਲੇ ਦਿਨ ਦੋਵੇਂ ਫ਼ੌਜਾਂ ਆਹਮੋ-ਸਾਹਮਣੇ ਆ ਟਕਰਾਈਆਂ। ਤੀਰ, ਤਲਵਾਰ, ਨੇਜਾ, ਬਰਛਾ, ਜੋ ਰਵਾਇਤੀ ਹਥਿਆਰ ਸਨ, ਬੜੀ ਬੇ-ਕਿਰਕੀ ਨਾਲ ਸਾਰਿਆਂ ਨੇ ਵਰਤੇ। ਦੋਵੇਂ ਪਾਸਿਆਂ ਤੋਂ ਲਾਸ਼ਾਂ ਦੇ ਸੱਥਰ ਵਿਛ ਗਏ। ਖ਼ੂਨ ਦੇ ਮਾਨੋ ਛੱਪੜ ਭਰ ਗਏ। ਚੀਕਾਂ, ਨਾਹਰੇ, ਜੈਕਾਰੇ, ਘੋੜਿਆਂ ਦਾ ਹਿਣਕਣਾ, ਹਾਥੀਆਂ ਦਾ ਚਿੰਗਾੜਨਾ, ਹਥਿਆਰਾਂ ਦਾ ਟਕਰਾਉਣਾ ਮਾਨੋ ਧਰਲੋ ਆਣ ਤਾਰੀ ਹੋਈ ਸੀ। ਇਸ ਜੰਗ ਵਿੱਚ ਮੁਹੰਮਦ ਗੌਰੀ ਜੇਤੂ ਹੋ ਕੇ ਦਿੱਲੀ ਵੱਲ ਅੱਗੇ ਵੱਧ ਗਿਆ। ਹੁਣ ਉਸ ਦਾ ਮੁਕਾਬਲਾ ਕਰਨ ਵਾਲਾ ਰਸਤੇ ਵਿੱਚ ਕੋਈ ਨਹੀਂ ਸੀ। ਜੋ ਥੋੜੇ ਬਹੁਤ ਸਰਕਾਰੀ ਕਾਰਿਦੇ ਸਨ, ਉਹ ਨਜ਼ਰਾਨੇ ਲੈ ਕੇ ਸਿਰ ਝੁਕਾ ਕੇ ਆ ਹਾਜ਼ਰ ਹੋਏ। ਮੁਹੰਮਦ ਗੌਰੀ ਨੇ ਕੁੱਝ ਦਿਨਾਂ ਦੇ ਅੰਦਰ ਸਾਰੇ ਪ੍ਰਬੰਧ ਆਪਣੇ ਢੰਗ ਨਾਲ ਜਦੋਂ ਮੁੱਠੀ ਵਿੱਚ ਕਰ ਲਏ ਤਾਂ ਖ਼ੁਦ ਨੂੰ ਬਾਦਸ਼ਾਹ ਹੋਣ ਦਾ ਢੰਡੋਰਾ ਪਿਟਵਾ ਦਿੱਤਾ। ਮਸਜਦ ਵਿੱਚੋਂ ਗੌਰੀ ਦੇ ਨਾਮ ਦਾ ਖ਼ੁਤਬਾ (ਹੁਕਮਨਾਮਾ) ਪੜ੍ਹ ਦਿੱਤਾ ਗਿਆ।

ਉਧਰ ਜੰਗ ਵਿੱਚੋਂ ਪਿਛਾਂਹ ਹਟਦਿਆਂ ਪ੍ਰਿਥਵੀ ਰਾਜ ਨੂੰ ਤੀਰ ਆ ਵੱਜਿਆ ਤੇ ਉਹ ਜ਼ਖ਼ਮੀ ਹੋ ਕੇ ਡਿਗਦਿਆਂ ਬੇਹੋਸ਼ ਹੋ ਗਿਆ। ਪ੍ਰਿਥਵੀ ਰਾਜ ਦਾ ਇੱਕ ਵਿਸ਼ਵਾਸ ਪਾਤਰ ਥਾਂ-ਥਾਂ ਤੋਂ ਜ਼ਖ਼ਮੀ ਹੋਇਆ ਰਾਜੇ ਦੇ ਨੇੜੇ ਹੀ ਡਿੱਗਿਆ ਪਿਆ ਸੀ ਪਰ ਹਾਲੀ ਬੇਹੋਸ਼ ਨਹੀਂ ਹੋਇਆ ਸੀ। ਆਕਾਸ਼ ਵਿੱਚੋਂ ਇੱਲਾਂ-ਗਿਰਝਾਂ ਉਤਰਨੀਆਂ ਸ਼ੁਰੂ ਹੋ ਗਈਆਂ। ਜਿਥੇ ਕੋਈ ਮਨੁੱਖੀ ਲਾਸ਼ ਪਈ ਨਜ਼ਰ ਆਈ, ਉਸ ਦਾ ਮਾਸ ਨੋਚਣ ਲੱਗੀਆਂ। ਇੱਕ ਗਿਰਝ ਪ੍ਰਿਥਵੀ ਰਾਜ ਦੀ ਹਿੱਕ 'ਤੇ ਆ ਕੇ ਬੈਠ ਗਈ, ਉਸ ਨੂੰ ਕੋਈ ਸ਼ੁੱਧ ਬੁੱਧ ਨਹੀਂ ਸੀ। ਪੂਰੀ ਸੰਭਾਵਨਾ ਹੈ ਪਹਿਲਾਂ ਅੱਖਾਂ 'ਤੇ ਵਾਰ ਕਰੇ। ਚਿਹਰੇ ਨੂੰ ਨੋਚ ਖਾਵੇ। ਕੁੱਝ ਭੀ ਹੋ ਸਕਦਾ ਹੈ। ਸੇਵਕ ਸੰਜਮ ਰਾਏ ਸਿਪਾਹੀ ਨੂੰ ਵਿਸ਼ਵਾਸ ਹੈ ਕਿ ਰਾਜਾ ਮਰਿਆ ਨਹੀਂ, ਕੇਵਲ ਬੇਹੋਸ਼ ਹੈ। ਜੇ ਕਿਧਰੋਂ ਮੱਦਦ ਵਾਲਾ ਪਹੁੰਚ ਜਾਵੇ ਤਾਂ ਸ਼ਾਇਦ ਜਾਨ ਬਚ ਜਾਵੇ। ਸੰਜਮ ਰਾਏ ਖ਼ੁਦ ਕੁੱਝ ਕਰਨ ਦੀ ਸਮਰੱਥਾ ਵਿੱਚ ਨਹੀਂ ਹੈ। ਗਿਰਝ ਨੇ ਠੂੰਗੇ ਮਾਰਨੇ ਸ਼ੁਰੂ ਕਰ ਦਿੱਤੇ। ਇਧਰ ਕੋਈ ਪੇਸ਼ ਨਾ ਜਾਂਦੀ ਵੇਖ ਕੇ, ਆਪਣੇ ਨੇੜੇ ਪਈ ਤਲਵਾਰ ਲੈ ਕੇ ਸੰਜਮ ਰਾਏ ਨੇ ਆਪਣੇ ਸੱਜੇ ਹੱਥ ਨਾਲ ਜੋ ਕੁੱਝ ਬੱਚਿਆ ਹੋਇਆ ਸੀ, ਆਪਣੇ ਹੀ ਸਰੀਰ ਦਾ ਮਾਸ ਕੱਟ ਕੇ ਗਿਰਝ ਵੱਲ ਸੁੱਟ ਦਿੱਤਾ। ਗਿਰਝ ਲਪਕ ਕੇ ਉਸ ਵੱਲ ਆ ਗਈ ਤੇ ਮਾਸ ਖਾਣ ਲੱਗੀ। ਕੁੱਝ ਹੀ ਸਮੇਂ ਵਿੱਚ ਮਾਸ ਖ਼ਤਮ ਹੋ ਗਿਆ। ਸੰਜਮ ਰਾਏ ਨੇ ਆਪਣੀ ਗੋਡੇ ਕੋਲੋਂ ਟੁੱਟੀ ਹੋਈ ਲੱਤ ਨੂੰ ਜੇਰਾ ਕਰ ਕੇ ਵੱਢਿਆ। ਪੂਰੀ ਵਾਹ ਲਾ ਕੇ ਗਿਰਝ ਵੱਲ ਸੁੱਟ ਦਿੱਤੀ। ਪ੍ਰਿਥਵੀ ਰਾਜ ਵੱਲੋਂ ਹਟ ਕੇ ਗਿਰਝ ਇਹ ਮਾਸ ਖਾਣ ਲੱਗ ਪਈ। ਜਦੋਂ ਮਾਸ ਖ਼ਤਮ ਹੁੰਦਾ ਸੰਜਮ ਰਾਏ ਆਪਣੇ ਜਿਸਮ ਦਾ ਮਾਸ ਕੱਟ ਕੇ ਗਿਰਝ ਵੱਲ ਸੁੱਟ ਦਿੰਦਾ। ਇਉਂ ਮਾਸ ਖਾ ਕੇ ਗਿਰਝ ਦਾ ਪੇਟ ਭਰ ਗਿਆ ਤੇ ਉਡਾਰੀ ਮਾਰ ਗਈ।

ਇੰਨੇ ਨੂੰ ਲਾਸ਼ਾਂ ਦੀ ਸੰਭਾਲ ਕਰਨ ਵਾਲੇ, ਜ਼ਖ਼ਮੀਆਂ ਨੂੰ ਇਲਾਜ ਲਈ ਭੇਜਣ ਵਾਲੇ ਸੇਵਾ ਦਲ ਆ ਗਏ। ਸੰਜਮ ਰਾਏ ਨੂੰ ਆਖ਼ਰੀ ਸੁਆਸਾਂ 'ਤੇ ਪਿਆ ਵੇਖਿਆ। ਇੱਕੋ ਹੱਥ ਸਾਬਤ ਹੈ, ਬਾਕੀ ਸਾਰੇ ਸਰੀਰ 'ਤੇ ਮਾਸ ਨਹੀਂ ਹੈ। ਸੰਜਮ ਰਾਏ ਨੂੰ ਲਿਜਾਣਾ ਚਾਹੁੰਦੇ ਹਨ। ਉਸ ਨੇ ਕਿਹਾ ਕਿ ਮੈਂ ਹੁਣ ਬਚ ਨਹੀਂ ਸਕਦਾ। ਮੈਂ ਆਪਣਾ ਸਾਰਾ ਮਾਸ ਖੁਆ ਕੇ ਗਿਰਝਾਂ ਦਾ ਢਿੱਡ ਭਰਦਾ ਰਿਹਾ ਤਾਂ ਕਿ ਮਹਾਰਾਜ ਦੀ ਜਾਨ ਬਚ ਜਾਵੇ। ਤੁਸੀਂ ਦੇਰ ਨਾ ਕਰੋ, ਰਾਜਾ ਜੀ ਨੂੰ ਲੈ ਜਾਵੋ, ਸ਼ਾਇਦ ਇਹ ਬਚ ਜਾਵੇ। ਸੇਵਕਾਂ ਨੇ ਪ੍ਰਿਥਵੀ ਰਾਜ ਨੂੰ ਚੁੱਕਿਆ। ਸੰਭਾਲ ਕੀਤੀ। ਇਲਾਜ ਕੀਤਾ, ਕਰਾਇਆ। ਕੁੱਝ ਹੀ ਦਿਨਾਂ ਦੇ ਅੰਦਰ ਪ੍ਰਿਥਵੀ ਰਾਜ ਤੰਦਰੁਸਤ ਹੋ ਗਿਆ। ਚੁੱਕ ਕੇ ਲਿਆਉਣ ਵਾਲਿਆਂ ਦਾ, ਇਲਾਜ ਕਰਨ ਵਾਲੇ ਵੈਦ ਦਾ ਧੰਨਵਾਦ ਕੀਤਾ। ਨਾਲ ਹੀ ਪੁੱਛਿਆ ਕਿ "ਮੇਰਾ ਅਤੀ ਨਿਕਟਵਰਤੀ ਸੇਵਕ ਸੰਜਮ ਰਾਏ ਸੀ, ਉਸ ਬਾਰੇ ਕੀ ਖ਼ਬਰ ਹੈ?" ਸੇਵਾਦਾਰ ਨੇ ਸਾਰੀ ਹੋਈ ਬੀਤੀ ਕਹਿ ਸੁਣਾਈ ਕਿ ਮਹਾਰਾਜ ਗਿਰਝਾਂ ਤੋਂ ਤੁਹਾਨੂੰ ਬਚਾਉਂਦਿਆਂ ਆਪਣਾ ਮਾਸ ਕੱਟ ਕੇ ਖੁਆਉਂਦਾ ਖ਼ੁਦ ਮਰ ਗਿਆ, ਤੁਹਾਡੀ ਜਾਨ ਬਚਾ ਗਿਆ। ਰਾਜੇ ਨੇ ਸੇਵਕ ਭੇਜ ਕੇ ਹੋਰ ਸਾਰੇ ਕੰਮਾਂ ਤੋਂ ਪਹਿਲਾਂ ਸੰਜਮ ਰਾਏ ਦੀ ਲਾਸ਼ ਮੰਗਵਾਈ। ਸਾਰੇ ਖਿੰਲਰੇ ਹੋਏ ਹੱਡ ਇਕੱਠੇ ਕੀਤੇ। ਸ਼ਾਹੀ ਸਨਮਾਨਾਂ ਨਾਲ ਉਸ ਦਾ ਸਸਕਾਰ ਕੀਤਾ ਗਿਆ। ਉਸ ਨੂੰ ਆਪਣੇ ਰਾਜ ਦਾ ਸ਼੍ਰੋਮਣੀ ਬਲੀਦਾਨੀ

ਐਲਾਨਿਆ ਗਿਆ। ਰਾਜ ਦਰਬਾਰ ਵੱਲੋਂ ਸਨਮਾਨ ਮਿਲਣ ਕਾਰਨ ਕਵੀਆਂ ਨੇ ਕਵਿਤਾਵਾਂ ਲਿਖੀਆਂ ਅਤੇ ਗਾਈਆਂ। ਕਥਾ, ਕਹਾਣੀਆਂ ਵਿੱਚ ਅਤੇ ਇਤਿਹਾਸ ਵਿੱਚ ਸੰਜਮ ਰਾਏ ਦਾ ਅਤਿਅੰਤ ਸਨਮਾਨ ਜੋਗ ਰੁਤਬਾ ਪ੍ਰਗਟ ਹੋਇਆ। ਰਾਜਸਥਾਨ ਦੇ ਹਰ ਇੱਕ ਘਰ ਵਿੱਚ ਸਿਪਾਹੀ ਸੰਜਮ ਰਾਏ ਦੀ ਤਸਵੀਰ ਲੱਗੀ ਹੋਈ ਹੈ। ਸਿਖ਼ਰਲੇ ਆਤਮ ਬਲੀਦਾਨ ਦੀ ਜੇਕਰ ਮਿਸਾਲ ਦੇਣੀ ਹੋਵੇ ਤਾਂ ਉਨ੍ਹਾਂ ਲਈ ਸੰਜਮ ਰਾਏ ਮਹਾਨ ਹੈ। ਬਾਕੀ ਸਾਰੇ ਇਸ ਤੋਂ ਮਗਰੋਂ ਹਨ। ਸੱਚਮੁੱਚ ਹੀ ਸਨਮਾਨ ਜੋਗ ਸੀ ਸੰਜਮ ਰਾਏ।

ਹਾਲਾਤ ਦੀ ਸਿਤਮ ਜ਼ਰੀਫ਼ੀ ਵੇਖੋ ਕਿ ਹਿੰਦੂ ਸਮਾਜ ਲਈ ਤਿਲ-ਤਿਲ ਕਰ ਕੇ ਕਟ ਮਰਨ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਕਿਸੇ ਲੇਖੇ ਵਿੱਚ ਨਹੀਂ ਹਨ। ਗੁਰੂ ਤੇਗ ਬਹਾਦਰ ਜੀ ਲਈ ਕੋਈ ਸਤਿਕਾਰ ਨਹੀਂ ਹੈ। ਜਿਨ੍ਹਾਂ ਸਿੰਘਾਂ ਨੇ ਕਾਬਲ ਵੱਲੋਂ ਚੜ੍ਹ ਕੇ ਆਉਣ ਵਾਲੇ ਜਰਵਾਣੇ ਸਦਾ ਲਈ ਰੋਕ ਦਿੱਤੇ, ਉਨ੍ਹਾਂ ਦਾ ਕਦੀ ਸ਼ੁਕਰੀਆ ਅਦਾ ਨਹੀਂ ਕਰਦੇ। ਉਨ੍ਹਾਂ ਦਾ ਸਨਮਾਨ ਕਰਨਾ ਤਾਂ ਕਿਤੇ ਰਿਹਾ ਸਗੋਂ ਉਸ ਵਿਚਾਰਧਾਰਾ ਨੂੰ ਹੀ ਮਿਟਾ ਦੇਣਾ ਚਾਹੁੰਦੇ ਹਨ। ਵੇਲਾ ਸੱਭਲਣ ਦਾ ਹੈ।

ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥
ਉਸੁ ਊਪਰਿ ਹੈ ਮਾਰਗੁ ਮੇਰਾ ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥ (794)

★★★★★★

ਸੱਚੀ ਭਵਿੱਖਬਾਣੀ

ਗੁਰੂ ਸਾਹਿਬਾਨ ਵੱਲੋਂ ਨਵੀਂ ਨਵੇਕਲੀ ਵਿਚਾਰਧਾਰਾ ਨੇ ਮਨੁੱਖ ਦੀ ਸੋਚ ਵਿੱਚ ਵੱਡੀ ਤਬਦੀਲੀ ਦਾ ਬੀਜ ਪਾ ਦਿੱਤਾ। ਜੋ ਹੌਲੀ-ਹੌਲੀ ਪੁੰਗਰਦਾ, ਵਧਦਾ, ਵਿਕਾਸ ਕਰਦਾ ਗਿਆ। ਗੁਰਬਾਣੀ ਨੂੰ "ਧਰਮ" ਦੇ ਕਰਮਕਾਂਡੀ ਜਿਹੇ ਦਾਇਰੇ ਵਿੱਚ ਸੀਮਤ ਕਰ ਦਿੱਤਾ ਗਿਆ ਹੈ। ਜਦੋਂ ਕਿ ਇਸ ਨੂੰ ਪੂਜਣ ਨਾਲ, ਇਸ ਦੇ ਕਈ ਤਰ੍ਹਾਂ ਦੇ ਪਾਠਾਂ ਨਾਲ ਕੁੱਝ ਨਹੀਂ ਸੰਵਰਨਾ। ਸਗੋਂ ਗੁਰਬਾਣੀ ਦੇ ਉਪਦੇਸ਼ ਨੂੰ ਸਮਝ ਕੇ ਆਪਣੇ ਜੀਵਨ ਨੂੰ ਉਸ ਸੰਚੇ ਵਿੱਚ ਢਾਲਣਾ ਹੈ। ਗੁਰੂ ਸਾਹਿਬ ਨੇ ਖ਼ੁਦ ਬਾਣੀ ਉਚਾਰਨ ਕੀਤੀ। ਖ਼ੁਦ ਹੀ ਉਸ ਬਾਣੀ ਨੂੰ ਲੋਕਾਂ ਤੱਕ ਪੁਚਾਉਣ ਦੇ, ਸਿਖਾਉਣ ਦੇ ਬਾਨਣੂੰ ਬੰਨ੍ਹੇ। ਹਰ ਤਰ੍ਹਾਂ ਦੇ ਪ੍ਰਬੰਧਕੀ ਕੰਮ ਖ਼ੁਦ ਸੰਮ੍ਹਾਲੇ। ਹੱਕ ਸੱਚ 'ਤੇ ਪਹਿਰਾ ਦਿੰਦਿਆਂ ਜੇਕਰ ਤਸੀਹੇ ਝੱਲਣੇ ਪਏ ਤਾਂ ਝੱਲੇ। ਜਾਨ ਦੀ ਬਾਜ਼ੀ ਲਾਉਣੀ ਪਈ ਤਾਂ ਲਾਈ। ਇਸ ਸਾਰੇ ਘਟਨਾਕ੍ਰਮ ਨੂੰ ਸੁਣਦਿਆਂ ਵੇਖਦਿਆਂ "ਪੱਥਰ ਪਿਘਲਣ ਲੱਗ ਪਏ। ਜਾਨਵਰ ਬੰਦੇ ਬਣਨ ਲੱਗ ਪਏ।" ਜਿਹੜੇ ਖ਼ੁਦ ਬੰਦੇ ਬਣ ਜਾਂਦੇ ਸੀ, ਉਨ੍ਹਾਂ ਨੂੰ ਹੋਰ ਥਾਵਾਂ 'ਤੇ ਬੰਦੇ ਬਣਾਉਣ ਲਈ ਸੇਵਾ 'ਤੇ ਭੇਜਿਆ ਜਾਂਦਾ ਸੀ। ਜਿਵੇਂ ਉੱਚੀਆਂ ਥਾਵਾਂ ਤੋਂ ਪਾਣੀ ਨਿਵਾਣਾਂ ਵੱਲ ਰਿੜ੍ਹਦਾ ਹੋਇਆ ਅੱਗੇ ਦਾ ਸਫ਼ਰ ਸ਼ੁਰੂ ਕਰਦਾ ਹੈ। ਨਾਲਿਆਂ ਤੋਂ ਨਦੀਆਂ ਤੇ ਨਦੀਆਂ ਤੋਂ ਦਰਿਆ ਬਣ ਕੇ ਸ਼ੂਕਦਾ ਹੈ। ਦਰਿਆ ਕਿਸੇ ਤੋਂ ਰਸਤਾ ਪੁੱਛ ਕੇ ਨਹੀਂ ਚਲਦਾ ਪਰ ਫਿਰ ਭੀ ਆਪਣੀ ਮੰਜ਼ਿਲ ਵੱਲ ਚੱਲ ਪੈਂਦਾ ਹੈ। ਅਣਗਿਣਤ ਰੁਕਾਵਟਾਂ ਨੂੰ ਤੋੜਦਾ ਸਮੁੰਦਰ ਵਿੱਚ ਸਮਾ ਜਾਂਦਾ ਹੈ। ਇਸੇ ਤਰ੍ਹਾਂ ਸਿੱਖ ਅੱਗੇ ਵੱਧ ਰਹੇ ਸਨ ਪਰ ਹਾਲੀ ਮੰਜ਼ਿਲ ਬਹੁਤ ਦੂਰ ਸੀ।

ਗੁਰਬਾਣੀ ਦੇ ਉਪਦੇਸ਼ ਨੇ ਜਗਿਆਸੂਆਂ ਦੇ ਮਨਾਂ ਤੋਂ ਅਣਮਿਣਵੇਂ ਵਜਨ ਉਤਾਰ ਦਿੱਤੇ। ਨਰਕ-ਸੁਰਗ ਦੇ ਦਰਵਾਜੇ ਤੋੜ ਦਿੱਤੇ। ਪਾਪ-ਪੁੰਨ ਨੂੰ ਗਲੋਂ ਲਾਹ ਸੁੱਟਿਆ। ਤੀਰਥਾਂ ਦੀ ਭਟਕਣਾ ਮੁਕਾ ਦਿੱਤੀ। ਦੇਵੀਆਂ, ਦੇਵਤੇ ਜਿਥੋਂ ਆਏ ਸੀ ਉਸੇ ਰਾਹ ਵਾਪਸ ਘੱਲ ਦਿੱਤੇ। ਮੰਗਤਿਆਂ, ਪੁਜਾਰੀਆਂ ਦੇ ਠੂਠੇ ਭੰਨ੍ਹ ਦਿੱਤੇ। ਵੇਹਲੜਾਂ ਨੂੰ ਕਿਰਤੀ ਬਣਾ ਦਿੱਤਾ। ਜਾਤ ਪਾਤੀ ਨਫ਼ਰਤ ਖ਼ਤਮ ਕਰ ਕੇ ਸਾਰੇ ਇੱਕੋ ਪਿਤਾ ਦੇ ਪੁੱਤਰ-ਧੀਆਂ ਹੋਣਾ ਐਲਾਨ ਦਿੱਤਾ। ਚੂੜੀਆਂ ਅਤੇ ਗਾਨਿਆਂ ਦੀ ਥਾਵੇਂ ਕੜੇ ਪਹਿਨਾ ਦਿੱਤੇ। ਜੰਜੂ ਦੀ ਥਾਂ ਤੇਗਾਂ ਪਹਿਨਾ ਦਿੱਤੀਆਂ। ਟੱਲੀਆਂ ਦੀ ਥਾਵੇਂ ਨਗਾਰੇ ਵਜਾ ਦਿੱਤੇ। ਧੋਤੀਆਂ-ਲੰਗੋਟੀਆਂ ਦੀ ਥਾਂ ਕਛਹਿਰੇ ਪਹਿਨਾ ਦਿੱਤੇ। ਬੋਦੀ (ਸਿਖਾ) ਦੀ ਥਾਂ ਦਸਤਾਰੇ ਬੰਨ੍ਹਵਾ ਦਿੱਤੇ। ਦੁਰਕਾਰੇ ਫਿਟਕਾਰੇ (ਸ਼ੂਦਰ) ਘੋੜਿਆਂ 'ਤੇ ਸਵਾਰ ਕਰਾ ਦਿੱਤੇ, ਸਰਦਾਰ ਬਣਾ ਦਿੱਤੇ। ਵੇਦਾਂ, ਪੁਰਾਣਾਂ, ਸਿਮ੍ਰਤੀਆਂ ਦੀ ਥਾਂ ਗੁਰਬਾਣੀ ਦੇ ਸਰਲ ਤੇ ਸੌਖੇ ਉਪਦੇਸ਼ ਮਨਾਂ ਵਿੱਚ ਵਸਾ ਦਿੱਤੇ।

ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲ ਸਰਕਾਰ ਨੂੰ ਅੱਠ ਸਾਲ ਤੱਕ ਆਪਣੀ

ਸ਼ਕਤੀ ਦਾ ਲੋਹਾ ਮਨਵਾਇਆ। ਸਿੱਖ ਰਾਜ ਦੇ ਝੰਡੇ ਝੁਲਾਏ। ਅੰਤ ਬੰਦਾ ਸਿੰਘ ਅਤੇ ਸਾਥੀਆਂ ਦੀ ਦਰਦਨਾਕ ਸ਼ਹੀਦੀ ਹੋ ਗਈ। ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ। ਸਿੱਖ ਦਾ ਸਿਰ ਵੱਢ ਕੇ ਲਿਆਉਣ ਵਾਲੇ ਨੂੰ ਵੱਡਾ ਇਨਾਮ ਮਿਲਦਾ ਸੀ। ਸਿੱਖਾਂ ਦੇ ਘਰ ਲੁੱਟ ਲੈਣ ਦੀ ਸਰਕਾਰ ਵੱਲੋਂ ਇਜਾਜ਼ਤ ਮਿਲੀ ਹੋਈ ਸੀ। ਸਿੱਖਾਂ ਦੀਆਂ ਜੁਆਨ ਔਰਤਾਂ ਨੂੰ ਜਬਰ ਜਿਨਾਹ ਦਾ ਸ਼ਿਕਾਰ ਬਣਾਇਆ ਜਾਂਦਾ ਸੀ। ਦੁੱਧ ਪੀਂਦੇ ਮਾਸੂਮ ਬੱਚਿਆਂ 'ਤੇ ਭੀ ਰਹਿਮ ਨਾ ਕੀਤਾ ਗਿਆ। ਸਿੱਖ ਟੱਪਰੀਵਾਸ ਬਣ ਗਏ। ਜੰਗਲੀ ਵਾਸਾ ਕਰ ਲਿਆ। ਹਰ ਤਰ੍ਹਾਂ ਦੀਆਂ ਸੁੱਖ-ਸਹੂਲਤਾਂ ਤੋਂ ਮਹਿਰੂਮ ਹੋ ਗਏ। ਛੋਲਿਆਂ ਦੇ ਭੁੰਜੇ ਦਾਣੇ ਤੇ ਗੁੜ ਦੀ ਰੋੜੀ ਨਾਲ ਛੱਪੜਾਂ, ਦਰਿਆਵਾਂ ਦਾ ਪਾਣੀ ਪੀ ਕੇ, ਸਰੀਰ ਨੂੰ ਜੀਵਤ ਰੱਖਿਆ ਜਾ ਰਿਹਾ ਸੀ। ਸਰਕਾਰੀ ਬੰਦੇ ਅਤੇ ਉਨ੍ਹਾਂ ਦੇ ਟੁੱਕੜਬੋਚ ਹਰ ਸਮੇਂ ਸਿੱਖਾਂ ਦਾ ਪਿੱਛਾ ਕਰਦੇ ਸਨ। ਸੰਨ 1745 ਅਤੇ 1762 ਵਿੱਚ ਸਿੱਖਾਂ ਨੇ ਦੋ "ਘੱਲੂਘਾਰਿਆਂ" ਦਾ ਕਹਿਰ ਭੀ ਤਨ, ਮਨ 'ਤੇ ਝੱਲਿਆ। ਪੰਜਾਬ ਨੂੰ ਛੱਡ ਕੇ ਪਹਾੜਾਂ ਵਿੱਚ ਦਿਨ ਕੱਟੀ ਕਰਨੀ ਪਈ। ਰਾਜਸਥਾਨ ਦੇ ਮਾਰੂਥਲਾਂ ਵਿੱਚ ਡੇਰੇ ਲਾਉਣੇ ਪਏ। ਪੰਜਾਬ ਦੇਸ਼ ਦੇ ਦੁਸ਼ਮਣਾਂ ਨਾਲ ਨਿੱਤ ਝੜੱਪਾਂ ਹੁੰਦੀਆਂ। ਕਈ ਵਾਰੀ ਸਿੱਖਾਂ ਦੇ ਆਪਸੀ ਟਕਰਾਉ ਭੀ ਹੋ ਜਾਂਦੇ, ਜਿਸ ਵਿੱਚ ਬਹੁਤ ਸਾਰਾ ਜਾਨੀ ਨੁਕਸਾਨ ਹੋ ਜਾਂਦਾ। ਇਸ ਕਠੋਰ ਸਮੇਂ ਨੂੰ ਬਿਆਨ ਕਰਦੀ ਗਿਆਨੀ ਗਿਆਨ ਸਿੰਘ ਦੀ ਇੱਕ ਕਵਿਤਾ ਪੜ੍ਹੋ-

ਫਿੱਡਾ ਜੈਸਾ ਟਟੂਆ ਔ ਜੁਲੜੂ ਸਾ ਕਾਠੀ ਪਾਇ,
ਰਸੜੀ ਲਗਾਮ ਅਤੇ ਰਸੜੂ ਰਕਾਬ ਜੂ॥
ਪਾਟਿਆ ਸਾ ਕੱਛੜੂ ਤੇ ਨੀਲੜੂ ਸਾ ਚਾਦਰੂ ਹੈ,
ਡੂਚੂ ਜੈਸਾ ਪਗੜੂ ਬਣਾਇਆ ਸਿਰ ਤਾਜ ਜੂ॥
ਟੂਟਾ ਜੈਸਾ ਤੇਗੜੂ ਤੇ ਲੀਰੜੂ ਮਿਆਨ ਜਾ ਕੋ,
ਗਠ ਸਠ ਗਾਤਰਾ ਬਣਾਇਆ ਸਭ ਸਾਜ ਜੂ॥
ਨਾਮ ਤੋਂ ਅਕਾਲੜੂ ਸੋ, ਫਿਰੈ ਬੁਰੈ ਹਾਲੜੂ ਸੋ,
ਲੂਟ ਕੂਟ ਖਾਵਣੇ ਕੋ ਡਾਢੇ ਉਸਤਾਜ ਜੂ॥

ਅਜਿਹੇ ਭਿਆਨਕ ਸਮੇਂ ਵਿੱਚ ਭੀ ਸਿੱਖ ਜੰਗਬਾਜ਼ਾਂ ਨੇ ਹਾਰ ਨਹੀਂ ਮੰਨੀ। ਕਦੀ ਸਾਹਮਣੇ ਮੱਥੇ, ਕਦੀ ਗੁਰੀਲਾ ਹਮਲੇ ਕਰਦੇ ਰਹੇ। ਕਦੀ ਮਰਦੇ ਰਹੇ, ਕਦੀ ਦੁਸ਼ਮਣ ਨੂੰ ਮਾਰਦੇ ਰਹੇ। ਲਗਪਗ ਇੱਕ ਸੌ ਸਾਲ ਤੱਕ ਇਹ ਖ਼ੂਨੀ ਜੰਗ ਚਲਦੀ ਰਹੀ। ਸਾਰੇ ਭਾਰਤ ਵਿੱਚ ਇੱਕੋ ਥਾਂ ਤੋਂ ਆਸ ਦੀ ਕਿਰਨ ਨਜ਼ਰ ਆਉਂਦੀ ਸੀ। ਸਿੱਖ ਯੋਧਿਆਂ ਦਾ ਵਿਹਾਰ ਅਤੇ ਕਿਰਦਾਰ ਵੇਖ ਕੇ ਪਈ ਇਹੀ ਲੋਕ ਹਨ ਜੋ ਸਦੀਆਂ ਤੋਂ ਗਲ ਪਏ ਗ਼ੁਲਾਮੀ ਦੇ ਸੰਗਲ ਤੋੜ ਸਕਦੇ ਹਨ। ਇਸੇ ਵਿਸ਼ਵਾਸ ਕਾਰਨ ਲੋਕੀਂ ਆਪਣੇ ਜੁਆਨ ਪੁੱਤਰਾਂ ਨੂੰ ਸਿੱਖ ਫ਼ੌਜਾਂ ਵਿੱਚ ਸ਼ਾਮਲ ਕਰਨਾ "ਮਹਾਨ ਪੁੰਨ" ਸਮਝਦੇ ਹਨ। ਸਦੀਆਂ ਤੋਂ "ਸ਼ਰਧਾਵਾਨ" ਆਪਣੀਆਂ ਬੇਟੀਆਂ ਮੰਦਰਾਂ ਦੇ ਪੁਜਾਰੀਆਂ ਨੂੰ "ਦਾਨ" ਕਰਦੇ ਆ ਰਹੇ ਸਨ। ਆਪਣਾ "ਅਗਲਾ ਜਨਮ" ਸੰਵਾਰਨ ਲਈ। ਅਗਲਾ ਜਨਮ ਸੰਵਰਿਆਂ ਨਹੀਂ, ਬੇਟੀਆਂ ਦਾ ਜਨਮ ਬਰਬਾਦ ਹੋ ਗਿਆ। ਸਿੱਖ ਸਰਦਾਰ

ਐਸ਼ਪ੍ਰਸਤੀ ਵਾਸਤੇ ਦਾਨ ਵਿੱਚ ਲੜਕੀਆਂ ਨਹੀਂ ਲੈਂਦੇ ਸਨ। ਜੁਆਨ ਪੁੱਤਰਾਂ ਨੂੰ "ਦਾਨ" ਵਿੱਚ ਲੈਂਦੇ ਸਨ। ਉਨ੍ਹਾਂ ਦੇ ਹੱਥਾਂ ਵਿੱਚ ਤੇਗਾਂ ਫੜਾਉਂਦੇ ਸਨ ਤਾਂ ਕਿ ਇਸੇ ਜਨਮ ਨੂੰ ਸੰਵਾਰਿਆ ਜਾ ਸਕੇ।

ਦਿੱਲੀ ਅਤੇ ਮੇਰਠ ਤੋਂ ਲੈ ਕੇ ਅਫ਼ਗਾਨਿਸਤਾਨ ਦੀਆਂ ਬਰੂਹਾਂ ਤੱਕ ਸਿੱਘ ਜੈਕਾਰੇ ਗਜ਼ਾਉਣ ਲੱਗ ਪਏ। ਸਾਰੇ ਉਤਰੀ ਭਾਰਤੀ ਵਿੱਚ ਲੋਕਾਂ ਨੇ ਸਿੱਖਾਂ ਦੀ ਸ਼ਕਤੀ ਨੂੰ ਪਰਵਾਨ ਕਰਨਾ ਸ਼ੁਰੂ ਕਰ ਦਿੱਤਾ। ਜਾਰਜ ਫ਼ਾਰਸਟਰ ਨਾਮ ਦਾ ਇੱਕ ਗੋਰਾ 22 ਫ਼ਰਵਰੀ 1797 ਨੂੰ ਉਤਰ ਪ੍ਰਦੇਸ਼ ਦੇ ਇੱਕ ਗੜਵਾਲ ਦੇ ਰਾਜੇ ਦੀ ਮਹਿਮਾਨ ਨਿਵਾਜੀ ਵਿੱਚ ਆਇਆ ਹੋਇਆ ਸੀ। ਉਸ ਨੇ ਇਸ ਥਾਂ ਅੱਖੀਂ ਵੇਖੀ ਇੱਕ ਅਤਿ ਮਾਣਯੋਗ ਘਟਨਾ ਦਾ ਜ਼ਿਕਰ ਕੀਤਾ ਹੈ। ਫ਼ਾਰਸਟਰ ਦੀ ਲਿਖਤ ਦਾ ਸੰਖੇਪ ਕੁੱਝ ਇਉਂ ਹੈ- "ਗੜਵਾਲ ਦਾ ਰਾਜਾ ਆਪਣੇ ਸਿੰਘਸਣ 'ਤੇ ਸਜਿਆ ਬੈਠਾ ਸੀ। ਆਲੇ-ਦੁਆਲੇ ਅਫ਼ਸਰ ਆਪੋ ਆਪਣੀ ਥਾਂ ਬਿਰਾਜ ਰਹੇ ਸੀ। ਆਪਣੇ ਰਾਜ ਨਾਲ ਸਬੰਧਤ ਮਸਲੇ ਵਿਚਾਰੇ ਜਾ ਰਹੇ ਸਨ। ਇਤਨੇ ਵਿੱਚ ਇੱਕ ਸੇਵਾਦਾਰ ਨੇ ਰਾਜੇ ਨੂੰ ਕੋਈ ਜ਼ਰੂਰੀ ਖ਼ਬਰ ਦਿੱਤੀ ਕਿ ਸਰਕਾਰ ਨੂੰ ਦੋ ਬੰਦੇ ਮਿਲਣਾ ਚਾਹੁੰਦੇ ਹਨ। ਸਾਰਾ ਕੰਮ ਥਾਏਂ ਰੋਕ ਕੇ ਰਾਜੇ ਨੇ ਦੋਵਾਂ ਬੰਦਿਆਂ ਨੂੰ ਅੰਦਰ ਆਉਣ ਦੀ ਇਜਾਜ਼ਤ ਦੇ ਦਿੱਤੀ। ਇਹ ਦੋਵੇਂ ਬੰਦੇ ਬੜੀ ਰੋਹਬਦਾਰ ਡੀਲ ਡੌਲ ਵਾਲੇ ਸਨ। ਲੰਮੀਆਂ ਦਾਹੜੀਆਂ, ਸਿਰ 'ਤੇ ਦਸਤਾਰਾਂ, ਸਾਰੇ ਰਵਾਇਤੀ ਹਥਿਆਰ ਇਨ੍ਹਾਂ ਦੇ ਕੋਲ ਸਨ। ਰਾਜੇ ਨੇ ਸਮੇਤ ਦਰਬਾਰੀਆਂ ਦੇ ਇਨ੍ਹਾਂ ਦੋਵਾਂ ਸਿੱਖਾਂ ਦਾ ਖੜੇ ਹੋ ਕੇ ਸਤਿਕਾਰ ਕੀਤਾ। ਉਨ੍ਹਾਂ ਨੂੰ ਆਪਣੇ ਕੋਲ ਬਿਠਾ ਕੇ ਆਉਣ ਦਾ ਕਾਰਨ ਪੁੱਛਿਆ। ਇੱਕ ਸਿੱਖ ਨੇ ਆਉਣ ਦਾ ਕਾਰਨ ਸੁਣਾਇਆ ਕਿ ਸਿੱਖਾਂ ਦਾ ਇੱਕ ਵੱਡਾ ਦਲ ਵਿਗੜੇ ਰਾਜਨੀਤੀਵਾਨਾਂ ਨੂੰ "ਸੋਧ ਕੇ" ਵਾਪਸ ਪੰਜਾਬ ਜਾ ਰਿਹਾ ਹੈ। ਅੰਨ, ਬਸਤਰ ਅਤੇ ਕੁੱਝ ਘੋੜਿਆਂ ਦੀ ਸੇਵਾ ਕਰਵਾਉ। ਤੁਹਾਡੇ ਕੋਲ ਅਸੀਂ ਦੋਵੇਂ ਆਏ ਹਾਂ ਬਾਕੀ ਖ਼ਾਲਸਾ ਫ਼ੌਜ ਨੇੜੇ ਹੀ ਟਿਕੀ ਹੋਈ ਹੈ। ਰਾਜੇ ਨੇ ਉਸੇ ਵਕਤ ਸਬੰਧਤ ਅਫ਼ਸਰ ਨੂੰ ਬੁਲਾ ਕੇ ਹੁਕਮ ਦੇ ਦਿੱਤਾ। ਸਿੱਖਾਂ ਨੂੰ ਕੁੱਝ ਨਕਦੀ ਨਜ਼ਰਾਨਾ ਦੇ ਕੇ ਵਿਦਾ ਕਰ ਦਿੱਤਾ। ਅੰਨ-ਦਾਣੇ ਦੇ ਇੰਚਾਰਜ ਅਫ਼ਸਰ ਨੇ ਕੁੱਝ ਘੋੜੇ, ਅੰਨ-ਦਾਣਾ ਅਤੇ ਕੁੱਝ ਸੋਨਾ ਆਦਿ ਆਪਣੇ ਬੰਦਿਆਂ ਰਾਹੀਂ ਸਿੱਖਾਂ ਕੋਲ ਪੁਚਾ ਦਿੱਤਾ। ਦੋਵਾਂ ਸਿੱਖਾਂ ਦੇ ਚਲੇ ਜਾਣ ਤੇ ਮੈਂ (ਜਾਰਜ ਫ਼ਾਰਸਟਰ ਨੇ) ਰਾਜੇ ਨੂੰ ਪੁੱਛਿਆ ਕਿ "ਇਹ ਲੋਕ ਕੌਣ ਹਨ ? ਤੁਸੀਂ ਸਾਰੇ ਜ਼ਰੂਰੀ ਕੰਮ ਰੋਕ ਕੇ ਇਨ੍ਹਾਂ ਨੂੰ ਮਿਲਣ ਲਈ ਪਹਿਲਾਂ ਮੌਕਾ ਦਿੱਤਾ। ਫਿਰ ਤੁਸੀਂ ਇਨ੍ਹਾਂ ਨੂੰ ਕਾਫ਼ੀ ਸਾਰਾ ਅੰਨ, ਧਨ ਦੇ ਦਿੱਤਾ। ਇਸ ਦਾ ਕੀ ਕਾਰਨ ਹੈ ?" ਰਾਜੇ ਨੇ ਦੱਸਿਆ ਕਿ "ਇਹ ਸਿੱਖ ਹਨ। ਇਸ ਸਮੇਂ ਉਤਰੀ ਭਾਰਤ ਵਿੱਚ ਇਨ੍ਹਾਂ ਦੀ ਪੂਰੀ ਚੜ੍ਹਤ ਹੈ। ਭਾਰਤ ਵਾਸੀਆਂ ਨੂੰ ਆਜ਼ਾਦੀ ਦਿਵਾਉਣ ਲਈ ਜੋ ਕੰਮ ਸਾਨੂੰ ਕਰਨਾ ਚਾਹੀਦਾ ਸੀ, ਉਹ ਕਾਰਜ ਸਿੱਖ ਕਰ ਰਹੇ ਹਨ। ਅਸੀਂ ਬੜੇ ਕਮਜ਼ੋਰ ਦਿਲ ਦੇ ਬੰਦੇ ਹਾਂ, ਇਨ੍ਹਾਂ ਨਾਲ ਜੰਗ ਵਿੱਚ ਸ਼ਾਮਲ ਹੋ ਕੇ ਲੜ ਤਾਂ ਨਹੀਂ ਸਕਦੇ ਪਰ ਅੰਨ-ਦਾਣੇ ਦੀ ਸੇਵਾ ਤਾਂ ਕਰ ਹੀ ਸਕਦੇ ਹਾਂ। ਮੈਂ ਇਨ੍ਹਾਂ ਦੇ ਉਪਕਾਰਾਂ ਲਈ ਰਿਣੀ ਹਾਂ।"

ਫ਼ਾਰਸਟਰ ਨੇ ਉਸੇ ਵਕਤ ਕਿਹਾ, (ਜੋ ਉਸ ਦੇ ਸਫ਼ਰਨਾਮੇ ਵਿੱਚ ਦਰਜ ਹੈ) "ਜੇ ਸਿੱਖ ਇਸ ਕਿਰਦਾਰ ਦੇ ਮਾਲਕ ਹਨ ਤਾਂ ਬਹੁਤ ਛੇਤੀ ਇਹ ਬਾਦਸ਼ਾਹਤ ਕਾਇਮ ਕਰ ਲੈਣਗੇ। ਦੇਸ਼ ਇਨ੍ਹਾਂ ਦੇ ਰਾਜ ਅਧੀਨ ਆਉਣ ਹੀ ਵਾਲਾ ਹੈ। ਜਦੋਂ ਕੋਈ ਜਨ ਸਮੂਹ ਇੰਨੇ ਉੱਚੇ ਆਚਰਣ ਦੇ ਲਾਮਿਸਾਲ ਬਹਾਦਰੀ ਦਾ ਸਬੂਤ ਪੇਸ਼ ਕਰ ਦੇਵੇ, ਫਿਰ ਉਸ ਨੂੰ ਰਾਜ ਸਥਾਪਤ ਕਰਨ ਤੋਂ ਕੋਈ ਤਾਕਤ ਨਹੀਂ ਰੋਕ ਸਕਦੀ। ਕਾਸ਼ ਮੈਂ ਸਿੱਖ ਹੁੰਦਾ। ਇਨ੍ਹਾਂ ਵਰਗਾ ਮੇਰਾ ਭੀ ਸਨਮਾਨ ਹੁੰਦਾ, ਕਾਸ਼....।"

22 ਫ਼ਰਵਰੀ 1797 ਨੂੰ ਫ਼ਾਰਸਟਰ ਨੇ ਇਹ "ਭਵਿੱਖ ਬਾਣੀ" ਕੀਤੀ ਸੀ। ਸਿਰਫ਼ ਦੋ ਸਾਲ ਦੇ ਸਮੇਂ ਅੰਦਰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ 'ਤੇ ਸਿੱਖ ਰਾਜ ਦਾ ਝੰਡਾ ਝੁਲਾ ਦਿੱਤਾ ਸੀ। ਸਿੱਖ ਰਾਜ ਦੀ ਸਥਾਪਨਾ ਕਰ ਕੇ ਪੰਜ ਸੌ ਸਾਲ ਤੋਂ ਗ਼ੁਲਾਮੀ ਦਾ ਗਲ ਪਿਆ ਜੁਲਾ ਉਤਾਰ ਸੁੱਟਿਆ ਸੀ। ਕਿੰਨਾ ਦੂਰ ਅੰਦੇਸ਼ ਸੀ ਇਹ ਪਰਦੇਸੀ ਗੋਰਾ ਯਾਤਰੂ ਜਿਸ ਨੇ ਇੱਕੋ ਮਿਲਣੀ ਵਿੱਚ ਸਿੱਖਾਂ ਦੀ ਤਾਕਤ ਨੂੰ ਪਛਾਣ ਲਿਆ। ਉਸ ਤਰ੍ਹਾਂ ਦੀ ਸਿਆਣਪ ਅਤੇ ਦਲੇਰੀ ਨੇ ਸਿੱਖਾਂ ਦਾ "ਬੋਲਬਾਲਾ" ਕਰਵਾਇਆ ਸੀ। ਜੇ ਕੁੱਝ ਮੁੜ ਪ੍ਰਾਪਤ ਕਰਨਾ ਹੋਵੇ ਤਾਂ ਉਹੀ ਵਿਹਾਰ ਤੇ ਉਹੀ ਕਿਰਦਾਰ ਮੁੜ ਵਿਕਸਤ ਕਰਨਾ ਪਵੇਗਾ।

ਜਿਨ ਕਉ ਤਖਤਿ ਮਿਲੈ ਵਡਿਆਈ, ਗੁਰਮੁਖਿ ਸੇ ਪਰਧਾਨ ਕੀਏ ॥
ਪਾਰਸੁ ਭੇਟਿ ਭਏ ਸੇ ਪਾਰਸ, ਨਾਨਕ ਹਰਿ ਗੁਰ ਸੰਗਿ ਥੀਏ ॥ (1172)

★★★★★★

ਗੁਰਬਾਣੀ ਵਿੱਚ ਬਹੁਤ ਤਰ੍ਹਾਂ ਦੇ ਢੰਗ ਵਰਤ ਕੇ ਮਨੁੱਖ ਨੂੰ ਭਰਮਾਂ ਤੋਂ ਬਚਾਉਣ ਵਾਸਤੇ, ਸੌਖਾ ਜੀਵਨ ਰਾਹ ਦੱਸਣ ਵਾਸਤੇ ਬਹੁਤ ਕੋਸ਼ਿਸ਼ ਕੀਤੀ ਗਈ ਹੈ। ਕਿਰਤੀ, ਉੱਦਮੀ, ਗਿਆਨਵਾਨ ਤੇ ਬਹਾਦਰ ਬਣਾਉਣ ਲਈ ਭੀ ਅਨੇਕ ਉਦਾਹਰਣਾਂ ਦਿੱਤੀਆਂ ਗਈਆਂ ਹਨ। ਬਹੁਤ ਸਾਰੇ ਸ਼ਬਦਾਂ ਦੇ ਅਰਥ ਕਰਨ ਲੱਗਿਆਂ ਕੋਈ ਮੁਸ਼ਕਿਲ ਨਹੀਂ ਆਉਂਦੀ। ਕਈ ਸ਼ਬਦ ਅਜਿਹੇ ਹਨ ਕਿ ਵਿਦਵਾਨਾਂ ਦੀਆਂ ਕਮੇਟੀਆਂ ਬਣਾ ਕੇ ਅਰਥਾਂ ਵਿੱਚ ਇਕਸਾਰਤਾ ਲਿਆਉਣੀ ਸਮੇਂ ਦੀ ਲੋੜ ਹੈ। ਪ੍ਰੋ. ਸਾਹਿਬ ਸਿੰਘ ਜੀ ਨੇ ਗੁਰਬਾਣੀ ਦੇ ਅਰਥਾਂ ਵਿੱਚ ਇਕਸਾਰਤਾ ਲਿਆਉਣ ਵਾਸਤੇ ਸਾਰੀ ਉਮਰ ਲੇਖੇ ਲਾ ਦਿੱਤੀ। ਬਹੁ ਗਿਣਤੀ ਸਿੱਖਾਂ ਨੇ (ਭਾਵੇਂ ਦੇਰ ਨਾਲ ਹੀ ਸਹੀ) ਉਨ੍ਹਾਂ ਵੱਲੋਂ ਕੀਤੇ ਅਰਥਾਂ ਨੂੰ ਅਪਣਾਇਆ ਤੇ ਸਨਮਾਨਿਆ ਪਰ ਜਿਨ੍ਹਾਂ ਡੇਰੇਦਾਰਾਂ ਨੇ ਆਪਣੀ ਅਣਪੜ੍ਹਤਾ ਨੂੰ "ਬ੍ਰਹਮ ਗਿਆਨ" ਦਾ ਚੋਲਾ ਪਹਿਨਾ ਕੇ ਡੇਰੇ ਚਲਾਏ ਹੋਏ ਸੀ। ਆਪਣੀਆਂ ਝੂਠੀਆਂ ਕਹਾਣੀਆਂ ਨੂੰ ਘੜਿਆ ਤੇ ਪ੍ਰਚਾਰਿਆ ਸੀ। ਗੁਰਬਾਣੀ ਦੇ ਕਰਾਮਾਤੀ, ਪ੍ਰਾਭੌਤਿਕ ਅਣਹੋਂਦੇ ਅਤੇ ਬ੍ਰਾਹਮਣੀ ਸੋਚ ਵਾਲੇ ਅਰਥ ਕੀਤੇ ਹੋਏ ਸਨ। ਜਿਨ੍ਹਾਂ ਕੂੜਿਆਰ ਕਥਾਵਾਂ ਰਾਹੀਂ ਉਹ ਭੋਲੇ-ਭਾਲੇ ਲੋਕਾਂ ਤੋਂ ਆਪਣੀ ਪੂਜਾ ਕਰਵਾ ਰਹੇ ਸਨ। ਸਿੱਧੇ ਸਾਧੇ "ਸ਼ਰਧਾਵਾਨਾਂ" ਦੀ ਕਮਾਈ ਨੂੰ ਬੜੀ ਬੇਰਹਿਮੀ ਨਾਲ ਲੁੱਟ ਰਹੇ ਸਨ। ਉਨ੍ਹਾਂ ਨੂੰ ਪ੍ਰੋ. ਸਾਹਿਬ ਸਿੰਘ ਵੱਲੋਂ ਗੁਰਬਾਣੀ ਦੇ ਕੀਤੇ ਅਰਥ ਹਜ਼ਮ ਨਾ ਹੋਏ। ਅਜਿਹੇ ਡੇਰੇਦਾਰਾਂ ਨੇ ਪੜ੍ਹੇ-ਲਿਖੇ ਵਿਦਵਾਨਾਂ ਨੂੰ ਨਾਸਤਕ ਆਖਿਆ, ਸ਼ਰਧਾ ਹੀਣੇ ਕਿਹਾ, ਕਾਮਰੇਡ ਗਰਦਾਨਿਆ ਤੇ ਮੂਰਖ ਕਹਿਣ ਤੋਂ ਭੀ ਸ਼ਰਮ ਨਾ ਕੀਤੀ। ਦੂਜਾ ਦੁੱਖਦਾਈ ਪੱਖ ਇਹ ਸੀ ਕਿ ਵਿਦਵਾਨਾਂ ਨੇ ਬ੍ਰਾਹਮਣੀ ਪਾਖੰਡ ਅਤੇ ਸਾਧਵਾਦ ਨੂੰ ਨੰਗਾ ਕਰਨ ਵਾਸਤੇ ਕੋਈ ਉਪਰਾਲਾ ਨਾ ਕੀਤਾ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਵਿਗਿਆਨਕ ਸਿੱਖ ਧਰਮ, ਅੰਧ ਵਿਸ਼ਵਾਸੀ ਕਥਾ-ਕਹਾਣੀਆਂ ਪ੍ਰਚਾਰ ਕੇ ਪੱਥਰ ਜੁੱਗ ਦਾ ਧਰਮ ਬਣਾ ਦਿੱਤਾ ਹੈ।

ਡੇਰੇਦਾਰ ਸਾਧਾਂ ਵਿੱਚੋਂ ਇੱਕ ਡੇਰਾ ਹੈ ਮੋਗਾ ਜ਼ਿਲ੍ਹੇ ਦੇ ਭਿੰਡਰਾਂ ਪਿੰਡ ਵਿੱਚੋਂ ਪੈਦਾ ਹੋਇਆ। ਇਨ੍ਹਾਂ ਦੀਆਂ ਆਪਣੀਆਂ ਲਿਖੀਆਂ ਅਤੇ ਛਪਾਈਆਂ ਪੁਸਤਕਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਸਾਡੀ "ਟਕਸਾਲ" ਦਸਮ ਪਾਤਿਸ਼ਾਹ ਨੇ ਖ਼ੁਦ ਚਲਾਈ। ਪਹਿਲੇ ਮੁਖੀ ਭਾਈ ਮਨੀ ਸਿੰਘ ਬਣੇ। ਸੰਨ 1970 ਵਿੱਚ ਗਿਆਨੀ ਗੁਰਬਚਨ ਸਿੰਘ (ਟਕਸਾਲ ਮੁਖੀ) ਦੀ ਮੌਤ ਹੋਣ 'ਤੇ ਗੱਦੀ 'ਤੇ ਕਬਜਾ ਕਰਨ ਲਈ "ਕੁੰਡੀਆਂ ਦੇ ਸਿੰਗ ਫਸ ਗਏ"। ਭਿੰਡਰਾਂ ਵਿਚਲੇ ਡੇਰੇ ਦੀ ਜ਼ਮੀਨ ਜਾਇਦਾਦ ਤੇ "ਸੰਤ ਬ੍ਰਹਮਗਿਆਨੀ 108" ਗਿਆਨੀ ਮੋਹਣ ਸਿੰਘ ਨੇ ਕਬਜਾ ਕਰ ਲਿਆ। ਦੂਜੇ ਦਾਅਵੇਦਾਰ ਗਿਆਨੀ ਕਰਤਾਰ ਸਿੰਘ ਨੂੰ ਮੈਦਾਨ ਛੱਡ ਕੇ ਭੱਜਣਾ ਪਿਆ। ਕਰਤਾਰ ਸਿੰਘ ਨੇ ਡੇਰਾ ਬਣਾ ਲਿਆ ਮਹਿਤੇ ਚੌਕ ਵਿੱਚ। ਭਾਈ ਮਨੀ ਸਿੰਘ ਦਾ ਨਾਮ ਰਹਿ ਗਿਆ ਭਾਈ ਮੋਹਣ ਸਿੰਘ ਕੋਲ।

ਭਾਈ ਕਰਤਾਰ ਸਿੰਘ ਨੇ ਆਪਣੀ ਟਕਸਾਲ ਨੂੰ ਜੋੜ ਲਿਆ ਬਾਬਾ ਦੀਪ ਸਿੰਘ ਨਾਲ। ਇਨ੍ਹਾਂ ਦੀਆਂ ਆਪਣੀਆਂ ਲਿਖਤਾਂ (1970 ਤੱਕ) ਇਹੀ ਲਿਖਦੀਆਂ ਰਹੀਆਂ ਹਨ ਕਿ ਦੀਪ ਸਿੰਘ ਦਾ ਕੋਈ ਚੇਲਾ ਨਹੀਂ ਸੀ ਪਰ 1970 ਤੋਂ ਮਗਰੋਂ ਇਨ੍ਹਾਂ ਨੇ ਭਾਈ ਦੀਪ ਸਿੰਘ ਦਾ ਨਾਮ ਟਕਸਾਲ ਨਾਲ ਜੋੜ ਲਿਆ ਹੈ। ਜਦੋਂ ਕਿ ਅਸਲੀਅਤ ਇਹ ਹੈ ਕਿ ਸਤਿਗੁਰੂ ਜੀ ਨੇ ਕਿਸੇ ਨੂੰ ਡੇਰਾ ਜਾਂ ਟਕਸਾਲ ਚਲਾਉਣ ਦੀ ਇਜਾਜ਼ਤ ਨਹੀਂ ਦਿੱਤੀ। ਅਸੀਂ ਸਾਰੇ ਇੱਕੋ ਜਿਹੇ ਸਿੱਖ ਹਾਂ। ਨਾ ਕੋਈ ਵੱਡਾ, ਨਾ ਛੋਟਾ। ਸਾਰੇ ਭਾਈ, ਗੁਰੂ ਪਿਆਰ ਵਾਲੇ।

ਫਿਰ ਇਨ੍ਹਾਂ ਨੇ ਹੋਰ ਪਾਪ ਕਰਨਾ ਜਾਰੀ ਰੱਖਿਆ। ਭਿੰਡਰਾਂ ਟਕਸਾਲ ਬਾਰੇ ਪ੍ਰਚਾਰਿਆ ਗਿਆ ਕਿ ਦਮਦਮਾ (ਤਲਵੰਡੀ ਸਾਬੋ) ਤੋਂ ਚੱਲੀ ਹੈ। ਦਮਦਮੇ ਵਿੱਚ ਭਾਈ ਦੀਪ ਸਿੰਘ (ਝੂਠ ਪ੍ਰਚਾਰ) ਨੇ ਚਾਰ ਬੀੜਾਂ ਲਿਖੀਆਂ ਜੋ ਚਾਰੇ ਤਖ਼ਤਾਂ 'ਤੇ ਭੇਜੀਆਂ ਗਈਆਂ। ਜਦੋਂ ਕਿ ਕਿਸੇ ਤਖ਼ਤ 'ਤੇ ਭਾਈ ਦੀਪ ਸਿੰਘ ਦੀ ਲਿਖੀ ਹੋਈ ਕੋਈ ਬੀੜ ਨਹੀਂ ਹੈ। ਜੇ ਵਾਕਿਆ ਹੀ ਭਾਈ ਦੀਪ ਸਿੰਘ ਮਹਾਨ ਵਿਦਵਾਨ ਸੀ, ਫਿਰ ਉਸ ਦੀਆਂ ਹੋਰ ਕਿਤਾਬਾਂ ਭੀ ਲਿਖੀਆਂ ਹੋਣੀਆਂ ਚਾਹੀਦੀਆਂ ਸਨ। ਜਿਵੇਂ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਦੀਆਂ ਹਨ। ਜੇ ਗੁਰਬਾਣੀ ਵਾਲੇ ਉਤਾਰੇ ਕਰ ਕੇ ਚਾਰ ਤਖ਼ਤਾਂ 'ਤੇ ਭੇਜ ਹੀ ਦਿੱਤੇ ਤਾਂ ਇਹ ਕੋਈ ਵੱਡਾ ਕਾਰਜ ਨਹੀਂ ਹੈ। ਅਜਿਹੇ ਕੰਮ ਤਾਂ ਹੋਰ ਬੇਅੰਤ ਸਿੱਖਾਂ ਨੇ ਭੀ ਕੀਤੇ ਸਨ। ਕੋਈ ਇੱਕ ਭੀ ਲਿਖਤ [illegible] ਦੀਪ ਸਿੰਘ ਦੀ ਨਹੀਂ ਲੱਭਦੀ। ਸੀਸ ਤਲੀ 'ਤੇ ਰੱਖ ਕੇ ਲੜਨਾ ਭੀ 1970 ਤੋਂ ਮਗਰੋਂ ਪ੍ਰਚਾਰਿਆ ਗਿਆ ਹੈ। ਉਸ ਤੋਂ ਪਹਿਲਾਂ ਨਹੀਂ ਸੀ। ਇਹ ਸਿਰਫ਼ ਆਪਣੀ ਟਕਸਾਲ ਨੂੰ ਉਭਾਰਨ ਲਈ ਹੀ ਕੀਤਾ ਗਿਆ ਹੈ।

ਟਕਸਾਲ ਮੁਖੀ ਗਿਆਨੀ ਗੁਰਬਚਨ ਸਿੰਘ (1930 ਤੋਂ 1970) ਨੇ ਆਪਣੀ ਕਿਤਾਬ "ਗੁਰਬਾਣੀ ਪਾਠ ਦਰਸ਼ਨ" ਦੇ ਪੰਨਾ 43 'ਤੇ ਲਿਖਿਆ ਹੈ ਕਿ ਭਾਈ ਦਇਆ ਸਿੰਘ ਰਾਮ ਚੰਦਰ ਦੇ ਪੁੱਤਰ ਲਉ ਦੇ ਅਵਤਾਰ ਸਨ। ਭਾਈ ਧਰਮ ਸਿੰਘ, ਭਗਤ ਧੰਨਾ ਜੀ ਦੇ ਅਵਤਾਰ ਸਨ। ਭਾਈ ਹਿੰਮਤ ਸਿੰਘ, ਇੱਕ ਫੰਧਕ ਨਾਮੇ ਸ਼ਿਕਾਰੀ ਦੇ ਅਵਤਾਰ ਸਨ। ਭਾਈ ਮੋਹਕਮ ਸਿੰਘ, ਭਗਤ ਨਾਮਦੇਵ ਜੀ ਦੇ ਅਵਤਾਰ ਹੋਏ ਸਨ। ਭਾਈ ਸਾਹਿਬ ਸਿੰਘ, ਭਗਤ ਸੈਣ ਜੀ ਦੇ ਅਵਤਾਰ ਸਨ। ਜਿਸ ਬ੍ਰਾਹਮਣੀ ਖਾਰੇ ਸਾਗਰ ਵਿੱਚੋਂ ਸਾਨੂੰ ਗੁਰਬਾਣੀ ਕੱਢ ਰਹੀ ਹੈ, ਉਸ ਗੁਰਬਾਣੀ ਉਪਦੇਸ਼ ਤੋਂ ਉਲਟ ਇਹ ਅਖੌਤੀ ਬ੍ਰਹਮ ਗਿਆਨੀ ਸਿੱਖਾਂ ਨੂੰ ਅਵਤਾਰਵਾਦ ਦੀ ਗੰਦੀ ਘੁੰਮਣਘੇਰ ਵਿੱਚ ਪਾ ਰਹੇ ਹਨ। ਇਨ੍ਹਾਂ ਨੂੰ ਕੋਈ ਪੁੱਛੇ ਕਿ ਭਗਤ ਨਾਮਦੇਵ ਜੀ ਦੀ ਰੂਹ ਸੈਂਕੜੇ ਸਾਲ ਤੱਕ ਕਿਥੇ ਟਿਕੀ ਰਹੀ ? ਗੁਰੂ ਸਾਹਿਬ ਜਾਤ ਪਾਤ ਨੂੰ ਖ਼ਤਮ ਕਰ ਰਹੇ ਹਨ ਤੇ ਇਹ ਡੇਰੇਦਾਰ ਉਸੇ ਜਾਤ ਵਾਲੇ ਭਗਤ ਦੀ ਆਤਮਾ ਨੂੰ ਉਸੇ ਜਾਤ ਵਾਲੇ "ਪਿਆਰੇ" ਵਿੱਚ ਦਾਖ਼ਲ ਕਰਵਾ ਕੇ (ਗੁਰਬਾਣੀ ਅਸੂਲਾਂ ਤੋਂ ਵਿਰੁੱਧ) ਜਾਤ ਨੂੰ ਉਭਾਰ ਰਹੇ ਹਨ। ਹੈ ਕੋਈ ਰੋਕਣ-ਟੋਕਣ ਵਾਲਾ ? ਜਿਸ ਅਵਤਾਰਵਾਦ ਨੂੰ ਗੁਰਬਾਣੀ ਮੁੱਢੋਂ ਹੀ ਰੱਦ ਕਰਦੀ ਹੈ, ਉਸੇ ਨੂੰ ਪ੍ਰਚਾਰ ਕੇ ਇਹ ਬ੍ਰਾਹਮਣਵਾਦ ਦੀ ਸੇਵਾ ਕਰ ਰਹੇ ਹਨ, ਸਿੱਖੀ ਦੀ ਨਹੀਂ। ਫਿਰ ਪੰਜਾਂ ਪਿਆਰਿਆਂ ਦੇ ਸਿਰ ਵੱਢ ਕੇ, ਗੁਰੂ ਗ੍ਰੰਥ ਸਾਹਿਬ ਦੇ ਅੱਗੇ ਅਰਪਣ ਕੀਤੇ। (ਪੰਨਾ-45, ਗੁਰਬਾਣੀ ਪਾਠ

ਦਰਸ਼ਨ) ਉਸ ਥਾਂ ਅੰਮ੍ਰਿਤ ਛਿੜਕਿਆ ਗਿਆ ਤੇ ਪੰਜਾਂ ਦੇ "ਨਵੇਂ ਸਿਰ ਉੱਗ ਪਏ"।

ਇਨ੍ਹਾਂ ਕੁਫ਼ਰ ਕਹਾਣੀਆਂ ਨੂੰ ਕੋਈ ਮੂਰਖ ਤਾਂ ਭਾਵੇਂ ਸੱਚ ਮੰਨ ਲਵੇ, ਸਮਝਦਾਰ ਮਨੁੱਖ ਇਸ ਨੂੰ ਅਗਿਆਨੀਆਂ ਦੀ ਲਿਖਤ ਹੀ ਮੰਨੇਗਾ। ਗਿਆਨੀ ਗੁਰਬਚਨ ਸਿੰਘ (ਟਕਸਾਲ ਮੁਖੀ) ਤੇਰਾਂ ਸਾਲ ਮੰਜੇ 'ਤੇ ਪਿਆ ਹੱਡ ਰਗੜਦਾ ਰਿਹਾ। ਉਸ ਨੇ ਪਹਿਲਾਂ ਭੀ ਅੰਮ੍ਰਿਤ ਛਕਿਆ ਹੋਵੇਗਾ। ਬਿਮਾਰੀ ਹਟਾਉਣ ਵਾਸਤੇ ਦੁਬਾਰਾ ਅੰਮ੍ਰਿਤ ਤਿਆਰ ਕਰਨਾ ਭੀ ਕੋਈ ਔਖਾ ਨਹੀਂ ਸੀ ਤਾਂ ਕਿ ਇਸ ਗਿਆਨੀ ਦਾ ਮਾਰੂ ਰੋਗ ਖ਼ਤਮ ਹੋ ਜਾਂਦਾ। ਗਿਆਨੀ ਕਰਤਾਰ ਸਿੰਘ (ਟਕਸਾਲ ਮੁਖੀ) ਦਾ ਐਕਸੀਡੈਂਟ ਹੋ ਗਿਆ ਸੀ। ਹਸਪਤਾਲ ਵਿੱਚ ਕਈ ਦਿਨਾਂ ਦੇ ਇਲਾਜ ਨਾਲ ਭੀ ਫ਼ਾਇਦਾ ਨਾ ਹੋਇਆ। ਜ਼ਖ਼ਮਾਂ ਦੀ ਤਾਬ ਨਾ ਝਲਦਿਆਂ 16 ਅਗੱਸਤ 1977 ਨੂੰ ਕਾਲ ਵੱਸ ਹੋ ਗਏ। ਕੀ ਲੋੜ ਸੀ ਹਸਪਤਾਲ ਵਿੱਚ ਦਾਖ਼ਲ ਹੋਣ ਦੀ? "ਵਿਧੀ ਪੂਰਬਕ ਅੰਮ੍ਰਿਤ ਤਿਆਰ ਕਰ ਕੇ", ਭਾਈ ਕਰਤਾਰ ਸਿੰਘ ਦੇ ਜ਼ਖ਼ਮਾਂ 'ਤੇ ਛਿੜਕ ਕੇ ਤੰਦਰੁਸਤ ਕਿਉਂ ਨਾ ਕੀਤਾ? ਕੀ ਅੱਜ ਕੱਲ੍ਹ ਅੰਮ੍ਰਿਤ ਦੀ ਸ਼ਕਤੀ 1699 ਵਾਲੀ ਵਿਸਾਖੀ ਤੋਂ ਘੱਟ ਹੋ ਗਈ ਹੈ? ਦੂਜੇ ਸਿੱਖ ਤਾਂ ਤੁਹਾਡੀ ਨਜ਼ਰ ਵਿੱਚ "ਰਹਿਤਵਾਨ" ਸਿੱਖ ਨਹੀਂ ਹਨ। ਉਹ ਤਾਂ "ਵਧੀਆ ਅੰਮ੍ਰਿਤ" ਤਿਆਰ ਨਹੀਂ ਕਰ ਸਕਦੇ ਪਰ ਟਕਸਾਲ ਵਾਲੇ ਖ਼ੁਦ ਤਾਂ "ਅਸਲੀ ਅੰਮ੍ਰਿਤ" ਤਿਆਰ ਕਰ ਹੀ ਲੈਂਦੇ ਹੋਣਗੇ? ਕਰ ਕੇ ਵਿਖਾ ਦਿਓ....।

ਹਿੰਦੂ ਮੱਤ ਵਿੱਚ ਕਾਲੀ ਦੇਵੀ ਅੱਗੇ ਪੁਰਾਤਨ ਸਮਿਆਂ ਵਿੱਚ "ਨਰ ਬਲੀ" ਦਿਆ ਕਰਦੇ ਸਨ। ਸਮੇਂ ਦੇ ਫੇਰ ਨਾਲ ਝੋਟੇ, ਮੱਝਾਂ, ਗਾਂਵਾਂ ਤੇ ਬੱਕਰਿਆਂ ਦੀ ਬਲੀ ਦੇਣ ਲੱਗ ਪਏ ਜੋ ਅੱਜ ਤੱਕ ਜਾਰੀ ਹੈ। ਕੀ ਗੁਰੂ ਗ੍ਰੰਥ ਸਾਹਿਬ ਜੀ ਕਾਲੀ ਦੇਵੀ ਵਾਂਗ ਸਿੱਖਾਂ ਦੀ ਬਲੀ ਲੈਣੀ ਪਸੰਦ ਕਰਦੇ ਹਨ? ਭਗਤਾਂ ਦੀ ਬਾਣੀ ਅੱਗੇ ਭਗਤਾਂ ਦੇ ਅਵਤਾਰਾਂ ਦੇ ਹੀ ਸਿਰ ਕੱਟ ਕੇ ਅਰਪਣ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਕੀ ਸਿੱਖਿਆ ਦੇਣੀ ਚਾਹੁੰਦੇ ਸਨ? ਉਸ ਤੋਂ ਮਗਰੋਂ ਇਹ ਰਵਾਇਤ ਬੰਦ ਕਿਉਂ ਹੋ ਗਈ? ਟਕਸਾਲੀਏ ਅਤੇ ਹੋਰ ਸਾਧ ਨਾਰੀਅਲ ਭੀ ਪਾਠ ਵਕਤ ਇਸ ਲਈ ਰਖਾਉਂਦੇ ਹਨ। ਅਖੇ, "ਨਾਰੀਅਲ ਦਾ ਫੱਲ ਭੀ ਮਨੁੱਖੀ ਸਿਰ ਜਿੰਨਾ ਹੀ ਹੁੰਦਾ ਹੈ।"

ਸੰਨ 1970 ਤੱਕ ਦੀਆਂ ਟਕਸਾਲ ਦੀਆਂ ਲਿਖਤਾਂ ਗਵਾਹ ਹਨ ਕਿ ਭਾਈ ਦੀਪ ਸਿੰਘ ਟਕਸਾਲ ਦਾ ਮੁਖੀ ਨਹੀਂ ਸੀ। ਇਨ੍ਹਾਂ ਦੀ ਲਿਖਤ ਮੁਤਾਬਕ ਭਾਈ ਮਨੀ ਸਿੰਘ ਸੀ। ਫਿਰ ਸੱਤਰ ਤੋਂ ਮਗਰੋਂ "ਧੋਬੀ ਪਟਕਾ" ਮਾਰ ਕੇ ਭਾਈ ਮਨੀ ਸਿੰਘ ਨੂੰ ਲਾਂਭੇ ਕਰ ਦਿੱਤਾ ਤੇ ਭਾਈ ਦੀਪ ਸਿੰਘ ਨੂੰ ਉਭਾਰ ਕੇ "ਸੀਸ ਤਲੀ 'ਤੇ ਰਖਵਾ ਕੇ" ਇੱਕਦਮ ਸਾਰੇ ਬਹਾਦਰ ਸਿੱਖਾਂ ਨਾਲੋਂ ਅੱਗੇ ਲਿਆ ਕੇ ਖੜਾ ਕਰ ਦਿੱਤਾ। ਗੁਰਬਾਣੀ ਪਾਠ ਦਰਸ਼ਨ ਦੇ ਪੰਨਾ 252 'ਤੇ ਭਾਈ ਮਨੀ ਸਿੰਘ ਤੋਂ ਟਕਸਾਲ ਚੱਲੀ ਲਿਖਿਆ ਹੈ ਤੇ ਪੰਨਾ 253 'ਤੇ ਸੰਪਰਦਾਈ ਮੁਖੀਆਂ ਦੀ ਜੀਵਨ ਪ੍ਰਨਾਲੀ ਦਾ ਨਕਸ਼ਾ ਬਣਿਆ ਹੋਇਆ ਹੈ। ਜਿਸ ਮੁਤਾਬਕ ਭਾਈ ਦੀਪ ਸਿੰਘ ਦਾ ਅੱਗੇ ਕੋਈ ਚੇਲਾ ਨਹੀਂ ਹੈ।

ਮਹਿਤੇ ਚੌਕ ਵਿੱਚ ਨਵਾਂ ਗੁਰਦਵਾਰਾ (ਨਿੱਜੀ ਡੇਰਾ) ਉਸਾਰਨ ਤੋਂ ਬਾਅਦ ਇਨ੍ਹਾਂ ਨੇ ਭਾਈ ਮਨੀ ਸਿੰਘ ਤਿਆਗ ਦਿੱਤਾ। ਭਾਈ ਦੀਪ ਸਿੰਘ ਨੂੰ "ਸੀਸ ਤਲੀ 'ਤੇ ਰੱਖ ਕੇ

ਲੜਦਾ ਹੋਇਆ ਦਰਬਾਰ ਸਾਹਿਬ ਪੁੱਜਿਆ ਅਤੇ ਉਥੇ ਪ੍ਰਕਰਮਾ ਵਿੱਚ ਆਪਣਾ ਸੀਸ ਅਰਪਣ ਕੀਤਾ", ਪ੍ਰਚਾਰ ਜ਼ੋਰਦਾਰ ਤਰੀਕੇ ਨਾਲ ਸ਼ੁਰੂ ਕਰ ਦਿੱਤਾ ਗਿਆ। ਭਾਈ ਦੀਪ ਸਿੰਘ ਨਾਲ ਮੇਰਾ ਕੋਈ ਵਿਰੋਧ ਨਹੀਂ, ਕੋਈ ਆਲੋਚਨਾ ਨਹੀਂ ਕਰ ਰਿਹਾ। ਗੱਲ ਹੈ ਟਕਸਾਲ ਦੇ ਝੂਠ ਪ੍ਰਚਾਰ ਨੂੰ ਨੰਗਾ ਕਰਨ ਦੀ। ਕਿਸੇ ਪੁਰਾਤਨ ਲਿਖਤ ਵਿੱਚ ਹਥੇਲੀ 'ਤੇ ਸਿਰ ਰੱਖ ਕੇ ਲੜਨਾ ਨਹੀਂ ਲਿਖਿਆ। ਟਕਸਾਲ ਵਾਲੇ ਗੁਰਬਾਣੀ ਦੀ ਇੱਕ ਪੰਕਤੀ ਦਾ ਬਹੁਤ ਵਾਰੀ ਹਵਾਲਾ ਦਿੰਦੇ ਹਨ ਕਿ ਗੁਰਬਾਣੀ ਵਿੱਚ ਲਿਖਿਆ ਹੋਇਆ ਹੈ- **ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥** (1412) ਪਰ ਅਜਿਹੀਆਂ ਤਾਂ ਹੋਰ ਪੰਕਤੀਆਂ ਭੀ ਬਹੁਤ ਹਨ ਗੁਰਬਾਣੀ ਵਿੱਚ। ਲਉ ਕਰੋ ਦਰਸ਼ਨ-

- **ਨਾਨਕ ਸੇਵਕੁ ਸੋਈ ਆਖੀਐ, "ਜੋ ਸਿਰੁ ਧਰੇ ਉਤਾਰਿ" ॥**
 ਸਤਿਗੁਰ ਕਾ ਭਾਣਾ ਮੰਨਿ ਲਏ, ਸਬਦੁ ਰਖੈ ਉਰਧਾਰਿ ॥ (1247)
- **ਤੈ ਸਾਹਿਬ ਕੀ ਬਾਤ ਜਿ ਆਖੈ, ਕਹੁ ਨਾਨਕ ਕਿਆ ਦੀਜੈ ॥**
 "ਸੀਸੁ ਵਢੇ ਕਰਿ ਬੈਸਣੁ ਦੀਜੈ, ਵਿਣੁ ਸਿਰ ਸੇਵ ਕਰੀਜੈ ॥" (558)
- **"ਅਖੀ ਕਾਢਿ ਧਰੀ ਚਰਣਾ ਤਲਿ"**, ਸਭ ਧਰਤੀ ਫਿਰਿ ਮਤ ਭਾਈ ॥ (757)
- **"ਅਖੀ ਪਰਣੈ ਜੇ ਫਿਰਾਂ"**, ਦੇਖਾ ਸਭੁ ਆਕਾਰੁ ॥
 ਪੁਛਾ ਗਿਆਨੀ ਪੰਡਿਤਾਂ, ਪੁਛਾ ਬੇਦ ਬੀਚਾਰ ॥ (1241)
- **ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ, "ਵਿਚਿ ਅਖੀ ਗੁਰ ਪੈਰ ਧਰਾਈ ॥"** (758)
- **ਸਤਿਗੁਰ ਆਗੈ "ਸੀਸੁ ਭੇਟ ਦੇਉ"**, ਜੇ ਸਤਿਗੁਰ ਸਾਚੇ ਭਾਵੈ ॥
 ਆਪੇ ਦਇਆ ਕਰਹੁ ਪ੍ਰਭ ਦਾਤੇ, ਨਾਨਕ ਅੰਕਿ ਸਮਾਵੈ ॥ (1114)
- **ਸਤਿਗੁਰ ਕੀ ਓਹੁ ਦੀਖਿਆ ਲੇਹਿ ॥ "ਸਤਿਗੁਰ ਆਗੈ ਸੀਸੁ ਧਰੇਇ" ॥** (1261)

ਇਨ੍ਹਾਂ ਪੰਕਤੀਆਂ ਵਿੱਚ ਉਪਦੇਸ਼ "ਵਿਆਜ ਅਲੰਕਾਰ ਬੋਲੀ" ਵਿੱਚ ਆਇਆ ਹੈ ਭਾਵ ਕਿ ਆਪਣੀ ਗੱਲ ਨੂੰ ਵਧਾ ਕੇ ਪੇਸ਼ ਕਰਨਾ। ਮਿਸਾਲ ਲਈ ਉਪਰਲੀ ਪੰਕਤੀ- ਭਾਈ ਅਸਲੀ ਸੇਵਕ ਉਹ ਹੈ ਜੋ ਆਪਣਾ ਸਿਰ ਉਤਾਰ ਕੇ ਰੱਖ ਦੇਵੇ। ਸਿਰ ਉਤਾਰਨਾ ਕੀ ਹੈ ? ਉਹ ਹੈ, ਗੁਰੂ ਦਾ ਹੁਕਮ ਮੰਨ ਕੇ ਉਸ ਅਨੁਸਾਰ ਜੀਵਨ ਬਿਤਾਉਣਾ। ਇਸੇ ਤਰ੍ਹਾਂ ਦੂਜੇ ਪਰਮਾਣ ਵਿੱਚ ਆਖਿਆ ਗਿਆ ਹੈ ਕਿ ਮੈਨੂੰ ਕੋਈ ਪਰਮੇਸ਼ਰ ਬਾਰੇ ਚੰਗੀ ਗੱਲ ਦੱਸੇ ਤਾਂ ਮੈਂ ਉਸ ਨੂੰ ਬੈਠਣ ਲਈ ਆਪਣਾ ਸਿਰ ਕੱਟ ਕੇ ਦੇ ਦਿਆਂ। ਸਿਰ ਨੂੰ ਪੀਹੜੇ ਦੀ ਥਾਵੇਂ ਉਹ ਮਨੁੱਖ ਵਰਤ ਲਵੇ। ਮੈਂ ਬਿਨਾਂ ਸਿਰ ਤੋਂ ਉਸ ਦੀ ਸੇਵਾ ਕਰਦਾ ਰਹਾਂ। ਅੱਗੇ ਹੈ ਕਿ ਮੈਂ ਆਪਣੀਆਂ ਅੱਖਾਂ ਕੱਢ ਕੇ ਗੁਰੂ ਦੇ ਚਰਨਾਂ ਵਿੱਚ ਭੇਟਾ ਰੱਖ ਦਿਆਂ। ਅੱਗੇ ਹੈ ਕਿ ਮੈਂ ਅੱਖਾਂ ਦੇ ਭਾਰ ਤੁਰਿਆ ਫਿਰਾਂ ਭਾਵ ਉਲਟਾ ਹੋ ਕੇ ਸਿਰ ਪਰਨੇ। ਅੱਗੇ ਹੈ ਕਿ ਮੈਂ ਆਪਣੀਆਂ ਅੱਖਾਂ ਵਾਲੀ ਥਾਵੇਂ ਗੁਰੂ ਦੇ ਪੈਰ ਰਖਵਾ ਲਵਾਂ। ਫਿਰ ਅੱਗੇ ਹੈ ਕਿ ਸਤਿਗੁਰੂ ਨੂੰ ਸੀਸ ਅਰਪਣ ਕਰਨਾ ਚਾਹੀਦਾ ਹੈ। ਇਹ ਸਾਰੀਆਂ ਪੰਕਤੀਆਂ ਭਾਵ ਅਰਥਾਂ ਵਿੱਚ ਲੈਣੀਆਂ ਪੈਣਗੀਆਂ। ਸ਼ਬਦ ਅਰਥ ਤਾਂ ਇਨ੍ਹਾਂ ਦੇ ਹੋ ਹੀ ਨਹੀਂ ਸਕਦੇ।

ਜੇ ਇਉਂ ਅਰਥ ਕਰਨ ਲੱਗ ਪਏ (ਜਿਵੇਂ ਟਕਸਾਲੀਏ ਕਰਦੇ ਹਨ) ਫਿਰ ਤਾਂ ਸਾਰਿਆਂ ਨੂੰ ਆਪਣੇ ਕੇਸ ਕਟਵਾ ਕੇ ਭੀ ਗੁਰੂ ਚਰਨਾਂ ਵਿੱਚ ਰੱਖਣੇ ਪੈਣਗੇ। ਕੇਸਾਂ ਦਾ ਚੌਰ ਬਣਾ ਕੇ ਗੁਰੂ ਦੀ ਸੇਵਾ ਵਿੱਚ ਹਾਜ਼ਰ ਹੋਣਾ ਪਵੇਗਾ। ਪੜ੍ਹੋ ਗੁਰਬਾਣੀ ਪਰਮਾਣ-

- **ਕਰਿ ਕਿਰਪਾ ਅਪਨਾ ਦਰਸੁ ਦੀਜੈ, ਜਸੁ ਗਾਵਉ ਨਿਸਿ ਅਰੁ ਭੋਰ ॥**
 "ਕੇਸ" ਸੰਗਿ" ਦਾਸ ਪਗ ਝਾਰਉ, ਇਹੈ ਮਨੋਰਥ ਮੋਰ ॥ (500)
- **"ਕੇਸਾ ਕਾ ਕਰਿ ਬੀਜਨਾ" ਸੰਤ ਚਉਰੁ ਢੁਲਾਵਉ ॥**
 ਸੀਸੁ ਨਿਹਾਰਉ ਚਰਣ ਤਲਿ, ਧੂਰਿ ਮੁਖਿ ਲਾਵਉ ॥ (745)
- **ਮੇਰੇ ਰਾਮ, ਹਰਿ ਜਨ ਕੈ ਹਉ ਬਲਿ ਜਾਈ ॥**
 "ਕੇਸਾ ਕਾ ਕਰਿ ਚਵਰੁ" ਢੁਲਾਵਾ, ਚਰਣ ਧੂੜਿ ਮੁਖਿ ਲਾਈ ॥ (749)

ਜਦੋਂ ਗੁਰੂ ਨਾਨਕ ਸਾਹਿਬ ਜਗਨ ਨਾਥ ਪੁਰੀ ਵਿੱਚ ਜਾ ਕੇ ਆਖਣ ਕਿ ਇਸ ਥਾਂ ਰੱਬ ਨਹੀਂ ਬੈਠਾ ਹੋਇਆ, ਉਹ ਸਰਬ ਵਿਆਪਕ ਹੈ ਤਾਂ ਸਾਨੂੰ ਬਹੁਤ ਚੰਗਾ ਲਗਦਾ ਹੈ। ਜਦੋਂ ਗੁਰੂ ਜੀ ਮੱਕੇ ਜਾ ਕੇ ਕਹਿਣ ਖ਼ੁਦਾ ਮੱਕੇ ਵਿੱਚ ਹੀ ਨਹੀਂ ਹੈ, ਹਰ ਥਾਂ ਹੈ। ਮੇਰੇ ਪੈਰ ਉਧਰ ਕਰ ਦਿਓ ਜਿਧਰ ਖ਼ੁਦਾ ਨਹੀਂ ਹੈ। ਉਦੋਂ ਬਹੁਤ ਚੰਗਾ ਲਗਦਾ ਹੈ ਪਰ ਸਿੱਖ ਅਖਵਾਉਣ ਵਾਲੇ ਦਾਅਵਾ ਕਰ ਰਹੇ ਹਨ ਕਿ ਰੱਬ ਸਿਰਫ਼ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਹੀ ਬੈਠਾ ਹੈ। ਜੇ ਕੋਈ ਇਥੇ ਆ ਕੇ ਮੱਥਾ ਟੇਕੇ ਉਹੀ ਪਰਵਾਨ ਹੈ, ਬਾਕੀ ਥਾਵਾਂ ਬਾਰੇ ਕੀ ਜੁਆਬ ਹੈ ? ਗੁਰਮਤਿ ਵਿੱਚ ਅਜਿਹਾ ਕੋਈ ਨਿਅਮ ਨਹੀਂ ਹੈ ਕਿ ਸਿੱਖ ਆਪਣਾ ਸਿਰ ਕਿਸੇ ਗੁਰਦੁਆਰੇ ਵਿੱਚ ਜਾ ਕੇ ਅਰਪਣ ਕਰੇਗਾ। ਜੇ ਕੋਈ ਅਰਦਾਸ ਕਰੇ ਕਿ ਮੈਂ "ਧਰਮ ਦੀ ਰਾਖੀ ਲਈ ਸੀਸ ਵਾਰ ਦਿਆਂਗਾ" ਤਾਂ ਮੰਨਿਆ ਜਾ ਸਕਦਾ ਹੈ ਪਰ ਗੁਰਦਵਾਰੇ ਜਾ ਕੇ "ਸੀਸ ਦਾ ਚੜ੍ਹਾਵਾ ਚਾੜ੍ਹਾਵਾਂਗਾ" ਕੋਈ ਅਸੂਲ ਨਹੀਂ ਹੈ। ਫਿਰ ਪੰਜ ਸੌ ਸਾਲ ਦੇ ਇਤਿਹਾਸ 'ਚੋਂ ਇੰਨਾ ਮਹਾਨ ਕੇਵਲ ਭਾਈ ਦੀਪ ਸਿੰਘ ਹੀ ਹੋਇਆ ਹੈ, ਜਿਸ ਨੇ ਸੀਸ ਦਾ ਚੜ੍ਹਾਵਾ ਚਾਹੜਿਆ ? ਹੋਰ ਬੇਅੰਤ ਸਿੱਖ ਜਾਨਾਂ ਵਾਰਨ ਵਾਲੇ ਤਾਂ ਫਿਰ "ਕਿਸੇ ਗਿਣਤੀ ਵਿੱਚ ਹੀ ਨਹੀਂ ?" ਭਾਈ ਦੀਪ ਸਿੰਘ ਦੇ ਨਾਲ 5000 ਜਾਨਾਂ ਵਾਰਨ ਵਾਲੇ ਸਿੱਖ ਸੂਰਮੇ ਭੀ ਇਨ੍ਹਾਂ ਨੇ ਘੱਟੇ 'ਚ ਰੋਲ ਦਿੱਤੇ ਕਿਉਂਕਿ ਦਰਬਾਰ ਸਾਹਿਬ ਤਾਂ ਦੀਪ ਸਿੰਘ ਦਾ "ਸਿਰ" ਹੀ ਪੁੱਜਿਆ ਸੀ, ਹੋਰ ਕੋਈ ਨਹੀਂ।

ਗੁਰੂ ਅਰਜਨ ਸਾਹਿਬ ਅੰਮ੍ਰਿਤਸਰ ਤੋਂ ਤੀਹ ਮੀਲ ਦੂਰ ਲਾਹੌਰ ਵਿੱਚ ਤਸੀਹੇ ਝਲਦੇ ਰਹੇ। ਰਾਵੀ ਵਿੱਚ ਡੋਬ ਕੇ ਸ਼ਹੀਦ ਕਰ ਦਿੱਤੇ ਗਏ। ਉਨ੍ਹਾਂ ਨੇ ਅੰਮ੍ਰਿਤਸਰ ਆ ਕੇ "ਸੀਸ ਭੇਟ" ਕਰਨਾ ਕਿਉਂ ਨਾ ਸੋਚਿਆ ? ਗੁਰੂ ਤੇਗ ਬਹਾਦਰ ਜੀ ਦਾ ਦਿੱਲੀ ਚਾਂਦਨੀ ਚੌਕ ਵਿੱਚ ਸਿਰ ਕੱਟ ਦਿੱਤਾ ਗਿਆ। ਉਨ੍ਹਾਂ ਦਾ ਸੀਸ ਭਾਈ ਜੈਤਾ ਜੀ ਨੂੰ ਚੁੱਕ ਕੇ ਆਨੰਦਪੁਰ ਪੁਚਾਣਾ ਪਿਆ। ਧੜ ਨੂੰ ਭਾਈ ਲੱਖੀ ਸ਼ਾਹ ਤੇ ਸਾਥੀ ਚੁੱਕ ਕੇ ਲੈ ਗਏ। ਖ਼ੁਦ ਚੱਲ ਕੇ ਗੁਰੂ ਜੀ ਨਾ ਅਨੰਦਪੁਰ ਪਹੁੰਚੇ, ਨਾ ਦਰਬਾਰ ਸਾਹਿਬ ਵੱਲ ਟੁਰੇ, ਕਿਉਂ ? ਗੁਰੂ ਜੀ ਦੇ ਤਿੰਨੇ ਸੇਵਕ ਸਿੱਖ ਭਾਈ ਮਤੀ ਦਾਸ, ਸਤੀ ਦਾਸ, ਦਿਆਲਾ ਜੀ ਭੀ ਦਰਬਾਰ ਸਾਹਿਬ ਵੱਲ ਨਾ ਜਾ ਸਕੇ, ਕਿਉਂ ? ਚਾਰੇ ਸਾਹਿਬਜ਼ਾਦੇ ਦੁਨੀਆਂ ਦੀ ਬੇਮਿਸਾਲ ਕੁਰਬਾਨੀ ਕਰਦਿਆਂ ਸੀਸ ਵਾਰ ਗਏ ਪਰ ਦਰਬਾਰ ਸਾਹਿਬ ਨਾ ਗਏ। ਨਾ ਅਜਿਹੀ ਅਰਦਾਸ ਕੀਤੀ। ਕੀ ਉਨ੍ਹਾਂ ਦੀ ਕੁਰਬਾਨੀ

ਘੱਟ ਸੀ ? ਆਨੰਦਪੁਰ ਦੇ ਜੰਗਾਂ ਵਿੱਚ ਬੇਅੰਤ ਸਿੰਘ ਸ਼ਹੀਦ ਹੋਏ। ਉਨ੍ਹਾਂ ਨੇ ਨਾ ਦਰਬਾਰ ਸਾਹਿਬ ਜਾਣ ਬਾਰੇ ਪ੍ਰਣ ਕੀਤਾ, ਨਾ ਆਨੰਦਪਰ ਦੇ ਗੁਰਦਵਾਰੇ ਵਿੱਚ ਜਾ ਕੇ "ਸੀਸ ਭੇਟ" ਕਰਨ ਦੀ ਮੰਨਤ ਮੰਨੀ। ਅਜਿਹਾ ਕਿਉਂ ? ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਣ ਵਾਲੇ ਸਿੰਘਾਂ ਦੀਆਂ ਲਾਸ਼ਾਂ ਸਾਂਭਣ ਵਾਲਾ ਭੀ ਕੋਈ ਨਹੀਂ ਸੀ। ਕੀ ਉਹ ਦਰਬਾਰ ਸਾਹਿਬ (ਨਿਰੰਕਾਰ ਦਾ ਦਰਬਾਰ) ਵਿੱਚ ਨਹੀਂ ਜਾ ਸਕੇ ? ਖਿਦਰਾਣੇ ਦੀ ਢਾਬ ਵਾਲੇ ਛੋਟੇ ਘੱਲੂਘਾਰੇ ਵਾਲੇ, ਵੱਡੇ ਘੱਲੂਘਾਰੇ ਵਾਲੇ ਬੇਅੰਤ ਸਿੱਖ, ਜੇ ਦਰਬਾਰ ਸਾਹਿਬ "ਸੀਸ ਅਰਪਣ" ਕਰਨ ਨਹੀਂ ਜਾ ਸਕੇ ਤਾਂ ਕੀ ਉਨ੍ਹਾਂ ਦੀ ਸ਼ਹੀਦੀ ਅਜਾਈਂ ਚਲੀ ਗਈ ? ਗੁਰੂ ਗੋਬਿੰਦ ਸਿੰਘ ਜੀ ਅੰਮ੍ਰਿਤਸਰ ਸਾਰੀ ਉਮਰ ਨਹੀਂ ਜਾ ਸਕੇ। ਉਨ੍ਹਾਂ ਦੀ "ਸ਼ਹੀਦੀ" ਭੀ ਦੋ ਹਜ਼ਾਰ ਕਿਲੋ ਮੀਟਰ ਦੂਰ ਜਾ ਕੇ ਹੋ ਗਈ। ਫਿਰ ਕੀ ਮੰਨੀਏ ? ਭਾਈ ਦੀਪ ਸਿੰਘ ਇਨ੍ਹਾਂ ਸਾਰਿਆਂ ਨਾਲੋਂ ਵੱਧ ਤਾਕਤ ਵਾਲਾ ਸੀ ? ਸਾਰਿਆਂ ਨਾਲੋਂ ਜ਼ਿਆਦਾ ਕਰਾਮਾਤਾਂ ਵਾਲਾ ਸੀ ? ਬੇਅੰਤ ਸੂਰਮੇ ਚਰਖੀਆਂ 'ਤੇ ਚੜ੍ਹ ਗਏ। ਬੰਦ-ਬੰਦ ਕੱਟੇ ਗਏ। ਖੋਪਰੀਆਂ ਉਤਰ ਗਈਆਂ। ਆਰਿਆਂ ਨਾਲ ਚੀਰੇ ਗਏ। ਬੱਚਿਆਂ ਦੇ ਟੋਟੇ-ਟੋਟੇ ਹੋ ਗਏ...। ਉਨ੍ਹਾਂ ਸਾਰਿਆਂ ਨੂੰ ਪਛਾੜ ਕੇ ਇਕੱਲੇ ਭਾਈ ਦੀਪ ਸਿੰਘ ਦੇ ਸੋਹਿਲੇ ਗਾਈ ਜਾਣੇ, ਕਿਹੋ ਜਿਹਾ ਇਨਸਾਫ਼ ਹੈ ? ਬਾਕੀ ਬਹਾਦਰਾਂ ਵਾਂਗ ਭਾਈ ਦੀਪ ਸਿੰਘ ਭੀ ਬਹੁਤ ਚੰਗਾ ਬਹਾਦਰ ਸੀ ਪਰ ਦੀਪ ਸਿੰਘ ਨੂੰ ਗੁਰੂ ਸਾਹਿਬਾਨ ਤੋਂ ਭੀ ਵੱਧ ਉਭਾਰਨਾ ਕਿਥੋਂ ਦਾ ਇਨਸਾਫ਼ ਹੈ ? ਟਕਸਾਲ ਵਾਲਿਆਂ ਨੇ ਭਾਈ ਦੀਪ ਸਿੰਘ ਨੂੰ ਉਭਾਰ ਕੇ ਆਪਣੇ ਡੇਰੇਦਾਰਾਂ ਨੂੰ ਵੱਡਾ ਵਿਖਾਉਣ ਦਾ ਪਾਪ ਕਰਮ ਕੀਤਾ ਹੈ। ਕੀ ਗੁਰੂ ਦੀ ਵਡਿਆਈ ਕਰ ਕੇ ਟਕਸਾਲ ਵਾਲੇ ਛੋਟੇ ਬਣ ਜਾਣਗੇ ? ਗੁਰੂ ਨਾਨਕ ਸਾਹਿਬ ਦੇ ਸਪੁੱਤਰ ਹੋ ਕੇ ਭੀ ਸ੍ਰੀ ਚੰਦ ਤੇ ਲਖਮੀ ਦਾਸ ਵੱਡੇ ਨਹੀਂ ਬਣ ਸਕੇ। ਗੁਰੂ ਜੀ ਦੇ ਬੇਟੇ ਪਿਰਥੀ ਚੰਦ, ਧੀਰ ਮੱਲ ਤੇ ਰਾਮ ਰਾਏ ਆਦਿ ਵੱਡੇ ਨਹੀਂ ਹੋ ਸਕੇ ਕਿਉਂਕਿ ਉਨ੍ਹਾਂ ਦਾ ਕਿਰਦਾਰ ਅਤੇ ਵਿਹਾਰ ਗੁਰੂ ਹੁਕਮ ਵਾਲਾ ਨਹੀਂ ਸੀ। ਗੁਰਮਤਿ ਵਿੱਚ ਰਿਸ਼ਤੇਦਾਰੀਆਂ ਨਾਲ ਕੋਈ ਵੱਡਾ ਨਹੀਂ ਹੋ ਸਕਦਾ। ਇਥੇ ਤਾਂ ਆਪਣੇ ਵੱਲੋਂ ਕੀਤੇ ਕੰਮਾਂ ਕਾਰਨ ਕੋਈ ਵੱਡਾ ਜਾਂ ਛੋਟਾ ਹੈ। ਇੱਕੀ ਸਾਲ ਤੱਕ ਭਾਈ ਜਰਨੈਲ ਸਿੰਘ "ਜਿਉਂਦਾ ਹੈ" ਦਾ ਕੁਫ਼ਰ ਤੋਲਣਾ ਭੀ ਦਸਵੇਂ ਪਾਤਿਸ਼ਾਹ ਨੇ ਸਿਖਾਇਆ ਸੀ ? ਟਕਸਾਲ ਦਾ ਮੁਖੀ ਭਾਈ ਹਰਨਾਮ ਸਿੰਘ ਧੁੰਮਾ ਕਦੀ ਸ੍ਰ. ਅਮਰਿੰਦਰ ਸਿੰਘ ਅੱਗੇ ਹੱਥ ਜੋੜੇ ਤੇ ਕਦੀ ਸ੍ਰੀ ਪ੍ਰਕਾਸ਼ ਸਿੰਘ ਬਾਦਲ ਅੱਗੇ। ਇਹ ਹੁਕਮ ਭੀ ਦਸਮੇਸ਼ ਦੀ ਦਾ ਹੈ ? ਪਤਾ ਨਹੀਂ ਇਨ੍ਹਾਂ ਲੋਕਾਂ ਨੂੰ ਕਦੋਂ ਸਮਝ ਆਵੇਗੀ ? ਝੂਠ ਪ੍ਰਚਾਰ ਨੂੰ ਛੱਡ ਕੇ ਕਦੋਂ ਸੱਚ ਮਾਰਗ 'ਤੇ ਚੱਲਣਾ ਸ਼ੁਰੂ ਕਰਨਗੇ। ਹੁਣ ਤਾਂ ਸਿੱਖ ਵਿਦਵਾਨਾਂ ਵਿੱਚ ਇਹ ਵਿਚਾਰ ਭੀ ਉਭਰਨ ਲੱਗ ਪਈ ਹੈ ਕਿ ਜੇਕਰ ਕੋਈ ਅਸਲੀ ਖਾੜਕੂ ਕਿਸੇ ਦੇ ਘਰ ਚਾਹ ਦਾ ਕੱਪ ਪੀ ਗਿਆ ਤਾਂ ਸਰਕਾਰੀ ਫ਼ੋਰਸਾਂ ਨੇ ਉਹ ਸਾਰਾ ਪਰਿਵਾਰ ਖ਼ਤਮ ਕਰ ਦਿੱਤਾ। ਦੂਜੇ ਪਾਸੇ ਭਾਈ ਜਰਨੈਲ ਸਿੰਘ ਖਾੜਕੂਆਂ ਦਾ ਮੋਢੀ ਸੀ ਪਰ ਸਰਕਾਰ ਨੇ ਉਸ ਦੇ ਪਰਿਵਾਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਉਸ ਦੇ ਦੋਵੇਂ ਪੁੱਤਰ ਜੀਵਤ ਤਾਂ ਹਨ ਹੀ ਸਗੋਂ ਉਸ ਦਾ ਭਤੀਜਾ ਭਾਈ ਜਸਬੀਰ ਸਿੰਘ ਰੋਡੇ ਅਕਾਲ ਤਖ਼ਤ ਦਾ ਜਥੇਦਾਰ ਥਾਪ ਦਿੱਤਾ। ਸ਼੍ਰੋਮਣੀ ਕਮੇਟੀ ਤੋਂ ਸਾਰਾ ਪ੍ਰਬੰਧ ਖੋਹ ਕੇ ਰੋਡੇ ਪਰਿਵਾਰ ਦੇ ਹਵਾਲੇ ਕਰ ਦਿੱਤਾ। ਚੌਦਾਂ ਸਾਲ ਤੱਕ

ਅਕਾਲ ਤਖ਼ਤ ਦੀ "ਕਾਰ ਸੇਵਾ" ਰਾਹੀਂ ਇਸ ਪਰਿਵਾਰ ਨੇ ਬੇਅੰਤ ਪੈਸਾ ਕਮਾਇਆ। ਇਨ੍ਹਾਂ ਸਾਰੇ ਪੱਖਾਂ 'ਤੇ ਗੌਰ ਕਰਨੀ ਬਣਦੀ ਹੈ।

ਅੰਦਰਿ ਸਹਸਾ ਦੂਖੁ ਹੈ, ਆਪੈ ਸਿਰਿ ਧੰਧੈ ਮਾਰ ॥
ਦੂਜੈ ਭਾਇ ਸੁਤੇ ਕਬਹਿ ਨ ਜਾਗਹਿ, ਮਾਇਆ ਮੋਹ ਪਿਆਰ ॥
ਨਾਮੁ ਨ ਚੇਤਹਿ, ਸਬਦੁ ਨ ਵੀਚਾਰਹਿ, ਇਹੁ ਮਨਮੁਖ ਕਾ ਆਚਾਰੁ ॥
ਹਰਿ ਨਾਮੁ ਨ ਪਾਇਆ, ਜਨਮੁ ਬਿਰਥਾ ਗਵਾਇਆ, ਨਾਨਕ ਜਮੁਮਾਰਿ ਕਰੇ ਖੁਆਰ ॥ (508)

★★★★★★

ਪੱਥਰ ਤੋਂ ਹੀਰਾ

ਕਹਿੰਦੇ ਨੇ ਇੱਕ ਵਾਰੀ (ਪ੍ਰਸਿੱਧ ਲੇਖਕ ਬਰਨਾਰਡ ਸ਼ਾਹ) ਨੌਕਰੀ ਲੈਣ ਵਾਸਤੇ ਇੰਟਰਵਿਊ 'ਤੇ ਗਿਆ। ਵਾਰੀ ਆਉਣ 'ਤੇ ਫ਼ੈਕਟਰੀ ਦੀ ਚੋਣ ਕਮੇਟੀ ਨੇ ਅੰਦਰ ਬੁਲਾਇਆ। ਆਪਣੇ ਸਾਹਮਣੇ ਬਿਠਾ ਕੇ ਕਈ ਹੋਰ ਸੁਆਲਾਂ ਤੋਂ ਬਾਅਦ ਆਖ਼ਰੀ ਸੁਆਲ ਪੁੱਛਿਆ– "ਨੌਜੁਆਨ! ਇਸ ਫ਼ੈਕਟਰੀ ਵਿੱਚ ਤੇਰਾ ਟੀਚਾ ਕੀ ਹੈ? ਤੂੰ ਇਥੇ ਕੀ ਕਰਨਾ ਹੈ ਤੇ ਕੀ ਬਣਨਾ ਚਾਹੁੰਦਾ ਹੈਂ? ਸੰਖੇਪ ਵਿੱਚ ਦੱਸ।" ਬਰਨਾਰਡ ਸ਼ਾਹ ਨੇ ਤੁਰੰਤ ਜੁਆਬ ਦਿੱਤਾ– "ਇਸ ਵਿਭਾਗ ਵਿੱਚ ਸਭ ਤੋਂ ਵੱਡੇ ਅਸਫ਼ਰ ਦੀ ਕੁਰਸੀ 'ਤੇ ਬੈਠਣਾ।" ਮੁਖੀ ਨੇ ਹੈਰਾਨ ਜਿਹਾ ਹੁੰਦਿਆਂ ਪੁੱਛਿਆ, "ਤੇਰੀ ਯੋਗਤਾ, ਤਜਰਬਾ ਤੇ ਉਮਰ ਬਹੁਤ ਥੋੜ੍ਹੀ ਹੈ। ਇੰਨੇ ਵੱਡੇ ਅਹੁਦੇ 'ਤੇ ਕਿਵੇਂ ਨਿਗਾਹ ਟਿਕਾ ਲਈ?" ਬਰਨਾਰਡ ਸ਼ਾਹ ਆਖਣ ਲੱਗਾ, "ਜਨਾਬ ਮੈਂ ਇਥੇ ਇੰਨੀ ਮਿਹਨਤ ਕਰਾਂਗਾ, ਇੰਨਾ ਤਜਰਬਾ ਹਾਸਲ ਕਰਾਂਗਾ, ਆਪਣੀ ਯੋਗਤਾ ਇਤਨੀ ਵਿਕਸਤ ਕਰਾਂਗਾ ਕਿ ਇਸ ਦੇ ਪ੍ਰਬੰਧਕ ਖ਼ੁਸ਼ੀ ਨਾਲ ਮੈਨੂੰ ਵੱਡਾ ਅਹੁਦਾ ਦੇਣਗੇ।" ਬਰਨਾਰਡ ਦੀ ਹਾਜ਼ਰ ਜੁਆਬੀ ਤੋਂ ਸਾਰੇ ਬਹੁਤ ਪ੍ਰਭਾਵਤ ਹੋਏ। ਚੰਗੇ ਵੱਡੇ ਅਹੁਦੇ 'ਤੇ ਚੰਗੀ ਤਨਖ਼ਾਹ ਦੇ ਕੇ ਨੌਕਰੀ 'ਤੇ ਰੱਖ ਲਿਆ।

ਆਕਾਸ਼ ਵਿੱਚੋਂ ਹੀਰਿਆਂ ਦੀ ਬਾਰਸ਼ ਨਹੀਂ ਹੁੰਦੀ, ਉਹ ਭੀ ਇਸੇ ਧਰਤੀ ਵਿੱਚ ਕਿਧਰੇ ਲੁਕੇ ਪਏ ਹਨ। ਅਸਲ ਵਿੱਚ ਹੀਰਾ ਭੀ ਇੱਕ ਪੱਥਰ ਹੀ ਹੁੰਦਾ ਹੈ। ਫ਼ਰਕ ਇਤਨਾ ਕੁ ਹੈ ਕਿ ਇਸ ਪੱਥਰ ਵਿੱਚ ਚਮਕ ਅਤੇ ਕੋਮਲਤਾ ਹੁੰਦੀ ਹੈ ਪਰ ਮਜ਼ਬੂਤੀ ਪੱਥਰ ਨਾਲੋਂ ਵੱਧ ਹੁੰਦੀ ਹੈ। ਹੀਰੇ ਦੇ ਪਾਰਖੂ ਲੋਕ ਜਿਥੋਂ ਹੀਰੇ ਨਿਕਲਣ ਦੀ ਸੰਭਾਵਨਾ ਹੁੰਦੀ ਹੈ, ਉਹ ਜ਼ਮੀਨ ਪ੍ਰਾਪਤ ਕਰ ਲੈਂਦੇ ਹਨ। ਮਜ਼ਦੂਰ ਲਾ ਕੇ ਖੁਦਾਈ ਕਰਦੇ ਹਨ। ਜਦੋਂ ਕੋਈ ਵਧੀਆ ਜਿਹਾ ਪੱਥਰ ਨਿਕਲਦਾ ਹੈ, ਜੌਹਰੀ ਨੂੰ ਵਿਖਾਉਂਦੇ ਹਨ। ਪਾਰਖੂ ਵਿਅਕਤੀ ਖਰੇ-ਖੋਟੇ ਦੀ ਪਛਾਣ ਕਰ ਕੇ ਹੀਰੇ ਦੀ ਸੰਭਾਵਨਾ ਵਾਲੇ ਪੱਥਰਾਂ ਨੂੰ ਆਪਣੇ ਕੋਲ ਰੱਖ ਲੈਂਦੇ ਹਨ। ਬਾਕੀਆਂ ਨੂੰ ਸੁੱਟ ਦਿੰਦੇ ਹਨ। ਸੰਭਾਲੇ ਹੋਏ ਪੱਥਰਾਂ ਵਿੱਚੋਂ ਦੁਬਾਰਾ ਬਾਰੀਕੀ ਨਾਲ ਪਰਖ ਕਰਨ 'ਤੇ ਕੋਈ ਇੱਕ-ਅੱਧ ਹੀਰਾ ਕਦੀ ਪ੍ਰਾਪਤ ਹੁੰਦਾ ਹੈ। ਵਰਨਾ ਬਹੁਤੀ ਵਾਰੀ ਮਿਹਨਤ ਅਜਾਈਂ ਚਲੀ

ਜਾਂਦੀ ਹੈ। ਬਹੁਤ ਸਾਰੀ ਮਿਹਨਤ ਅਤੇ ਖ਼ਰਚੇ ਤੋਂ ਮਗਰੋਂ ਭੀ ਜੇਕਰ ਇੱਕ ਹੀਰਾ ਹੱਥ ਲੱਗ ਗਿਆ ਤਾਂ ਸਾਰੇ ਦਲਿੱਦਰ ਖ਼ਤਮ ਹੋ ਜਾਣਗੇ। ਉਸ ਨੂੰ ਸਾਫ਼ ਕਰ ਕੇ, ਤਰਾਸ਼ ਕੇ, ਪਾਲਿਸ਼ ਕਰ ਕੇ ਸ਼ੋਅ ਕੇਸ ਵਿੱਚ ਰਖਦੇ ਹਨ ਤਾਂ ਹਰ ਕੋਈ ਉਸ ਦੀ ਸੁੰਦਰਤਾ ਤੋਂ ਬਲਿਹਾਰ ਜਾਂਦਾ ਹੈ। ਬਹੁਤ ਵੱਡੀ ਕੀਮਤ ਅਦਾ ਕਰ ਕੇ ਆਪਣੇ ਘਰ ਲਿਜਾਣਾ ਚਾਹੁੰਦਾ ਹੈ। ਇਨ੍ਹਾਂ "ਪੱਥਰਾਂ" (ਹੀਰਿਆਂ) ਦੇ ਟੁਕੜਿਆਂ ਨੂੰ ਇੱਕ-ਦੂਜੇ ਤੋਂ ਖੋਹਣ ਵਾਸਤੇ ਖ਼ੂਨੀ ਜੰਗ ਹੁੰਦੇ ਨੇ। ਲੱਥਾਂ ਦੇ ਢੇਰ ਲਗਦੇ ਨੇ। ਹਜ਼ਾਰਾਂ ਸਿਪਾਹੀ ਮਰਦੇ ਨੇ। ਇੱਕ ਧਿਰ ਛੱਡਣਾ ਨਹੀਂ ਚਾਹੁੰਦੀ, ਦੂਜੀ ਧਿਰ ਦੇਣਾ ਨਹੀਂ ਚਾਹੁੰਦੀ। ਇੱਕ ਹੀਰੇ ਦੀ ਕੀਮਤ ਹਜ਼ਾਰਾਂ ਇਨਸਾਨਾਂ ਦੀਆਂ ਜ਼ਿੰਦਗੀਆਂ ਨੂੰ ਲੇਖੇ ਲਗਵਾ ਦਿੰਦੀ ਹੈ। ਹੀਰੇ ਕਾਰਨ ਮਰੇ ਬੰਦਿਆਂ ਨੂੰ ਕੋਈ ਯਾਦ ਨਹੀਂ ਕਰਦਾ, "ਹੀਰਾ ਇਤਿਹਾਸ ਵਿੱਚ ਭੀ ਚਮਕਦਾ ਹੈ।"

ਜੇ ਚਮਕ ਦੀ ਬਦੌਲਤ ਇੱਕ ਪੱਥਰ ਦੀ ਇੰਨੀ ਕੀਮਤ ਪੈ ਸਕਦੀ ਹੈ ਤਾਂ ਮਨੁੱਖ ਦੀ ਕਿਉਂ ਨਹੀਂ ? ਪਰ ਮਨੁੱਖ ਨੂੰ ਪੱਥਰਾਂ ਵਿੱਚੋਂ ਹੀਰਾ ਬਣ ਕੇ ਚਮਕਣਾ ਪਵੇਗਾ ਤਾਂ ਹੀ ਮੁੱਲ ਪਵੇਗਾ। ਕਹਿੰਦੇ ਨੇ ਦਰਿਆ ਦੇ ਨਾਲ-ਨਾਲ ਇੱਕ ਬੰਦਾ ਟਹਿਲ ਰਿਹਾ ਸੀ। ਪਾਣੀ ਘੱਟ ਸੀ, ਰੇਤ 'ਤੇ ਟੁਰਦਾ ਪਾਣੀ ਵੱਲ ਚਲਾ ਗਿਆ। ਨੇੜੇ ਕਿਨਾਰੇ 'ਤੇ ਇੱਕ ਪੱਥਰ ਦਿੱਸਿਆ। ਚੁੱਕ ਕੇ ਵੇਖਿਆ ਚੰਗਾ ਲੱਗਾ। ਪਾਣੀ ਵਿੱਚ ਧੋਇਆ, ਰਗੜਿਆ, ਹੋਰ ਸੁੰਦਰ ਦਿੱਸਿਆ। ਘਰ ਲਿਆ ਕੇ ਹੋਰ ਚੰਗੀ ਤਰ੍ਹਾਂ ਸਾਫ਼ ਕੀਤਾ, ਪਾਲਿਸ ਕੀਤੀ। ਇਸ ਗੋਲ ਮਟੋਲ ਪੱਥਰ ਦੀ ਖ਼ੂਬਸੂਰਤੀ ਨਿੱਖਰ ਕੇ ਜਦੋਂ ਸਾਹਮਣੇ ਆਈ, ਮਾਨੋਂ ਰੂਹ ਨਸ਼ਿਆ ਗਈ। ਇਸ ਪੱਥਰ ਨੂੰ ਆਪਣੇ ਸਜਾਵਟੀ ਕਮਰੇ ਵਿੱਚ ਸਭ ਤੋਂ ਮਹੱਤਵਪੂਰਨ ਥਾਂ 'ਤੇ ਟਿਕਾ ਦਿੱਤਾ। ਲਿਆਣ ਵਾਲਾ ਮਾਲਕ ਸਾਹਮਣੇ ਬੈਠ ਗਿਆ। ਮਨ ਹੀ ਮਨ ਪੱਥਰ ਨੂੰ ਪੁੱਛਦਾ ਹੈ- "ਵਾਹ! ਕਿਆ ਖ਼ੂਬਸਰਤ ਹੈ। ਰੱਬ ਨੇ ਬੜੀ ਕ੍ਰਿਪਾ ਕੀਤੀ ਕਿ ਇਸ ਨੂੰ ਅਥਾਹ ਸੁੰਦਰਤਾ ਦਿੱਤੀ। ਧੰਨਵਾਦ ਪਰਮੇਸ਼ਰ ਦਾ ਕਿ ਇਹ ਮੇਰੇ ਹੱਥ ਲੱਗ ਗਿਆ।" ਪੱਥਰ ਨੇ ਸੁਣ ਲਿਆ, (ਖ਼ਿਆਲੀ ਉਡਾਰੀ) ਬੋਲਣੋਂ ਰਹਿ ਨਾ ਸਕਿਆ। ਆਖਣ ਲੱਗਾ, "ਮੇਰੇ ਮਾਲਕ! ਧਿਆਨ ਨਾਲ ਸੁਣੋ!! ਮੇਰੀ ਸੁੰਦਰਤਾ ਜੋ ਤੁਹਾਡੇ ਮਨ ਨੂੰ ਭਾ ਗਈ, ਇਸ ਲਈ ਸ਼ੁਕਰੀਆ। ਕੀ ਤੁਹਾਨੂੰ ਪਤਾ ਹੈ ਕਿ ਮੇਰੀ ਸੁੰਦਰਤਾ ਦੇ ਪਿੱਛੇ ਕਿੰਨੀਆਂ ਮੁਸੀਬਤਾਂ ਅਤੇ ਕਿੰਨੇ ਦੁੱਖ ਛੁਪੇ ਹੋਏ ਹਨ ? ਲਉ ਸੁਣੋ! ਮੈਂ ਬਹੁਤ ਉੱਚੇ ਪਹਾੜ ਤੋਂ ਰਿੜ੍ਹਦਾ ਹੋਇਆ, ਸੱਟਾਂ ਖਾਂਦਾ ਦਰਿਆ ਵਿੱਚ ਆ ਡਿੱਗਿਆ। ਪਾਣੀ ਵਿੱਚ ਡੁੱਬਿਆ ਅੱਗੇ ਰਿੜ੍ਹਿਆ। ਗੋਤੇ ਖਾਧੇ ਅੱਗੇ ਸਰਕਿਆ। ਹੋਰ ਵੱਡੇ ਪੱਥਰ ਭਰਾਵਾਂ ਨੇ ਮੈਨੂੰ ਬਹੁਤ ਸੱਟਾਂ ਮਾਰੀਆਂ। ਕਦੀ ਨਿਰਮਲ ਜਲ ਵਿੱਚ ਤਾਰੀਆਂ ਲਾਈਆਂ, ਕਦੀ ਗੰਦੇ ਪਾਣੀਆਂ ਵਿੱਚ ਡੁੱਬਿਆ, ਹਉਕੇ ਲੈਂਦਾ ਰਿਹਾ। ਖੱਚਰਾਂ, ਘੋੜਿਆਂ ਤੇ ਹਾਥੀਆਂ ਦੇ ਪੈਰਾਂ ਹੇਠ ਲਿਤਾੜਿਆ ਗਿਆ। ਸਦੀਆਂ ਬੀਤ ਗਈਆਂ ਮੈਨੂੰ ਤਸੀਹੇ ਝਲਦੇ ਨੂੰ। ਹਾਰ ਨਹੀਂ ਮੰਨੀ ਅੱਗੇ ਚਲਦਾ ਗਿਆ। ਲੰਮੀ ਉਡੀਕ ਤੇ ਸਦੀਆਂ ਦੇ ਸਫ਼ਰ ਤੋਂ ਮਗਰੋਂ ਤੇਰੇ ਵਰਗਾ ਕੋਈ ਕਦਰਦਾਨ ਮਿਲਿਆ ਹੈ ਜਿਸ ਨੇ ਸਾਫ਼ ਕਰ ਕੇ ਆਪਣੇ ਦਿਲ ਵਿੱਚ ਥਾਂ ਦਿੱਤੀ ਹੈ। ਆਪਣੇ ਘਰ ਦਾ ਸ਼ਿੰਗਾਰ ਬਣਾਇਆ ਹੈ।" ਪੱਥਰ ਲੈ ਕੇ ਆਉਣ ਵਾਲਾ ਨੌਜੁਆਨ ਅਨੋਖੀ ਗਾਥਾ ਸੁਣ ਕੇ ਪੱਥਰ ਬਣ ਗਿਆ। ਅੱਖਾਂ ਵਿੱਚੋਂ ਜਲ ਧਾਰਾ ਵਹਿ ਤੁਰੀ। ਦੋਵੇਂ ਹੱਥ ਜੋੜ ਕੇ ਇਸ

ਅਨੋਖੇ ਪੱਥਰ ਨੂੰ ਸਿਰ ਝੁਕਾਇਆ।

ਪਾਠਕੋ! ਇਹ ਕਹਾਣੀ ਸੰਕੇਤਕ ਹੈ। ਆਉ ਇਸੇ ਅਸਲੀ ਸੱਚ ਨੂੰ ਸਿੱਧੇ ਮੱਥੇ ਸਮਝਣ ਦੀ ਕੋਸ਼ਿਸ਼ ਕਰੀਏ। ਜਿਨ੍ਹਾਂ ਸ਼ਖ਼ਸੀਅਤਾਂ ਨੂੰ ਅਸੀਂ ਅੱਜ ਸਤਿਕਾਰ ਦਿੰਦੇ ਹਾਂ। ਕਦੀ ਉਨ੍ਹਾਂ ਦੀ ਜ਼ਿੰਦਗੀ ਬਾਰੇ ਪੜ੍ਹ ਕੇ ਵੇਖਣਾ। ਉਨ੍ਹਾਂ ਦਾ ਸਾਰਾ ਜੀਵਨ- **"ਖੰਨਿਅਹੁ ਤਿਖੀ ਵਾਲਹੁ ਨਿਕੀ, ਏਤੁ ਮਾਰਗਿ ਜਾਣਾ॥"** (918) ਦੇ ਵਾਕ ਵਾਂਗ ਹੁੰਦਾ ਹੈ। ਦਸਾਂ ਪਾਤਿਸ਼ਾਹੀਆਂ ਦਾ ਜੀਵਨ ਪੜ੍ਹ ਵੇਖੋ। ਪੰਜਾਂ ਪਿਆਰਿਆਂ ਦਾ ਇਤਿਹਾਸ ਪੜ੍ਹ ਲਉ। ਸਾਰੇ ਭਗਤ ਸਾਹਿਬਾਨ ਖੰਡੇ ਦੀ ਧਾਰ 'ਤੇ ਤੁਰਦੇ ਰਹੇ। ਹੋਰ ਜਿਨ੍ਹਾਂ ਸਿਰ ਕੱਢਵੇਂ ਵਿਅਕਤੀਆਂ ਨੂੰ ਅਸੀਂ ਨਮਸਕਾਰਾਂ ਕਰਦੇ ਹਾਂ, ਉਨ੍ਹਾਂ ਨੇ ਆਪਣੇ ਸਿਰ ਕਟਵਾਏ ਸੀ, ਫਿਰ ਉਨ੍ਹਾਂ ਦੇ "ਸਿਰ ਉੱਚੇ" ਹੋਏ ਸੀ। ਕਿਸੇ ਨੂੰ ਹਾਥੀਆਂ ਅੱਗੇ ਸੁੱਟ ਕੇ ਮਾਰਿਆ ਗਿਆ। ਕਿਸੇ ਨੂੰ ਕਾਲ ਕੋਠੜੀ ਵਿੱਚ ਬੰਦ ਕੀਤਾ ਗਿਆ। ਕੋਈ ਤੱਤੀਆਂ ਤਵੀਆਂ 'ਤੇ ਲਿਟਾਇਆ ਗਿਆ। ਕਿਸੇ ਨੂੰ ਪਾਣੀ ਵਿੱਚ ਡੋਬਿਆ ਗਿਆ। ਸਾਡੇ ਪੱਥਰ ਦਿਲਾਂ ਉਤੇ ਆਪਣਾ ਨਾਮ ਲਿਖਵਾਉਣ ਵਾਸਤੇ ਉਨ੍ਹਾਂ ਨੇ ਬੜੇ ਤਸੀਹੇ ਝੱਲੇ, ਜੀਵਨ ਲੇਖੇ ਲਾ ਦਿੱਤੇ। ਫਿਰ ਕਿਤੇ ਸਾਡੇ ਦਿਲ ਦੇ ਕਿਸੇ ਕੋਨੇ ਵਿੱਚ ਉਨ੍ਹਾਂ ਲਈ ਥੋੜ੍ਹੀ ਜਿੰਨੀ ਥਾਂ ਬਣੀ ਹੈ। ਵਰਨਾ ਕੌਣ ਕਿਸੇ ਨੂੰ ਯਾਦ ਕਰਦਾ ਹੈ? ਸਕੇ ਸਬੰਧੀਆਂ, ਭੈਣਾਂ-ਭਰਾਵਾਂ, ਮਾਤਾ-ਪਿਤਾ ਤੇ ਧੀਆਂ-ਪੁੱਤਰਾਂ ਤੱਕ ਨੂੰ ਲੋਕੀਂ ਭੁੱਲ ਜਾਂਦੇ ਨੇ। ਜੋ ਸਾਡਾ ਰਿਸ਼ਤੇਦਾਰ ਨਹੀਂ। ਜਿਸ ਨੇ ਸਾਨੂੰ ਜ਼ਮੀਨ ਜਾਂ ਪੈਸਾ ਨਹੀਂ ਦਿੱਤਾ। ਫਿਰ ਭੀ ਸਾਡੀ ਸੋਚ ਅੰਦਰ ਉਸ ਦੀ ਯਾਦ ਡੂੰਘੀ ਧੱਸ ਜਾਵੇ ਤਾਂ ਸੋਚਣਾ ਪਵੇਗਾ ਕਿ ਕੋਈ ਖ਼ਾਸ ਕਾਰਨ ਹੈ। ਸਾਡੇ ਦਿਲਾਂ ਤੱਕ ਪਹੁੰਚਣ ਵਾਸਤੇ ਉਨ੍ਹਾਂ ਨੇ ਬਹੁਤ ਵੱਡੀ ਕੀਮਤ ਅਦਾ ਕੀਤੀ ਸੀ।

ਸੋਨੇ ਦੀ ਕੀਮਤ ਤਦੋਂ ਪੈਂਦੀ ਹੈ ਜਦੋਂ ਸਾਰਾ ਖੋਟ ਨਿਕਲ ਜਾਵੇ। ਸ਼ੁੱਧ ਸੋਨਾ, ਬਾਕੀ ਰਹੀ ਖੋਟ ਨਾ ਰਹੇ ਪਰ ਖੋਟ ਕੱਢਣ ਵਾਸਤੇ ਸੋਨੇ ਨੂੰ ਅੱਗ 'ਤੇ ਬੈਠਣਾ ਪੈਣਾ ਹੈ। ਆਪਣੀ "ਦੇਹ" ਨੂੰ ਪਿਘਲਾਉਣਾ ਪਵੇਗਾ। ਲੋਹੇ ਦਾ ਖੋਟ ਕੱਢਣ ਵਾਸਤੇ ਅੱਗ 'ਤੇ ਚਾਹੜਨਾ ਹੀ ਪਵੇਗਾ। ਆਪਣੀ ਮਰਜ਼ੀ ਦੇ ਔਜ਼ਾਰ ਬਣਾਉਣ ਵਾਸਤੇ ਸੱਟਾਂ ਮਾਰਨੀਆਂ ਹੀ ਪੈਣਗੀਆਂ। ਜਿਨ੍ਹਾਂ ਵਸਤੂਆਂ, ਮਸ਼ੀਨਾਂ, ਇਮਾਰਤਾਂ ਆਦਿ ਨੂੰ ਵੇਖ ਕੇ ਜਦੋਂ ਬਦੋ ਬਦੀ ਮੂੰਹੋਂ ਨਿਕਲੇ, "ਵਾਹ! ਕਿਆ ਬਾਤ ਹੈ"। ਕਿਸੇ ਉਪਰੇ ਦੇ ਮੂੰਹੋਂ ਵਾਹ! ਕਿਆ ਬਾਤ ਹੈ", ਅਖਵਾਉਣ ਵਾਸਤੇ ਅਨੰਤ ਮੁਸੀਬਤਾਂ ਵਿੱਚੋਂ ਦੀ ਲੰਘਣਾ ਪੈਂਦਾ ਹੈ। ਉਮਰਾਂ ਲੇਖੇ ਲੱਗ ਜਾਂਦੀਆਂ ਹਨ। ਵਰਨਾ ਕੌਣ ਕਿਸੇ ਨੂੰ ਯਾਦ ਕਰਦਾ ਹੈ? ਅਸੀਂ ਕਿਸੇ ਦਾ ਕੀ ਸੰਵਾਰਿਆ ਹੈ ਕਿ ਲੋਕੀਂ ਸਾਨੂੰ ਯਾਦ ਕਰਨ? ਕਬੀਰ ਜੀ ਰਵਿਦਾਸ ਜੀ, ਨਾਮਦੇਵ ਜੀ ਆਪਣੀ ਅਮੀਰੀ ਕਾਰਨ, ਜਾਂ ਵੱਡੇ ਅਹੁਦੇ ਕਾਰਨ ਬੁਲੰਦੀਆਂ 'ਤੇ ਨਹੀਂ ਪਹੁੰਚੇ। ਗ਼ਰੀਬਾਂ ਦੇ ਤਾਂ ਚਿਹਰੇ ਮੋਹਰੇ ਭੀ ਬਹੁਤੇ ਸੋਹਣੇ ਨਹੀਂ ਹੁੰਦੇ। ਜੇ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਵੱਲੋਂ ਕੀਤੇ ਅਣਗਿਣਤ ਭਲੇ ਕੰਮਾਂ ਲਈ।

ਜਨਮ ਮਰਣ ਦੁਹਹੂ ਮਹਿ ਨਾਹੀ, ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਏ॥ (749)

★★★★★★

ਰਾਜ ਮਹਿਲ ਦਾ ਦਰਵਾਜ਼ਾ

ਦੇਸ਼ ਦੀ ਜੰਤਾ ਨੂੰ ਅਗਿਆਨਤਾ ਵਿੱਚੋਂ ਜਗਾਉਣ ਵਾਸਤੇ ਗੁਰੂ ਨਾਨਕ ਸਾਹਿਬ ਜੀ ਨੇ ਬਹੁਤ ਲੰਮੇਂ ਪ੍ਰਚਾਰ ਦੌਰੇ ਕੀਤੇ ਸਨ। ਬੜੇ ਖ਼ਤਰੇ ਸਹੇੜੇ, ਬਹੁਤ ਤਰ੍ਹਾਂ ਦੀਆਂ ਮੁਸ਼ਕਲਾਂ ਝੱਲੀਆਂ। ਓਪਰੇ ਲੋਕ ਵੱਖਰੀ ਬੋਲੀ, ਅਤਿਅੰਤ ਪਛੜੇਵਾਂ। ਆਵਾਜਾਈ ਦੇ ਸਾਧਨ ਨਾਂਹ ਦੇ ਬ੍ਰਾਬਰ ਸਨ। ਸੰਚਾਰ ਪ੍ਰਬੰਧ ਹੈ ਕੋਈ ਨਹੀਂ। ਇੱਕ ਪਿੰਡ ਦੀ ਖ਼ਬਰ ਦੂਜੇ ਪਿੰਡ ਤੱਕ ਮਸਾਂ ਹੀ ਪਹੁੰਚਦੀ ਸੀ। ਫਿਰ ਭੀ ਗੁਰੂ ਜੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਇਨਕਲਾਬ ਦਾ ਬੀਜ, ਲੋਕ ਮਨਾਂ ਅੰਦਰ ਬੀਜਣ ਵਾਸਤੇ ਘਰੋਂ ਚੱਲ ਪਏ। ਬਿਨਾਂ ਵੱਡੇ ਸਾਧਨਾਂ ਤੋਂ ਕੰਮ ਕਰਨ ਦਾ ਤਹੱਈਆ ਲੈ ਕੇ। ਜਿਨ੍ਹਾਂ ਨੇ ਕੰਮ ਨਹੀਂ ਕਰਨਾ ਹੁੰਦਾ। ਉਨ੍ਹਾਂ ਕੋਲ ਬੇਅੰਤ ਬਹਾਨੇ ਹੁੰਦੇ ਹਨ। ਜਿਨ੍ਹਾਂ ਨੇ ਕੰਮ ਕਰਨਾ ਹੋਵੇ, ਉਹ ਬਹਾਨੇ ਨਹੀਂ ਘੜਦੇ, ਕੰਮ ਕਰਨ ਦੇ ਤਰੀਕੇ ਲੱਭਦੇ ਹਨ। ਸੜਕਾਂ 'ਤੇ ਸਫ਼ਰ ਕਰਨ ਵਾਲੇ ਲੱਖਾਂ ਲੋਕਾਂ ਨੂੰ ਕੋਈ ਯਾਦ ਨਹੀਂ ਕਰਦਾ। ਬਿਨਾਂ ਰਾਹਾਂ ਤੋਂ ਦੁਰਗਮ ਪੈਂਡੇ 'ਤੇ ਚਲਦਿਆਂ ਮੰਜ਼ਿਲਾਂ ਨੂੰ ਸਰ ਕਰਨ ਵਾਲਿਆਂ ਨੂੰ ਯਾਦ ਕਰੀਦਾ ਹੈ। ਨਵੇਂ ਰਾਹ ਤਲਾਸ਼ਣ ਵਾਲਿਆਂ ਨੂੰ, ਲੋਕਾਂ ਦਾ ਜੀਵਨ ਰਾਹ ਸੁਖਾਲਾ ਕਰਨ ਵਾਲਿਆਂ ਨੂੰ, ਨਮਸਕਾਰਾਂ ਕੀਤੀਆਂ ਜਾਂਦੀਆਂ ਹਨ।

ਮਨੁੱਖਤਾ ਲਈ ਦੁੱਖਦਾਈ ਬੰਦਸ਼ਾਂ ਨੂੰ ਤੋੜਨ ਵਾਸਤੇ, ਜੰਗਾਲੀ ਹੋਈ ਸੋਚ ਨੂੰ ਮਾਂਜਣ ਵਾਸਤੇ, ਬਦਬੂ ਮਾਰਦੇ ਖੜ੍ਹੇ ਪਾਣੀਆਂ ਵਿੱਚ ਤਰਥੱਲੀ ਪਾਉਣ ਵਾਸਤੇ, ਗੁਰੂ ਨਾਨਕ ਸਾਹਿਬ ਚੱਲ ਕੇ ਕੋਚੀਨ ਨਗਰ ਵਿੱਚ ਪਹੁੰਚ ਗਏ। ਇਥੇ ਸਾਧੂਆਂ, ਸੰਤਾਂ ਲਈ ਬਣਾਈ ਧਰਮਸ਼ਾਲਾ ਵਿੱਚ ਰਾਤੀ ਵਿਸ਼ਰਾਮ ਕੀਤਾ। ਰਾਤ ਸਮੇਂ ਜਿੰਨੇ ਲੋਕਾਂ ਨਾਲ ਧਰਮਸ਼ਾਲਾ ਵਿੱਚ ਮੁਲਾਕਾਤ ਹੋ ਸਕੀ ਕੀਤੀ। ਸੁਣਨ ਵਾਲੇ ਭਾਵੇਂ ਬਹੁਤੇ ਨਹੀਂ ਸਨ ਪਰ ਸਾਰੇ ਧਿਆਨ ਨਾਲ ਸੁਣ ਰਹੇ ਸਨ। ਸੁਣਨ ਵਾਲਿਆਂ ਨੇ ਸਮਾਂ ਮਿੱਥ ਕੇ ਅਗਲੇ ਦਿਨ ਵੱਡਾ ਜੋੜ ਮੇਲਾ (ਇਕੱਠ) ਕਰਨ ਦਾ ਯਕੀਨ ਦਿਵਾਇਆ। ਬਣਾਏ ਪ੍ਰੋਗਰਾਮ ਮੁਤਾਬਕ ਅਗਲੇ ਦਿਨ ਸ਼ਹਿਰ ਵਾਸੀ ਬਹੁਤ ਲੋਕ ਸੰਗਤ ਵਿੱਚ ਆਏ। ਗੁਰੂ ਨਾਨਕ ਸਾਹਿਬ ਨੇ ਦੇਸ਼ ਵਿੱਚ ਹੋ ਰਹੇ ਰਾਜਸੀ ਜ਼ਬਰ ਬਾਰੇ ਦੱਸਿਆ। ਧਾਰਮਕ ਪੁਜਾਰੀਆਂ ਵੱਲੋਂ ਕੀਤੀ ਜਾ ਰਹੀ ਲੁੱਟ ਬਾਰੇ ਸਮਝਾਇਆ। ਜੇ ਤੁਸੀਂ ਸਾਰੇ ਦੇਵੀਆਂ-ਦੇਵਤਿਆਂ ਨੂੰ ਤਿਆਗ ਦਿਓ, ਇੱਕ ਨਿਰੰਕਾਰ ਨੂੰ ਮੰਨਣ ਲੱਗ ਪਓ, ਜਾਤ-ਪ੍ਰਾਤ ਨੂੰ ਗਲੋਂ ਲਾਹ ਦਿਓ। ਆਪਸੀ ਵੈਰ ਵਿਰੋਧ ਤਿਆਗ ਕੇ ਸਾਰੇ ਇਕੱਠੇ ਹੋ ਜਾਓ ਤਾਂ ਤੁਹਾਡੀ ਗ਼ੁਲਾਮੀ ਨੂੰ ਆਜ਼ਾਦੀ ਵਿੱਚ ਬਦਲਿਆ ਜਾ ਸਕਦਾ ਹੈ। ਪੁਜਾਰੀਆਂ ਨੂੰ ਗਲੋਂ ਲਾਹਿਆ ਜਾ ਸਕਦਾ ਹੈ। ਤੁਸੀਂ ਸਵੈਮਾਣ ਵਾਲਾ ਜੀਵਨ ਜਿਉਂ ਸਕਦੇ ਹੋ। ਤੁਹਾਡੀ ਮਿਹਨਤ ਦਾ ਤੁਹਾਨੂੰ ਪੂਰਾ ਮੁੱਲ ਮਿਲ ਸਕਦਾ ਹੈ। ਤੁਹਾਡੇ ਪ੍ਰਵਾਰ ਸੁੱਖ-ਸ਼ਾਂਤੀ ਵਾਲਾ ਸੁਖੀ ਜੀਵਨ ਬਤੀਤ ਕਰ ਸਕਦੇ ਹਨ। ਅਜਿਹੇ ਵਿਚਾਰ ਕਈ ਦਿਨਾਂ ਤੱਕ ਹੁੰਦੇ ਰਹੇ। ਸੁਣਨ ਵਾਲਿਆਂ ਦੀ ਲਗਾਤਾਰ ਗਿਣਤੀ ਵਧਦੀ ਰਹੀ। ਸੁਆਲ-ਜੁਆਬ ਹੁੰਦੇ ਰਹੇ।

ਦਸ ਕੁ ਦਿਨਾਂ ਦੇ ਅੰਦਰ ਇਹ ਖ਼ਬਰਾਂ ਰਾਜ ਮਹਿਲਾਂ ਤੱਕ ਪਹੁੰਚ ਗਈਆਂ, ਰਾਜਾ ਕੇਸਵ ਦੱਤ ਦੇ ਕਈ ਨੌਕਰ ਖ਼ੁਦ ਆ ਕੇ ਗੁਰੂ ਸਾਹਿਬ ਦੇ ਵਿਚਾਰ ਸੁਣ ਚੁੱਕੇ ਸਨ। ਉਨ੍ਹਾਂ ਜਾ ਕੇ ਇਨ੍ਹਾਂ ਨਵੇਂ ਵਿਚਾਰਾਂ ਬਾਰੇ ਕਈ ਤਰ੍ਹਾਂ ਦੇ ਸ਼ੱਕੇ ਪ੍ਰਗਟ ਕੀਤੇ। ਰਾਜੇ ਨੇ ਆਪਣੇ ਮੁਖੀ ਸੇਵਕ ਨੂੰ ਹੁਕਮ ਦਿੱਤਾ ਕਿ ਬਾਬਾ ਨਾਨਕ ਜੀ ਨੂੰ ਰਾਜ ਮਹਿਲ ਵਿੱਚ ਬੁਲਾਓ। ਇਥੇ ਅਸੀਂ ਖ਼ੁਦ ਉਨ੍ਹਾਂ ਦੇ ਪ੍ਰਵਚਨ ਸੁਣ ਕੇ ਨਿਰਣਾ ਕਰਾਂਗੇ ਕਿ ਉਹ ਕੀ ਬੋਲਦੇ ਹਨ। ਨਾਲ ਹੀ ਸਾਡੇ ਰਾਜ ਘਰਾਣੇ ਦੀਆਂ ਇਸਤਰੀਆਂ ਉਪਦੇਸ਼ ਸੁਣ ਕੇ ਜੀਵਨ ਸਫ਼ਲਾ ਕਰਨਗੀਆਂ। ਅਸੀਂ ਅੰਨ-ਪਾਣੀ ਨਾਲ ਸੇਵਾ ਭੀ ਕਰਾਂਗੇ। ਅਗਲੇ ਦਿਨ ਸੇਵਾਦਾਰ ਨੇ ਆ ਕੇ ਰਾਜੇ ਦੀ ਇੱਛਾ ਗੁਰੂ ਜੀ ਅੱਗੇ ਨਿਮਰਤਾ ਪੂਰਬਕ ਕਹਿ ਸੁਣਾਈ। ਗੁਰੂ ਨਾਨਕ ਸਾਹਿਬ ਆਖਣ ਲੱਗੇ, "ਭਾਈ ਰਾਜ ਮਹਿਲਾਂ ਵਿੱਚ ਸਾਧੂਆਂ ਦਾ ਕੀ ਕੰਮ ? ਇਥੇ ਬਹੁਤ ਸੋਹਣਾ ਮਾਹੌਲ ਬਣਿਆ ਹੋਇਆ ਹੈ। ਸੰਗਤ ਜੁੜਦੀ ਹੈ, ਜੇਕਰ ਰਾਜੇ ਨੇ ਕੋਈ ਲਾਹਾ ਲੈਣਾ ਹੀ ਹੈ ਤਾਂ ਧਰਮਸ਼ਾਲਾ ਵਿੱਚ ਹੀ ਆ ਜਾਵੇ।"

ਸੇਵਕ ਨੇ ਸਾਰੀ ਹੋਈ ਬੀਤੀ ਰਾਜੇ ਨੂੰ ਜਾ ਸੁਣਾਈ। ਰਾਜਾ ਕਾਫ਼ੀ ਹੈਰਾਨ ਭੀ ਹੋਇਆ ਕਿ ਬਹੁਤੇ ਸਾਧ ਰਾਜੇ ਤੱਕ ਪਹੁੰਚਣ ਵਾਸਤੇ ਸਦਾ ਹੀ ਤਿਆਰ ਰਹਿੰਦੇ ਹਨ। ਇਹ ਸਾਧ ਬੁਲਾਏ ਤੋਂ ਭੀ ਆਉਣ ਲਈ ਤਿਆਰ ਨਹੀਂ। ਚਲੋ ਚਲਦੇ ਹਾਂ ਵੇਖਣ, ਕਿਸ ਤਰ੍ਹਾਂ ਦੇ ਉਪਦੇਸ਼ ਕਰਦਾ ਹੈ। ਨੌਕਰਾਂ ਨੇ ਪਹਿਲਾਂ ਆ ਕੇ ਧਰਮਸ਼ਾਲਾ ਦੀ ਚੰਗੀ ਤਰ੍ਹਾਂ ਸਫ਼ਾਈ ਕੀਤੀ। ਰਾਜੇ ਲਈ ਵੱਡਾ ਗੱਦਾ ਲਾ ਕੇ ਉੱਚਾ ਆਸਣ ਤਿਆਰ ਕਰਵਾਇਆ ਗਿਆ। ਰਾਜੇ ਅਤੇ ਲੋਕਾਂ ਵਿਚਕਾਰ ਕਾਫ਼ੀ ਸਾਰੀ ਦੂਰੀ ਬਣਾਈ ਗਈ। ਸਮੇਂ ਸਿਰ ਰਾਜਾ ਆ ਪਹੁੰਚਿਆ। ਇੱਕ ਸਾਧਾਰਨ ਜਿਹੇ ਸਾਧੂ (ਗੁਰੂ ਨਾਨਕ) ਨੂੰ ਵੇਖ ਕੇ ਬੇਚੈਨੀ ਜਿਹੀ ਭੀ ਮਹਿਸੂਸ ਹੋਈ। ਸਾਰੇ ਲੋਕੀਂ ਆ ਕੇ ਬੈਠਦੇ ਗਏ, ਜਿਵੇਂ-ਜਿਵੇਂ ਰਾਜ ਕਰਮਚਾਰੀਆਂ ਨੇ ਬਿਠਾਇਆ। ਗੁਰੂ ਨਾਨਕ ਸਾਹਿਬ ਨੇ ਰਾਜੇ ਨੂੰ ਕੋਈ ਉਚੇਚਾ ਸਤਿਕਾਰ ਨਾ ਦਿੱਤਾ। ਕਥਾ ਵਿਚਾਰ ਦੌਰਾਨ ਪਰਜਾ ਦੇ ਹੱਕਾਂ ਬਾਰੇ ਦੱਸਿਆ ਗਿਆ। ਰਾਜੇ ਦੇ ਫ਼ਰਜ਼ਾਂ ਬਾਰੇ ਚਾਨਣਾ ਪਾਇਆ। ਦੇਸ਼ ਵਿੱਚ ਚੱਲ ਰਹੇ ਮੰਦੇ ਹਾਲਾਤ ਬਾਰੇ ਸਾਰਿਆਂ ਨੂੰ ਦੱਸਿਆ ਗਿਆ। ਗੁਰੂ ਨਾਨਕ ਨੇ ਆਪਣੇ ਆਉਣ ਦਾ ਪ੍ਰਯੋਜਨ ਸਮਝਾਇਆ ਕਿ ਮੈਂ ਘਰੋਂ ਕਿਉਂ ਨਿਕਲਿਆ ਹਾਂ। ਸਮਾਪਤੀ 'ਤੇ ਰਾਜਾ ਕੇਸਵ ਦੱਤ ਨੇ ਫਿਰ ਆਪਣੇ ਮਹਿਲ ਵਿੱਚ ਆਉਣ ਲਈ ਬੇਨਤੀ ਕੀਤੀ। ਗੁਰੂ ਨਾਨਕ ਸਾਹਿਬ ਨੇ ਕਿਹਾ, "ਤੇਰਾ ਘਰ ਛੋਟਾ ਹੈ, ਤੇਰੇ ਘਰ ਦਾ ਦਰਵਾਜ਼ਾ ਹੋਰ ਭੀ ਛੋਟਾ ਹੈ। ਮੈਂ ਅੰਦਰ ਕਿਵੇਂ ਦਾਖ਼ਲ ਹੋ ਸਕਦਾ ਹਾਂ ?" ਰਾਜਾ ਹੈਰਾਨ ਹੋ ਕੇ, "ਮਹਾਤਮਾ ਜੀ! ਬੜੀਆਂ ਅਜੀਬ ਗੱਲਾਂ ਕਰਦੇ ਹੋ। ਤੁਹਾਡੇ ਉਪਦੇਸ਼ ਵਿੱਚ ਭੀ ਕੁੱਝ ਓਪਰੀਆਂ ਜਿਹੀਆਂ ਗੱਲਾਂ ਸੁਣੀਆਂ ਸਨ। ਹੁਣ ਫਿਰ ਕਹਿ ਰਹੇ ਹੋ ਕਿ ਮਹਿਲ ਦਾ ਦਰਵਾਜ਼ਾ ਛੋਟਾ ਹੈ। ਜਦੋਂ ਕਿ ਸਾਰਿਆਂ ਨੂੰ ਪਤਾ ਹੈ ਕਿ ਰਾਜੇ ਦੇ ਮਹਿਲ ਵਿੱਚ ਹਾਥੀ ਤੱਕ ਦਾਖ਼ਲ ਹੋ ਸਕਦੇ ਹਨ।"

ਗੁਰੂ ਨਾਨਕ, "ਰਾਜਾ ਕੇਸਵ ਦੱਤ, ਸਮਝਣ ਦੀ ਕੋਸ਼ਿਸ਼ ਕਰ। ਤੂੰ ਧਰਮਸ਼ਾਲ ਵਿੱਚ ਆਇਆ, ਆਪਣੇ ਹੰਕਾਰ ਦੀ ਪੰਡ ਨਾਲ ਹੀ ਲਿਆਇਆ। ਸਾਰੇ ਲੋਕਾਂ ਨੂੰ ਦੂਰ ਬਿਠਾ

ਦਿੱਤਾ, ਤੂੰ ਉਨ੍ਹਾਂ ਤੋਂ ਵੱਖ ਹੋ ਕੇ ਉੱਚੀ ਥਾਵੇਂ ਆਸਣ ਲਾ ਕੇ ਬੈਠਿਆ ਹੈਂ, ਅਜਿਹਾ ਕਿਉਂ ?"

ਰਾਜਾ- "ਬਾਬਾ ਜੀ! ਇਹ ਲੋਕ ਗਵਾਰ ਹਨ, ਗੰਦੇ ਹਨ, ਛੋਟੀਆਂ ਜਾਤਾਂ ਵਾਲੇ ਹਨ। ਦਾਨ-ਪੁੰਨ ਇਹ ਨਹੀਂ ਕਰਦੇ। ਮੈਂ ਰਾਜਾ ਹਾਂ ਉੱਚੀ ਜਾਤ ਵਾਲਾ ਹਾਂ। ਰੋਜ਼ਾਨਾ ਇਸ਼ਨਾਨ ਕਰਦਾ ਹਾਂ। ਮੰਤਰ ਜਪਦਾ ਹਾਂ। ਇਨ੍ਹਾਂ ਨਾਲ ਮੇਰੀ ਬਰਾਬਰੀ ਕਿਵੇਂ ਹੋ ਸਕਦੀ ਹੈ ?"

ਗੁਰੂ ਨਾਨਕ- "ਰਾਜਾ ਕੇਸਵ ਦੱਤ! ਧਿਆਨ ਨਾਲ ਸੁਣ!! ਜੇਕਰ ਇਹ ਲੋਕ ਗਵਾਰ ਹਨ ਤਾਂ ਇਸ ਦਾ ਜ਼ਿੰਮੇਵਾਰ ਤੂੰ ਹੈਂ। ਰਾਜੇ ਨੇ ਇਨ੍ਹਾਂ ਨੂੰ ਚੰਗੀ ਵਿੱਦਿਆ ਦਿਵਾਉਣੀ ਸੀ। ਇਨ੍ਹਾਂ ਲੋਕਾਂ ਕੋਲ ਚੰਗੇ ਬਸਤਰ ਕਿੱਥੋਂ ਆਉਣੇ ਸੀ ? ਇਨ੍ਹਾਂ ਦੇ ਘਰਾਂ ਵਿੱਚ ਤਾਂ ਪੇਟ ਭਰਨ ਲਈ ਅੰਨ ਭੀ ਨਹੀਂ ਹੈ। ਰਹੀ ਛੋਟੀ ਜਾਤ ਦੀ ਗੱਲ, ਇਹ ਜਾਤ-ਪਾਤ ਰੱਬ ਨੇ ਬਣਾ ਕੇ ਨਹੀਂ ਭੇਜੀ। ਇਨਸਾਨੀਅਤ ਦੇ ਦੁਸ਼ਮਣ ਲੋਕਾਂ ਨੇ ਅਜਿਹੇ ਵਿਚਾਰਾਂ ਨੂੰ ਲਿਖਿਆ ਸੀ ਅਤੇ ਆਪਣੀ ਤਾਕਤ ਦੇ ਨਾਲ ਉਨ੍ਹਾਂ ਨਿਅਮਾਂ ਨੂੰ ਲਾਗੂ ਕਰਾਇਆ ਸੀ। ਇਹ ਭੈੜੀ ਸੋਚ ਮੰਨੂੰ ਸਿਮ੍ਰਤੀ ਦੀ ਹੈ। ਮੰਨੂੰ ਸਿੰਮ੍ਰਤੀ ਪਰਮੇਸ਼ਰ ਨੇ ਲਿਖ ਕੇ ਨਹੀਂ ਭੇਜੀ, ਬ੍ਰਾਹਮਣਾਂ ਦੀ ਲਿਖੀ ਹੋਈ ਹੈ। ਜਿਸ ਵਿੱਚ ਇਹ ਮੰਦੇ ਵਿਚਾਰ ਲਿਖੇ ਹੋਏ ਹਨ। ਰਹੀ ਤੇਰੀ ਅਮੀਰੀ ਤੇ ਇਨ੍ਹਾਂ ਦੀ ਗਰੀਬੀ ਦੀ ਗੱਲ। ਇਕੱਲਾ ਤੂੰ ਹੀ ਨਹੀਂ ਭਾਰਤ ਦੇ ਸਾਰੇ ਰਾਜੇ ਆਮ ਲੋਕਾਂ ਦੀ ਕਿਰਤ ਕਮਾਈ 'ਤੇ ਡਾਕਾ ਮਾਰਦੇ ਹਨ। ਖ਼ੁਦ ਐਸ਼ ਪ੍ਰਸਤੀ ਕਰਦੇ ਹਨ, ਲੋਕਾਂ ਨੂੰ ਭੁੱਖੇ ਮਰਨ ਲਈ ਮਜਬੂਰ ਕਰ ਦਿੰਦੇ ਹਨ। ਤੂੰ ਖੇਤਾਂ ਵਿੱਚ ਹਲ ਨਹੀਂ ਚਲਾਇਆ। ਇਨ੍ਹਾਂ ਦੀ ਕਮਾਈ ਨੂੰ ਖੋਹਿਆ ਹੈ ਤੇ ਆਪਣੇ ਮਹਿਲ ਉਸਾਰੇ ਹਨ। ਕੀਮਤੀ ਬਸਤਰ ਬਣਵਾਏ ਹਨ। ਸੋਨੇ ਦੇ ਗਹਿਣੇ ਪਾਏ ਹਨ। ਇਹ ਕਮਾਈ ਤੇਰੀ ਆਪਣੀ ਨਹੀਂ ਸੀ। ਇਨ੍ਹਾਂ ਨੂੰ ਲੁੱਟ ਕੇ ਆਪਣੀਆਂ ਤਿਜੋਰੀਆਂ ਭਰਦੇ ਹੋ...।"

ਰਾਜਾ- "ਗੁਰੂ ਜੀ! ਇਨ੍ਹਾਂ ਸਾਰੇ ਵਿਸ਼ਿਆਂ 'ਤੇ ਮੈਂ ਤੁਹਾਡੇ ਨਾਲ ਹੋਰ ਵਿਸਥਾਰ ਵਿੱਚ ਗ਼ੱਲਬਾਤ ਕਰਨੀ ਚਾਹੁੰਦਾ ਹਾਂ। ਤੁਸੀਂ ਮਹਿਲ ਵਿੱਚ ਆਉ, ਮੈਂ ਤੁਹਾਡਾ ਪੂਰਾ ਸਨਮਾਨ ਕਰਾਂਗਾ।"

ਗੁਰੂ ਨਾਨਕ- "ਰਾਜਾ ਜੀ! ਮੈਂ ਪਹਿਲਾਂ ਭੀ ਆਖਿਆ ਸੀ ਕਿ ਤੇਰੇ ਮਹਿਲ ਦਾ ਦਰਵਾਜ਼ਾ ਛੋਟਾ ਹੈ, ਹੁਣ ਫਿਰ ਦੁਹਰਾ ਰਿਹਾ ਹਾਂ ਕਿ ਤੇਰੇ ਮਹਿਲ ਦਾ ਦਰਵਾਜਾ ਛੋਟਾ ਹੈ।"

ਰਾਜਾ- "ਸਤਿਗੁਰੂ ਜੀ! ਤੁਸੀਂ ਕਿਸੇ ਰਮਜ਼ ਨਾਲ ਗੱਲ ਕਰ ਰਹੇ ਲਗਦੇ ਹੋ, ਜਿਸ ਦੀ ਮੈਨੂੰ ਸਮਝ ਨਹੀਂ ਆ ਰਹੀ। ਕ੍ਰਿਪਾ ਕਰ ਕੇ ਦੱਸੋ ਕਿ ਜਿਸ ਦਰਵਾਜ਼ੇ ਵਿੱਚ ਹਾਥੀ, ਘੋੜੇ ਆਰਾਮ ਨਾਲ ਦਾਖ਼ਲ ਹੋ ਸਕਦੇ ਹਨ, ਉਸ ਵਿੱਚ ਤੁਸੀਂ ਕਿਉਂ ਨਹੀਂ ਪ੍ਰਵੇਸ਼ ਕਰ ਸਕਦੇ ?"

ਗੁਰੂ ਜੀ- "ਭਾਈ ਕੇਸਵ ਦੇਵ! ਸੁਣ ਫਿਰ ਧਿਆਨ ਨਾਲ। ਤੂੰ ਸਾਡੇ ਕੋਲ ਸੰਗਤ ਵਿੱਚ ਆਇਆ ਤਾਂ ਦਸ ਦਿਨਾਂ ਬਾਅਦ। ਫਿਰ ਆਉਣ ਤੋਂ ਪਹਿਲਾਂ ਸੁਨੇਹਾ ਭੇਜ ਕੇ ਮੈਨੂੰ ਅੰਦਰ ਬੁਲਾਣਾ ਚਾਹਿਆ। ਇਨਕਾਰ ਕਰਨ 'ਤੇ ਤੂੰ ਆਇਆ ਤਾਂ ਜ਼ਰੂਰ ਪਰ ਆਮ ਲੋਕਾਂ

ਦੇ ਨਾਲ ਬੈਠਣਾ ਪਸੰਦ ਨਾ ਕੀਤਾ। ਉੱਚਾ ਆਸਣ ਲਾ ਕੇ ਬਾਕੀਆਂ ਨੂੰ ਪਾਸੇ ਕਰ ਕੇ ਕੁੱਝ ਸਮਾਂ ਬੈਠਿਆ। ਮੈਂ ਇਥੇ ਮਨੁੱਖ ਮਾਤਰ ਲਈ ਜੋ ਕਲਿਆਣਕਾਰੀ ਰਾਹ ਉਲੀਕਿਆ ਹੈ, ਉਸ ਵਿੱਚ ਬ੍ਰਾਬਰਤਾ ਹੈ। ਸਾਰਿਆਂ ਲਈ ਸੰਗਤ ਇਕਸਾਰਤਾ ਵਾਲੀ ਹੈ। ਸਭਨਾਂ ਲਈ ਇੱਕੋ ਪਰਮੇਸ਼ਰ ਹੈ। ਇਸਤਰੀ, ਪੁਰਖ, ਬ੍ਰਾਹਮਣ ਜਾਂ ਸ਼ੂਦਰ ਕੋਈ ਨਹੀਂ ਹੈ। ਸਾਰੇ ਮਨੁੱਖ ਇੱਕੋ ਜਿਹੇ ਨਿਰੰਕਾਰ ਦੇ ਧੀਆਂ-ਪੁੱਤਰ ਹਨ। ਜਦੋਂ ਸਾਰੇ ਇੱਕੋ ਪਿਤਾ ਦੀ ਔਲਾਦ ਹਨ, ਫਿਰ ਸਾਰੇ ਚਲ ਮਿਲ ਕੇ ਖਾਣਾ ਬਣਾਉਣਗੇ ਤੇ ਸਾਰੇ ਰਲ ਕੇ ਛਕਣਗੇ। ਸੁੱਚ ਭਿੱਟ ਕੋਈ ਨਹੀਂ ਮੰਨੇਗਾ। ਸਾਰੇ ਮਨੁੱਖ ਆਪੋ ਆਪਣੀਆਂ ਜ਼ਿੰਮੇਵਾਰੀਆਂ ਨੇਕ ਨੀਤੀ ਨਾਲ ਪੂਰੀਆਂ ਕਰਨਗੇ। ਜੇ ਤੂੰ ਰਾਜਾ ਹੈਂ ਤਾਂ ਤੈਨੂੰ ਜੰਤਾ ਨਾਲ ਪਿਤਾ ਵਰਗਾ ਵਿਹਾਰ ਕਰਨਾ ਚਾਹੀਦਾ ਹੈ। ਸਾਰਿਆਂ ਨਾਲ ਇਨਸਾਫ਼ ਕਰਨਾ ਚਾਹੀਦਾ ਹੈ। ਤੈਨੂੰ ਆਪਣੇ ਅਫ਼ਸਰਾਂ 'ਤੇ ਸਖ਼ਤ ਨਿਗਰਾਨੀ ਰੱਖਣੀ ਚਾਹੀਦੀ ਹੈ। ਤੈਨੂੰ ਆਪਣੀ ਐਸ਼ ਪ੍ਰਸਤੀ ਵਿੱਚ ਸਮਾਂ ਅਤੇ ਪੈਸਾ ਬਰਬਾਦ ਨਹੀਂ ਕਰਨਾ ਚਾਹੀਦਾ। ਉਹੀ ਪੈਸਾ ਲੋਕਾਂ ਦੇ ਕਲਿਆਣ ਵਾਸਤੇ ਖ਼ਰਚ ਹੋਣਾ ਚਾਹੀਦਾ ਹੈ। ਤੂੰ ਵੇਖ ਨਹੀਂ ਰਿਹਾ, ਇਹ ਲੋਕ ਜੋ ਮੇਰਾ ਇਨਾ ਸਤਿਕਾਰ ਕਰਦੇ ਹਨ। ਤੇਰਾ ਭੀ ਕਰਨਗੇ। ਇਨ੍ਹਾਂ ਤੋਂ ਜਾਨਵਰਾਂ ਵਾਲਾ ਕੰਮ ਨਾ ਲੈ। ਤੁਸੀਂ ਸਾਰੇ ਇੱਕਸਾਰ ਮਨੁੱਖ ਹੋ। ਕੀ ਸਾਨੂੰ ਸੰਗਤ ਸਮੇਤ ਮਹਿਲ ਵਿੱਚ ਆਉਣ ਦੀ ਇਜਾਜ਼ਤ ਦੇ ਸਕਦਾ ਹੈਂ ? ਤੁਸੀਂ ਰਾਜ ਗੱਦੀਆਂ 'ਤੇ ਬੈਠੇ ਲੋਕ ਜ਼ਰਾ ਆਲੇ-ਦੁਆਲੇ ਅੱਖਾਂ ਖੋਲ੍ਹ ਕੇ ਵੇਖਣ ਦਾ ਕਸ਼ਟ ਕਰੋ। ਚਾਰੇ ਪਾਸੇ ਨਫ਼ਰਤ ਹੈ, ਅਗਿਆਨਤਾ ਹੈ। ਗ਼ਰੀਬੀ ਹੈ, ਬਿਮਾਰੀਆਂ ਹਨ। ਉਤੋਂ ਵਿਦੇਸ਼ੀ ਜਰਵਾਣੇ ਸਾਨੂੰ ਗ਼ੁਲਾਮ ਬਣਾ ਚੁੱਕੇ ਹਨ। ਇੱਥੋਂ ਦੇ ਲੋਕਾਂ ਦਾ ਬੇ-ਓੜਕ ਅਪਮਾਨ ਕਰਦੇ ਹਨ। ਇਨ੍ਹਾਂ ਮਸਲਿਆਂ ਬਾਰੇ ਕਦੀ ਵਕਤ ਕੱਢ ਕੇ ਵਿਚਾਰ ਲਿਆ ਕਰੋ। ਇਹੀ ਗ਼ਰੀਬ ਲੋਕ ਦੇਸ਼ ਦੀ ਅਸਲੀ ਤਾਕਤ ਹਨ। ਕੀ ਸਾਡੇ ਸਾਰੇ ਸਾਥੀਆਂ ਲਈ ਤੇਰੇ ਮਹਿਲ ਦਾ ਦਰਵਾਜ਼ਾ ਖੁੱਲ੍ਹ ਸਕਦਾ ਹੈ? ਤੂੰ ਸਾਰਿਆਂ ਨੂੰ ਅੰਦਰ ਆ ਕੇ ਸਤਸੰਗਤ ਕਰਨ ਦੀ ਇਜਾਜ਼ਤ ਦੇ ਸਕਦਾ ਹੈਂ... ?"

ਰਾਜਾ ਕੇਸਵ ਦੱਤ ਨੂੰ ਤੇਲੀਆਂ ਆਉਣ ਲੱਗੀਆਂ। ਖ਼ੂਨ ਤੇਜ਼ੀ ਨਾਲ ਰਗਾਂ ਵਿੱਚ ਦੌੜਨ ਲੱਗ ਪਿਆ। ਸਰੀਰ ਪਸੀਨੇ ਨਾਲ ਤਰਬਤਰ ਹੋ ਗਿਆ। ਆਪਣੀ ਥਾਂ ਤੋਂ ਖੜਾ ਹੋ ਕੇ ਅੱਗੇ ਵਧਿਆ। ਗੁਰੂ ਨਾਨਕ ਸਾਹਿਬ ਦੇ ਚਿਹਰੇ ਵੱਲ ਵੇਖਿਆ। ਨਜ਼ਰ ਨੀਵੀਂ ਹੁੰਦੀ ਚਰਨਾਂ 'ਤੇ ਆ ਗਈ। ਧਾਈ ਕਰ ਕੇ ਚਰਨਾਂ 'ਤੇ ਸਿਰ ਟਿਕਾ ਲਿਆ। ਦੋਵਾਂ ਹੱਥਾਂ ਨਾਲ ਘੁੱਟ ਕੇ ਸਤਿਗੁਰੂ ਜੀ ਦੇ ਚਰਨ ਫੜ ਲਏ। ਨੇਤਰਾਂ ਵਿੱਚੋਂ ਜਲ ਧਾਰਾ ਵਹਿ ਤੁਰੀ। ਸਤਿਗੁਰੂ ਜੀ ਨੇ ਮੋਢਿਆਂ ਤੋਂ ਫੜ ਕੇ ਉਠਾਇਆ। ਸਿਰ 'ਤੇ ਹੱਥ ਰੱਖ ਕੇ ਪੁੱਛਿਆ, "ਬੇਟਾ ਹੁਣ ਦੱਸ ਤੇਰੇ ਮਹਿਲ ਦਾ ਦਰਵਾਜ਼ਾ ਵੱਡਾ ਹੈ ਕਿ ਛੋਟਾ ?" ਸਿਰ ਝੁਕਾ ਕੇ ਅਤਿ ਨਿਮਰਤਾ ਨਾਲ ਰਾਜੇ ਨੇ ਆਖਿਆ, "ਸਤਿਗੁਰੂ ਪਿਤਾ ਜੀ! ਹੁਣ ਤੱਕ ਸੱਚ ਮੁੱਚ ਮੇਰੇ ਮਹਿਲ ਦਾ ਦਰਵਾਜ਼ਾ ਛੋਟਾ ਸੀ। ਭਾਵੇਂ ਹਾਥੀ ਲੰਘ ਜਾਂਦੇ ਸਨ ਪਰ ਇਨ੍ਹਾਂ ਰੱਬ ਦੇ ਪੁੱਤਰਾਂ ਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ ਸੀ। ਜੇ ਕਿਸੇ ਅਛੂਤ ਦਾ ਮੇਰੇ 'ਤੇ ਪਰਛਾਵਾਂ ਭੀ ਪੈ ਜਾਂਦਾ ਸੀ ਤਾਂ ਉਸ ਦੀ ਸ਼ਾਮਤ ਆ ਜਾਂਦੀ ਸੀ। ਹੁਣ ਕ੍ਰਿਪਾ ਕਰੋ, ਮੇਰਾ ਹੋਰ ਇਮਤਿਹਾਨ ਨਾ

ਲਉ। ਮਹਿਲ ਦਾ ਦਰਵਾਜਾ ਖੁੱਲ੍ਹ ਗਿਆ ਹੈ। ਉਹ ਮਹਿਲ ਹੁਣ ਮੇਰਾ ਇਕੱਲੇ ਦਾ ਨਹੀਂ ਹੋਵੇਗਾ। ਉਹ ਸਾਰਿਆਂ ਨੂੰ ਇਨਸਾਫ਼ ਦੇਣ ਲਈ ਇੱਕ ਦਫ਼ਤਰ ਦਾ, ਧਰਮਸ਼ਾਲਾ ਦਾ, ਲੰਗਰ ਦਾ, ਇਨਸਾਫ਼ ਦਾ ਜ਼ਿੰਮਾ ਚੁੱਕੇਗਾ।"

ਗੁਰੂ ਨਾਨਕ ਸਾਹਿਬ ਉਸ ਨਾਲ ਮਹਿਲ ਵਿੱਚ ਚਲੇ ਗਏ। ਸਾਰੇ ਪ੍ਰਵਾਰ ਅਤੇ ਸੇਵਕਾਂ ਨੇ ਸੁਆਗਤ ਕੀਤਾ। ਪੰਦਰਾਂ ਕੁ ਦਿਨਾਂ ਤੱਕ ਫਿਰ ਕੇਸਵ ਦੱਤ ਰਾਜੇ ਦੇ ਮਹਿਲ ਵਿੱਚ "ਧਰਮ ਉਪਦੇਸ਼" ਹੁੰਦਾ ਰਿਹਾ। ਗੁਰੂ ਨਾਨਕ ਸਾਹਿਬ ਮਨੁੱਖਤਾ ਦਾ ਭਲਾ ਕਰਨ ਵਾਲੇ ਨੁਕਤੇ ਸਮਝਾਉਂਦੇ ਰਹਿੰਦੇ। ਸੁਆਲ-ਜੁਆਬ ਹੁੰਦੇ। ਬਾਅਦ ਵਿੱਚ ਸਾਰੇ ਰਲ ਕੇ ਲੰਗਰ ਛਕਦੇ। ਕੋਚੀਨ ਦੇ ਰਾਜੇ ਕੇਸਵ ਦੱਤ ਨੂੰ ਉਸ ਦੇ ਫ਼ਰਜ਼ਾਂ ਦੀ ਪਛਾਣ ਕਰਵਾ ਕੇ ਗੁਰੂ ਨਾਨਕ ਸਾਹਿਬ ਜੀ ਅਗਲੀ ਯਾਤਰਾ ਲਈ ਚੱਲ ਪਏ।

ਖਾਨ ਮਲੂਕ ਕਹਾਇਦੇ, ਕੋ ਰਹਣੁ ਨ ਪਾਈ॥
ਗਜ ਮੰਦਰ ਗਚ ਗੀਰੀਆ, ਕਿਛੁ ਸਾਥਿ ਨ ਜਾਈ॥
ਸੋਇਨ ਸਾਖਤਿ ਪਉਣ ਵੇਗ, ਧ੍ਰਿਗੁ ਧ੍ਰਿਗੁ ਚਤੁਰਾਈ॥
ਛਤੀਹ ਅੰਮ੍ਰਿਤ ਪਰਕਾਰ ਕਰਹਿ, ਬਹੁ ਮੈਲੁ ਵਧਾਈ॥
ਨਾਨਕ ਜੋ ਦੇਵੈ ਤਿਸਹਿ ਨ ਜਾਣਨੀ, ਮਨਮੁਖਿ ਦੁਖੁ ਪਾਈ॥ (1246)



ਬੇ ਮਿਸਾਲ ਜੰਗਬਾਜ਼

ਸੰਨ 1992 ਤੱਕ ਰੂਸ (ਸੋਵੀਅਤ ਯੂਨੀਅਨ) ਦੁਨੀਆਂ ਦਾ ਸਭ ਤੋਂ ਵੱਡਾ ਦੇਸ਼ ਸੀ। ਮੌਸਮ ਅਤਿਅੰਤ ਠੰਢਾ ਸੀ ਇਥੋਂ ਦਾ। ਇਸ ਦੇ ਬਹੁਤ ਵੱਡੇ ਭੂਖੰਡ ਸਾਇਬੇਰੀਆ ਵਿੱਚ ਤਾਂ ਠੰਢ ਸਿਫ਼ਰ ਤੋਂ ਭੀ ਚਾਲੀ ਡਿਗਰੀ ਹੇਠਾਂ ਚਲੀ ਜਾਂਦੀ ਹੈ। ਦੇਸ਼ ਦੇ ਹਾਕਮ ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਵਾਸਤੇ, ਸਾਇਬੇਰੀਆ ਦੀ ਕਿਸੇ ਜੇਲ੍ਹ ਵਿੱਚ ਬੰਦ ਕਰ ਦਿੰਦੇ ਸਨ। ਜੀਵਤ ਰਹਿਣ ਲਈ ਸਾਧਨ ਪੂਰੇ ਨਾ ਹੋਣ ਕਰ ਕੇ ਕੁੱਝ ਹੀ ਸਮੇਂ ਅੰਦਰ ਆਦਮੀ ਦਮ ਤੋੜ ਜਾਂਦਾ ਹੈ। ਸੰਨ 1917 ਤੋਂ 1992 ਤੱਕ, ਉਥੇ (ਰੂਸ ਵਿੱਚ) ਕਮਿਉਨਿਸਟ ਪਾਰਟੀ ਦਾ ਕਠੋਰ ਰਾਜ ਭੀ ਰਿਹਾ ਹੈ। ਦੇਸ਼ ਅੰਦਰ ਇਨੀ ਬੇਚੈਨੀ ਅਤੇ ਬਦ ਅਮਨੀ ਦਾ ਮਾਹੌਲ ਬਣ ਗਿਆ ਕਿ ਹਜ਼ਾਰਾਂ ਬੰਦਿਆਂ ਨੂੰ ਗੋਲੀਆਂ ਨਾਲ ਛਲਣੀ ਕਰਨ ਤੋਂ ਬਾਅਦ ਭੀ ਬਗ਼ਾਵਤ ਨਾ ਰੁਕੀ। ਅੰਤ ਰੂਸ ਦੇਸ਼ ਦੇ ਪੰਦਰਾਂ ਦੇਸ਼ ਬਣ ਗਏ, ਟੁਕੜੇ- ਟੁਕੜੇ ਹੋ ਗਿਆ।

ਇਸ ਸਮੇਂ ਤੋਂ ਹੋਰ ਪਿੱਛੇ ਚਲੇ ਜਾਈਏ ਤਾਂ ਇੱਕ ਦੇਸ਼ ਸੀ ਦਾਗਿਸਤਾਨ। ਇਹ ਬਹੁਤਾ ਤੇਲ ਭੰਡਾਰਾਂ ਵਾਲਾ ਜਾਂ ਸੋਨੇ-ਚਾਂਦੀ ਦੀਆਂ ਖਾਣਾ ਵਾਲਾ ਦੇਸ਼ ਭੀ ਨਹੀਂ ਸੀ। ਇਲਾਕਾ ਭੀ ਬਹੁਤ ਜ਼ਿਆਦਾ ਨਹੀਂ ਸੀ। ਰੂਸ ਵਿੱਚ ਜਦੋਂ ਬਾਦਸ਼ਾਹੀ ਢੰਗ ਨਾਲ ਰਾਜ ਚਲਦਾ ਸੀ ਤਾਂ ਰਾਜੇ ਨੇ ਸੁਤੰਤਰ ਦੇਸ਼ ਦਾਗਿਸਤਾਨ 'ਤੇ ਚੜ੍ਹਾਈ ਕਰ ਦਿੱਤੀ। ਉਸ ਛੋਟੇ ਜਿਹੇ ਦੇਸ਼ ਦੀ ਸੁਤੰਤਰ ਹਸਤੀ ਖ਼ਤਮ ਕਰ ਕੇ ਆਪਣੇ ਦੇਸ਼ ਨਾਲ ਰਲਾ ਲਿਆ। ਆਪਣੇ ਦੇਸ਼ ਦੀ ਆਜ਼ਾਦੀ ਵਾਸਤੇ ਸੂਰਮਿਆਂ ਨੇ ਗੁਰੀਲਾ ਜੰਗ ਸ਼ੁਰੂ ਕਰ ਦਿੱਤੀ। ਬਹੁਤ ਲੰਮਾ ਸਮਾਂ ਇਹ ਜੰਗ ਚਲਦੀ ਰਹੀ। ਲੜਾਕੇ ਨੌਜੁਆਨ ਜੰਗਲਾਂ, ਪਹਾੜਾਂ ਵਿੱਚ ਲੁਕ ਕੇ ਜੰਗੀ ਤਿਆਰੀਆਂ ਕਰਦੇ। ਇਨ੍ਹਾਂ ਵਿੱਚੋਂ ਇੱਕ ਨੌਜੁਆਨ ਉਭਰ ਕੇ ਸਾਰੇ ਖਾੜਕੂਆਂ ਦਾ ਚਹੇਤਾ ਲੀਡਰ ਬਣ ਗਿਆ। ਇਸ ਦਾ ਨਾਮ ਸੀ ਸ਼ਮੀਲ। ਇਸ ਬਹਾਦਰ ਦੀ ਸਿਆਣਪ, ਦਲੇਰੀ ਅਤੇ ਆਪਣੇ ਲੋਕਾਂ ਪ੍ਰਤੀ ਵਫ਼ਾਦਾਰੀ ਨੂੰ ਵੇਖ-ਪਰਖ ਕੇ ਸਾਰੇ ਖਾੜਕੂ ਗਰੁੱਪਾਂ ਨੇ ਆਪਣਾ ਆਗੂ ਪ੍ਰਵਾਨ ਕਰ ਲਿਆ। ਮਾਮੂਲੀ ਸਾਧਨਾਂ ਨਾਲ, ਘੱਟ ਗਿਣਤੀ "ਦੇਸ਼ ਭਗਤਾਂ" ਦੀ ਇਹ ਛੋਟੀ ਜਿਹੀ ਫ਼ੌਜ, ਦੁਨੀਆਂ ਦੇ ਸਭ ਤੋਂ ਵੱਡੇ ਬਾਦਸ਼ਾਹ (ਜਾਰ- ਰੂਸ ਵਿੱਚ ਰਾਜੇ ਨੂੰ ਜਾਰ ਕਹਿੰਦੇ ਹਨ) ਵਿਰੁੱਧ ਆਜ਼ਾਦੀ ਦੀ ਲੜਾਈ ਲੜ ਰਹੀ ਸੀ।

ਜਿਵੇਂ ਕਿ ਅਕਸਰ ਹੁੰਦਾ ਹੈ ਕਿ ਇੱਕ ਪਾਸੇ ਬੇਅੰਤ ਸਰਕਾਰੀ ਸਾਧਨ; ਪੈਸਾ, ਹਥਿਆਰ, ਲੜਨ ਮਰਨ ਲਈ ਫ਼ੌਜੀ ਵਾਧੂ। ਦੂਜੇ ਪਾਸੇ ਅਣਸਿਖੀਏ ਨੌਜੁਆਨ। ਲੋਕਾਂ ਦੇ ਘਰਾਂ ਵਿੱਚੋਂ ਮੰਗ-ਪਿਨ ਕੇ ਖਾਣਾ। ਸ਼ਹਿਰਾਂ, ਪਿੰਡਾਂ ਵਿੱਚੋਂ ਕੁੱਝ ਹਮਦਰਦਾਂ ਨੇ ਦੇਣਾ। ਅਗਲੀ ਕਮਾਈ ਸੀ ਬੈਂਕਾਂ ਲੁੱਟਣੀਆਂ ਜਾਂ ਸਰਕਾਰੀ ਟਾਊਟਾਂ ਦੇ ਘਰਾਂ ਵਿੱਚ ਡਾਕੇ ਮਾਰਨੇ। ਬਗ਼ਾਵਤ ਵੱਧਦੀ ਗਈ। ਲੋਕਾਂ ਦੀ ਹਮਦਰਦੀ ਆਪਣੇ "ਪੁੱਤਰਾਂ" ਪ੍ਰਤੀ ਵੱਧਦੀ

ਗਈ। ਸਾਰੀਆਂ ਖ਼ਬਰਾਂ ਦੇਸ਼ ਦੇ ਰਾਜੇ "ਜਾਰ" ਕੋਲ ਪਹੁੰਚਦੀਆਂ। ਦੇਸ਼ ਦਾ ਇਹ ਇਲਾਕਾ ਕਾਬੂ ਵਿੱਚ ਨਾ ਆਉਣ ਕਰ ਕੇ ਜਾਰ ਨੇ ਜੰਗਬਾਜ਼ ਮੁਖੀਆਂ ਦੇ ਸਿਰਾਂ 'ਤੇ ਵੱਡੇ-ਵੱਡੇ ਇਨਾਮਾਂ ਦਾ ਐਲਾਨ ਕਰਵਾ ਦਿੱਤਾ। ਪਿੰਡ-ਪਿੰਡ ਡੌਂਡੀ ਪਿਟਾਈ ਗਈ ਕਿ ਖਾੜਕੂਆਂ ਦੇ ਮੁਖੀ ਸ਼ਮੀਲ ਦੀ ਦੱਸ ਪਾ ਕੇ ਗ੍ਰਿਫ਼ਤਾਰ ਕਰਾਉਣ ਵਾਲੇ ਨੂੰ ਪੰਜ ਸੇਰ ਸੋਨਾ ਇਨਾਮ ਵਿੱਚ ਦਿੱਤਾ ਜਾਵੇਗਾ। ਉਸ ਦਾ ਨਾਮ ਗੁਪਤ ਰੱਖਿਆ ਜਾਵੇਗਾ। ਜੇ ਚਾਹੇ ਤਾਂ ਚੰਗੀ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਇਸੇ ਤਰ੍ਹਾਂ ਹੋਰ ਨਾਮੀ ਜੰਗਬਾਜ਼ਾਂ ਨੂੰ ਫੜਾਉਣ ਵਾਲਿਆਂ ਲਈ ਬਹੁਤ ਵੱਡੇ ਇਨਾਮ ਦਿੱਤੇ ਜਾਣਗੇ।

ਇੱਕ ਮਹੀਨਾ ਲੰਘਿਆ ਸੀ ਇਸ ਲਾਲਚ ਵਾਲੇ ਹੋਕਾ ਫਿਰੇ ਨੂੰ ਕਿ ਸ਼ਮੀਲ ਜੰਗਬਾਜ਼ ਦੀ ਛੁਪਣਗਾਹ ਨੂੰ ਫ਼ੌਜ ਨੇ ਘੇਰਾ ਪਾ ਲਿਆ। ਲਗਾਤਾਰ ਦੀ ਲੰਮੀ ਨਾਕੇਬੰਦੀ ਕਾਰਨ ਸ਼ਮੀਲ ਦੇ ਸਾਥੀਆਂ ਕੋਲੋਂ ਖਾਨ-ਪਾਨ ਸਭ ਖ਼ਤਮ ਹੋ ਗਿਆ। ਦੂਰ ਮਾਰ ਕਰਨ ਵਾਲੇ ਹਥਿਆਰਾਂ ਦਾ ਗੋਲੀ ਬਾਰੂਦ ਮੁੱਕ ਗਿਆ। ਭੁੱਖ-ਪਿਆਸ ਨਾਲ ਸਰੀਰ ਨਿਢਾਲ ਹੋ ਗਏ। ਕਈਆਂ ਨੂੰ ਬਿਮਾਰੀ ਨੇ ਦਬੋਚ ਲਿਆ। ਇਧਰੋਂ ਫ਼ੌਜ ਨੂੰ ਸਖ਼ਤ ਹੁਕਮ ਸੀ ਕਿ ਸ਼ਮੀਲ ਨੂੰ ਹਰ ਹਾਲਤ ਵਿੱਚ ਜੀਵਤ ਫੜਨਾ ਹੈ। ਇਸ ਤੋਂ ਕਈ ਕੰਮ ਲੈਣੇ ਹਨ, ਜਾਰ ਦੇ ਪੈਰੀਂ ਪੈਣ ਲਈ ਮਜਬੂਰ ਕਰਨਾ ਹੈ। ਆਪਣੇ ਕਿੰਨੇ ਸਾਰੇ ਸਿਪਾਹੀ ਮਰਵਾ ਕੇ ਸ਼ਮੀਲ ਨੂੰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ। ਫੜੇ ਗਏ ਜੰਗਬਾਜ਼ਾਂ ਨੂੰ ਲੋੜ ਮੁਤਾਬਕ ਪਾਣੀ, ਖਾਣਾ ਆਦਿ ਦਿੱਤਾ ਜਾਣ ਲੱਗਾ। ਉਧਰ ਜਾਰ ਨੂੰ ਖ਼ਬਰ ਪੁਚਾਈ ਗਈ ਕਿ ਮਹਾਨ ਜੰਗਬਾਜ਼ ਸ਼ਮੀਲ ਸਹੀ ਸਲਾਮਤ ਫੜ ਲਿਆ ਹੈ। ਅੱਗੋਂ ਦੱਸਿਆ ਜਾਵੇ ਕੀ ਕਰਨਾ ਹੈ? ਜਾਰ ਵੱਲੋਂ ਹੁਕਮ ਆ ਗਿਆ ਕਿ ਬਿਨਾਂ ਕੋਈ ਤਕਲੀਫ਼ ਦਿੱਤੇ, ਸਖ਼ਤ ਪਹਿਰੇ ਹੇਠ ਸ਼ਮੀਲ ਅਤੇ ਉਸ ਦੇ ਸਾਥੀਆਂ ਨੂੰ ਪੀਟਰਬਰਗ ਭੇਜ ਦਿਓ। ਹੁਕਮ ਦੀ ਪਾਲਣਾ ਕੀਤੀ ਗਈ। ਘੋੜਾ-ਬੱਘੀਆਂ ਦਾ ਕਾਫ਼ਲਾ ਤਿਆਰ ਕੀਤਾ ਗਿਆ। ਸਾਰਿਆਂ ਨੂੰ ਬੇੜੀਆਂ ਪਾਈਆਂ ਗਈਆਂ। ਅੱਗੇ ਪਿੱਛੇ ਮਜ਼ਬੂਤ ਪਹਿਰਾ ਲਾਇਆ ਗਿਆ ਤੇ ਕਾਫ਼ਲਾ ਪੀਟਰਬਰਗ ਲਈ ਰਵਾਨਾ ਹੋ ਗਿਆ। ਬਹੁਤ ਦੂਰ ਦੇ ਇਲਾਕੇ ਵਿੱਚੋਂ ਚੱਲ ਕੇ ਦੋ ਮਹੀਨਿਆਂ ਵਿੱਚ ਘੋੜਾ, ਗੱਡੀਆਂ ਅਤੇ ਪੈਦਲ ਚਲਦੇ ਫ਼ੌਜੀ ਪੀਟਰਬਰਗ ਪੁਚਾਏ ਗਏ। ਜਾਰ ਨੂੰ ਖ਼ਬਰ ਦਿੱਤੀ ਗਈ। ਕੈਦੀਆਂ ਨੂੰ ਜੇਲ੍ਹ ਵਿੱਚ ਬੰਦ ਕੀਤਾ ਗਿਆ। ਰਾਜੇ ਦੇ ਹੁਕਮ ਮੁਤਾਬਕ ਸ਼ਮੀਲ ਨਾਲ ਬਹੁਤ ਹੀ ਨਰਮਾਈ ਵਾਲਾ ਵਰਤਾਉ ਕੀਤਾ ਗਿਆ। ਸ਼ਮੀਲ ਦੀ ਆਪਣੇ ਲੋਕਾਂ ਦੇ ਮਨਾਂ ਵਿੱਚ ਡੂੰਘੀ ਛਾਪ ਲੱਗ ਚੁੱਕੀ ਸੀ। ਰਾਜਾ ਸਮਝਦਾ ਸੀ ਕਿ ਸ਼ਮੀਲ ਨਾਲ ਕੀਤਾ ਮੰਦਾ ਵਿਹਾਰ ਉਸ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਦੇਵੇਗਾ। ਉਥੇ ਸ਼ਾਂਤੀ ਬਣਾਈ ਰੱਖਣ ਲਈ ਸ਼ਮੀਲ ਨੂੰ ਹਰ ਹਾਲਤ ਵਿੱਚ ਬਚਾ ਕੇ ਰੱਖਿਆ ਜਾਵੇ। ਜੇ ਸੰਭਵ ਹੋ ਸਕੇ ਤਾਂ ਚੰਗੀ ਸਰਕਾਰੀ ਨੌਕਰੀ 'ਤੇ ਲਾਇਆ ਜਾਵੇ।

ਅਗਲੇ ਦਿਨ ਸ਼ਮੀਲ ਨੂੰ ਜੇਲ੍ਹ ਵਿੱਚੋਂ ਕੱਢ ਕੇ ਰਾਜੇ ਸਾਹਮਣੇ ਲਿਆਂਦਾ ਗਿਆ। ਝੁਕ ਕੇ ਨਮਸਕਾਰ ਕਰਨ ਲਈ ਕਿਹਾ ਗਿਆ। ਸ਼ਮੀਲ ਅਡੋਲ ਸਿੱਧ ਤਣਿਆ ਖਲੋਤਾ

ਰਿਹਾ। ਰਾਜਾ ਖ਼ੁਦ ਕੁਰਸੀ ਤੋਂ ਉੱਠਿਆ, ਅੱਗੇ ਵਧਿਆ ਤੇ ਸ਼ਮੀਲ ਨਾਲ ਹੱਥ ਮਿਲਾ ਕੇ ਸੁਆਗਤ ਕੀਤਾ। ਹਥਕੜੀਆਂ, ਬੇੜੀਆਂ ਉਤਾਰਨ ਲਈ ਆਖਿਆ। ਆਪਣੇ ਨੇੜੇ ਕੁਰਸੀ 'ਤੇ ਬਿਠਾ ਲਿਆ। ਡਰ ਅਤੇ ਪਿਆਰ ਦੇ ਮਿਲਵੇ ਹਥਿਆਰ ਦੀ ਵਰਤੋਂ ਕਰ ਕੇ ਜਾਰ ਉਸ ਨੂੰ ਆਪਣੀ ਇੱਛਾ ਮੁਤਾਬਕ ਵਰਤਣਾ ਚਾਹੁੰਦਾ ਸੀ। ਅੱਗੋਂ ਦੋਵਾਂ ਦੀ ਗੱਲਬਾਤ ਕੁੱਝ ਇਉਂ ਹੋਈ-

ਜਾਰ- "ਭਰਾ ਸ਼ਮੀਲ! ਤੇਰੀ ਬਹਾਦਰੀ ਦੀਆਂ ਬੜੀਆਂ ਧੂੰਮਾਂ ਨੇ ਸਾਰੇ ਦੇਸ਼ ਵਿੱਚ। ਤੂੰ ਆਪਣੇ ਲੋਕਾਂ ਦਾ ਮਨ ਜਿੱਤ ਲਿਆ ਹੈ। ਮੈਂ ਤੇਰੀ ਬਹੁਤ ਇੱਜ਼ਤ ਕਰਦਾ ਹਾਂ। ਤੇਰੇ ਵਰਗੇ ਸੂਰਮੇ ਨਿੱਤ-ਨਿੱਤ ਪੈਦਾ ਨਹੀਂ ਹੋਇਆ ਕਰਦੇ।"

ਸ਼ਮੀਲ- "ਇਸ ਪ੍ਰਸੰਸਾ ਲਈ ਸ਼ੁਕਰੀਆ ਪਰ ਇਹ ਦੱਸਿਆ ਜਾਵੇ ਕਿ ਇੰਨੀ ਮਿਹਨਤ ਕਰ ਕੇ ਫੜੇ ਦੁਸ਼ਮਣ ਨੂੰ ਰਾਜਾ ਆਪਣੇ ਸਾਹਮਣੇ ਬਿਠਾ ਕੇ ਪ੍ਰਸੰਸਾ ਕਰੇ, ਬੜਾ ਅਜੀਬ ਜਿਹਾ ਲਗਦਾ ਹੈ। ਜੇ ਮੈਂ ਬਹਾਦਰ ਹਾਂ, ਚੰਗਾ ਮਨੁੱਖ ਹਾਂ, ਫਿਰ ਜੰਗ ਕਿਉਂ ? ਗ੍ਰਿਫ਼ਤਾਰੀ ਕਿਉਂ ?"

ਰਾਜਾ- "ਸ਼ਮੀਲ, ਮੈਂ ਚਾਹੁੰਦਾ ਹਾਂ ਕਿ ਤੂੰ ਸਾਡੀ ਫ਼ੌਜ ਦਾ ਵੱਡਾ ਅਫ਼ਸਰ ਬਣਨਾ ਸਵੀਕਾਰ ਕਰ ਲਵੇਂ। ਤੂੰ ਬਹੁਤ ਬਹਾਦਰ ਹੈਂ ਅਤੇ ਸਿਆਣਾ ਹੈਂ।

ਸ਼ਮੀਲ- "ਸ਼ੁਕਰੀਆ ਤੁਹਾਡੀ ਇਸ ਪੇਸ਼ਕਸ਼ ਲਈ। ਜਿਵੇਂ ਮੇਰੇ ਦੇਸ਼ 'ਤੇ ਹੋਰ ਫ਼ੌਜੀਆਂ ਨੂੰ ਮਰਨ-ਮਾਰਨ ਲਈ ਭੇਜਿਆ ਹੈ। ਇਸੇ ਤਰ੍ਹਾਂ ਆਪਣੀ ਫ਼ੌਜ ਦਾ ਕਮਾਂਡਰ ਬਣਾ ਕੇ ਮੈਨੂੰ ਭੀ ਨਿੱਹਥੇ ਸ਼ਹਿਰੀਆਂ ਦਾ ਘਾਣ ਕਰਨ ਲਈ ਭੇਜਿਆ ਕਰੋਗੇ। ਜੋ ਪਾਪ ਕਰਮ ਤੁਹਾਡੀ ਫ਼ੌਜ ਨੇ ਕੀਤੇ ਹਨ, ਮੈਂ ਉਸ ਦਾ ਹਿੱਸੇਦਾਰ ਨਹੀਂ ਬਣਾਂਗਾ।"

ਰਾਜਾ- "ਸ਼ਮੀਲ ਤੂੰ ਦਾਗਿਸਤਾਨ ਤੋਂ ਚੱਲ ਕੇ ਇਥੇ ਕਿੰਨੇ ਮਹੀਨਿਆਂ ਵਿੱਚ ਪਹੁੰਚਿਆ ਹੈਂ ?

ਸ਼ਮੀਲ- "ਕਰੀਬ ਦੋ ਮਹੀਨਿਆਂ ਵਿੱਚ।"

ਰਾਜਾ- "ਤੈਨੂੰ ਪਤਾ ਲੱਗ ਗਿਆ ਹੈ ਨਾ ਮੇਰਾ ਰਾਜ ਕਿੰਨੀ ਦੂਰ ਤੱਕ ਫੈਲਿਆ ਹੋਇਆ ਹੈ। ਤੂੰ ਬਹੁਤ ਨਾ ਸਮਝ ਹੈਂ ਜੋ ਮੇਰੇ ਨਾਲ ਜੰਗ ਛੇੜ ਲਈ ਹੈ।"

ਸ਼ਮੀਲ- "ਤੁਹਾਡਾ ਦੇਸ਼ ਹੈ ਤਾਂ ਬਹੁਤ ਵੱਡਾ ਪਰ ਸਾਰਾ ਉੱਜੜਿਆ ਹੋਇਆ ਹੈ। ਮੈਂ ਦੋ ਮਹੀਨੇ ਤੋਂ ਸਾਰੇ ਰਾਹ ਵੇਖਦਾ ਆਇਆ ਹਾਂ। ਲੋਕੀਂ ਉਦਾਸ ਹਨ, ਡਰੇ ਹੋਏ ਹਨ, ਗ਼ਰੀਬ ਹਨ। ਬਿਮਾਰੀਆਂ ਹਨ। ਤੇਰਾ ਵੱਡਾ ਦੇਸ਼ ਉੱਜੜ ਚੁੱਕਿਆ ਹੈ।"

ਜਾਰ- "ਸ਼ਮੀਲ ਤੂੰ ਬਹੁਤ ਨਾ ਸਮਝ ਹੈਂ। ਜਿਸ ਦੇਸ਼ ਦੀ ਆਜ਼ਾਦੀ ਲਈ ਤੂੰ ਮਰਨ-ਮਾਰਨ 'ਤੇ ਉਤਰਿਆ ਹੋਇਆ ਹੈਂ, ਉਥੇ ਕੀ ਪੈਦਾ ਹੁੰਦਾ ਹੈ ? ਕੁੱਝ ਭੀ ਨਹੀਂ। ਉਥੇ ਪਹਾੜ ਹਨ, ਜੰਗਲ ਹਨ। ਉਸ ਇਲਾਕੇ ਦੀਆਂ ਆਪਣੀਆਂ ਲੋੜਾਂ ਵਾਸਤੇ ਭੀ ਪੂਰਾ ਅਨਾਜ ਪੈਦਾ ਨਹੀਂ ਹੁੰਦਾ। ਉਸ ਭੁੱਖੇ-ਨੰਗੇ ਦੇਸ਼ ਲਈ ਆਜ਼ਾਦੀ ਲੈ ਕੇ ਕੀ ਕਰੇਂਗਾ ?"

ਸ਼ਮੀਲ- "ਜਾਰ ਸਾਹਿਬ! ਮੂਰਖ ਮੈਂ ਨਹੀਂ, ਮੂਰਖ ਤੂੰ ਹੈਂ। ਤੇਰੇ ਕੋਲ ਕਿੰਨਾ ਵੱਡਾ ਦੇਸ਼ ਪਹਿਲਾਂ ਹੀ ਮੌਜੂਦ ਹੈ, ਤੇਰਾ ਉਸ ਨਾਲ ਢਿੱਡ ਨਹੀਂ ਭਰਿਆ। ਜੇ ਮੇਰੇ ਦੇਸ਼ ਦੀ ਗ਼ਰੀਬੀ

'ਤੇ ਮੰਦਹਾਲੀ ਦਾ ਤੈਨੂੰ ਪਤਾ ਹੈ, ਫਿਰ ਕਿਉਂ ਫ਼ੌਜਾਂ ਚਾੜ੍ਹ ਕੇ ਉਸ ਦੇਸ਼ ਦੇ ਲੋਕਾਂ ਨੂੰ ਕਤਲ ਕਰਵਾਉਂਦਾ ਹੈਂ ? ਤੇਰੇ ਕੋਲ ਤਾਂ ਪਹਿਲਾਂ ਹੀ ਵਿਸ਼ਾਲ ਦੇਸ਼ ਹੈ। ਸਾਡੇ ਕੋਲ ਸਾਡਾ ਛੋਟਾ ਜਿਹਾ ਦੇਸ਼ ਰਹਿ ਜਾਣ ਦੇ। ਉਂਞ ਬਦਹਾਲੀ ਵਿੱਚ ਸਿਰਫ਼ ਮੇਰਾ ਦਾਗਿਸਤਾਨ ਹੀ ਨਹੀਂ ਹੈ, ਸਾਰੇ ਬੰਨੇ ਬਦਹਾਲੀ ਤੇ ਭੁੱਖਮਰੀ ਹੈ। ਮੇਰੇ ਦੇਸ਼ 'ਤੇ ਕਬਜਾ ਕਰ ਕੇ ਦੇਸ਼ ਵਾਸੀਆਂ ਨੂੰ ਰੱਜਵੀਂ ਰੋਟੀ ਨਹੀਂ ਮਿਲ ਜਾਵੇਗੀ। ਤੁਹਾਡੇ ਵਰਗੇ ਖ਼ੁਦਗਰਜ ਤੇ ਅਯਾਸ਼ ਹਾਕਮ ਹੀ ਲੋਕਾਂ ਦੀ ਬਰਬਾਦੀ ਲਈ ਜ਼ਿੰਮੇਵਾਰ ਹਨ।"

ਜਦੋਂ ਕੋਈ ਪੇਸ਼ ਨਾ ਗਈ, ਲਾਲਚ ਅਤੇ ਡਰ ਵਰਗੇ ਹਥਿਆਰ ਭੀ ਕਾਰਗਰ ਸਾਬਤ ਨਾ ਹੋਏ। ਉਤੋਂ ਪਿਆਰ ਭਰੇ ਵਰਤਾਓ ਵਿੱਚ ਭੀ ਸ਼ਮੀਲ ਵਿੱਚ ਕੋਈ ਤਬਦੀਲੀ ਨਹੀਂ ਆਈ ਤਾਂ ਸਾਰੇ ਅਫ਼ਸਰਾਂ ਦੇ ਸਾਹਮਣੇ ਰਾਜਾ ਕਿਵੇਂ ਆਪਣੀ ਬੇਇਜ਼ਤੀ ਬਰਦਾਸ਼ਤ ਕਰੇ। ਅੰਤ ਦੋ ਦਿਨ ਹੋਰ ਸੋਚਣ ਲਈ ਦੇ ਕੇ ਸ਼ਮੀਲ ਨੂੰ ਜੇਲ੍ਹ ਵਿੱਚ ਭੇਜ ਦਿੱਤਾ। ਦੋ ਦਿਨਾਂ ਤੋਂ ਬਾਅਦ ਫਾਂਸੀ ਦਾ ਹੁਕਮ ਸੁਣਾ ਦਿੱਤਾ। ਮਹਾਨ ਜੰਗਬਾਜ਼, ਦਲੇਰ ਅਤੇ ਹਾਜ਼ਰ-ਜੁਆਬ ਬੱਬਰ ਸ਼ੇਰ ਨੂੰ ਫਾਂਸੀ ਲਟਕਾ ਦਿੱਤਾ ਗਿਆ।

ਪਿੱਛੇ ਦਾਗਿਸਤਾਨ ਵਿੱਚ ਚਰਚਾ ਜ਼ੋਰਾਂ 'ਤੇ ਸੀ ਕਿ ਸ਼ਮੀਲ ਨੂੰ ਫੜਾਉਣ ਲਈ ਕੀਹਨੇ ਦੱਸ ਪਾਈ ਹੈ। ਸਾਡੇ ਦੇਸ਼ ਦਾ ਕੌਣ ਬੰਦਾ ਗ਼ੱਦਾਰੀ ਕਰ ਗਿਆ। ਜਿਸ ਖ਼ੁਦਗਰਜ਼ ਬੰਦੇ ਨੇ ਸ਼ਮੀਲ ਨੂੰ ਫੜਾਇਆ ਸੀ, ਦੋ-ਤਿੰਨ ਮਹੀਨਿਆਂ ਤੱਕ ਉਹ ਘਰ ਨਹੀਂ ਆਇਆ। ਜਦੋਂ ਗੱਲ ਠੰਢੀ ਹੋਈ ਮਹਿਸੂਸ ਕੀਤੀ ਤਾਂ ਘਰ ਆ ਪਹੁੰਚਿਆ। ਇੱਕ ਪੁਰਾਣੇ ਜਿਹੇ ਕੱਪੜੇ ਵਿੱਚੋਂ ਕੋਈ ਚੀਜ਼ ਕੱਢੀ। ਪਤਨੀ, ਮਾਂ, ਪਿਤਾ, ਭਰਾ, ਭੈਣਾਂ ਤੇ ਬੱਚਿਆਂ ਨੂੰ ਇਕੱਠੇ ਕਰ ਕੇ ਆਖਣ ਲੱਗਾ, "ਆਓ ਸਾਰੇ ਮੇਰੇ ਕੋਲ। ਮੈਨੂੰ ਇੱਕ ਬੜੀ ਕੀਮਤੀ ਚੀਜ਼ ਲੱਭੀ ਹੈ। ਗੱਲ ਨਾ ਕਰਨੀ ਕਿਸੇ ਨਾਲ, ਪੰਜ ਸੇਰ ਸੋਨਾ ਹੈ, ਸਾਰੀ ਗ਼ਰੀਬੀ ਮੁੱਕ ਜਾਵੇਗੀ।" ਇਸ ਦੇ ਪਿਤਾ ਨੇ ਮਜ਼ਬੂਤੀ ਨਾਲ ਪੁੱਤਰ ਦੀ ਬਾਂਹ ਫੜ ਲਈ। ਉਸ ਦੇ ਛੋਟੇ ਬਾਲਕ ਦੇ ਸਿਰ 'ਤੇ ਹੱਥ ਰਖਵਾ ਕੇ ਸਖ਼ਤ ਲਹਿਜੇ ਵਿੱਚ ਆਖਣ ਲੱਗਾ, "ਸੱਚ ਦੱਸ ਇਹ ਸੋਨਾ ਕਿਥੋਂ ਲਿਆਂਦਾ ਹੈ? ਵਰਨਾ ਸਾਥੋਂ ਬੁਰਾ ਕੋਈ ਨਹੀਂ।" ਸੋਨਾ ਲਿਆਉਣ ਵਾਲੇ ਦੀ ਜ਼ੁਬਾਨ ਥਥਲਾ ਗਈ। ਸਰੀਰ ਕੰਬਣ ਲੱਗ ਪਿਆ। ਪਿਤਾ ਨੇ ਸਖ਼ਤੀ ਨਾਲ ਆਖਿਆ, "ਓਏ ਤੂੰ ਮੇਰਾ ਪੁੱਤਰ ਨਹੀਂ। ਤੂੰ ਸਾਡੇ ਘਰ ਵਿੱਚ ਗੰਦੀ ਔਲਾਦ ਜੰਮ ਪਿਆ। ਆਹ ਸੋਨਾ ਤੂੰ ਸ਼ਮੀਲ ਨੂੰ ਗ੍ਰਿਫ਼ਤਾਰ ਕਰਵਾ ਕੇ ਪ੍ਰਾਪਤ ਕੀਤਾ ਹੈ? ਤੂੰ ਮਰ ਕਿਉਂ ਨਾ ਗਿਆ ਇਹੋ ਜਿਹਾ ਪਾਪੀ, ਤੂੰ ਮੇਰਾ ਪੁੱਤਰ ਨਹੀਂ ਹੈਂ। ਮੇਰਾ ਅਸਲੀ ਪੁੱਤਰ ਸ਼ਮੀਲ ਸੀ ਜੋ ਆਪਣੇ ਦੇਸ਼ ਲਈ ਜਾਨ ਦੀ ਬਾਜ਼ੀ ਲਾ ਗਿਆ। ਨਿਕਲ ਜਾ ਮੇਰੇ ਘਰੋਂ, ਨਿਕਲ ਜਾ।" ਮੁੰਡਾ ਸੁੰਨ ਹੋਇਆ ਥਾਂਏਂ ਬੈਠਾ ਰਿਹਾ। ਪਿਉ ਉਸ ਦਾ ਛੱਤ 'ਤੇ ਚੜ੍ਹ ਗਿਆ ਤੇ ਉੱਚੀ ਆਵਾਜ਼ ਵਿੱਚ ਬੋਲਣ ਲੱਗ ਪਿਆ, "ਮੇਰੇ ਭਰਾਵੋ! ਇੱਟਾਂ, ਵੱਟੇ, ਡਾਂਗਾਂ, ਸੋਟੇ ਲੈ ਕੇ ਆਓ। ਮੇਰੇ ਘਰ ਵਿੱਚ ਮਹਾਨ ਯੋਧੇ ਸ਼ਮੀਲ ਦਾ ਕਾਤਲ ਬੈਠਾ ਹੈ। ਆਓ ਉਸ ਨੂੰ ਕੀਤੇ ਪਾਪ ਦੀ ਸਜ਼ਾ ਦਿਓ...।"

ਪਿੰਡ ਦੇ ਕਈ ਸਾਰੇ ਨੌਜੁਆਨ, ਬਜ਼ੁਰਗ ਹਥਿਆਰ ਚੁੱਕ ਕੇ ਆ ਪਏ। ਪਿਤਾ ਦੇ

ਆਖਣ 'ਤੇ ਉਸ ਦੁਸ਼ਟ ਨੂੰ ਬਾਹਰ ਧੂ ਲਿਆ। ਜਿਸ ਦੇ ਹੱਥ ਵਿੱਚ ਜੋ ਸੀ, ਸੋਈ ਮਾਰਦੇ ਗਏ। ਦੇਰ ਤੱਕ ਇੱਟਾਂ-ਵੱਟੇ ਪੈਂਦੇ ਰਹੇ। ਉਸ ਦੀ ਮਾਂ, ਪਤਨੀ, ਭੈਣਾਂ ਅਤੇ ਬੱਚੇ ਬਿੱਟ-ਬਿੱਟ ਤਕਦੇ ਰਹਿ ਗਏ। ਪਿਤਾ ਨੇ ਪੰਜ ਸੇਰ ਸੋਨਾ ਪਿੰਡ ਦੇ ਮੁਖੀਏ ਨੂੰ ਫੜਾ ਦਿੱਤਾ ਤੇ ਆਖਿਆ, ਜੇ ਤੁਸੀਂ ਠੀਕ ਸਮਝੋ ਤਾਂ ਇਸ ਨੂੰ ਪਿੰਡ ਦੀ ਭਲਾਈ ਵਾਸਤੇ ਵਰਤ ਲੈਣਾ। ਜੇ ਨਹੀਂ ਤਾਂ ਆਪਾਂ ਸਾਰੇ ਇਸ ਨੂੰ ਦਰਿਆ ਵਿੱਚ ਸੁੱਟ ਆਵਾਂਗੇ। ਆਪਣੇ ਪੁੱਤਰ ਨੂੰ ਤਸੀਹੇ ਝਲਦਿਆਂ ਪਿਤਾ ਨੇ ਖ਼ੁਦ ਵੇਖਿਆ, ਜਦੋਂ ਤੱਕ ਕਿ ਉਸ ਦੀ ਮੌਤ ਨਹੀਂ ਹੋ ਗਈ। ਦਾਗਿਸਤਾਨ ਵਿੱਚ ਜਿੰਨਾ ਸ਼ਮੀਲ ਦਾ ਅੱਜ ਤੱਕ ਸਤਿਕਾਰ ਚੱਲਿਆ ਆ ਰਿਹਾ ਹੈ। ਉਤਨਾ ਹੀ ਇਸ ਬਜ਼ੁਰਗ ਬਾਪੂ ਦਾ ਸਤਿਕਾਰ ਹੁੰਦਾ ਆ ਰਿਹਾ ਹੈ। ਸਦੀਆਂ ਤੱਕ ਅਜਿਹੇ ਕਾਰਨਾਮਿਆਂ ਨੂੰ ਭੁਲਾਇਆ ਨਹੀਂ ਜਾ ਸਕਦਾ।

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (1105)

★★★★★★

ਬਾਜ ਦੀ ਝਪਟ

ਗੁਰੂ ਗੋਬਿੰਦ ਸਿੰਘ ਜੀ ਸਵੈ ਰੱਖਿਆ ਲਈ ਜੰਗ ਲੜਦੇ ਸਨ। ਵਿਰੋਧੀ ਦਾ ਨੁਕਸਾਨ ਕਰਨ ਵਾਸਤੇ ਪਹਿਲਾਂ ਹਮਲਾ ਨਹੀਂ ਸਨ ਕਰਦੇ। ਇਸ ਨੀਤੀ ਕਾਰਨ ਲੋਕਾਂ ਵਿੱਚ ਤਾਂ ਗੁਰੂ ਸਾਹਿਬ ਦਾ ਸਤਿਕਾਰ ਵਧਿਆ ਪਰ ਜ਼ਾਲਮ, ਜ਼ੁਲਮ ਕਰਨੋਂ ਨਾ ਰੁਕੇ। ਸਗੋਂ ਵੱਧ ਤੋਂ ਵੱਧ ਮਾਰੂ ਹਥਿਆਰ ਲੈ ਕੇ ਹੋਰ ਵੱਡਾ ਹਮਲਾ ਕਰਦੇ। ਅੰਤ ਨੌਬਤ ਇਥੋਂ ਤੱਕ ਪੁੱਜ ਗਈ ਕਿ ਗੁਰੂ ਸਾਹਿਬ ਨੂੰ ਆਨੰਦਪੁਰ ਛੱਡਣਾ ਪਿਆ। ਅਣਗਿਣਤ ਸਿੱਖ, ਮਾਈ-ਭਾਈ ਜਾਨਾਂ ਵਾਰ ਗਏ। ਆਨੰਦਪੁਰ ਨੂੰ ਖੰਡਰ ਬਣਾ ਦਿੱਤਾ ਗਿਆ। ਸਰਸਾ ਨਦੀ 'ਤੇ ਫਿਰ ਸਿੱਖਾਂ 'ਤੇ ਹਮਲਾ ਹੋਇਆ, ਜਿਸ ਵਿੱਚ ਬਹੁਤ ਸਾਰੇ ਸਿੱਖ ਮਾਰੇ ਗਏ। ਅੱਗੇ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਘੇਰ ਕੇ ਸਿੱਖਾਂ ਨੂੰ ਮਾਰਿਆ ਗਿਆ। ਇਹ ਅਸੀਂ ਸਾਰੇ ਜਾਣਦੇ ਹਾਂ। ਗੁਰੂ ਜੀ ਦੇ ਦੋ ਵੱਡੇ ਬੇਟੇ, ਸਿੱਖ ਸੂਰਮਿਆਂ ਸਮੇਤ ਅਣੇਗਿਣਤ ਹਮਲਾਵਰਾਂ ਨੂੰ ਮੌਤ ਦੇ ਘਾਟ ਉਤਾਰਦਿਆਂ ਖ਼ੁਦ ਜਾਨਾਂ ਵਾਰ ਗਏ। ਦੁਸ਼ਮਣ ਅਜੇ ਭੀ ਪਿੱਛਾ ਕਰ ਰਿਹਾ ਸੀ। ਖਿਦਰਾਨੇ ਦੀ ਢਾਬ 'ਤੇ ਦੁਬਾਰਾ ਫਿਰ ਗਹਿਗੱਚ ਲੜਾਈ ਹੋਈ। ਬਹੁਤ ਸਾਰੇ ਸਿੱਖ ਲੇਖੇ ਲੱਗ ਗਏ। ਉਧਰ ਸਰਹੰਦ ਵਿੱਚ ਗ੍ਰਿਫ਼ਤਾਰ ਕੀਤੇ ਹੋਏ ਮਾਸੂਮ ਬੱਚੇ ਅਤੇ ਸਤਿਕਾਰਯੋਗ ਬਜ਼ੁਰਗ ਮਾਂ ਗੁਜਰੀ ਜੀ ਨੂੰ ਬੇ ਓੜਕ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਹ ਅਤਿਆਚਾਰ ਵੀ

ਮਾਨੋ ਸਿਖਰ ਸੀ। ਜ਼ਾਲਮ ਰਾਜਨੀਤੀਵਾਨ ਨਾ ਧਰਮ ਦੇ ਅਸੂਲਾਂ ਨੂੰ ਮੰਨਦੇ ਸਨ। ਨਾ ਰਾਜਨੀਤੀ ਦੇ ਕੋਈ ਕਾਨੂੰਨ ਸਨ। ਨਾ ਹੀ ਇਨਸਾਨੀਅਤ ਦੀ ਉਨ੍ਹਾਂ ਨੂੰ ਕੋਈ ਕਦਰ ਸੀ। ਰਾਜ ਕਰਨ ਵਾਲਿਆਂ ਨੂੰ ਜ਼ੁਲਮ ਕਰਨ ਤੋਂ ਰੋਕਣ ਵਾਸਤੇ ਜਦੋਂ ਭੀ ਕੋਈ ਜ਼ੁਬਾਨ ਚੱਲੀ, ਜੀਭ ਕੱਟ ਦਿੱਤੀ ਗਈ। ਜਦੋਂ ਕਿਸੇ ਨੇ ਹੱਥ ਉੱਚਾ ਕੀਤਾ, ਹੱਥ ਕੱਟ ਦਿੱਤਾ ਗਿਆ। ਜਦੋਂ ਕਿਸੇ ਨੇ ਹਾਕਮ ਦੇ ਹੁਕਮ ਅੱਗੇ ਨਾਂਹ ਵਿੱਚ ਸਿਰ ਹਿਲਾਇਆ, ਸਿਰ ਧੜ ਨਾਲੋਂ ਅਲੱਗ ਕਰ ਦਿੱਤਾ। ਅੱਜ ਤੱਕ ਉਨ੍ਹਾਂ ਜ਼ੁਲਮਾਂ ਨੂੰ ਪੜ੍ਹ-ਸੁਣ ਕੇ ਭੁੱਬਾਂ ਨਿਕਲ ਜਾਂਦੀਆਂ ਹਨ। ਜਿਨ੍ਹਾਂ ਨੇ ਆਪਣੇ ਤਨ, ਮਨ 'ਤੇ ਉਹ ਜ਼ੁਲਮ ਸਹੇ ਨੇ, ਉਨ੍ਹਾਂ ਦੀ ਸਹੀ ਵਿਆਖਿਆ ਕੋਈ ਨਹੀਂ ਕਰ ਸਕਦਾ।

ਭਾਵੇਂ ਆਪਣੇ ਜੀਵਨ ਕਾਲ ਵਿੱਚ ਗੁਰੂ ਸਾਹਿਬ ਰਾਜ ਸਥਾਪਤ ਨਹੀਂ ਕਰ ਸਕੇ ਪਰ ਰਾਜ ਵੱਲ ਅੱਗੇ ਵੱਧ ਰਹੇ ਸਨ। ਤਖ਼ਤ ਬਣਾਇਆ, ਫ਼ੌਜਾਂ ਰੱਖੀਆਂ, ਲੋਕ ਅਦਾਲਤਾਂ ਲਾ ਕੇ ਫ਼ੈਸਲੇ ਕੀਤੇ ਜਾਣ ਲੱਗੇ। ਅੰਮ੍ਰਿਤਸਰ ਵਿੱਚ ਹੀ ਪਹਿਲਾ ਕਿਲ੍ਹਾ ਬਣਾਇਆ। ਫਿਰ ਆਨੰਦਪੁਰ ਵਿਖੇ ਪੰਜੇ ਕਿਲ੍ਹੇ ਬਣਾਏ। ਲੋਹਗੜ੍ਹ ਕਿਲ੍ਹੇ ਵਿੱਚ ਹਰ ਤਰ੍ਹਾਂ ਦੇ ਹਥਿਆਰ ਬਣਾਏ ਜਾਂਦੇ ਸਨ। ਸਾਧਾਂ-ਸੰਤਾਂ ਨੂੰ ਕਿਲ੍ਹਿਆਂ, ਤਖ਼ਤਾਂ ਅਤੇ ਫ਼ੌਜਾਂ ਦੀ ਕੀ ਲੋੜ ਹੋ ਸਕਦੀ ਹੈ? ਗੁਰੂ ਸਾਹਿਬ ਜੰਗੀ ਜੋਧੇ ਬਣਾ ਕੇ ਜੰਗ ਲੜ ਰਹੇ ਹਨ। ਸਾਧ ਨੂੰ ਕੀ ਲੋੜ ਹੈ ਲੜਾਈ ਲੜਨ ਦੀ? ਗੁਰੂ ਸਾਹਿਬ ਚੰਗੀ ਤਰ੍ਹਾਂ ਸਮਝਦੇ ਸਨ ਕਿ ਇਸ ਖ਼ੂੰਖਾਰ ਰਾਜ ਦਾ ਤਖ਼ਤਾ ਉਲਟਾਉਣ ਤੋਂ ਬਿਨਾਂ ਲੋਕਾਂ ਨੂੰ ਅਮਨ ਤੇ ਸੁੱਖ ਵਾਲੀ ਜ਼ਿੰਦਗੀ ਨਸੀਬ ਨਹੀਂ ਹੋ ਸਕਦੀ। ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ, ਦਸਮ ਪਾਤਿਸ਼ਾਹ ਨੇ ਬੰਦਾ ਸਿੰਘ ਬਹਾਦਰ ਨੂੰ ਸਾਰੀ ਵਿਉਂਤਬੰਦੀ ਸਮਝਾ ਦਿੱਤੀ। ਅੱਗੋਂ ਰੱਖਿਆ ਦੀ ਲੜਾਈ ਨਹੀਂ ਲੜਨੀ, ਸਗੋਂ ਜਿੰਨਾ ਹੋ ਸਕੇ, ਹਮਲਾਵਰ ਵਿਧੀ ਅਪਣਾਉਣੀ ਹੈ। ਜੇ ਲੋੜ ਪਵੇ ਤਾਂ ਗੁਰੀਲਾ ਜੰਗ ਲੜਨੀ ਹੈ। ਹਰ ਢੰਗ ਵਰਤ ਕੇ ਹਕੂਮਤ ਨੂੰ ਕਮਜ਼ੋਰ ਕਰਨਾ ਹੈ ਤੇ ਲੋਕਾਂ ਦੇ ਖੁੱਸੇ ਅਧਿਕਾਰ ਵਾਪਸ ਦੁਆਉਣੇ ਹਨ।

ਪਹਿਲੇ ਦਿਨ ਤੋਂ ਹੀ ਬੰਦਾ ਸਿੰਘ ਨੇ ਇਹ ਤਰੀਕਾ ਅਪਣਾਇਆ। ਅੱਠ ਕੁ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਪੰਜਾਬ ਵਿੱਚੋਂ ਧਰਮ ਦੋਖੀਆਂ ਦਾ ਲਗਪਗ ਸਫ਼ਾਇਆ ਕਰ ਦਿੱਤਾ। ਦਿੱਲੀ ਦਰਬਾਰ ਦੇ ਤਖ਼ਤ ਦੀਆਂ ਨੀਹਾਂ ਹਿੱਲ ਗਈਆਂ। ਮਹਾਨ ਨੀਤੀਵਾਨ ਬੇਜੋੜ ਸੂਰਮੇ ਬੰਦਾ ਸਿੰਘ ਨੂੰ ਫ਼ਰਾਂਸ ਦੇ ਨੈਪੋਲੀਅਨ ਬੋਨਾਪਾਰਟ ਦੇ ਬਰਾਬਰ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਭਾਈ ਬੰਦਾ ਸਿੰਘ ਦਾ ਇੱਕ ਸਿਰ ਕੱਢਵਾਂ ਜਰਨੈਲ ਸੀ ਭਾਈ ਬਾਜ ਸਿੰਘ। ਦਿੱਲੀ ਦੀ ਕਤਲਗਾਹ ਵਿੱਚ ਸੌ ਸੌ ਕਰ ਕੇ ਸਿੱਖਾਂ ਨੂੰ ਕਤਲ ਕਰਨ ਤੋਂ ਬਾਅਦ ਵੱਡੇ ਸਿੱਖ ਜਰਨੈਲਾਂ ਨੂੰ ਕਤਲ ਕਰਨ ਦੀ ਵਾਰੀ ਆਈ। ਇੱਕ ਦਿਨ ਭਾਈ ਬਾਜ ਸਿੰਘ ਨੂੰ ਹਥਕੜੀਆਂ ਅਤੇ ਬੇੜੀਆਂ ਵਿੱਚ ਜਕੜ ਕੇ ਕੈਦਖ਼ਾਨੇ ਵਿੱਚੋਂ ਕੱਢ ਕੇ ਬਾਦਸ਼ਾਹ ਫ਼ਰੱਖ਼ਸ਼ੀਅਰ ਅੱਗੇ ਪੇਸ਼ ਕੀਤਾ ਗਿਆ। ਫ਼ਰੱਖ਼ਸ਼ੀਅਰ ਨੇ ਬਾਜ ਸਿੰਘ ਦੀ ਸੂਰਮਗਤੀ ਬਾਰੇ ਕਾਫ਼ੀ ਕੁੱਝ ਸੁਣਿਆ ਹੋਇਆ ਸੀ। ਪਹਿਲਾਂ ਤਾਂ ਬਾਜ ਸਿੰਘ ਦੀ ਪ੍ਰਸੰਸਾ ਕੀਤੀ, ਸਰਕਾਰੀ ਅਹੁਦਾ ਲੈ ਕੇ ਸੁੱਖ ਆਰਾਮ ਦੀ ਜ਼ਿੰਦਗੀ ਜਿਉਣ ਦਾ ਲਾਲਚ ਦਿੱਤਾ ਪਰ ਇਸਲਾਮ

ਧਾਰਨ ਕਰਨਾ ਪਵੇਗਾ। ਜਦੋਂ ਬਾਜ ਸਿੰਘ ਨੇ ਲਾਲਚ ਨੂੰ ਠੋਹਕਰ ਮਾਰ ਦਿੱਤੀ ਫਿਰ ਭਿਆਨਕ ਮੌਤ ਦੇ ਡਰਾਵੇ ਦਿੱਤੇ ਗਏ। ਬਾਜ ਸਿੰਘ ਉਨ੍ਹਾਂ ਵੱਲੋਂ ਭੀ ਬੇ ਪ੍ਰਵਾਹ ਰਿਹਾ। ਅਖ਼ੀਰ ਵਿੱਚ ਬਾਦਸ਼ਾਹ ਕਹਿਣ ਲੱਗਾ, "ਬਾਜ ਸਿੰਘ ਮੈਨੂੰ ਪਤਾ ਲੱਗਿਆ ਹੈ ਕਿ ਤੂੰ ਬੜਾ ਬਹਾਦਰ ਹੈਂ, ਤੇਗ ਦਾ ਧਨੀ ਹੈਂ। ਜੰਗ ਵਿੱਚ ਮੋਹਰੀ ਹੋ ਕੇ ਲੜਦਾ ਰਿਹਾ ਹੈਂ। ਬਹੁਤ ਤਾਰੀਫ਼ ਸੁਣੀ ਹੈ ਤੇਰੀ। ਕੀ ਹੁਣ ਕੋਈ ਕੌਤਕ ਵਿਖਾ ਸਕਦਾ ਹੈਂ?"

ਬਾਜ ਸਿੰਘ, "ਕਿਉਂ ਨਹੀਂ, ਜੇਕਰ ਹਥਕੜੀਆਂ ਅਤੇ ਬੇੜੀਆਂ ਖੋਲ੍ਹ ਦਿਉ ਤਾਂ ਮੈਂ ਇਥੇ ਹੁਣੇ ਹੀ ਕੋਈ ਤਮਾਸ਼ਾ ਵਿਖਾ ਸਕਦਾ ਹਾਂ।"

ਬਾਜ ਸਿੰਘ ਦੀ ਬੇੜੀ ਖੋਲ੍ਹ ਦਿੱਤੀ ਗਈ। ਹਥਕੜੀ ਢਿੱਲੀ ਕਰ ਦਿੱਤੀ ਗਈ। ਬਾਜ ਸਿੰਘ ਵਿੱਚ ਮਾਨੋ ਹਾਥੀ ਜਿੰਨੀ ਤਾਕਤ ਅਤੇ ਸ਼ੇਰ ਜਿਹੀ ਹਿੰਮਤ ਪ੍ਰਵੇਸ਼ ਕਰ ਗਈ। ਇਹੀ ਮੌਕਾ ਸੀ ਜਦੋਂ ਆਪਣੀ ਤਾਕਤ ਦਾ ਸਹੀ ਇਸਤੇਮਾਲ ਕੀਤਾ ਜਾ ਸਕਦਾ ਸੀ। ਬਾਜ ਸਿੰਘ ਬਿਜਲੀ ਦੀ ਤੇਜ਼ੀ ਵਾਂਗ ਉਛਲਿਆ। ਆਪਣੇ ਹੱਥਾਂ ਵਿੱਚ ਪਾਈਆਂ ਹਥਕੜੀਆਂ ਨਾਲ ਚਾਰ ਸਿਪਾਹੀਆਂ ਨੂੰ ਜ਼ਮੀਨ 'ਤੇ ਢੇਰ ਕਰ ਦਿੱਤਾ। ਭੁੱਖੇ ਸ਼ੇਰ ਵਾਂਗ ਫ਼ਰੱਖ਼ਸ਼ੀਅਰ ਨੂੰ ਜਾ ਦਬੋਚਿਆ। ਇੰਨੇ ਵਿੱਚ ਹੋਰ ਕਈ ਸਿਪਾਹੀ ਟੁੱਟ ਕੇ ਪੈ ਗਏ। ਉਨ੍ਹਾਂ ਭਾਈ ਬਾਜ ਸਿੰਘ ਨੂੰ ਪਿਛਾਂਹ ਖਿੱਚਿਆ ਤੇ ਕਿਰਪਾਨਾਂ ਦੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਪਲਾਂ ਵਿੱਚ ਹੀ ਬਾਜ ਸਿੰਘ ਦੇ ਸਰੀਰ ਦੇ ਡੱਕਰੇ ਕਰ ਦਿੱਤੇ ਗਏ। ਜੇ ਥੋੜ੍ਹੀ ਜਿੰਨੀ ਦੇਰੀ ਹੋ ਜਾਂਦੀ ਤਾਂ ਫ਼ਰੱਖ਼ਸ਼ੀਅਰ ਦਾ "ਫ਼ਤਿਹਾ" ਪੜ੍ਹਿਆ ਜਾਣਾ ਸੀ। ਵੇਖਣ ਵਾਲੇ ਇਸ ਜਵਾਂ ਮਰਦੀ 'ਤੇ ਹੈਰਾਨ ਸਨ। ਆਪਸ ਵਿੱਚ ਗੱਲਾਂ ਕਰ ਰਹੇ ਸਨ ਕਿ ਹੁਣ ਇਨ੍ਹਾਂ ਨੂੰ ਰਾਜ ਪ੍ਰਾਪਤ ਕਰਨੋਂ ਕੌਣ ਰੋਕ ਸਕੇਗਾ? ਗਜਬ ਦੀ ਤਾਕਤ ਅਤੇ ਲੋਹੜੇ ਦੀ ਫੁਰਤੀ ਹੈ ਇਨ੍ਹਾਂ ਵਿੱਚ। ਫਿਰ ਬਾਦਸ਼ਾਹ ਨੇ ਕਿਸੇ ਸਿੱਖ ਨਾਲ ਅਜਿਹਾ "ਮਜ਼ਾਕ" ਨਹੀਂ ਕੀਤਾ।

(ਡਾ. ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਪੰਨਾ-137)

ਸੀਹਾ ਬਾਜਾ ਚਰਗਾ ਕੁਹੀਆ, ਏਨਾ ਖਵਾਲੇ ਘਾਹ ॥
ਘਾਹੁ ਖਾਨਿ ਤਿਨਾਂ ਮਾਸੁ ਖਵਾਲੇ, ਏਹਿ ਚਲਾਏ ਰਾਹ ॥
ਨਦੀਆ ਵਿਚਿ ਟਿਬੇ ਦੇਖਾਲੇ, ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ, ਲਸਕਰ ਕਰੇ ਸੁਆਹ ॥ (144)



ਨਿਡਰਤਾ ਦੀ ਮਿਸਾਲ

ਦੁਨੀਆਂ ਵਿੱਚ ਕੋਈ ਜੀਵ ਮਰਨਾ ਨਹੀਂ ਚਾਹੁੰਦਾ। ਅਤਿਅੰਤ ਮੁਸੀਬਤਾਂ ਅਤੇ ਬਿਮਾਰੀਆਂ ਵਿੱਚ ਭੀ ਇਨਸਾਨ ਜੀਵਤ ਰਹਿਣਾ ਚਾਹੁੰਦਾ ਹੈ। ਨੇਤਰਹੀਣ ਹੋ ਕੇ ਭੀ ਮਰਨਾ ਨਹੀਂ ਚਾਹੁੰਦਾ। ਸਰੀਰ ਦੇ ਕਿੰਨੇ ਹੀ ਮਹੱਤਵਪੂਰਨ ਅੰਗ ਕੱਟੇ ਜਾਣ, ਨਕਾਰੇ ਹੋ ਜਾਣ ਤਾਂ ਭੀ ਜਿਉਣ ਦੀ ਲਾਲਸਾ ਬਾਕੀ ਹੁੰਦੀ ਹੈ। ਆਰਥਕ ਪੱਖੋਂ ਬੰਦਾ ਕੰਗਾਲ ਹੋ ਜਾਵੇ, ਸਮਾਜ ਵਿੱਚ ਅਪਮਾਨ ਹੋ ਜਾਵੇ। ਡਾਕਾ ਮਾਰਦਿਆਂ, ਚੋਰੀ ਕਰਨ ਵਾਲਿਆਂ ਦੀ ਬੇਇੱਜ਼ਤੀ ਹੋ ਜਾਵੇ। ਜੇਲ੍ਹ ਚਲਾ ਜਾਵੇ ਪਰ ਮਰਨ ਨੂੰ ਦਿਲ ਨਹੀਂ ਕਰਦਾ। ਨਿੱਕੇ ਤੋਂ ਨਿੱਕਾ ਕੀੜਾ-ਮਕੌੜਾ ਭੀ ਆਪਣੀ ਜਾਨ ਬਚਾਉਣ ਲਈ "ਸਿਰ ਧੜ ਦੀ ਬਾਜ਼ੀ" ਲਾ ਦਿੰਦਾ ਹੈ। ਬਹੁਤ ਹੀ ਕਰੀਬੀ ਰਿਸ਼ਤੇਦਾਰ ਵਿਛੁੜ ਜਾਣ। ਦਿਲਬਰ ਜਾਨੀਆਂ ਦੀ ਮੌਤ ਹੋ ਜਾਵੇ, ਫਿਰ ਭੀ ਦਿਲ 'ਤੇ "ਪੱਥਰ ਰੱਖ ਕੇ" ਜਿਉਣ ਦੀ ਕੋਸ਼ਿਸ਼ ਕਰੀਦੀ ਹੈ। ਕੰਧਾਂ ਵਿੱਚ ਕੋਠਿਆਂ 'ਤੇ ਉੱਗੇ ਪਿਪਲ ਦੇ ਰੁੱਖ ਨੂੰ ਵੇਖ ਕੇ ਤਾਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਤਿਅੰਤ ਕਠਨ ਹਾਲਾਤਾਂ ਵਿੱਚ ਭੀ ਕੋਈ ਮਰਨਾ ਨਹੀਂ ਚਾਹੁੰਦਾ ਸਮੇਤ ਰੁੱਖਾਂ-ਬਿਰਖਾਂ ਦੇ। ਜਦੋਂ ਜਿਉਣ ਦਾ ਉਤਸ਼ਾਹ ਖ਼ਤਮ ਹੋ ਜਾਵੇ, ਉਸ ਹਾਲਤ ਵਿੱਚ ਆਦਮੀ ਆਤਮ ਹੱਤਿਆ ਕਰਨ ਲਈ ਤਿਆਰ ਹੋ ਜਾਂਦਾ ਹੈ। ਉਸ ਦਾ ਕਣ-ਕਣ (ਜੀਵਨ ਵਾਲੇ ਸੈੱਲ) ਹੌਸਲਾ-ਹੀਣ ਹੋ ਜਾਂਦੇ ਹਨ। ਅਜਿਹਾ ਵਿਅਕਤੀ ਜਿੰਨਾ ਸਮਾਂ "ਜੀਵਤ" ਹੁੰਦਾ ਹੈ। ਅਸਲ ਵਿੱਚ ਉਸ ਦੇ ਸਾਹ ਚੱਲ ਰਹੇ ਹਨ, ਦਿਲ ਧੜਕ ਰਿਹਾ ਹੈ, ਬਸ "ਟੁਰਦੀ ਫਿਰਦੀ ਲਾਸ਼" ਕਹਿ ਸਕਦੇ ਹਾਂ।

ਕੁੱਝ ਇੱਕ ਉਂਗਲਾਂ 'ਤੇ ਗਿਣੇ ਜਾਣ ਜੋਗੇ, ਕਿਸੇ ਖ਼ਾਸ ਮਕਸਦ ਵਾਸਤੇ ਜਿਉਣ ਵਾਲੇ ਬਹਾਦਰਾਂ ਨੂੰ ਜੇਕਰ ਗ੍ਰਿਫ਼ਤਾਰ ਕਰ ਲਿਆ ਜਾਵੇ ਤਾਂ ਜ਼ਾਲਮ ਸਰਕਾਰਾਂ ਦੇ ਤਸੀਹੇ, ਨਿਸ਼ਾਨੇ ਤੋਂ ਧਿੜਕਾ ਦਿੰਦੇ ਹਨ। ਜਿੱਤ ਦੇ ਸੁਪਨੇ ਚੂਰ-ਚੂਰ ਹੋ ਜਾਂਦੇ ਹਨ। ਭਵਿੱਖ ਦੀਆਂ ਖ਼ੁਸ਼ੀਆਂ ਤੇ ਮਾਨ-ਸਨਮਾਨ ਤਹਿਸ-ਨਹਿਸ ਹੋ ਜਾਂਦੇ ਹਨ। ਫਿਰ ਭੀ ਜਿਉਣ ਦੀ ਲਾਲਸਾ ਖ਼ਤਮ ਨਹੀਂ ਹੁੰਦੀ। ਆਪਣੀ ਜ਼ਮੀਰ ਨੂੰ ਮਾਰ ਕੇ, ਜੇਤੂ ਹਾਕਮ ਦੇ ਪੈਰਾਂ 'ਤੇ ਸਿਰ ਰੱਖ ਕੇ, ਆਪਣੀਆਂ ਬੇਟੀਆਂ ਤੇ ਭੈਣਾਂ ਜੇਤੂ ਹਾਕਮ ਦੇ ਬੈੱਡਰੂਮ ਵਿੱਚ ਪੁਚਾ ਕੇ, ਆਪਣੀ ਪਗੜੀ ਗੁਆ ਕੇ, ਜੇਤੂਆਂ ਦੇ ਜੂਠੇ ਟੁਕੜੇ ਖਾ ਕੇ, ਕੁੱਤੇ ਵਾਂਗ ਮਾਲਕ ਦੇ ਅੱਗੇ ਪੂਛ ਹਿਲਾ ਕੇ ਬੰਦਾ ਜਿਉਣਾ ਚਾਹੁੰਦਾ ਹੈ। ਬੇਅੰਤ ਘਟਨਾਵਾਂ ਇਤਿਹਾਸ ਵਿੱਚੋਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਜਾਨਵਰ ਭੀ ਇੰਨੀ ਛੇਤੀ ਹਾਰ ਨਹੀਂ ਮੰਨਦੇ, ਜਿੰਨੀ ਛੇਤੀ ਫਸਿਆ ਹੋਇਆ ਮਨੁੱਖ ਹਾਰ ਮੰਨ ਲੈਂਦਾ ਹੈ। ਬਹੁਤ ਹੀ ਥੋੜੇ ਸੂਰਮੇ ਅਜਿਹੇ ਭੀ ਹੋ ਗੁਜਰੇ ਹਨ, ਜਿਨ੍ਹਾਂ ਨੇ ਜਿਸ ਬਲਵਾਨ ਇੱਛਾ ਸ਼ਕਤੀ ਨਾਲ ਜੰਗ ਸ਼ੁਰੂ ਕੀਤੀ ਸੀ। ਉਸੇ ਦਲੇਰੀ ਨਾਲ ਅੱਗੇ ਵਧਦੇ ਗਏ ਹਨ। ਜਾਂ ਤਾਂ ਉਹ ਜਿੱਤ ਦਾ ਤਾਜ ਚੁੰਮਦੇ ਹਨ ਜਾਂ ਮੌਤ ਨੂੰ ਗਲਵਕੜੀ ਪਾਉਂਦੇ ਹਨ। ਵਿਚਕਾਰਲਾ ਕੋਈ ਰਾਹ ਨਹੀਂ ਅਪਣਾਉਂਦੇ। ਬੇ ਕਿਰਕ ਤਸੀਹੇ ਦਿੱਤੇ ਜਾਣੇ

ਪ੍ਰਵਾਨ ਕਰਨਗੇ। ਵੱਡੇ ਤੋਂ ਵੱਡੇ ਲਾਲਚ ਦਿੱਤੇ ਜਾਣ, ਠੋਹਕਰ ਮਾਰ ਦੇਣਗੇ। ਬੇਗ਼ੈਰਤ ਲੰਮੀ ਉਮਰ ਨਾਲੋਂ ਸਵੈਮਾਣ ਤੇ ਅਣਖ ਵਾਲੀ, ਥੋੜੀ ਜ਼ਿੰਦਗੀ ਪ੍ਰਵਾਨ ਕਰਨਗੇ। ਬੁਜ਼ਦਿਲਾਂ ਵਾਲੀ ਜ਼ਿੰਦਗੀ ਨਾਲੋਂ ਬਹਾਦਰਾਂ ਵਾਲੀ ਮੌਤ ਨੂੰ ਪ੍ਰਵਾਨ ਕਰਨਗੇ।

ਬਾਬਾ ਬੰਦਾ ਸਿੰਘ ਨੂੰ 1715 ਵਿੱਚ ਜਦੋਂ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਉਨ੍ਹਾਂ ਦੀ ਗਿਣਤੀ ਬਹੁਤ ਥੋੜੀ ਸੀ। ਮੁਗ਼ਲ ਫ਼ੌਜ ਨੂੰ ਕਮਾਂਡਰ ਨੇ ਹੁਕਮ ਦੇ ਦਿੱਤਾ ਕਿ ਕੁੱਝ ਜਿਉਂਦੇ, ਕੁੱਝ ਮੁਰਦੇ ਸਿਰ ਕੱਟ ਕੇ ਸਿੱਖ ਲਿਆਂਦੇ ਜਾਣ। ਜੋ ਅੱਗੇ ਆਇਆ, ਫੜ ਲਿਆ ਗਿਆ। ਫੜਿਆ ਨਾ ਗਿਆ ਤਾਂ ਗੋਲੀ ਮਾਰ ਦਿੱਤੀ ਤੇ ਸਿਰ ਕੱਟ ਲਿਆ। ਇਨ੍ਹਾਂ ਬੇਦੋਸ਼ੇ ਫੜੇ ਗਏ ਸਿੱਖਾਂ ਵਿੱਚ ਇੱਕ ਅੱਲੜ ਉਮਰ ਦਾ ਮੁੱਛ ਫੁੱਟ ਗੱਭਰੂ ਭੀ ਫੜ ਲਿਆ। ਸਤਾਰਾਂ-ਅਠਾਰਾਂ ਸਾਲ ਉਮਰ, ਵਿਧਵਾ ਮਾਂ ਦੀ ਅੱਖ ਦਾ ਇਕਲੌਤਾ ਤਾਰਾ। ਥੋੜ੍ਹਾ ਸਮਾਂ ਹੋਇਆ ਸੀ ਵਿਆਹ ਕੀਤੇ ਨੂੰ। ਪੁੱਤਰ ਨੂੰ ਫੜੇ ਜਾਣ 'ਤੇ "ਸੀਸ ਤਲੀ 'ਤੇ ਰੱਖ ਕੇ" ਇਹ ਮਾਤਾ ਦਿੱਲੀ ਵੱਲ ਚੱਲ ਪਈ। ਇਸ ਦੇ ਨਾਲ ਹੋਰ ਕੌਣ ਸੀ ? ਰਸਤੇ ਵਿੱਚ ਕਿੰਨੀਆਂ ਹੀ ਮੁਸ਼ਕਲਾਂ ਆਈਆਂ, ਇਸ ਦਾ ਵੇਰਵਾ ਨਹੀਂ ਮਿਲਦਾ। ਕੁੱਝ ਹੀ ਦਿਨਾਂ ਤੋਂ ਬਾਅਦ ਚੋਣਵੇਂ ਮੁਖੀ ਸਿੱਖ ਅਲੱਗ ਬੰਦ ਕਰ ਦਿੱਤੇ। ਬਾਕੀਆਂ ਨੂੰ ਹਰ ਰੋਜ਼ ਇੱਕ ਸੌ, ਇੱਕ ਸੌ ਕਰ ਕੇ ਮਾਰਿਆ ਜਾਣ ਲੱਗਾ। ਤਲਵਾਰ ਦਾ ਮਾਰੂ ਵਾਰ ਹੋਣ ਤੋਂ ਪਹਿਲਾਂ ਕਾਜੀ ਆਖ਼ਰੀ ਵਾਰੀ ਫਿਰ ਸਾਰਿਆਂ ਨੂੰ ਸੁਣਾ ਕੇ ਕਹਿੰਦਾ ਸੀ ਕਿ "ਜੇਕਰ ਕੋਈ ਕਹਿ ਦੇਵੇ, ਮੈਂ ਸਿੱਖ ਨਹੀਂ ਹਾਂ, ਉਸ ਦੀ ਜਾਨ ਬਖ਼ਸ਼ ਦਿੱਤੀ ਜਾਵੇਗੀ।" ਕਿਸੇ ਇੱਕ ਭੀ ਸਿੱਖ ਨੇ "ਗੁਰੂ ਨੂੰ ਬੇਦਾਵਾ" ਨਹੀਂ ਦਿੱਤਾ। ਸਿੱਖੀ 'ਤੇ ਪਰਪੱਕ ਰਹਿੰਦਿਆਂ ਜਾਨਾਂ ਕੁਰਬਾਨ ਕਰਦੇ ਗਏ।

ਆਪਣੇ ਇਕਲੌਤੇ ਪੁੱਤਰ ਨੂੰ ਬਚਾਉਣ ਦੀ ਆਸ ਮਨ ਵਿੱਚ ਲੈ ਕੇ ਜੋ ਮਾਈ ਦਿੱਲੀ ਆਈ ਸੀ, ਉਸ ਨੇ ਹੋਰ ਕਿੰਨੇ ਪਾਪੜ ਵੇਲੇ, ਇਤਿਹਾਸ ਖਾਮੋਸ਼ ਹੈ। ਉਸ ਨੇ ਫ਼ਰੱਖ਼ਸ਼ੀਅਰ (ਦੇਸ਼ ਦੇ ਬਾਦਸ਼ਾਹ) ਅੱਗੇ ਫ਼ਰਿਆਦ ਕਰਨ ਲਈ ਇੱਕ ਹਿੰਦੂ ਅਫ਼ਸਰ ਰਤਨ ਚੰਦ ਤੱਕ ਪਹੁੰਚ ਕੀਤੀ। ਰਤਨ ਚੰਦ ਇਸ ਮਾਈ ਨੂੰ ਨਾਲ ਲੈ ਕੇ ਬਾਦਸ਼ਾਹ ਕੋਲ ਜਾ ਹਾਜ਼ਰ ਹੋਇਆ। ਇਸ ਮਾਈ ਬਾਰੇ ਖ਼ੁਦ ਦੱਸਿਆ। ਅੱਗੋਂ ਆਪਣੇ ਨਾਲ ਹੋਈ ਬੀਤੀ ਮਾਈ ਨੇ ਕਹਿ ਸੁਣਾਈ। ਸਾਰੀ ਗੱਲਬਾਤ ਸੁਣ ਕੇ ਫ਼ਰੱਖ਼ਸ਼ੀਅਰ ਨੇ ਲਿਖ ਕੇ ਹੁਕਮ ਰਤਨ ਚੰਦ ਨੂੰ ਫੜਾ ਦਿੱਤਾ ਤੇ ਆਖਿਆ ਕਿ ਜੇਕਰ ਲੜਕਾ ਕਹਿ ਦੇਵੇ ਕਿ "ਮੈਂ ਸਿੱਖ ਨਹੀਂ ਹਾਂ" ਤਾਂ ਜਾਨ ਬਖ਼ਸ਼ ਦਿੱਤੀ ਜਾਵੇ। ਬਹੁਤ ਹੀ ਉਤਸ਼ਾਹ ਅਤੇ ਚਾਅ ਵਿੱਚ ਮਾਈ ਰਤਨ ਚੰਦ ਦੇ ਨਾਲ ਕਤਲ ਗਾਹ ਵਾਲੀ ਥਾਂ ਪੁੱਜ ਗਈ। ਸਾਰਿਆਂ ਸਿੱਖਾਂ ਨੂੰ ਬੇੜੀਆਂ ਵਿੱਚ ਜਕੜਿਆ ਹੋਇਆ ਸੀ। ਹੱਥ ਪਿੱਛੇ ਕਰ ਕੇ ਬੰਨ੍ਹੇ ਹੋਏ ਸਨ। ਜਲਾਦ ਤਲਵਾਰ ਤਿੱਖੀ ਕਰ ਚੁੱਕਿਆ ਸੀ। ਕਾਜੀ (ਜੱਜ) ਹੁਕਮ ਪੜ੍ਹਨ ਹੀ ਲੱਗਾ ਸੀ ਕਿ ਰਤਨ ਚੰਦ ਨੇ ਬਾਦਸ਼ਾਹ ਵੱਲੋਂ ਭੇਜਿਆ ਖਤ ਕਾਜੀ ਨੂੰ ਦੇ ਦਿੱਤਾ। ਕਾਜੀ ਨੇ ਖਤ ਪੜ੍ਹਿਆ, ਮਾਈ ਵੱਲ ਵੇਖਿਆ। ਮਾਈ ਨੂੰ ਪੁੱਛਿਆ ਕਿ ਦੱਸ ਇਨ੍ਹਾਂ ਵਿੱਚ ਤੇਰਾ ਪੁੱਤਰ ਕਿਹੜਾ ਹੈ ? ਮਾਈ ਨੇ ਨੇੜੇ ਜਾ ਕੇ ਮੋਢੇ 'ਤੇ ਹੱਥ ਰੱਖ ਦਿੱਤਾ। ਕਾਜੀ ਕਹਿਣ ਲੱਗਾ, "ਮੁੰਡਿਆ ਤੇਰੀ ਕਿਸਮਤ ਚੰਗੀ ਸੀ। ਤੇਰੀ ਮਾਂ ਬਾਦਸ਼ਾਹ ਤੱਕ ਪਹੁੰਚ ਗਈ। ਬਾਦਸ਼ਾਹ ਨੇ ਜਾਨ ਬਖ਼ਸ਼ੀ ਦਾ ਹੁਕਮ ਲਿਖ ਦਿੱਤਾ ਹੈ ਪਰ

ਇੱਕ ਸ਼ਰਤ 'ਤੇ ਜਾਨ ਬਖ਼ਸ਼ੀ ਜਾ ਸਕਦੀ ਹੈ ਕਿ ਤੂੰ ਸਵੀਕਾਰ ਕਰ ਕਿ, "ਮੈਂ ਸਿੱਖ ਨਹੀਂ ਹਾਂ।"

ਮੌਤ ਨਾਲੋਂ ਭਿਆਨਕ ਪਲ ਸਨ। ਮਾਈ ਸਾਹ ਰੋਕੀ ਪੁੱਤਰ ਵੱਲ ਨਜ਼ਰਾਂ ਜਮਾਈ ਇੱਕ ਟੱਕ ਵੇਖ ਰਹੀ ਸੀ। ਨੌਜੁਆਨ ਦੇ ਅੰਦਰ ਤੂਫਾਨ ਠਾਠਾਂ ਮਾਰ ਰਿਹਾ ਸੀ। ਏਨੀ ਉਥਲ ਪੁਥਲ ਉਸ ਗੱਭਰੂ ਦੇ ਅੰਦਰ ਉਸ ਦਿਨ ਭੀ ਨਹੀਂ ਹੋਈ ਸੀ, ਜਿਸ ਦਿਨ ਬੇਦੋਸ਼ੇ ਨੂੰ ਗ੍ਰਿਫ਼ਤਾਰ ਕੀਤਾ ਸੀ। ਇੰਨੀ ਹਲਚਲ ਉਦੋਂ ਭੀ ਨਹੀਂ ਸੀ ਹੋਈ ਜਦੋਂ ਦਿੱਲੀ ਦੇ ਬਾਜ਼ਾਰਾਂ ਵਿੱਚੋਂ ਦੀ ਸਿੱਖਾਂ ਦਾ ਅਪਮਾਨ ਕਰਨ ਵਾਲਾ ਜਲੂਸ ਕੱਢਿਆ ਸੀ। ਇੰਨਾ ਵੱਡਾ ਜਵਾਰ ਭਾਟਾ ਉਸ ਦਿਨ ਭੀ ਨਹੀਂ ਸੀ ਉੱਠਿਆ ਜਿਸ ਦਿਨ ਸੌ-ਸੌ ਕਰ ਕੇ ਸਾਰਿਆਂ ਨੂੰ ਕਤਲ ਕਰਨ ਦਾ ਹੁਕਮ ਪੜ੍ਹ ਕੇ ਸੁਣਾਇਆ ਗਿਆ ਸੀ। ਇੰਨੀ ਭੰਨ-ਤੋੜ ਅੰਦਰ ਉਦੋਂ ਭੀ ਨਹੀਂ ਹੋਈ ਸੀ, ਜਦੋਂ ਇਸ ਕਤਲਗਾਹ ਵਿੱਚ ਲਿਆ ਕੇ ਧੜ ਤੋਂ ਸਿਰ ਉਡਾ ਦੇਣਾ ਸੀ। ਇਸ ਇੱਕੋ ਬੋਲ ਨੇ ਨੌਜੁਆਨ ਦੇ ਮਨ ਅੰਦਰ ਤਰਥੱਲੀ ਮਚਾ ਦਿੱਤੀ। ਸਾਰਾ ਸਰੀਰ ਪਸੀਨੇ ਵਿੱਚ ਨੁਚੜਨ ਲੱਗ ਪਿਆ। ਲੰਮੀ ਚੁੱਪ ਵੇਖ ਕੇ ਮਾਂ ਨੇ ਫਿਰ ਪੁਕਾਰ ਕੀਤੀ, "ਜਾਨ ਬਚਾ ਲੈ ਪੁੱਤਰਾ। ਕਹਿ ਦੇ ਕਿ ਮੈਂ ਸਿੱਖ ਨਹੀਂ ਹਾਂ।" ਨੌਜੁਆਨ ਦੇ ਅੰਦਰੋਂ ਮਾਨੋਂ ਲਾਵਾ ਫੁੱਟ ਪਿਆ। ਉਸ ਨੇ ਕੰਬਦੀ ਅਤੇ ਗਰਜਵੀਂ ਆਵਾਜ਼ ਵਿੱਚ ਗੁਰੂ ਪ੍ਰਤੀ ਵਫ਼ਾਦਾਰੀ ਵਾਲਾ ਸਬੂਤ ਇਉਂ ਕਹਿ ਕੇ ਦਿੱਤਾ, "ਮੈਂ ਨਹੀਂ ਜਾਣਦਾ ਕੌਣ ਹੈ ਇਹ ਬੁੱਢੀ ਮਾਈ। ਇਸ ਨੂੰ ਭੁਲੇਖਾ ਲੱਗਿਆ ਹੋਵੇਗਾ। ਮੈਂ ਪਹਿਲਾਂ ਭੀ ਸਿੱਖ ਸੀ, ਹੁਣ ਭੀ ਸਿੱਖ ਹਾਂ ਤੇ ਜੁੱਗਾਂ ਜੁਗਾਂਤਰਾਂ ਤੱਕ ਸਿੱਖੀ ਨੂੰ ਪਿਆਰ ਕਰਦਾ ਰਹਾਂਗਾ। ਦੂਰ ਹਟਾ ਦਿਓ ਇਸ ਮਾਈ ਨੂੰ ਸਾਡੀਆਂ ਨਜ਼ਰਾਂ ਤੋਂ।" ਕਾਜੀ ਨੇ ਫ਼ਤਵਾ ਪੜ੍ਹਿਆ, ਜਲਾਦ ਨੇ ਤਲਵਾਰ ਚੁੱਕੀ ਤੇ ਕੁੱਝ ਹੀ ਪਲਾਂ ਵਿੱਚ ਇੱਕ ਸੌ ਸਿੱਖਾਂ ਦੇ ਸਿਰ ਧੜ ਨਾਲੋਂ ਕੱਟ ਕੇ ਵੱਖ ਕੀਤੇ ਜਾ ਚੁੱਕੇ ਸਨ। ਮਾਂ ਹੰਝੂਆਂ ਦੇ ਦਰਿਆ ਵਗਾਉਂਦੀ ਵਾਪਸ ਪਰਤ ਗਈ। ਨੌਜੁਆਨ ਸਿੱਖੀ ਸਿਦਕ ਨਿਭਾਉਂਦਾ ਆਪਣਾ ਜੀਵਨ ਸਫ਼ਲਾ ਕਰ ਗਿਆ। ਬੇਕਸੂਰ ਫੜਿਆ ਜਾਣ ਦੇ ਬਾਵਜੂਦ "ਸਿੱਖੀ ਨੂੰ ਬੇਦਾਵਾ" ਨਹੀਂ ਦਿੱਤਾ।

(ਪੁਸਤਕ- ਬਾਬਾ ਬੰਦਾ ਸਿੰਘ ਬਹਾਦਰ, ਪੰਨਾ-135, ਡਾ. ਗੰਡਾ ਸਿੰਘ)

ਡਗ ਮਗ ਛਾਡਿ ਰੇ ਮਨ ਬਉਰਾ ॥
ਅਬ ਤਉ ਜਰੇ ਮਰੇ ਸਿਧ ਪਾਈਐ, ਲੀਨੋ ਹਾਥਿ ਸੰਧਉਰਾ ॥ (338)

★★★★★★

ਪੱਗ ਦੀ ਲਾਜ

ਮੁਗ਼ਲਾਂ ਦਾ ਰਾਜ ਭਾਰਤ ਵਿੱਚ ਪੱਕੇ ਪੈਰੀਂ ਅਕਬਰ ਦੀ ਸਿਆਣਪ ਨਾਲ ਹੋਇਆ ਸੀ। ਬਹੁਤ ਲੰਮੇ ਸਮੇਂ ਦੇ ਜ਼ੋਰ ਜ਼ੁਲਮ ਤੋਂ ਮਗਰੋਂ ਮਾਨੋ ਠੰਢੀ ਹਵਾ ਦਾ ਬੁੱਲਾ ਆਇਆ ਸੀ। ਹਿੰਦੂ ਸਮਾਜ ਨੂੰ ਥੋੜ੍ਹੀਆਂ ਜਿੰਨੀਆਂ ਰਿਆਇਤਾਂ ਦੇ ਕੇ ਉਸ ਨੇ ਆਪਣੇ ਹਮਾਇਤੀ ਬਣਾ ਲਿਆ। ਉਸ ਦੇ ਜ਼ਰਾ ਢਿੱਲਾ ਪੈਣ ਦੀ ਦੇਰ ਸੀ ਕਿ ਲੋਕੀਂ ਆਪਣੀਆਂ ਜੁਆਨ ਬੇਟੀਆਂ ਦੇ ਡੋਲੇ ਆਪਣੇ ਹੀ ਮੋਢਿਆਂ 'ਤੇ ਚੁੱਕ ਕੇ ਅਕਬਰ ਦੇ ਮਹਿਲਾਂ ਵਿੱਚ ਪੁਚਾਉਣ ਲੱਗ ਪਏ। ਬਹੁਤ ਸਾਰੇ ਹਿੰਦੂ ਰਾਜਿਆਂ ਨੇ ਨਗਦ ਧਨ ਭੀ ਦਿੱਤਾ। ਸਾਲਾਨਾ ਲਗਾਨ ਦੇਣਾ ਭੀ ਮੰਨਿਆ ਤੇ ਧੀਆਂ ਦੇ ਡੋਲੇ ਭੀ ਦਿੱਤੇ। ਇਸ ਨੂੰ ਅਕਬਰ ਨਾਲ "ਰਿਸ਼ਤੇਦਾਰੀ" ਆਖਿਆ ਗਿਆ। ਇੱਕ ਪਾਸੇ ਅਕਬਰ ਪਿਆਰ ਨਾਲ ਲੋਕਾਂ ਦਾ ਮਨ ਜਿੱਤ ਰਿਹਾ ਸੀ। ਦੂਜੇ ਪਾਸੇ ਆਕੜ ਖਾਨਾਂ ਦੀ ਆਕੜ ਭੰਨ੍ਹ ਰਿਹਾ ਸੀ। ਚਿਤੌੜ ਦਾ ਰਾਜਾ ਸੀ ਉਦੈ ਸਿੰਘ। ਰਾਣਾ ਉਦੈ ਸਿੰਘ ਨੂੰ ਇਸ ਗੱਲ ਦਾ ਮਾਣ ਸੀ ਕਿ ਮੇਰੇ ਕੋਲ ਅਜਿਹਾ ਮਜ਼ਬੂਤ ਕਿਲ੍ਹਾ ਹੈ ਕਿ ਅਕਬਰ ਦੀ ਫ਼ੌਜ ਇਸ ਨੂੰ ਤੋੜ ਨਹੀਂ ਸਕੇਗੀ। ਮੈਂ ਭਾਵੇਂ ਸਾਲਾਂ ਬੱਧੀ ਅੰਦਰ ਬੈਠਾ ਲੜਦਾ ਰਹਾਂ ਕੋਈ ਮੁਸ਼ਕਿਲ ਨਹੀਂ ਹੋਵੇਗੀ। ਇਸੇ ਗਰੂਰ ਕਾਰਨ ਇਹ ਅਕਬਰ ਨੂੰ ਟੈਕਸ ਦੇਣ ਤੋਂ ਇਨਕਾਰੀ ਹੋ ਗਿਆ। ਅਕਬਰ ਨੇ ਆਪਣੇ ਤਜਰਬੇਕਾਰ ਜਰਨੈਲ ਨੂੰ ਭਾਰੀ ਫ਼ੌਜ ਦੇ ਕੇ ਕਿਲ੍ਹੇ ਨੂੰ ਜਿੱਤ ਲੈਣ ਵਾਸਤੇ ਭੇਜ ਦਿੱਤਾ। ਛੋਟੀਆਂ ਝੜੱਪਾਂ ਹੋਈਆਂ, ਘੇਰਾ ਪਿਆ। ਲੜਾਈ ਲੰਮੀ ਹੋਈ। ਅਕਬਰ ਦੇ ਫ਼ੌਜੀਆਂ ਨੇ ਕਿਲ੍ਹੇ ਦੀਆਂ ਕੰਧਾਂ ਵਿੱਚ ਪਾੜ ਪਾ ਲਿਆ। ਜਦੋਂ ਬਾਹਰਲੀ ਫ਼ੌਜ ਤੇਜ਼ੀ ਨਾਲ ਕਿਲ੍ਹੇ ਵਿੱਚ ਵੜ੍ਹਨ ਲੱਗੀ ਤਾਂ ਰਾਜਾ ਉਦੈ ਸਿੰਘ ਕੁੱਝ ਇਤਬਾਰੀ ਬੰਦਿਆਂ ਨੂੰ ਨਾਲ ਲੈ ਕੇ ਗੁਪਤ ਰਸਤੇ ਰਾਹੀਂ ਕਿਲ੍ਹੇ ਵਿੱਚ ਦੌੜ ਗਿਆ। ਰਾਜੇ ਦੇ ਭੱਜ ਜਾਣ 'ਤੇ ਦੋ ਸਰਦਾਰਾਂ ਨੇ ਦੁਸ਼ਮਣਾਂ ਨਾਲ ਹਿੱਕਾਂ ਤਾਣ ਕੇ ਸੂਰਮਗਤੀ ਦੀ ਸਿਖਰ ਛੋਹੀ ਤੇ ਆਖ਼ਰੀ ਦਮ ਤੱਕ ਲੜੇ। ਦੁਸ਼ਮਣਾਂ ਦਾ ਭਾਰੀ ਜਾਨੀ ਨੁਕਸਾਨ ਕਰ ਕੇ ਜ਼ਿੰਦਗੀ ਲੇਖੇ ਲਾ ਗਏ। ਇਹ ਦੋਵੇਂ ਬਹਾਦਰ ਸਨ ਜੈਮਲ ਅਤੇ ਫੱਤਾ (ਅਸਲ ਨਾਮ, ਪੱਤੋ) ਜਿਨ੍ਹਾਂ ਦੀਆਂ ਵਾਰਾਂ ਅੱਜ ਤੱਕ ਗਾਈਆਂ ਜਾ ਰਹੀਆਂ ਹਨ। ਅਕਬਰ ਬਾਦਸ਼ਾਹ ਦੀ ਫ਼ੌਜ ਨੇ ਕਿਲ੍ਹੇ 'ਤੇ ਕਬਜਾ ਕਰ ਲਿਆ।

ਰਾਜਾ ਉਦੈ ਸਿੰਘ ਜਾਨ ਬਚਾਉਂਦਾ ਜੰਗਲਾਂ ਵਿੱਚ ਚਲਾ ਗਿਆ। ਜੋ ਜੰਗਲੀ ਫਲ ਆਦਿ ਮਿਲੇ ਖਾ ਲਏ। ਗਾਜਰ, ਮੂਲੀ ਖਾ ਲਈ। ਕੋਈ ਜੰਗਲੀ ਜਾਨਵਰ ਕਾਬੂ ਆ ਗਿਆ ਤਾਂ ਸ਼ਿਕਾਰ ਕਰ ਲਿਆ। ਦਸ-ਪੰਦਰਾਂ ਜੀਆਂ ਦਾ ਇੱਕ ਜਥਾ ਜਿਹਾ ਦੁੱਖ ਅਤੇ ਭੁੱਖ ਸਹਿੰਦਾ ਦਿਨ ਕੱਟੀ ਕਰ ਰਿਹਾ ਸੀ। ਇੱਕ ਮਿਰਾਸੀ ਨੂੰ ਕਿਸੇ ਸੱਜਣ ਤੋਂ ਖ਼ਬਰ ਮਿਲੀ ਕਿ ਰਾਜਾ ਉਦੈ ਸਿੰਘ ਬਦਹਾਲੀ ਵਿੱਚ ਦਿਨ ਕਟੀ ਕਰ ਰਿਹਾ ਹੈ। ਓਸ ਜੰਗਲ ਵਿੱਚ ਕੁੱਲੀਆਂ ਬਣਾ ਕੇ ਟਿਕੇ ਹੋਏ ਨੇ ਰਾਣਾ ਤੇ ਉਸ ਦੇ ਸਾਥੀ। ਰਾਜ ਦਰਬਾਰ ਵਿੱਚ ਜਾ ਕੇ ਤੂੰ ਉਨ੍ਹਾਂ ਦਾ ਦਿਲ ਖ਼ੁਸ ਕਰਦਾ ਸੈਂ। ਤੈਨੂੰ ਕਾਫ਼ੀ ਸਾਰਾ ਪੈਸਾ ਮਿਲਦਾ ਸੀ। ਹੁਣ ਭੀ ਤਾਂ ਉਹੀ ਰਾਜਾ

ਹੈਂ, ਕੀ ਹੋਇਆ ਜੇ ਰਾਜ ਖੁੱਸ ਗਿਆ। ਪਿਛਲੇ ਕੀਤੇ ਉਪਕਾਰਾਂ ਨੂੰ ਯਾਦ ਕਰ। ਜਾ ਕੇ ਰਾਜੇ ਦਾ ਹਾਲ ਪੁੱਛ ਤੇ ਦੋ ਘੜੀਆਂ ਉਸ ਦਾ ਦੁੱਖ ਦਰਦ ਵੰਡਾ। ਕੋਈ ਲਤੀਫ਼ੇ ਜਾਂ ਕਵਿਤਾਵਾਂ ਸੁਣਾ ਕੇ ਉਸ ਦਾ ਗ਼ਮ ਕੁੱਝ ਘੱਟ ਕਰਨ ਦੀ ਕੋਸ਼ਿਸ਼ ਕਰ। ਹੋ ਸਕਦੈ ਕਦੀ ਫਿਰ ਰਾਜ ਭਾਗ ਪ੍ਰਾਪਤ ਕਰ ਲਵੇ।

ਸਾਰੀ ਗੱਲਬਾਤ ਸੁਣ ਕੇ ਆਪਣੇ ਮਿਰਾਸੀ ਸਾਥੀਆਂ ਸਮੇਤ ਰਾਣਾ ਉਦੈ ਸਿੰਘ ਨੂੰ ਮਿਲਣ ਲਈ ਚੱਲ ਪਿਆ। ਦੱਸੇ ਗਏ ਟਿਕਾਣੇ ਵੱਲ ਟੁਰਦਾ ਹੋਇਆ, ਆਖਰ ਰਾਣੇ ਕੋਲ ਪਹੁੰਚ ਗਿਆ। ਨਮਸਕਾਰ ਕੀਤੀ। ਪਿਆਰ ਤੇ ਹਮਦਰਦੀ ਵਾਲੀਆਂ ਗੱਲਾਂ ਕੀਤੀਆਂ। ਰਾਜੇ ਦੇ ਮਨੋਰੰਜਨ ਲਈ ਕੁੱਝ ਕਵਿਤਾਵਾਂ ਸੁਣਾਈਆਂ, ਕੁੱਝ ਲਤੀਫ਼ੇ ਸੁਣਾਏ। ਸਾਰਾ ਦਿਨ ਜੰਗਲ ਵਿੱਚ ਬਿਤਾ ਕੇ ਜਦੋਂ ਮਿਰਾਸੀ ਨੇ ਵਾਪਸ ਜਾਣ ਦੀ ਇੱਛਾ ਜਾਹਰ ਕੀਤੀ ਤਾਂ ਰਾਜਾ ਆਖਣ ਲੱਗਾ, "ਵੀਰ ਮੇਰਿਆ! ਤੇਰਾ ਬਹੁਤ ਧੰਨਵਾਦ, ਤੂੰ ਮੈਨੂੰ ਅਜਿਹੇ ਮੰਦੇ ਹਾਲ ਵਿੱਚ ਭੀ ਯਾਦ ਰੱਖਿਆ ਹੈ। ਮੇਰਾ ਦੁੱਖ ਘੱਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਵਕਤ ਮੇਰੇ ਕੋਲ ਤੈਨੂੰ ਦੇਣ ਲਈ ਕੁੱਝ ਨਹੀਂ ਹੈ। ਕਦੀ ਦਿਨ ਫਿਰੇ ਤਾਂ ਮੈਂ ਤੇਰਾ ਪੂਰਾ ਖ਼ਿਆਲ ਰੱਖਾਂਗਾ। ਹੁਣ ਤਾਂ ਬਸ ਤਨ ਦੇ ਕੱਪੜੇ ਹੀ ਨੇ।" ਮਿਰਾਸੀ ਆਖਣ ਲੱਗਾ, "ਮਹਾਰਾਜ! ਭਾਵੇਂ ਪੁਰਾਣੀ ਹੀ ਸਹੀ, ਮੈਨੂੰ ਆਪਣੇ ਸਿਰ 'ਤੇ ਬੰਨ੍ਹੀ ਪੱਗ ਹੀ ਦੇ ਦਿਓ। ਮੈਂ ਭੀ ਆਪਣੇ ਦੋਸਤਾਂ-ਮਿੱਤਰਾਂ-ਰਿਸ਼ਤੇਦਾਰਾਂ ਨੂੰ ਫ਼ਖ਼ਰ ਨਾਲ ਕਹਿ ਸਕਾਂਗਾ ਕਿ ਮੈਨੂੰ ਰਾਣਾ ਉਦੈ ਸਿੰਘ ਨੇ ਦਸਤਾਰ ਦੇ ਕੇ ਨਿਵਾਜਿਆ ਸੀ। ਕਰੋ ਕਿਰਪਾ ਸਿਰ 'ਤੇ ਬੰਨ੍ਹੀ ਪੱਗ ਮੈਨੂੰ ਦੇ ਦਿਓ।" ਰਾਜੇ ਨੇ ਉਹੀ ਸਿਰ ਵਾਲੀ ਦਸਤਾਰ ਮਿਰਾਸੀ ਦੇ ਹਵਾਲੇ ਕਰਦਿਆਂ ਭਰੇ ਮਨ ਨਾਲ ਆਖਿਆ, "ਮਿਰਾਸੀ ਭਰਾਵਾ! ਪੱਗ ਤਾਂ ਮੇਰੀ ਲੈ ਲਈ, ਵੇਖੀਂ ਕਿਤੇ ਹੁਣ ਇਹ ਪੱਗ ਕਿਸੇ ਦੇ ਪੈਰਾਂ 'ਤੇ ਨਾਂ ਟਿਕ ਜਾਵੇ। ਮੈਂ ਸਭ ਕੁੱਝ ਗਵਾ ਲਿਆ, ਜੰਗਲਾਂ ਵਿੱਚ ਮੰਦੇ ਹਾਲ ਦਿਨ ਕਟੀ ਕਰ ਰਿਹਾ ਹਾਂ। ਜੇ ਅਕਬਰ ਵਰਗੇ ਬਾਦਸ਼ਾਹ ਅੱਗੇ ਝੁੱਕ ਜਾਂਦਾ, ਪੱਗ ਪੈਰੀਂ ਰੱਖ ਦਿੰਦਾ ਤਾਂ ਰਾਜ ਸੁੱਖ ਭੋਗ ਸਕਦਾ ਸੀ। ਵੇਖੀਂ ਪੱਗ ਨੂੰ ਨੀਵੀਂ ਨਾ ਕਰੀਂ।"

ਮਿਰਾਸੀ ਸੱਤ ਬਚਨ ਆਖਦਾ ਨਮਸਕਾਰ ਕਰ ਕੇ ਵਾਪਸ ਚਲਾ ਗਿਆ। ਸਮਾਂ ਆਪਣੀ ਚਾਲ ਚਲਦਾ ਗਿਆ। ਰਾਜ ਦਰਬਾਰਾਂ ਵਿੱਚ ਆਉਣ ਜਾਣ ਕਰ ਕੇ ਮਿਰਾਸੀ ਨੂੰ ਬਹੁਤ ਸਾਰੇ ਸਰਕਾਰੀ ਅਫ਼ਸਰ ਤੇ ਅਮੀਰ ਲੋਕ ਜਾਣਦੇ ਸਨ। ਇਹ ਭੀ ਸਮੇਂ-ਸਮੇਂ ਸਾਰਿਆਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ। ਇੱਕ ਵੇਰਾਂ ਇਸ ਮਿਰਾਸੀ ਨੂੰ ਅਕਬਰ ਦੇ ਦਰਬਾਰ ਵਿੱਚ ਜਾਣ ਦਾ ਮੌਕਾ ਮਿਲ ਗਿਆ। ਇਸ ਦੇ ਹੱਥ ਵਿੱਚ ਵੱਡੀ ਡਾਂਗ ਸੀ। ਅਕਬਰ ਸਾਹਮਣੇ ਉੱਚੇ ਸਿੰਘਾਸਣ 'ਤੇ ਸਜਿਆ ਬੈਠਾ ਸੀ। ਬਾਕੀ ਸਰਕਾਰੀ ਅਫ਼ਸਰ ਤੇ ਹੋਰ ਵੱਡੇ ਲੋਕ ਆਪੋ ਆਪਣੀਆਂ ਥਾਵਾਂ 'ਤੇ ਬਿਰਾਜਮਾਨ ਸਨ। ਇਜਾਜ਼ਤ ਮਿਲਣ 'ਤੇ ਮਿਰਾਸੀ ਨੂੰ ਪਹਿਰੇਦਾਰ ਨੇ ਅੰਦਰ ਜਾਣ ਦਾ ਇਸ਼ਾਰਾ ਕੀਤਾ। ਮਿਰਾਸੀ ਅੰਦਰ ਪਹੁੰਚਿਆ, ਅਕਬਰ ਬਾਦਸ਼ਾਹ ਦੇ ਸਾਹਮਣੇ ਆਕੜ ਕੇ ਖਲੋ ਗਿਆ। ਜਦੋਂ ਸੇਵਾਦਾਰਾਂ ਨੇ ਕਿਹਾ, "ਮਿਰਾਸੀਆ! ਝੁੱਕ ਕੇ ਸਲਾਮ ਕਰ।" ਮਿਰਾਸੀ ਟੱਸ ਤੋਂ ਮੱਸ ਨਾ ਹੋਇਆ। ਮੋਢੇ ਤੋਂ ਹਲੂਣ ਕੇ ਇੱਕ ਸੇਵਾਦਾਰ ਨੇ ਸਖ਼ਤੀ ਨਾਲ ਆਖਿਆ, "ਮਿਰਾਸੀ ਜੀ! ਬਾਦਸ਼ਾਹ ਸਲਾਮਤ ਨੂੰ

ਅਦਾਬ ਆਖੋ।" ਮਿਰਾਸੀ ਨੇ ਆਪਣੇ ਸਿਰ ਤੋਂ ਪੱਗ ਉਤਾਰੀ, ਆਪਣੀ ਸੋਟੀ ਉਤੇ ਟੰਗ ਲਈ। ਸੋਟੀ ਨੂੰ ਸਿੱਧੀ ਖੜੀ ਰੱਖ ਕੇ, ਖ਼ੁਦ ਝੁਕਿਆ ਨਮਸਕਾਰ ਕੀਤੀ। ਅਕਬਰ ਦਾ ਧਿਆਨ ਇਸ ਦੀਆਂ ਅਜੀਬ ਹਰਕਤਾਂ ਵੱਲ ਹੀ ਸੀ। ਅਕਬਰ ਨੇ ਪੁੱਛਿਆ, "ਮਿਰਾਸੀਆ ਕੀ ਗੱਲ ਹੈ ? ਪਹਿਲਾਂ ਅਦਾਬ ਨਹੀਂ ਆਖਿਆ। ਫਿਰ ਦਸਤਾਰ ਉਤਾਰ ਕੇ ਸੋਟੀ 'ਤੇ ਟੰਗ ਲਈ, ਕੀ ਮਾਜਰਾ ਹੈ ?" ਮਿਰਾਸੀ ਹੱਥ ਜੋੜ ਕੇ ਬੋਲਿਆ, "ਮਹਾਰਾਜ ! ਗੁਸਤਾਖ਼ੀ ਮੁਆਫ਼ ਕਰਨੀ। ਮੇਰਾ ਮੰਨ ਬੇ ਕਾਬੂ ਹੋ ਗਿਆ ਸੀ। ਜਦੋਂ ਇਹ ਦਸਤਾਰ ਮੇਰੇ ਸਿਰ 'ਤੇ ਹੁੰਦੀ ਹੈ, ਮੈਂ ਉਦੋਂ ਕਿਸੇ ਅੱਗੇ ਝੁੱਕ ਨਹੀਂ ਸਕਦਾ। ਜੇ ਕਿਤੇ ਝੁਕਣ ਲਈ ਮਜਬੂਰ ਹੋਣਾ ਪਵੇ ਤਾਂ ਪੱਗ ਸਿਰ ਤੋਂ ਉਤਾਰ ਕੇ ਡਾਂਗ 'ਤੇ ਟੰਗ ਲੈਂਦਾ ਹਾਂ। ਮੈਂ ਤਾਂ ਝੁੱਕ ਜਾਵਾਂ, ਗ਼ਰੀਬ ਬੰਦਾ ਹਾਂ ਪਰ ਇਹ ਦਸਤਾਰ ਬਹੁਤ ਵੱਡੀ ਹੈ, ਬਹੁਤ ਉੱਚੀ ਹੈ। ਆਪਣੇ ਸਿਰ ਤੋਂ ਉਤਾਰ ਕੇ ਰਾਜਾ ਉਦੈ ਸਿੰਘ ਨੇ ਇਹ ਮੇਰੇ ਸਿਰ 'ਤੇ ਬੰਨ੍ਹਵਾਈ ਸੀ। ਨਾਲ ਹੀ ਆਖਿਆ ਸੀ ਕਿ ਇਸ ਨੂੰ ਕਦੀ ਨੀਵੀਂ ਨਾ ਹੋਣ ਦੇਵੀਂ। ਮੈਂ ਉਨ੍ਹਾਂ ਦੇ ਹੁਕਮ ਦੀ ਪਾਲਣਾ ਕਰ ਰਿਹਾ ਹਾਂ।" ਮਿਰਾਸੀ ਦੀ ਇਸ ਅਦਾ ਤੋਂ ਅਕਬਰ ਬਹੁਤ ਖ਼ੁਸ਼ ਹੋਇਆ। ਮਿਰਾਸੀ ਨੂੰ ਕੁੱਝ ਬਖ਼ਸ਼ੀਸ਼ ਦਿੰਦਿਆਂ ਆਖਣ ਲੱਗਾ, "ਮਿਰਾਸੀਆ ! ਜਦੋਂ ਇੱਕ ਦਸਤਾਰ ਬਾਦਸ਼ਾਹ ਦੇ ਸੀਸ 'ਤੇ ਸਜੀ ਹੁੰਦੀ ਹੈ, ਤਦੋਂ ਉਸ ਦੀ ਸ਼ਾਨ ਹੋਰ ਹੁੰਦੀ ਹੈ। ਉਹੀ ਦਸਤਾਰ ਜਦੋਂ ਇੱਕ ਮਿਰਾਸੀ ਦੇ ਸਿਰ 'ਤੇ ਟਿਕ ਜਾਂਦੀ ਹੈ, ਉਸ ਦੀ ਸ਼ਾਨ ਤੇ ਅਦਬ ਲੱਖ ਯਤਨ ਕੀਤਿਆਂ ਭੀ ਨਹੀਂ ਰਹਿੰਦਾ। ਕੱਪੜਾ ਤਾਂ ਸਾਰਾ ਹੀ ਜੁਲਾਹਿਆਂ ਦੇ ਘਰ ਬਣਦਾ ਹੈ। ਅਮੀਰ-ਗ਼ਰੀਬ ਉਨ੍ਹਾਂ ਤੋਂ ਖ਼ਰੀਦ ਕੇ ਹੀ ਸਾਰੇ ਲੋਕ ਦਸਤਾਰਾਂ ਬੰਨ੍ਹਦੇ ਹਨ। ਜਿਹੋ ਜਿਹੀ ਸ਼ਖ਼ਸੀਅਤ ਦੇ ਸਿਰ 'ਤੇ ਦਸਤਾਰ ਸਜਦੀ ਹੈ, ਉਸੇ ਅਨੁਸਾਰ ਉਸ ਦਾ ਸਨਮਾਨ ਹੁੰਦਾ ਹੈ। ਰਾਣਾ ਉਦੈ ਸਿੰਘ ਨੂੰ ਸੁਨੇਹਾ ਦੇ ਦੇਵੀਂ ਕਿ "ਤੇਰੀ ਪੱਗ ਉਤਰ ਚੁੱਕੀ ਹੈ। ਤੇਰੀ ਪੱਗ ਬੰਨ੍ਹ ਕੇ ਮਿਰਾਸੀ ਬਾਦਸ਼ਾਹ ਨਹੀਂ ਬਣਿਆ। ਸਗੋਂ ਉਦੈ ਸਿੰਘ ਭਿਖਾਰੀ ਬਣਿਆ ਦਰ-ਦਰ ਦੀਆਂ ਠੋਹਕਰਾਂ ਖਾ ਰਿਹਾ ਹੈ। ਇਨ੍ਹਾਂ ਦਸਤਾਰਾਂ ਨੂੰ ਬਚਾਉਣ ਵਾਸਤੇ ਸਿਆਣਪ ਅਤੇ ਤਾਕਤ ਦੀ ਜ਼ਰੂਰਤ ਹੋਇਆ ਕਰਦੀ ਹੈ। ਵਰਨਾ ਦਸਤਾਰਾਂ ਸਿਰਾਂ ਤੋਂ ਉੱਤਰ ਹੀ ਜਾਇਆ ਕਰਦੀਆਂ ਹਨ। ਸਿਆਣਪ ਤੋਂ ਬਿਨਾਂ ਦਸਤਾਰਾਂ ਤਾਂ ਕੀ ਤਾਜ ਭੀ ਨਹੀਂ ਰਹਿੰਦੇ। ਸਿਰ ਭੀ ਸਲਾਮਤ ਨਹੀਂ ਰਹਿੰਦੇ। ਮਿਰਾਸੀ ਨਿੰਮੋਝੂਣਾ ਜਿਹਾ ਹੋਇਆ ਬਾਹਰ ਨਿਕਲ ਗਿਆ।

ਟੇਢੀ ਪਾਗ ਟੇਢੇ ਚਲੇ, ਲਾਗੇ ਬੀਰੇ ਖਾਨ ॥
ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ ॥
ਰਾਮ ਬਿਸਾਰਿਓ ਹੈ ਅਭਿਮਾਨਿ ॥
ਕਨਿਕ ਕਾਮਨੀ ਮਹਾ ਸੁੰਦਰੀ, ਪੇਖਿ ਪੇਖਿ ਸਚੁ ਮਾਨਿ ॥ ਰਹਾਉ ॥
ਲਾਲਚ ਝੂਠ ਬਿਕਾਰ ਮਹਾ ਮਦ, ਇਹ ਬਿਧਿ ਅਉਧ ਬਿਹਾਨਿ ॥
ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨਿ ॥ (1124)



ਇੱਕ ਦਲੇਰ ਔਰਤ

ਨਿੱਤ ਦੇ ਸਮਾਜਕ ਤਾਣੇ ਬਾਣੇ ਨੂੰ ਧਿਆਨ ਨਾਲ ਵੇਖਦਿਆਂ ਪਰਖਦਿਆਂ, ਇਸ ਨਤੀਜੇ 'ਤੇ ਪਹੁੰਚੀਦਾ ਹੈ ਕਿ ਔਰਤਾਂ ਕੋਮਲਤਾ ਦੀਆਂ ਮੂਰਤਾਂ ਹੁੰਦੀਆਂ ਨੇ। ਸੁੰਦਰਤਾ ਦੀਆਂ ਪਰੀਆਂ ਹੁੰਦੀਆਂ ਨੇ। ਹਰ ਤਰ੍ਹਾਂ ਦੇ ਦੁੱਖਾਂ ਨੂੰ ਖਿੜੇ ਮੱਥੇ ਬਰਦਾਸ਼ਤ ਕਰਨ ਵਾਲੀਆਂ ਹੁੰਦੀਆਂ ਨੇ। ਨਾਜ਼ੁਕ ਕਲੀਆਂ ਹੁੰਦੀਆਂ ਨੇ... ਵਗੈਰਾ ਵਗੈਰਾ। ਔਰਤਾਂ ਨੂੰ ਆਦਮੀ ਨੇ ਆਪਣੀ ਤਾਕਤ ਅਤੇ ਚਤੁਰਾਈ ਵਰਤ ਕੇ ਜਿਹੋ ਜਿਹੀਆਂ ਬਣਾਉਣਾ ਚਾਹਿਆ, ਮਜਬੂਰੀ ਵੱਸ ਉਹ ਬਣਦੀਆਂ ਗਈਆਂ। ਆਪਣੀ ਸਰੀਰਕ ਸਮਰੱਥਾ ਅਤੇ ਕਾਮ ਭੁੱਖ ਕਾਰਨ ਆਦਮੀ ਨੇ ਔਰਤ ਨਾਲ ਹਮੇਸ਼ਾ ਜ਼ੋਰ ਜਬਰ ਕੀਤਾ। ਔਰਤ ਖ਼ੌਫ਼ਜ਼ਦਾ ਹੁੰਦੀ ਗਈ। ਅੰਦਰ ਬੰਦ ਹੁੰਦੀ ਗਈ। ਪੜਦੇ ਵਿੱਚ ਪਹੁੰਚ ਗਈ। ਕਦੀ ਘੁੰਡ ਕੱਢਿਆ, ਕਦੀ ਘੱਗਰਾ ਪਾਇਆ। ਕਦੀ ਬੁਰਕਾ ਪਹਿਨਿਆ। ਮਨ ਮਸੋਸਦੀ ਰਹੀ। ਖਾਹਿਸ਼ਾਂ, ਉਮੰਗਾਂ ਨੂੰ ਦਬਾਉਂਦੀ ਹੋਈ ਅਬਲਾ ਬਣ ਗਈ। (ਬਲ, ਤਾਕਤ, ਅਬਲਾ-ਬਲ ਰਹਿਤ, ਕਮਜ਼ੋਰ) ਅਜਿਹੇ ਅਣਸੁਖਾਵੇਂ ਹਾਲਾਤ ਵਿੱਚੋਂ ਕਦੀ-ਕਦੀ ਕੋਈ ਬੀਬੀ ਬਾਂਸ ਦੇ ਬੂਟੇ ਵਾਂਗ ਉੱਗਦੀ ਹੈ। ਕਰੀਰ ਦੇ ਰੁੱਖ ਵਾਂਗ ਕੰਡਿਆਂ ਨਾਲ ਭਰ ਜਾਂਦੀ ਹੈ। ਫਿਰ ਜੋ ਨੇੜੇ ਦੀ ਖਹਿ ਕੇ ਲੰਘਣ ਲੱਗੇ, ਉਸ ਨੂੰ ਲਹੂ ਲੁਹਾਣ ਕਰ ਦਿੰਦੀ ਹੈ। ਹੋਰ ਅਨੇਕ ਬੀਬੀਆਂ ਵਿੱਚੋਂ ਇੱਕ ਸੀ ਫੂਲਾਂ ਦੇਵੀ। ਇਹ ਦਲਿਤ ਪ੍ਰਵਾਰ ਨਾਲ ਸਬੰਧਤ ਸੀ। ਅੱਲੜ ਉਮਰ ਦੀ ਸੀ, ਜਦੋਂ ਇਸ ਦੇ ਨਾਲ ਪਿੰਡ ਦੇ ਹੀ ਉੱਚ ਜਾਤੀਏ ਚੌਧਰੀਆਂ ਨੇ ਸਮੂਹਕ ਬਲਾਤਕਾਰ ਕੀਤਾ। ਇਸ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ। ਕਿਸੇ ਪੁਲਿਸ ਵਾਲੇ ਨੇ ਕੇਸ ਦਰਜ ਨਾ ਕੀਤਾ। ਕਿਸੇ ਅਦਾਲਤ ਨੇ ਇਨਸਾਫ਼ ਨਾ ਦਿੱਤਾ। ਕਿਸੇ ਮੰਤਰੀ ਨੇ ਫ਼ਰਿਆਦ ਨਾ ਸੁਣੀ। ਇਸ ਬੀਬੀ ਨੇ ਹਾਰ ਨਹੀਂ ਮੰਨੀ, ਅੰਦਰ ਮਾਨੋ ਬਾਰੂਦ ਦਾ ਬੰਬ ਤਿਆਰ ਹੋਣ ਲੱਗਿਆ। ਗੁੱਸੇ ਵਿੱਚ ਬਲਦੀ ਹੋਈ ਡਾਕੂਆਂ ਦੇ ਗਰੋਹ ਵਿੱਚ ਸ਼ਾਮਲ ਹੋ ਗਈ। ਥੋੜੇ ਹੀ ਸਮੇਂ ਅੰਦਰ ਆਪਣੇ ਪਿੰਡ ਵਾਲੇ ਉਨ੍ਹਾਂ ਬਾਈ (22) ਬਲਾਤਕਾਰੀਆਂ ਨੂੰ ਗੋਲੀਆਂ ਨਾਲ ਛਲਣੀ ਕਰ ਸੁੱਟਿਆ। ਲੰਮੀ ਕੈਦ ਕੱਟੀ ਤੇ ਰਿਹਾਈ ਮਗਰੋਂ ਮੈਂਬਰ ਪਾਰਲੀਮੈਂਟ ਤੱਕ ਬਣ ਗਈ। ਦੁਨੀਆਂ ਦੀਆਂ ਕੁੱਲ ਬਹਾਦਰ ਔਰਤਾਂ ਬਾਰੇ, ਇੱਕ ਵਿਦੇਸ਼ੀ ਅਦਾਰੇ ਨੇ ਸਰਵੇ ਰਿਪੋਰਟ ਵਿੱਚ ਦੱਸਿਆ ਕਿ ਵੀਹਵੀਂ ਸਦੀ ਦੀਆਂ ਦਬੰਗ ਔਰਤਾਂ ਵਿੱਚੋਂ ਫੂਲਾਂ ਦੇਵੀ ਚੌਥੇ ਸਥਾਨ 'ਤੇ ਸੀ। ਸਿਰਫ਼ ਤਿੰਨ ਔਰਤਾਂ ਇਸ ਤੋਂ ਅੱਗੇ ਸਨ, ਬਾਕੀ ਸਾਰੀ ਦੁਨੀਆਂ ਤੋਂ ਫੂਲਾਂ ਅੱਗੇ ਸੀ। ਇਸ ਨੂੰ ਭੀ ਇੱਕ ਸਾਜ਼ਸ਼ ਤਹਿਤ ਕਤਲ ਕਰ ਦਿੱਤਾ ਗਿਆ ਤੇ ਕਾਤਲ ਕਦੀ ਨਹੀਂ ਲੱਭੇ।

7-9-2010 ਦੇ ਸਪੋਕਸਮੈਨ ਅਖ਼ਬਾਰ ਵਿੱਚ ਇੱਕ ਹੋਰ ਬੜੀ ਪ੍ਰੇਰਨਾ ਦਾਇਕ ਘਟਨਾ ਛਪੀ ਸੀ। ਜਿਸ ਦਾ ਸੰਖੇਪ ਵੇਰਵਾ ਕੁੱਝ ਇਉਂ ਹੈ- ਦੇਹਰਾਦੂਨ ਦੇ ਇੱਕ ਕਾਲਜ ਵਿੱਚ ਪੜ੍ਹਾ ਰਹੇ ਪ੍ਰੋਫੈਸਰ ਨੂੰ ਡਾਕੂਆਂ ਨੇ ਅਗਵਾ ਕਰ ਲਿਆ। ਕਈ ਦਿਨਾਂ ਤੱਕ ਕੋਈ

ਪਤਾ ਨਾ ਲੱਗਿਆ ਕੀ ਹੋਇਆ ਹੈ। ਫਿਰ ਡਾਕੂਆਂ ਦੇ ਸਰਦਾਰ ਦਾ ਪ੍ਰੋਫ਼ੈਸਰ ਦੀ ਪਤਨੀ ਲਈ ਫ਼ੋਨ ਆਇਆ ਕਿ 10 ਲੱਖ ਰੁਪਏ ਅਮਕੀ ਥਾਂ ਪੁਚਾ ਦੇਹ, ਵਰਨਾ ਤੇਰੇ ਪਤੀ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਇਸ ਬੀਬੀ ਦਾ ਨਾਮ ਸੀ ਸੰਜਨਾ ਸਿੰਘ। ਛੋਟਾ ਨਾਮ ਸੀ ਗੁਡੀਆ। ਗੁਡੀਆ ਨੇ ਪੁਲਿਸ ਨੂੰ ਖ਼ਬਰ ਨਾ ਦਿੱਤੀ। ਜਿੰਨੇ ਰੁਪਏ ਇਕੱਠੇ ਕਰ ਸਕਦੀ ਸੀ, ਕੀਤੇ। ਆਪਣੇ ਸਾਰੇ ਗਹਿਣੇ ਪਹਿਨ ਲਏ। ਖ਼ੁਦ ਗੱਡੀ ਚਲਾ ਕੇ ਦੱਸੀ ਹੋਈ ਥਾਂ 'ਤੇ ਪਹੁੰਚ ਗਈ। ਅੱਗੇ ਦੋ ਬੰਦੇ ਲੁਕ ਕੇ ਵੇਖ ਰਹੇ ਸਨ ਕਿ ਨਾਲ ਪੁਲਿਸ ਜਾਂ ਹੋਰ ਬੰਦੇ ਤਾਂ ਨਹੀਂ ਹਨ। ਪੂਰੀ ਤਸੱਲੀ ਤੋਂ ਮਗਰੋਂ ਦੋਵੇਂ ਬੰਦੇ ਗੱਡੀ ਵਿੱਚ ਬੈਠ ਗਏ। ਬੀਬੀ ਗੱਡੀ ਚਲਾ ਕੇ ਉਧਰ ਚੱਲ ਪਈ, ਜਿਧਰ ਉਨ੍ਹਾਂ ਇਸ਼ਾਰਾ ਕੀਤਾ। ਸੰਘਣੇ ਜੰਗਲ ਵਿੱਚ ਜਾ ਕੇ ਗੱਡੀ ਰੁਕਵਾਈ ਤੇ ਸਾਰੇ ਹੇਠਾਂ ਉਤਰ ਆਏ। ਗੁਡੀਆ ਅਤੇ ਦੋਵੇਂ ਡਾਕੂ ਜੰਗਲ ਵਿੱਚ ਕਾਫ਼ੀ ਦੂਰ ਤੱਕ ਪੈਦਲ ਚੱਲ ਕੇ ਡਾਕੂ ਸਰਦਾਰ ਕੋਲ ਪਹੁੰਚ ਗਏ।

ਵੱਡੇ ਡਾਕੂ ਨੇ ਗੁਡੀਆ ਨੂੰ ਇਕੱਲੀ ਵੇਖ ਕੇ ਸ਼ੰਕਾ ਪ੍ਰਗਟ ਕੀਤੀ-

"ਬੀਬੀ ਪੁਲਿਸ ਨੂੰ ਕਿਥੇ ਖੜਾ ਕੇ ਆਈ ਹੈਂ ?"

ਗੁਡੀਆ- "ਵੀਰ ਜੀ! ਮੈਂ ਨਾ ਪੁਲਿਸ ਨੂੰ ਦੱਸਿਆ, ਨਾ ਕਿਸੇ ਹੋਰ ਨੂੰ। ਤੁਹਾਡਾ ਫ਼ੋਨ ਸੁਣ ਕੇ ਤੁਹਾਡਾ ਹੁਕਮ ਮੰਨ ਕੇ ਇਕੱਲੀ ਆਈ ਹਾਂ।"

ਮੁਖੀਆ- "ਤੈਨੂੰ ਡਰ ਨਹੀਂ ਲੱਗਿਆ ?"

ਗੁਡੀਆ- "ਮੈਂ ਪਤੀ ਨਾਲ ਜਿਉਣ ਅਤੇ ਮਰਨ ਦੀ ਕਸਮ ਖਾਧੀ ਹੋਈ ਹੈ। ਇਸ ਲਈ ਮੈਂ ਜਾਨ ਤੱਕ ਵਾਰ ਦਿਆਂਗੀ। ਮੈਂ ਇਥੇ ਡਰ ਉਤਾਰ ਕੇ ਆਈ ਹਾਂ।"

ਮੁਖੀਆ- "ਤੂੰ ਇਕੱਲੀ ਹੈਂ, ਅਸੀਂ ਡਾਕੂ ਹਾਂ। ਤੇਰੇ ਨਾਲ ਬਲਾਤਕਾਰ ਕਰ ਸਕਦੇ ਹਾਂ...।"

ਗੁਡੀਆ- "ਤੁਸੀਂ ਸਰਕਾਰ ਦੇ ਪ੍ਰੇਸ਼ਾਨ ਕੀਤੇ ਹੋਏ ਲੋਕ ਹੋ। ਇਨਸਾਫ਼ ਨਾ ਮਿਲਣ ਕਰ ਕੇ ਇਹ ਖ਼ਤਰਨਾਕ ਰਾਹ ਅਖ਼ਤਿਆਰ ਕੀਤਾ ਹੈ। ਮੈਂ ਤੁਹਾਨੂੰ ਇਨਸਾਨਾਂ ਵਰਗੇ ਭਲੇ ਇਨਸਾਨ ਸਮਝ ਕੇ ਆਈ ਹਾਂ। ਅੱਗੇ ਤੁਹਾਡੀ ਮਰਜੀ, ਮੇਰਾ ਕੋਈ ਜੋਰ ਥੋੜਾ ਈ ਹੈ।"

ਮੁਖੀਆ- "ਸਾਡੇ ਵੱਲੋਂ ਮੰਗੇ ਪੈਸੇ ਲਿਆਈਂ ਹੈਂ ?"

ਗੁਡੀਆ- "ਜਿੰਨੇ ਮੈਂ ਇਕੱਠੇ ਕਰ ਸਕੀ, ਆਹ ਤੁਹਾਡੇ ਅੱਗੇ ਢੇਰ ਕਰ ਦਿੱਤੇ ਹਨ। ਜੇ ਘੱਟ ਹਨ ਤਾਂ ਆਹ ਮੇਰੇ ਸਾਰੇ ਗਹਿਣੇ ਲੈ ਲਉ।" ਗੁਡੀਆ ਨੇ ਸਾਰੇ ਗਹਿਣੇ ਉਤਾਰ ਕੇ ਰੱਖ ਦਿੱਤੇ। ਡਾਕੂਆਂ ਦਾ ਮੁਖੀ ਇਸ ਔਰਤ ਦੀ ਦਲੇਰੀ ਅਤੇ ਸਿਆਣਪ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਉਸ ਨੇ ਬੀਬੀ ਨੂੰ ਸਾਰੇ ਗਹਿਣੇ ਵਾਪਸ ਮੋੜ ਦਿੱਤੇ। ਸਾਰੇ ਪੈਸੇ ਉਸ ਦੇ ਹਵਾਲੇ ਕਰ ਦਿੱਤੇ। ਉਸ ਨੂੰ ਆਪਣੀ ਭੈਣ ਆਖ ਕੇ ਸਿਰ 'ਤੇ ਹੱਥ ਰੱਖਿਆ। ਉਸ ਤੋਂ ਆਪਣੇ ਹੱਥ 'ਤੇ ਰੱਖੜੀ (ਰਸਮੀ ਧਾਗਾ) ਬਨ੍ਹਵਾਈ। ਆਪਣੇ ਕੋਲੋਂ ਡਾਕੂ ਭਰਾ ਨੇ ਰੱਖੜੀ ਦੇ ਸ਼ਗਨ ਲਈ ਗੁਡੀਆ ਭੈਣ ਨੂੰ 5100 ਰੁਪਿਆ ਹੋਰ ਦਿੱਤਾ। ਦੂਰ ਬਿਠਾਇਆ, ਉਸ ਦਾ ਪਤੀ ਪ੍ਰੋਫ਼ੈਸਰ ਆਪਣੇ ਕੋਲ ਲਿਆਂਦਾ। ਉਸ ਨੂੰ ਮੁਬਾਰਕਬਾਦ ਦਿੱਤੀ ਕਿ ਅਜਿਹੀਆਂ ਬੀਬੀਆਂ ਦੁਨੀਆਂ ਵਿੱਚ ਬਹੁਤ ਥੋੜੀਆਂ ਹਨ। ਤੇਰੀ ਚੰਗੀ ਕਿਸਮਤ ਹੈ ਕਿ ਅਜਿਹੀ

ਪਤਨੀ ਨਸੀਬ ਹੋਈ ਹੈ। ਮੈਂ ਭੀ ਖ਼ੁਸ਼ ਹਾਂ ਕਿ ਇੱਕ ਡਾਕੂ ਦਾ ਇਸ ਭੈਣ ਨੇ ਦਿਲ ਪਿਘਲਾ ਦਿੱਤਾ। ਹੁਣ ਇਹ ਮੇਰੀ ਸਦਾ ਭੈਣ ਬਣੀ ਰਹੇਗੀ। ਤੁਹਾਡੀ ਕਾਰ ਤੱਕ ਤੁਹਾਨੂੰ ਮੇਰੇ ਬੰਦੇ ਛੱਡ ਆਉਣਗੇ। ਜੇ ਕਦੀ ਕੋਈ ਮੁਸ਼ਕਿਲ ਆਵੇ ਤਾਂ ਇਸ ਡਾਕੂ ਭਰਾ ਨੂੰ ਸੇਵਾ ਦਾ ਮੌਕਾ ਜ਼ਰੂਰ ਦੇਣਾ। ਜਾਉ ਸੁਖੀ ਰਹੋ, ਜੁੱਗ ਜੁੱਗ ਜੀਓ। ਡਾਕੂ ਦੀਆਂ ਅੱਖਾਂ ਵਿੱਚੋਂ ਵੈਰਾਗ ਦੇ ਹੰਝੂ ਵਹਿ ਰਹੇ ਸਨ।

ਬਤੀਹ ਸੁਲਖਣੀ ਸਚੁ ਸੰਤਤਿ ਪੂਤ ॥ ਆਗਿਆਕਾਰੀ ਸੁਘੜ ਸਰੂਪ ॥
ਇਛ ਪੂਰੇ ਮਨ ਕੰਤ ਸੁਆਮੀ ॥ ਸਗਲ ਸੰਤੋਖੀ ਦੇਰ ਜੇਠਾਨੀ ॥
ਸਭ ਪਰਵਾਰੈ ਮਾਹਿ ਸਰੇਸਟ ॥ ਮਤੀ ਦੇਵੀ ਦੇਵਰ ਜੇਸਟ ॥
ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ ॥ ਜਨ ਨਾਨਕ ਸੁਖੇ ਸੁਖਿ ਵਿਹਾਇ ॥ (371)

★★★★★★

ਰੱਬ 'ਤੇ ਮੁਕੱਦਮਾ

ਧਰਮ ਅਸਥਾਨਾਂ ਵਿੱਚ ਬੈਠੇ ਲੋਕ ਇੱਕ ਖ਼ਾਸ ਕਿਸਮ ਦੇ ਬਸਤਰ ਪਹਿਨ ਕੇ ਧਰਮ ਪੁਸਤਕਾਂ ਵਿੱਚੋਂ ਕੁੱਝ ਮੰਤਰ ਜਾਂ ਪਾਠ ਕਰ ਕੇ ਆਮ ਲੋਕਾਂ 'ਤੇ ਪ੍ਰਭਾਵ ਪਾਉਂਦੇ ਹਨ ਕਿ ਅਸੀਂ ਧਰਮੀ ਇਨਸਾਨ ਹਾਂ। ਟਿੱਕੇ, ਜੰਜੂ, ਧੋਤੀਆਂ, ਲੰਗੋਟੀਆਂ, ਸਰ੍ਹਾਂ ਦੀਆਂ ਬੰਦਸ਼ਾਂ, ਕੰਘੇ, ਕੜੇ ਆਦਿ ਦੀਆਂ ਰਹਿਤਾਂ ਆਖ਼ਰ ਕੀ ਹਨ ? ਧਰਮ ਦਾ ਬਾਹਰੀ ਪ੍ਰਗਟਾ ਹਨ। ਪਰ ਕੀ ਸੱਚਮੁੱਚ ਧਾਰਮਕ ਚਿੰਨ੍ਹਾਂ ਵਾਲਾ ਮਨੁੱਖ ਧਰਮੀ ਹੈ ? ਮਨੁੱਖਤਾ ਦੇ ਭਲੇ ਖਾਤਰ ਕੋਈ ਕੰਮ ਭੀ ਕਰ ਰਿਹਾ ਹੈ ਕਿ ਨਹੀਂ ? ਬਹੁਤੇ ਪੁਜਾਰੀ ਤਾਂ ਦੂਜਿਆਂ ਦੀ ਕਿਰਤ ਰਾਹੀਂ ਆਪਣੀ ਪੇਟ ਪੂਰਤੀ ਕਰਦੇ ਹਨ। ਲਗਪਗ ਸਾਰੇ ਪੁਜਾਰੀ (ਸਾਰੇ ਧਰਮਾਂ ਵਾਲੇ) ਆਪਣੇ ਆਪ ਨੂੰ ਰੱਬ ਨਾਲ ਮਿਲਿਆ ਹੋਇਆ ਦਸਦੇ ਹਨ। ਰੱਬ ਉਨ੍ਹਾਂ ਨੂੰ ਵਿਖਾਈ ਦਿੰਦਾ ਹੈ। ਦਰਸ਼ਨ ਦੇਣ ਆਉਂਦਾ ਹੈ। ਉਨ੍ਹਾਂ ਪੁਜਾਰੀਆਂ ਦੇ ਆਖੇ ਰੱਬ ਲੋਕਾਂ ਦੇ ਵਿਗੜੇ ਕਾਰਜ ਸੰਵਾਰਦਾ ਹੈ। ਜਿਹੜਾ ਕੋਈ ਬਹੁਤਾ ਦਾਨ ਕਰੇਗਾ, ਪੁਜਾਰੀਆਂ ਦੇ ਆਖੇ ਤੋਂ ਰੱਬ ਉਸ ਦੇ ਸਾਰੇ ਦੁੱਖ ਕਲੇਸ਼ ਦੂਰ ਕਰ ਦੇਵੇਗਾ। ਪੁਜਾਰੀ ਨੂੰ ਦਿੱਤਾ ਗਿਆ ਦਾਨ ਰੱਬ ਕੋਲ ਪਹੁੰਚ ਜਾਂਦਾ ਹੈ। ਅਗਲੇ ਜਹਾਨ ਵਿੱਚ ਫਿਰ ਹਜ਼ਾਰਾਂ ਗੁਣਾਂ ਵੱਧ ਮਿਲਦਾ ਹੈ, ਆਦਿ। ਪੁਜਾਰੀ ਤਬਕਾ ਹਮੇਸ਼ਾ ਰਾਜਸੀ ਲੋਕਾਂ ਦੇ ਗੁਣਗਾਨ ਕਰਦਾ ਹੈ ਤੇ ਉਨ੍ਹਾਂ ਦੇ ਰਹਿਮ 'ਤੇ ਹੀ ਜਿਉਂਦਾ ਹੈ। ਬੇਅੰਤ ਝੂਠ ਬੋਲਦਾ ਹੈ। ਭੋਲੇ ਭਾਲੇ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਹਥਿਆਉਂਦਾ ਹੈ। ਵਾਸ਼ਨਾ ਗ੍ਰਸਤ ਹੋਇਆ ਵਿਭਚਾਰ ਕਰਦਾ ਹੈ। ਜੇਕਰ ਕੋਈ ਜਾਗਰੂਕ ਇਨਸਾਨ ਇਸ ਪਾਪ ਕਰਮ ਨੂੰ ਨੰਗਾ ਕਰਦਾ ਹੈ ਤਾਂ ਉਸ ਨੂੰ ਭਿਆਨਕ ਮੌਤ ਮਰਵਾ ਦਿੰਦਾ ਹੈ। ਸਦੀਆਂ ਤੋਂ ਹੀ ਰਾਜਸੀ ਲੋਕ ਅਤੇ ਪੁਜਾਰੀ, ਇੱਕ ਦੂਜੇ ਦੀ ਸਹਾਇਤਾ ਕਰਦੇ ਆ ਰਹੇ ਹਨ। ਸੱਚਾ

ਧਰਮੀ ਪੁਰਖ ਇਨ੍ਹਾਂ ਦੋਵਾਂ ਦੇ ਵਿਰੋਧ ਵਿੱਚ ਅੜ ਖਲੋਂਦਾ ਹੈ। ਬਹੁਤ ਸਮਾਂ ਪਹਿਲਾਂ ਅਮਰੀਕਾ ਦੇ ਇੱਕ ਕਿਸਾਨ ਦਾ ਭਾਰੀ ਨੁਕਸਾਨ ਹੋ ਗਿਆ। ਉਸ ਦੀ ਪੱਕੀ ਹੋਈ ਤਿਆਰ ਫ਼ਸਲ ਨੂੰ ਅੱਗ ਲੱਗ ਗਈ। ਤੇਜ਼ ਵਰੋਲੇ ਨੇ ਅੱਗ ਚੁੱਕੀ ਤੇ ਦੇਖਦੇ ਹੀ ਦੇਖਦੇ ਸਭ ਕੁੱਝ ਸੜ ਕੇ ਸੁਆਹ ਹੋ ਗਿਆ। ਸਾਲ ਭਰ ਦੀ ਮਿਹਨਤ ਅਤੇ ਕੀਤਾ ਖ਼ਰਚਾ "ਅਗਨ ਭੇਟ" ਹੋ ਗਿਆ। ਲੋਕਾਂ ਨੇ ਕਾਫ਼ੀ ਹਮਦਰਦੀ ਜਤਾਈ। ਸਰਕਾਰ ਨੇ ਥੋੜੀ ਜਿਹੀ ਮਦਦ ਕੀਤੀ ਪਰ ਉਸ ਦਾ ਘਾਟਾ ਬਹੁਤ ਜ਼ਿਆਦਾ ਸੀ। ਉਸ ਦੀ ਪੂਰਤੀ ਲਈ ਬਹੁਤ ਲੰਮਾ ਸਮਾਂ ਲੱਗਣਾ ਸੀ। ਉਸ ਕਿਸਾਨ ਨੂੰ ਸਾਰੇ ਹਮਦਰਦ ਬਸ ਇੱਕੋ ਗੱਲ ਬਾਰ-ਬਾਰ ਜ਼ੋਰ ਦੇ ਕੇ ਕਹਿ ਰਹੇ ਸਨ ਕਿ "ਪਰਮੇਸ਼ਰ ਨੂੰ ਇਸੇ ਤਰ੍ਹਾਂ ਮਨਜ਼ੂਰ ਸੀ। ਉਸ ਦੇ ਅੱਗੇ ਕਾਹਦਾ ਰੋਸ, ਸਬਰ ਕਰੋ ਤੇ ਭਾਣਾ ਮੰਨੋ।" ਕਈ ਦਿਨਾਂ ਦੇ ਇਸ ਨਾਕਸ ਜਿਹੇ ਉਪਦੇਸ਼ ਤੋਂ ਉਸ ਦਾ ਮਨ ਉਕਤਾ ਗਿਆ। ਅੰਦਰ ਕਈ ਤਰ੍ਹਾਂ ਦੇ ਵਿਚਾਰਾਂ ਦਾ ਜਵਾਹਰ ਭਾਟਾ ਉੱਠਿਆ ਤੇ ਵਾਪਸ ਮੁੜਿਆ। ਆਪਣੇ ਮਨ ਨਾਲ ਗੱਲਾਂ ਕਰਦਾ ਸੋਚਦਾ ਕਿ "ਮਨਾ! ਮੈਂ ਰੱਬ ਦਾ ਕੀ ਵਿਗਾੜਿਆ ਸੀ? ਮੇਰੀ ਫ਼ਸਲ ਨੂੰ ਅਗਨ ਭੇਟ ਕਰ ਕੇ ਪਰਮੇਸ਼ਰ ਨੂੰ ਕੀ ਫ਼ਾਇਦਾ ਹੋ ਸਕਦਾ ਸੀ? ਜੇ ਮੇਰੇ ਘਰ ਚੋਰੀ ਹੋ ਜਾਂਦੀ ਤਾਂ ਭੀ ਮੈਂ ਸਬਰ ਕਰ ਲੈਂਦਾ ਕਿ ਮੇਰਾ ਅਨਾਜ ਜਾਂ ਪੈਸਾ ਕਿਸੇ ਹੋਰ ਦੇ ਕੰਮ ਆ ਗਿਆ। ਇਹ ਤਾਂ ਹੁਣ ਕਿਸੇ ਕੰਮ ਨਾ ਆਇਆ। ਫਿਰ ਅਜਿਹਾ ਗ਼ਲਤ ਕੰਮ ਰੱਬ ਜੀ ਕਿਉਂ ਕਰਦਾ ਹੈ? ਕੀ ਰੱਬ ਜੀ ਨੂੰ ਅਜਿਹੇ ਬੇਅੰਤ ਗ਼ਲਤ ਕੰਮ ਕਰ ਕੇ ਖ਼ੁਸ਼ੀ ਮਿਲਦੀ ਹੈ ਜਾਂ ਆਰਥਿਕ ਲਾਭ ਹੁੰਦਾ ਹੈ?" ਅਜਿਹੀਆਂ ਸੋਚਾਂ ਵਿੱਚ ਉਸ ਦੇ ਕਈ ਦਿਨ ਬੀਤ ਗਏ।

ਜਦੋਂ ਕਿਸਾਨ ਦੀ ਮਾਨਸਿਕ ਹਾਲਤ ਜਰਾ ਕੁ ਠੀਕ ਹੋਈ ਤਾਂ ਇੱਕ ਵਕੀਲ ਕੋਲ ਪਹੁੰਚ ਗਿਆ। ਆਪਣੀ ਫ਼ਸਲ ਦੇ ਨੁਕਸਾਨ ਬਾਰੇ ਦੱਸਿਆ। ਸਾਰਾ ਕੇਸ ਤਿਆਰ ਕਰ ਕੇ ਅਦਾਲਤ ਵਿੱਚ ਪੇਸ਼ ਕਰਨ ਦੀ ਬੇਨਤੀ ਕੀਤੀ। ਆਪਣੀ ਫ਼ਸਲ ਦੇ ਹੋਏ ਨੁਕਸਾਨ ਦੇ ਵੇਰਵੇ ਦਿੱਤੇ। ਸਰਕਾਰ ਤੋਂ ਕਿੰਨਾ ਕਰਜਾ ਲਿਆ ਸੀ। ਖ਼ਾਦ, ਬੀਜ ਅਤੇ ਮਿਹਨਤ 'ਤੇ ਕਿਤਨਾ ਕੁ ਪੈਸਾ ਖ਼ਰਚ ਹੋਇਆ ਸੀ। ਇਸ ਅਚਨਚੇਤੀ ਹੋਏ ਨੁਕਸਾਨ ਕਾਰਨ ਮਨ ਨੂੰ ਕਿੰਨਾ ਸਦਮਾ ਪਹੁੰਚਿਆ ਹੈ, ਸਾਰੇ ਪੱਖ ਖੋਲ੍ਹ ਕੇ ਸਮਝਾਏ। ਤੁਹਾਡੀ ਬਣਦੀ ਫ਼ੀਸ ਮੈਂ ਅਦਾ ਕਰਾਂਗਾ। ਜਿਸ ਦਿਨ ਕਿਸੇ ਤਰ੍ਹਾਂ ਦੀ ਪੁੱਛਗਿੱਛ ਦੀ ਲੋੜ ਹੋਈ ਮੈਂ ਹਾਜ਼ਰ ਹੋ ਜਾਵਾਂਗਾ।

ਵਕੀਲ ਨੇ ਸਾਰਾ ਕੇਸ ਤਿਆਰ ਕਰ ਕੇ ਅਦਾਲਤ ਵਿੱਚ ਦਾਖ਼ਲ ਕਰ ਦਿੱਤਾ। ਵਾਰੀ ਆਉਣ 'ਤੇ ਵਕੀਲ ਨੂੰ ਬੁਲਾਇਆ ਗਿਆ। ਵਕੀਲ ਨੇ ਜੱਜ ਸਾਹਮਣੇ ਫਿਰ ਸਾਰੀ ਹੋਈ ਬੀਤੀ ਬਿਆਨ ਕੀਤੀ। ਬੜੀ ਨਵੇਕਲੀ ਕਿਸਮ ਦਾ ਕੇਸ ਹੋਣ 'ਤੇ ਜੱਜ ਨੇ ਇਸ ਵੱਲ ਖ਼ਾਸ ਤਵੱਜੋਂ ਦੇਣੀ ਸ਼ੁਰੂ ਕਰ ਦਿੱਤੀ। ਵਕੀਲ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਜੱਜ ਨੇ ਕਿਸਾਨ ਨੂੰ ਤਰੀਕ 'ਤੇ ਸੱਦ ਲਿਆ। ਜੱਜ ਨੇ ਕਿਸਾਨ ਨੂੰ ਪੁੱਛਿਆ, "ਤੇਰੀ ਫ਼ਸਲ ਨੂੰ ਅੱਗ ਲਾਉਣ ਬਾਰੇ ਕਿਸੇ 'ਤੇ ਸ਼ੱਕ ਹੋਵੇ ਤਾਂ ਦੱਸੋ।"

ਕਿਸਾਨ- "ਜਨਾਬ! ਮੈਨੂੰ ਸ਼ੱਕ ਨਹੀਂ, ਪੂਰਾ ਪਤਾ ਹੈ ਕਿ ਅੱਗ ਲਾਉਣ ਵਾਲਾ ਕੌਣ ਹੈ?"

ਜੱਜ- "ਫਿਰ ਦੇਰ ਕਿਸ ਗੱਲ ਦੀ ਨਾਮ ਪ੍ਰਗਟ ਕਰੋ।"

ਕਿਸਾਨ- "ਮੇਰੀ ਫ਼ਸਲ ਨੂੰ ਅੱਗ ਪਰਮੇਸ਼ਰ ਨੇ ਲਾਈ ਹੈ।"

ਜੱਜ- "ਤੂੰ ਕੀ ਚਾਹੁੰਦਾ ਹੈਂ ਕਿ ਅਦਾਲਤ ਤੇਰੀ ਕਿਵੇਂ ਮਦਦ ਕਰੇ?"

ਕਿਸਾਨ- "ਤੁਸੀਂ ਪੁਲਿਸ ਨੂੰ ਹੁਕਮ ਦਿਓ ਕਿ ਪਰਮੇਸ਼ਰ ਨੂੰ ਪਕੜ ਕੇ ਲਿਆਏ। ਜੇ ਨਾ ਮੰਨੇ ਤਾਂ ਗਿਆਂਡ ਦਿਓ ਤਾਂ ਕਿ ਪੁਲਿਸ ਵਾਲੇ "ਸਖ਼ਤੀ ਨਾਲ ਪੁੱਛਗਿੱਛ" ਕਰ ਸਕਣ।"

ਜੱਜ- "ਜੇ ਮੈਂ ਪੁਲਿਸ ਨੂੰ ਹੁਕਮ ਦੇ ਦਿਆਂ ਕਿ ਰੱਬ ਨੂੰ ਪਕੜ ਕੇ ਲਿਆਓ ਤੇ ਰੱਬ ਲੱਭੇ ਹੀ ਨਾ ਫਿਰ ਕੀ ਕਰੀਏ?"

ਕਿਸਾਨ- "ਵੈਸੇ ਤਾਂ ਪੁਲਿਸ ਦੀ ਡਿਊਟੀ ਹੈ ਕਿ ਮੁਜ਼ਰਿਮ ਨੂੰ ਫੜ ਕੇ ਲਿਆਵੇ। ਫਿਰ ਭੀ ਜੇ ਰੱਬ ਨਾ ਹੀ ਹੱਥ ਆਵੇ ਤਾਂ ਇਸ਼ਤਿਹਾਰੀ ਭਗੌੜਾ ਕਰਾਰ ਦੇ ਦਿਓ। ਜੇ ਕੋਈ ਉਸ ਦੀ ਦੱਸ ਪਾਵੇ, ਮੈਂ ਆਪਣੇ ਕੋਲੋਂ ਵੱਡਾ ਇਨਾਮ ਦੇਣ ਲਈ ਤਿਆਰ ਹਾਂ, ਇਹ ਭੀ ਨਾਲ ਹੀ ਲਿਖ ਦਿਓ।" ਜੱਜ ਨੇ ਬੜੀ ਗੰਭੀਰਤਾ ਨਾਲ ਕਿਸਾਨ ਦੀਆਂ ਦਲੀਲਾਂ ਸੁਣੀਆਂ। ਕਿਸਾਨ ਨੂੰ ਆਪਣੇ ਕੈਬਿਨ ਵਿੱਚ ਬੁਲਾ ਕੇ ਪੁੱਛਿਆ ਕਿ "ਜੇਕਰ ਮੈਂ ਰੱਬ ਨੂੰ ਇਸ਼ਤਿਹਾਰੀ ਮੁਜ਼ਰਿਮ ਕਰਾਰ ਦੇ ਦਿਆਂ। ਫਿਰ ਕਿਹੜਾ ਰੱਬ ਨੇ ਕਾਬੂ ਆਉਣਾ ਹੈ। ਉਸ ਬਾਰੇ ਦੱਸਣ ਵਾਲਾ ਭੀ ਕੋਈ ਨਹੀਂ ਹੈ, ਗੱਲ ਕਿਵੇਂ ਅੱਗੇ ਟੁਰੇਗੀ?" ਕਿਸਾਨ ਆਖਣ ਲੱਗਾ- "ਜਨਾਬ ਰੱਬ ਨੂੰ ਸਾਰੇ ਪਾਦਰੀ ਜਾਣਦੇ ਹਨ। ਰੱਬ ਦਾ ਸਿਰਨਾਮਾ ਸਾਰਿਆਂ ਕੋਲ ਹੈ। ਬਹੁਤਿਆਂ ਨੇ ਰੱਬ ਨਾਲ ਗੱਲਾਂਬਾਤਾਂ ਭੀ ਕੀਤੀਆਂ ਹਨ। ਹਰ ਰੋਜ਼ ਲੱਖਾਂ ਦੇ ਇਕੱਠਾਂ ਵਿੱਚ ਪਰਮੇਸ਼ਰ ਦੇ ਸੁਭਾ ਦੀਆਂ, ਰਹਿਣ-ਸਹਿਣ ਦੀਆਂ, ਕੰਮ ਕਰਨ ਦੇ ਤਰੀਕਿਆਂ ਦੀਆਂ, ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਦੀਆਂ, ਰੋਗਾਂ ਵਗੈਰਾ ਦੇ ਖ਼ਾਤਮੇ ਦੀਆਂ ਗੱਲਾਂ ਸੁਣਾਉਂਦੇ ਹਨ। ਇਸ ਦਾ ਮਤਲਬ ਹੈ ਕਿ ਇਨ੍ਹਾਂ ਨੂੰ ਰੱਬ ਬਾਰੇ ਪੂਰੀ ਜਾਣਕਾਰੀ ਹੈ। ਤੁਸੀਂ ਸਾਡੇ ਸ਼ਹਿਰ ਦੇ ਵੱਡੇ ਪੁਜਾਰੀ ਨੂੰ ਹੁਕਮ ਦਿਓ ਕਿ ਰੱਬ ਤੱਕ ਅਦਾਲਤ ਦਾ ਹੁਕਮ ਪੁਚਾਵੇ। ਰੱਬ ਨੂੰ ਆਖੇ ਕਿ ਤੁਸੀਂ ਖ਼ੁਦ ਆ ਕੇ ਆਪਣੀ ਸਫ਼ਾਈ ਦਿਓ, ਵਰਨਾ ਬਹੁਤ ਬਦਨਾਮੀ ਹੋ ਜਾਵੇਗੀ।"

ਜੱਜ- "ਪਰ ਪਿਆਰੇ ਵੀਰ! ਜੇ ਪਾਦਰੀ (ਪੁਜਾਰੀ) ਰੱਬ ਨੂੰ ਹਾਜ਼ਰ ਨਹੀਂ ਕਰ ਸਕਦਾ ਫਿਰ ਕੀ ਕਰਨਾ ਚਾਹੀਦਾ ਹੈ?"

ਕਿਸਾਨ- "ਜਨਾਬ ਤੁਸੀਂ ਪੁਜਾਰੀ ਨੂੰ ਮਹੀਨੇ ਦੋ ਮਹੀਨੇ ਮੋਹਲਤ ਦੇ ਦਿਓ। ਜੇ ਫਿਰ ਭੀ ਰੱਬ ਨੂੰ ਹਾਜ਼ਰ ਨਹੀਂ ਕਰ ਸਕਦਾ ਤਾਂ ਮੇਰੇ ਨੁਕਸਾਨ ਦੀ ਪੂਰਤੀ ਲਈ ਰੱਬ ਨੂੰ ਜੁਰਮਾਨਾ ਲਾ ਦਿਓ ਤਾਂ ਕਿ ਮੈਂ ਰੋਟੀ ਖਾਣ ਜੋਗਾ ਰਹਿ ਜਾਵਾਂ।"

ਜੱਜ- "ਠੀਕ ਹੈ, ਮੈਂ ਰੱਬ ਨੂੰ ਜੁਰਮਾਨਾ ਲਾ ਦਿਆਂਗਾ ਪਰ ਰਕਮ ਅਦਾ ਕੌਣ ਕਰੇਗਾ?"

ਕਿਸਾਨ- "ਜਨਾਬ ਇਹ ਰਕਮ ਮੈਂ ਸਾਡੇ ਇਲਾਕੇ ਦੇ ਵੱਡੇ ਪਾਦਰੀ (ਪੁਜਾਰੀ) ਤੋਂ ਵਸੂਲ ਕਰਨ ਦੀ ਕੋਸ਼ਿਸ਼ ਕਰਾਂਗਾ ਕਿਉਂਕਿ ਸਦੀਆਂ ਤੋਂ ਇਹ ਪਾਦਰੀ ਲੋਕ ਧਰਤੀ ਉਤੇ

ਰੱਬ ਦੇ ਏਜੰਟ ਬਣੇ ਹੋਏ ਹਨ। ਲੋਕਾਂ ਤੋਂ ਬੇਅੰਤ ਮਾਲ ਧਨ ਇਕੱਠਾ ਕਰਦੇ ਹਨ। ਵਿਸ਼ਵਾਸ ਦੁਆਉਂਦੇ ਹਨ ਕਿ ਜੋ ਰੁਪਏ-ਪੈਸੇ ਤੁਸੀਂ ਰੱਬ ਜੀ ਨਮਿੱਤ ਦਾਨ ਕਰਦੇ ਹੋ, ਉਹ ਅਸੀਂ ਉਸ ਕੋਲ ਪੁਚਾ ਦਿੰਦੇ ਹਾਂ। ਉਸ ਕੋਲ ਸਾਰਿਆਂ ਦੇ ਹਿਸਾਬ ਵਾਲੇ ਵਹੀ ਖਾਤੇ ਖੁੱਲ੍ਹੇ ਹੋਏ ਹਨ। ਅਗਲੇ ਜਨਮਾਂ ਵਿੱਚ ਪਰਮੇਸ਼ਰ ਤੁਹਾਡੀ ਰਕਮ ਕਈ ਗੁਣਾਂ ਵਧਾ ਕੇ ਵਾਪਸ ਕਰ ਦੇਵੇਗਾ। ਜੇ ਸੱਚ ਮੁੱਚ ਭਾਡਾ ਦਿੱਤਾ ਪੈਸਾ ਪੁਜਾਰੀ ਕਿਤੇ ਉਪਰ ਭੇਜਦੇ ਹਨ ਤਾਂ ਵਾਪਸ ਮੰਗਾ ਕੇ ਮੈਨੂੰ ਦੇ ਭੀ ਸਕਦੇ ਹਨ। ਜੇ ਉਪਰ ਮਾਇਆ ਭੇਜਣ ਲਈ ਝੂਠ ਬੋਲਦੇ ਰਹੇ ਹਨ ਤਾਂ ਇਨ੍ਹਾਂ 'ਤੇ ਠੱਗੀਆਂ ਮਾਰਨ ਦਾ ਮੁਕੱਦਮਾ ਚਲਾਇਆ ਜਾਵੇ। ਜੇ ਮੇਰੀ ਫ਼ਸਲ ਦੇ ਹੋਏ ਨੁਕਸਾਨ ਦੇ ਪੈਸੇ ਉਪਰੋਂ ਨਹੀਂ ਮੰਗਵਾ ਸਕਦੇ ਤਾਂ ਇਨ੍ਹਾਂ ਤੋਂ ਪੈਸਾ ਵਸੂਲ ਕਰ ਕੇ ਮੈਨੂੰ ਦਿੱਤਾ ਜਾਵੇ। ਜੇ ਫਿਰ ਭੀ ਨਹੀਂ ਦਿੰਦੇ ਤਾਂ ਪੁਜਾਰੀ ਨੂੰ ਜੇਲ੍ਹ ਵਿੱਚ ਬੰਦ ਕੀਤਾ ਜਾਵੇ। "ਰੱਬ ਦਾ ਘਰ" ਨਿਲਾਮ ਕਰ ਕੇ ਪੈਸੇ ਵਸੂਲ ਕੀਤੇ ਜਾਣ। ਅੱਗੇ ਤੋਂ ਇਨ੍ਹਾਂ ਦੀਆਂ ਝੂਠ ਵਾਲੀਆਂ ਦੁਕਾਨਾਂ ਬੰਦ ਕੀਤੀਆਂ ਜਾਣ...।" ਸਾਰੀ ਵਾਰਤਾ ਕਿਸਾਨ ਤੋਂ ਸੁਣ ਕੇ ਜੱਜ ਹੱਕਾ ਬੱਕਾ ਰਹਿ ਗਿਆ। ਇਨ੍ਹਾਂ ਨੁਕਤਿਆਂ ਬਾਰੇ ਕਦੀ ਸੋਚਿਆ ਹੀ ਨਹੀਂ ਸੀ। ਜੱਜ ਨੇ ਆਪਣੇ ਸਾਥੀ ਜੱਜਾਂ ਅਤੇ ਵਕੀਲਾਂ ਨਾਲ ਸਲਾਹ ਕੀਤੀ। ਸਾਰਿਆਂ ਨੇ ਸਰਬ ਸੰਮਤੀ ਨਾਲ ਫ਼ੈਸਲਾ ਕੀਤਾ ਕਿ ਇਸ ਕੇਸ ਨੂੰ ਇਥੇ ਹੀ ਬੰਦ ਕਰ ਦਿੱਤਾ ਜਾਵੇ ਵਰਨਾ ਪੁਜਾਰੀਆਂ ਨੇ ਚੌਰਾਹੇ ਵਿੱਚ ਨੰਗੇ ਹੋ ਜਾਣਾ ਹੈ। ਜੋ ਮਸਲੇ ਕਿਸਾਨ ਨੇ ਉਠਾਏ ਹਨ, ਪੁਜਾਰੀਆਂ ਕੋਲ ਉਨ੍ਹਾਂ ਦਾ ਕੋਈ ਜੁਆਬ ਨਹੀਂ ਦੇ ਹੋਣਾ। ਅਸੀਂ ਸਰਕਾਰ ਨੂੰ ਸਿਫ਼ਾਰਸ਼ ਕਰ ਦਿੰਦੇ ਹਾਂ ਕਿ ਇਸ ਕਿਸਾਨ ਨੂੰ ਨੁਕਸਾਨ ਦਾ ਬਣਦਾ ਮੁਆਵਜ਼ਾ ਦਿੱਤਾ ਜਾਵੇ। ਜੱਜ ਨੇ ਤਾਂ ਗੱਲ ਬਾਹਰ ਨਹੀਂ ਕੱਢੀ ਪਰ ਕਿਸਾਨ ਅਤੇ ਉਸ ਦੇ ਵਕੀਲ ਨੇ ਪੱਤਰਕਾਰਾਂ ਦੇ ਸਾਹਮਣੇ ਆ ਕੇ ਇਹ ਸਾਰੀ ਕਹਾਣੀ ਦੁਹਰਾ ਦਿੱਤੀ। ਅਮਰੀਕਾ ਦੇ ਅਖ਼ਬਾਰਾਂ ਵਿੱਚ ਚੰਗਾ ਹਾਸਾ ਮਚਿਆ। ਉਥੋਂ ਨਕਲ ਹੋ ਕੇ ਇਹ ਬਿਰਤਾਂਤ ਮੇਰੇ ਵਰਗਿਆਂ ਕੋਲ ਭੀ ਪਹੁੰਚ ਗਿਆ। ਹੁਣ ਪਾਠਕਾਂ ਨੇ ਪੜ੍ਹ ਲਿਆ ਹੈ। ਕਦੀ ਸਿੱਖਾਂ ਵਿਚਲੇ ਪੁਜਾਰੀਆਂ ਨੂੰ ਇਸ ਤਰ੍ਹਾਂ ਦੇ ਸੁਆਲ ਕਰ ਕੇ ਵੇਖਣਾ ਕੀ ਜੁਆਬ ਦਿੰਦੇ ਹਨ? ਗੁਰੂ ਬਾਬਾ ਜੀ ਤਾਂ ਪਹਿਲਾਂ ਹੀ ਕਹਿ ਗਏ ਹਨ-

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥
ਅਗੈ ਵਸਤੁ ਸਿਵਾਣੀਐ, ਪਿਤਰੀ ਚੋਰ ਕਰੇਇ ॥
ਵਢੀਅਹਿ ਹਥ ਦਲਾਲ ਕੇ, ਮੁਸਫੀ ਏਹ ਕਰੇਇ ॥
ਨਾਨਕ ਅਗੈ ਸੋ ਮਿਲੈ, ਜਿ ਖਟੇ ਘਾਲੇ ਦੇਇ ॥ (472)

★★★★★★

.ਗ਼ੁਲਾਮੀ ਦੇ ਜਕੜਬੰਦ

ਚਤੁਰ ਵਿਅਕਤੀਆਂ ਨੇ ਦੂਜਿਆਂ ਨੂੰ ਗ਼ੁਲਾਮ ਬਣਾ ਕੇ ਰੱਖਣ ਵਾਸਤੇ ਬੇਅੰਤ ਤਰੀਕੇ ਅਪਣਾਏ ਹਨ। ਕਿਸੇ ਜੀਵ ਨੂੰ ਨੱਕ ਵਿੱਚ ਨੱਥ ਪਾਈ, ਕਿਸੇ ਦੇ ਨਕੇਲ ਪਾਈ। ਕਿਸੇ ਜੀਵ ਦੇ ਪੈਰਾਂ ਵਿੱਚ ਪੈਂਖੜ ਪਾਇਆ, ਕਿਸੇ ਦੇ ਗਲ ਵਿੱਚ ਡਾਹਾ ਪਾਇਆ। ਕਿਸੇ ਨੂੰ ਵਾੜੇ ਵਿੱਚ ਘੇਰ ਕੇ ਰੱਖਿਆ ਕਿਸੇ ਨੂੰ ਸੰਗਲ ਪਾ ਕੇ ਬੰਨ੍ਹ ਲਿਆ। ਕਿਸੇ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ ਤੇ ਕਿਸੇ ਨੂੰ ਪਿੰਜਰੇ ਵਿੱਚ ਪਾ ਕੇ ਤਾਲਾ ਮਾਰ ਦਿੱਤਾ। ਕਿਤੇ ਖੁੱਲ੍ਹੇ ਆਸਮਾਨਾਂ ਵਿੱਚ ਉਡਾਰੀਆਂ ਲਾਉਂਦੇ ਪੰਛੀਆਂ ਨੂੰ ਫੜ ਕੇ ਉਨ੍ਹਾਂ ਦੇ ਖੰਭ ਤੋੜ ਦਿੱਤੇ, ਕਿਤੇ ਪਿੰਜਰੇ ਵਿੱਚ ਪਾ ਲਏ। ਰੇਸ਼ਮ ਦੇ ਨਿੱਕੇ ਜਿਹੇ ਕੀੜੇ ਤੋਂ ਲੈ ਕੇ ਵਿਸ਼ਾਲ ਕੱਦ ਵਾਲੇ ਹਾਥੀ ਤੱਕ ਨੂੰ ਮਨੁੱਖ ਨੇ ਆਪਣਾ ਗ਼ੁਲਾਮ ਬਣਾ ਲਿਆ ਹੈ। ਬੇਅੰਤ ਜਾਨਵਰ ਮਾਰਾਂ ਖਾ ਕੇ, ਤਸੀਹੇ ਝੱਲ ਕੇ ਸਦੀਆਂ ਦੀ ਗ਼ੁਲਾਮੀ ਤੋਂ ਬਾਅਦ ਮਨੁੱਖ ਦੇ ਪਾਲਤੂ (ਪਾਲੇ ਹੋਏ ਵਫ਼ਾਦਾਰ) ਸੇਵਕ ਬਣ ਗਏ ਹਨ। ਮੇਰੀ ਸਮਝ ਮੁਤਾਬਕ ਅੱਜ ਤੱਕ ਸ਼ੇਰ ਨੇ ਗ਼ੁਲਾਮ ਬਣਨਾ ਸਵੀਕਾਰ ਨਹੀਂ ਕੀਤਾ। ਸ਼ੇਰ ਮਾਰਿਆ ਗਿਆ, ਤੜਪਾਇਆ ਗਿਆ, ਭੁੱਖਾ ਰੱਖਿਆ ਗਿਆ, ਪਿੰਜਰੇ ਵਿੱਚ ਪਾਇਆ ਗਿਆ। ਫਿਰ ਭੀ ਵਫ਼ਾਦਾਰ ਗ਼ੁਲਾਮ ਨਹੀਂ ਬਣਿਆ। ਪਤਾ ਨਹੀਂ ਕਿਸ ਸਮੇਂ ਆਦਮੀ ਦੀ ਸੰਘੀ ਨੱਪ ਲਵੇ। ਇਤਬਾਰ ਨਹੀਂ ਕੀਤਾ ਜਾ ਸਕਦਾ।

ਜਦੋਂ ਗ਼ੁਲਾਮੀ ਮਨ ਵਿੱਚ ਧੱਸ ਜਾਵੇ ਤਾਂ ਇਉਂ ਕਿਹਾ ਜਾ ਸਕਦਾ ਹੈ ਜਿਵੇਂ ਗਾਂ, ਮੱਝ ਬਿਨਾਂ ਰੱਸੇ ਤੋਂ ਭੀ ਆਪਣੀ ਹੀ ਖੁਰਲੀ 'ਤੇ ਖਲੋਂਦੀਆਂ ਹਨ। ਬਲਦ ਖੇਤੋਂ ਘਰ ਤੇ ਘਰੋਂ ਖੇਤ ਆਪਣੇ ਆਪ ਪਹੁੰਚ ਜਾਂਦੇ ਹਨ। ਇਸੇ ਤਰ੍ਹਾਂ ਜਦੋਂ ਮਨੁੱਖ ਦੇ ਅੰਤਸ ਕਰਣ ਵਿੱਚ ਗ਼ੁਲਾਮੀ ਧੱਸ ਜਾਂਦੀ ਹੈ ਫਿਰ ਬਾਹਰ ਕੱਢਣੀ ਬਹੁਤ ਔਖੀ ਹੈ। ਸ਼ਿਵਾ ਜੀ ਮਰਹੱਟਾ ਇੱਕ ਬਹਾਦਰ ਤੇ ਚਤੁਰ ਇਨਸਾਨ ਸੀ। ਇਸ ਦਾ ਜਨਮ ਸੰਨ 1627 ਨੂੰ ਜੀਜਾ ਬਾਈ ਮਾਂ ਤੇ ਸ਼ਾਹ ਜੀ ਭੋਸਲੇ ਪਿਤਾ ਦੇ ਘਰ ਹੋਇਆ। ਇਸ ਨੇ ਆਪਣੀ ਸਿਆਣਪ ਨਾਲ ਬਹੁਤ ਸਾਰੇ ਨੌਜੁਆਨਾਂ ਨੂੰ ਨਾਲ ਜੋੜਿਆ, ਫ਼ੌਜ ਬਣਾਈ। ਇਸ ਦੀ ਚੜ੍ਹਤ ਨੂੰ ਮਹਿਸੂਸ ਕਰ ਕੇ ਔਰੰਗਜ਼ੇਬ ਨੇ ਇਸ ਵੱਲ ਦੋਸਤੀ ਦਾ ਹੱਥ ਵਧਾਇਆ। ਇਸ ਨੇ ਔਰੰਗਜ਼ੇਬ ਦੀ ਤਾਬੇਦਾਰੀ ਸਵੀਕਾਰ ਕਰ ਲਈ। ਸੱਦਾ ਮਿਲਣ 'ਤੇ ਸ਼ਿਵਾ ਜੀ ਦਿੱਲੀ ਆਇਆ ਪਰ ਔਰੰਗਜ਼ੇਬ ਨੇ ਧੋਖੇ ਨਾਲ ਕੈਦ ਕਰ ਲਿਆ। ਜੇਲ੍ਹ ਕਰਮਚਾਰੀਆਂ ਨੂੰ ਰਿਸ਼ਵਤ ਦੇ ਕੇ ਅਤੇ ਚਲਾਕੀ ਵਰਤ ਕੇ ਇਹ ਕੈਦ ਵਿੱਚੋਂ ਨਿਕਲ ਕੇ ਆਪਣੇ ਇਲਾਕੇ ਵਿੱਚ ਪਹੁੰਚ ਗਿਆ। ਉਸ ਤੋਂ ਬਾਅਦ ਇਸ ਨੇ ਆਪਣਾ ਸੁਤੰਤਰ ਰਾਜ ਕਾਇਮ ਕਰਨ ਦੀ ਮੁਹਿੰਮ ਆਰੰਭ ਦਿੱਤੀ। ਇਸ ਦਾ ਪਿਤਾ ਸ਼ਿਵਜੀ ਦਾ ਭਗਤ ਸੀ। ਇਸ ਪੁੱਤਰ ਦਾ ਨਾਮ ਸ਼ਿਵਾ ਰੱਖਿਆ ਗਿਆ। ਸ਼ਿਵਾ ਜੀ ਆਪਣੀ ਤਲਵਾਰ ਨੂੰ ਦੇਵੀ ਦੇ ਨਾਮ 'ਤੇ "ਭਵਾਨੀ" ਆਖਿਆ ਕਰਦਾ ਸੀ। ਲੰਮੀ ਜੰਗ ਤੋਂ ਬਾਅਦ ਸ਼ਿਵਾ ਜੀ ਨੇ ਸੰਨ 1674 ਵਿੱਚ ਆਪਣੇ ਆਪ ਨੂੰ ਮਹਾਰਾਜਾ ਹੋਣਾ ਐਲਾਨ ਕਰ ਦਿੱਤਾ।

ਸ਼ਿਵਾ ਜੀ ਭਾਵੇਂ ਬਹੁਤ ਤੇਜ਼ ਬੁੱਧੀ ਦਾ ਮਾਲਕ ਸੀ ਪਰ ਸਦੀਆਂ ਤੋਂ ਜੰਮੀਆਂ ਗ਼ੁਲਾਮੀ ਦੀਆਂ ਪਰਤਾਂ ਨੂੰ ਤੋੜਨ ਤੋਂ ਅਸਮਰੱਥ ਸੀ। ਬ੍ਰਾਹਮਣਾਂ ਵੱਲੋਂ ਨਿਰਧਾਰਤ ਕੀਤੀਆਂ ਰਸਮਾਂ-ਰੀਤਾਂ ਨਿਭਾਉਣ ਤੋਂ ਬਗ਼ੈਰ, ਦਾਨ-ਪੁੰਨ ਤੋਂ ਬਿਨਾਂ, ਬ੍ਰਾਹਮਣਾਂ ਦੇ ਪੈਰ ਧੋ ਕੇ ਪੀਣ ਤੋਂ ਬਿਨਾਂ ਹੀ ਇਸ


ਨੇ ਮਹਾਰਾਜਾ ਹੋਣ ਦਾ ਐਲਾਨ ਕਰ ਦਿੱਤਾ। ਬ੍ਰਾਹਮਣਾਂ ਵਿੱਚ ਕੁੱਝ ਖੁਸਰ-ਫੁਸਰ ਹੋਈ। ਖੱਤਰੀਆਂ ਵਿੱਚ ਕੁੱਝ ਚੂੰ-ਚਰਾਂ ਹੋਈ। ਇਕੱਠਾਂ ਵਿੱਚ ਗੱਲਾਂ ਛਿੜੀਆਂ, ਹੱਕ ਵਿੱਚ ਅਤੇ ਵਿਰੋਧ ਵਿੱਚ। ਸ਼ਿਵਾ ਜੀ ਦੇ ਵਿਰੁੱਧ ਕੋਈ ਵੱਡੀ ਹਥਿਆਰਬੰਦ ਬਗ਼ਾਵਤ ਨਹੀਂ ਹੋਈ ਸੀ। ਗੱਲ ਇਨੀ ਮਾਮੂਲੀ ਸੀ ਕਿ ਇਹ ਮਜ਼ਬੂਤ ਇਰਾਦੇ ਦਾ ਧਾਰਨੀ ਸਾਬਤ ਨਾ ਹੋਇਆ। ਰਾਜ ਗੱਦੀ 'ਤੇ ਬੈਠਣ ਦਾ ਅਧਿਕਾਰੀ ਕੇਵਲ ਖੱਤਰੀ ਤੇ ਬ੍ਰਾਹਮਣ (ਸ਼ਾਸਤਰਾਂ ਮੁਤਾਬਕ) ਹੀ ਹੋ ਸਕਦਾ ਸੀ, ਹੋਰ ਕੋਈ ਨਹੀਂ। ਸ਼ਿਵਾ ਜੀ ਘਬਰਾ ਗਿਆ, ਦੇਵਤਿਆਂ ਦੀ ਕਰੋਪੀ ਤੋਂ। ਰਿਸ਼ੀਆਂ ਦੇ ਸ਼ਰਾਪਾਂ ਤੋਂ। ਬ੍ਰਾਹਮਣਾਂ ਦੇ ਮੰਤਰੋਂ ਤੋਂ। ਖੱਤਰੀਆਂ ਦੀ ਉੱਚੀ ਜਾਤ ਤੋਂ। ਸ਼ਾਸਤਰਾਂ ਦੇ ਧਰਮ ਉਪਦੇਸ਼ਾਂ ਤੋਂ। ਹਿੰਦੂਆਂ ਦੀਆਂ ਪੁਰੀਆਂ ਵੱਲ ਸੇਵਾਦਾਰ ਭੇਜੇ। ਉਨ੍ਹਾਂ ਨੇ ਕੀਮਤੀ ਭੇਟਾਵਾਂ ਦੇ ਕੇ ਸ਼ਿਵਾ ਜੀ ਵੱਲੋਂ ਲਿਖੀ ਚਿੱਠੀ ਫੜਾਉਣੀ। ਸੱਦਾ ਪ੍ਰਵਾਨ ਕਰਨ ਲਈ ਬੇਨਤੀ ਕਰਨੀ। ਬਹੁਤ ਲੰਮੀ ਘਾਲਣਾ ਤੋਂ ਮਗਰੋਂ, ਹਿੰਦੁਸਤਾਨ ਵਿੱਚੋਂ ਚੋਟੀ ਦੇ "ਧਰਮੀ ਪੁਰਖ" ਬਾਰ੍ਹਾਂ ਹਜ਼ਾਰ ਬ੍ਰਾਹਮਣ ਆਣ ਢੁੱਕੇ। ਚਾਰ ਮਹੀਨੇ "ਵਿਧੀ ਪੂਰਵਕ" ਹਵਨ ਹੁੰਦੇ ਰਹੇ। ਮੰਤਰ ਪੜ੍ਹੇ ਜਾਂਦੇ ਰਹੇ। ਘੰਟੇ ਖੜਕਦੇ ਰਹੇ। ਸ਼ਿਵਾ ਜੀ ਦੇ ਸਿਰ ਤੋਂ "ਪਾਪਾਂ ਦਾ ਭਾਰ" ਉਤਾਰਦੇ ਰਹੇ। ਚਾਰ ਮਹੀਨਿਆਂ ਵਿੱਚ ਸ਼ਿਵਾ ਜੀ ਦਾ ਸੱਠ ਲੱਖ ਰੁਪਿਆ ਖ਼ਰਚ ਕਰਵਾ ਦਿੱਤਾ। ਸਾਰੀਆਂ ਰਸਮਾਂ ਪੂਰੀਆਂ ਕਰ ਕੇ ਮਹਾਰਾਜਾ ਹੋਣ ਦਾ ਐਲਾਨ ਤਾਂ ਕਰ ਦਿੱਤਾ ਪਰ ਮੱਥੇ 'ਤੇ "ਰਾਜ ਤਿਲਕ" ਲਾਉਣ ਨੂੰ ਕੋਈ ਬ੍ਰਾਹਮਣ ਤਿਆਰ ਨਾ ਹੋਇਆ। ਇਨ੍ਹਾਂ ਬ੍ਰਾਹਮਣਾਂ ਦਾ ਢਿੱਡ ਭਰਨ ਲਈ ਸ਼ਿਵਾ ਜੀ ਨੇ ਆਪਣਾ ਸਾਰਾ ਦੇਸ਼ ਨੰਗ ਕਰ ਦਿੱਤਾ। ਜਿਸ ਘਰ ਵਿੱਚੋਂ ਜੋ ਮਿਲਿਆ, ਫੌਜੀਆਂ ਨੇ ਉਹੀ ਲੁੱਟ ਲਿਆਂਦਾ। ਸ਼ਿਵਾ ਜੀ ਦੇ ਸਾਰੇ ਲੋਕਾਂ ਦਾ ਖ਼ੂਨ ਪੀ ਕੇ ਭੀ ਬ੍ਰਾਹਮਣ ਉੱਚੀ ਕੁੱਲ ਵਾਲੇ। ਦੇਸ਼ ਦੇ ਲੋਕਾਂ ਦੀ ਗ਼ੁਲਾਮੀ ਕੱਟਣ ਵਾਲਾ ਸ਼ਿਵਾ ਜੀ ਨੀਚ ਕੁੱਲ ਦਾ ਮਨੁੱਖ? ਸ਼ਿਵਾ ਜੀ ਵਿਲਕਿਆ, ਬ੍ਰਾਹਮਣਾਂ ਅੱਗੇ ਗਿੜਗਿੜਾਇਆ। ਸੱਠ ਲੱਖ ਰੁਪਿਆ ਉੱਜੜ ਜਾਣ ਦਾ ਰੋਣਾ ਰੋਇਆ। ਕੀ ਇਨੇ ਸਾਰੇ ਦਾਨ-ਪੁੰਨ ਅਤੇ ਮੰਤਰ ਮੈਨੂੰ ਪਵਿੱਤਰ ਨਹੀਂ ਕਰ ਸਕੇ? ਫਿਰ ਦੀਰਘ ਵਿਚਾਰ ਕਰ ਕੇ ਬੰਗਾਲ ਤੋਂ ਇੱਕ ਨੀਵੀਂ ਜਾਤ ਵਾਲਾ ਬ੍ਰਾਹਮਣ (ਅਚਾਰਜ+ਡਕੌਤ, ਜੋ ਮੁਰਦਿਆਂ ਨਮਿਤ ਕੀਤਾ ਦਾਨ ਲੈਂਦਾ ਹੈ) ਮੰਗਾਇਆ। ਉਸ ਨੂੰ ਹੋਰ ਬਹੁਤ ਸਾਰੀ ਦਾਨ ਦੱਛਣਾ ਦਿੱਤੀ ਗਈ। ਇਸ ਡਕੌਂਤ ਬ੍ਰਾਹਮਣ ਨੇ ਆਪਣੇ ਪੈਰ ਦੇ ਅੰਗੂਠੇ ਨਾਲ ਸ਼ਿਵਾ ਜੀ ਦੇ ਮੱਥੇ ਵਿੱਚ "ਰਾਜ ਤਿਲਕ" ਲਾ ਕੇ ਗੱਦੀ 'ਤੇ ਬੈਠਣ ਜੋਗਾ ਕੀਤਾ। ਸ਼ਿਵਾ ਜੀ ਤੜਪਿਆ ਅਤਿਅੰਤ ਗੁੱਸਾ ਖਾਧਾ, ਜੀਅ ਕੀਤਾ ਇਸ ਬ੍ਰਾਹਮਣ ਦਾ ਸਿਰ ਕਲਮ ਕਰ ਦਿਆਂ। ਫਿਰ "ਬ੍ਰਹਮ ਹੱਤਿਆ" ਤੋਂ ਡਰ ਗਿਆ। ਸਹੀ ਸਲਾਮਤ ਬ੍ਰਾਹਮਣ ਨੂੰ ਚਲੇ ਜਾਣ ਦਿੱਤਾ। ਇਹ ਲੰਮਾ ਸਮਾਂ ਰਾਜ ਨਾ ਕਰ ਸਕਿਆ। ਸੰਨ 1680 ਵਿੱਚ ਸ਼ਿਵਾ ਜੀ ਦੀ ਮੌਤ ਹੋ ਗਈ। ਇਸ ਦਾ ਪੁੱਤਰ ਤੇ ਪੋਤਰੇ ਆਦਿ ਯੋਗ ਉੱਤਰ ਅਧਿਕਾਰੀ ਸਾਬਤ ਨਾ ਹੋਏ। ਛੇਤੀ ਹੀ ਇਹ ਆਜ਼ਾਦੀ, ਗ਼ੁਲਾਮੀ ਵਿੱਚ ਬਦਲ ਗਈ।

ਇਧਰ ਗੁਰੂ ਨਾਨਕ ਬਾਬਾ ਜੀ ਨੇ ਵੇਦਾਂ ਅਤੇ ਬ੍ਰਾਹਮਣਾਂ ਦੀ ਗ਼ੁਲਾਮੀ ਤੋਂ ਮੁਕਤ ਕਰਨ ਲਈ ਵੱਡਾ ਜਹਾਦ ਛੇੜਿਆ ਹੋਇਆ ਸੀ। ਇਸੇ ਵੀਚਾਰਧਾਰਾ ਨੂੰ ਹੋਰ ਪ੍ਰਪੱਕ ਕਰਨ ਵਾਸਤੇ ਖੰਡੇ ਕੀ ਪਾਹੁਲ ਲੈਣ ਵਾਲਿਆਂ ਨੂੰ ਇੱਕੋ ਬਰਤਣ ਵਿੱਚ ਪ੍ਰਸ਼ਾਦ (ਖਾਣਾ) ਛਕਣ ਦਾ ਹੁਕਮ ਦਿੱਤਾ। ਸਾਰਿਆਂ ਨੂੰ ਭਾਈ ਦਾ ਲਕਬ ਦਿੱਤਾ। ਖੰਡੇ ਕੀ ਪਾਹੁਲ ਵਾਲਾ ਮਹਾਨ ਕਾਰਜ ਕਰਨ ਤੋਂ ਪਹਿਲਾਂ ਕਿਸੇ ਬ੍ਰਾਹਮਣ ਤੋਂ ਮਹੂਰਤ ਨਹੀਂ ਕਢਵਾਇਆ। ਬ੍ਰਾਹਮਣਾਂ ਨੂੰ ਉੱਚਾ ਦਰਜਾ ਨਹੀਂ ਦਿੱਤਾ। ਜਦੋਂ

ਗੁਰੂ ਸਾਹਿਬਾਨ ਨੇ ਰਾਜ ਦਾ ਪ੍ਰਤੀਕ ਤਾਜ, ਸੀਸ 'ਤੇ ਸਜਾਇਆ ਤਾਂ ਬ੍ਰਾਹਮਣਾਂ ਤੋਂ ਮੰਤਰ ਨਹੀਂ ਪੜ੍ਹਾਏ। ਬਾਣੀ ਦੇ ਰਾਹੀਂ ਸਾਰੀ ਅਗਿਆਨਤਾ ਮਿਟਦੀ ਜਾ ਰਹੀ ਸੀ। ਬੰਦਾ ਸਿੰਘ ਬਹਾਦਰ ਨੇ ਆਪਣੇ ਰਾਜ ਦੀ ਸ਼ੁਰੂਆਤ ਬ੍ਰਾਹਮਣਾਂ ਤੋਂ ਪੁੱਛ ਕੇ ਨਹੀਂ ਕੀਤੀ। ਸਗੋਂ ਅਖੌਤੀ ਨੀਵੀਂ ਜਾਤ ਵਾਲਿਆਂ ਨੂੰ ਜ਼ਮੀਨਾਂ ਦੀ ਮਾਲਕੀ ਦੇ ਹੱਕਦਾਰ ਬਣਾ ਦਿੱਤਾ। ਸ੍ਰ. ਜੱਸਾ ਸਿੰਘ ਨੂੰ ਸਿੱਖਾਂ ਨੇ "ਸੁਲਤਾਨ-ਉਲ-ਕੌਮ" ਦੇ ਖ਼ਿਤਾਬ ਨਾਲ ਨਿਵਾਜਿਆ ਪਰ ਕਿਸੇ ਬ੍ਰਾਹਮਣ ਨੂੰ ਨੇੜੇ ਨਹੀਂ ਫਟਕਣ ਦਿੱਤਾ। ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਪੰਜਾਬ ਦੇਸ਼ ਦਾ ਬਾਦਸ਼ਾਹ ਹੋਣ ਦਾ ਐਲਾਨ ਕੀਤਾ, ਤਦੋਂ ਬ੍ਰਾਹਮਣਾਂ ਦੀ ਛੁੱਟੀ ਕਰ ਦਿੱਤੀ। ਰਣਜੀਤ ਸਿੰਘ ਨੇ ਬ੍ਰਾਹਮਣਾਂ ਤੋਂ ਹਵਨ ਨਹੀਂ ਕਰਵਾਏ। ਤਿਲਕ ਨਹੀਂ ਲਗਵਾਏ। ਮੰਤਰ ਨਹੀਂ ਪੜ੍ਹਾਏ। ਬ੍ਰਹਮ ਭੋਜ ਨਹੀਂ ਕਰਾਏ। ਮਹੂਰਤ ਨਹੀਂ ਕਢਾਏ। ਬ੍ਰਾਹਮਣੀ ਕਰਮ ਕਾਂਡ ਤਿਆਗ ਕੇ ਕੇਵਲ ਗੁਰਬਾਣੀ ਪੜ੍ਹੀ, ਅਰਦਾਸ ਕਰਾਈ ਤੇ ਪੰਜਾਬ ਦੇਸ਼ ਦਾ ਰਾਜਾ ਹੋਣ ਦਾ ਢੰਡੋਰਾ ਫਿਰਾ ਦਿੱਤਾ। ਬ੍ਰਾਹਮਣੀ ਜਕੜਬੰਦ ਤੋਂ ਗੁਰਬਾਣੀ ਨੇ ਮੁਕਤ ਕਰ ਦਿੱਤਾ।

ਜਿਵੇਂ ਹੀ ਦੁਬਾਰਾ ਮਹਾਰਾਜਾ ਰਣਜੀਤ ਸਿੰਘ ਨੇ ਬ੍ਰਾਹਮਣਾਂ ਨੂੰ ਆਪਣੇ ਨੇੜੇ ਲਿਆਂਦਾ ਤਦੋਂ ਹੀ ਰਾਜ ਸਿੰਘਾਸਣ ਕਮਜ਼ੋਰ ਪੈਣ ਲੱਗ ਪਿਆ। ਮਾਲਵੇ ਦੇ ਸਾਰੇ ਰਾਜੇ ਰਜਵਾੜੇ ਆਪਣੀ ਨਾ ਸਮਝੀ ਕਾਰਨ ਬ੍ਰਾਹਮਣੀ ਪਾਖੰਡਾਂ ਵਿੱਚ ਪੈ ਕੇ ਅਕਲ ਦਾ ਦਿਵਾਲਾ ਪਹਿਲਾਂ ਹੀ ਕੱਢ ਚੁੱਕੇ ਸਨ। ਟੇਵੇ, ਮਹੂਰਤ, ਹਵਨ, ਤਿਲਕ, ਪੱਤਰੀਆਂ ਤੇ ਵੇਦ ਮੰਤਰ ਕੁੱਝ ਭੀ ਨਾ ਬਚਾ ਸਕੇ। ਜਿੰਨੀ ਦੇਰ ਤੱਕ ਸਿੱਖ ਗੁਰਬਾਣੀ ਨੂੰ ਜੀਵਨ ਵਿੱਚ ਅਪਣਾਉਂਦੇ ਰਹੇ, ਅੱਗੇ ਹੀ ਅੱਗੇ ਵੱਧਦੇ ਰਹੇ। ਜਦੋਂ ਬ੍ਰਾਹਮਣ ਦਾ ਪੱਲਾ ਫੜਿਆ। ਹਨ੍ਹੇਰੀ ਖੱਡ ਵਿੱਚ ਡਿਗਦੇ ਗਏ।

ਜਗਨ ਹੋਮ ਪੁੰਨ ਤਪ ਪੂਜਾ, ਦੇਹ ਦੁਖੀ ਨਿਤ ਦੂਖ ਸਹੈ॥
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ, ਮੁਕਤਿ ਨਾਮਿ ਗੁਰਮੁਖਿ ਲਹੈ॥
ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ॥
ਬਿਖੁ ਖਾਵੈ ਬਿਖੁ ਬੋਲੀ ਬੋਲੈ, ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ॥ ਰਹਾਉ॥
ਪੁਸਤਕ ਪਾਠ ਬਿਆਕਰਣ ਵਖਾਣੈ, ਸੰਧਿਆ ਕਰਮ ਤਿਕਾਲ ਕਰੈ॥
ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ, ਰਾਮ ਨਾਮ ਬਿਨੁ ਉਰਝਿ ਮਰੈ॥
ਭੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ॥
ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ॥
ਜਟਾ ਮੁਕਟੁ ਤਨਿ ਭਸਮ ਲਗਾਈ, ਬਸਤ੍ਰ ਛੋਡਿ ਤਨਿ ਨਗਨੁ ਭਇਆ॥
ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ, ਕਿਰਤ ਕੈ ਬਾਂਧੇ ਭੇਖੁ ਭਇਆ॥
ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ, ਜਤ੍ਰ ਕਤ੍ਰ ਤੂ ਸਰਬ ਜੀਆ॥
ਗੁਰਪਰਸਾਦਿ ਰਾਖਿ ਜੇ ਜਨ ਕਉ, ਹਰਿ ਰਸੁ ਨਾਨਕ ਝੋਲਿ ਪੀਆ॥ (1127)



ਦੁੱਖ-ਸੁੱਖ ਤੋਂ ਮੁਕਤੀ

ਸੁੱਖ ਕੀ ਹੈ ਅਤੇ ਦੁੱਖ ਕੀ ਹੈ ? ਇਨ੍ਹਾਂ ਦੋ ਸਵਾਲਾਂ ਦਾ ਜੁਆਬ ਦੇਣ ਲਈ ਬੇਅੰਤ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ। ਅਜੇ ਹੋਰ ਲਿਖਣੋ ਬੰਦ ਨਹੀਂ ਹੋਈਆਂ। ਕੁੱਝ ਉਹ ਮਨੁੱਖ ਹਨ ਜੋ ਦੁੱਖਾਂ ਨੂੰ ਭੁਲਾਉਣ ਵਾਸਤੇ ਖ਼ੁਸ਼ੀਆਂ ਦੇ ਸਾਧਨ ਲੱਭਦੇ ਹਨ। ਪੈਸੇ ਤੋਂ ਸੱਖਣਾ ਵਿਅਕਤੀ ਦੁੱਖੀ ਹੈ ? ਇਸ ਦਾ ਮਤਲਬ ਹੋਇਆ ਕਿ ਪੈਸਾ ਕੋਲ ਹੋਵੇ ਤਾਂ ਕੀ ਆਦਮੀ ਸੁਖੀ ਹੋ ਜਾਂਦਾ ਹੈ ? ਕੀ ਪੈਸੇ ਵਾਲੇ ਸਾਰੇ ਲੋਕੀਂ ਖ਼ੁਸ਼ ਹਨ ? ਨੌਕਰੀ ਛੋਟੀ ਹੈ, ਮਨੁੱਖ ਦੁਖੀ ਹੈ। ਜੇ ਆਪਣੇ ਬਾਸ ਵਾਲੀ ਕੁਰਸੀ ਮਿਲ ਜਾਵੇ ਤਾਂ ਖ਼ੁਸ਼ੀ ਮਿਲ ਸਕਦੀ ਹੈ ਪਰ ਬਾਸ ਨੂੰ ਕਦੀ ਅੰਦਰੋਂ ਕੁਰੇਦ ਕੇ ਵੇਖਣਾ ਉਹ ਭੀ ਸੁਖੀ ਨਹੀਂ ਹੈ। ਬਿਮਾਰ ਆਦਮੀ ਤਾਂ ਦੁਖੀ ਹੈ ਹੀ, ਸਾਰੇ ਤੰਦਰੁਸਤ ਭੀ ਸੁਖੀ ਨਹੀਂ ਹਨ। ਅਪਾਹਜ ਵਿਅਕਤੀ ਤਾਂ ਦੁਖੀ ਹੋਵੇਗਾ, ਪਰ ਕੀ ਸਾਬਤ ਅੰਗਾਂ ਵਾਲੇ ਸਾਰੇ ਖ਼ੁਸ਼ ਹਨ ? ਛੜਾ ਆਦਮੀ ਦੁਖੀ ਹੈ ਕਿ ਵਿਆਹ ਨਹੀਂ ਹੋਇਆ। ਜਿਨ੍ਹਾਂ ਦੇ ਵਿਆਹ ਹੋ ਗਏ ਕੀ ਉਹ ਸਾਰੇ ਸੁੱਖ ਮਾਣ ਰਹੇ ਹਨ ? ਪੁਰਸ਼ ਨੂੰ ਭਰਮ ਹੈ ਕਿ ਔਰਤਾਂ ਖ਼ੁਸ਼ ਹਨ। ਨਾ ਕੰਮ, ਨਾ ਨੌਕਰੀ, ਨਾ ਮਾਰ ਕੁਟਾਈ, ਨਾ ਕਮਾਈ ਕਰ ਕੇ ਲਿਆਉਣੀ। ਬਸ ਘਰ ਦੇ ਅੰਦਰ ਖਾਓ, ਪੀਓ, ਸ਼ਿੰਗਾਰ ਕਰੋ, ਟੀ.ਵੀ. ਵੇਖੋ। ਵਾਧੀਆ ਕੱਪੜੇ ਪਹਿਨੋ ਤੇ ਸੌਂ ਜਾਓ, ਕੋਈ ਜ਼ਿੰਮੇਵਾਰੀ ਨਹੀਂ। ਔਰਤਾਂ ਸੋਚਦੀਆਂ ਨੇ ਕਿ ਵੇਖੋ ਸਾਰਾ ਪੈਸਾ, ਘਰ, ਜ਼ਮੀਨ ਆਦਮੀ ਦੇ ਹੱਥ ਵਿੱਚ ਹੈ। ਜਦੋਂ ਮਰਜ਼ੀ ਬਾਹਰ ਜਾਂਦੇ ਹਨ। ਨੌਕਰੀ, ਵਾਪਾਰ ਦੇ ਬਹਾਨੇ ਜਿਥੇ ਦਿਲ ਚਾਹੇ ਚਲੇ ਜਾਂਦੇ ਹਨ। ਸ਼ਰਾਬਾਂ ਪੀਂਦੇ ਹਨ, ਜੂਆ ਖੇਢਦੇ ਹਨ। ਬਹੁਤ ਅਨੰਦ ਵਿੱਚ ਹਨ।

ਦੁਨੀਆਂ ਵਿੱਚ ਬਹੁ ਗਿਣਤੀ ਮਨੁੱਖਾਂ ਨੂੰ ਜ਼ਿੰਦਗੀ ਜਿਉਣ ਦਾ ਵੱਲ ਹੀ ਨਹੀਂ ਆਇਆ। ਜੇ ਔਰਤ ਸਮਝਦਾਰ ਹੈ ਤਾਂ ਪਤੀ ਉਸ ਦੇ ਬ੍ਰਾਬਰ ਦਾ ਨਹੀਂ ਮਿਲਦਾ। ਜੇ ਆਦਮੀ ਸਿਆਣਾ ਹੈ ਤਾਂ ਪਤਨੀ ਕਦਮ ਮਿਲਾ ਕੇ ਚੱਲਣ ਜੋਗੀ ਨਹੀਂ ਮਿਲਦੀ। ਜੇ ਮੁਲਾਜ਼ਮ ਚੰਗਾ ਹੈ ਤਾਂ ਅਫ਼ਸਰ ਆਕੜਖ਼ਾਨ ਹੈ। ਜੇ ਅਫ਼ਸਰ ਭਲਾ ਹੈ ਤਾਂ ਮੁਲਾਜ਼ਮ ਕੰਮ ਚੋਰ ਹਨ। ਇਨ੍ਹਾਂ ਸ਼ਿਕਾਇਤਾਂ ਦਾ ਅੰਤ ਪਾਰਾਵਾਰ ਨਹੀਂ ਲੱਭੇਗਾ। ਜੋ ਕੁੱਝ ਅਸੀਂ ਅੱਜ ਹਾਂ, ਇਨ੍ਹਾਂ ਹੀ ਸਾਧਨਾਂ ਰਾਹੀਂ ਅੱਗੇ ਵੱਧਣ ਦਾ ਰਾਹ ਤਲਾਸ਼ਣਾ ਪਵੇਗਾ। ਡਿੱਗਣ ਲੱਗੇ ਤਾਂ ਬੰਦਾ ਕੇਲੇ ਦੇ ਛਿਲਕੇ ਤੋਂ ਡਿੱਗ ਕੇ ਲੱਤ ਤੁੜਵਾ ਸਕਦਾ ਹੈ। ਜਿਨ੍ਹਾਂ ਨੇ ਅੱਗੇ ਵੱਧਣ ਦਾ ਟੀਚਾ ਮਿੱਥਿਆ ਹੈ, ਉਹ ਕੱਟੀਆਂ ਹੋਈਆਂ ਲੱਤਾਂ ਤੋਂ ਭੀ ਰੁਕਦੇ ਨਹੀਂ। ਅੱਗੇ ਹੀ ਵੱਧਦੇ ਚਲੇ ਜਾਂਦੇ ਹਨ। ਜਿਨ੍ਹਾਂ ਨੇ ਹੌਸਲੇ ਬੁਲੰਦ ਰੱਖੇ ਹਨ, ਉਹ ਨੇਤਰ ਹੀਣ, ਬੋਲੇ, ਬਾਹਵਾਂ ਕੱਟੀਆਂ ਵਾਲੇ, ਲੱਤਾਂ ਟੁੱਟੀਆਂ ਵਾਲੇ, ਅਧਰੰਗ ਦੇ ਰੋਗੀ ਆਦਿ ਕਈ ਵਾਰੀ ਹੈਰਾਨੀ ਜਨਕ ਕੰਮ ਕਰ ਵਿਖਾਉਂਦੇ ਹਨ। ਤੰਦਰੁਸਤ ਸਰੀਰਾਂ ਵਾਲੇ ਹੰਝੂ ਕੇਰਦੇ ਵੇਖੀਦੇ ਹਨ। ਕਿਸਮਤ ਨੂੰ ਦੋਸ਼ ਦਿੰਦੇ ਹਨ। ਗ਼ਰੀਬੀ ਨੂੰ ਲਾਹਣਤਾਂ ਪਾਉਂਦੇ ਹਨ। ਕਦੀ ਉਚੇਰੀ ਪੜ੍ਹਾਈ ਨਾ ਹੋਣ ਨੂੰ ਦੋਸ਼ੀ ਗਰਦਾਨਦੇ ਹਨ ਪਰ ਖ਼ੁਦ ਮਿਹਨਤ ਕਰਨ ਨੂੰ ਤਿਆਰ ਨਹੀਂ।

ਕੁੱਝ ਚੰਗੇਰਾ ਸਿੱਖਣ ਲਈ ਰਾਜੀ ਨਹੀਂ। ਆਕਾਸ਼ ਵਿੱਚੋਂ ਸੋਨੇ ਦੀਆਂ ਮੋਹਰਾਂ ਦੀ ਬਾਰਸ਼ ਕਦੀ ਨਹੀਂ ਹੋਣੀ, ਜਿਵੇਂ ਕਿ ਅਜਿਹੇ ਲੋਕ ਆਸ ਲਾਈ ਰਖਦੇ ਹਨ।

ਕਹਿੰਦੇ ਨੇ ਇੱਕ ਮੰਗਤੇ ਨੇ ਦੁਕਾਨਦਾਰ ਤੋਂ ਲੱਡੂ ਮੰਗਿਆ। ਉਸ ਨੇ ਮੁਫ਼ਤ ਵਿੱਚ ਨਾ ਦਿੱਤਾ। ਦੁਕਾਨਦਾਰ ਦਾ ਧਿਆਨ ਦੂਜੇ ਪਾਸੇ ਮਹਿਸੂਸ ਕਰ ਕੇ ਮੰਗਤੇ ਨੇ ਅੱਖ ਬਚਾ ਕੇ ਬਾਹਰ ਪਏ ਥਾਲ ਵਿੱਚੋਂ ਇੱਕ ਲੱਡੂ ਚੁੱਕ ਲਿਆ। ਮਾਲਕ ਨੇ ਉਥੇ ਹੀ ਹੱਥ ਫੜ ਲਿਆ। ਮੰਗਤਾ ਡਰ ਗਿਆ ਪਰ ਮਾਲਕ ਨੇ ਅੰਦਰ ਕੁਰਸੀ 'ਤੇ ਬਿਠਾ ਕੇ ਭਰਿਆ ਹੋਇਆ ਲੱਡੂਆਂ ਦਾ ਥਾਲ ਮੰਗਤੇ ਅੱਗੇ ਰੱਖ ਦਿੱਤਾ ਤੇ ਕਿਹਾ ਖਾਓ। ਮੰਗਤਾ ਡਰਿਆ ਜਿਹਾ ਹੌਲੀ ਹੌਲੀ ਖਾਣ ਲੱਗਿਆ। ਇੱਕ, ਦੋ, ਚਾਰ, ਦਸ, ਪੰਦਰਾਂ ਤੇ ਬੱਸ। ਮਾਲਕ ਆਖੇ ਹੋਰ ਖਾ। ਮੰਗਤਾ ਇੱਕ ਲੱਡੂ ਹੋਰ ਮਸੀਂ ਖਾਵੇ ਤੇ ਅੱਖਾਂ ਬਾਹਰ ਨੂੰ ਆਉਣ। ਮਾਲਕ ਨੇ ਚੰਗੀ ਘੁਰਕੀ ਦਿੱਤੀ, ਖਾ ਨਹੀਂ ਤਾਂ ਬਹੁਤ ਮਾਰ ਪਵੇਗੀ। ਵਿਚਾਰੇ ਨੇ ਔਖਾ ਹੋ ਕੇ ਇੱਕ ਦੋ ਹੋਰ ਖਾਧੇ। ਅੰਤ ਨੂੰ ਹੱਥ ਜੋੜਨ ਲੱਗਿਆ। ਮੁਆਫ਼ ਕਰ ਦਿਓ, ਹੋਰ ਨਹੀਂ ਖਾ ਸਕਦਾ। ਜੇ ਹੋਰ ਖੁਆਉਗੇ ਤਾਂ ਮੇਰੀ ਮੌਤ ਹੋ ਜਾਵੇਗੀ। ਇੰਨਾ ਜ਼ੁਲਮ ਨਾ ਕਰੋ, ਮੇਰੇ ਨਾਲ। ਦੁਕਾਨਦਾਰ ਆਖਣ ਲੱਗਾ, "ਇੱਕ ਲੱਡੂ ਨਾ ਮਿਲਦਾ, ਕੋਈ ਨੁਕਸਾਨ ਨਹੀਂ ਹੋਣਾ ਸੀ। ਜੇ ਭਰਿਆ ਥਾਲ ਖਾ ਲਵੇਂ ਤਾਂ ਮੌਤ ਜ਼ਰੂਰ ਹੋ ਜਾਵੇਗੀ। ਆਪਣੇ ਆਪ 'ਤੇ ਕਾਬੂ ਪਾਉਣਾ ਸਿਖੋ। ਜੇ ਘੱਟ ਖਾਣ ਵਾਲੇ ਦੁਖੀ ਨੇ ਤਾਂ ਵੱਧ ਖਾਣ ਵਾਲੇ ਭੀ ਦੁਖੀ ਨੇ।"

ਇੱਕ ਦੁਕਾਨਦਾਰ ਘਟੀਆ ਮਾਲ ਵੇਚਦਾ ਹੈ, ਪੈਸੇ ਵੱਧ ਲਾਉਂਦਾ ਹੈ। ਮਨ ਪ੍ਰੇਸ਼ਾਨ ਹੈ, ਬਹੁਤ ਦੁਖੀ ਹੈ। ਅਜਿਹਾ ਪਾਪ ਕਰਨਾ ਇਨਸਾਨੀਅਤ ਤੋਂ ਅਤੇ ਧਾਰਮਕ ਅਸੂਲਾਂ ਤੋਂ ਨੀਵੀਂ ਹਰਕਤ ਹੈ। ਘਰ ਜਾ ਕੇ ਭੀ ਪ੍ਰੇਸ਼ਾਨ ਰਹਿੰਦਾ ਹੈ। ਪ੍ਰੇਸ਼ਾਨੀ ਘਟਾਉਣ ਵਾਸਤੇ ਸ਼ਰਾਬ ਦਾ ਸਹਾਰਾ ਲੈਂਦਾ ਹੈ। ਪੈਸੇ ਭੀ ਫ਼ਜ਼ੂਲ ਵਿੱਚ ਉਡਦੇ ਹਨ। ਬਹੁਤੀ ਪੀ ਕੇ ਕਦੀ ਬੱਚਿਆਂ ਨੂੰ ਮੰਦਾ ਬੋਲਦਾ ਹੈ। ਕਦੀ ਪਤਨੀ ਨੂੰ ਚਪੇੜ ਮਾਰ ਦਿੰਦਾ ਹੈ। ਮਾਤਾ-ਪਿਤਾ ਦਾ ਆਦਰ ਭੀ ਨਹੀਂ ਕਰਦਾ। ਪਰਿਵਾਰ ਨੇ, ਸੰਗੀਆਂ ਸਾਥੀਆਂ ਨੇ ਬਾਰ-ਬਾਰ ਪ੍ਰੇਰਨਾ ਕੀਤੀ ਕਿ ਗੁਰਬਾਣੀ ਪੜ੍ਹਿਆ ਕਰੋ। ਗੁਰਬਾਣੀ ਸਮਝ ਕੇ ਜੀਵਨ ਵਿੱਚ ਉਤਾਰੋ। ਬਾਣੀ ਮੁਤਾਬਕ ਕੰਮ ਕਰੋ। ਕਾਫ਼ੀ ਸਮਾਂ ਸਮਝ ਕੇ ਬਾਣੀ ਪੜ੍ਹੀ। ਮਨ ਨੇ ਅੰਗੜਾਈ ਭਰੀ। ਬੁਰੇ-ਭਲੇ ਦੀ ਪਛਾਣ ਹੋਣ ਲੱਗੀ। ਅੰਦਰਲਾ "ਠੱਗ" ਕਮਜ਼ੋਰ ਪੈਣਾ ਸ਼ੁਰੂ ਹੋ ਗਿਆ। "ਸੱਜਨ" ਪ੍ਰਗਟ ਹੋਣ ਲੱਗਾ। ਵਿਸਾਖੀ ਵਾਲੇ ਦਿਨ ਖੰਡੇ ਕੀ ਪਾਹੁਲ ਛਕ ਲਈ ਸਿੰਘ ਸਜ ਗਿਆ। ਅਗਲੇ ਦਿਨ ਤੋਂ ਦੁਕਾਨ 'ਤੇ ਬੇਈਮਾਨੀ ਵਾਲਾ ਵਿਹਾਰ ਬਦਲ ਦਿੱਤਾ। ਘਟੀਆ ਮਾਲ ਤੇ ਵੱਧ ਮੁੱਲ ਵਾਲਾ ਰਾਹ ਤਿਆਗ ਦਿੱਤਾ। ਇਹ ਸਿੰਘ ਪੂਰਾ ਖ਼ੁਸ਼। ਨਿਤ ਦਿਨ ਗਾਹਕ ਵੱਧਣ ਲੱਗੇ। ਵਾਜਬ ਮੁੱਲ 'ਤੇ ਵਧੀਆ ਮਾਲ ਮਿਲਣ ਲੱਗਾ ਪਰ ਨਾਲ ਵਾਲੇ ਦੁਕਾਨਦਾਰ ਬੜੇ ਔਖੇ ਹੋਣ ਲੱਗ ਪਏ। ਲੋਕੀਂ ਉਨ੍ਹਾਂ ਕੋਲ ਘੱਟ ਜਾਂਦੇ ਹਨ। ਇਸ ਭਾਈ ਕੋਲ ਵੱਧ ਆਉਂਦੇ ਹਨ। ਇਹ ਸ਼ਾਂਤ ਹੋਇਆ ਤੇ ਪੂਰਾ ਬਾਜ਼ਾਰ ਪ੍ਰੇਸ਼ਾਨ ਹੋ ਗਿਆ। ਅੱਗੇ ਘਰ ਜਾ ਕੇ ਲੜਦਾ ਸੀ, ਉੱਚੀ ਬੋਲਦਾ ਸੀ, ਸ਼ਰਾਬ ਪੀਂਦਾ ਸੀ, ਖਰੂਦ ਕਰਦਾ ਸੀ। ਬੜੀ ਰੌਣਕ ਜਿਹੀ ਬਣੀ ਹੋਈ ਸੀ। ਘਰ ਵਾਲੇ ਇਨ੍ਹਾਂ ਗੱਲਾਂ ਦੇ ਆਦੀ ਜਿਹੇ ਹੋ ਗਏ ਸਨ ਪਰ ਆਹ ਕੀ! ਹੁਣ ਨਾ

ਸ਼ਰਾਬ, ਨਾ ਸ਼ੋਰ, ਨਾ ਝਗੜਾ। ਪਾਠ ਕਰਨਾ, ਕੁੱਝ ਲੋੜੀਂਦੀਆਂ ਗੱਲਾਂ ਕਰਨੀਆਂ, ਪਰਸ਼ਾਦਾ ਛਕ ਕੇ ਸੌਂ ਜਾਣਾ। ਪਤਨੀ ਨੂੰ ਫ਼ਿਕਰ ਪੈ ਗਿਆ। ਕਿਤੇ ਦੁਕਾਨਦਾਰੀ ਵਿੱਚ ਕੋਈ ਘਾਟਾ ਨਾ ਪੈ ਗਿਆ ਹੋਵੇ। ਕੋਈ ਦੁੱਖਦਾਈ ਘਟਨਾ ਨਾ ਵਾਪਰ ਗਈ ਹੋਵੇ। ਡਾਕਟਰ ਨੂੰ ਵਿਖਾਈਏ। ਕਿਸੇ ਮਨੋਵਿਗਿਆਨੀ ਦੀ ਭਾਲ ਕਰੀਏ। ਪ੍ਰੇਸ਼ਾਨੀ ਦਾ ਕਾਰਨ ਪਹਿਲਾਂ ਹੋਰ ਸੀ, ਹੁਣ ਹੋਰ ਹੈ। ਪ੍ਰੇਸ਼ਾਨੀ ਤੋਂ ਮੁਕਤ ਹੋਣਾ ਬਹੁਤ ਔਖਾ ਹੈ।

ਇੱਕ ਵਪਾਰੀ ਹੈ। ਵਾਪਾਰ ਨੂੰ ਠੀਕ ਕਾਬੂ ਨਹੀਂ ਕਰ ਸਕਿਆ। ਨੌਕਰਾਂ ਨੇ ਬੇਈਮਾਨੀ ਕਰ ਲਈ। ਭਰਾਵਾਂ ਨੇ ਧੋਖਾ ਕਰ ਦਿੱਤਾ। ਬਾਜ਼ਾਰ ਦਾ ਭਾਅ ਡਿੱਗ ਪਿਆ। ਲੱਖਾਂ ਦਾ ਘਾਟਾ ਪੈ ਗਿਆ। ਮਨ ਬਹੁਤ ਉਦਾਸ ਹੈ, ਢਹਿੰਦੀ ਕਲਾ ਵਿੱਚ ਹੈ। ਲਹਿਣੇਦਾਰ ਦਿੱਤਾ ਹੋਇਆ ਪੈਸਾ ਵਾਪਸ ਮੰਗ ਰਹੇ ਹਨ। ਬੈਂਕ ਦੀ ਕਿਸਤ ਮੋੜਨੀ ਸੰਭਵ ਨਹੀਂ ਲਗਦੀ। ਘਰੇਲੂ ਲੋੜਾਂ ਹਨ, ਹੁਣ ਕੀ ਬਣੇਗਾ? ਸੋਚਾਂ ਸੋਚਦਿਆਂ ਦੌਰਾ ਪੈ ਗਿਆ। ਹਸਪਤਾਲ ਚੁੱਕ ਕੇ ਲੈ ਗਏ। ਜਿਥੋਂ ਮਰਜ਼ੀ ਕੀਤਾ, ਇਲਾਜ 'ਤੇ ਪੈਸਾ ਲਾਇਆ। ਅਧਰੰਗ ਹੋ ਗਿਆ। ਹੁਣ ਸਾਰੇ ਹਮਦਰਦੀ ਕਰਦੇ ਹਨ। ਪੈਸਾ ਕੋਈ ਨਹੀਂ ਮੰਗਦਾ। ਇਸ ਵਾਪਾਰੀ ਦੀ ਤੰਦਰੁਸਤੀ ਲਈ ਅਰਦਾਸਾਂ ਕਰਦੇ ਹਨ। ਕੋਈ ਫਲ ਲਿਆਉਂਦਾ ਹੈ। ਕੋਈ ਪੁਸਤਕਾਂ ਪੜ੍ਹਨ ਲਈ ਲੈ ਆਉਂਦਾ ਹੈ। ਕਈ ਹੌਸਲਾ ਵਧਾਊ ਗੱਲਾਂ ਕਰਦੇ ਹਨ, ਕਰਜੇ ਦੀ ਗੱਲ ਕੋਈ ਨਹੀਂ ਛੇੜਦਾ। ਇਸ ਵਾਪਾਰੀ ਲਈ ਹੁਣ ਤੰਦਰੁਸਤੀ ਖ਼ਤਰਾ ਬਣ ਗਈ। ਬਿਮਾਰੀ ਵਰਦਾਨ ਬਣ ਗਈ।

ਇੱਕ ਗ਼ਰੀਬ ਕਿਸਾਨ ਨੇ ਬੈਂਕ ਕੋਲ ਜ਼ਮੀਨ ਗਹਿਣੇ ਰੱਖ ਕੇ ਕਰਜ਼ਾ ਲਿਆ। ਲੋੜ ਮੁਤਾਬਕ ਮਕਾਨ ਦੀ ਉਸਾਰੀ ਕੀਤੀ ਗਈ। ਬੜਾ ਧਿਆਨ ਰੱਖਿਆ। ਬਹੁਤ ਮਿਹਨਤ ਕੀਤੀ, ਕਦੀ ਆਪਣੇ ਘਰ ਵਿੱਚ ਸੁੱਖ ਦੀ ਨੀਂਦ ਸੌਵਾਂਗੇ, ਸੋਚਿਆ। ਮਕਾਨ ਦੋ-ਚਾਰ ਮਹੀਨਿਆਂ ਵਿੱਚ ਬਣ ਕੇ ਤਿਆਰ ਹੋ ਗਿਆ। ਸਾਰਾ ਪ੍ਰਵਾਰ ਬਹੁਤ ਖ਼ੁਸ਼ ਸੀ। ਅਗਲੇ ਦਿਨ ਸਾਰਿਆਂ ਨੇ ਨਵੇਂ ਘਰ ਵਿੱਚ ਪ੍ਰਵੇਸ਼ ਕਰਨਾ ਸੀ। ਨਵੇਂ ਮਕਾਨ ਦੀ ਰਾਤ ਨੂੰ ਛੱਤ ਡਿੱਗ ਪਈ। ਸਭ ਕੁੱਝ ਬਰਬਾਦ ਹੋ ਗਿਆ। ਸਵੇਰੇ ਕਿਸਾਨ ਨੂੰ ਪਤਾ ਲੱਗਾ। ਆ ਕੇ ਵੇਖਿਆ, ਤਸੱਲੀ ਕੀਤੀ। ਦੌੜਦਾ ਹੋਇਆ ਪੰਜ ਕਿੱਲੋ ਲੱਡੂ ਖ਼ਰੀਦ ਲਿਆਇਆ। ਸਾਰਿਆਂ ਵਿੱਚ ਆਲੇ-ਦੁਆਲੇ ਲੱਡੂ ਵੰਡੇ। ਲੋਕੀਂ ਅਫ਼ਸੋਸ ਕਰਨ ਪਰ ਕਿਸਾਨ ਆਖੇ ਮੈਂ ਬਹੁਤ ਖ਼ੁਸ਼ ਹਾਂ। ਤੁਸੀਂ ਭੀ ਖ਼ੁਸ਼ੀ ਮਨਾਓ, ਲੱਡੂ ਖਾਓ। ਜਦੋਂ ਸਾਰਿਆਂ ਨੇ ਪੁੱਛਿਆ, "ਭਰਾਵਾ ਖ਼ੁਸ਼ੀ ਤੈਨੂੰ ਕਿਸ ਗੱਲ ਦੀ ਹੈ, ਮਕਾਨ ਡਿੱਗਣ ਦੀ?" ਆਖਣ ਲੱਗਾ, "ਹਾਂ, ਮਕਾਨ ਡਿੱਗਣ ਦੀ ਹੀ ਖ਼ੁਸ਼ੀ ਹੈ। ਪਤਾ ਹੈ ਕਿਉਂ? ਕੱਲ ਨੂੰ ਅਸੀਂ ਸਾਰਿਆਂ ਨੇ ਇਸ ਮਕਾਨ ਵਿੱਚ ਆਉਣਾ ਸੀ। ਜੇ ਸਾਡੇ ਆਉਣ 'ਤੇ ਡਿੱਗਦਾ ਤਾਂ ਅਸੀਂ ਸਾਰੇ ਵਿੱਚ ਦੱਬ ਕੇ ਮਰ ਜਾਂਦੇ। ਮਕਾਨ ਫਿਰ ਬਣਾ ਲਵਾਂਗੇ। ਸ਼ੁਕਰ ਹੈ ਮੇਰਾ ਪ੍ਰਵਾਰ ਬਚ ਗਿਆ।"

ਸਿਆਣਿਆਂ ਦੀ ਖੋਜ ਹੈ ਕਿ ਭੁੱਖੇ ਰਹਿਣ ਨਾਲ ਉਤਨੇ ਲੋਕਾਂ ਦੀ ਮੌਤ ਨਹੀਂ ਹੋਈ, ਜਿੰਨਿਆਂ ਦੀ ਮੌਤ ਬਹੁਤਾ ਖਾਣ ਨਾਲ ਹੋਈ ਹੈ। ਬਿਮਾਰੀਆਂ ਨਾਲ ਉਤਨੇ ਲੋਕ ਨਹੀਂ ਮਰਦੇ ਜਿੰਨੇ ਜੰਗ ਵਿੱਚ ਮਰ ਜਾਂਦੇ ਹਨ। ਉਤਨੀ ਕੁ ਗਿਣਤੀ ਦੇ ਬੰਦੇ ਫ਼ੌਜ ਵਿੱਚ ਭਰਤੀ

ਹਨ ਤੇ ਉਤਨੇ ਹੀ ਜੇਲ੍ਹਾਂ ਵਿੱਚ ਬੰਦ ਹੋਏ ਪਏ ਹਨ। ਇਨ੍ਹਾਂ ਤੋਂ ਕਿਤੇ ਵੱਧ ਨਸ਼ਿਆਂ ਕਾਰਨ ਜੀਵਨ ਬਰਬਾਦ ਕਰ ਰਹੇ ਹਨ। ਸੱਚੀ ਖ਼ੁਸ਼ੀ ਲਈ ਮਨ ਨੂੰ ਸੰਜਮ ਵਿੱਚ ਲਿਆਉਣਾ ਪਵੇਗਾ। ਵੇਖ ਕੇ ਅਣਡਿੱਠ ਕਰਨਾ ਪਵੇਗਾ। ਜੀਉ ਤੇ ਜਿਉਣ ਦਿਓ ਵਾਲੀ ਨੀਤੀ ਅਪਣਾਉਣੀ ਪਵੇਗੀ। ਨਾ ਡਰੋ, ਨਾ ਡਰਾਓ ਵਾਲਾ ਰਾਹ ਅਖ਼ਤਿਆਰ ਕਰਨਾ ਪਵੇਗਾ। ਅੱਗੇ ਵਧਣ ਲਈ ਵੱਧ ਤੋਂ ਵੱਧ ਯਤਨ ਕਰੋ ਪਰ ਰਸਤਾ ਨੇਕ ਬਿਰਤੀ ਵਾਲਾ ਧਾਰਨ ਕਰੋ। ਬਹਾਦਰ ਲੋਕ ਦੁੱਖਾਂ-ਮੁਸੀਬਤਾਂ ਤੋਂ ਡੋਲਦੇ ਨਹੀਂ, ਹਿੰਮਤ ਨਹੀਂ ਹਾਰਦੇ। ਜੇ ਇੱਕ ਵਾਰੀ ਵਿੱਚ ਕਾਮਯਾਬੀ ਨਹੀਂ ਮਿਲੀ ਤਾਂ ਦੂਜੀ ਵਾਰੀ, ਤੀਜੀ ਵਾਰੀ ਕਾਮਯਾਬ ਹੋਣਾ ਹੀ ਹੋਣਾ ਹੈ। ਜਿਨ੍ਹਾਂ ਨੂੰ ਅੱਜ ਅਸੀਂ ਯਾਦ ਕਰਦੇ ਹਾਂ, ਉਨ੍ਹਾਂ ਨੇ ਹਿਮਾਲਾ ਦੀਆਂ ਚੋਟੀਆਂ 'ਤੇ ਕਦਮ ਰੱਖੇ ਸਨ। ਸਮੁੰਦਰ ਵਿੱਚ ਤਾਰੀਆਂ ਲਾਈਆਂ ਸਨ। ਤੂਫ਼ਾਨਾਂ ਅੱਗੇ ਹਿੱਕਾਂ ਡਾਹੀਆਂ ਸਨ। ਫਾਂਸੀ ਦੇ ਫੰਦੇ ਗਲ ਵਿੱਚ ਪੁਆਏ ਸਨ। ਬੰਦ-ਬੰਦ ਕਟਵਾਏ ਸਨ। ਖੋਪਰੀਆਂ ਉਤਰਵਾਈਆਂ ਸਨ। ਜਿਗਰ ਦੇ ਟੁਕੜੇ ਆਪਣੇ ਪੁੱਤਰਾਂ ਨੂੰ ਵਾਰਿਆ ਸੀ। ਦੁੱਖਾਂ-ਮੁਸੀਬਤਾਂ ਤੋਂ ਘਬਰਾ ਕੇ ਹੰਝੂ ਬਹਾ ਕੇ ਅੱਜ ਤੱਕ ਕਦੀ ਕੋਈ ਸੁਧਾਰ ਨਹੀਂ ਹੋਇਆ। ਜ਼ੋਰ ਦੇ ਨਾਲ ਜੁਗਤੀ ਦੀ ਵਰਤੋਂ ਕਰਨੀ ਜ਼ਰੂਰੀ ਹੈ। ਸਿਰ ਕਟਾਉਣਾ ਹੀ ਬਹਾਦਰੀ ਨਹੀਂ, ਸਿਰ ਦੀ ਯੋਗ ਵਰਤੋਂ ਕਰਨੀ ਭੀ ਬਹਾਦਰੀ ਹੈ। ਦੁੱਖਾਂ ਨੂੰ ਵੇਖ ਕੇ ਚੀਕਾਂ ਮਾਰਨ ਵਾਲਿਆਂ ਨੇ ਕਦੀ ਉਸਾਰੂ ਕਾਰਜ ਨਹੀਂ ਕੀਤਾ। ਗਰਮੀ-ਸਰਦੀ ਤੋਂ ਬਚਣ ਲਈ ਘਰ ਬਣਾਉਣਾ ਪਵੇਗਾ। ਸੌਖਾ ਸਫ਼ਰ ਕਰਨ ਲਈ ਸਵਾਰੀ ਲੈਣੀ ਪਵੇਗੀ। ਬਿਮਾਰੀ ਖ਼ਤਮ ਕਰਨ ਲਈ ਇਲਾਜ ਕਰਨਾ ਪਵੇਗਾ। ਇਨਸਾਫ਼ ਪ੍ਰਾਪਤ ਕਰਨ ਲਈ ਬੇਇਨਸਾਫ਼ੀ ਦੇ ਵਿਰੁੱਧ ਉੱਠਣਾ ਪਵੇਗਾ। ਗ਼ੁਲਾਮੀ ਗਲੋਂ ਲਾਹੁਣ ਲਈ, ਆਜ਼ਾਦੀ ਦਾ ਨਿੱਘ ਮਾਨਣ ਲਈ ਹੱਕ-ਸੱਚ ਦੀ ਜੰਗ ਲੜਨੀ ਪਵੇਗੀ। ਅਗਿਆਨਤਾ ਖ਼ਤਮ ਕਰਨ ਲਈ ਵਿੱਦਿਆ ਹਾਸਲ ਕਰਨੀ ਪਵੇਗੀ। ਹਨ੍ਹੇਰਾ ਖ਼ਤਮ ਕਰਨ ਲਈ ਰੌਸ਼ਨੀ ਕਰਨੀ ਪਵੇਗੀ। ਮਨ ਨੂੰ ਮਜ਼ਬੂਤ ਕਰ ਕੇ ਦੁੱਖ ਤੇ ਸੁੱਖ ਵਿੱਚ ਅਡੋਲ ਰਹਿ ਕੇ ਅੱਗੇ ਵੱਧਣਾ ਪਵੇਗਾ।

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ, ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ ॥
ਆਸਾ ਮਨਸਾ ਸਗਲ ਤਿਆਗੈ, ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ, ਤਿਹ ਘਟਿ ਬ੍ਰਹਮੁ ਨਿਵਾਸਾ ॥
ਗੁਰ ਕਿਰਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ, ਜਿਉ ਪਾਨੀ ਸੰਗਿ ਪਾਨੀ ॥ (633)



ਜੀਵਨ ਬਦਲ ਗਿਆ

ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਇੱਕ ਨਾਮੀ ਸਿੱਖ ਹੋਇਆ ਸੀ। ਭਾਈ ਮੇਹਰੂ ਇਸ ਦਾ ਨਾਮ ਹੈ। ਸਿੱਖੀ ਦਾਇਰੇ ਵਿੱਚ ਆਉਣ ਤੋਂ ਪਹਿਲਾਂ ਇਸ ਵਿੱਚ ਕਈ ਸਾਰੀਆਂ ਬੁਰੀਆਂ ਆਦਤਾਂ ਸਨ। ਇਨ੍ਹਾਂ ਵਿੱਚੋਂ ਪ੍ਰਮੁੱਖ ਸੀ ਚੋਰੀ ਕਰਨੀ। ਜਦੋਂ ਭੀ ਘਰੋਂ ਨਿਕਲਨਾ ਧਿਆਨ ਪੂਰਬਕ ਨਿਰਖ ਪਰਖ ਕੇ ਵੇਖਣਾ ਕਿ ਕਿਸ ਵਸਤੂ ਨੂੰ ਚੁਰਾਇਆ ਜਾ ਸਕਦਾ ਹੈ। ਮਾਲ-ਡੰਗਰ ਜੋ ਭੀ ਕਾਬੂ ਆਇਆ, ਰਾਤ-ਬਰਾਤ ਲੈ ਜਾਣਾ। ਅੱਗੋਂ ਦੂਰ ਪਾਰ ਦੇ ਇਲਾਕੇ ਵਿੱਚ ਵੇਚ ਦੇਣਾ। ਇਸ ਨੇ ਆਪਣੇ ਸਾਥੀਆਂ ਦਾ ਇੱਕ ਗਰੋਹ ਬਣਾਇਆ ਹੋਇਆ ਸੀ। ਇਹ ਸਾਰੇ ਰਲ ਕੇ ਬੜੀ ਹੁਸ਼ਿਆਰੀ ਨਾਲ ਚੋਰੀਆਂ ਕਰ ਰਹੇ ਸਨ। ਭੋਲੇ-ਭਾਲੇ ਲੋਕਾਂ ਨੂੰ ਦੁਖੀ ਕਰਦੇ ਸਨ ਤੇ ਆਪਣਾ "ਕਾਰੋਬਾਰ" ਚਲਾ ਰਹੇ ਸਨ। ਕਈਆਂ ਦੇ ਬਲਦ ਚੋਰੀ ਹੋਏ, ਕਿਸੇ ਦੀਆਂ ਮੱਝਾਂ ਚੋਰੀ ਹੋਈਆਂ। ਕਿਤੋਂ ਊਠ, ਘੋੜੇ ਗ਼ਾਇਬ ਹੋ ਗਏ।

ਸਾਲਾਨਾ ਜੋੜ ਮੇਲੇ 'ਤੇ ਜਾਣ ਲਈ ਭਾਈ ਮੇਹਰੂ ਇੱਕ ਜਥੇ ਵਿੱਚ ਸ਼ਾਮਲ ਹੋ ਕੇ ਅੰਮ੍ਰਿਤਸਰ ਆਇਆ। ਇਥੇ ਪਹੁੰਚ ਕੇ ਸਾਰਿਆਂ ਨੇ ਪਿਆਰ ਪੂਰਬਕ ਪਰਸ਼ਾਦਾ ਛਕਿਆ, ਆਰਾਮ ਕੀਤਾ। ਪਰਸਪਰ ਵਿਚਾਰ ਚਰਚਾ ਭੀ ਕਰਦੇ ਰਹੇ। ਅੰਮ੍ਰਿਤਸਰ ਦੇ ਸੇਵਾਦਾਰਾਂ ਦਾ ਵਰਤਾਉ ਅਤੀ ਪਿਆਰ ਤੇ ਨਿਮਰਤਾ ਵਾਲਾ ਵੇਖ ਕੇ ਸਾਰੇ ਬਹੁਤ ਖ਼ੁਸ਼ ਸਨ। ਮਨੁੱਖਤਾ ਦੇ ਭਲੇ ਵਾਸਤੇ ਜੋ ਕਾਰਜ ਚੱਲ ਰਹੇ ਸਨ, ਉਨ੍ਹਾਂ ਬਾਰੇ ਜਾਣਕਾਰੀ ਮਿਲੀ। ਗੁਰੂ ਸਾਹਿਬ ਖ਼ੁਦ ਕਿੰਨੀ ਮਿਹਨਤ ਕਰਦੇ ਹਨ, ਕਿੰਨਾ ਸਾਦਾ ਜੀਵਨ ਹੈ, ਕਿਵੇਂ ਸਾਰਿਆਂ ਨੂੰ ਇੱਕੋ ਜਿਹਾ ਮਾਣ ਪਿਆਰ ਦਿੰਦੇ ਹਨ ? ਕਿਵੇਂ ਸਾਂਝੇ ਲੰਗਰ ਵਿੱਚ ਸਾਰੇ ਆਪੋ ਆਪਣਾ ਯੋਗਦਾਨ ਪਾਉਂਦੇ ਹਨ ? ਕਿਵੇਂ ਸਾਰੇ ਬਗ਼ੈਰ ਭਿੰਨ-ਭੇਦ ਤੋਂ ਰਲ ਮਿਲ ਕੇ ਛਕਦੇ ਹਨ ? ਕਿਵੇਂ ਗੁਰੂ ਜੀ ਲੋਕਾਂ ਨੂੰ ਵਹਿਮਾਂ-ਭਰਮਾਂ ਤੋਂ ਮੁਕਤ ਕਰ ਰਹੇ ਹਨ ? ਸਾਰਾ ਕੁੱਝ ਵੇਖ ਅਤੇ ਸੁਣ ਕੇ ਮਨ ਬਹੁਤ ਪ੍ਰਭਾਵਤ ਹੋਇਆ। ਅਗਲੇ ਦਿਨ ਸਵੇਰੇ ਤਿਆਰ ਹੋ ਕੇ ਸਾਰੇ ਦੀਵਾਨ ਅਸਥਾਨ ਵਿੱਚ ਇਕੱਠੇ ਹੋ ਗਏ। ਕੁੱਝ ਸਮਾਂ ਕੀਰਤਨ ਹੋਇਆ, ਉਪਰੰਤ ਗੁਰੂ ਅਰਜਨ ਸਾਹਿਬ ਜੀ ਨੇ ਬਹੁਤ ਹੀ ਮਿਠਾਸ ਭਰੇ ਤਰੀਕੇ ਨਾਲ ਦਿਲਾਂ ਵਿੱਚ ਲਹਿ ਜਾਣ ਵਾਲਾ ਉਪਦੇਸ਼ ਕੀਤਾ।

ਗੁਰੂ ਸਾਹਿਬ ਨੇ ਜੋ ਉਪਦੇਸ਼ ਕੀਤਾ, ਉਸ ਦਾ ਸੰਖੇਪ ਭਾਵ ਕੁੱਝ ਇਉਂ ਸੀ, "ਸਾਰੇ ਮਨੁੱਖ ਬਰਾਬਰ ਹਨ। ਇੱਕ ਨਿਰੰਕਾਰ ਤੋਂ ਸਿਵਾਏ ਹੋਰ ਕਿਸੇ ਦੇਵੀ-ਦੇਵਤੇ ਦੀ ਪੂਜਾ ਨਹੀਂ ਕਰਨੀ। ਮੜ੍ਹੀਆਂ ਜਾਂ ਕਬਰਾਂ ਨਹੀਂ ਪੂਜਣੀਆਂ। ਤੀਰਥਾਂ 'ਤੇ ਇਸ਼ਨਾਨ ਲਈ ਨਹੀਂ ਜਾਣਾ। ਵਰਤ ਨਹੀਂ ਰੱਖਣੇ। ਚੰਗੇ ਮੰਦੇ ਦਿਨਾਂ ਦੇ ਭਰਮਾਂ ਵਿੱਚ ਨਹੀਂ ਪੈਣਾ। ਕਾਮ, ਕ੍ਰੋਧ, ਲੋਭ, ਮੋਹ ਆਦਿ ਨੂੰ ਕਾਬੂ ਵਿੱਚ ਰੱਖਣਾ ਹੈ। ਨਸ਼ਾ ਕੋਈ ਨਹੀਂ ਵਰਤਣਾ। ਗਿਆਨਵਾਨ ਬਣਨਾ ਹੈ। ਛਲ, ਫਰੇਬ ਨਹੀਂ ਕਰਨਾ। ਬਹਾਦਰ ਤੇ ਸਿਹਤਮੰਦ ਬਣਨਾ ਹੈ। ਕਿਸੇ ਦਾ ਹੱਕ ਨਹੀਂ ਮਾਰਨਾ। ਸੁੱਚੀ ਕਿਰਤ ਕਰ ਕੇ ਪ੍ਰਵਾਰ ਦੀ ਪਾਲਣਾ ਕਰਨੀ ਹੈ। ਵੱਧ ਤੋਂ ਵੱਧ ਗੁਰਬਾਣੀ ਪੜ੍ਹਿਆ ਕਰੋ, ਨਿਰੰਕਾਰ ਬੇਅੰਤ ਖ਼ੁਸ਼ੀਆਂ ਬਖ਼ਸ਼ੇਗਾ।"

ਭਾਈ ਮੇਹਰੂ ਵਿੱਚ ਹੋਰ ਤਾਂ ਕੋਈ ਐਬ ਨਹੀਂ ਸੀ। ਇਥੇ ਆ ਕੇ ਮਨ ਪ੍ਰੇਸ਼ਾਨ ਹੋ ਗਿਆ। ਜਦੋਂ ਇਸ ਉਪਦੇਸ਼ ਨੇ ਅੰਦਰ ਚੋਟ ਮਾਰੀ। "ਕਿਸੇ ਦਾ ਹੱਕ ਨਹੀਂ ਮਾਰਨਾ, ਸੁੱਚੀ ਕਿਰਤ ਰਾਹੀਂ

ਪ੍ਰਵਾਰ ਦੀ ਪਾਲਣਾ ਕਰਨੀ ਹੈ।" ਇਹੀ ਸੋਚਾਂ ਸੋਚਦਾ ਆਪਣੇ ਕਾਫ਼ਲੇ ਨਾਲ ਵਾਪਸ ਘਰ ਪਰਤ ਗਿਆ। ਆਪਣੇ ਮਨ ਦੀ ਵੇਦਨਾ ਪਤਨੀ ਨੂੰ ਅਤੇ ਮਾਤਾ-ਪਿਤਾ ਨੂੰ ਸੁਣਾਈ। ਫਿਰ ਬੜੀ ਲਾਚਾਰੀ ਵਿੱਚ ਦੱਸਿਆ ਕਿ ਮੈਂ ਕਾਫ਼ੀ ਦੇਰ ਤੋਂ ਚੋਰਾਂ ਦੇ ਗਰੋਹ ਨਾਲ ਰਲਿਆ ਹੋਇਆ ਸਾਂ। ਜਿਸ ਮੱਝ ਦਾ ਦੁੱਧ ਅਸੀਂ ਛੇ ਮਹੀਨਿਆਂ ਤੋਂ ਪੀਂਦੇ ਆ ਰਹੇ ਹਾਂ, ਇਹ ਮੈਂ ਕਿਸੇ ਦੇ ਘਰੋਂ ਚੋਰੀ ਕਰ ਕੇ ਲਿਆਇਆ ਸੀ। ਤੁਹਾਡੇ ਅੱਗੇ ਮੈਂ ਝੂਠ ਬੋਲਿਆ ਸੀ ਕਿ ਪੈਸੇ ਹੌਲੀ-ਹੌਲੀ ਦੁੱਧ ਵੇਚ ਕੇ ਦੇ ਦਿਆਂਗੇ। ਮੈਂ ਤੁਹਾਡੇ ਤੋਂ ਨਿਮਰਤਾ ਨਾਲ ਮੁਆਫ਼ੀ ਮੰਗਦਾ ਹਾਂ। ਮੈਨੂੰ ਗੁਰੂ ਜੀ ਤੋਂ ਇਹ ਸ਼ੁਭ ਮੱਤ ਮਿਲੀ ਹੈ ਪਈ ਕਿਸੇ ਦਾ ਹੱਕ ਨਹੀਂ ਮਾਰਨਾ। ਇਹ ਮੱਝ ਅਤੇ ਦੁੱਧ ਵੇਚੇ ਤੋਂ ਇਕੱਠੇ ਹੋਏ ਪੈਸੇ ਮੈਂ ਵਾਪਸ ਕਰਨੇ ਚਾਹੁੰਦਾ ਹਾਂ...।" ਸਾਰਿਆਂ ਨੇ ਖ਼ੁਸ਼ੀ ਨਾਲ ਸਹਿਮਤੀ ਦੇ ਦਿੱਤੀ।

ਭਾਈ ਮੇਹਰੂ ਮੱਝ ਅਤੇ ਉਸ ਦੀ ਕੱਟੀ ਲੈ ਕੇ ਉਸ ਕਿਸਾਨ ਦੇ ਬੂਹੇ ਅੱਗੇ ਜਾ ਖਲੋਤਾ, ਜਿਥੋਂ ਮੱਝ ਚੋਰੀ ਕਰ ਕੇ ਲਿਆਇਆ ਸੀ। ਨਿਮਰਤਾ ਸਹਿਤ ਅੰਦਰ ਦਾਖ਼ਲ ਹੋਣ ਦੀ ਆਗਿਆ ਮੰਗੀ। ਉਨ੍ਹਾਂ ਆਪਣੇ ਵਿਹੜੇ ਵਿੱਚ ਅੰਦਰ ਬੁਲਾ ਲਿਆ। ਪਰਿਵਾਰ ਨੇ ਮੱਝ ਪਛਾਣ ਲਈ। ਘਰ ਦੇ ਮੁਖੀ ਨੂੰ ਬੁਲਾਇਆ। ਮੁਖੀ ਬਜ਼ੁਰਗ ਨੂੰ ਵੇਖਦਿਆਂ ਹੀ ਭਾਈ ਮੇਹਰੂ ਉਸ ਦੇ ਚਰਨਾਂ 'ਤੇ ਲੰਮਾ ਪੈ ਗਿਆ। ਰੋ-ਰੋ ਕੇ ਮੁਆਫ਼ੀ ਮੰਗੀ। ਹਰ ਤਰ੍ਹਾਂ ਦਾ ਹਰਜਾਨਾ ਭਰਨ ਦੀ ਹਾਮੀ ਭਰੀ ਪਰ ਮੁਆਫ਼ ਕਰ ਦਿਓ ਤਾਂ ਸਦਾ ਧੰਨਵਾਦ ਕਰਾਂਗਾ। ਬਜ਼ੁਰਗ ਨੇ ਮੇਹਰੂ ਨੂੰ ਉਠਾਇਆ, ਪਿਆਰ ਦਿੱਤਾ ਤੇ ਸਾਰੀ ਹੋਈ ਬੀਤੀ ਦੱਸਣ ਲਈ ਆਖਿਆ। ਭਾਈ ਮੇਹਰੂ ਨੇ ਮੱਝ ਚੋਰੀ ਕਰਨ ਤੋਂ ਲੈ ਕੇ ਗੁਰੂ ਸਾਹਿਬ ਤੋਂ ਉਪਦੇਸ਼ ਲੈ ਕੇ ਵਾਪਸ ਆਉਣ ਤੱਕ ਤੇ ਉਥੋਂ ਮੱਝ ਵਾਪਸ ਕਰਨ ਤੱਕ ਸਾਰੀ ਹੋਈ ਬੀਤੀ ਕਹਿ ਸੁਣਾਈ। ਨਾਲ ਹੀ ਥੈਲੀ ਭਰੀ ਚਾਂਦੀ ਦੇ ਰੁਪਿਆਂ ਦੀ ਬਜ਼ੁਰਗ ਦੇ ਅੱਗੇ ਢੇਰੀ ਕਰ ਦਿੱਤੀ ਕਿ ਮੈਂ ਜੋ ਇਸ ਮੱਝ ਦਾ ਦੁੱਧ ਵੇਚ ਕੇ ਪੈਸੇ ਵੱਟੇ ਸਨ, ਆਹ ਸਾਂਭ ਲਉ। ਜਿੰਨੀ ਕੁ ਮੈਂ ਸੇਵਾ ਕੀਤੀ, ਉਨ੍ਹਾਂ ਕੁ ਦੁੱਧ ਪੀ ਲਿਆ ਪਰ ਮੈਨੂੰ ਮੁਆਫ਼ ਕਰ ਦਿਓ। ਭਾਈ ਮੇਹਰੂ ਦਾ ਗੱਚ ਭਰ ਆਇਆ ਤੇ ਬਜ਼ੁਰਗ ਦੀਆਂ ਅੱਖਾਂ ਵਿੱਚੋਂ ਭੀ ਪਾਣੀ ਸਿਮ ਪਿਆ। ਮੇਹਰੂ ਨੂੰ ਪਿਆਰ ਗਲਵਕੜੀ ਵਿੱਚ ਲਿਆ। "ਮੁਆਫ਼ ਕੀਤਾ, ਮੁਆਫ਼ ਕੀਤਾ" ਆਖਿਆ। ਨਾਲ ਬੇਨਤੀ ਕੀਤੀ, "ਪੁੱਤਰਾ! ਕਮੀਆਂ ਸਾਡੇ ਵਿੱਚ ਭੀ ਕਈ ਸਾਰੀਆਂ ਹਨ। ਮੈਨੂੰ ਭੀ ਗੁਰੂ ਜੀ ਕੋਲ ਲੈ ਚੱਲ ਭਾਈ। ਮੈਂ ਭੀ ਤੇਰੇ ਵਰਗਾ ਨੇਕ ਮਨੁੱਖ ਬਣ ਜਾਵਾਂ। ਦਿਨ ਮਿੱਥ ਕੇ ਦੁਬਾਰਾ ਕਾਫ਼ਲਾ ਬਣਾ ਕੇ ਅੰਮ੍ਰਿਤਸਰ ਗਏ ਤੇ ਸਾਰਿਆਂ ਨੇ ਗੁਰੂ ਜੀ ਤੋਂ ਉਪਦੇਸ਼ ਲੈ ਕੇ "ਸਿੱਖੀ ਧਾਰਨ ਕੀਤੀ"।

ਅੰਤਰਿ ਵਸੈ ਨ ਬਾਹਰਿ ਜਾਇ ॥ ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ ॥
ਐਸਾ ਗਿਆਨੁ ਜਪਹੁ ਮਨ ਮੇਰੇ ॥ ਹੋਵਹੁ ਚਾਕਰ ਸਾਚੇ ਕੇਰੇ ॥ ਰਹਾਉ ॥
ਗਿਆਨੁ ਧਿਆਨੁ ਸਭੁ ਕੋਈ ਰਵੈ ॥ ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥
ਸੇਵਾ ਕਰੇ ਸੁ ਚਾਕਰੁ ਹੋਇ ॥ ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ ॥
ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥ (728)

ਡਰਪੋਕ ਜਾਂ ਬਹਾਦਰ

ਆਪਣੇ ਆਲੇ-ਦੁਆਲੇ ਗਹਿਰਾਈ ਨਾਲ ਪਰਖ ਕਰ ਕੇ ਵੇਖਣਾ ਤਾਂ ਕਈ ਵਾਰੀ ਬੜੇ ਅਜੀਬ ਜਿਹੇ ਵਰਤਾਰੇ ਸਾਹਮਣੇ ਆਉਣਗੇ। ਜੀਵ-ਜੰਤੂਆਂ ਵੱਲ ਕਦੀ ਪੜਚੋਲਵੀਂ ਨਿਗਾਹ ਮਾਰਨੀ, ਤੁਸੀਂ ਵੇਖੋਗੇ ਗਾਂ, ਮੱਝ, ਘੋੜੇ, ਖੋਤੇ ਆਦਿ ਨੂੰ ਕੁੱਤਾ ਡਰਾ ਕੇ ਨੱਸਣ ਲਈ ਮਜਬੂਰ ਕਰ ਦਿੰਦਾ ਹੈ। ਜੇ ਦੋ-ਤਿੰਨ ਕੁੱਤੇ ਇਕੱਠੇ ਹੋ ਕੇ ਹਮਲਾ ਕਰ ਦੇਣ ਤਾਂ ਗਾਂ, ਮੱਝ ਆਦਿ ਨੂੰ ਪਲਾਂ ਵਿੱਚ ਹੀ ਪਾੜ ਕੇ ਖਾ ਜਾਂਦੇ ਹਨ। ਕਾਰਨ ਸੀ ਫੁਰਤੀ ਅਤੇ ਦਲੇਰੀ। ਕੁੱਤਾ ਤਾਕਤ ਵਿੱਚ ਗਾਵਾਂ, ਮੱਝਾਂ ਨਾਲੋਂ ਬਹੁਤ ਘੱਟ ਹੈ ਪਰ ਫੁਰਤੀ ਅਤੇ ਹੌਸਲੇ ਵਿੱਚ ਬਹੁਤ ਅੱਗੇ ਹੈ। ਸ਼ੇਰ, ਚੀਤਾ ਆਦਿਕ ਇੰਨੇ ਤਾਕਤਵਰ ਨਹੀਂ ਹੁੰਦੇ, ਦਲੇਰ ਅਤੇ ਫੁਰਤੀਲੇ ਜ਼ਿਆਦਾ ਹੁੰਦੇ ਹਨ। ਇਸੇ ਕਾਰਨ ਆਪਣੇ ਤੋਂ ਕਈ ਗੁਣਾਂ ਵੱਡੇ ਜਾਨਵਰਾਂ ਨੂੰ ਮਾਰ ਕੇ ਖਾ ਜਾਂਦੇ ਹਨ। ਇਨ੍ਹਾਂ ਜੀਵਾਂ ਦਾ ਸੁਭਾ ਕੁਦਰਤੀ ਬਣਤਰ ਵਿੱਚ ਇਸੇ ਤਰ੍ਹਾਂ ਦਾ ਸਦੀਆਂ ਤੋਂ ਚਲਿਆ ਆ ਰਿਹਾ ਹੈ। ਇਨ੍ਹਾਂ ਵਿੱਚ ਤਬਦੀਲੀ ਕਰਨੀ ਨਾ ਮੁਮਕਿਨ ਹੈ ਪਰ ਮਨੁੱਖ ਵਿੱਚ ਬਦਲਾਓ ਲਿਆਂਦਾ ਜਾ ਸਕਦਾ ਹੈ। ਤਾਕਤ ਵਧਾਈ ਜਾ ਸਕਦੀ ਹੈ। ਦਾਅ-ਪੇਚ ਸਿਖਾਏ ਜਾ ਸਕਦੇ ਹਨ। ਹਿੰਮਤ ਵਧਾਈ ਜਾ ਸਕਦੀ ਹੈ। ਦੋ ਭਲਵਾਨ ਇੱਕੋ ਜਿੰਨੇ ਵਜਨ ਵਾਲੇ ਕੁਸ਼ਤੀ ਲੜਨ ਲਈ ਅਖਾੜੇ ਵਿੱਚ ਉਤਰਦੇ ਹਨ। ਤਾਕਤ ਲਗਪਗ ਇੱਕੋ ਜਿੰਨੀ ਹੈ ਪਰ ਧਿਆਨ ਨਾਲ ਵੇਖਣਾ, ਜਿੱਤੇਗਾ ਉਹ ਜਿਸ ਵਿੱਚ ਤਾਕਤ ਦੇ ਨਾਲ-ਨਾਲ ਹਿੰਮਤ ਹੈ, ਚੁਸਤੀ ਹੈ। ਹਿੰਮਤ ਵਾਲਾ ਦੂਜੇ ਨੂੰ ਮੌਕਾ ਹੀ ਨਹੀਂ ਦਿੰਦਾ। ਉਸ ਦੇ ਸੰਭਲਣ ਤੋਂ ਪਹਿਲਾਂ ਹੀ ਚਿੱਤ ਕਰ ਦਿੰਦਾ ਹੈ। ਡਿਸਕਵਰੀ ਚੈਨਲ 'ਤੇ ਅਕਸਰ ਹੀ ਅਜਿਹੇ ਮੁਕਾਬਲੇ ਅਤੇ ਦਾਓ-ਪੇਚ, ਵੀਡੀਓ ਕੈਮਰੇ ਦੀ ਸਪੀਡ ਘੱਟ ਕਰ ਕੇ ਚੰਗੀ ਤਰ੍ਹਾਂ ਸਮਝਾਏ ਜਾਂਦੇ ਹਨ। ਦੋ ਵਕੀਲ ਇੱਕੋ ਕੇਸ ਲੜਦੇ ਹਨ। ਦੋਵਾਂ ਦੀ ਵਿੱਦਿਆ ਤਕਰੀਬਨ ਬਰਾਬਰ ਹੀ ਹੁੰਦੀ ਹੈ। ਜਿਸ ਨੂੰ ਮੌਕੇ 'ਤੇ ਜ਼ਿਆਦਾ ਦਲੀਲਾਂ ਦੇਣੀਆਂ ਆਉਂਦੀਆਂ ਹੋਣ, ਜੋ ਆਪਣੇ ਹੱਕ ਵਿੱਚ ਵੱਧ ਸਬੂਤ ਪੇਸ਼ ਕਰ ਸਕੇ, ਉਹ ਜਿੱਤ ਜਾਂਦਾ ਹੈ। ਆਮ ਗੱਲਬਾਤ ਵਿੱਚ ਜੋ ਇਨਸਾਨ ਹਾਜ਼ਰ ਜੁਆਬ ਹੋਵੇ, ਉਹ ਦੂਜਿਆਂ 'ਤੇ ਹਾਵੀ ਹੋ ਜਾਂਦਾ ਹੈ। ਤਾਕਤ ਹੋਣੀ ਚੰਗੀ ਗੱਲ ਹੈ ਪਰ ਸਿਆਣਪ ਤੋਂ ਬਿਨਾਂ ਤਾਕਤ ਬੇਕਾਰ ਹੋ ਜਾਂਦੀ ਹੈ।

ਦੁਨੀਆਂ ਵਿੱਚ ਜੋ ਸਿੱਖਿਆ ਅਦਾਰੇ ਚਲਾਏ ਜਾ ਰਹੇ ਹਨ, ਇਨ੍ਹਾਂ ਵਿੱਚ ਤਾਕਤ ਵਧਾਉਣ ਦੀ ਸਿੱਖਿਆ ਦੇਣ ਵਾਲੇ ਤਾਂ ਘੱਟ ਤੋਂ ਘੱਟ ਹਨ। ਬਹੁਤੇ ਤਾਂ ਦਿਮਾਗ ਵਧਾਉਣ ਵਾਲੇ, ਗਿਆਨ ਵਿੱਚ ਵਾਧਾ ਕਰਨ ਵਾਲੇ, ਮਨ ਦਾ ਵਿਕਾਸ ਕਰਨ ਵਾਲੇ ਹਨ। ਅੱਜ ਦੇ ਮਸ਼ੀਨੀ ਜੁੱਗ ਵਿੱਚ ਸਰੀਰਕ ਤਾਕਤ ਦੀ ਬਹੁਤੀ ਲੋੜ ਨਹੀਂ, ਅਕਲ ਦੀ ਵੱਧ ਲੋੜ ਹੈ। ਜਿਸ ਮਨੁੱਖ ਕੋਲ ਵੱਧ ਅਕਲ ਹੈ, ਉਹ ਜਾਨਵਰਾਂ ਤੋਂ ਭੀ ਆਪਣਾ ਕੰਮ ਕਰਵਾ ਸਕਦਾ ਹੈ, ਬੰਦਿਆਂ ਨੂੰ ਭੀ ਆਪਣੇ ਅਧੀਨ ਕਰ ਸਕਦਾ ਹੈ। ਮਸ਼ੀਨਾਂ ਤੋਂ ਭੀ ਕੰਮ ਲੈ ਸਕਦਾ ਹੈ। ਅਕਲ਼ ਵਾਲੇ ਬੰਦੇ ਨੂੰ ਸਾਹਮਣੇ ਆਉਣ ਦੀ ਲੋੜ ਨਹੀਂ ਹੁੰਦੀ। ਉਹ ਪਿੱਛੇ ਬੈਠ ਕੇ "ਰਿਮੋਟ

ਰਾਹੀਂ ਕੰਟਰੋਲ" ਕਰਦਾ ਹੈ, ਬਿਨਾਂ ਕਿਸੇ ਸਰੀਰਕ ਖ਼ਤਰੇ ਤੋਂ।

ਜਿਥੇ ਗਿਆਨ ਹੋਣਾ ਬਹੁਤ ਜ਼ਰੂਰੀ ਹੈ, ਉਥੇ ਇੱਛਾ ਸ਼ਕਤੀ (ਦਲੇਰੀ) ਦਾ ਹੋਣਾ ਹੋਰ ਭੀ ਵੱਧ ਜ਼ਰੂਰੀ ਹੈ। ਮਨੁੱਖ ਨੂੰ ਅਨੰਤ ਕਿਸਮ ਦੀ ਵਿੱਦਿਆ ਦਿੱਤੀ ਜਾ ਸਕਦੀ ਹੈ। ਵੱਡੇ ਤੋਂ ਵੱਡਾ ਵਿਦਵਾਨ ਬਣਾਇਆ ਜਾ ਸਕਦਾ ਹੈ। ਵੱਡੀਆਂ ਡਿਗਰੀਆਂ ਦੀਆਂ ਪੰਡਾਂ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ ਪਰ ਦ੍ਰਿੜਤਾ ਅਤੇ ਅਡੋਲਤਾ ਤਜਰਬੇ ਨਾਲ ਆਉਂਦੀ ਹੈ। ਅਸਲ ਵਿੱਚ ਵਿੱਦਿਆ ਜਾਂ ਗਿਆਨ ਤਦੋਂ ਸਾਰਥਕ ਮੰਨਿਆ ਜਾਵੇਗਾ ਜਦੋਂ ਉਸ ਦੀ ਚੰਗੀ ਤਰ੍ਹਾਂ ਵਰਤੋਂ ਕਰਨੀ ਆ ਗਈ। ਅੰਦਰ ਵਿਸ਼ਵਾਸ ਪੈਦਾ ਹੋ ਗਿਆ ਕਿ ਮੈਂ ਹੁਣ ਡਰਾਂਗਾ ਨਹੀਂ, ਡੋਲਾਂਗਾ ਨਹੀਂ। ਕਿਸੇ ਭੀ ਕੀਮਤ 'ਤੇ ਇਸ ਕਾਰਜ ਨੂੰ ਨੇਪਰੇ ਚਾੜ੍ਹ ਕੇ ਹੀ ਰਹਾਂਗਾ। ਫ਼ਰਾਂਸ ਦੇਸ਼ ਦਾ ਇੱਕ ਬਹਾਦਰ ਜਰਨੈਲ ਹੋਇਆ ਹੈ ਨਪੋਲੀਅਨ। ਨਪੋਲੀਅਨ ਦਾ ਜਨਮ ਸੰਨ 1789 ਵਿੱਚ ਹੋਇਆ ਸੀ। ਆਪਣੀ ਸਿਆਣਪ ਅਤੇ ਦਲੇਰੀ ਸਦਕਾ ਇਹ ਛੇਤੀ ਹੀ ਫ਼ਰਾਂਸ ਦੀ ਫ਼ੌਜ ਦਾ ਜਰਨੈਲ ਬਣ ਗਿਆ। ਉਨ੍ਹਾਂ ਦਿਨਾਂ ਵਿੱਚ ਦੁਨੀਆਂ 'ਤੇ ਕਬਜਾ ਕਰਨ ਲਈ ਤਿੰਨ ਦੇਸ਼ ਆਪਸ ਵਿੱਚ ਆਹਮੋ-ਸਾਹਮਣੇ ਆਪਸੀ ਜੰਗ ਲੜ ਰਹੇ ਸਨ। ਇੰਗਲੈਂਡ, ਜਰਮਨੀ ਤੇ ਫ਼ਰਾਂਸ। ਇੰਗਲੈਂਡ ਦੂਜੇ ਦੋਵਾਂ ਦੇਸ਼ਾਂ ਨੂੰ ਹਰਾ ਕੇ ਦੁਨੀਆਂ ਦਾ ਜੇਤੂ ਬਣ ਗਿਆ। ਨਪੋਲੀਅਨ ਨੇ ਇੰਗਲੈਂਡ ਨੂੰ ਹਰਾਉਣ ਲਈ ਆਪਣੀ ਬਹੁਤ ਵੱਡੀ ਫ਼ੌਜ ਨੂੰ ਹਥਿਆਰਬੰਦ ਕਰ ਕੇ ਮੈਦਾਨ ਵਿੱਚ ਲਿਆਂਦਾ। 18 ਜੂਨ, 1815 ਵਾਲੇ ਦਿਨ ਵਾਟਲਰੂ ਦੇ ਮੈਦਾਨ ਵਿੱਚ ਇੰਗਲੈਂਡ ਅਤੇ ਫ਼ਰਾਂਸ ਦੀਆਂ ਫ਼ੌਜਾਂ ਦੀ ਖ਼ੂਨੀ ਜੰਗ ਹੋਈ। ਸਵੇਰ ਤੋਂ ਲੈ ਕੇ ਸ਼ਾਮੀ ਜੰਗ ਖ਼ਤਮ ਹੋਣ ਤੱਕ 72000 ਫ਼ੌਜੀ ਮਰੇ। ਨਪੋਲੀਅਨ ਨੂੰ ਆਪਣੇ ਆਪ 'ਤੇ ਹੱਦੋਂ ਵੱਧ ਭਰੋਸਾ ਸੀ। ਇਸ਼ ਦੇ ਸਿਪਾਹੀ ਹੁਕਮ ਮਿਲਣ 'ਤੇ ਮੋਰਚਿਆਂ ਵਿੱਚੋਂ ਬਾਹਰ ਨਿਕਲ ਕੇ ਲੜੇ ਤੇ ਮਰਦੇ ਗਏ। ਇੰਗਲੈਂਡ ਦੇ ਸਿਪਾਹੀ ਮੋਰਚਿਆਂ ਵਿੱਚੋਂ ਗੋਲੀਆਂ ਚਲਾਉਂਦੇ ਹੋਏ ਦੁਸ਼ਮਣ ਨੂੰ ਮਾਰਦੇ ਹੋਏ ਖ਼ੁਦ ਬਚੇ ਰਹੇ। ਇਹ ਖ਼ੂਨੀ ਜੰਗ ਦੋ ਦੇਸ਼ਾਂ ਦੀ ਕਿਸਮਤ ਦਾ ਫ਼ੈਸਲਾ ਕਰਨ ਲਈ ਹੀ ਨਹੀਂ ਸੀ ਸਗੋਂ ਦੁਨੀਆਂ 'ਤੇ ਬਾਦਸ਼ਾਹਤ ਦੋਵਾਂ ਵਿੱਚੋਂ ਕਿਸ ਦੀ ਹੋਵੇ, ਇਹ ਨਿਰਣਾ ਭੀ ਇਥੇ ਹੀ ਹੋਇਆ ਸੀ। ਵਾਟਲਰੂ ਦਾ ਮੈਦਾਨ ਲੋਕ ਮੁਹਾਵਰੇ ਵਾਂਗ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਗਿਆ।

ਕੁੱਝ ਅੰਦਰ ਦੇ ਭੇਤੀ ਲੋਕਾਂ ਨੇ ਨਪੋਲੀਅਨ ਦੀ ਕਮਜ਼ੋਰੀ ਬਾਹਰ ਲਿਆਂਦੀ ਹੈ। ਦੱਸਿਆ ਗਿਆ ਹੈ ਕਿ ਬਚਪਨ ਵਿੱਚ ਇੱਕ ਬਿੱਲੀ ਨਪੋਲੀਅਨ ਦੀ ਛਾਤੀ 'ਤੇ ਚੜ੍ਹ ਗਈ। ਕਾਫ਼ੀ ਝਰੀਟਾਂ ਮਾਰੀਆਂ, ਬੱਚਾ ਨਪੋਲੀਅਨ ਲਹੂ-ਲੁਹਾਨ ਹੋ ਗਿਆ ਪਰ ਜਾਨ ਬਚ ਗਈ। ਬਿੱਲੀ ਵੱਲੋਂ ਕੀਤੇ ਗਏ ਹਮਲੇ ਦੀ ਦਹਿਸ਼ਤ ਸਦਾ ਨਪੋਲੀਅਨ ਦਾ ਪਿੱਛਾ ਕਰਦੀ ਰਹੀ। ਇਸ ਭਿਆਨਕ ਹਾਦਸੇ ਨੂੰ ਨਪੋਲੀਅਨ ਕਦੀ ਭੁਲਾ ਨਾ ਸਕਿਆ। ਉੱਚੀ ਵਿੱਦਿਆ, ਜੁਆਨ ਉਮਰ, ਵੱਡਾ ਅਹੁਦਾ ਹੋਣ ਦੇ ਬਾਵਜੂਦ ਬਿੱਲੀ ਨੂੰ ਵੇਖਦਿਆਂ ਹੀ ਨਪੋਲੀਅਨ ਸਹਿਮ ਜਾਂਦਾ, ਘਬਰਾ ਜਾਂਦਾ, ਜਾਨ ਬਚਾਉਣ ਲਈ ਫ਼ਿਕਰਮੰਦ ਹੋ ਜਾਂਦਾ। ਹੋਰ ਬਹੁਤ ਸਾਰੇ ਜੰਗੀ ਦਾਓ-ਪੇਚਾਂ ਦੇ ਨਾਲ ਹੀ ਇੰਗਲੈਂਡ ਦੇ ਜੰਗੀ ਜਰਨੈਲ ਵੈਨਜਲੇ ਨੇ 70 ਬਿੱਲੀਆਂ ਪਹਿਲਾਂ ਹੀ ਪਿੰਜਰੇ ਵਿੱਚ ਪਾ ਕੇ ਰੱਖੀਆਂ ਹੋਈਆਂ ਸਨ। ਉਸ ਨੂੰ

ਨਪੋਲੀਅਨ ਦੀ ਇਸ ਕਮਜ਼ੋਰੀ ਦਾ ਗਿਆਨ ਸੀ। ਪੂਰੀ ਸਾਵਧਾਨੀ ਨਾਲ ਸਾਰੀਆਂ ਬਿੱਲੀਆਂ ਉਸ ਥਾਂ ਜਾ ਕੇ ਪਿੰਜਰਿਆਂ ਵਿੱਚੋਂ ਛੱਡੀਆਂ ਗਈਆਂ ਜਿਥੋਂ ਨਪੋਲੀਅਨ ਕਮਾਂਡ ਕਰ ਰਿਹਾ ਸੀ। ਅਚਨਚੇਤੀ ਬੇਅੰਤ ਬਿੱਲੀਆਂ ਨੂੰ ਵੇਖ ਕੇ ਨਪੋਲੀਅਨ ਘਬਰਾ ਗਿਆ। ਪਸੀਨੇ ਛੁੱਟ ਪਏ। ਮੌਤ ਦਾ ਦੂਜਾ ਰੂਪ ਬਿੱਲੀਆਂ ਨਜ਼ਰ ਆਈਆਂ। ਆਪਣੇ ਆਪ 'ਤੇ ਕਾਬੂ ਨਾ ਰੱਖ ਸਕਿਆ। ਘੋੜਾ ਦੌੜਾ ਕੇ ਮੈਦਾਨ ਵਿੱਚੋਂ ਭੱਜ ਪਿਆ। ਵੈਨਜਲੇ ਨੇ ਉਸ ਨੂੰ ਫੜਨ ਲਈ ਪਿੱਛੇ ਲੜਾਕੇ ਸਿਪਾਹੀ ਲਾਏ। ਜਿਨ੍ਹਾਂ ਨੇ ਥੋੜੀ ਹੀ ਦੇਰ ਵਿੱਚ ਨਪੋਲੀਅਨ ਨੂੰ ਫੜ ਕੇ ਬੰਨ੍ਹ ਲਿਆ। ਇੱਧਰ ਨਪੋਲੀਅਨ ਦੀ ਫ਼ੌਜ ਵਿੱਚ ਬੇਦਿਲੀ ਛਾ ਗਈ। ਉਨ੍ਹਾਂ ਵਿੱਚੋਂ ਬਹੁਤੇ ਮਾਰੇ ਗਏ। ਬਾਕੀ ਮੈਦਾਨ ਛੱਡ ਕੇ ਦੌੜ ਪਏ। ਬਹੁਤ ਸਾਰਿਆਂ ਨੇ ਹਥਿਆਰ ਸੁੱਟ ਦਿੱਤੇ। ਦੁਨੀਆਂ ਦੀ ਕਿਸਮਤ ਦਾ ਫ਼ੈਸਲਾ ਕਰਨ ਵਾਲੀ ਜੰਗ ਇੰਗਲੈਂਡ ਨੇ "ਬਿੱਲੀਆਂ ਰਾਹੀਂ" ਜਿੱਤ ਲਈ। ਨਪੋਲੀਅਨ ਨੂੰ ਕੈਦ ਕਰ ਲਿਆ। ਸੰਨ 1821 ਵਿੱਚ ਨਪੋਲੀਅਨ ਕੈਦ ਵਿੱਚ ਹੀ ਮਰ ਗਿਆ। ਵੱਡੇ-ਵੱਡੇ ਬਹਾਦਰਾਂ ਨੂੰ ਹਰਾਉਂਦਾ, ਖ਼ੁਦ ਬਿੱਲੀਆਂ ਤੋਂ ਡਰ ਕੇ ਹਾਰ ਗਿਆ।

ਡਰੀਐ ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨ ਕਾ ਸੋਰੁ ॥
ਨਾ ਜੀਉ ਮਰੈ ਨ ਡੂਬੈ ਤਰੈ ॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥
ਹੁਕਮੇ ਆਵੈ ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥ (151)

★★★★★★

ਸ਼ਰਧਾ ਅਗਿਆਨ-ਗੁਰਬਾਣੀ ਗਿਆਨ

ਸੰਸਾਰ ਦੇ ਧਰਮ ਮੁਖੀਆਂ ਨੇ ਆਪੋ ਆਪਣੀ ਪਹੁੰਚ ਮੁਤਾਬਕ ਸਮਾਜ ਨੂੰ ਜਿਉਣ ਦਾ ਢੰਗ ਸਿਖਾਉਣ ਵਾਸਤੇ ਬੜੇ ਤਰੀਕੇ ਵਰਤੇ ਹਨ। ਜਿਨ੍ਹਾਂ ਸੇਵਕਾਂ ਨੇ ਆਪਣੇ ਰਹਿਬਰਾਂ ਦੀ ਆਖੀ ਗੱਲ ਨੂੰ ਸਮਝਿਆ ਤੇ ਸਵੀਕਾਰ ਕੀਤਾ, ਉਹ ਦੁਨੀਆਂ ਵਿੱਚ ਸਫ਼ਲਤਾਵਾਂ ਪ੍ਰਾਪਤ ਕਰਦੇ ਗਏ। ਏਕਤਾ ਦੇ ਸੂਤਰ ਵਿੱਚ ਪਰੋਏ ਜਾ ਕੇ ਤਾਕਤ ਹਾਸਲ ਕਰ ਕੇ, ਮੁੱਠੀ ਭਰ ਲੋਕ ਰਾਜ ਗੱਦੀਆਂ ਤੱਕ ਅੱਪੜ ਗਏ। ਬਹੁਤੇ ਧਰਮੀ ਪੁਰਖਾਂ ਦੇ ਆਪਣੇ ਹੁਕਮ ਸੇਵਕਾਂ ਤੱਕ ਲਿਖਤ ਰੂਪ ਵਿੱਚ ਨਹੀਂ ਪਹੁੰਚੇ। ਉਸ ਧਰਮ ਦੇ ਪੈਰੋਕਾਰਾਂ ਵਿੱਚ ਅਸੂਲਾਂ ਪ੍ਰਤੀ ਮਤਭੇਦ ਪੈਦਾ ਹੋਣੇ ਸੁਭਾਵਕ ਸੀ। ਇਸੇ ਕਾਰਨ ਕਈ ਸਾਰੇ ਖ਼ੁਦਗਰਜ਼ ਚੇਲਿਆਂ ਨੇ ਧਰਮ ਦੀ ਆੜ ਵਿੱਚ ਪੈਸਾ ਇਕੱਠਾ ਕਰਨਾ ਸ਼ੁਰੂ ਕੀਤਾ ਅਤੇ ਆਪਣੀ ਪੂਜਾ ਕਰਵਾਉਣ ਲਈ ਕਈ ਗ਼ਲਤ ਮਾਨਤਾਵਾਂ ਪਰਚੱਲਤ ਕੀਤੀਆਂ। ਆਮ ਲੋਕਾਂ ਦੀ ਨਾ ਸਮਝੀ ਅਤੇ ਆਪਣੀ ਹੁਸ਼ਿਆਰੀ ਨਾਲ ਆਪਣੇ ਧਰਮਮੁਖੀ ਵਾਲਾ ਰੁਤਬਾ ਖ਼ੁਦ ਹੀ ਧਾਰਨ ਕਰਨ ਤੱਕ ਚਲੇ ਗਏ। ਖ਼ੁਦ ਨੂੰ ਰੱਬ ਦੇ ਦੂਤ, ਮੁਕਤੀ ਦੇ ਦਾਤੇ, ਪੂਜਣਯੋਗ, ਦੁੱਖਾਂ-ਕਲੇਸ਼ਾਂ ਦਾ ਖ਼ਾਤਮਾ ਕਰਨ ਵਾਲੇ ਤੇ ਸਾਰੇ ਸੁੱਖਾਂ ਦੇ ਦਾਤੇ ਹੋਣ ਦਾ ਢੰਡੋਰਾ ਪਿੱਟਦੇ ਰਹੇ। ਅਜਿਹੇ ਚਾਲਬਾਜ਼ ਲੋਕਾਂ ਨੇ ਆਪਣੇ ਦੁਆਲੇ ਮੁਫ਼ਤਖੋਰਾਂ ਦੀਆਂ ਧਾੜਾਂ ਪਾਲ ਲਈਆਂ। ਅਜਿਹੇ ਅ ਪੇ ਬਣੇ "ਰੱਬਾਂ" ਦੇ ਚੇਲੇ ਲੋਕਾਂ ਨੂੰ ਹਰ ਹਰਬਾ ਵਰਤ ਕੇ "ਰੱਬ ਜੀ 'ਤੇ ਸ਼ਰਧਾ" ਲਿਆਉਣ ਵਾਸਤੇ ਪ੍ਰੇਰਦੇ ਤੇ ਸਾਰੇ ਬਿਗੜੇ ਕਾਰਜ ਸੰਵਰ ਜਾਣ ਦਾ ਵਿਸ਼ਵਾਸ ਦੁਆਉਂਦੇ। ਜਦੋਂ ਇੱਕ "ਰੱਬ" ਦੀ ਦੁਕਾਨ ਚੱਲ ਪਵੇ ਤਾਂ ਉਸ ਨੂੰ ਵੇਖ ਕੇ ਹੋਰ ਖਰਬੂਜੇ ਭੀ ਰੰਗ ਫੜਨ ਲਗਦੇ ਹਨ। ਇਸ ਤਰ੍ਹਾਂ ਅਣਗਿਣਤ "ਭਗਵਾਨ" ਧਰਤੀ 'ਤੇ ਪੈਦਾ ਹੁੰਦੇ ਗਏ, ਮਨੁੱਖ ਮਾਤਰ ਨੂੰ ਲੁੱਟ ਕੇ ਖਾਂਦੇ ਰਹੇ। ਅਗਿਆਨਤਾ ਦਾ ਨਾਜਾਇਜ਼ ਫ਼ਾਇਦਾ ਉਠਾਉਂਦੇ ਰਹੇ ਤੇ "ਪੂਰਨ ਸ਼ਰਧਾ, ਪੂਰਨ ਵਿਸ਼ਵਾਸ" ਰੱਖਣ ਦਾ ਹੋਕਾ ਦਿੰਦੇ ਰਹੇ।

ਗੁਰੂ ਨਾਨਕ ਸਾਹਿਬ ਦੇ ਅਨੇਕ ਗੁਣਾਂ ਵਿੱਚ ਇੱਕ ਅਤਿਅੰਤ ਵੱਡਾ ਗੁਣ ਇਹ ਭੀ ਸੀ ਕਿ ਉਨ੍ਹਾਂ ਆਪਣੇ ਹੁਕਮ (ਉਪਦੇਸ਼) ਗੁਰਬਾਣੀ ਰਾਹੀਂ ਮਨੁੱਖ ਮਾਤਰ ਤੱਕ ਪੁਚਾ ਦਿੱਤੇ ਤਾਂ ਕਿ ਕੋਈ ਵਿਅਕਤੀ ਰੱਬ ਹੋਣ ਦਾ ਦਾਹਵਾ ਨਾ ਕਰ ਸਕੇ। ਗੁਰੂ ਦੀ ਬ੍ਰਾਬਰੀ ਕਰਨ ਦੀ ਹਿਮਾਕਤ ਨਾ ਕਰ ਸਕੇ। ਜੀਵਨ ਦੇ ਹਰ ਪਹਿਲੂ ਬਾਰੇ ਜੋ ਨਿਰਣਾ ਕਰਨਾ ਹੈ ਤਾਂ ਗੁਰਬਾਣੀ ਦੀ ਰੌਸ਼ਨੀ ਵਿੱਚ ਕੀਤਾ ਜਾਵੇ। ਆਪੋ ਆਪਣੀ ਮੂਰਖਤਾ ਜਾਂ ਬੇਈਮਾਨੀ ਨੂੰ ਗੁਰੂ ਦੇ ਨਾਮ ਹੇਠ ਕੋਈ ਨਾ ਪ੍ਰਚਾਰ ਸਕੇ। ਸਿੱਖ ਸਮਾਜ ਇਤਨਾ ਸੁਚੇਤ ਹੋਵੇ ਕਿ ਗੁਰਬਾਣੀ ਵਾਲੇ "ਗਾਡੀ ਰਾਹ" ਤੋਂ ਉਲਟ ਚੱਲਣ ਵਾਲੇ ਵਿਅਕਤੀ ਜਾਂ ਸੰਸਥਾ ਨੂੰ ਫਿਟਕਾਰਿਆ ਜਾ ਸਕੇ। ਅਫ਼ਸੋਸ ਕਿ ਸਿੱਖਾਂ ਵਿਚਲੇ ਗੁਰਬਾਣੀ ਤੋਂ ਸੱਖਣੇ ਲੋਕ, ਆਪਣੀਆਂ ਲਾਲਸਾਵਾਂ ਅਧੀਨ ਜਾਂ ਕਿਸੇ ਛੁਪੇ ਏਜੰਡੇ ਨੂੰ ਪੂਰਾ ਕਰਨ ਵਾਸਤੇ, "ਸ਼ਰਧਾ" ਰੱਖਣ ਦਾ ਬੜਾ ਪ੍ਰਚਾਰ ਕਰਦੇ ਹਨ। ਅਖੇ, "ਜੀ ਧਰਮ ਵਿੱਚ ਤਰਕ ਦੀ ਗੁੰਜਾਇਸ਼ ਨਹੀਂ ਹੁੰਦੀ, ਇਥੇ ਤਾਂ ਸ਼ਰਧਾ

ਫਲੀਭੂਤ ਹੁੰਦੀ ਹੈ।" ਧਰਮ ਅਸਥਾਨ 'ਤੇ ਸ਼ਰਧਾ ਨਾਲ ਦੇਗਾਂ ਕਰਵਾਓ। ਸ਼ਰਧਾ ਨਾਲ ਲੰਗਰ ਲਗਵਾਓ। ਸ਼ਰਧਾ ਸਹਿਤ ਅਖੰਡ ਪਾਠ ਕਰੋ-ਕਰਾਓ, (ਬਿਨਾਂ ਸਮਝੇ) ਕੋਤਰੀਆਂ ਚਲਾਓ। ਤੀਰਥਾਂ 'ਤੇ ਸ਼ਰਧਾ ਨਾਲ ਇਸ਼ਨਾਨ ਕਰੋ। ਰੁੱਖਾਂ ਬਿਰਖਾਂ 'ਤੇ ਸ਼ਰਧਾ ਨਾਲ ਮੱਥਾ ਟੇਕੋ। ਸ੍ਰੀ ਮਾਨ ਸੰਤ ਜੀ, ਬ੍ਰਹਮਗਿਆਨੀ 108 ਦੇ ਚਰਨਾਂ 'ਤੇ ਲੰਮੇ ਪੈ ਕੇ ਡੰਡਉਤ ਕਰੋ। ਵੱਡੇ ਪੁਜਾਰੀ ਧਰਮ ਮੁਖੀ ਜਥੇਦਾਰ ਆਦਿ ਅੱਗੇ ਵੱਧ ਤੋਂ ਵੱਧ ਮਾਇਆ ਅਰਪਣ ਕਰ ਕੇ ਸ਼ਰਧਾ ਸਹਿਤ ਲੰਮੇ ਪੈ ਕੇ ਨਮਸਕਾਰ ਕਰੋ ਜੀ। ਇੰਨੀ ਸਾਰੀ (ਅੰਨ੍ਹੀ) ਸ਼ਰਧਾ ਪ੍ਰਗਟ ਕਰਨ ਤੋਂ ਬਾਅਦ ਭੀ ਜੇਕਰ ਜਗਿਆਸੂ ਨੂੰ "ਮਨ ਵਾਂਛਤ ਫੱਲ" ਪ੍ਰਾਪਤ ਨਹੀਂ ਹੁੰਦੇ ਤਾਂ ਗ਼ਲਤੀ ਪੁਜਾਰੀ ਦੀ ਨਹੀਂ ਮੰਨੀ ਜਾਵੇਗੀ। ਸਗੋਂ ਸੇਵਕ ਨੂੰ ਕਸੂਰਵਾਰ ਮੰਨਿਆ ਜਾਵੇਗਾ ਕਿਉਂਕਿ ਉਸ ਦੀ ਸ਼ਰਧਾ ਵਿੱਚ ਕਿਧਰੇ ਕਮੀ ਰਹਿ ਗਈ ਜਾਂ ਉਸ ਨੇ ਆਪਣੇ "ਭਗਵਾਨ" 'ਤੇ ਸ਼ੱਕ ਕਰ ਲਿਆ।

ਗੁਰੂ ਨਾਨਕ ਸਾਹਿਬ (ਗੁਰਬਾਣੀ ਰਚੈਤਾ ਮਹਾਂਪੁਰਖ) ਗਿਆਨਵਾਨ ਸਨ। ਸ਼ਰਧਾ ਦੇ ਨਾਮ ਅਧੀਨ ਜੋ ਕੁੱਝ ਸਮਾਜ ਵਿੱਚ ਧਰਮ ਨਾਮ ਹੇਠ ਹੋ ਰਿਹਾ ਸੀ, ਉਸ 'ਤੇ ਗੁਰੂ ਜੀ ਨੇ ਸ਼ਰਧਾ ਨਹੀਂ ਰੱਖੀ। ਗਿਆਨ ਦੀ ਪਰਖ ਕਸਵੱਟੀ 'ਤੇ ਪਰਖਿਆ। ਦਲੀਲ 'ਤੇ ਤੋਲਿਆ, ਜੇਕਰ ਲੋਕ ਹਿਤੂ ਨਜ਼ਰ ਆਇਆ ਤਾਂ ਪ੍ਰਵਾਨ ਕੀਤਾ। ਵਰਨਾ ਡੰਕੇ ਦੀ ਚੋਟ ਨਾਲ ਭਰੀ ਸਭਾ ਵਿੱਚ, ਵੱਡੇ-ਵੱਡੇ ਧਰਮ ਅਸਥਾਨਾਂ ਵਿੱਚ ਵੱਡੇ-ਵੱਡੇ ਹੈਂਕੜਬਾਜ਼ ਧਰਮ ਮੁਖੀਆਂ ਸਨਮੁੱਖ ਰੱਦ ਕਰ ਦਿੱਤਾ। ਜਨਮ ਸਾਖੀਆਂ ਵਿੱਚ ਅਜਿਹੀਆਂ ਤਰਕ ਵਾਲੀਆਂ ਘਟਨਾਵਾਂ ਕਾਫ਼ੀ ਮਿਲ ਜਾਂਦੀਆਂ ਹਨ। ਇਤਿਹਾਸ ਵਿੱਚ ਗਿਆਨ ਚਰਚਾਵਾਂ ਦਾ ਬਥੇਰਾ ਜ਼ਿਕਰ ਹੈ। ਭਾਈ ਗੁਰਦਾਸ ਜੀ ਨੇ ਇਸ ਪੱਖੋਂ ਬਹੁਤ ਸੁੰਦਰ ਗਿਆਨ ਸਾਡੇ ਸਨਮੁੱਖ ਰੱਖਿਆ ਹੈ। ਗੁਰਬਾਣੀ ਤਾਂ ਹੈ ਈ ਲਾ-ਜੁਆਬ, ਜ਼ਿੰਦਗੀ ਦਾ ਸੂਰਜ, ਗਿਆਨ ਦੀ ਹਨ੍ਹੇਰੀ। ਜੇ ਕੋਈ ਸੂਰਜ ਦੇ ਹੁੰਦਿਆਂ ਹਨ੍ਹੇਰੇ ਵਿੱਚ ਭਟਕਦਾ ਫਿਰੇ ਤਾਂ ਗ਼ਲਤੀ ਸੂਰਜ ਦੀ ਨਹੀਂ, ਗ਼ਲਤੀ ਉਸ ਦੀ ਹੈ ਜਿਸ ਨੇ ਆਪਣੀਆਂ ਅੱਖਾਂ 'ਤੇ ਅਗਿਆਨਤਾ ਦੀ ਪੱਟੀ ਬੰਨ੍ਹ ਲਈ ਹੈ। ਆਓ ਗੁਰੂ ਨਾਨਕ ਬਾਬਾ ਜੀ ਦਾ ਇੱਕ ਸ਼ਬਦ ਪੜ੍ਹੀਏ-

ਮਛੀ ਤਾਰੂ ਕਿਆ ਕਰੇ, ਪੰਖੀ ਕਿਆ ਆਕਾਸੁ ॥
ਪਥਰ ਪਾਲਾ ਕਿਆ ਕਰੇ, ਖੁਸਰੇ ਕਿਆ ਘਰ ਵਾਸੁ ॥
ਕੁਤੇ ਚੰਦਨੁ ਲਾਈਐ, ਭੀ ਸੋ ਕੁਤੀ ਧਾਤੁ ॥
ਬੋਲਾ ਜੇ ਸਮਝਾਈਐ, ਪੜੀਅਹਿ ਸਿੰਮ੍ਰਿਤਿ ਪਾਠ ॥
ਅੰਧਾ ਚਾਨਣਿ ਰਖੀਐ, ਦੀਵੇ ਬਲਹਿ ਪਚਾਸ ॥
ਚਉਣੇ ਸੁਇਨਾ ਪਾਈਐ, ਚੁਣਿ ਚੁਣਿ ਖਾਵੈ ਘਾਸੁ ॥
ਲੋਹਾ ਮਾਰਣਿ ਪਾਈਐ, ਢਹੈ ਨ ਹੋਇ ਕਪਾਸ ॥
ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥ (143)

ਹੇ ਭਾਈ! ਮੱਛੀ ਪਾਣੀ ਵਿੱਚ ਰਹਿੰਦੀ ਹੈ ਪਰ ਪਾਣੀ ਬਾਰੇ ਉਸ ਨੂੰ ਕੋਈ ਗਿਆਨ ਨਹੀਂ ਹੈ। ਪੰਛੀ ਨਿੱਤ ਆਕਾਸ਼ ਵਿੱਚ ਉਡਾਰੀਆਂ ਲਾਉਂਦੇ ਹਨ ਪਰ ਆਕਾਸ਼ ਕਿੰਨਾ ਵੱਡਾ

ਹੈ ? ਇਸ ਦੇ ਕੀ ਗੁਣ ਹਨ ? ਕੋਈ ਪਤਾ ਨਹੀਂ। ਪੱਥਰ ਨੂੰ ਮੌਸਮ ਦੇ ਬਦਲਣ ਦਾ ਕੀ ਪਤਾ ਹੈ ? ਗਰਮੀ ਹੈ ਕਿ ਸਰਦੀ ਹੈ ? ਨਹੀਂ ਜਾਣਦਾ। ਖੁਸਰਾ ਮਨੁੱਖ ਵਿਆਹ ਦਾ ਸੁੱਖ ਕਿਵੇਂ ਮਾਣ ਸਕਦਾ ਹੈ ? ਉਹ ਘਰ ਕਿਵੇਂ ਵਸਾ ਸਕਦਾ ਹੈ ? ਕੁੱਤੇ ਨੂੰ ਚੰਦਨ ਦਾ ਲੇਪ ਕਰ ਦੇਈਏ, ਉਸ ਨੂੰ ਚੰਦਨ ਦੀ ਕਦਰ ਕਿੱਥੇ ਹੈ ? ਉਸ ਨੇ ਤਾਂ ਕੁੱਤਿਆਂ ਵਾਲੇ ਕੁੱਤਪੁਣੇ ਹੀ ਕਰਨੇ ਹਨ। ਬੋਲਾ ਆਦਮੀ ਕਥਾ, ਕੀਰਤਨ ਅਤੇ ਲੈਕਚਰ ਕਿਵੇਂ ਸੁਣੇਗਾ। ਉਸ ਨੂੰ ਉਪਦੇਸ਼ ਕਰਨ ਦਾ ਕੀ ਫ਼ਾਇਦਾ ? ਅੰਨ੍ਹੇ ਮਨੁੱਖ ਨੂੰ ਦਿਨੇ ਭਾਵੇਂ ਬਾਹਰ ਖੁੱਲ੍ਹੇ ਥਾਵੇਂ ਬਿਠਾ ਕੇ ਆਖੀਏ ਪਈ ਸੂਰਜ ਚੜ੍ਹ ਚੁੱਕਿਆ ਹੈ, ਉਸ ਨੂੰ ਕੀ ਪਤਾ ? ਰਾਤ ਸਮੇਂ ਭਾਵੇਂ ਪੰਜਾਹ ਦੀਵੇ ਬਾਲ ਕੇ ਰੱਖ ਦੇਈਏ, ਅੰਨ੍ਹੇ ਆਦਮੀ ਨੂੰ ਕੀ ਲਾਭ ? ਗਾਵਾਂ, ਮੱਝਾਂ ਨੂੰ ਖੁਰਲੀ ਵਿੱਚ ਸੋਨਾ ਪਾ ਦੇਈਏ ਤਾਂ ਉਨ੍ਹਾਂ ਨੂੰ ਸੋਨੇ ਦੀ ਕੀਮਤ ਦਾ ਕੀ ਪਤਾ ? ਉਨ੍ਹਾਂ ਨੂੰ ਤਾਂ ਕੇਵਲ ਘਾਹ ਨਾਲ ਮਤਲਬ ਹੈ। ਲੋਹੇ ਨੂੰ ਛਟੀ ਲੈ ਕੇ ਕੁੱਟਣ ਲੱਗ ਪਈਏ ਤਾਂ ਉਸ ਨੇ ਕਪਾਹ ਵਾਂਗ ਨਰਮ ਨਹੀਂ ਹੋ ਜਾਣਾ। ਹੇ ਨਾਨਕ! ਮੂਰਖਾ ਦੇ ਅਜਿਹੇ ਲੱਛਣ ਹੀ ਹੋਇਆ ਕਰਦੇ ਹਨ। ਉਪਰ ਵਰਣਿਤ ਸਾਰੇ ਔਗੁਣ ਉਨ੍ਹਾਂ ਵਿੱਚ ਨੱਕੋ-ਨੱਕ ਭਰੇ ਪਏ ਹੁੰਦੇ ਹਨ। ਉਨ੍ਹਾਂ ਨੂੰ ਜੀਵਨ ਸੰਵਾਰਨ ਲਈ ਜਿੰਨੀ ਮਰਜ਼ੀ ਚੰਗੀ ਮੱਤ ਦਿੰਦੇ ਰਹੀਏ। ਉਹ ਅੱਗੋਂ ਉਲਟਾ ਹੀ ਬੋਲਣਗੇ, ਉਲਟਾ ਹੀ ਵਿਹਾਰ ਕਰਨਗੇ। ਅਜਿਹੇ ਮੂਰਖ ਲੋਕ ਗੁਰੂ ਦਾ ਆਖਿਆ ਭੀ ਨਹੀਂ ਮੰਨਦੇ, ਆਪਣਾ ਜੀਵਨ ਅਜਾਈਂ ਗੁਆ ਲੈਂਦੇ ਹਨ।

ਸਿੱਖਾਂ ਵਿਚਲੇ ਕੁੱਝ ਲੇਖਕ ਤੇ ਕਥਾ ਵਾਚਕ ਗੁਰਬਾਣੀ ਦੇ ਅਧੂਰੇ ਗਿਆਨ ਕਾਰਨ "ਸ਼ਰਧਾ ਰੱਖਣ" ਦੇ ਬੜੇ ਉਪਦੇਸ਼ ਕਰਦੇ ਹਨ। ਸ਼ਾਇਦ ਉਨ੍ਹਾਂ ਨੂੰ ਸ਼ਰਧਾ ਦੇ ਅਰਥ ਭੀ ਪਤਾ ਨਹੀਂ ਹੋਣਗੇ। ਗੁਰੂ ਨਾਨਕ ਸਾਹਿਬ ਜੀ ਨੇ ਜੰਜੂ ਨਾ ਧਾਰਨ ਕਰ ਕੇ ਅਣਗਿਣਤ ਲੋਕਾਂ ਦੀ ਸ਼ਰਧਾ ਤੋੜ ਦਿੱਤੀ। ਹਰਦਵਾਰ ਵਿਖੇ ਪੱਛਮ ਵੱਲ ਪਾਣੀ ਸੁੱਟ ਕੇ ਸੂਰਜ ਰਾਹੀਂ ਪਿੱਤਰਾਂ ਨੂੰ ਜਲ ਪੁਚਾਉਣ ਵਾਲੀ ਸ਼ਰਧਾ ਤੋੜ ਦਿੱਤੀ। ਕੁਰੂਕਸ਼ੇਤਰ ਦੇ ਪ੍ਰਸਿੱਧ ਤੀਰਥ 'ਤੇ ਸੂਰਜ ਗ੍ਰਿਹਣ ਸਮੇਂ, ਮਾਸ ਰਿੰਨ੍ਹ ਕੇ ਬੇਅੰਤ ਲੋਕਾਂ ਦੀ ਸ਼ਰਧਾ ਨੂੰ ਠੋਹਕਰ ਮਾਰ ਦਿੱਤੀ। ਜਗਨਨਾਥ ਪੁਰੀ ਵਿੱਚ ਪੰਡਿਤਾਂ ਨਾਲ ਰਲ ਕੇ ਆਰਤੀ ਨਾ ਉਤਾਰ ਕੇ ਕਿੰਨੇ ਸਾਰੇ ਲੋਕਾਂ ਦੀ ਸ਼ਰਧਾ ਨੂੰ ਪਾਸੇ ਵਗਾਹ ਮਾਰਿਆ। ਗਯਾ ਤੀਰਥ ਵਿਖੇ ਆਪਣੇ ਵਡੇਰਿਆਂ ਨਮਿਤ ਦਾਨ ਪੁੰਨ ਨਾ ਕਰ ਕੇ ਸ਼ਰਧਾ ਘੱਟੇ 'ਚ ਰੋਲ ਦਿੱਤੀ। ਜੋਗੀਆਂ ਵੱਲੋਂ ਜ਼ੋਰ ਪਾਉਣ 'ਤੇ ਜੋਗ ਨਾ ਧਾਰਨ ਕਰ ਕੇ ਜੋਗ ਮੱਤ ਵਾਲਿਆਂ ਦੀ ਸ਼ਰਧਾ ਚਕਨਾਚੂਰ ਕਰ ਦਿੱਤੀ। ਇਸਲਾਮ ਦੇ ਸਭ ਤੋਂ ਵੱਡੇ ਧਰਮ ਅਸਥਾਨ ਕਾਅਬਾ (ਮੱਕਾ) ਵਿਖੇ ਪਵਿੱਤਰ ਮੰਨੀ ਜਾਂਦੀ ਮਹਿਰਾਬ ਵੱਲ ਪੈਰ ਪਸਾਰ ਕੇ, ਲੰਮੇ ਪੈ ਕੇ ਮੁਸਲਮਾਨਾਂ ਦੀ ਸ਼ਰਧਾ ਨੂੰ ਭਾਰੀ ਸੱਟ ਮਾਰੀ। ਸਦੀਆਂ ਤੋਂ ਭਗਵਾਨ ਮੰਨ ਕੇ ਪੂਜੇ ਜਾ ਰਹੇ ਬੁੱਤਾਂ ਨੂੰ ਬੇਖੌਫ਼ ਪੱਥਰ ਦੇ ਟੁਕੜੇ ਆਖ ਕੇ ਨਕਾਰ ਦਿੱਤਾ, ਲੱਖਾਂ ਲੋਕਾਂ ਦੀ ਸ਼ਰਧਾ ਤੋੜ ਦਿੱਤੀ।

ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ, ਅਗਿਆਨੁ ਮਿਟੰਤੁ ॥ (791)

ਹੇ ਭਾਈ! ਜਿਨ੍ਹਾਂ ਦੇ ਮਨ ਅੰਦਰ ਗਿਆਨ, ਸੂਰਜ ਵਾਂਗ ਰੋਸ਼ਨ ਕਰ ਦਿੰਦਾ ਹੈ। ਉਹ ਵਿਅਕਤੀ ਫਿਰ ਸਮਝ ਜਾਂਦੇ ਹਨ ਕਿ ਚੰਦਰਮਾ ਦਾ ਚਾਨਣ ਥੋੜ੍ਹਾ ਸੀ। ਹੈ ਭੀ ਸੂਰਜ ਤੋਂ

ਪ੍ਰਾਪਤ ਹੋਇਆ ਉਧਾਰਾ ਜਿਹਾ ਸੀ। ਸੂਰਜ ਚੜ੍ਹਦਿਆਂ ਹੀ ਜਿਵੇਂ ਚੰਦਰਮਾ ਅਲੋਪ ਹੋ ਜਾਂਦਾ ਹੈ। ਇਸੇ ਤਰ੍ਹਾਂ ਜਿਸ ਹਿਰਦੇ ਵਿੱਚ ਗਿਆਨ ਦਾ ਚਾਨਣ ਹੋ ਜਾਵੇ, ਉਥੋਂ ਅਗਿਆਨਤਾ, ਭਰਮ, ਭੁਲੇਖੇ ਸਾਰੇ ਨੱਸ ਜਾਂਦੇ ਹਨ। ਉਸ ਨੂੰ ਅਸਲੀ-ਨਕਲੀ, ਝੂਠ-ਸੱਚ ਅਤੇ ਠੀਕ-ਗ਼ਲਤ ਦੀ ਪਛਾਣ ਹੋ ਜਾਂਦੀ ਹੈ। ਫਿਰ ਗਿਆਨਵਾਨ ਮਨੁੱਖ ਧੋਖਾ ਨਹੀਂ ਖਾਂਦਾ, ਲੁੱਟਿਆ ਨਹੀਂ ਜਾਂਦਾ, ਗ਼ੁਲਾਮ ਨਹੀਂ ਬਣਦਾ। ਕਿਸੇ ਦੇ ਚਰਨਾਂ 'ਤੇ ਨਮਸਕਾਰਾਂ ਨਹੀਂ ਕਰਦਾ। ਆਪਣਾ ਘਰ ਨਹੀਂ ਲੁਟਾਂਦਾ। ਜੋ ਕਾਰਜ ਕਰਦਾ ਹੈ, ਪੂਰੀ ਪਰਖ-ਪੜਚੋਲ ਤੋਂ ਮਗਰੋਂ ਕਰਦਾ ਹੈ।

ਜਿਨ੍ਹਾਂ ਲੋਕਾਂ ਨੇ ਭੇਡਾਂ ਵਾਂਗ ਨੀਵੀਂ ਪਾ ਕੇ ਪਿਛਲੱਗ ਬਣ ਕੇ ਮਨੁੱਖਾ ਜੀਵਨ ਬਰਬਾਦ ਕਰਨ ਦੀ "ਸ਼ਰਧਾ" ਨੂੰ ਘੋਲ ਕੇ ਪੀ ਲਿਆ ਹੈ, ਉਨ੍ਹਾਂ ਨੂੰ ਅਜਿਹੀ ਸ਼ਰਧਾ ਮੁਬਾਰਕ। ਗੁਰਬਾਣੀ ਨੇ ਜਿਨ੍ਹਾਂ ਦੀਆਂ ਅੱਖਾਂ ਤੋਂ ਅਗਿਆਨਤਾ ਦੀ ਪੱਟੀ ਖੋਲ੍ਹ ਦਿੱਤੀ ਹੈ। ਚਾਰੇ ਬੰਨੇ ਸ਼ਰਧਾ ਦੇ ਨਾਮ 'ਤੇ ਹੋ ਰਹੀ ਲੁੱਟ ਦਿੱਸ ਪਈ ਹੈ। ਜਿਨ੍ਹਾਂ ਨੇ ਤਰਕ ਅਤੇ ਵਿਗਿਆਨ ਨੂੰ ਚੰਗੀ ਤਰ੍ਹਾਂ ਜਾਣ ਲਿਆ ਹੈ। ਉਹ ਮਨੁੱਖ ਜੋ ਭੀ ਕੰਮ ਕਰਨਗੇ, ਸੋਚ-ਸਮਝ ਕੇ ਕਰਨਗੇ। ਭਾਵੇਂ ਉਤੋਂ ਗਲੇਫ ਧਰਮ ਦਾ ਚੜ੍ਹਿਆ ਹੋਵੇ, ਚਾਹੇ ਸ਼ਰਧਾ ਵਾਲਾ। ਉਹ ਕਿਸੇ ਦੇ ਪਿਛ ਲੱਗ ਨਹੀਂ ਬਣਨਗੇ।

ਹੁਣ ਜਰਾ ਦਿਮਾਗ ਦੀ ਬੰਦ ਤਾਕੀ ਖੋਲ੍ਹ ਕੇ ਵੇਖਣ ਦੀ ਕੋਸ਼ਿਸ਼ ਕਰੋ। ਇੱਕ ਬੰਨੇ ਹੈ ਧਰਮ ਮੁਖੀਆਂ ਵੱਲੋਂ ਪ੍ਰਚਾਰੀ ਗਈ ਸ਼ਰਧਾ, ਜਿਸ ਨੇ ਮਨੁੱਖ ਨੂੰ ਪੱਥਰ ਜੁੱਗ ਦਾ ਜੀਵ ਬਣਾ ਕੇ ਰੱਖਣ ਲਈ ਪੂਰੀ ਵਾਹ ਲਾਈ ਹੈ। ਦੂਜੇ ਬੰਨੇ ਹੈ ਵਿਗਿਆਨ, ਜਿਸ ਨੇ ਮਨੁੱਖ ਨੂੰ ਅਣਗਿਣਤ ਸੁੱਖ-ਸਹੂਲਤਾਂ ਪ੍ਰਦਾਨ ਕਰਵਾ ਦਿੱਤੀਆਂ ਹਨ। ਇੱਕ ਪਾਸੇ ਹੈ ਪਵਨ (ਹਵਾ) ਦੇਵਤਾ ਪੂਜਣਯੋਗ। ਵਿਗਿਆਨ ਨੇ ਇਸ ਪਵਨ ਦੇਵਤੇ ਨੂੰ ਆਪਣਾ ਗ਼ੁਲਾਮ ਬਣਾ ਕੇ ਹਜ਼ਾਰਾਂ ਕੰਮ ਲੈ ਲਏ ਹਨ। ਪੱਖਾ, ਕੂਲਰ, ਏ.ਸੀ. ਸਾਡੀ ਸੇਵਾ ਵਿੱਚ ਹਾਜ਼ਰ ਹਨ। ਟਰੱਕਾਂ ਦੇ ਟਾਇਰਾਂ ਵਿੱਚ ਹਵਾ ਦੇਵਤੇ ਨੂੰ ਮਸ਼ੀਨ ਰਾਹੀਂ ਠੂਸ ਕੇ, ਟਰੱਕ ਉਤੇ ਪੰਜ ਸੌ ਮਣ ਵਜਨ ਲੱਦ ਕੇ ਸੌ ਕਿਲੋ ਮੀਟਰ ਦੀ ਰਫ਼ਤਾਰ 'ਤੇ ਦੌੜਾ ਦਿੱਤਾ। ਹਜ਼ਾਰ ਘੋੜਿਆਂ ਦਾ ਭਾਰ ਦੇਵਤੇ ਨੂੰ ਚੁਕਵਾ ਦਿੱਤਾ। ਸ਼ਰਧਾਵਾਨ ਲੋਕ ਧੂਫਾਂ ਧੁਖਾ ਕੇ ਅਜੇ ਭੀ ਪਵਨ ਦੇਵਤੇ ਦੀ ਪੂਜਾ ਕਰ ਰਹੇ ਹਨ। ਸ਼ਰਧਾ ਵਾਲੇ ਲੋਕ ਅੱਜ ਤੱਕ ਜਲ ਦੇਵਤਾ ਦੀ ਪੂਜਾ ਕਰਦੇ ਵੇਖੇ ਜਾ ਸਕਦੇ ਹਨ। ਗੁਰਦਵਾਰਿਆਂ ਵਿੱਚ ਭੀ "ਕੁੰਭ ਸਾਹਿਬ" (ਘੜਾ) ਵੇਖਿਆ ਜਾ ਸਕਦਾ ਹੈ। ਵਿਗਿਆਨ ਨੇ ਇਸ ਬੇਕਾਬੂ ਹੋਏ "ਦੇਵਤੇ" ਨੂੰ ਫੜ ਕੇ ਨੱਥ ਪਾ ਲਈ ਹੈ। ਦਰਿਆਵਾਂ 'ਤੇ ਬੰਨ੍ਹ ਮਾਰ ਲਏ, ਨਹਿਰਾਂ ਕੱਢ ਲਈਆਂ। ਡੈਮ ਉਸਾਰ ਕੇ ਬਿਜਲੀ ਪੈਦਾ ਕਰ ਲਈ। ਅੱਗੋਂ ਬਿਜਲੀ ਹਜ਼ਾਰਾਂ ਕੰਮ ਸੰਵਾਰਦੀ ਹੈ। ਇਹੀ ਜਲ ਦੇਵਤਾ ਅੱਗ ਨਾਲ ਖ਼ੂਬ ਗਰਮ ਕਰ ਲਿਆ ਜਾਂਦਾ ਹੈ। ਫਿਰ ਰੇਲਾਂ ਨੂੰ ਚਲਾਉਂਦਾ ਰਿਹਾ ਹੈ। ਮੋਟਰਾਂ ਕਾਰਾਂ ਨੂੰ ਚਲਾਉਂਦਾ ਹੈ, ਊਬਾਲੇ ਮਾਰਦਾ ਹੈ। ਮਨੁੱਖਾਂ ਦਾ ਮਲ-ਮੂਤਰ ਤੇ ਕੱਪੜਾ-ਲੀੜਾ ਭੀ ਇਹੀ ਜਲ ਦੇਵਤਾ ਧੋਂਦਾ ਹੈ। ਸ਼ਰਧਾਵਾਨ ਕਰੀ ਜਾਣ ਪੂਜਾ। ਸ਼ਰਧਾ ਵਾਲੇ ਲੋਕ ਗਾਂ ਦੀ ਪੂਜਾ ਕਰ ਰਹੇ ਹਨ। ਅਣਗਿਣਤ ਲੋਕਾਂ ਨੇ ਬਲਦਾਂ ਨੂੰ ਹਲ ਜੋੜਿਆ, ਗੱਡੇ ਜੋੜ ਕੇ ਭਾਰ ਢੋਇਆ, ਲੋੜ ਪੈ

'ਤੇ ਵੱਢ ਕੇ ਮਾਸ ਖਾਧਾ। ਅੱਜ ਤੱਕ ਇਸਾਈ ਤੇ ਮੁਸਲਮਾਨ ਬਲਦਾਂ, ਗਾਵਾਂ ਦਾ ਮਸਾ ਬੜੇ ਸੁਆਦ ਨਾਲ ਖਾਂਦੇ ਹਨ।

ਆਮ ਲੋਕਾਂ ਨੂੰ ਆਪਣੇ ਗ਼ੁਲਾਮ ਬਣਾਈ ਰੱਖਣ ਵਾਸਤੇ ਪਿਛਲੇ ਸਮਿਆਂ ਵਿੱਚ ਦੇਵੀ-ਦੇਵਤਿਆਂ ਦਾ ਡਰ ਦਿੱਤਾ। ਨਰਕ-ਸੁਰਗ ਦਾ ਅਡੰਬਰੀ ਜਾਲ ਤਣਿਆ, ਆਵਾ-ਗਵਣ ਦਾ ਚੱਕਰ ਚਲਾਇਆ। ਇਨ੍ਹਾਂ ਤੋਂ ਬਚਣ ਵਾਸਤੇ ਦਾਨ-ਪੁੰਨ ਰਾਹੀਂ ਬੇਸ਼ੁਮਾਰ ਲੁੱਟ ਕੀਤੀ ਗਈ। ਜਦੋਂ ਫਿਰ ਭੀ ਕੁੱਝ ਲੋਕਾਂ ਨੇ ਇਨ੍ਹਾਂ "ਧਾਰਮਕ ਬੇੜੀਆਂ" ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਤਾਂ ਰਾਜਸੀ ਤਾਕਤ ਰਾਹੀਂ ਵਿਰੋਧੀਆਂ ਨੂੰ ਕਰੜੀਆਂ ਸਜ਼ਾਵਾਂ ਦਿੱਤੀਆਂ ਗਈਆਂ। ਰਾਜਿਆਂ ਨੂੰ ਰੱਬ ਦੇ ਨੁਮਾਇੰਦੇ, ਖ਼ਾਸ ਧਰਮੀ ਪੁਰਖ ਆਖ ਕੇ ਸਨਮਾਨਿਆ ਗਿਆ। ਨਵੀਂ ਸੋਚ ਉਭਰਨ ਦੇ ਨਾਲ, ਧਰਮ 'ਤੇ ਕਾਬਜ ਪਾਪੀ ਲੋਕ ਤੇ ਉਨ੍ਹਾਂ ਦੀਆਂ ਮਾਨਤਾਵਾਂ ਕਾਫ਼ੂਰ ਹੋ ਕੇ ਉੱਡ ਜਾਣਗੀਆਂ। ਨਵੀਂ ਸੋਚ ਪੈਦਾ ਹੋਣ ਨਾਲ ਦਰਿੰਦਗੀ ਵਾਲਾ ਰਾਜ ਪਲਟ ਜਾਵੇਗਾ। ਮਨੁੱਖਤਾ 'ਤੇ ਕਹਿਰ ਵਰਤਾਉਣ ਵਾਲਿਆਂ ਨੂੰ ਸ਼ਾਇਦ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਦਮ ਤੋੜਨਾ ਪਵੇ। ਅਜਿਹੇ ਲੋਕ ਪੁਰਾਤਨਤਾ ਦੀ ਸਦਾ ਦੁਹਾਈ ਦਿੰਦੇ ਰਹਿਣਗੇ। ਨਵੀਂ ਰੋਸ਼ਨੀ ਨੂੰ ਰੋਕਣ ਦੀ ਹਰ ਸੰਭਵ ਕੋਸ਼ਿਸ਼ ਕਰਨਗੇ। ਜਿਨ੍ਹਾਂ ਨੇ ਨਵੇਂ ਰਾਹਾਂ 'ਤੇ ਟੁਰਨਾ ਹੈ, ਨਵੇਂ ਰਾਹਾਂ ਦੀ ਖੋਜ ਕਰਨੀ ਹੈ, ਉਹ ਅਗਾਂਹ ਨੂੰ ਵੇਖਦੇ ਹਨ। ਪਿਛਾਂਹ ਵੇਖਣ ਵਾਲੇ ਅੱਗੇ ਵੱਲ ਨਹੀਂ ਟੁਰ ਸਕਦੇ।

ਜਾਗਤੁ ਬਿਗਸੈ ਮੂਠੋ ਅੰਧਾ ॥ ਗਲਿ ਫਾਹੀ ਸਿਰਿ ਮਾਰੇ ਧੰਧਾ ॥ (1330)

ਹੇ ਭਾਈ! ਜੋ ਇਨਸਾਨ ਸੁਚੇਤ ਹਨ, ਉਹ ਵਿਕਾਸ ਕਰਦੇ ਹਨ। ਜੋ ਅਗਿਆਨੀ ਹਨ, ਉਹ ਬਰਬਾਦ ਹੋ ਜਾਂਦੇ ਹਨ। ਅਗਿਆਨੀਆਂ ਦੇ ਗਲ ਗ਼ੁਲਾਮੀ ਪੈ ਜਾਂਦੀ ਹੈ; ਫਿਰ ਰੋਂਦੇ ਹਨ ਪਰ ਗ਼ੁਲਾਮੀ ਟੁਟਦੀ ਨਹੀਂ।

ਅੰਨ੍ਹੀ ਸ਼ਰਧਾ ਵਾਲਿਆਂ ਨੇ ਅੱਜ ਤੱਕ ਕੋਈ ਵੱਡੀ ਪ੍ਰਾਪਤੀ ਨਹੀਂ ਕੀਤੀ। ਗਿਆਨਵਾਨਾਂ ਨੇ ਦੁਨੀਆਂ ਨੂੰ ਬਹੁਤ ਸੁੱਖ ਸਹੂਲਤਾਂ ਪ੍ਰਦਾਨ ਕੀਤੀਆਂ ਹਨ।

ਜੈਸੇ ਪਾਟ ਚਾਕੀ ਕੇ ਨ ਮੂੰਡ ਕੇ ਉਠਾਏ ਜਾਤ, ਕਲਾ ਕੀਏ ਲੀਏ ਜਾਤ ਐਂਚਤ ਅਚਿੰਤ ਹੀ ॥
ਜੈਸੇ ਗਜ ਕੇਹਰ ਨ ਬਲ ਕੀਏ ਬਸਿ ਹੋਤ, ਜਤਨ ਕੈ ਆਨੀਅਤ ਸਮਤ ਸਮਤ ਹੀ ॥
ਜੈਸੇ ਸਰਿਤਾ ਪ੍ਰਬਲ ਦੇਖਤ ਭਯਾਨ ਰੂਪ, ਕਿਰਵ ਮੈ ਚੜ੍ਹ ਪਾਰ ਉਤਰੈ ਤੁਰਤ ਹੀ ॥
ਤੈਸੇ ਦੁਖ ਸੁਖ ਬਹੁ ਬਿਖਮ ਸੰਸਾਰ ਬਿਖੈ, ਗੁਰ ਉਪਦੇਸ ਜਲ, ਜਲ ਜਾਇ ਕਤ ਹੀ ॥

(ਭਾ. ਗੁ. - ਕਬਿੱਤ - 558)

★★★★★★

ਅਸੀਂ ਸਿਮਰਨ ਕਰਦੇ ਹਾਂ, ਤੁਸੀਂ ਕੰਮ ਕਰੋ

ਧਰਮ ਨੂੰ ਮੰਨਣ ਵਾਲੇ ਸ਼ਰਧਾਲੂਆਂ ਵਿੱਚ ਕੁੱਝ ਖ਼ਾਸ ਪਾਬੰਦੀਆਂ ਦੀ ਪਾਲਣਾ ਕੀਤੀ ਜਾਂਦੀ ਹੈ। ਇਨ੍ਹਾਂ ਪਾਬੰਦੀਆਂ ਨੂੰ ਮਰਿਆਦਾ ਦਾ ਨਾਂ ਦਿੱਤਾ ਗਿਆ ਹੈ। ਮਰਿਆਦਾ ਨਾ ਮੰਨਣ ਵਾਲਿਆਂ ਲਈ 'ਪਾਪੀ', 'ਅਧਰਮੀ', 'ਨਾਸਤਕ' ਜਾਂ 'ਨਰਕਾਂ ਦਾ ਕੀੜਾ' ਆਖ ਕੇ ਉਨ੍ਹਾਂ ਨੂੰ ਅਪਮਾਨਤ ਕੀਤਾ ਜਾਂਦਾ ਹੈ। ਪਾਬੰਦੀਆਂ ਦੀ, ਸਿਰ ਨਿਵਾ ਕੇ ਪਾਲਣਾ ਕਰਨ ਵਾਲੇ ਨੂੰ 'ਨੇਕ ਪੁਰਸ਼ ਹੈ', 'ਧਰਮੀ ਹੈ', 'ਸ਼ਰਧਾਵਾਨ ਹੈ', 'ਸਵਰਗ ਦੇ ਦਰਵਾਜ਼ੇ ਇਸ ਲਈ ਖੁੱਲ੍ਹੇ ਹਨ' ਆਖ ਕੇ ਵਡਿਆਈ ਕੀਤੀ ਜਾਂਦੀ ਹੈ। ਧਾਰਮਕ ਅਸਥਾਨਾਂ ਵਿੱਚੋਂ ਹਰ ਰੋਜ਼ ਹੀ ਅਜਿਹਾ ਉਪਦੇਸ਼ ਸੁਣਦਿਆਂ ਮਨੁੱਖ ਜਾਂ ਤਾਂ ਉਨ੍ਹਾਂ ਥਾਵਾਂ 'ਤੇ ਜਾਣਾ ਛੱਡ ਦੇਂਦਾ ਹੈ ਜਾਂ ਫਿਰ ਹੋ ਰਿਹਾ ਉਪਦੇਸ਼ ਸੁਣ ਕੇ ਉਹੋ ਜਿਹਾ ਬਣਨਾ ਸ਼ੁਰੂ ਕਰ ਲੈਂਦਾ ਹੈ। ਧਰਮ ਅਸਥਾਨ ਵਿੱਚ ਜੋ ਵਿਅਕਤੀ ਉਪਦੇਸ਼ ਕਰਦਾ ਹੈ, ਉਸ ਦੀ ਵਿੱਦਿਅਕ ਯੋਗਤਾ ਕੀ ਹੈ ? ਉਸ ਨੇ ਧਰਮ ਦਾ ਮੁਤਾਲਿਆ ਕਿਸ ਅਦਾਰੇ ਵਿੱਚੋਂ ਤੇ ਕਿੰਨਾ ਸਮਾਂ ਲਾ ਕੇ ਕੀਤਾ ? ਜੇ ਉਹ ਸਿੱਖ ਪ੍ਰਚਾਰਕ ਹੈ ਤਾਂ ਦਬਾਅ ਅਧੀਨ ਕੋਈ ਗ਼ਲਤ-ਬਿਆਨੀ ਤਾਂ ਨਹੀਂ ਕਰ ਰਿਹਾ ? ਉਸ ਦਾ ਆਪਣਾ ਜੀਵਨ (ਧਾਰਮਕ ਅਤੇ ਸਮਾਜਕ ਪੱਖੋਂ) ਕਿਸ ਪੱਧਰ ਦਾ ਹੈ ? ਜੇ ਤਾਂ ਸਰੋਤਿਆਂ ਵਿੱਚ ਇਨ੍ਹਾਂ ਨੁਕਤਿਆਂ ਦੀ ਪਰਖ ਕਰਨ ਵਾਲੇ ਬੈਠੇ ਹੋਣ, ਫਿਰ ਤਾਂ ਠੀਕ ਜਾਂ ਗ਼ਲਤ ਦਾ ਨਿਰਣਾ ਕਰਵਾ ਲੈਣਗੇ। ਆਮ ਹਾਲਤ ਵਿੱਚ ਸਰੋਤਿਆਂ ਦਾ ਮਾਨਸਕ ਪੱਧਰ ਬਹੁਤ ਨੀਵਾਂ ਹੋਣ ਕਾਰਨ, ਸਿਰ ਸੁੱਟ ਕੇ ਠੀਕ-ਗ਼ਲਤ ਸਭ ਸੁਣੀ ਜਾਂਦੇ ਹਨ।

ਧਰਮ ਦੀ ਦੁਨੀਆਂ ਵਿੱਚ ਸਿਮਰਨ, ਮੰਤਰ ਜਾਪ, ਮਾਲਾ ਫੇਰਨੀ, ਚਲੀਹੇ ਕੱਟਣੇ, ਸਰੀਰ ਨੂੰ ਕਸ਼ਟ ਦੇਣਾ ਆਦਿ ਵੀ ਕਾਫ਼ੀ ਪ੍ਰਚੱਲਤ ਹੈ। ਗੁਰਬਾਣੀ ਵਿੱਚ 'ਸਿਮਰਨ' ਸ਼ਬਦ 736 ਵਾਰੀ ਵਰਤਿਆ ਗਿਆ ਹੈ। ਆਮ ਸਿੱਖ ਜਗਿਆਸੂ (ਅਤੇ ਲੇਖਕ) ਸਿਮਰਨ ਸ਼ਬਦ ਦਾ ਅਰਥ ਕਿਸੇ ਦੋ-ਚਾਰ ਅੱਖਰਾਂ ਵਾਲੇ ਸ਼ਬਦ ਨੂੰ ਵਾਰ-ਵਾਰ ਦੁਹਰਾਉਣਾ ਮੰਨੀ ਜਾ ਰਿਹਾ ਹੈ ਜਦਕਿ ਅਜਿਹਾ ਨਹੀਂ ਹੈ। ਇੱਕ ਨੌਜੁਆਨ ਲਗਾਤਾਰ ਆਖੀ ਜਾਵੇ- "ਮਾਂ ਜੀ, ਮਾਂ ਜੀ.....।" ਪੰਜ-ਸੱਤ ਵਾਰੀ ਤੋਂ ਬਾਅਦ ਮਾਂ ਖ਼ੁਦ ਆਖੇਗੀ, "ਪੁੱਤਰ, ਕੰਮ ਦੱਸ ਕੀ ਹੈ ?" ਪੁੱਤਰ ਆਖੇ, "ਮੈਂ ਤਾਂ ਮਾਂ ਜੀ ਆਖ ਕੇ ਤੁਹਾਨੂੰ ਯਾਦ ਕਰ ਰਿਹਾ ਹਾਂ।" "ਨਹੀਂ ਪੁੱਤਰ, ਇਹ ਵਾਧੂ ਦਾ ਸ਼ੋਰ ਹੈ।" ਡਾਕਟਰ-ਡਾਕਟਰ, ਆਖ ਕੇ ਕੋਈ ਅਰੋਗ ਨਹੀਂ ਹੋ ਜਾਂਦਾ। ਡਾਕਟਰ ਦੀ ਗੱਲ ਮੰਨਣੀ ਪਵੇਗੀ। ਰੋਟੀ-ਰੋਟੀ ਆਖ ਕੇ ਪੇਟ ਨਹੀਂ ਭਰਦਾ, ਰੋਟੀ ਖਾਣੀ ਪਵੇਗੀ। ਖੰਡ-ਖੰਡ ਕਹਿ ਕੇ ਮੂੰਹ ਮਿੱਠਾ ਨਹੀਂ ਹੁੰਦਾ, ਖੰਡ ਖਾਣੀ ਪਵੇਗੀ। ਜਿਸ ਵਿਦਵਾਨ ਗੁਰਸਿੱਖ ਭਾਈ ਗੁਰਦਾਸ ਜੀ ਬਾਰੇ ਕਿਹਾ ਗਿਆ ਹੈ ਕਿ -

"ਵਾਹਿਗੁਰੂ ਗੁਰ ਮੰਤ੍ਰ ਹੈ, ਜਪ ਹਉਮੈ ਖੋਈ॥", ਇਸੇ 'ਵਾਹਿਗੁਰੂ' ਸ਼ਬਦ ਦਾ ਲਗਾਤਾਰ ਜਾਪ ਕਰਦੇ ਰਹੋ, ਸਾਰੇ ਕਾਰਜ ਰਾਸ ਆ ਜਾਣਗੇ ਪਰ ਭਾਈ ਗੁਰਦਾਸ ਜੀਂ ਜੋ

ਹੋਰ ਬਹੁਤ ਕੁੱਝ ਕਹਿ ਰਹੇ ਨੇ, ਉਸ ਨੂੰ ਕੌਣ ਪੜ੍ਹੇਗਾ ? ਆਉ ਵੇਖੀਏ-

ਖਾਂਡ ਖਾਂਡ ਕਹੈ ਜਿਹਬਾ ਨ ਸਵਾਦ ਮੀਠੋ ਆਵੈ,
ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ ॥
ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ,
ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ ॥
ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸ ਬਾਸ,
ਚੰਦ ਚੰਦ ਕਹੈ ਉਜੀਆਰੋ ਨ ਪ੍ਰਗਾਸ ਹੈ ॥
ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ,
'ਕਰਨੀ ਪ੍ਰਧਾਨ' ਭਾਨ ਉਦਤ ਅਕਾਸ ਹੈ ॥ (ਭਾ. ਗੁ., ਕਬਿੱਤ-437)

ਸਿਮਰਨ ਦਾ ਭਰਮ ਪਾਲ ਲੈਣ ਵਾਲੇ ਲੋਕ ਅਸਲ ਜ਼ਿੰਦਗੀ ਵਿੱਚ ਮਾਨਸਕ ਤੌਰ 'ਤੇ ਹਾਰੇ ਹੋਏ ਲੋਕ ਹੁੰਦੇ ਹਨ। ਇਨ੍ਹਾਂ ਲੋਕਾਂ ਦੀ ਇੱਛਾ ਹੁੰਦੀ ਹੈ ਕਿ ਸਾਨੂੰ ਕੋਈ ਕਸ਼ਟ ਨਾ ਸਹਿਣਾ ਪਵੇ, ਜੰਗ ਨਾ ਲੜਨੇ ਪੈਣ ਪਰ ਆਜ਼ਾਦੀ ਮਿਲ ਜਾਵੇ। ਸਿਰ ਨਾ ਵਾਰਨੇ ਪੈਣ ਪਰ ਰਾਜ ਮਿਲ ਜਾਵੇ। ਖੇਤ ਨਾ ਜਾਣਾ ਪਵੇ ਪਰ ਅਨਾਜ ਘਰ ਆ ਜਾਵੇ। ਨੌਕਰੀ ਨਾ ਕਰਨੀ ਪਵੇ ਪਰ ਤਨਖ਼ਾਹ ਘਰ ਆ ਜਾਵੇ। ਮੱਝਾਂ ਨੂੰ ਪੱਠਾ-ਦਾਣਾ ਨਾ ਪਾਉਣਾ ਪਵੇ ਪਰ ਦੁੱਧ ਦੇ ਭਾਂਡੇ ਭਰੇ ਰਹਿਣ। ਪੜ੍ਹਾਈ ਨਾ ਕਰਨੀ ਪਵੇ, ਵਿਦਿਆਰਥੀ ਪਾਸ ਹੁੰਦੇ ਜਾਣ। ਖੇਡਾਂ ਵਿੱਚ ਮਿਹਨਤ ਨਾ ਕਰਨੀ ਪਵੇ, ਤਗ਼ਮੇ ਮਿਲ ਜਾਣ। ਇਲਾਜ ਭਾਵੇਂ ਨਾ ਕਰਾਈਏ ਪਰ ਅਰੋਗ ਹੋ ਜਾਈਏ। ਸਿਮਰਨ ਕਰਨ ਵਾਲੇ ਲੋਕ ਚੌਕੜਾ ਮਾਰ ਕੇ ਬੈਠਣ ਵਾਲੇ ਹੁੰਦੇ ਹਨ, ਉੱਦਮੀ ਨਹੀਂ ਹੁੰਦੇ। ਸਿਮਰਨ ਦੇ ਹਮਾਇਤੀ ਅੱਖਾਂ ਬੰਦ ਕਰ ਲੈਣ ਦੀ ਸਿੱਖਿਆ ਬਹੁਤ ਦੇਂਦੇ ਹਨ ਪਰ ਅੱਖਾਂ ਖੋਲ੍ਹ ਕੇ ਹਾਲਾਤ ਨਾਲ ਟੱਕਰ ਲੈਣ ਦੀ ਇਨ੍ਹਾਂ ਕੋਲ ਅਕਲ ਤੇ ਹਿੰਮਤ ਨਹੀਂ ਹੁੰਦੀ। ਇਹ ਲੋਕ ਅੰਦਰ ਵੜ ਕੇ ਸਿਮਰਨ ਕਰਦੇ ਹਨ। ਸਮਾਜ ਵਿੱਚ ਹੋ ਰਹੇ ਜ਼ੁਲਮ, ਅਧਰਮ, ਬੇਅੰਤ ਮਨੁੱਖਤਾ ਵਿਰੋਧੀ ਪਾਪ ਹੋ ਰਹੇ ਹਨ, ਇਹ ਲੋਕ ਉਨ੍ਹਾਂ ਨੂੰ ਰੋਕਣ ਦੀ ਜੁਰਅਤ ਗਵਾ ਬੈਠਦੇ ਹਨ। ਇਹ ਲੋਕ ਚਾਹੁੰਦੇ ਹਨ ਕਿ ਸਾਡੇ ਸਿਮਰਨ ਦੀ ਸ਼ਕਤੀ ਨਾਲ ਪ੍ਰਮਾਤਮਾ ਖ਼ੁਦ ਆਵੇ। ਹੱਥ ਜੋੜ ਕੇ ਪੁੱਛ ਦੱਸੋ ਭਗਤ ਜੀ ਤੁਹਾਡੀ ਕੀ ਸੇਵਾ ਕਰਾਂ ? ਅੱਗੇ ਭਗਤ ਜੀ ਭਾਵੇਂ ਰੱਬ ਨੂੰ ਆਪਣਾ ਨੌਕਰ ਬਣਾਈ ਰੱਖਣ। ਇਸੇ ਸੋਚ ਵਾਲਿਆਂ ਨੇ ਕਹਾਣੀਆਂ ਘੜ ਕੇ ਪ੍ਰਚਾਰੀਆਂ, ਜਿਵੇਂ -

ਰੱਬ ਨੇ ਖ਼ੁਦ ਧੰਨਾ ਜੀ ਦੀਆਂ ਮੱਝਾਂ ਚਾਰੀਆਂ, ਖੇਤਾਂ ਨੂੰ ਪਾਣੀ ਲਾਇਆ। ਧੰਨਾ ਜੀ ਬੈਠੇ ਸਿਮਰਨ ਕਰਦੇ ਰਹੇ। ਗੁਰੂ ਅਰਜਨ ਸਾਹਿਬ ਅਨੰਤ ਤਸੀਹੇ ਝਲਦਿਆਂ ਆਪਣਾ ਜਨਮ ਸਫ਼ਲਾ ਕਰ ਗਏ। ਸਿਮਰਨ ਵਾਲੇ ਗੁਰੂਆਂ ਨੂੰ ਵਾਜਾਂ ਮਾਰ-ਮਾਰ ਬੁਲਾ ਰਹੇ ਹਨ। ਗੁਰੂ ਜੀ ਤੁਸੀਂ ਆਉ! ਅਸੀਂ ਕੋਈ ਕਸ਼ਟ ਨਹੀਂ ਝਲਣਾ ਚਾਹੁੰਦੇ, ਤੁਸੀਂ ਦੁਬਾਰਾ ਆਉ, ਭਾਵੇਂ ਤੱਤੀਆਂ ਤਵੀਆਂ 'ਤੇ ਸਰੀਰ ਨੂੰ ਤਪਾਉ, ਭਾਵੇਂ ਰਾਵੀ ਵਿੱਚ ਡੋਬੇ ਜਾਉ। ਇਹ ਤੁਹਾਡਾ ਕੰਮ ਹੈ, ਅਸੀਂ ਤਾਂ ਸਿਮਰਨ ਕਰ ਰਹੇ ਹਾਂ। ਹੇ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ, ਹੇ ਸੱਚੇ ਸੂਰਮੇ ਗੁਰੂ ਗੋਬਿੰਦ ਸਿੰਘ ਜੀ, ਤੁਸੀਂ ਆਉਣ ਵਾਸਤੇ ਕਸ਼ਟ ਕਰੋ। ਹੱਕ-ਸੱਚ ਦੀ

ਲੜਾਈ ਲੜਦਿਆਂ ਜਿੰਨੀਆਂ ਮਰਜ਼ੀ ਕਠਿਨਾਈਆਂ ਆਉਣ, ਤੁਸੀਂ ਬਰਦਾਸ਼ਤ ਕਰੋ। ਅਸੀਂ ਅੰਤਰ-ਧਿਆਨ ਹੋ ਕੇ ਸਿਮਰਨ ਕਰ ਰਹੇ ਹਾਂ। ਸਿੰਘ-ਸਿੰਘਣੀਆਂ ਤੇਗਾਂ ਵਾਹੁੰਦੇ ਰਹੇ। ਦੁਸ਼ਮਣ ਦੇ ਆਹੂ ਲਾਹੁੰਦੇ ਰਹੇ। ਅਨੰਤ ਤਸੀਹੇ ਝਲਦੇ ਰਹੇ, ਸ਼ਹੀਦੀਆਂ ਪਾਉਂਦੇ ਰਹੇ। ਕੀ ਲੋੜ ਸੀ ਉਨ੍ਹਾਂ ਨੂੰ ਸੱਭ ਕੁੱਝ ਦਾਅ 'ਤੇ ਲਾਉਣ ਦੀ ? ਕੀ ਜ਼ਰੂਰਤ ਸੀ ਘਰ ਘਾਟ ਉਜਾੜ ਕੇ ਜੰਗਲੀ ਵਾਸਾ ਕਰਨ ਦੀ ? ਅੱਖਾਂ ਬੰਦ ਕਰ ਕੇ ਚੌਕੜਾ ਮਾਰ ਕੇ, ਅੰਦਰ ਵੜ ਕੇ ਦਰਵਾਜ਼ੇ ਬੰਦ ਕਰ ਕੇ, "ਨਾਮ ਦਾ ਖੰਡਾ" ਖੜਕਾਉਂਦੇ। ਇੱਕ ਰਸ ਇੱਕੋ ਸਾਹ 'ਅਖੰਡ ਸਿਮਰਨ' ਕਰਦੇ ਰਹਿੰਦੇ। ਕਿੰਨੇ ਭੋਲੇ ਸਨ ਪੁਰਾਤਨ ਸਮਿਆਂ ਦੇ ਸਿੰਘ।

ਗੁਰੂ ਅਰਜਨ ਸਾਹਿਬ ਅੰਦਰ ਬੈਠ ਕੇ ਸਿਮਰਨ ਕਰਦੇ, ਭਾਵੇਂ ਕੀਰਤਨ ਕਰੀ ਜਾਂਦੇ। ਜਹਾਂਗੀਰ ਨੂੰ ਕਿਹੜੀ ਢਿੱਡ ਪੀੜ ਹੋਣੀ ਸੀ ? ਉਨ੍ਹਾਂ ਸਮਿਆਂ ਵਿੱਚ ਤਾਂ ਅੱਜ ਵਾਂਗ ਸਪੀਕਰ, ਰੇਡੀਉ, ਟੀ.ਵੀ. ਭੀ ਨਹੀਂ ਸਨ। ਗੁਰੂ ਅਰਜਨ ਸਾਹਿਬ ਜੀ ਦੇ ਨਾਮ ਸਿਮਰਨ ਦੀ ਆਵਾਜ਼ ਸਰਕਾਰ ਦੇ ਕੰਨਾਂ ਤੱਕ ਕਿਵੇਂ ਪਹੁੰਚ ਗਈ ? ਜੇ ਗੁਰੂ ਤੇਗ਼ ਬਹਾਦਰ ਜੀ ਸਿਮਰਨ ਬੰਦਗੀ ਕਰ ਰਹੇ ਸਨ ਤਾਂ ਕਿਹੜੀ ਕਿਆਮਤ ਆਉਣ ਲੱਗੀ ਸੀ ? ਔਰੰਗਜ਼ੇਬ ਨੇ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ। ਕਈ ਦਿਨ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। 'ਨਾਮ ਸਿਮਰਨ' ਤੋਂ ਸਮੇਂ ਦੀ ਹਕੂਮਤ ਨੂੰ ਏਨੀ ਤਕਲੀਫ਼ ਕਿਉਂ ਹੁੰਦੀ ਸੀ ? ਅੱਜ ਦੁਨੀਆਂ ਦੇ ਸਾਰੇ ਗੁਰਦਵਾਰਿਆਂ ਵਿੱਚ ਅਖੰਡ ਪਾਠ, ਨਾਮ ਸਿਮਰਨ, 11-51 ਜਾਂ 101 ਅਖੰਡ ਪਾਠਾਂ ਦੀਆਂ ਲੜੀਆਂ ਚੱਲ ਰਹੀਆਂ ਹਨ। ਕੋਈ ਸਰਕਾਰ ਨਹੀਂ ਰੋਕਦੀ। ਸਰਕਾਰ ਤੋਂ ਦੁਖੀ ਹੋਏ ਖਾੜਕੂਆਂ ਨੇ ਜਦੋਂ ਆਜ਼ਾਦੀ ਦਾ ਨਾਹਰਾ ਲਾਇਆ ਤਾਂ ਸਰਕਾਰ ਨੂੰ ਬਹੁਤ ਤਕਲੀਫ਼ ਹੋਈ। ਕਿਉਂ ਭਲਾ ? ਸੋਚ ਕੇ ਦੱਸਣਾ ਜੀ। ਸਿਮਰਨ ਦੀ ਮਹਾਨਤਾ ਬਾਰੇ ਜੋ ਬੋਲਿਆ ਅਤੇ ਲਿਖਿਆ ਜਾ ਰਿਹਾ ਹੈ, ਜੇ ਇਹ ਸਭ ਸੱਚ ਹੈ ਤਾਂ ਗੁਰੂ ਸਾਹਿਬਾਨ ਨੂੰ ਕਿਉਂ ਤਸੀਹੇ ਝਲਣੇ ਪਏ ? ਸਿਮਰਨ ਦੀ ਅਲੌਕਿਕ ਸ਼ਕਤੀ ਨੇ ਦੁਸ਼ਮਣਾਂ ਨੂੰ ਕਿਉਂ ਪਟਕ ਕੇ ਨਾ ਮਾਰਿਆ ? ਅੱਜ ਤੱਕ ਸਿੱਖਾਂ ਉਤੇ ਜ਼ੁਲਮ ਹੁੰਦੇ ਆ ਰਹੇ ਹਨ। ਇਹ ਸਿਮਰਨ ਕਰਨ ਵਾਲੇ ਸੰਤ ਮਹਾਂਪੁਰਸ਼ ਤੇ ਹੋਰ, ਨਾਮ ਦਾ ਖੰਡਾ ਖੜਕਾਉਣ ਵਾਲੇ, ਪੰਥ ਦੀ ਗ਼ੁਲਾਮੀ ਦੇ ਸੰਗਲ ਕੱਟ ਕਿਉਂ ਨਹੀਂ ਦੇਂਦੇ ? ਹਰ ਮੁਹਾਜ਼ 'ਤੇ ਸਿੱਖ ਕੌਮ ਹਾਰ ਰਹੀ ਹੈ, ਨਾਮ ਰਸੀਏ ਜਿੱਤ ਕਿਉਂ ਨਹੀਂ ਦਿਵਾ ਦੇਂਦੇ ? ਸਿਮਰਨ ਦੀਆਂ ਸ਼ਕਤੀਆਂ ਕਦੋਂ ਕੰਮ ਆਉਣਗੀਆਂ ?

ਬ੍ਰਾਹਮਣ ਪੁਜਾਰੀਆਂ ਦੇ ਆਖੇ ਲੱਗ ਕੇ ਸਦੀਆਂ ਤੱਕ ਲੋਕ ਮੰਤਰ ਪੜ੍ਹਦੇ ਰਹੇ। ਹਵਨ ਕਰਦੇ ਰਹੇ, ਮੰਦਰਾਂ ਵਿੱਚ ਟੱਲ ਖੜਕਾਉਂਦੇ ਰਹੇ। ਦੇਵਤਿਆਂ ਦੀ ਪੂਜਾ ਕਰਦੇ ਰਹੇ। ਅਵਤਾਰਾਂ ਨੂੰ ਹਾਕਾਂ ਮਾਰਦੇ ਰਹੇ। ਪੱਥਰ ਦੇ ਭਗਵਾਨਾਂ ਅੱਗੇ ਮਨੁੱਖਾਂ ਦੀ ਬਲੀ ਦੇ ਕੇ ਕਾਰਜ ਸਿੱਧੀ ਲਈ ਤਰਲੇ ਕਰਦੇ ਰਹੇ। ਕੋਈ ਦੇਵਤਾ, ਕੋਈ ਅਵਤਾਰ ਦੁਖਿਆਰਿਆਂ ਦੀ ਬਾਂਹ ਫੜਨ ਲਈ ਆਕਾਸ਼ ਵਿੱਚੋਂ ਉੱਤਰ ਕੇ ਨਾ ਆਇਆ। ਹਾਂ, ਅਰਬ ਮੁਲਕਾਂ ਵਿੱਚੋਂ ਲੜਾਕੇ ਆਉਂਦੇ ਰਹੇ। ਮੂਰਤੀਆਂ ਤੋੜਦੇ ਰਹੇ। ਮੰਦਰਾਂ ਵਿੱਚੋਂ ਸੋਨਾ, ਚਾਂਦੀ ਲੁੱਟਦੇ ਰਹੇ। 'ਦੇਵ-ਦਾਸੀਆਂ' ਨੂੰ ਭੇਡਾਂ-ਬੱਕਰੀਆਂ ਵਾਂਗ ਅੱਗੇ ਲਾ ਕੇ ਨਾਲ ਲਿਜਾਂਦੇ ਰਹੇ। ਕਿਸੇ ਮੰਤਰ ਨੇ, ਕਿਸੇ ਰੰਗ-ਬਰੰਗੇ ਸਿਮਰਨ ਨੇ, ਦੇਸ਼ ਵਾਸੀਆਂ ਦੀ ਸਹਾਇਤਾ ਨਾ ਕੀਤੀ।

ਜਿਨ੍ਹਾਂ ਕੌਮਾਂ ਨੇ ਪ੍ਰਾਪਤੀਆਂ ਕੀਤੀਆਂ ਹਨ, ਉਹ ਕਿਸੇ ਮੰਤਰ ਨਾਲ ਨਹੀਂ, ਉੱਦਮ ਅਤੇ ਸਿਆਣਪ ਨਾਲ ਕੀਤੀਆਂ ਹਨ।

ਆਉ! ਰੱਬ ਨੂੰ 'ਵਾਜਾਂ ਮਾਰਨ ਦੀ ਥਾਂ, ਖ਼ੁਦ ਕੁੱਝ ਸਿੱਖਣ ਦੀ ਅਤੇ ਕਰਨ ਦੀ ਤਦਬੀਰ ਬਣਾਈਏ। ਗੁਰੂਆਂ ਨੂੰ ਬੁਲਾਉਣ ਦੀ ਥਾਂ, ਉਨ੍ਹਾਂ ਦੇ ਕੀਤੇ ਮਹਾਨ ਕਾਰਜਾਂ ਤੋਂ ਉਤਸ਼ਾਹ ਲਈਏ। ਉਨ੍ਹਾਂ ਦੇ ਰੱਬੀ ਕਲਾਮ ਗੁਰਬਾਣੀ ਉਪਦੇਸ਼ ਨੂੰ ਸਮਝ ਵਿਚਾਰ ਕੇ ਉਸ ਮੁਤਾਬਕ ਆਪਣਾ ਜੀਵਨ ਢਾਲੀਏ। ਅੱਖਾਂ ਬੰਦ ਕਰ ਕੇ ਬੈਠਣ ਵਾਲੇ ਸਦਾ ਲੁੱਟੇ ਜਾਂਦੇ ਹਨ। ਅਜਿਹੇ ਮਾਰੂ ਪ੍ਰਚਾਰ ਨਾਲ ਸਿੱਖਾਂ ਦਾ ਸੰਵਰਿਆ ਕੁੱਝ ਨਹੀਂ ਪਰ ਵਿਗੜ ਬਹੁਤ ਸਾਰਾ ਗਿਆ ਹੈ। ਅਸਲੀ ਸਿਮਰਨ ਹੈ ਗੁਰੂ ਹੁਕਮਾਂ ਮੁਤਾਬਕ ਨੇਕ ਜੀਵਨ।

ਊਠਤ ਬੈਠਤ ਸੋਵਤ ਧਿਆਈਐ ॥ ਮਾਰਗਿ ਚਲਤ ਹਰੇ ਹਰਿ ਗਾਈਐ ॥
ਸ੍ਰਵਨ ਸੁਨੀਜੈ ਅੰਮ੍ਰਿਤ ਕਥਾ ॥
ਜਾਸੁ ਸੁਨੀ ਮਨਿ ਹੋਇ ਅਨੰਦਾ, ਦੂਖ ਰੋਗ ਮਨ ਸਗਲੇ ਲਥਾ ॥ ਰਹਾਉ
ਕਾਰਜਿ ਕਾਮਿ ਬਾਟ ਘਾਟ ਜਪੀਜੈ ॥ ਗੁਰ ਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ ॥
ਦਿਨਸੁ ਰੈਨਿ ਹਰਿ ਕੀਰਤਨੁ ਗਾਈਐ ॥ ਸੋ ਜਨੁ ਜਮ ਕੀ ਵਾਟ ਨ ਪਾਈਐ ॥
ਆਠ ਪਹਰ ਜਿਸੁ ਵਿਸਰਹਿ ਨਾਹੀ ॥ ਗਤਿ ਹੋਵੈ ਨਾਨਕ ਤਿਸੁ ਲਗਿ ਪਾਈ ॥ (386)

ਹੇ ਭਾਈ! ਹਰ ਸਮੇਂ ਨਿਰੰਕਾਰ ਨੂੰ ਯਾਦ ਰੱਖੋ। ਜੀਵਨ ਵਿੱਚ ਕੋਈ ਕਾਰਜ ਕਰੋ, ਉਸ ਵਿੱਚ ਬੇਈਮਾਨੀ ਨਾ ਹੋਵੇ। ਸਤਿਗੁਰੂ ਜੀ ਦੇ ਅੰਮ੍ਰਿਤ ਬਚਨ ਗੁਰਬਾਣੀ ਨੂੰ ਵਿਚਾਰ ਸਹਿਤ ਪੜ੍ਹੋ ਤੇ ਸਮਝੋ। ਇਸ ਉੱਤਮ ਉਪਦੇਸ਼ ਨਾਲ ਮਨ ਵਿੱਚੋਂ ਵਿਕਾਰਾਂ ਦਾ ਖ਼ਾਤਮਾ ਕਰਨਾ ਹੈ। ਜੇ ਗੁਰੂ ਦੇ ਹੁਕਮ ਨੂੰ ਸਵੀਕਾਰ ਕਰੋਗੇ ਤਾਂ ਸਾਰੇ ਵਿਕਾਰ ਤਿਆਗ ਦਿਓਗੇ। ਜ਼ਿੰਦਗੀ ਵਿੱਚ ਕਈ ਵਾਰੀ ਘਾਟਾ ਪੈਂਦਾ ਹੈ, ਕਦੀ ਮੁਨਾਫ਼ਾ ਹੁੰਦਾ ਹੈ। ਬੇ-ਪ੍ਰਵਾਹ ਹੋ ਕੇ ਅੱਗੇ ਵਧਦੇ ਜਾਣਾ ਹੈ। ਇਸ ਤਰ੍ਹਾਂ ਗੁਰੂ ਦੇ ਉਪਦੇਸ਼ ਰਾਹੀਂ ਜੀਵਨ ਵਿਕਾਰ ਰਹਿਤ, ਅੰਮ੍ਰਿਤ ਵਰਗਾ ਹੋ ਜਾਵੇਗਾ। ਦਿਨ-ਰਾਤ ਪ੍ਰਭੂ ਦੀ ਸਿਫ਼ਤ ਸਲਾਹ ਕਰਨੀ ਹੈ। ਅਜਿਹਾ ਮਨੁੱਖ ਬੇਖੌਫ਼ ਨਿਡਰ ਹੋ ਜਾਂਦਾ ਹੈ। ਜਮਦੂਤ (ਮੌਤ) ਭੀ ਉਸ ਨੂੰ ਡਰਾ ਨਹੀਂ ਸਕ਼ਦਾ। ਸਾਰੀ ਉਮਰ, ਅੱਠੇ ਪਹਿਰ ਨਿਰੰਕਾਰ ਨੂੰ ਯਾਦ ਰੱਖਣਾ ਹੈ। ਇਹੀ ਹੈ ਅਸਲੀ ਮੁਕਤੀ ਦਾ ਤਰੀਕਾ, ਜੀਵਨ ਮੁਕਤੀ।

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥ (1376)

ਤਿਲੋਚਨ ਭਗਤ ਜੀ ਨਾਮਦੇਵ ਜੀ ਨੂੰ ਸਾਰੇ ਕੰਮ ਕਰਦਿਆਂ ਵੇਖ ਕੇ ਸੁਆਲ ਕਰਦੇ ਹਨ ਕਿ ਦੁਨੀਆਂਦਾਰੀ ਅਤੇ ਭਗਤੀ ਇਕੱਠੀ ਕਿਵੇਂ ਨਿਭ ਸਕਦੀ ਹੈ? ਤਾਂ ਨਾਮਦੇਵ ਜੀ ਦੱਸਦੇ ਹਨ ਕਿ ਭਾਈ ਹਿਰਦੇ ਵਿੱਚ ਪਰਮੇਸ਼ਰ ਨੂੰ ਯਾਦ ਰਖੀਦਾ ਹੈ। ਸਰੀਰ ਦੁਆਰਾ ਸਾਰੀਆਂ ਜ਼ਿੰਮੇਵਾਰੀਆਂ ਨਿਭਾਈਦੀਆਂ ਹਨ। ਇਹੋ ਅਸਲ ਭਗਤੀ ਹੈ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ, ਖਾਵੰਦਿਆ, ਵਿਚੇ ਹੋਵੈ ਮੁਕਤਿ ॥ (522)

ਸਤਿਗੁਰੂ ਜੀ ਦੀ ਪਾਵਨ ਬਾਣੀ ਰਾਹੀਂ ਗੁਰਮਤਿ ਪ੍ਰਾਪਤ ਹੋ ਜਾਵੇ ਤਾਂ ਸਮਝੋ ਜੀਵਨ ਸਫ਼ਲਾ ਹੋ ਗਿਆ। ਫਿਰ ਸੰਸਾਰ ਵਿੱਚ ਰਹਿ ਕੇ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ "ਅਸਲੀ ਭਗਤੀ" ਦੀ ਸਮਝ ਆ ਜਾਂਦੀ ਹੈ। ਫਿਰ ਹਸਦਿਆਂ ਖੇਲਦਿਆਂ ਸੋਹਣੇ ਬਸਤਰ ਪਹਿਨਦਿਆਂ, ਚੰਗੇ ਪਦਾਰਥ ਛਕਦਿਆਂ, ਮਨੁੱਖ ਬੰਧਨ ਮੁਕਤ ਹੋ ਜਾਂਦਾ ਹੈ। ਸਾਰੇ ਕਾਰਜ ਕਰ ਕੇ ਭੀ ਨਿਰਲੇਪ ਰਹਿੰਦਾ ਹੈ। ਵਿਕਾਰਾਂ ਦੇ ਕਾਬੂ ਨਹੀਂ ਆਉਂਦਾ।

ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ (522)

ਹੇ ਭਾਈ! ਆਲਸ ਤਿਆਗ ਦਿਓ, ਹਿੰਮਤੀ ਜਾਂ ਉੱਦਮੀ ਇਨਸਾਨ ਬਣੋ। ਜੀਵਨ ਦੀਆਂ ਲੋੜਾਂ ਵਾਸਤੇ ਉਪਜੀਵਕਾ ਕਮਾਉਣੀ ਜ਼ਰੂਰੀ ਹੈ। ਕਿਰਤੀ ਬਣੀਂ, ਮੰਗਤਾ ਨਾ ਬਣ ਜਾਵੀਂ। ਨਾਲ ਹੀ ਪਰਮੇਸ਼ਰ ਨੂੰ ਸਦਾ ਯਾਦ ਰੱਖੀਂ। ਉਸ ਨੂੰ ਹਾਜ਼ਰ ਜਾਣ ਕੇ ਮੰਦਾ ਕੰਮ ਕੋਈ ਨਾ ਕਰੀਂ। ਇਸ ਤਰ੍ਹਾਂ ਸਾਰੀਆਂ ਚਿੰਤਾਵਾਂ ਤੋਂ ਮੁਕਤ ਜੀਵਨ ਬਤੀਤ ਕਰਨਾ ਹੈ। ਵਿਕਾਰ ਤਿਆਗ ਦੇਣੇ ਅਤੇ ਗੁਣਵਾਨ ਬਣ ਜਾਣਾ। ਮਨੁੱਖ ਮਾਤਰ ਦੇ ਭਲੇ ਦਾ ਕੰਮ ਜਿੰਨਾ ਕਰ ਸਕੀਏ, ਕਰਦੇ ਰਹਿਣਾ। ਇਹੀ ਅਸਲ "ਸਿਮਰਨ" ਹੈ। ਵੇਹਲੇ ਬੈਠ ਕੇ, ਚੌਕੜੇ ਮਾਰ ਕੇ, ਅੱਖਾਂ ਬੰਦ ਕਰ ਕੇ ਕੋਈ ਮੰਤਰ ਸ਼ਬਦ ਪੜ੍ਹਨਾ ਜਾਂ ਮਾਲਾ ਫੇਰਨੀ ਗੁਰਮਤਿ ਵਿੱਚ ਪ੍ਰਵਾਨ ਨਹੀਂ ਹੈ।

ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ ॥
ਹਰਿ ਜਪਿ ਪੜੀਐ ਹਉਮੈ ਮਾਰਿ ॥
ਹਰਿ ਜਪਿ ਪੜੀਐ ਭਾਇ ਸਚਿ ਪਿਆਰਿ ॥
ਨਾਨਕ ਨਾਮੁ ਗੁਰਮਤਿ ਉਰਧਾਰਿ ॥ (423)



ਸਿਮਰਨ ਦੀਆਂ ਬਰਕਤਾਂ - ਦੂਜਾ ਪਾਸਾ

ਦੁਨੀਆਂ ਵਿੱਚ ਰੱਬ ਦੀ ਹੋਂਦ ਮੰਨਣ ਵਾਲੇ ਲੋਕ ਹੋਰ ਬਹੁਤ ਸਾਰੀਆਂ ਧਾਰਮਕ ਰਸਮਾਂ ਦੇ ਨਾਲ-ਨਾਲ "ਸਿਮਰਨ" 'ਤੇ ਵਿਸ਼ੇਸ਼ ਜ਼ੋਰ ਦਿੰਦੇ ਹਨ। ਇਸ ਸਿਮਰਨ ਵਿੱਚੋਂ ਅਣਗਿਣਤ ਪ੍ਰਾਪਤੀਆਂ ਹੋਣੀਆਂ ਭੀ ਦਸਦੇ ਹਨ। ਧਰਮ ਨਾਲ ਸਬੰਧਤ ਹੋਏ ਰੰਗ ਬਰੰਗੇ ਸਾਧ ਤਾਂ ਸਿਰਫ਼ "ਸਿਮਰਨ" ਹੀ ਕਰਦੇ ਹਨ ਬਾਕੀ ਸਾਰੇ ਕੰਮ ਤਾਂ ਉਨ੍ਹਾਂ ਦੇ ਸੇਵਕ ਕਰਦੇ ਹਨ। ਇੱਥੋਂ ਤੱਕ "ਸਿਮਰਨ" ਕਰਦਿਆਂ ਸਾਧਾਂ ਦੇ ਸਰੀਰ ਬਹੁਤ ਥੱਕ ਜਾਂਦੇ ਹਨ। ਫਿਰ ਭੀ ਉਨ੍ਹਾਂ ਨੇ ਕੰਮ ਨਹੀਂ ਕਰਨਾ, ਵਰਜਿਸ਼ ਨਹੀਂ ਕਰਨੀ, ਖੇਢਾਂ ਵਿੱਚ ਹਿੱਸਾ ਨਹੀਂ ਲੈਣਾ। ਥਕਾਵਟ ਉਤਾਰਨ ਵਾਸਤੇ ਚੇਲੇ-ਚੇਲੀਆਂ ਤੋਂ ਮਾਲਿਸ਼ ਕਰਾਉਣੀ ਹੈ। ਧਰਮੀ ਪੁਰਖਾਂ ਦਾ "ਧਰਮ" ਸੀ ਸਮਾਜ ਵਿੱਚੋਂ ਬੁਰਾਈਆਂ ਘੱਟ ਕਰਨ ਵਿੱਚ ਯੋਗਦਾਨ ਪਾਉਣਾ। ਗ਼ਰੀਬੀ ਅਣਪੜ੍ਹਤਾ, ਬੇਇਨਸਾਫ਼ੀ ਦੂਰ ਕਰਾਉਣ ਲਈ ਆਪਣਾ ਵੱਧ ਤੋਂ ਵੱਧ ਸਮਾਂ ਲੇਖੇ ਲਾਉਣਾ। ਬੇਈਮਾਨ ਹਾਕਮਾਂ ਦੇ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਨੀ। ਆਮ ਲੋਕਾਂ ਦੇ ਲੁੱਟੇ ਗਏ ਅਧਿਕਾਰਾਂ ਵਾਸਤੇ ਹਰ ਕੋਸ਼ਿਸ਼ ਕਰਨੀ। ਜੇ ਕਿਸੇ ਸਮੇਂ ਮਨੁੱਖੀ ਹੱਕ ਪ੍ਰਾਪਤ ਕਰਨ ਵਾਸਤੇ ਜਾਨ ਦੀ ਬਾਜ਼ੀ ਲਾਉਣੀ ਪਵੇ ਤਾਂ ਸ਼ੇਰ ਮਰਦ ਬਣ ਕੇ ਮੌਤ ਕਬੂਲ ਕਰ ਲੈਣੀ। ਆਪਣੇ ਨਿੱਜੀ ਸੁੱਖ-ਆਰਾਮ ਲੋਕਾਂ ਤੋਂ ਕੁਰਬਾਨ ਕਰ ਦੇਣੇ। ਅਜਿਹੇ ਗੁਣਾਂ ਵਾਲੇ ਗੁਰੂ ਸਾਹਿਬਾਨ ਸਨ। ਉਨ੍ਹਾਂ ਵੱਲੋਂ ਸਿਖਾਏ, ਪੜ੍ਹਾਏ ਸਿੱਖ ਸਨ, ਜਿਨ੍ਹਾਂ ਨੇ ਜਾਬਰਾਂ ਦੇ ਮੁਹਾਣ ਮੋੜ ਦਿੱਤੇ। ਇਤਿਹਾਸ ਵਿੱਚ ਨਵੇਂ ਕੀਰਤੀਮਾਨ ਸਥਾਪਤ ਕਰ ਵਿਖਾਏ। ਉਨ੍ਹਾਂ ਨੂੰ ਅੱਖਾਂ ਬੰਦ ਕਰ ਕੇ, ਚੌਕੜਾ ਮਾਰ ਕੇ, ਸਿਮਰਨ ਕਰਨਾ ਚੰਗਾ ਨਹੀਂ ਲੱਗਿਆ। ਤਬਾਹ ਕੀਤੇ ਜਾ ਰਹੇ ਸਮਾਜ ਨੂੰ ਬਚਾਉਣ ਵਾਸਤੇ ਆਪਣਾ ਸਭ ਕੁੱਝ ਕੁਰਬਾਨ ਕਰ ਦਿੱਤਾ। ਜ਼ੁਲਮ ਨੂੰ ਮਿਟਾਉਣਾ ਤੇ ਸੱਚ ਮਾਰਗ ਨੂੰ ਪ੍ਰਗਟ ਕਰਨਾ ਹੀ ਉਨ੍ਹਾਂ ਦਾ "ਸਿਮਰਨ" ਸੀ।

23 ਮਾਰਚ 2011 ਨੂੰ ਮੇਰਾ ਇੱਕ ਲੇਖ ਸਪੋਕਸਮੈਨ ਵਿੱਚ ਛਪਿਆ ਸੀ, "ਅਸੀਂ ਸਿਮਰਨ ਕਰਦੇ ਹਾਂ, ਤੁਸੀਂ ਕੰਮ ਕਰੋ'। ਇਸ ਲੇਖ ਦੀ ਹਮਾਇਤ ਵਿੱਚ 105 ਫ਼ੋਨ ਆਏ। ਕੁੱਝ ਇੱਕ ਵੀਰਾਂ-ਭੈਣਾਂ ਤੇ ਨੌਜੁਆਨਾਂ ਨੇ ਹੋਰ ਜਾਣਕਾਰੀ ਲੈਣ ਦੀ ਇੱਛਾ ਜਤਾਈ, ਸੁਆਲ ਜੁਆਬ ਕੀਤੇ। ਅੱਠ ਕੁ ਫ਼ੋਨ "ਧਰਮੀ ਪੁਰਖਾਂ" ਦੇ ਆਏ ਜਿਨ੍ਹਾਂ ਨੂੰ ਸੁਆਲ ਜੁਆਬ ਕਰਨੇ ਤਾਂ ਆਉਂਦੇ ਨਹੀਂ। ਲੇਖਕ ਨੂੰ ਨਾਸਤਕ ਅਤੇ ਮੂਰਖ ਕਹਿਣ ਦਾ "ਧਰਮ" ਜ਼ਰੂਰ ਕਮਾਉਂਦੇ ਰਹੇ-

☛ ਇੱਕ ਬੀਬੀ ਦਾ ਫ਼ੋਨ 81464-00583 ਨੰ. ਤੋਂ ਆਇਆ। ਉਸ ਨੇ ਆਪਣਾ ਨਾਮ ਅਰਸ਼ਪ੍ਰੀਤ ਕੌਰ ਦੱਸਿਆ। ਉਸ ਨੇ "ਸਿਮਰਨ" ਦੀ ਤਾਕਤ ਬਿਆਨ ਕਰਦਿਆਂ ਦੱਸਿਆ ਕਿ ਮੇਰੇ ਨਾਮ ਜਪਣ ਤੋਂ ਖ਼ੁਸ਼ ਹੋ ਕੇ ਗੁਰੂ ਨਾਨਕ ਬਾਬਾ ਜੀ ਖ਼ੁਦ ਮੇਰੇ ਕੋਲ ਆਉਂਦੇ ਹਨ। ਜਿੰਨਾ ਸਮਾਂ ਮੈਂ ਚਾਹਵਾਂ ਆਪਣੇ ਕੋਲ ਰੱਖ ਸਕਦੀ ਹਾਂ। ਮੈਂ ਸੁਆਲ ਕੀਤਾ- "ਇਸ ਦਾ ਮਤਲਬ ਕਿ ਗੁਰੂ ਜੀ ਤੁਹਾਡੇ ਨਾਲ ਬੇਅੰਤ ਪਿਆਰ ਕਰਦੇ ਹਨ?

ਫਿਰ ਤੁਹਾਡਾ ਆਖਿਆ ਭੀ ਜ਼ਰੂਰ ਮੰਨਦੇ ਹੋਣਗੇ ?" ਆਖਣ ਲੱਗੀ- "ਹਾਂ ਜੀ !" "ਫਿਰ ਕਿਰਪਾ ਕਰ ਕੇ ਸਿੱਖਾਂ ਦੀ ਹੋ ਰਹੀ ਦੁਰਗਤ ਬਾਰੇ ਬਾਬਾ ਜੀ ਨੂੰ ਜਾਣਕਾਰੀ ਦੇ ਦਿਓ। ਉਨ੍ਹਾਂ ਨੂੰ ਦੱਸੋ ਕਿ ਤੁਹਾਡੇ ਨਾਮ 'ਤੇ ਬਣੇ ਧਰਮ ਅਸਥਾਨਾਂ 'ਤੇ ਚੋਰ, ਠੱਗ, ਬਦਮਾਸ਼ ਤੇ ਕਾਤਲ ਕਬਜਾ ਕਰੀ ਬੈਠੇ ਹਨ। ਪੈਸਾ ਹੜੱਪ ਕਰਦੇ ਹਨ, ਸਿੱਖਾਂ ਨੂੰ ਗੁੰਮਰਾਹ ਕਰਦੇ ਹਨ। ਤੁਹਾਡੇ ਸਿੱਖ ਬਣੇ ਲੀਡਰ ਸਿੱਖਾਂ ਦੇ ਹੱਕ, ਪੰਜਾਬ ਦੇ ਮਸਲੇ ਭੁਲਾ ਚੁੱਕੇ ਹਨ। ਤੁਹਾਡੀ ਪਾਵਨ ਬਾਣੀ ਦੀ ਥਾਵੇਂ ਲੱਚਰ ਕਵਿਤਾਵਾਂ ਵਾਲਾ ਗ੍ਰੰਥ ਗੁਰਦਵਾਰਿਆਂ ਵਿੱਚ ਟਿਕਾ ਚੁੱਕੇ ਹਨ। ਬੀਬੀ ਜੀ! ਕਿਰਪਾ ਕਰ ਕੇ ਬਾਬਾ ਨਾਨਕ ਜੀ ਨੂੰ ਆਖ ਕੇ ਇਹ ਸਾਰੇ ਮਸਲੇ ਹੱਲ ਕਰਵਾ ਦਿਓ। ਤੁਹਾਡੀ ਚਾਰੇ ਬੰਨੇ ਜੈ ਜੈ ਕਾਰ ਹੋ ਜਾਵੇਗੀ। ਮਾਰ ਦਿਓ **'ਕੱਦੂ ਵਿੱਚ ਤੀਰ'**।" ਬੀਬੀ ਜੀ ਦੀ ਜ਼ਬਾਨ ਥਥਲਾ ਗਈ ਤੇ ਫ਼ੋਨ ਬੰਦ ਕਰ ਦਿੱਤਾ।

☛ 98556-88563 ਨੰ. ਤੋਂ ਇੱਕ ਫ਼ੋਨ ਆਇਆ। ਇਹ ਭਾਈ ਦਸਮ ਗ੍ਰੰਥ ਨੂੰ ਆਪਣਾ ਮੁਕਤੀ ਦਾਤਾ ਮੰਨੀ ਜਾ ਰਿਹਾ ਸੀ। ਦਸਮ ਗ੍ਰੰਥ ਵਿਚਲੀ ਅਸ਼ਲੀਲ ਸਮੱਗਰੀ ਬਾਰੇ ਕੋਈ ਜਾਣਕਾਰੀ ਨਹੀਂ ਸੀ। ਗੱਲ ਨੂੰ ਲਮਕਾਉਂਦਾ ਹੋਇਆ ਦਸਮ ਪਾਤਿਸ਼ਾਹ ਦਾ ਇਤਿਹਾਸ ਸੁਣਾਉਣ ਲੱਗ ਪੈਂਦਾ ਸੀ। ਜਦੋਂ ਰੋਕ ਕੇ ਅਸਲ ਮੁੱਦੇ "ਸਿਮਰਨ" ਬਾਰੇ ਸੁਆਲ ਕਰਨ ਲਈ ਕਿਹਾ ਜਾਂਦਾ ਤਾਂ ਬਗ਼ੈਰ ਗੱਲ ਕੀਤੇ ਫਿਰ ਲਗਾਤਾਰ ਬੋਲਦਾ ਚਲਾ ਜਾਂਦਾ ਸੀ। ਅਫ਼ਸੋਸ ਕਿ ਇਸ ਨੂੰ ਸੁਆਲ ਜੁਆਬ ਦਾ ਅਤੇ ਲੈਕਚਰ ਵਾਲੇ ਫ਼ਰਕ ਦਾ ਭੀ ਪਤਾ ਨਹੀ ਸੀ। ਅਖ਼ੀਰ ਮੈਨੂੰ ਕਹਿਣਾ ਪਿਆ ਕਿ ਜਿਸ ਸਿਮਰਨ ਦੀਆਂ ਗੱਲਾਂ ਤੁਸੀਂ ਕਰਦੇ ਹੋ, ਤੁਹਾਨੂੰ ਮੁਬਾਰਕ। ਅਜਿਹੀ ਤੋਤਾ ਰਟਣੀ ਕਾਰਨ ਹੀ ਤੁਸੀਂ ਗਿਆਨ ਤੋਂ ਸੱਖਣੇ ਰਹਿ ਗਏ ਹੋ।

☛ 97817-13131, 94176-49956, 98149-72002, 93112-89977 ਇਹ ਭਾਈ ਆਪੋ ਆਪਣੀ ਰਾਮ ਕਹਾਣੀ ਛੇੜ ਕੇ ਅਜਿਹਾ ਗਿੱਲਾ ਪੀਹਣਾ ਪਾਉਂਦੇ ਹਨ ਕਿ ਗੱਲਬਾਤ ਕਿਤੇ ਖ਼ਤਮ ਹੀ ਨਹੀਂ ਹੁੰਦੀ। "ਮੈਂ ਉਥੇ ਗਿਆ, ਉੱਥੋਂ ਆਇਆ, ਨੌਕਰੀ ਕੀਤੀ..." ਆਦਿ ਬੇ ਲੋੜੀਆਂ ਗੱਲਾਂ ਤੇ ਵਕਤ ਖ਼ਰਾਬ ਕਰਦੇ ਰਹੇ। ਇਸ ਗੱਲ ਦਾ ਪਤਾ ਹੀ ਨਹੀਂ ਕਿ ਜਿਸ ਮਕਸਦ ਵਾਸਤੇ ਫ਼ੋਨ ਕੀਤਾ ਹੈ, ਉਸੇ ਦਾਇਰੇ ਵਿੱਚ ਰਹਿ ਕੇ ਗੱਲਬਾਤ ਕਰੀਏ। 10-10 ਕਿੱਲੋ ਮੀਟਰ ਲੰਮੀਆਂ ਕਹਾਣੀਆਂ ਸੁਣਨ ਦਾ ਵਕਤ ਨਹੀਂ ਹੈ।

ਹੁਣ ਗੱਲ ਕਰਦੇ ਹਾਂ ਗੁਰਬਾਣੀ ਵਿੱਚ ਆਏ "ਸਿਮਰਨ" ਸ਼ਬਦ ਬਾਰੇ।

ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ ॥ ਹਰਿ ਜਪਿ ਪੜੀਐ ਹਉਮੈ ਮਾਰਿ ॥
ਹਰਿ ਜਪਿ ਪੜੀਐ ਭਾਇ ਸਚਿ ਪਿਆਰਿ ॥ ਨਾਨਕ ਨਾਮ ਗੁਰਮਤਿ ਉਰਧਾਰਿ ॥ (423)

ਹੇ ਭਾਈ! ਗੁਰੂ ਜੀ ਦੇ ਸ਼ਬਦ ਨੂੰ ਵਿਚਾਰੋ, ਸਮਝੋ, ਇਹੀ ਹਰੀ ਦਾ ਅਸਲੀ ਜਪ ਜਾਂ ਸਿਮਰਨ ਹੈ। ਸ਼ਬਦ ਦੀ ਵਿਚਾਰ ਇਹ ਦੱਸਦੀ ਹੈ ਕਿ ਹਉਮੈਂ ਨੂੰ ਕਾਬੂ ਵਿੱਚ ਕਰ ਲਓ, ਇਹੀ ਜਪ ਹੈ। ਨਿਰੰਕਾਰ ਦੇ ਜੀਵਾਂ ਨੂੰ ਪਿਆਰ ਕਰੀਏ ਸੱਚ ਦੇ ਮਾਰਗ 'ਤੇ ਚੱਲੀਏ, ਇਹੀ ਹਰੀ ਦਾ ਜਾਪ ਹੈ। ਹੇ ਨਾਨਕ! ਨਾਮ ਹੈ ਗੁਰੂ ਦੀ ਮੱਤ (ਉਪਦੇਸ਼) ਇਸ ਨੂੰ ਹਿਰਦੇ ਵਿੱਚ ਵਸਾ ਲਓ, ਇਹੀ "ਸਿਮਰਨ" ਹੈ।

ਨਾਨਕ ਧਨੁ ਧੰਨ ਵੱਡੇ ਵਡਭਾਗੀ, ਜਿਨ੍ਹ ''ਗੁਰਮਤਿ ਨਾਮੁ'' ਰਿਦੈ ਮਲੁ ਧੋਹੈ ॥ (493)

ਉਹ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਗੁਰੂ ਦੀ ਮੱਤ ਵਾਲਾ ਨਾਮ (ਉਪਦੇਸ਼) ਹਿਰਦੇ ਵਿੱਚ ਵਸਾ ਲਿਆ।

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
''ਏਕੋ ਨਾਮ ਹੁਕਮੁ ਹੈ'',ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥ (72)

ਭਾਈ ਸੱਚੀ ਸੰਗਤ (ਸਮੂਹ) ਕਿਸ ਨੂੰ ਆਖੀਏ ? ਉਸ ਨੂੰ ਜਿਥੇ ਕੇਵਲ ਪਰਮੇਸ਼ਰ ਦੇ ''ਨਾਮ'' ਬਾਰੇ ਵਿਚਾਰ ਹੋ ਰਹੀ ਹੋਵੇ। ਨਾਮ ਕੀ ਹੈ ? ਗੁਰੂ ਦਾ ਹੁਕਮ (ਉਪਦੇਸ਼) ਹੀ ਨਾਮ ਹੈ। ਇਸ ਗੱਲ ਦੀ ਸਮਝ ਭੀ ਗੁਰੀ ਕਿਰਪਾ ਨਾਲ ਆਉਂਦੀ ਹੈ। ''ਸਿਮਰਨ'' ਬਹੁਤ ਸਾਰੇ ਅਰਥਾਂ ਵਿੱਚ ਵਰਤਿਆ ਹੈ। ਨਾਮ ਦੇ ਕਈ ਸਾਰੇ ਅਰਥ ਹਨ। ਵਿਚਾਰ ਕਰੋ-

ਅਧੁ ਗੁਲ੍ਹਾ ਚਿੜੀ ਕਾ ਢੁਗਣੁ ਗੈਣਿ ਚੜੀ ਬਿਲਲਾਇ ॥
ਖਸਮੈ ਭਾਵੈ ਓਹਾ ਚੰਗੀ,ਜਿ ਕਰੇ ''ਖੁਦਾਇ ਖੁਦਾਇ'' ॥
ਅਕ ਸਿਉ ਪ੍ਰੀਤਿ ਕਰੇ ਅਕ ਤਿਡਾ, ਅਕ ਡਾਲੀ ਬਹਿ ਖਾਇ ॥
ਖਸਮੈ ਭਾਵੈ ਓਹੋ ਚੰਗਾ ਜਿ ਕਰੇ ''ਖੁਦਾਇ ਖੁਦਾਇ'' ॥ (1286)

''ਨਾਮ ਸਿਮਰਨ ਵਾਲੇ ਸ਼ਰਧਾਵਾਨ'' ਕਿਰਪਾ ਕਰ ਕੇ ਸਪੱਸ਼ਟ ਕਰਨਗੇ ਕਿ ਚਿੜੀ ਅਤੇ ਅੱਕ ਖਾਣ ਵਾਲਾ ਟਿੱਡਾ, ਖੁਦਾਇ-ਖਦਾਇ ਆਖ ਕੇ ''ਸਿਮਰਨ'' ਕਰਦੇ ਕਦੀ ਵੇਖੇ ਹਨ ? ਅਰਥ ਭਾਵ ਹੈ ਕਿ ਕੁਦਰਤੀ ਸਾਦਗੀ ਵਾਲੀ ਜ਼ਿੰਦਗੀ ਬਤੀਤ ਕਰਦੇ ਹਨ।

ਸਿਮਰਨ ਦੇ ਹਮਾਇਤੀ ਨਾਮ ਸਿਮਰਨ ਵਿੱਚੋਂ ਪੈਦਾ ਹੋਣ ਵਾਲੀਆਂ ਸ਼ਕਤੀਆਂ ਬਹੁਤ ਗਿਣਾਉਂਦੇ ਹਨ। ਨਾਮ ਸਿਮਰਨ ਵਾਲਿਆਂ ਨੂੰ ਕਰਾਮਾਤੀ ਭੀ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਿਮਰਨ ਕਰਨ ਵਾਲੇ ਧਨਵਾਨ ਹੋ ਜਾਂਦੇ ਹਨ। ਦੁੱਖ ਖ਼ਤਮ ਹੋ ਜਾਂਦੇ ਹਨ। ਸਦੀਵੀ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਜੋ ਮੰਗੋ ਸੋਈ ਮਿਲ ਜਾਂਦਾ ਹੈ... ਆਦਿ। ਅਜਿਹੀਆਂ ਗੁਰਬਾਣੀ ਪੰਕਤੀਆਂ ਦੇ ਹਵਾਲੇ ਭੀ ਦਿੰਦੇ ਹਨ-

ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥
ਪ੍ਰਭ ਕਉ ਸਿਮਰਹਿ ਸੇ ਬੇ ਮੁਹਤਾਜੇ ॥ ਪ੍ਰਭ ਕਉ ਸਿਮਰਹਿ ਸੇ ਸਰਬ ਕੇ ਰਾਜੇ ॥... (263)

ਪਰਮੇਸਰ ਦਾ ਸਿਮਰਨ ਕਰਨ ਵਾਲੇ ਧੰਨਵਾਨ ਹੋ ਜਾਂਦੇ ਹਨ। ਇੱਜ਼ਤਦਾਰ ਬਣ ਜਾਂਦੇ ਹਨ। ਸਾਰੇ ਲੋਕ ਉਨ੍ਹਾਂ ਨੂੰ ਚੰਗੇ ਸਮਝਦੇ ਹਨ। ਉਹ ਸਾਰਿਆਂ ਦੇ ਮੁਖੀ ਬਣਦੇ ਹਨ। ਉਨ੍ਹਾਂ ਨੂੰ ਕਿਸੇ ਦੀ ਗ਼ੁਲਾਮੀ ਨਹੀਂ ਰਹਿੰਦੀ। ਸਿਮਰਨ ਕਰਨ ਵਾਲੇ ਸਾਰਿਆਂ ਤੇ ਰਾਜ ਕਰਦੇ ਹਨ, ਆਦਿ ਆਦਿ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਿਮਰਨ ਕਰਨ ਵਾਲੇ ਸਿੱਖ ਧਨਵਾਨ ਕਿਉਂ ਨਹੀਂ ਹਨ। ਅੱਜ ਤਾਂ ਦੋ ਨੰਬਰ ਵਾਲੇ ਪਾਪ ਕਰਮ ਕਰਨ ਵਾਲੇ ਧਨਵਾਨ ਹਨ। ਕੀ ਉਹ ਸਿਮਰਨ ਬਹੁਤ ਕਰਦੇ ਹਨ ? ਸਮੁੱਚੇ ਸਿੱਖ ਪੰਥ ਨੂੰ ਆਪਣਿਆਂ ਅਤੇ ਬੇਗਾਨਿਆਂ ਨੇ, ਬੇਪੱਤ ਕਰ ਕੇ ਘੱਟੇ ਰੋਲ ਦਿੱਤਾ ਹੈ। ਕਿਥੇ ਹੈ ਸਿੱਖਾਂ ਦੀ ਇੱਜ਼ਤ ? ਇੱਜ਼ਤ ਹੈ ਵੱਡੇ ਅਫ਼ਸਰਾਂ ਦੀ, ਵਜ਼ੀਰਾਂ ਦੀ, ਕਾਰਖਾਨੇਦਾਰਾਂ ਦੀ, ਵਾਪਾਰੀਆਂ ਦੀ। ਕੀ ਉਹ ਸਾਰੇ ਨਾਮ ਸਿਮਰਨ ਕਰਦੇ ਹਨ ?

ਸਿਮਰਨ ਵਾਲੇ ਸਾਰਿਆਂ ਦੀ ਨਜ਼ਰ ਵਿੱਚ ਪਰਵਾਨ ਹੋ ਜਾਂਦੇ ਹਨ। ਕੀ ਸਿੱਖ ਇਸ ਦੇਸ਼ ਦੇ ਹਾਕਮਾਂ ਦੀਆਂ ਨਜ਼ਰਾਂ ਵਿੱਚ ਪਰਵਾਨ ਹੋ ਗਏ ਹਨ? ਇੱਥੇ ਤਾਂ ਬਿਨਾਂ ਕਸੂਰ ਦੱਸੇ ਬੇਅੰਤ ਸਿੱਖਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ ਹੈ। ਕੀ ਸਿੱਖ ਸਿਮਰਨ ਦੀ ਘਾਟ ਕਾਰਨ ਮਾਰੇ ਜਾ ਰਹੇ ਹਨ? ਜਿਹੜੀਆਂ ਤਾਕਤਾਂ (ਸਰਕਾਰੀ ਜਾਂ ਗ਼ੈਰ ਸਰਕਾਰੀ) ਸਿੱਖਾਂ ਨੂੰ ਤਬਾਹ ਕਰ ਰਹੀਆਂ ਹਨ ਕੀ ਉਨ੍ਹਾਂ ਨੂੰ ਅਸੀਮ ਤਾਕਤ ਸਿਮਰਨ ਵਿੱਚੋਂ ਮਿਲੀ ਹੈ? ਸਿਮਰਨ ਕਰਨ ਵਾਲੇ ਹਰ ਥਾਂ ਮੋਹਰੀ ਜਾਂ ਸਾਰਿਆਂ ਦੇ ਪ੍ਰਧਾਨ ਬਣ ਜਾਂਦੇ ਹਨ। ਮੋਹਰੀ ਹੋਣਾ ਤਾਂ ਦੂਰ ਦੀ ਗੱਲ ਸਿੱਖ ਦੂਜੇ ਦਰਜੇ ਦੇ ਸ਼ਹਿਰੀ ਬਣੇ ਵੇਖੇ ਜਾ ਸਕਦੇ ਹਨ। ਵਿੱਦਿਆ ਵੱਲੋਂ, ਪੈਸੇ ਵੱਲੋਂ, ਸਿੱਖ ਬੇਅੰਤ ਪਛੜ ਚੁੱਕੇ ਹਨ। ਪ੍ਰਧਾਨ ਹੋਣਾ ਤਾਂ ਦੂਰ ਦੀ ਗੱਲ ਬ੍ਰਾਬਰ ਦੇ ਨਾਗਰਿਕ ਹੀ ਸਿੱਖਾਂ ਨੂੰ ਮੰਨ ਲਿਆ ਜਾਵੇ, ਇੰਨਾ ਹੀ ਕਾਫ਼ੀ ਹੈ। ਜੋ ਲੋਕ ਇਸ ਦੇਸ਼ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ, ਮੰਤਰੀ ਤੇ ਵੱਡੇ ਅਫ਼ਸਰ ਬਣੇ ਹੋਏ ਹਨ, ਲਗਦੈ ਕਿ ਉਹ "ਸਿਮਰਨ" ਸਿੱਖਾਂ ਨਾਲੋਂ ਵੱਧ ਕਰ ਗਏ। ਇਸੇ ਕਾਰਨ ਸਾਰੇ ਵੱਡੇ ਅਹੁਦੇ ਉਨ੍ਹਾਂ ਕੋਲ ਹਨ? ਦੂਰ ਨਾ ਜਾਈਏ ਤਾਂ ਸਿੱਖਾਂ 'ਤੇ ਪੰਜਾਹ ਸਾਲ ਤੋਂ ਹਾਵੀ ਹੋਇਆ ਬਾਦਲ ਪਰਿਵਾਰ, ਸਭ ਤੋਂ ਜ਼ਿਆਦਾ ਸਿਮਰਨ ਕਰਦਾ ਲਗਦਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਅਕਾਲ ਤਖ਼ਤ ਦਾ ਜਥੇਦਾਰ ਆਦਿਕ ਇਨ੍ਹਾਂ ਅੱਗੇ ਹੀ ਸਿਰ ਝੁਕਾਈ ਹੁਕਮ ਦੀ ਉਡੀਕ ਕਰ ਰਹੇ ਹੁੰਦੇ ਹਨ। ਸਿਮਰਨ ਕਰਨ ਵਾਲੇ ਗ਼ੁਲਾਮੀ ਤੋਂ ਮੁਕਤ ਹੋ ਜਾਂਦੇ ਹਨ ਪਰ ਚੌਂਹ ਬੰਨ੍ਹੇ ਅੱਖਾਂ ਖੋਲ੍ਹ ਕੇ ਵੇਖ ਲਓ, ਦਿਨ-ਬ-ਦਿਨ ਸਿੱਖਾਂ ਦੀ ਗਰਦਨ ਵਿੱਚ ਪਿਆ ਗ਼ੁਲਾਮੀ ਦਾ ਫੰਦਾ ਹੋਰ ਸਖ਼ਤ ਹੁੰਦਾ ਜਾ ਰਿਹਾ ਹੈ। ਸੰਤਾਲੀ ਦੀ ਕੱਟ ਵੱਢ ਹੋਈ। ਚੁਰਾਸੀ ਵਿੱਚ ਦੋ ਘੱਲੂਘਾਰੇ ਵਰਤ ਗਏ। ਸਿੱਖਾਂ 'ਤੇ ਕਹਿਰ ਢਾਹੁਣ ਵਾਲਿਆਂ ਨੂੰ ਅੱਜ ਤੱਕ ਸਜ਼ਾ ਨਹੀਂ ਮਿਲੀ। ਇਸ ਦਾ ਮਤਲਬ ਕਿ ਜ਼ੁਲਮ ਕਰਨ ਵਾਲੇ ਵੱਧ ਸਿਮਰਨ ਕਰਦੇ ਹਨ? ਇਸੇ ਕਾਰਨ ਉਨ੍ਹਾਂ ਕੋਲ ਆਜ਼ਾਦੀ ਹੈ, ਅਸੀਮ ਤਾਕਤਾਂ ਹਨ? ਪ੍ਰਭੂ ਦਾ ਸਿਮਰਨ ਕਰਨ ਵਾਲੇ ਸਾਰਿਆਂ 'ਤੇ ਰਾਜ ਕਰਦੇ ਹਨ। ਜੇ ਸਿਮਰਨ ਕਰਨ ਨਾਲ ਰਾਜ ਮਿਲਦਾ ਹੈ ਫਿਰ ਸਿੱਖਾਂ ਨੂੰ ਰਾਜ ਕਿਉਂ ਨਹੀਂ ਮਿਲਦਾ? ਪਹਿਲਾਂ ਲੰਮਾਂ ਸਮਾਂ ਮੁਗ਼ਲਾਂ, ਪਠਾਣਾਂ ਤੋਂ ਮਾਰ ਖਾਧੀ। ਥੋੜ੍ਹਾ ਸਮਾਂ ਰਾਜ ਆਇਆ ਫਿਰ ਅੰਗਰੇਜ਼ਾਂ ਨੇ ਆ ਦਬੋਚਿਆ। ਸੰਤਾਲੀ ਵਿੱਚ ਸਿੱਖ ਕਾਲੇ ਅੰਗਰੇਜ਼ਾਂ ਦੇ ਗ਼ੁਲਾਮ ਹੋ ਗਏ। ਬਹੁਤ ਸੰਤ, ਮਹਾਂਪੁਰਖ ਹਨ। ਬੜਾ "ਨਾਮ ਦਾ ਖੰਡਾ" ਖੜਕਦਾ ਹੈ। ਬਹੁਤ ਲੋਕ ਸਵੇਰੇ ਦੋ ਵਜੇ ਉੱਠ ਕੇ, ਕੇਸੀ ਇਸ਼ਨਾਨ ਕਰ ਕੇ "ਨਾਮ ਸਿਮਰਨ" ਕਈ ਕਈ ਘੰਟੇ ਕਰਦੇ ਹਨ। ਰਾਜ ਮਿਲਣਾ ਤਾਂ ਕਿਤੇ ਰਿਹਾ, ਪੰਜਾਬ ਦਾ ਪਾਣੀ, ਬਿਜਲੀ ਰਾਜਧਾਨੀ, ਪੰਜਾਬੀ ਬੋਲਦੇ ਇਲਾਕੇ ਆਦਿ ਤੱਕ ਨਹੀਂ ਮਿਲੇ। ਬਰਾਬਰ ਦੇ ਸ਼ਹਿਰੀ ਤੱਕ ਨਹੀਂ ਸਮਝਿਆ ਜਾ ਰਿਹਾ। ਜੋ ਧਿਰਾਂ ਸਿੱਖਾਂ ਉਤੇ ਰਾਜ ਕਰਦੀਆਂ ਆ ਰਹੀਆਂ ਹਨ। ਇਸ ਦਾ ਮਤਲਬ ਕਿ ਉਨ੍ਹਾਂ ਨੇ "ਸਿਮਰਨ ਦਾ ਖੰਡਾ" ਜ਼ਿਆਦਾ ਖੜਕਾ ਦਿੱਤਾ? ਤਾਂ ਹੀ ਸਿੱਖਾਂ ਨੂੰ ਆਪਣੇ ਅਧੀਨ ਕਰ ਲਿਆ ਹੈ?

ਜਿਹੋ ਜਿਹੀਆਂ ਨਾਮ ਦੀਆਂ ਸ਼ਕਤੀਆਂ ਬਿਆਨ ਕੀਤੀਆਂ ਜਾ ਰਹੀਆਂ ਹਨ, ਫਿਰ ਤਾਂ ਮੰਨਣਾ ਪਵੇਗਾ ਕਿ ਬਾਬਰ ਜ਼ਿਆਦਾ ਨਾਮ ਜਪਦਾ ਸੀ ਜਿਸ ਨੇ ਗੁਰੂ ਨਾਨਕ ਸਾਹਿਬ ਨੂੰ ਕੈਦ ਕਰ ਲਿਆ। ਜਹਾਂਗੀਰ ਦਾ ਨਾਮ ਸਿਮਰਨ ਜ਼ਿਆਦਾ ਸੀ, ਜਿਸ ਨੇ ਗੁਰੂ ਅਰਜਨ

ਸਾਹਿਬ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ? ਔਰੰਗਜ਼ੇਬ ਦਾ ਨਾਮ ਸਿਮਰਨ ਬਹੁਤ ਤਾਕਤ ਵਾਲਾ ਸੀ ਜਿਸ ਨੇ ਗੁਰੂ ਤੇਗ ਬਹਾਦਰ ਅਤੇ ਧਰਮੀ ਸਿੱਖਾਂ ਨੂੰ ਖੌਫ਼ਨਾਕ ਤਸੀਹੇ ਦੇ ਕੇ ਸ਼ਹੀਦ ਕੀਤਾ ? ਇਸੇ ਤਰ੍ਹਾਂ ਮਿਸਲਾਂ ਵਾਲੇ ਸਮੇਂ ਬਾਰੇ ਮੰਨਿਆ ਜਾ ਸਕਦਾ ਹੈ। ਅੱਖਾਂ ਬੰਦ ਕਰ ਕੇ "ਸਿਮਰਨ ਦਾ ਭਰਮ" ਪਾਲਣ ਵਾਲਿਓ। ਅੱਖਾਂ ਖੋਲ੍ਹ ਕੇ ਚਾਰੇ ਬੰਨੇ ਵਰਤ ਰਹੇ ਵਰਤਾਰੇ ਨੂੰ ਵੇਖੋ ਪਰਖੋ। ਜਿਸ ਤਰ੍ਹਾਂ ਦਾ ਸਿਮਰਨ ਬਾਰੇ ਬੋਲਿਆ ਤੇ ਲਿਖਿਆਂ ਜਾ ਰਿਹਾ ਹੈ ਜਾਂ ਤਾਂ ਉਸ ਨੂੰ ਪੂਰਾ ਕਰਵਾ ਕੇ ਵਿਖਾਓ ਜਾਂ ਫਿਰ ਸਿਮਰਨ ਦੇ ਅਰੱਥਾਂ ਨੂੰ ਸਮਝ ਕੇ, ਆਪਣੇ ਜੀਵਨ ਨੂੰ ਤਬਦੀਲ ਕਰੋ। ਇੱਕ ਬੰਨੇ ਹੈ ਗੁਰੂ ਸਾਹਿਬ ਦੀ ਅਥਾਹ ਸਿਆਣਪ ਅਤੇ ਬਹਾਦਰੀ। ਜਿਸ ਸਦਕਾ ਉਨ੍ਹਾਂ ਦੁਨੀਆਂ ਨੂੰ ਲਾਮਿਸਾਲ ਵਿਚਾਰਧਾਰਾ ਰਾਹੀਂ ਨਵਾਂ ਜੀਵਨ ਦਿੱਤਾ। ਆਪਣੇ ਲਾਸਾਨੀ ਕਾਰਜਾਂ ਦੁਆਰਾ ਲੋਕਾਂ ਵਿੱਚ ਹਿੰਮਤ ਤੇ ਜੋਸ਼ ਭਰਿਆ। ਆਪਣਾ ਆਪਾ ਤੇ ਪਰਿਵਾਰ ਤੱਕ ਵਾਰ ਦਿੱਤੇ। ਸਿੱਖਾਂ ਨੂੰ ਸਵੈਮਾਣ, ਆਜ਼ਾਦੀ ਅਤੇ ਰਾਜ ਵਾਲਾ ਰਾਹ ਵਿਖਾ ਦਿੱਤਾ। ਜੇ ਸਿਮਰਨ ਵਰਗੇ ਸੌਖੇ ਕੰਮ ਦੁਆਰਾ ਸ਼ਾਰੀਆਂ ਬਰਕਤਾਂ ਆਉਂਦੀਆਂ ਸਨ, ਫਿਰ ਅਣਗਿਣਤ ਲੋਕਾਂ ਦਾ ਖ਼ੂਨ ਡੋਹਲਣ ਦੀ ਕੀ ਲੋੜ ਸੀ ? ਗੁਰ ਫ਼ੁਰਮਾਨ ਪੜ੍ਹੋ-

ਸੀਹਾ ਬਾਜਾ ਚਰਗਾ ਕੁਹੀਆ, ਏਨਾ ਖਵਾਲੇ ਘਾਹ ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥
ਨਦੀਆ ਵਿਚਿ ਟਿਬੇ ਦੇਖਾਲੇ, ਥਲੀ ਕਰੇ ਅਸਗਾਹ ॥
ਕੀੜਾ ਥਾਪਿ ਦੇਇ ਪਾਤਿਸਾਹੀ, ਲਸਕਰ ਕਰੇ ਸੁਆਹ ॥ (ਮ: ੧, 144)

ਨਿਰੰਕਾਰ ਦੇ ਨਿਆਮ ਨੂੰ ਸਮਝੋ, ਮਾਸ ਖਾਣੇ ਤੇ ਰੱਤ ਪੀਣੇ ਬੇਈਮਾਨ ਹਾਕਮਾਂ ਨੂੰ ਆਪਣੀ ਸਿਆਣਪ ਅਤੇ ਤਾਕਤ ਵਰਤ ਕੇ ਸੁਸੀਲ ਬਣਾਇਆ ਜਾ ਸਕਦਾ ਹੈ। ਜ਼ੁਲਮ ਕਰਨੋਂ ਰੋਕਿਆ ਜਾ ਸਕਦਾ ਹੈ। ਪਹਿਲਿਆਂ ਨੂੰ ਗੱਦੀ ਤੋਂ ਉਤਾਰ ਦੂਜਿਆਂ ਨੂੰ ਭੀ ਆਹੁਦਰੇ ਨਹੀਂ ਹੋਣ ਦੇਣਾ। ਵਰਨਾ ਅੱਜ ਤੱਕ ਏਹੀ ਹੁੰਦਾ ਆਇਆ ਹੈ ਕਿ ਦੂਜੀ ਧਿਰ ਭੀ ਲੋਕਾਂ ਦਾ ਘਾਣ ਕਰਨ ਲੱਗ ਪੈਂਦੀ ਹੈ। ਹਿੰਮਤ ਨਾਲ ਦਰਿਆਵਾਂ ਨੂੰ ਰੋਕਿਆ ਜਾ ਸਕਦਾ ਹੈ। ਪੱਧਰੀ ਥਾਵੇਂ ਮਹਿਲ ਅਤੇ ਕਿਲ੍ਹੇ ਉਸਾਰੇ ਜਾ ਸਕਦੇ ਹਨ। ਕੀੜਿਆਂ ਵਰਗੇ ਮਾਮੂਲੀ ਮਨੁੱਖ, ਜੇ ਏਕਤਾ ਦੇ ਸੂਤਰ ਵਿੱਚ ਬੱਝ ਜਾਣ। ਸਿਆਣਪ ਅਤੇ ਸ਼ਕਤੀ ਇਕੱਠੀ ਵਰਤ ਲੈਣ ਤਾਂ ਬਾਦਸ਼ਾਹ ਬਣ ਸਕਦੇ ਹਨ। ਇਨ੍ਹਾਂ ਦੇ ਸਾਹਮਣੇ ਲੜਨ ਵਾਲੇ ਮੁਕਾਬਲਾ ਨਹੀਂ ਕਰ ਸਕਣਗੇ। ਮਿੱਟੀ ਵਿੱਚ ਮਿਲ ਜਾਣਗੇ।

ਗੁਰਮੁਖੋ! ਕਰੋ ਕਿਰਪਾ, ਤੁਸੀਂ ਪਰਉਪਕਾਰੀ ਹੋ। ਆਪਣੀ "ਸਿਮਰਨ ਦੀ ਸ਼ਕਤੀ" ਨਾਲ ਪੰਥ ਦੀ ਵਿਗੜੀ ਤਕਦੀਰ ਸੰਵਾਰ ਦਿਓ ਜੀ। ਧੰਨਵਾਦੀ ਹੋਵਾਂਗਾ।

ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾਪੁਰਖ ਕੀ, ਨਿਜ ਘਰਿ ਵਾਸਾ ਹੋਇ ॥ (935)

★★★★★★

ਮਨੁੱਖਤਾ ਦੇ ਰਾਖੇ, ਬਜਰੰਗ ਸਿੰਘ ਦੀ ਦਾਸਤਾਨ

26 ਸਾਲ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਲੋਕਾਂ ਨੂੰ ਅਜੇ ਤੱਕ ਕੋਈ ਇਨਸਾਫ਼ ਨਹੀਂ ਮਿਲਿਆ ਜਿਨ੍ਹਾਂ ਨੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 1984 ਦੇ ਭਿਆਨਕ ਦੰਗਿਆਂ ਦਾ ਦਰਦ ਹੰਢਾਇਆ ਹੈ। ਇਸ ਕਤਲੇਆਮ ਨੂੰ ਦੰਗੇ ਕਹਿਣਾ ਹੀ ਗ਼ਲਤ ਹੈ। ਕਿਉਂਕਿ ਦੰਗੇ ਤਾਂ ਦੋ ਧਿਰਾਂ ਵਿਚਕਾਰ ਹੋਇਆ ਕਰਦੇ ਨੇ ਪਰ ਇਥੇ ਤਾਂ ਕਹਿਰ ਢਾਹੁਣ ਵਾਲੀ ਇੱਕ ਹੀ ਧਿਰ ਸੀ। ਮੁਕਾਬਲਾ ਤਾਂ ਪੀੜਤ ਧਿਰ ਨੇ ਕੀਤਾ ਹੀ ਨਹੀਂ। ਪਰ ਇਨ੍ਹਾਂ ਸਰਦ ਅਤੇ ਕਾਲੀਆ ਰਾਤਾਂ ਵਿੱਚ ਵੀ ਕੁੱਝ ਕੁ ਇਨਸਾਨੀਅਤ-ਪਸੰਦ ਲੋਕਾਂ ਨੇ ਸੱਚ ਦਾ ਪੱਲਾ ਨਹੀਂ ਛੱਡਿਆ। ਉਨ੍ਹਾਂ ਨੇ ਆਪਣੀ ਜ਼ਿੰਦਗੀ ਨੂੰ ਦਾਅ 'ਤੇ ਲਾ ਕੇ ਮਨੁੱਖਤਾ ਦੇ ਦੀਵੇ ਨੂੰ ਬੁੱਝਣ ਨਹੀਂ ਦਿੱਤਾ ਅਤੇ ਇਸ ਨੂੰ ਆਪਣੇ ਬਲੀਦਾਨ ਨਾਲ ਜਗਦਾ ਰੱਖਿਆ। ਇਨ੍ਹਾਂ ਹੀ ਕੁੱਝ ਕੁ ਗਿਣਤੀ ਦੇ ਪ੍ਰਵਾਰਾਂ ਵਿੱਚੋਂ ਇੱਕ ਹਿੰਦੂ ਧਰਮ ਨਾਲ ਸਬੰਧਤ ਬਜਰੰਗ ਸਿੰਘ ਦਾ ਪ੍ਰਵਾਰ ਸੀ। ਇਹ ਗੱਲ ਵੱਖਰੀ ਹੈ ਕਿ ਸਮੇਂ ਦੀ ਮਾਰ ਨੇ ਇਸ ਹਰੇ-ਭਰੇ ਪ੍ਰਵਾਰ ਨੂੰ ਡਾਢੇ ਜ਼ਖ਼ਮ ਦਿੱਤੇ ਹਨ।

ਇਸ ਪ੍ਰਵਾਰ ਦੀ ਕੁਰਬਾਨੀ ਅੱਗੇ ਸਿਰ ਆਪਣੇ ਆਪ ਹੀ ਸ਼ਰਧਾ ਨਾਲ ਝੁੱਕ ਜਾਂਦਾ ਹੈ। ਯਕੀਨ ਹੀ ਨਹੀਂ ਆਉਂਦਾ ਕਿ ਅੱਜ ਕੱਲ੍ਹ ਦੇ ਪਦਾਰਥਵਾਦੀ ਯੁੱਗ ਵਿੱਚ ਵੀ ਕੋਈ ਵਿਅਕਤੀ ਅਜਿਹਾ ਹੋ ਸਕਦਾ ਹੈ ਜੋ ਦੂਜੇ ਦੀ ਦੁੱਖ-ਤਕਲੀਫ਼ ਨੂੰ ਆਪਣਾ ਸਮਝ ਕੇ, ਉਨ੍ਹਾਂ ਲਈ ਸੱਭ ਕੁੱਝ ਕੁਰਬਾਨ ਕਰ ਦੇਵੇ ਤੇ ਬਿਨਾਂ ਕੁੱਝ ਪ੍ਰਾਪਤ ਕੀਤਿਆਂ ਇਸ ਫ਼ਾਨੀ ਸੰਸਾਰ ਤੋਂ ਖ਼ਾਮੋਸ਼ੀ ਨਾਲ ਵਿਦਾ ਹੋ ਜਾਵੇ। ਬਜਰੰਗ ਸਿੰਘ ਦਾ ਪ੍ਰਵਾਰ, ਦਿੱਲੀ ਦੇ ਸਬਜ਼ੀ ਮੰਡੀ ਇਲਾਕੇ ਵਿੱਚ ਰਹਿੰਦਾ ਸੀ। ਇਹ ਇਲਾਕਾ ਜਗਦੀਸ਼ ਟਾਈਟਲਰ ਦਾ ਇਲਾਕਾ ਸੀ। ਇਸ ਇਲਾਕੇ ਦੇ ਆਸੇ-ਪਾਸੇ ਪੰਜਾਬੀਆਂ ਦੀ ਬਹੁਗਿਣਤੀ ਰਹਿੰਦੀ ਹੈ। ਬਜਰੰਗ ਸਿੰਘ ਦੇ ਪ੍ਰਵਾਰ ਵਿੱਚ ਉਸ ਦੇ ਪਿਤਾ ਚੌਧਰੀ ਦਲਜੀਤ ਸਿੰਘ ਅਤੇ ਭਰਾ ਧੁਰੇਂਦਰ ਸਿੰਘ ਵੀ ਨਾਲ ਹੀ ਸਨ। ਇਸ ਪ੍ਰਵਾਰ ਦੇ ਵੱਡੇ-ਵਡੇਰਿਆਂ ਨੇ ਔਰੰਗਜ਼ੇਬ ਵਿਰੁੱਧ ਲੜੀ ਜੰਗ ਵਿੱਚ ਭਾਗ ਲਿਆ ਸੀ। ਇਸ ਤੋਂ ਬਿਨਾਂ ਬਜਰੰਗ ਸਿੰਘ ਦੇ ਪਿਤਾ ਚੌਧਰੀ ਦਲਜੀਤ ਸਿੰਘ ਨੇ ਮਿੰਟਗੁਮਰੀ ਜੇਲ੍ਹ ਤੋਂ ਜੇਲ੍ਹ ਸੁਪਰਡੈਂਟ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਆਜ਼ਾਦੀ ਦੀ ਲੜਾਈ ਲੜੀ ਸੀ ਯਾਨੀ ਇਸ ਪ੍ਰਵਾਰ ਦਾ ਪਿਛੋਕੜ ਸ਼ੁਰੂ ਤੋਂ ਹੀ ਮਾਣਮੱਤਾ ਰਿਹਾ ਹੈ। 1984 ਵਿੱਚ ਇਹ ਤਿੰਨੇ ਪਿਉ-ਬੁੱਤਰ, ਬਤੌਰ ਵਕੀਲ, ਸੁਪ੍ਰੀਮ ਕੋਰਟ ਵਿੱਚ ਸੇਵਾ ਨਿਭਾ ਰਹੇ ਸਨ। ਇਸ ਤੋਂ ਇਲਾਵਾ ਇਸ ਪ੍ਰਵਾਰ ਦੀਆਂ 12 ਮਿੰਨੀ ਬੱਸਾਂ ਅਤੇ 8 ਹੋਰ ਗੱਡੀਆਂ ਵੀ ਸਨ। ਇਸ ਤਰ੍ਹਾਂ ਇਹ ਪ੍ਰਵਾਰ, ਇਲਾਕੇ ਦਾ ਕਾਫ਼ੀ ਅਮੀਰ ਤੇ ਸਰਦਾ-ਪੁੱਜਦਾ ਪ੍ਰਵਾਰ ਸੀ।

31 ਅਕਤੂਬਰ, 1984 ਨੂੰ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਇਹ ਤਿੰਨੇ ਪਿਉ-ਪੁੱਤਰ ਆਪਣੇ ਘਰ ਵਿੱਚ ਬੈਠੇ ਸਨ। ਉਪਰ ਬੈਠਿਆਂ ਹੀ ਇਨ੍ਹਾਂ ਨੇ ਵੇਖਿਆ ਕਿ ਇਨ੍ਹਾਂ ਦੇ ਘਰ ਦੇ ਸਾਹਮਣੇ ਵਾਲੀ ਸਿੱਖ ਡਾਕਟਰ ਦੀ ਦੁਕਾਨ ਨੂੰ ਭੀੜ ਨੇ ਘੇਰ ਲਿਆ ਹੈ। ਉਸ

ਸਿੱਖ ਡਾਕਟਰ ਨਾਲ ਉਸ ਦੇ ਦੋ ਨੌਜੁਆਨ ਬੇਟੇ ਵੀ ਸਨ। ਜਦੋਂ ਬਜਰੰਗ ਸਿੰਘ ਨੇ ਆਪਣੇ ਪਿਤਾ ਚੌਧਰੀ ਦਲਜੀਤ ਸਿੰਘ ਤੋਂ ਪੁੱਛਿਆ, "ਪਿਤਾ ਜੀ, ਕੀ ਇਹ ਸੱਭ ਕੁੱਝ ਠੀਕ ਹੋ ਰਿਹਾ ਹੈ?" ਤਾਂ ਪਿਤਾ ਨੇ ਨਾਂਹ ਵਿੱਚ ਜਵਾਬ ਦਿੱਤਾ। ਬਜਰੰਗ ਸਿੰਘ ਨੇ ਫਿਰ ਆਪਣੇ ਪਿਤਾ ਤੋਂ ਪੁੱਛਿਆ, "ਕੀ ਆਪਾਂ ਨੂੰ ਕੁੱਝ ਕਰਨਾ ਚਾਹੀਦਾ ਹੈ?" ਤਾਂ ਪਿਤਾ ਨੇ ਹਾਂ ਵਿੱਚ ਜਵਾਬ ਦਿੱਤਾ। ਬਸ ਫਿਰ ਕੀ ਸੀ, ਬਜਰੰਗ ਸਿੰਘ ਤੁਰੰਤ ਬਾਕੀ ਪ੍ਰਵਾਰਕ ਮੈਂਬਰਾਂ ਨਾਲ ਥੱਲੇ ਗਏ ਅਤੇ ਸੈਂਕੜਿਆਂ ਦੀ ਭੀੜ ਵਿੱਚੋਂ, ਕਾਫ਼ੀ ਬਹਿਸ ਪਿੱਛੋਂ ਉਸ ਸਿੱਖ ਡਾਕਟਰ ਅਤੇ ਉਸ ਦੇ ਦੋ ਬੇਟਿਆਂ ਨੂੰ ਬਚਾ ਕੇ ਆਪਣੇ ਘਰ ਲੈ ਆਏ। ਇਹ ਦੁਕਾਨ ਅੱਜ ਵੀ ਉਨ੍ਹਾਂ ਦੇ ਘਰ ਦੇ ਸਾਹਮਣੇ ਮੌਜੂਦ ਹੈ। ਉਸੇ ਸਮੇਂ ਸਾਰੇ ਪ੍ਰਵਾਰ ਨੇ ਫ਼ੈਸਲਾ ਕੀਤਾ ਕਿ ਜਿਵੇਂ ਵੀ ਹੋਵੇ, ਵੱਧ ਤੋਂ ਵੱਧ ਸਿੱਖਾਂ ਨੂੰ ਬਚਾਇਆ ਜਾਏ।

ਬਜਰੰਗ ਸਿੰਘ ਦੇ ਪ੍ਰਵਾਰ ਨੇ 31 ਅਕਤੂਬਰ, 1984 ਦੀ ਉਸ ਭਿਆਨਕ ਰਾਤ ਨੂੰ ਆਸ-ਪਾਸ ਦੇ 58 ਸਿੱਖ ਪ੍ਰਵਾਰਾਂ ਨੂੰ ਆਪਣੇ ਘਰ ਵਿੱਚ ਪਨਾਹ ਦਿੱਤੀ। ਗੁੰਡਿਆਂ ਅਤੇ ਸ਼ਰਾਰਤੀ ਅਨਸਰਾਂ ਨੂੰ ਇਹ ਗੱਲ ਕਿਵੇਂ ਗਵਾਰਾ ਹੋ ਸਕਦੀ ਸੀ ਕਿ ਕੋਈ ਹਿੰਦੂ, ਸਿੱਖਾਂ ਨੂੰ ਬਚਾਉਣ ਲਈ ਅੱਗੇ ਆਏ। ਭੜਕੀ ਹੋਈ ਭੀੜ ਨੇ ਤੁਰੰਤ ਬਜਰੰਗ ਸਿੰਘ ਦੇ ਘਰ ਨੂੰ ਘੇਰਾ ਪਾ ਲਿਆ ਅਤੇ ਸਿੱਖਾਂ ਨੂੰ ਉਨ੍ਹਾਂ ਹਵਾਲੇ ਕਰਨ ਲਈ ਕਿਹਾ ਪਰ ਬਜਰੰਗ ਸਿੰਘ ਦੇ ਪ੍ਰਵਾਰ ਵੱਲੋਂ ਨਾਂਹ ਕਰਨ 'ਤੇ ਉਨ੍ਹਾਂ ਦੇ ਘਰ ਨੂੰ ਅੱਗ ਲਗਾ ਦਿੱਤੀ ਗਈ। ਪ੍ਰਵਾਰ ਨੇ ਬੜੀ ਮੁਸ਼ਕਲ ਨਾਲ ਅੱਗ ਉੱਤੇ ਕਾਬੂ ਪਾ ਕੇ ਆਪਣੇ ਪ੍ਰਵਾਰ ਅਤੇ ਸਿੱਖਾਂ ਦੀ ਜਾਨ ਬਚਾਈ।

ਬਸ ਇੱਥੋਂ ਹੀ ਸ਼ੁਰੂ ਹੁੰਦਾ ਹੈ ਬਜਰੰਗ ਸਿੰਘ ਤੇ ਹੈਵਾਨੀਅਤ ਦੇ ਵਿਚਕਾਰ ਸੰਘਰਸ਼। ਇਹ ਉਹ ਸੰਘਰਸ਼ ਹੈ ਜਿਹੜਾ 31 ਅਕਤੂਬਰ, 1984 ਤੋਂ ਸ਼ੁਰੂ ਹੋਇਆ ਤੇ ਅੱਜ ਤੱਕ ਨਿਰੰਤਰ ਜਾਰੀ ਹੈ। ਬਜਰੰਗ ਸਿੰਘ ਨੇ ਫ਼ੈਸਲਾ ਕਰ ਲਿਆ ਸੀ ਕਿ ਚਾਹੇ ਕੁੱਝ ਵੀ ਹੋਵੇ, ਸਿੱਖਾਂ ਦੀ ਭਲਾਈ ਲਈ ਸੱਭ ਕੁੱਝ ਕੀਤਾ ਜਾਵੇਗਾ। ਇਹ ਪ੍ਰਵਾਰ ਦਿੱਲੀ ਦਾ ਪਹਿਲਾ ਪ੍ਰਵਾਰ ਸੀ ਜਿਸ ਨੇ ਸਿੱਖਾਂ ਲਈ ਰਾਹਤ ਕੈਂਪ ਲਾਉਣ ਦਾ ਫ਼ੈਸਲਾ ਕੀਤਾ। ਖ਼ੁਸ਼ਕਿਸਮਤੀ ਨਾਲ ਰੂਟੀਨ ਵਿੱਚ ਹੀ ਕੈਂਪ ਲਗਾਉਣ ਦੀ ਆਗਿਆ ਮਿਲ ਗਈ ਅਤੇ ਇਹ ਕੈਂਪ 'ਸਿੰਘ ਰਲੀਫ਼ ਕੈਂਪ' ਦੇ ਨਾਂ ਹੇਠ ਸਬਜ਼ੀ ਮੰਡੀ ਪੁਲਿਸ ਸਟੇਸ਼ਨ ਵਿੱਚ ਹੀ ਲਗਾਇਆ ਗਿਆ। ਬਜਰੰਗ ਸਿੰਘ ਨੇ ਇਹ ਲਿਖਤੀ ਵਾਅਦਾ ਕੀਤਾ ਸੀ ਕਿ ਪੀੜਤਾਂ ਲਈ ਲੰਗਰ, ਬਿਸਤਰੇ, ਦਵਾਈਆਂ, ਦੁੱਧ ਦਾ ਇੰਤਜ਼ਾਮ ਉਹ ਆਪ ਕਰਨਗੇ ਤੇ ਇਸ ਸਬੰਧੀ ਪੁਲਿਸ ਉਪਰ ਕੋਈ ਆਰਥਕ ਬੋਝ ਨਹੀਂ ਪੈਣ ਦਿੱਤਾ ਜਾਵੇਗਾ। ਬਜਰੰਗ ਸਿੰਘ ਨੇ ਅੰਦਾਜ਼ਾ ਲਾਇਆ ਸੀ ਕਿ ਕੁੱਲ 400 ਸਿੱਖ ਪ੍ਰਵਾਰਾਂ ਨੂੰ ਲਿਆਉਣ ਵਿੱਚ ਉਹ ਸਫ਼ਲ ਹੋਣਗੇ। ਸੁਰੱਖਿਆ ਦੇ ਮੱਦੇਨਜ਼ਰ ਹੀ ਇਹ ਕੈਂਪ ਸਬਜ਼ੀ ਮੰਡੀ ਪੁਲਿਸ ਥਾਣੇ ਵਿੱਚ ਲਗਾਇਆ ਗਿਆ ਸੀ। ਇਸ ਕੰਮ ਲਈ ਬਜਰੰਗ ਸਿੰਘ ਦੇ ਪ੍ਰਵਾਰ ਨੇ ਆਪਣੀਆਂ 20 ਗੱਡੀਆਂ ਭੀ ਇਸੇ ਕੰਮ ਵਿੱਚ ਲਾ ਦਿੱਤੀਆਂ ਤਾਂ ਕਿ ਵੱਧ ਤੋਂ ਵੱਧ ਸਿੱਖਾਂ ਨੂੰ ਬਚਾ ਕੇ ਲਿਆਂਦਾ ਜਾ ਸਕੇ। ਹੁਣ ਸਾਰਾ ਪ੍ਰਵਾਰ ਹੀ ਸਿੱਖਾਂ ਨੂੰ ਰਾਹਤ ਕੈਂਪ ਵਿੱਚ ਲਿਆਉਣ ਲਈ ਜੁਟ ਗਿਆ। ਇਸ ਕੰਮ ਵਿੱਚ

ਉਨ੍ਹਾਂ ਦੇ ਰਿਸ਼ਤੇਦਾਰਾਂ ਸਤਬੀਰ ਸਿੰਘ ਮਲਿਕ (ਜੀਜਾ), ਜਿਹੜੇ ਕਿ ਬੀ.ਐਸ.ਐਫ. ਵਿੱਚ ਡੀ.ਐਸ.ਪੀ. ਸਨ, ਨੇ ਬਹੁਤ ਮਦਦ ਕੀਤੀ। ਉਹ ਖ਼ੁਦ ਵਰਦੀ ਪਾ ਕੇ, ਡਰਾਈਵਰ ਨਾਲ ਬੈਠ ਕੇ ਸਿੱਖਾਂ ਨੂੰ ਬਚਾਉਣ ਜਾਂਦੇ ਰਹੇ ਤਾਂ ਕਿ ਹਿੰਸਕ ਭੀੜਾਂ ਤੋਂ ਬਚਿਆ ਜਾ ਸਕੇ ਅਤੇ ਵੱਧ ਤੋਂ ਵੱਧ ਸਿੱਖ ਬਚਾ ਕੇ ਲਿਆਂਦੇ ਜਾ ਸਕਣ। ਜਿਥੇ ਅੰਦਾਜ਼ਾ 400 ਸਿੱਖ ਪ੍ਰਵਾਰਾਂ ਨੂੰ ਬਚਾਉਣ ਦਾ ਸੀ, ਉਥੇ ਇਹ ਗਿਣਤੀ ਵੱਧ ਕੇ 2500 ਸਿੱਖ ਪ੍ਰਵਾਰਾਂ ਤੱਕ ਪਹੁੰਚ ਗਈ ਸੀ। ਸਰਕਾਰੀ ਗੈਰਾਜ ਇਸ ਗੱਲ ਦੀ ਗਵਾਹੀ ਭਰਦੇ ਹਨ। ਇਸ ਕੰਮ ਵਿੱਚ ਉਨ੍ਹਾਂ ਦਾ ਸਾਰਾ ਪ੍ਰਵਾਰ, ਰਿਸ਼ਤੇਦਾਰ, ਬੱਸਾਂ ਦੇ ਡਰਾਈਵਰ ਤੇ ਹੈਲਪਰ ਵੀ ਲੱਗ ਗਏ ਸਨ। ਨਤੀਜਾ ਕੀ ਨਿਕਲਿਆ ? ਸਿਆਸਤਦਾਨਾਂ ਅਤੇ ਪੁਲਿਸ ਦੇ ਇਸ਼ਾਰਿਆਂ 'ਤੇ ਉਨ੍ਹਾਂ ਦੀਆਂ 20 ਬੱਸਾਂ ਲੁੱਟ ਕੇ ਸਾੜ ਦਿੱਤੀਆਂ ਗਈਆਂ ਜਿਹੜੀਆਂ ਸਿੱਖਾਂ ਨੂੰ ਲਿਆਉਣ 'ਤੇ ਲੱਗੀਆਂ ਸਨ।

ਹੁਣ ਅਸਲ ਕੰਮ ਰਾਹਤ ਕੈਂਪ ਵਿਚਲੇ ਸਿੱਖਾਂ ਨੂੰ ਸੰਭਾਲਣ ਦਾ ਸੀ। ਉਨ੍ਹਾਂ ਲਈ ਰੋਟੀ, ਦਵਾਈਆਂ ਅਤੇ ਟੈਂਟਾਂ ਦਾ ਪ੍ਰਬੰਧ ਕਰਨਾ ਸੀ। ਬਜਰੰਗ ਸਿੰਘ ਦੇ ਛੋਟੇ ਭਰਾ ਧੁਰੇਂਦਰ ਸਿੰਘ ਅਨੁਸਾਰ, "ਇਹ ਉਹ ਸਮਾਂ ਸੀ ਜਦੋਂ ਹਾਲਾਤ ਆਮ ਵਰਗੇ ਨਹੀਂ ਸਨ। ਹਰ ਪਾਸੇ ਹਾਹਾਕਾਰ ਮਚੀ ਹੋਈ ਸੀ। ਕਈ ਔਰਤਾਂ, ਵਿਧਵਾ ਹੋ ਗਈਆਂ ਸਨ। ਇਸ ਰਾਹਤ ਕੈਂਪ ਨੂੰ ਚਲਾਉਣ ਲਈ ਪ੍ਰਬੰਧਕ ਬਜਰੰਗ ਸਿੰਘ ਖ਼ੁਦ, ਕੈਂਪ ਇੰਚਾਰਜ ਧੁਰੇਂਦਰ ਸਿੰਘ, ਸਕਿਉਰਟੀ ਅਫ਼ਸਰ ਐਸ.ਐਸ.ਮਲਿਕ (ਜੀਜਾ), ਸੂਚਨਾ ਅਫ਼ਸਰ ਮਿਸ ਊਸ਼ਾ ਸਿੰਘ (ਭੈਣ), ਲੰਗਰ ਇੰਚਾਰਜ ਸ੍ਰੀਮਤੀ ਚੰਚਲ ਸਿੰਘ ਅਤੇ ਚੌਧਰੀ ਦਲਜੀਤ ਸਿੰਘ (ਪਿਤਾ) ਤੇ ਹੋਰ ਪ੍ਰਵਾਰਕ ਮੈਂਬਰ ਸ਼ਾਮਲ ਸਨ। ਇਥੋਂ ਤੱਕ ਕਿ ਸਿੱਖਾਂ ਨੂੰ ਰਾਹਤ ਕੈਂਪ ਵਿੱਚ ਲਿਆਉਂਦੇ ਸਮੇਂ ਹਿੰਸਕ ਭੀੜ ਨੇ ਬਜਰੰਗ ਸਿੰਘ ਅਤੇ ਉਨ੍ਹਾਂ ਦੇ ਕਈ ਨਜ਼ਦੀਕੀ ਜਿਵੇਂ ਭੀਮ ਸਿੰਘ, ਸਤਬੀਰ ਜਾਖੜ, ਸੋਭਰਾਮ, ਸੋਮਨਾਥ ਅਤੇ ਰੁਹਤਾਸ ਸਿੰਘ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਸੀ ਪਰ ਉਹ ਸੇਵਾ ਵਿੱਚ ਡਟੇ ਰਹੇ। ਸਿੱਖਾਂ ਨੂੰ ਵੰਡੇ ਜਾ ਰਹੇ ਭੋਜਨ ਨੂੰ ਵੀ ਲੰਗਰ ਦਾ ਨਾਮ ਦਿੱਤਾ ਗਿਆ ਜਿਸ ਨੂੰ ਅਰਦਾਸ ਤੋਂ ਬਾਅਦ ਵਰਤਾਇਆ ਜਾਂਦਾ ਸੀ। ਇਥੋਂ ਤੱਕ ਕਿ ਬਜਰੰਗ ਸਿੰਘ ਨੇ ਦੁਬਾਰਾ ਅੰਮ੍ਰਿਤ ਛਕਣ ਲਈ ਵੀ ਖ਼ਾਸ ਪ੍ਰਬੰਧ ਕੀਤਾ ਅਤੇ ਇਸ ਸਬੰਧੀ ਕਕਾਰ ਵੀ ਪ੍ਰਵਾਰ ਵੱਲੋਂ ਮੁਫ਼ਤ ਦਿੱਤੇ ਗਏ। ਕੈਂਪ ਦਾ ਸਫ਼ਲਤਾ-ਪੂਰਵਕ ਚਲਣਾ ਕੁੱਝ ਕੁ ਗੁੰਡਿਆਂ ਅਤੇ ਸਿਆਸੀ ਲੀਡਰਾਂ ਨੂੰ ਗਵਾਰਾ ਨਹੀਂ ਸੀ। ਹੁਣ ਸ਼ੁਰੂ ਹੋਈ ਪੀੜਤ ਸਿੱਖਾਂ ਨੂੰ ਭਜਾਉਣ ਅਤੇ ਕੈਂਪ ਨੂੰ ਖ਼ਤਮ ਕਰਨ ਦੀ ਸਾਜ਼ਸ਼ ਤਾਂ ਕਿ ਸਿੱਖਾਂ ਅਤੇ ਬਜਰੰਗ ਸਿੰਘ ਦੇ ਪ੍ਰਵਾਰ ਨੂੰ ਸਬਕ ਸਿਖਾਇਆ ਜਾ ਸਕੇ।

ਸਿਆਸੀ ਲੀਡਰਾਂ ਅਤੇ ਪੁਲਿਸ ਨੂੰ ਡਰ ਸੀ ਕਿ ਰਾਹਤ ਕੈਂਪ ਵਿਚਲੇ ਵਿਅਕਤੀ ਉਨ੍ਹਾਂ ਵਿਰੁੱਧ ਗਵਾਹੀ ਨਾ ਦੇ ਦੇਣ, ਇਸ ਲਈ ਪੁਲਿਸ ਵੱਲੋਂ ਸਿਆਸੀ ਸ਼ਹਿ 'ਤੇ ਕੈਂਪ ਦੇ ਟੈਂਟ ਉਖਾੜ ਦਿੱਤੇ ਗਏ ਅਤੇ ਬਜਰੰਗ ਸਿੰਘ ਦੀ ਕੁੱਟਮਾਰ ਕੀਤੀ ਗਈ। ਬਜਰੰਗ ਸਿੰਘ ਨੇ ਆਪਣੇ ਕਿੱਤੇ ਦੀ ਵਰਤੋਂ ਕਰਦਿਆਂ ਸੁਪ੍ਰੀਮ ਕੋਰਟ ਵਿੱਚ ਰਿਟ ਨੰ: 1 ਆਫ਼ 1985 ਦਾਖ਼ਲ ਕਰ ਦਿੱਤੀ ਜਿਸ 'ਤੇ 3 ਜਨਵਰੀ, 1985 ਦੇ ਫ਼ੈਸਲੇ ਰਾਹੀਂ ਇਹ ਕੈਂਪ, ਪ੍ਰਵਾਰ

ਦੀ ਸਤਨਾਮੀ ਚੌਕੀ ਵਿਖੇ ਸ਼ਿਫ਼ਟ ਕਰ ਦਿੱਤਾ ਗਿਆ ਪਰ ਇਥੇ ਵੀ ਗੁੰਡਾ ਅਨਸਰਾਂ ਨੂੰ ਸਬਰ ਨਾ ਆਇਆ ਤੇ ਉਹ, ਉਥੇ ਜਾ ਕੇ ਔਰਤਾਂ, ਵਿਧਵਾਵਾਂ ਤੇ ਬੱਚਿਆਂ ਨੂੰ ਤੰਗ ਕਰਦੇ ਰਹੇ। ਇਥੋਂ ਤੱਕ ਕਿ ਰੋਕਣ 'ਤੇ ਪੁਲਿਸ ਨੇ ਬਜਰੰਗ ਸਿੰਘ ਦੇ ਪ੍ਰਵਾਰਕ ਮੈਂਬਰਾਂ ਦੀ ਕੁੱਟਮਾਰ ਕਰ ਕੇ ਉਲਟਾ ਬਜਰੰਗ ਸਿੰਘ ਵਿਰੁੱਧ ਝੂਠਾ ਪਰਚਾ ਦਰਜ ਕਰ ਕੇ ਹਥਕੜੀ ਲਾ ਕੇ ਘਸੀਟਦੇ ਹੋਏ ਥਾਣੇ ਤੱਕ ਲੈ ਗਏ। ਉਸ ਦੇ ਪਿਤਾ ਅਤੇ ਭਰਾ ਨੂੰ ਵੀ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਨਾਲ ਕੁੱਟਮਾਰ ਕੀਤੀ ਗਈ।

ਦੂਜੇ ਪਾਸੇ ਬਜਰੰਗ ਸਿੰਘ ਦੇ ਮਨ ਵਿੱਚ ਪੀੜਤਾਂ ਦੇ ਮੁੜ-ਵਸੇਬੇ ਦੀ ਵੀ ਤੜਪ ਸੀ। ਉਹ ਚਾਹੁੰਦੇ ਸਨ ਕਿ ਦਿੱਲੀ ਵਿਕਾਸ ਅਥਾਰਟੀ (ਡੀ.ਡੀ.ਏ) ਅਤੇ ਸਰਕਾਰ, ਕਤਲੇਆਮ ਦੇ ਪੀੜਤਾਂ ਨੂੰ ਸਸਤੀਆਂ ਦਰਾਂ 'ਤੇ ਮਕਾਨ ਬਣਾ ਕੇ ਦੇਵੇ। ਬਜਰੰਗ ਸਿੰਘ ਨੇ ਬਾਕਾਇਦਾ 10 ਦਸੰਬਰ, 1984 ਨੂੰ ਮਨੁੱਖੀ ਅਧਿਕਾਰ ਦਿਵਸ ਮੌਕੇ ਸਿੱਖ ਵਿਧਵਾਵਾਂ ਅਤੇ ਪੀੜਤ ਪ੍ਰਵਾਰਾਂ ਨੂੰ ਅਪਣਾ ਲਿਆ ਸੀ ਜਿਹੜੇ ਅਜੇ ਤੱਕ ਵੀ ਵਾਪਸ ਨਹੀਂ ਸਨ ਗਏ ਅਤੇ ਜਿਨ੍ਹਾਂ ਦਾ ਕੋਈ ਘਰ-ਘਾਟ ਨਹੀਂ ਸੀ ਰਿਹਾ। ਬਜਰੰਗ ਸਿੰਘ ਨੇ ਇਹਨਾਂ ਪੀੜਤਾਂ ਨੂੰ ਫ਼ਲੈਟ ਲੈ ਕੇ ਦੇਣ ਲਈ ਕਾਫ਼ੀ ਯਤਨ ਕੀਤੇ, ਬਹੁਤ ਆਵਾਜ਼ ਉਠਾਈ ਪਰ ਲਾਲ ਫੀਤਾਸ਼ਾਹੀ ਤੇ ਬੋਲੀਆਂ ਸਰਕਾਰਾਂ ਕਦੋਂ ਮੰਨਦੀਆਂ ਹਨ? ਉਹ ਵੀ ਉਦੋਂ ਜਦੋਂ ਹਵਾਵਾਂ ਦੇ ਰੁਖ਼ ਝੱਖੜ ਬਣ ਕੇ ਉਲਟਾ ਵਹਿ ਰਹੇ ਹੋਣ।

ਜਦੋਂ ਬਜਰੰਗ ਸਿੰਘ ਨੇ ਇਹ ਵੇਖਿਆ ਕਿ ਮੱਝ ਅੱਗੇ ਬੀਨ ਵਜਾਉਣ ਦਾ ਕੋਈ ਫ਼ਾਇਦਾ ਨਹੀਂ ਤਾਂ ਉਹ ਕਤਲੇਆਮ ਪੀੜਤਾਂ ਨੂੰ ਫ਼ਲੈਟ ਦਿਵਾਉਣ ਅਤੇ ਹੋਰ ਮੰਗਾਂ ਨੂੰ ਲੈ ਕੇ 13 ਦਸੰਬਰ, 1984 ਨੂੰ ਮਰਨ ਵਰਤ 'ਤੇ ਬੈਠ ਗਏ। ਇਸ ਦੌਰਾਨ ਉਨ੍ਹਾਂ ਦਾ ਭਾਰ 181/2 ਕਿਲੋ ਘੱਟ ਗਿਆ। ਇਹ ਮਰਨ ਵਰਤ 33 ਦਿਨਾਂ ਤੱਕ ਚੱਲਿਆ। ਪ੍ਰਵਾਰਕ ਮੈਂਬਰਾਂ ਨੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਤੱਕ ਤੇ ਹੋਰਨਾਂ ਕੋਲ ਵੀ ਅਪੀਲ ਕੀਤੀ ਗਈ ਪਰ ਕੋਈ ਫ਼ਾਇਦਾ ਨਾ ਹੋਇਆ। ਪਰ ਬਜਰੰਗ ਸਿੰਘ ਵੀ ਆਪਣੀ ਮੰਗ 'ਤੇ ਅੜੇ ਰਹੇ। ਇਥੇ ਪੁਲਸੀਆ ਤੰਤਰ ਨੇ ਫਿਰ ਆਪਣਾ ਰੰਗ ਵਿਖਾਇਆ। ਉਨ੍ਹਾਂ 'ਤੇ ਆਤਮ ਹੱਤਿਆ ਦਾ ਕੇਸ ਪਾ ਕੇ ਉਨ੍ਹਾਂ ਨੂੰ ਏਮਜ਼ ਵਿਖੇ ਭਰਤੀ ਕਰਾ ਦਿੱਤਾ ਗਿਆ। ਜ਼ੁਲਮ ਦੀ ਇਥੇ ਹੀ ਬਸ ਨਹੀਂ ਹੋਈ। ਜਦੋਂ ਉਨ੍ਹਾਂ ਨੇ ਆਪਣਾ ਮਰਨ ਵਰਤ ਨਾ ਤੋੜਿਆ ਤਾਂ ਪੁਲਿਸ ਵਾਲਿਆਂ ਨੇ ਉਨ੍ਹਾਂ ਨੂੰ ਹਸਪਤਾਲ ਤੋਂ ਵੀ ਚੁੱਕਣ ਦੀ ਕੋਸ਼ਿਸ਼ ਕੀਤੀ। 2 ਜਨਵਰੀ, 1985 ਨੂੰ ਹੋਈ ਇਸ ਹੱਥੋਪਾਈ ਅਤੇ ਮਾਰਕੁਟਾਈ ਵਿੱਚ ਬਜਰੰਗ ਸਿੰਘ ਦੇ ਤਿੰਨ ਦੰਦ ਤੋੜ ਦਿੱਤੇ ਗਏ। 9 ਫ਼ਰਵਰੀ ਨੂੰ ਇੱਕ ਏ.ਐਸ.ਆਈ. ਨੇ ਗਲਾ ਘੁੱਟ ਕੇ ਸੱਚ ਦੀ ਆਵਾਜ਼ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਿਸ ਕਾਰਨ ਉਨ੍ਹਾਂ ਨੂੰ ਗਲੇ ਦੀ ਭਿਆਨਕ ਬੀਮਾਰੀ ਲੱਗ ਗਈ ਤੇ ਉਸ ਤੋਂ ਬਾਅਦ ਚੰਗੀ ਤਰ੍ਹਾਂ ਬੋਲ ਵੀ ਨਾ ਸਕੇ। ਬਜਰੰਗ ਸਿੰਘ ਵਲੋਂ ਇਸ ਸਮੇਂ ਦੌਰਾਨ ਪਾਈ ਰਿੱਟ ਉਸੇ ਦਿਨ ਹੀ ਸੁਪ੍ਰੀਮ ਕੋਰਟ ਦੇ ਜੱਜ ਮੁਰਤਜ਼ਾ ਫ਼ਜ਼ਲ ਅਲੀ ਵੱਲੋਂ 2 ਜਨਵਰੀ, 1985 ਨੂੰ ਆਪਣੇ ਘਰ ਵਿੱਚ ਹੀ ਸੁਣੀ ਗਈ। ਅੰਤ ਦਿੱਲੀ ਵਿਕਾਸ ਅਥਾਰਟੀ ਝੁਕੀ। ਸਰਕਾਰ ਨੇ ਕਿਹਾ ਕਿ ਉਹ ਸਿੱਖ ਵਿਧਵਾਵਾਂ ਨੂੰ ਫ਼ਲੈਟ ਦੇਣ ਲਈ

ਤਿਆਰ ਹੈ। ਇਸੇ ਤਰ੍ਹਾਂ ਬਜਰੰਗ ਸਿੰਘ ਨੇ ਸੁਪ੍ਰੀਮ ਕੋਰਟ ਦੇ ਉਸੇ ਜੱਜ ਮੁਰਤਜ਼ਾ ਫ਼ਜ਼ਲ ਅਲੀ ਦੇ ਸਾਹਮਣੇ ਆਪਣਾ ਮਰਨ ਵਰਤ ਤੋੜਿਆ।

ਇਸ ਤਰ੍ਹਾਂ ਸਿੱਖ ਵਿਧਵਾਵਾਂ ਨੂੰ ਫ਼ਲੈਟ ਮਿਲਣੇ ਸ਼ੁਰੂ ਹੋਏ। ਹੁਣ ਭਾਵੇਂ ਕੇਂਦਰ ਅਤੇ ਸੂਬਾ ਸਰਕਾਰਾਂ ਕੁੱਝ ਵੀ ਕਹਿਣ ਪਰ ਅਸਲੀਅਤ ਇਹ ਹੈ ਕਿ ਪੀੜਤਾਂ ਦੇ ਮੁੜ-ਵਸੇਬੇ ਦਾ ਕਾਰਜ ਬਜਰੰਗ ਸਿੰਘ ਦੀ ਮਹਾਨ ਦੇਣ ਸੀ। ਬਜਰੰਗ ਸਿੰਘ ਦੀ ਜ਼ਿੰਦਗੀ ਦਾ ਹੁਣ ਇੱਕ ਹੀ ਮਕਸਦ ਰਹਿ ਗਿਆ ਸੀ ਤੇ ਉਹ ਸੀ ਇਨ੍ਹਾਂ ਪੀੜਤਾਂ ਦੀ ਮਦਦ ਲਈ ਵੱਧ ਤੋਂ ਵੱਧ ਯਤਨ ਕਰਨੇ। ਹੁਣ ਉਨ੍ਹਾਂ ਨੇ ਪੀੜਤ ਸਿੱਖ ਵਿਧਵਾਵਾਂ ਅਤੇ ਲੜਕੀਆਂ ਲਈ ਪਿਉ ਦਾ ਰੋਲ ਅਦਾ ਕੀਤਾ। ਉਹ ਚਾਹੁੰਦੇ ਸਨ ਕਿ ਵਿਧਵਾਵਾਂ ਅਤੇ ਲੜਕੀਆਂ ਦੇ ਜਲਦੀ ਵਿਆਹ ਕਰ ਦਿਤੇ ਜਾਣ। ਬਜਰੰਗ ਸਿੰਘ ਦੀ ਧਰਮ ਪਤਨੀ ਚੰਚਲ ਸਿੰਘ ਨੇ ਇਸ ਕਾਰਜ ਵਿੱਚ ਅਥਾਹ ਯੋਗਦਾਨ ਪਾਇਆ। ਲੜਕੀਆਂ ਲਈ ਅਖ਼ਬਾਰਾਂ ਵਿੱਚ ਵਿਆਹ ਸਬੰਧੀ ਮੈਟਰੀਮੋਨੀਅਲ ਦਿੱਤੇ ਗਏ। ਯੋਗ ਲੜਕਿਆਂ ਦੀ ਚੋਣ ਇੰਟਰਵੀਊ ਲੈ ਕੇ ਕੀਤੀ ਗਈ। ਇਸ ਤਰ੍ਹਾਂ ਉਨ੍ਹਾਂ ਨੇ ਦੋ ਵਾਰੀ ਕੁੱਲ 61 ਲੜਕੀਆਂ ਦੇ ਵਿਆਹ, ਧੀਆਂ ਬਣਾ ਕੇ ਕੀਤੇ। ਇਸ ਮੌਕੇ ਉਨ੍ਹਾਂ ਵੱਲੋਂ ਲੜਕੀਆਂ ਨੂੰ ਘਰੇਲੂ ਜ਼ਰੂਰਤ ਦਾ ਸਾਮਾਨ ਦਿੱਤਾ ਗਿਆ ਅਤੇ ਹਰ ਵਿਆਹ ਵਿੱਚ 50 ਮਹਿਮਾਨ ਸੱਦੇ ਗਏ ਤੇ ਪੂਰਨ ਧਾਰਮਕ ਰੀਤਾਂ ਅਨੁਸਾਰ ਵਿਆਹ ਕੀਤੇ ਗਏ। ਲੜਕਿਆਂ ਨੂੰ ਬੜੇ ਪਿਆਰ ਨਾਲ ਕਿਹਾ ਗਿਆ ਕਿ ਇਹ ਵਿਆਹ, ਰਸਮ-ਮਾਤਰ ਨਹੀਂ ਹਨ ਬਲਕਿ ਇਹ ਸਭ, ਉਨ੍ਹਾਂ ਦੀਆਂ ਆਪਣੀਆਂ ਧੀਆਂ ਹਨ। ਜੇਕਰ ਉਨ੍ਹਾਂ ਨਾਲ ਕੋਈ ਵੀ ਮਾੜਾ ਸਲੂਕ ਕੀਤਾ ਗਿਆ ਤਾਂ ਉਸ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਥੋਂ ਤੱਕ ਕਿ ਉਨ੍ਹਾਂ (ਕੁੜੀਆਂ) ਦਾ ਖ਼ਿਆਲ ਰੱਖਣ ਲਈ ਉਨ੍ਹਾਂ ਨੂੰ ਸਾਲ ਵਿੱਚ ਦੋ ਵਾਰ ਤਿਉਹਾਰਾਂ 'ਤੇ ਘਰ ਸੱਦਿਆ ਜਾਂਦਾ ਤੇ ਤੋਹਫ਼ੇ ਦੇ ਕੇ ਵਾਪਸ ਭੇਜਿਆ ਜਾਂਦਾ। ਇਨ੍ਹਾਂ ਵਿਆਹਾਂ ਵਿੱਚ ਉਸ ਸਮੇਂ ਦੇ ਕਾਂਗਰਸ ਦੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਮਾਰਗੇਟ ਅਲਵਾ, ਬਿਨਾਂ ਬੁਲਾਏ ਸ਼ਾਮਲ ਹੋਏ ਤੇ ਸ੍ਰੀਮਤੀ ਚੰਚਲ ਸਿੰਘ ਨੂੰ 'ਹੋਲੀ ਮਦਰ' ਦਾ ਐਵਾਰਡ ਦੇ ਕੇ ਸਨਮਾਨਤ ਕੀਤਾ।

ਬਜਰੰਗ ਸਿੰਘ ਦਾ ਪ੍ਰਵਾਰ ਜਦੋਂ ਧਮਕੀਆਂ ਤੋਂ ਨਾ ਡਰਿਆ ਤਾਂ ਉਨ੍ਹਾਂ ਵਿਰੁੱਧ ਸ਼ਿਕਾਇਤਾਂ ਦਾ ਦੌਰ ਸ਼ੁਰੂ ਕਰ ਦਿੱਤਾ ਗਿਆ ਕਿ ਉਨ੍ਹਾਂ ਨੇ ਟੈਕਸ ਚੋਰੀ ਕਰ ਕੇ, ਨਾਜਾਇਜ਼ ਧਨ ਦੀ ਵਰਤੋਂ ਕਰ ਕੇ ਸਿੱਖਾਂ ਦੀ ਮਦਦ ਕੀਤੀ ਹੈ ਪਰ ਪ੍ਰਵਾਰ ਨੇ ਸਾਬਤ ਕਰ ਦਿੱਤਾ ਕਿ ਰਾਹਤ ਕੰਮ ਅਤੇ ਹੋਰ ਕਾਰਜਾਂ ਲਈ ਪ੍ਰਵਾਰ ਨੇ ਕੋਈ ਠੱਗੀ ਨਹੀਂ ਮਾਰੀ, ਨਾ ਹੀ ਕੋਈ ਪੈਸਾ ਕਿਸੇ ਤੋਂ ਲਿਆ ਗਿਆ ਹੈ। ਇਹ ਸਭ ਕੁੱਝ ਤਾਂ ਪ੍ਰਵਾਰਕ ਮੈਂਬਰਾਂ ਨੇ ਆਪਣੀ ਜ਼ਮੀਨ ਗਹਿਣੇ ਰੱਖ ਕੇ, ਗਹਿਣੇ ਵੇਚ ਕੇ, ਆਪਣੀਆਂ ਐਫ਼ ਡੀਜ਼ ਤੁੜਵਾ ਕੇ, ਰਿਸ਼ਤੇਦਾਰਾ ਤੋਂ ਉਧਾਰ ਲੈ ਕੇ ਕੀਤਾ ਹੈ। ਸ੍ਰੀਮਤੀ ਚੰਚਲ ਸਿੰਘ ਨੇ ਆਪਣੇ ਗਹਿਣੇ ਰੱਖ ਕੇ ਇੱਕ ਲੱਖ ਅੱਸੀ ਹਜ਼ਾਰ, ਜ਼ਮੀਨ ਗਹਿਣੇ ਰੱਖ ਕੇ ਦੋ ਲੱਖ ਪੰਜਾਹ ਹਜ਼ਾਰ ਤੇ ਇਸੇ ਤਰ੍ਹਾਂ ਹੋਰ ਧਨ ਇਕੱਠਾ ਕੀਤਾ ਪਰ ਕਿਸੇ ਨਾਲ ਇੱਕ ਵੀ ਪੈਸੇ ਦੀ ਠੱਗੀ ਨਹੀਂ ਮਾਰੀ। ਇਸ ਤੋਂ ਇਲਾਵਾ ਪ੍ਰਵਾਰ ਉਪਰ ਸਿੱਖ ਲੜਕੀਆਂ ਵੇਚਣ ਦੇ ਬੇਬੁਨਿਆਦ ਦੋਸ਼ ਲਾ ਕੇ ਜ਼ਲੀਲ

ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਪਰ ਵਿਰੋਧੀ ਕੁੱਝ ਵੀ ਸਾਬਤ ਨਾ ਕਰ ਸਕੇ।

ਖ਼ੁਸ਼ਵੰਤ ਸਿੰਘ ਨੇ ਆਪਣੀ ਅੱਖੀਂ ਵੇਖੀ ਘਟਨਾ ਦਾ ਵਰਣਨ 18 ਨਵੰਬਰ, 1989 ਦੇ 'ਹਿੰਦੁਸਤਾਨ ਟਾਈਮਜ਼' ਅਖ਼ਬਾਰ ਵਿਚ ਕੀਤਾ ਹੈ ਕਿ ਕਿਵੇਂ ਸਾਰੀਆਂ ਮਾੜੀਆਂ ਤਾਕਤਾਂ ਬਜਰੰਗ ਸਿੰਘ ਵਿਰੁੱਧ ਇਕੱਠੀਆਂ ਹੋ ਗਈਆਂ ਸਨ। ਖ਼ੁਸ਼ਵੰਤ ਸਿੰਘ ਲਿਖਦੇ ਹਨ, ''ਜਦੋਂ ਤੁਹਾਨੂੰ ਕਿਸੇ ਦੀ ਧਮਕੀ ਦਾ ਡਰ ਹੋਵੇ ਤਾਂ ਤੁਸੀਂ ਆਪਣੇ ਲਈ, ਸਾਰਿਆਂ ਨਾਲੋਂ ਵੱਧ ਕਿਹੜੀ ਜਗ੍ਹਾ ਸੁਰੱਖਿਅਤ ਸਮਝਦੇ ਹੋ ? ਮੈਂ ਤਾਂ ਮੈਜਿਸਟਰੇਟ ਦੀ ਅਦਾਲਤ ਨੂੰ ਸੱਭ ਤੋਂ ਵੱਧ ਸੁਰੱਖਿਅਤ ਸਮਝਾਂਗਾ। ਉਹੀ ਅਜਿਹੇ ਵਿਅਕਤੀ ਹਨ ਜਿਨ੍ਹਾਂ ਤੋਂ ਇਸ ਗੱਲ ਦੀ ਉਮੀਦ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੀ ਮੌਜੂਦਗੀ ਵਿੱਚ ਕੋਈ ਵਿਅਕਤੀ ਨੁਕਸਾਨ ਪਹੁੰਚਾਉਣ ਨਹੀਂ ਆ ਸਕਦਾ ਕਿਉਂਕਿ ਰਾਖੀ ਲਈ ਪੁਲਿਸ ਤਾਂ ਹਰ ਸਮੇਂ ਉਨ੍ਹਾਂ ਨਾਲ ਤਿਆਰ ਰਹਿੰਦੀ ਹੈ ਅਤੇ ਫਿਰ ਕੁੱਝ ਵਕੀਲ ਵੀ ਇਹ ਵੇਖਣ ਲਈ ਮੌਜੂਦ ਹੁੰਦੇ ਹਨ ਕਿ ਕੋਈ ਕਾਨੂੰਨ ਨਾ ਤੋੜੇ। ਫਿਰ ਵੀ ਮੈਨੂੰ ਬਹੁਤ ਹੈਰਾਨੀ ਹੋਈ ਜਦੋਂ ਮੇਰੇ ਵੇਖਣ ਵਿੱਚ ਇੱਕ ਅਜਿਹਾ ਮਾਮਲਾ ਆਇਆ ਜਦੋਂ ਸਰਬਉੱਚ ਅਦਾਲਤ ਦੇ ਤਿੰਨ ਵਕੀਲਾਂ ਨੂੰ ਅਦਾਲਤ ਵਿੱਚ ਹੀ ਘੇਰ ਲਿਆ ਅਤੇ ਰੱਜ ਕੇ ਕੁੱਟਿਆ। ਅਦਾਲਤ ਦੇ ਦਰਵਾਜ਼ੇ 'ਤੇ ਹੀ ਐਸ.ਐਚ.ਓ. ਹਾਜ਼ਰ ਸੀ। ਮੈਜਿਸਟਰੇਟ ਆਪਣੇ ਫ਼ਰਜ਼ ਦੀ ਪਾਲਣਾ ਕਰਨ ਦੀ ਬਜਾਏ ਜਲਦੀ ਨਾਲ ਆਪਣੇ ਚੈਂਬਰ ਵਿੱਚ ਚਲੇ ਗਏ ਤਾਂ ਕਿ ਉਹ ਮਾਮਲੇ ਦੀ ਲਪੇਟ ਵਿੱਚ ਨਾ ਆ ਜਾਣ। ਉਥੇ ਬਹੁਤ ਸਾਰੇ ਵਕੀਲ ਵੀ ਹਾਜ਼ਰ ਸਨ ਜਿਨ੍ਹਾਂ ਨੇ ਇਸ ਘਟਨਾ ਨੂੰ ਵੇਖਿਆ। ਸੈਸ਼ਨ ਅਦਾਲਤ ਵਿੱਚ ਨਿਆਂ ਨਾ ਮਿਲਣ ਕਰ ਕੇ ਤਿੰਨੇ ਵਕੀਲਾਂ ਨੇ ਸੁਪ੍ਰੀਮ ਕੋਰਟ ਵਿੱਚ ਇਨਸਾਫ਼ ਦੀ ਅਪੀਲ ਕੀਤੀ। ਸੁਪ੍ਰੀਮ ਕੋਰਟ ਦੀ ਬਾਰ ਕੌਂਸਲ ਨੇ ਵੀ ਇਹ ਮਾਮਲਾ ਆਪਣੇ ਹੱਥ ਵਿੱਚ ਲੈ ਲਿਆ ਹੈ। ਜਿਨ੍ਹਾਂ ਵਕੀਲਾਂ ਬਾਰੇ ਦੱਸਿਆ ਗਿਆ ਹੈ, ਉਹ ਹਨ ਚੌਧਰੀ ਦਲਜੀਤ ਸਿੰਘ ਦਲਾਲ, ਉਨ੍ਹਾਂ ਦੇ ਦੋ ਪੁੱਤਰ ਬਜਰੰਗ ਸਿੰਘ ਅਤੇ ਧੁਰੇਂਦਰ ਸਿੰਘ। ਘਟਨਾ ਸੈਸ਼ਨ ਕੋਰਟ ਦੇ ਮੈਜਿਸਟਰੇਟ ਐਨ.ਕੇ. ਸ਼ਰਮਾ ਦੀ ਅਦਾਲਤ ਵਿੱਚ ਵਾਪਰੀ ਹੈ। ਉਸ ਸਮੇਂ ਅਦਾਲਤ ਵਿੱਚ ਸਬਜ਼ੀ ਮੰਡੀ ਥਾਣੇ ਦਾ ਐਸ.ਐਚ.ਓ. ਈਸ਼ਵਰ ਸਿੰਘ ਵੀ ਪੁਲਿਸ ਦੀ ਵਰਦੀ ਵਿੱਚ ਮੌਜੂਦ ਸੀ।''

ਜਦੋਂ ਪੰਜਾਬ ਸਰਕਾਰ ਨੂੰ ਬਜਰੰਗ ਸਿੰਘ ਦੀਆਂ ਦਲੇਰਾਨਾ ਅਤੇ ਸੇਵਾ-ਭਾਵਨਾ ਵਾਲੀਆਂ ਕਾਰਵਾਈਆਂ ਦਾ ਪਤਾ ਲੱਗਾ ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ੍ਰੀ ਹਰਚੰਦ ਸਿੰਘ ਲੌਂਗੋਵਾਲ ਅਤੇ ਤਤਕਾਲੀ ਮੁੱਖ ਮੰਤਰੀ ਸ੍ਰੀ ਸੁਰਜੀਤ ਸਿੰਘ ਬਰਨਾਲਾ ਖ਼ੁਦ ਚੱਲ ਕੇ ਬਜਰੰਗ ਸਿੰਘ ਨੂੰ ਮਿਲਣ ਗਏ ਅਤੇ ਉਸ ਦੇ ਯਤਨਾਂ ਦੀ ਰੱਜ ਕੇ ਸ਼ਲਾਘਾ ਕੀਤੀ। ਉਨ੍ਹਾਂ ਮਾਇਕ ਸਹਾਇਤਾ ਦੇਣ ਦੀ ਕੋਸ਼ਿਸ਼ ਕੀਤੀ ਪਰ ਬਜਰੰਗ ਸਿੰਘ ਨੇ ਨਿਮਰਤਾ ਸਹਿਤ ਰਕਮ ਵਾਪਸ ਕਰ ਦਿੱਤੀ। ਪੰਜਾਬ ਸਰਕਾਰ ਨੇ ਬਜਰੰਗ ਸਿੰਘ ਨੂੰ ਸਨਮਾਨਤ ਕਰਨ ਲਈ ਦਿੱਲੀ ਵਿਖੇ 'ਮਾਨਵ ਸੇਵਾ ਐਵਾਰਡ' ਦਾ ਸਨਮਾਨ ਸਮਾਰੋਹ ਰੱਖਿਆ ਤੇ ਬਜਰੰਗ ਸਿੰਘ ਨੂੰ 5 ਲੱਖ ਰੁਪਏ ਦਿੱਤੇ ਗਏ। ਇਹ ਰੁਪਏ ਉਸੇ ਵੇਲੇ ਬਜਰੰਗ ਸਿੰਘ ਨੇ ਪੀੜਤਾਂ ਲਈ ਬਣਾਏ ਟਰੱਸਟ ਦੇ ਹਵਾਲੇ ਕਰ ਦਿੱਤੇ।

ਬਜਰੰਗ ਸਿੰਘ ਨੂੰ ਇੱਕ ਗੱਲ ਬੜੀ ਹੀ ਤੰਗ ਕਰ ਰਹੀ ਸੀ ਕਿ ਜਿਹੜੇ ਸਿਆਸੀ

ਲੀਡਰਾਂ ਨੇ ਭੂਤਰੀਆਂ ਭੀੜਾਂ ਕੋਲੋਂ ਸਿੱਖਾਂ ਦੇ ਗਲਾਂ ਵਿੱਚ ਟਾਇਰ ਪਾ ਕੇ ਉਨ੍ਹਾਂ ਨੂੰ ਜ਼ਿੰਦਾ ਸੜਵਾਇਆ, ਜਿਹੜੀ ਪੁਲਿਸ ਨੇ ਆਪਣੇ ਸਰਵਿਸ ਰੀਵਾਲਵਰ ਦੇ ਕੇ ਸਿੱਖਾਂ ਦੇ ਕਤਲ ਕਰਵਾਏ, ਉਨ੍ਹਾਂ ਨੂੰ ਸਜ਼ਾ ਨਾ ਮਿਲੇ ਤੇ ਉਹ ਖੁੱਲ੍ਹਾ ਘੁੰਮਣ, ਇਹ ਕਿਵੇਂ ਹੋ ਸਕਦਾ ਹੈ? ਬਸ ਇਥੋਂ ਹੀ ਸ਼ੁਰੂ ਹੁੰਦੀ ਹੈ ਬਜਰੰਗ ਸਿੰਘ ਦੀ ਸਿਆਸੀ ਲੀਡਰਾਂ, ਪੁਲਿਸ ਅਫ਼ਸਰਾਂ ਅਤੇ ਗੁੰਡਾ ਅਨਸਰਾਂ ਨੂੰ ਦੁਸ਼ਮਣ ਬਣਾਉਣ ਦੀ ਦਾਸਤਾਨ। ਕੇਂਦਰ ਸਰਕਾਰ ਨੇ ਸਿੱਖ ਕਤਲੇਆਮ ਦੀ ਜਾਂਚ ਲਈ ਜਦੋਂ ਰੰਗਾਨਾਥ ਮਿਸ਼ਰਾ ਕਮਿਸ਼ਨ ਦੀ ਸਥਾਪਨਾ ਕੀਤੀ ਤਾਂ ਬਜਰੰਗ ਸਿੰਘ ਨੇ 69 ਸਫ਼ਿਆਂ ਦਾ ਹਲਫ਼ੀਅ ਬਿਆਨ 09-09-1985 ਨੂੰ ਦਾਇਰ ਕਰ ਕੇ ਕਾਤਲਾਂ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦਾ ਯਤਨ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਕਿ ਜੇਕਰ ਉਹ ਮਿਸ਼ਰਾ ਕਮਿਸ਼ਨ ਸਾਹਮਣੇ ਪੇਸ਼ ਹੋਏ ਤਾਂ ਜਾਨੋਂ ਮਾਰ ਦਿੱਤਾ ਜਾਵੇਗਾ। ਮਿਤੀ 06-03-1986 ਨੂੰ ਜਦੋਂ ਬਜਰੰਗ ਸਿੰਘ ਰੰਗਨਾਥ ਮਿਸ਼ਰਾ ਕਮਿਸ਼ਨ ਸਾਹਮਣੇ ਗਵਾਹੀ ਦੇਣ ਜਾ ਰਹੇ ਸਨ ਤਾਂ ਪੁਲਿਸ ਮੋਟਰ ਸਾਈਕਲ 'ਤੇ ਸਵਾਰ ਵਿਅਕਤੀਆਂ ਨੇ ਉਨ੍ਹਾਂ ਦੀ ਚਿੱਟੀ ਫ਼ੀਏਟ ਕਾਰ (ਨੰ: ਐਚ.ਆਰ.ਐਚ. 166) 'ਤੇ 6 ਗੋਲੀਆਂ ਚਲਾਈਆਂ। ਇੱਕ ਗੋਲੀ ਉਨ੍ਹਾਂ ਦੀ ਬਾਂਹ 'ਤੇ ਲੱਗੀ। ਹੈਰਾਨੀ ਦੀ ਗੱਲ ਇਹ ਹੈ ਕਿ ਹਸਪਤਾਲ ਜਾਣ ਦੀ ਬਜਾਏ ਉਹ ਮਿਸ਼ਰਾ ਕਮਿਸ਼ਨ ਸਾਹਮਣੇ ਪੇਸ਼ ਹੋਏ। ਉਹ ਗੱਲ ਵਖਰੀ ਹੈ ਕਿ ਕਮਿਸ਼ਨ ਨੇ ਬਿਆਨ ਲੈਣ ਤੋਂ ਪਹਿਲਾਂ ਇਨ੍ਹਾਂ ਦਾ ਇਲਾਜ ਕਰਵਾਉਣ ਨੂੰ ਤਰਜੀਹ ਦਿੱਤੀ ਤੇ ਆਈ.ਪੀ.ਐਸ. ਅਧਿਕਾਰੀ ਸ੍ਰੀ ਮੀਨਾ, ਏ.ਸੀ.ਪੀ. ਪੁਲਿਸ ਦੀ ਅਗਵਾਈ ਹੇਠ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ। ਕਿਉਂਕਿ ਬਜਰੰਗ ਸਿੰਘ, ਸਿਆਸਤਦਾਨਾਂ ਵਿਰੁੱਧ ਪੂਰੀ ਤਰ੍ਹਾਂ ਡਟੇ ਹੋਏ ਸਨ ਜਿਸ ਕਾਰਨ ਗੁੰਡਾ ਅਨਸਰਾਂ ਨੇ 06-07-1989 ਨੂੰ ਫਿਰ ਉਨ੍ਹਾਂ ਦੇ ਘਰ ਨੂੰ ਅੱਗ ਲਾ ਦਿੱਤੀ। ਉਨ੍ਹਾਂ ਦੇ ਬੇਟੇ ਹਿਮਾਂਸ਼ੂ ਅਤੇ ਬੇਟੀ ਅਵਾਂਤਿਕਾ ਨੂੰ ਦੂਜੀ ਮੰਜ਼ਲ ਤੋਂ ਛਾਲ ਮਾਰ ਕੇ ਆਪਣੀ ਜਾਨ ਬਚਾਉਣੀ ਪਈ।

ਸ੍ਰੀਮਤੀ ਚੰਚਲ ਸਿੰਘ ਅਨੁਸਾਰ ਉਨ੍ਹਾਂ ਵਿਰੁੱਧ ਸਾਜ਼ਸ਼ਾਂ ਦਾ ਦੌਰ 1984 ਤੋਂ ਸ਼ੁਰੂ ਹੋਇਆ ਅਤੇ ਉਨ੍ਹਾਂ ਦੇ ਪਤੀ ਬਜਰੰਗ ਸਿੰਘ ਦੀ ਮੌਤ (14-07-2005) ਤੱਕ ਸਿਖਰ 'ਤੇ ਰਿਹਾ। ਇਸ ਸਮੇਂ ਦੌਰਾਨ ਕਿਰਾਏ 'ਤੇ ਭੇਜੇ ਹੋਏ ਗੁੰਡੇ ਅਕਸਰ ਹੀ ਉਨ੍ਹਾਂ ਨੂੰ ਤੰਗ ਕਰਿਆ ਕਰਦੇ ਸਨ ਜਿਸ ਕਾਰਨ ਉਨ੍ਹਾਂ ਦਾ ਬਾਹਰ ਨਿਕਲਣਾ ਮੁਸ਼ਕਲ ਹੋ ਗਿਆ ਸੀ। ਘਰ ਨੂੰ ਜਾਂਦੀ ਬਿਜਲੀ, ਪਾਣੀ ਦੀ ਲਾਈਨ ਅਤੇ ਟੈਲੀਫ਼ੋਨ ਦੇ ਕੁਨੈਕਸ਼ਨ ਵੀ ਕੱਟ ਦਿੱਤੇ ਗਏ ਸਨ। ਥੱਕ ਹਾਰ ਕੇ ਸ੍ਰੀਮਤੀ ਚੰਚਲ ਸਿੰਘ ਨੂੰ ਬੱਚਿਆਂ ਸਮੇਤ ਘਰ ਛੱਡ ਕੇ ਦਿੱਲੀ ਦੇ ਉਸ ਕਾਲਜ ਵਿੱਚ ਜਾਣਾ ਪਿਆ ਜਿਥੇ ਉਹ ਨੌਕਰੀ ਕਰਦੇ ਸਨ।

ਮੌਜੂਦਾ ਸਮੇਂ ਇਸ ਪ੍ਰਵਾਰ ਵੱਲ ਪੰਜਾਬ ਐਂਡ ਸਿੰਧ ਬੈਂਕ ਦਾ ਕਰਜਾ ਖੜਾ ਹੈ ਜਿਸ ਨੂੰ ਲੈ ਕੇ ਬਜਰੰਗ ਸਿੰਘ ਦੇ ਪ੍ਰਵਾਰ ਨੇ ਮਿੰਨੀ ਬੱਸਾਂ ਪਾਈਆਂ ਸਨ। ਗੱਡੀਆਂ ਦਾ ਬਕਾਇਦਾ ਨੈਸ਼ਨਲ ਇੰਸ਼ੋਰੈਂਸ ਕੰਪਨੀ ਵੱਲੋਂ ਬੀਮਾ ਕੀਤਾ ਗਿਆ ਸੀ। ਅੱਜ ਹਾਲਤ ਇਹ ਹੈ ਕਿ ਬੈਂਕ ਲਗਾਤਾਰ ਕਰਜਾ ਵਾਪਸ ਕਰਨ 'ਤੇ ਜ਼ੋਰ ਦੇ ਰਿਹਾ ਹੈ ਪਰ ਬੀਮਾ ਕੰਪਨੀ ਵੱਲੋਂ ਕੀਤੇ ਬੀਮੇ ਦੀ ਰਕਮ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ। ਇਸ ਸਬੰਧੀ ਬਹਾਨੇ ਅਤੇ

ਗ਼ਲਤ ਇਤਰਾਜ਼ ਲਗਾ ਕੇ ਪ੍ਰਵਾਰ ਨੂੰ ਖੱਜਲ-ਖ਼ੁਆਰ ਕੀਤਾ ਜਾ ਰਿਹਾ ਹੈ। ਬੈਂਕ ਨੇ ਕਾਨੂੰਨ ਦਾ ਸਹਾਰਾ ਲਿਆ ਹੈ। ਕਰਜੇ ਦੀ ਅਦਾਇਗੀ ਨੂੰ ਲੈ ਕੇ ਘਰ ਅਤੇ ਜ਼ਮੀਨ ਆਦਿ ਵੀ ਵਿੱਕ ਸਕਦੀ ਹੈ। ਪ੍ਰਵਾਰ ਇਸ ਦੁਚਿੱਤੀ ਨੂੰ ਲੈ ਕੇ ਅਦਾਲਤ ਵਿੱਚ ਪਹੁੰਚਿਆ ਹੋਇਆ ਹੈ। ਅਸੀਂ ਜਦੋਂ ਕਿਸੇ ਅਖ਼ਬਾਰ ਰਾਹੀਂ ਇਸ ਪ੍ਰਵਾਰ ਬਾਰੇ ਪੜ੍ਹਿਆ ਤਾਂ ਅਜਿਹੇ ਪ੍ਰਵਾਰ ਨੂੰ ਫ਼ਰੀਦਕੋਟ ਵਿਖੇ ਸੱਦ ਕੇ ਸਨਮਾਨਤ ਕਰਨ ਦਾ ਫ਼ੈਸਲਾ ਕੀਤਾ ਅਤੇ ਇਹ ਵੀ ਫ਼ੈਸਲਾ ਕੀਤਾ ਕਿ ਜਿਥੋਂ ਤੱਕ ਵੀ ਹੋ ਸਕੇ, ਇਸ ਪ੍ਰਵਾਰ ਦੀ ਲੜਾਈ ਲੜੀ ਜਾਵੇ। ਪ੍ਰਵਾਰ ਨੇ ਬੇਨਤੀ ਮੰਨ ਕੇ ਦਸੰਬਰ, 2009 ਵਿੱਚ ਫ਼ਰੀਦਕੋਟ ਵਿਖੇ ਫੇਰਾ ਪਾਇਆ। ਬਜਰੰਗ ਸਿੰਘ ਦੀ ਯਾਦ ਵਿੱਚ ਕਥਾ-ਕੀਰਤਨ ਕਰਵਾਇਆ ਗਿਆ। ਗੁਰਦਵਾਰਾ ਟਿੱਲਾ ਬਾਬਾ ਫ਼ਰੀਦ, ਜ਼ਿਲ੍ਹਾ ਬਾਰ ਕੌਂਸਲ ਫ਼ਰੀਦਕੋਟ ਅਤੇ ਨਗਰ ਕੌਂਸਲ ਫ਼ਰੀਦਕੋਟ ਵਿਖੇ ਸਮੁੱਚੇ ਪ੍ਰਵਾਰ ਦੇ ਨਾਲ ਆਏ ਲੋਕਾਂ ਦਾ ਵੀ ਸਨਮਾਨ ਕੀਤਾ ਗਿਆ।

ਇਹ ਗੱਲ ਠੀਕ ਹੈ ਕਿ ਤਿੰਨ ਵਾਰ ਪੂਰੇ ਦਸਤਾਵੇਜ਼ਾਂ ਸਮੇਤ ਫ਼ਾਈਲ ਉਪ ਮੁੱਖ ਮੰਤਰੀ, ਪੰਜਾਬ ਨੂੰ ਸੌਂਪੀ ਗਈ ਸੀ ਤੇ ਉਨ੍ਹਾਂ ਨੇ ਹਾਂ ਵੀ ਕਹੀ ਸੀ ਪਰ ਅਜੇ ਤੱਕ ਵੀ ਇਸ ਪ੍ਰਵਾਰ ਨੂੰ ਕੋਈ ਸ਼ਹਾਇਤਾ ਨਹੀਂ ਮਿਲੀ। ਹੁਣ ਇਥੇ ਇਹ ਸਵਾਲ ਉਠਦਾ ਹੈ ਕਿ ਸਰਕਾਰਾਂ, ਸਿੱਖ ਅਤੇ ਧਾਰਮਕ ਜਥੇਬੰਦੀਆਂ ਨੇ ਇਸ ਪ੍ਰਵਾਰ ਲਈ ਕੀ ਕੀਤਾ ? ਸ਼ਾਇਦ ਕੁੱਝ ਵੀ ਨਹੀਂ। ਇਹ ਕੋਈ ਫ਼ਿਲਮੀ ਕਹਾਣੀ ਨਹੀਂ ਜਿਸ ਨੂੰ ਪੜ੍ਹਿਆ, ਇੱਕ-ਦੋ ਦਿਨ ਹਮਦਰਦੀ ਰੱਖੀ ਤੇ ਫਿਰ ਆਮ ਕਹਾਣੀਆਂ ਵਾਂਗ ਭੁਲਾ ਦਿੱਤਾ। ਤੁਸੀਂ ਆਪ ਸੋਚੋ ਕਿ ਜਿਸ ਪ੍ਰਵਾਰ ਕੋਲ 1978 ਵਿੱਚ ਇੱਕ ਬੱਸ ਸੀ ਤੇ 1984 ਵਿੱਚ ਉਨ੍ਹਾਂ ਨੇ 12 ਬੱਸਾਂ, ਆਪਣੀ ਮਿਹਨਤ ਸਦਕਾ ਬਣਾ ਲਈਆਂ ਹੋਣ, ਜੇ ਹਾਲਾਤ ਆਮ ਵਰਗੇ ਰਹਿੰਦੇ ਤਾਂ ਅੱਜ ਉਨ੍ਹਾਂ ਕੋਲ ਸੈਂਕੜੇ ਬੱਸਾਂ ਅਤੇ ਟਰੱਕ ਹੋਣੇ ਸਨ। ਜਿਹੜੀਆਂ ਬੱਸਾਂ, ਕਰਜਾ ਲੈ ਕੇ ਪਾਈਆਂ ਗਈਆਂ ਸਨ, ਉਹ ਸਾਫ਼ ਦਿੱਤੀਆਂ ਗਈਆਂ ਪਰ ਕਰਜਾ ਅਜੇ ਵੀ ਦੇਣਾ ਹੈ, ਇੰਸ਼ੋਰੈਂਸ ਕੰਪਨੀ ਪੈਸੇ ਨਹੀਂ ਦੇ ਰਹੀ। ਇਹ ਸ਼ਰੇਆਮ ਜ਼ਿਆਦਤੀ ਨਹੀ ਤਾਂ ਹੋਰ ਕੀ ਹੈ ? ਅਦਾਇਗੀ ਨਾ ਕਰਨ ਸਬੰਧੀ ਚਾਹੇ ਇੰਸ਼ੋਰੈਂਸ ਕੰਪਨੀ ਲੱਖ ਬਹਾਨੇ ਲਾਏ, ਕਾਗ਼ਜ਼ਾਂ ਦੀ ਖਾਨਾਪੂਰਤੀ ਸਬੰਧੀ ਇਤਰਾਜ਼ ਲਾਏ ਜਾਣ ਪਰ ਆਮ ਬੁੱਧੀ ਰੱਖਣ ਵਾਲੇ ਵਿਅਕਤੀ ਵੀ ਇਹ ਸੋਚ ਸਕਦੇ ਹਨ ਕਿ ਇਹ ਇਤਰਾਜ਼ ਕਿਉਂ ਲਾਏ ਜਾ ਰਹੇ ਹਨ ? ਸਾਫ਼ ਜ਼ਾਹਰ ਹੈ ਕਿ ਮੱਕਾਰ ਲੀਡਰ ਅਜੇ ਵੀ ਪ੍ਰਵਾਰ ਨੂੰ ਝੁਕਾਉਣ ਅਤੇ ਤੰਗ ਕਰਨ ਵਾਲੇ ਪਾਸੇ ਤੁਰੇ ਹੋਏ ਹਨ ਤੇ ਛੁਪ ਕੇ ਵਾਰ ਕਰ ਰਹੇ ਹਨ।

- ਸੁਖਬੀਰ ਸਿੰਘ, ਫ਼ਰੀਦਕੋਟ

(98144-98298)

(ਧੰਨਵਾਦ ਸਹਿਤ ਸਪੋਕਸਮੈਨ, 23 ਮਾਰਚ, 2010)

★★★★★★

ਪਛਤਾਵਾ

9 ਸਤੰਬਰ 2001 ਨੂੰ ਅਮਰੀਕਾ ਵਿੱਚ ਦੋ ਜੌੜੇ ਟਾਵਰ "ਚਕਨਾ ਚੂਰ" ਕਰ ਦਿੱਤੇ ਗਏ। ਪੂਰੀ ਪਲਾਨਿੰਗ ਨਾਲ ਪ੍ਰਚਾਰ ਕੀਤਾ ਗਿਆ ਕਿ ਟਾਵਰ ਓਸਾਮਾ ਬਿਨ ਲਾਦੇਨ ਦੇ ਸਾਥੀ ਅਤਿਵਾਦੀਆਂ ਨੇ ਉਡਾਏ ਹਨ। ਇਸੇ ਬਹਾਨੇ "ਖਾੜਕੂਆਂ" ਨੂੰ ਖ਼ਤਮ ਕਰਨ ਲਈ ਉਸੇ ਸਮੇਂ ਅਫ਼ਗਾਨਿਸਤਾਨ ਵਿੱਚ ਤੀਹ ਹਜ਼ਾਰ ਫ਼ੌਜੀ ਭੇਜੇ ਤਾਂ ਕਿ ਉਥੋਂ ਦੇ ਖਾੜਕੂਆਂ ਨੂੰ "ਸੁਮੱਤ" ਦਿੱਤੀ ਜਾ ਸਕੇ। ਉਸੇ ਸਮੇਂ ਇਰਾਕ ਵਿੱਚ ਫ਼ੌਜ ਭੇਜ ਕੇ "ਖਾੜਕੂਵਾਦ" ਖ਼ਤਮ ਕਰਨ ਤੇ ਸ਼ਾਂਤੀ ਸਥਾਪਤ ਕਰਨ ਦਾ ਮਹਾਨ ਕਾਰਜ ਉਲੀਕਿਆ ਗਿਆ। ਹੁਣ ਤਾਂ ਸੌ ਪੜਦੇ ਪਾੜ ਕੇ ਸੱਚ ਸਾਹਮਣੇ ਆ ਗਿਆ ਹੈ ਕਿ ਅਸਲ ਵਿੱਚ ਇਹ ਜੌੜੇ ਟਾਵਰ ਅਮਰੀਕਾ ਸਰਕਾਰ ਦੇ ਹੁਕਮ 'ਤੇ ਇੱਕ ਮਾਹਿਰ ਇੰਜੀਨੀਅਰ ਦੀ ਨਿਗਰਾਨੀ ਵਿੱਚ ਬਾਰੂਦ ਨਾਲ ਉਡਾਏ ਗਏ ਸਨ। ਪਲਾਸਟਿਕ ਦੇ ਬਣੇ ਜਹਾਜ਼ਾਂ ਦੀ ਟੱਕਰ ਨਾਲ ਹਜ਼ਾਰਾਂ ਟਨ ਸਰੀਆ ਪਿਘਲ ਕੇ ਪਾਣੀ ਨਹੀਂ ਬਣ ਸਕਦਾ। ਲੱਖਾਂ ਟਨ ਪੱਥਰ ਤੇ ਸੀਮਿੰਟ ਰੇਤ ਨਹੀਂ ਬਣ ਸਕਦਾ। ਹੁਣ ਤਾਂ ਵੈਬ ਸਾਈਟਾਂ ਤੋਂ ਸਾਰੀ ਜਾਣਕਾਰੀ ਮਿਲ ਜਾਂਦੀ ਹੈ। ਮੁਸਲਮਾਨਾਂ ਦੇ ਵਿਰੁੱਧ ਧੂੰਆਂ-ਧਾਰ ਪ੍ਰਚਾਰ ਕੀਤਾ ਗਿਆ। ਇਸ ਪ੍ਰਚਾਰ ਤੋਂ ਗੁੱਸੇ ਵਿੱਚ ਆਏ ਅਮਰੀਕੀ ਗੋਰਿਆਂ ਨੇ ਕਈ ਥਾਈਂ ਮੁਸਲਮਾਨਾਂ 'ਤੇ ਹਮਲੇ ਕੀਤੇ। ਆਮ ਅਮਰੀਕੀ ਬੰਦੇ ਨੂੰ ਸਿੱਖਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਨੇ ਸਿੱਖਾਂ ਨੂੰ ਭੀ ਮੁਸਲਮਾਨ ਸਮਝ ਲਿਆ। ਇਸੇ ਗ਼ਲਤੀ ਕਾਰਨ ਕਈ ਥਾਈਂ ਸਿੱਖਾਂ 'ਤੇ ਭੀ ਮਾਰੂ ਹਮਲੇ ਕੀਤੇ ਗਏ।

18 ਮਾਰਚ, 2002 ਦੇ ਅੰਗਰੇਜ਼ੀ ਟ੍ਰਿਬਿਊਨ ਵਿੱਚ ਵਿਸਥਾਰ ਸਹਿਤ ਖ਼ਬਰ ਛਪੀ ਸੀ ਕਿ ਅਮਰੀਕਾ ਦੇ ਪਾਲਰਮੋ ਸ਼ਹਿਰ ਵਿੱਚ ਸਥਿਤ ਕੁੱਝ ਗੋਰੇ ਮੁੰਡਿਆਂ ਨੇ ਇੱਕ ਗੁਰਦਵਾਰੇ ਨੂੰ ਅੱਗ ਲਾ ਦਿੱਤੀ। ਗੁਰਦਵਾਰੇ ਦਾ ਬਹੁਤ ਸਾਰਾ ਨੁਕਸਾਨ ਹੋਇਆ। ਸਿੱਖਾਂ ਵਿੱਚ ਬਹੁਤ ਬੇਚੈਨੀ ਫੈਲ ਗਈ। ਸਿੱਖਾਂ ਦੇ ਜਥੇ ਸਬੰਧਤ ਅਫ਼ਸਰਾਂ ਨੂੰ ਅਤੇ ਮੰਤਰੀਆਂ ਨੂੰ ਮਿਲੇ। ਸਾਰੀ ਹੋਈ ਬੀਤੀ ਬਿਆਨ ਕੀਤੀ। ਪੁਲਿਸ ਹਰਕਤ ਵਿੱਚ ਆਈ। ਕੁੱਝ ਹੀ ਦਿਨਾਂ ਅੰਦਰ ਮੁਜ਼ਰਿਮ ਪਕੜ ਲਏ ਗਏ। ਜਦੋਂ ਦੋਸ਼ੀ ਗੋਰੇ ਮੁੰਡੇ ਪੱਤਰਕਾਰਾਂ ਦੇ ਸਾਹਮਣੇ ਲਿਆਂਦੇ ਤਾਂ ਸਾਰੇ ਵੇਖ ਕੇ ਹੈਰਾਨ ਸਨ ਕਿ ਇਹ ਤਾਂ ਬਿਲਕੁਲ ਛੋਟੀ ਉਮਰ ਦੇ ਨਿਆਣੇ ਬਾਲਕ ਹਨ। ਦੋਵਾਂ ਨੂੰ ਜੱਜ ਦੇ ਸਾਹਮਣੇ ਪੇਸ਼ ਕੀਤਾ ਗਿਆ। ਉਨ੍ਹਾਂ ਨੇ ਆਪਣਾ ਗੁਨਾਹ ਸਵੀਕਾਰ ਭੀ ਕਰ ਲਿਆ। ਮੁੰਡਿਆਂ ਨੇ ਮੰਨਿਆ ਕਿ ਅਸੀਂ ਇਨ੍ਹਾਂ ਸਿੱਖ ਲੋਕਾਂ ਨੂੰ ਮੁਸਲਮਾਨ ਹੀ ਸਮਝਦੇ ਸੀ। ਸਿੱਖ ਲੋਕ ਕੋਈ ਵੱਖਰੇ ਧਰਮ ਵਾਲੇ ਹਨ, ਸਾਨੂੰ ਪਤਾ ਨਹੀਂ ਸੀ। ਅਸੀਂ ਦੋਵੇਂ ਗੁਰਦਵਾਰੇ ਜਾ ਕੇ ਸਿੱਖਾਂ ਕੋਲੋਂ ਮੁਆਫ਼ੀ ਮੰਗਣ ਲਈ ਤਿਆਰ ਹਾਂ। ਜੱਜ ਨੇ ਸਿੱਖ ਮੁਖੀਆਂ ਨੂੰ ਬੁਲਾਇਆ। ਨਾ ਸਮਝ ਬੱਚੇ ਵਿਖਾਏ। ਉਨ੍ਹਾਂ ਵੱਲੋਂ ਮੁਆਫ਼ੀ ਮੰਗ ਲੈਣ ਬਾਰੇ ਦੱਸਿਆ ਤਾਂ ਸਿੱਖ ਪ੍ਰਬੰਧਕ ਰਜ਼ਾਮੰਦ ਹੋ ਗਏ। ਜੱਜ ਨੇ ਦੋਵੇਂ ਮੁੰਡਿਆਂ ਨੂੰ ਹੁਕਮ ਦਿੱਤਾ ਕਿ ਪੰਦਰਾਂ ਦਿਨ ਹਰ ਰੋਜ਼ ਗੁਰਦਵਾਰੇ ਜਾ ਕੇ ਸਫ਼ਾਈ ਕਰਨ, ਲੰਗਰ ਬਣਾਉਣ, ਲੰਗਰ ਵਰਤਾਉਣ ਆਦਿ ਜਿਹੋ ਜਿਹੀ ਸੇਵਾ ਕਰ ਸਕੋ ਕਰਨੀ ਹੈ। ਦੋਵੇਂ ਮੁੰਡਿਆਂ ਨੇ ਇਸ ਸੇਵਾ ਨੂੰ ਖ਼ੁਸ਼ੀ ਨਾਲ ਸਵੀਕਾਰ ਕੀਤਾ। ਪੰਦਰਾਂ ਦਿਨ ਸੇਵਾ ਕੀਤੀ ਤੇ ਗ਼ਲਤੀ ਲਈ ਸਿੱਖਾਂ ਤੋਂ ਮੁਆਫ਼ੀ ਮੰਗੀ।

ਪਾਲਰਮੋ ਸ਼ਹਿਰ ਦੇ ਮੈਕਸੀਕੋ ਸਕੂਲ ਬੋਰਡ ਵੱਲੋਂ ਚੱਲ ਰਹੇ ਸਕੂਲ ਦੇ ਵਿਦਿਆਰਥੀ

ਸਨ ਇਹ ਮੁੰਡੇ। ਇਸ ਸਕੂਲ ਦੇ ਪ੍ਰਧਾਨ ਨੂੰ ਇਸ ਘਟਨਾ ਕਾਰਨ ਬਹੁਤ ਨਮੋਸ਼ੀ ਮਹਿਸੂਸ ਹੋਈ। ਪ੍ਰਧਾਨ ਸਟੋਨ ਲਿਚ ਨੇ ਸਕੂਲ ਦਾ ਯੋਗ ਪ੍ਰਬੰਧ ਕਰ ਕੇ ਦਿੱਲੀ ਦਾ ਰੁਖ ਕੀਤਾ। ਪੰਦਰਾਂ ਦਿਨ ਦਿੱਲੀ ਰਹਿ ਕੇ ਦਿੱਲੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੋਂ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਵੱਲੋਂ ਇੰਗਲਿਸ਼ ਵਿੱਚ ਛਪੀਆਂ ਕਿਤਾਬਾਂ ਪੜ੍ਹੀਆਂ ਅਤੇ ਨਾਲ ਲਿਜਾਣ ਵਾਸਤੇ ਲਈਆਂ। ਹੋਰ ਭੀ ਅੰਗਰੇਜ਼ੀ ਵਿੱਚ ਗੁਰਮਤਿ ਬਾਰੇ ਕਿਤਾਬਾਂ ਜੋ ਜ਼ਰੂਰੀ ਸਨ ਨਾਲ ਲੈ ਲਈਆਂ। ਵਾਪਸ ਆਪਣੇ ਦੇਸ਼ ਜਾ ਕੇ ਸਕੂਲ ਵਿੱਚ ਵਿਦਿਆਰੀਆਂ ਨੂੰ ਗੁਰਮਤਿ ਦੀ ਜਾਣਕਾਰੀ ਦੇ ਰਿਹਾ ਹੈ। ਗੁਰਬਾਣੀ ਉਪਦੇਸ਼ਾਂ ਤੋਂ ਖ਼ੁਦ ਭੀ ਬਹੁਤ ਪ੍ਰਭਾਵਤ ਹੈ।

ਜੋ ਕੰਮ ਸ਼੍ਰੋਮਣੀ ਕਮੇਟੀ ਨੂੰ ਕਰਨਾ ਚਾਹੀਦਾ ਸੀ ਪਰ ਨਾ ਕੀਤਾ। ਗੁਰਮਤਿ ਬਾਰੇ ਚੋਟੀ ਦੇ ਵਿਦਵਾਨਾਂ ਦਾ ਇੱਕ ਗਰੁੱਪ ਬਣਾ ਕੇ ਗੁਰਬਾਣੀ ਦੇ ਅਰਥ ਕਰਵਾਏ ਜਾਂਦੇ। ਫਿਰ ਉਸ ਨੂੰ ਦੁਨੀਆਂ ਦੀਆਂ ਵੱਖੋ-ਵੱਖ ਬੋਲੀਆਂ ਵਿੱਚ ਅਨੁਵਾਦ ਕਰਾਇਆ ਜਾਂਦਾ। ਗੁਰਬਾਣੀ ਦੇ ਸੁੱਚੇ ਅਸੂਲਾਂ ਬਾਰੇ ਦੁਨੀਆਂ ਨੂੰ ਗਿਆਨ ਪ੍ਰਾਪਤ ਹੁੰਦਾ। ਸਿੱਖਾਂ ਦਾ ਬਹਾਦਰੀ ਅਤੇ ਪਰਉਪਕਾਰ ਵਾਲਾ ਇਤਿਹਾਸ ਸੋਧ ਕੇ ਲਿਖਿਆ ਜਾਂਦਾ ਤਾਂ ਕਿ ਸਿੱਖ ਕੌਮ ਦੀਆਂ ਹੁਣ ਤੱਕ ਦੀਆਂ ਮਹਾਨ ਪ੍ਰਾਪਤੀਆਂ ਦਾ ਸੰਸਾਰ ਨੂੰ ਪਤਾ ਲੱਗਦਾ। ਸਿੱਖਾਂ ਦੀ ਰਹਿਤ ਬਾਰੇ, ਕਕਾਰਾਂ ਬਾਰੇ, ਦਸਤਾਰ ਬਾਰੇ ਜੋ ਲੋਕੀ ਭੁਲੇਖੇ ਵਿੱਚ ਹਨ, ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾਇਆ ਜਾਂਦਾ। ਸਿੱਖ ਕੌਣ ਹਨ ਤੇ ਮੁਸਲਮਾਨਾਂ ਨਾਲੋਂ ਸਿੱਖਾਂ ਦਾ ਕੀ ਵਖਰੇਵਾਂ ਹੈ ? ਇਸ ਬਾਰੇ ਦੱਸਿਆ ਜਾਂਦਾ। ਮੰਦਰ, ਚਰਚ, ਮਸਜਿਦ ਤੇ ਗੁਰਦਵਾਰੇ ਦੀ ਬਣਤਰ ਅਤੇ ਮਰਿਆਦਾ ਬਾਰੇ ਸੰਖੇਪ ਰੂਪ ਵਿੱਚ ਦੱਸਿਆ ਜਾਂਦਾ ਪਰ ਅਫ਼ਸੋਸ ਕਿ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਸਮੇਤ ਦੁਨੀਆਂ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਗੁਰਦਵਾਰਿਆਂ ਦੀਆਂ ਇਮਾਰਤਾਂ ਬਣਾ ਲਈਆਂ ਗਈਆਂ। ਸਿੱਖੀ ਦੇ ਵਾਧੇ ਵਾਸਤੇ ਕੋਈ ਪਲਾਨ ਤਿਆਰ ਨਹੀਂ ਕੀਤਾ ਗਿਆ। ਇਸ ਮਾਮਲੇ ਵਿੱਚ ਵਿਦੇਸ਼ੀ ਸਿੱਖ ਭੀ ਉਥੇ ਹੀ ਖਲੋਤੇ ਹਨ, ਜਿਥੇ ਕੁ ਭਾਰਤ ਵਾਲੇ ਸਿੱਖ ਹਨ। ਉਸ ਸਕੂਲ ਦੇ ਮੁਖੀ ਨੂੰ ਭਾਰਤ ਵਿੱਚ ਆ ਕੇ ਗੁਰਮਤਿ ਸਿਖਣੀ ਪਈ। ਉਸ ਅਮਰੀਕਾ ਦੇਸ਼ ਵਿੱਚ ਗੁਰਮਤਿ ਸਿਖਾਉਣ ਵਾਲਾ ਉਸ ਨੂੰ ਕੋਈ ਅਦਾਰਾ ਜਾਂ ਗੁਰਦਵਾਰਾ ਨਜ਼ਰ ਨਾ ਆਇਆ। ਉਸ ਘਟਨਾ ਵਾਪਰੀ ਨੂੰ 10 ਸਾਲ ਹੋ ਚੁੱਕੇ ਹਨ ਪਰ ਸਿੱਖਾਂ ਦੇ ਮੁਖੀ ਅਜੇ ਭੀ ਕੁੰਭ ਕਰਨੀ ਨੀਂਦਰ ਵਿੱਚੋਂ ਜਾਗੇ ਨਹੀਂ।

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧ ॥
ਵੇਖਦਿਆਂ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥
ਜਿਚਰੁ ਪੈਨਨਿ ਖਾਵਨ੍ਹੇ ਤਿਚਰੁ ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ, ਤਿਤੁ ਦਿਨਿ ਬੋਲਨਿ ਗੰਧੁ ॥
ਜੀਅ ਕੀ ਸਾਰ ਨਾ ਜਾਣਨੀ ਮਨਮੁਖ ਅਗਿਆਨੀ ਅੰਧੁ ॥
ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧ ॥
ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ ॥
ਝੂਠੈ ਮੋਹਿ ਲਪਟਾਇਆ ਹਉ ਹਉ ਕਰਤ ਬਿਹੰਧੁ ॥ (959)

ਹਾਲਾਤ ਅਤੇ ਇਲਾਜ

ਮਾਨਸਿਕ ਕਮਜ਼ੋਰੀ ਜਾਂ ਹਾਲਾਤ ਦੀ ਮਜਬੂਰੀ ਵੱਸ ਆਦਮੀ ਦਾ ਜੀਵਨ ਲਈ ਉਤਸ਼ਾਹ ਖ਼ਤਮ ਹੋ ਸਕਦਾ ਹੈ। ਜਿਨ੍ਹਾਂ ਨੂੰ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਕੇ ਵੇਹਲੇ ਰਹਿਣ ਲਈ ਮਜਬੂਰ ਕੀਤਾ ਜਾਵੇ, ਉਹ ਉਪਰਾਮ ਹੋ ਜਾਂਦੇ ਹਨ, ਪ੍ਰੇਸ਼ਾਨ ਹੋ ਜਾਂਦੇ ਹਨ। ਕੈਦੀਆਂ ਵਾਸਤੇ ਸਭ ਤੋਂ ਕਠੋਰ ਸਜ਼ਾ "ਕੋਠੀ ਬੰਦ" ਵਾਲੀ ਹੈ ਭਾਵ ਕਿ ਕੈਦੀ ਨੂੰ ਇੱਕ ਕਮਰੇ ਵਿੱਚ ਬੰਦ ਕਰ ਕੇ ਤਾਲਾ ਮਾਰ ਦਿੱਤਾ ਜਾਂਦਾ ਹੈ। ਮਿੱਥੇ ਵਕਤ ਸਿਰ ਇੱਕ ਆਦਮੀ ਆ ਕੇ ਚਾਹ ਜਾਂ ਰੋਟੀ ਰੱਖ ਜਾਂਦਾ ਹੈ। ਪਹਿਲਾਂ ਵਾਲੇ ਭਾਂਡੇ ਚੁੱਕ ਕੇ ਲੈ ਜਾਂਦਾ ਹੈ। ਬੋਲਣ ਦੀ ਇਜਾਜ਼ਤ ਨਹੀਂ ਹੁੰਦੀ। ਇਸ ਇਕੱਲ ਭਰੀ ਉਪਰਾਮਤਾ ਵਾਲੀ ਜ਼ਿੰਦਗੀ ਆਦਮੀ ਨੂੰ ਪਾਗਲ ਕਰ ਸਕਦੀ ਹੈ। ਤਰ੍ਹਾਂ-ਤਰ੍ਹਾਂ ਦੀਆਂ ਸੋਚਾਂ ਸੋਚਦਾ ਮਨੁੱਖ ਕੁੱਝ ਭੀ ਸੋਚਣ ਤੋਂ ਅਸਮਰੱਥ ਹੋ ਜਾਂਦਾ ਹੈ। ਇਕੱਲਪੁਣੇ ਤੋਂ ਬਚਣ ਲਈ ਲੋਕੀਂ ਘਰਾਂ ਵਿੱਚ ਕੁੱਤੇ ਪਾਲੇ ਲੈਂਦੇ ਹਨ। ਬਿੱਲੀਆਂ ਰੱਖਦੇ ਹਨ। ਤੋਤੇ ਜਾਂ ਕਬੂਤਰ ਰੱਖ ਲੈਂਦੇ ਹਨ। ਘਰ ਵਿੱਚ ਜੇ ਜਗ੍ਹਾ ਹੋਵੇ ਤਾਂ ਬੂਟੇ ਲਾ ਕੇ ਪਾਣੀ ਦੇ ਕੇ ਗੋਡੀ ਕਰ ਕੇ ਭੀ ਖ਼ੁਸ਼ੀ ਪ੍ਰਾਪਤ ਕੀਤੀ ਜਾਂਦੀ ਹੈ। ਘਰ ਵਿੱਚ ਇਕੱਲਾ ਆਦਮੀ ਇਕੱਲ ਨੂੰ ਦੂਰ ਕਰਨ ਲਈ ਉੱਚੀ ਆਵਾਜ਼ ਵਿੱਚ ਗਾਣੇ ਗਾਉਂਦਾ ਹੈ। ਉੱਚੀ ਆਵਾਜ਼ ਵਿੱਚ ਰੇਡੀਓ ਜਾਂ ਟੀ.ਵੀ. ਆਦਿ ਲਾਉਂਦਾ ਹੈ। ਇਹ ਸਭ ਇਕੱਲਪੁਣੇ ਨੂੰ ਦੂਰ ਭਜਾਉਣ ਵਾਸਤੇ ਹੀ ਹੈ।

ਔਰੰਗਜ਼ੇਬ ਨੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਵਿਸ਼ਵਾਸਘਾਤ ਕਰ ਕੇ ਕੈਦ ਕਰ ਲਿਆ। ਸੋਚਿਆ ਸੀ ਸਦਮੇ ਨਾਲ ਮਰ ਜਾਵੇਗਾ ਮੈਂ ਬਦਨਾਮ ਹੋਣ ਤੋਂ ਬਚ ਜਾਵਾਂਗਾ ਪਰ ਸ਼ਾਹ ਜਹਾਨ ਦੀ ਭੈਣ ਅਤੇ ਬੇਟੀ ਉਸ ਕੋਲ ਜਾਣ ਲੱਗ ਪਈਆਂ। ਕੁੱਝ ਬੱਚੇ ਪੜ੍ਹਨ ਵਾਸਤੇ ਸ਼ਾਹ ਜਹਾਨ ਕੋਲ ਭੇਜਣ ਲੱਗ ਪਈਆਂ। ਸ਼ਾਹ ਜਹਾਨ ਕੈਦ ਵਿੱਚ ਭੀ ਚੰਗਾ ਸਮਾਂ ਗੁਜ਼ਾਰ ਰਿਹਾ ਸੀ। ਜਦੋਂ ਔਰੰਗਜ਼ੇਬ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੀ ਭੈਣ ਅਤੇ ਭੂਆ ਲਈ ਆਉਣ 'ਤੇ ਰੋਕ ਲਾ ਦਿੱਤੀ। ਬੱਚੇ ਪੜ੍ਹਨੋਂ ਬੰਦ ਕਰ ਦਿੱਤੇ ਤਾਂ ਕਿ ਬੁੱਢਾ ਛੇਤੀ ਮਰ ਜਾਵੇ।

ਨੌਜੁਆਨ ਛੇਤੀ ਤੋਂ ਛੇਤੀ ਬਜ਼ੁਰਗਾਂ ਤੋਂ "ਗੱਦੀ" ਖੋਹ ਕੇ ਖ਼ੁਦ ਰਾਜ ਕਰਨਾ ਚਾਹੁੰਦੇ ਹਨ। ਬਜ਼ੁਰਗ ਆਪਣੀਆਂ ਚਤੁਰਾਈਆਂ ਨਾਲ ਉਨ੍ਹਾਂ ਨੂੰ ਗੱਦੀ ਤੋਂ ਦੂਰ ਰੱਖਦੇ ਹਨ। ਜੇ ਫਿਰ ਭੀ ਜੋਸ਼ੀਲੇ ਗੱਭਰੂ "ਸਿਰ ਚੜ੍ਹਨ" ਤਾਂ ਖਾਨਾ ਜੰਗੀ, ਅਤਿਵਾਦ, ਪੁਲਿਸ ਮੁਕਾਬਲਾ, ਧਾਰਮਕ ਦੰਗੇ ਆਦਿ ਕਰਵਾ ਕੇ ਅਣਗਿਣਤ ਬੰਦੇ ਮਰਵਾਏ ਜਾ ਸਕਦੇ ਹਨ। ਨੌਜੁਆਨਾਂ ਦਾ ਜੋਸ਼ ਠੰਢਾ ਕੀਤਾ ਜਾ ਸਕਦਾ ਹੈ। ਜਦੋਂ ਸਾਹਿਤ ਵੱਲ ਝਾਤੀ ਮਾਰੀਏ ਤਾਂ ਲਿਖਣ ਵਾਲੇ ਬਹੁ ਗਿਣਤੀ ਵਡੇਰੀ ਉਮਰ ਵਾਲੇ ਹਨ। ਮਹੱਤਵਪੂਰਨ ਵੱਡੇ ਅਹੁਦਿਆਂ 'ਤੇ ਵੱਡੀ ਉਮਰ ਵਾਲੇ ਹਨ। ਉਨ੍ਹਾਂ ਕੋਲ ਜ਼ਿੰਦਗੀ ਦਾ ਵਿਸ਼ਾਲ ਤਜਰਬਾ ਹੈ। ਨੌਜੁਆਨਾਂ ਨੇ ਹਾਲੀ ਤਜਰਬਾ ਹਾਸਲ ਕਰਨਾ ਹੁੰਦਾ ਹੈ। ਜੇਕਰ ਕਦੀ ਬਜ਼ੁਰਗਾਂ ਦੀ ਸਿਆਣਪ ਅਤੇ ਨੌਜੁਆਨਾਂ ਦੀ ਤਾਕਤ ਦਾ ਸੁਮੇਲ ਹੋ ਜਾਵੇ ਤਾਂ ਇਨਕਲਾਬ ਲਿਆਂਦਾ ਜਾ ਸਕਦਾ ਹੈ। ਜੀਵਨ ਦੇ ਹਰ

ਪਹਿਲੂ ਤੋਂ ਵਿਕਾਸ ਕੀਤਾ ਜਾ ਸਕਦਾ ਹੈ। ਆਮ ਹਾਲਤਾਂ ਵਿੱਚ ਬਜ਼ੁਰਗ ਪ੍ਰੇਸ਼ਾਨ ਹਨ ਕਿ ਗੱਭਰੂ ਆਪਹੁਦਰੇ ਹੋ ਗਏ ਹਨ। ਆਖਿਆ ਨਹੀਂ ਮੰਨਦੇ। ਨੌਜੁਆਨਾਂ ਨੂੰ ਸ਼ਿਕਾਇਤ ਹੈ ਕਿ ਬੁੱਢੇ ਗੱਦੀ ਨਹੀਂ ਛਡਦੇ, ਅਧਿਕਾਰ ਸਾਨੂੰ ਨਹੀਂ ਦਿੰਦੇ। ਜਿਸ ਸਮੇਂ ਦੋਵਾਂ ਧਿਰਾਂ ਨੂੰ "ਆਪਣੇ ਹੱਕ ਅਤੇ ਫ਼ਰਜ਼ਾਂ" ਦੀ ਪਛਾਣ ਹੋ ਗਈ, ਫਿਰ ਬੇਚੈਨੀ ਘੱਟ ਸਕਦੀ ਹੈ। ਹਾਲਾਤ ਨੂੰ ਤਬਦੀਲ ਕਰਨਾ ਪਵੇਗਾ।

ਇੱਕ ਬਜ਼ੁਰਗ ਔਰਤ ਦੀ ਆਪਣੀ ਨੂੰਹ ਨਾਲ ਨਹੀਂ ਬਣਦੀ। ਦੋਵਾਂ ਵਿੱਚ ਲਗਾਤਾਰ ਟਕਰਾਓ ਚੱਲ ਰਿਹਾ ਹੈ। ਪਤੀ ਖ਼ਾਮੋਸ਼ ਹੈ, ਪੁੱਤਰ ਨੂੰਹ ਦੀ ਤਰਫਦਾਰੀ ਕਰਦਾ ਹੈ। ਨੂੰਹ ਪੜ੍ਹੀ-ਲਿਖੀ ਸਮਝਦਾਰ ਹੈ ਪਰ ਸੱਸ ਨੂੰ ਆਪਣੇ ਅਧਿਕਾਰ ਖੁਸਦੇ ਨਜ਼ਰ ਆ ਰਹੇ ਹਨ। ਅਧਿਕਾਰਾਂ ਦੇ ਨਾਲ ਹੀ ਇੱਜ਼ਤ-ਮਾਨ ਜੁੜਿਆ ਹੋਇਆ ਹੈ। ਜੇ ਸੱਸ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਵੇਹਲੀ ਹੋ ਗਈ ਫਿਰ ਉਸ ਨਾਲ ਗੱਲਬਾਤ ਪ੍ਰਵਾਰ ਕਿਉਂ ਕਰੇਗਾ? ਉਸ ਦੀ ਸਲਾਹ ਕਿਉਂ ਲਏਗਾ? ਪੈਸਾ-ਟਕਾ, ਹਿਸਾਬ-ਕਿਤਾਬ, ਕੌਣ ਆਇਆ-ਕੌਣ ਗਿਆ, ਕਿਸੇ ਨੂੰ ਕੀ ਦਿੱਤਾ ਤੇ ਕੀ ਲਿਆ, ਕੌਣ ਦਸੇਗਾ? ਜਦੋਂ ਬੋਲਣ ਦੀ ਕੋਸ਼ਿਸ਼ ਕਰੇਗੀ ਤਾਂ ਝਿੜਕ ਕੇ ਚੁੱਪ ਕਰਵਾ ਦਿੱਤੀ ਜਾਵੇਗੀ। "ਚੁੱਪ ਕਰ ਕੇ ਪਾਸੇ ਬੈਠ ਕੇ ਪ੍ਰਸ਼ਾਦਾ ਛਕ, ਬਿਨਾਂ ਬੋਲਾਏ ਨਹੀਂ ਬੋਲੀਦਾ।" ਇਸ ਘੁਟਣ ਵਿੱਚ ਮਨ ਬੇਚੈਨ ਹੁੰਦਾ ਹੈ। ਆਪਣਾ ਆਪਾ ਬੇਲੋੜਾ ਮਹਿਸੂਸ ਹੁੰਦਾ ਹੈ। ਆਪਣੀ ਜ਼ਿੰਦਗੀ ਇੱਕ ਭਾਰ ਲਗਦੀ ਹੈ। ਇਸ ਘਰ ਪਰਿਵਾਰ ਵਾਸਤੇ ਜੋ ਅੱਜ ਤੱਕ ਜਫਰ ਜਾਲੇ, ਉਹ ਬੇਕਾਰ ਗਏ ਲਗਦੇ ਹਨ। ਜਿਨ੍ਹਾਂ ਬੱਚਿਆਂ ਨੂੰ ਲਾਡਾਂ ਨਾਲ ਪਾਲਿਆ ਸੀ, ਉਹ ਮੂੰਹ ਮੋੜ ਗਏ ਪ੍ਰਤੀਤ ਹੁੰਦੇ ਹਨ। ਆਸਾਂ ਉਮੰਗਾਂ ਨਾਲ ਜਿਸ ਘਰ ਨੂੰ ਉਸਾਰਿਆ ਸੀ, ਉਹ ਪਰਾਇਆ ਦਿੱਸਣ ਲਗਦਾ ਹੈ। ਘਰ ਦੇ ਜੀਅ ਇਕੱਠੇ ਹੋ ਕੇ ਸਲਾਹ ਮਸ਼ਵਰਾ ਕਰਦੇ ਹੋਏ, ਸਾਜ਼ਿਸ਼ਾਂ ਘੜਦੇ ਪ੍ਰਤੀਤ ਹੁੰਦੇ ਨੇ। ਸਹਿਜ ਸੁਭਾ ਆਖੀ ਗਈ ਕੋਈ ਗੱਲ ਭੀ ਤਾਹਨਾ ਬਣ ਕੇ ਕਲੇਜਾ ਵਿੰਨ੍ਹਦੀ ਹੈ। ਜਿਸ ਪੁੱਤਰ ਨੂੰ ਸ਼ਗਨਾਂ ਨਾਲ ਵਿਆਹਿਆ ਸੀ, ਉਹ ਬਹੁਤ ਵੱਡੀ ਗ਼ਲਤੀ ਹੋਈ ਲਗਦੀ ਹੈ। ਹੱਥੀ ਖ਼ਰਚ ਕਰ ਕੇ ਵਿਆਹ ਕੇ ਲਿਆਂਦੀ ਨੂੰਹ ਚੁੜੇਲ ਦਿਸਦੀ ਹੈ। ਵੱਢ ਖਾਣੀਆਂ ਨਜ਼ਰਾਂ ਅਤੇ ਕਲੇਜਾ ਵਿੰਨ੍ਹਦੇ ਬੋਲਾਂ ਤੋਂ ਆਵਾਜਾਰ ਹੋ ਕੇ ਬਜ਼ੁਰਗ ਬੀਬੀ ਨੂੰ ਦੌਰਾ ਪੈ ਜਾਂਦਾ ਹੈ। ਬੇ ਹੋਸ਼ ਹੋ ਕੇ ਡਿੱਗ ਪੈਂਦੀ ਹੈ।

ਪਰਿਵਾਰ ਵਾਲੇ ਇਸ ਬੀਬੀ ਨੂੰ ਹਸਪਤਾਲ ਲੈ ਗਏ। ਕਈ ਦਿਨਾਂ ਤੱਕ ਦਾਖ਼ਲ ਰੱਖ ਕੇ ਇਲਾਜ ਕਰਾਇਆ। ਬਹੁਤ ਸਾਰਾ ਪੈਸਾ ਖ਼ਰਚਿਆ। ਹਸਪਤਾਲ ਵਿੱਚ ਆ ਕੇ ਬਹੁਤ ਸਾਰੇ ਸਕੇ ਸਬੰਧੀਆਂ ਨੇ ਹਮਦਰਦੀ ਜਤਾਈ ਦੁੱਖ ਸਾਂਝਾ ਕੀਤਾ। ਡਾਕਟਰਾਂ ਨੇ ਦੱਸਿਆ ਕਿ ਇਸ ਬੀਬੀ ਨੂੰ ਕੋਈ ਗਹਿਰਾ ਸਦਮਾ ਪਹੁੰਚਿਆ ਹੈ। ਉਸ ਸਦਮੇ ਨੂੰ ਬਰਦਾਸ਼ਤ ਨਹੀਂ ਕਰ ਸਕੀ। ਇਸੇ ਕਾਰਨ ਦੌਰਾ ਪਿਆ, ਅੱਧ ਪਾਗਲ ਜਿਹੀ ਹੋ ਗਈ ਹੈ। ਕਿਸੇ ਵਿਅਕਤੀ ਜਾਂ ਕਿਸੇ ਚੀਜ਼ ਤੋਂ ਅਲਰਜੀ (ਘੋਰ ਨਫ਼ਰਤ) ਹੈ। ਪਹਿਲਾਂ ਤਾਂ ਹਸਪਤਾਲ ਵਿੱਚ ਇਲਾਜ ਹੋਵੇਗਾ। ਫਿਰ ਤੁਸੀਂ ਇਸ ਦਾ ਪਉਣ ਪਾਣੀ (ਵਾਤਾਵਰਣ) ਬਦਲਣ ਵਾਸਤੇ ਕਿਧਰੇ ਸੈਰ ਲਈ ਲੈ ਜਾਣਾ। ਰਿਸ਼ਤੇਦਾਰੀ ਵਿੱਚ ਭੀ ਚਲੀ ਜਾਵੇ ਤਾਂ ਚੰਗਾ ਹੈ। ਘਰ ਵਿੱਚ ਇਸ ਦਾ

ਵਧੇਰੇ ਖ਼ਿਆਲ ਰੱਖਣਾ ਹੋਵੇਗਾ। ਆਸ ਹੈ, ਠੀਕ ਹੋ ਜਾਵੇਗੀ।

ਮਰੀਜ਼ ਔਰਤ ਘਰ ਆ ਗਈ। ਇੱਕ-ਦੋ ਦਿਨ ਸਾਰਿਆਂ ਨੇ ਬਹੁਤ ਧਿਆਨ ਰੱਖਿਆ। ਫਿਰ ਸਾਰੇ ਆਪੋ ਆਪਣੇ ਕੰਮਾਂ ਵਿੱਚ ਰੁੱਝ ਗਏ। ਮਰੀਜ਼ ਉਸੇ ਇੱਕ ਕਮਰੇ ਵਿੱਚ ਬੈੱਡ 'ਤੇ ਹੈ। ਉਹੀ ਨੂੰਹ ਦਿਸਦੀ ਹੈ। ਪੁੱਤਰ ਧਿਆਨ ਨਹੀਂ ਦੇ ਰਿਹਾ। ਪਤੀ ਬੇਬਸ ਖ਼ਾਮੋਸ਼ ਹੈ। ਘਰ ਵਿੱਚ ਕੋਈ ਪੁੱਛ ਪ੍ਰਤੀਤ ਨਹੀਂ ਹੈ। ਆਪਣੇ ਆਪ ਨੂੰ ਵਾਧੂ ਜਿਹੀ ਬੇਲੋੜੀ ਜਿਹੀ ਮਹਿਸੂਸ ਕਰਦੀ ਹੈ। ਫਿਰ ਪਾਗਲਪਣ ਦਾ ਦੌਰਾ ਪੈ ਗਿਆ। ਫਿਰ ਚੁੱਕ ਕੇ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤੀ। ਅਸਲੀ ਇਲਾਜ ਸੀ, ਉਨ੍ਹਾਂ ਪ੍ਰੇਸ਼ਾਨ ਕਰਨ ਵਾਲੇ ਦੁੱਖਦਾਈ ਹਾਲਾਤਾਂ ਨੂੰ ਬਦਲਣ ਦੀ। ਘਰੇਲੂ ਮਾਹੌਲ ਵਿੱਚ ਤਬਦੀਲੀ ਲਿਆਉਣ ਦੀ। ਉਸ ਵੱਲ ਤਵੱਜੋਂ ਨਾ ਦਿੱਤੀ ਗਈ। ਜਿਨ੍ਹਾਂ ਦੁੱਖਦਾਈ ਕਾਰਨਾਂ ਨੇ ਪਹਿਲਾਂ ਪਾਗਲ ਕੀਤੀ ਸੀ। ਉਨ੍ਹਾਂ ਵਿੱਚ ਹੀ ਫਿਰ ਲਿਆ ਕੇ ਬਿਠਾ ਦਿੱਤੀ। ਦੌਰਾ ਤਾਂ ਪਵੇਗਾ ਹੀ ਪਵੇਗਾ। ਕਾਰਨ ਲੱਭ ਕੇ ਉਨ੍ਹਾਂ ਹਾਲਾਤਾਂ ਨੂੰ ਬਦਲਣਾ ਪਵੇਗਾ ਜਿਨ੍ਹਾਂ ਕਾਰਨ ਮਨ ਬੇਚੈਨ ਹੁੰਦਾ ਹੈ, ਪਾਗਲਪਣ ਦਾ ਦੌਰਾ ਪੈਂਦਾ ਹੈ।

ਇਸੇ ਤਰ੍ਹਾਂ ਘਰ ਤੋਂ ਬਾਹਰ ਬਾਰੇ ਵਿਚਾਰ ਕਰ ਸਕਦੇ ਹਾਂ। ਸਾਡੇ ਨੌਜੁਆਨ ਵਿਦੇਸ਼ਾਂ ਨੂੰ ਕਿਉਂ ਨੱਸੇ ਜਾ ਰਹੇ ਹਨ ? ਕਿਉਂਕਿ ਇੱਥੋਂ ਦਾ ਮਾਹੌਲ ਨਾਖ਼ੁਸ਼ਗਵਾਰ ਹੈ। ਪੁੱਤਰ, ਪਿਤਾ ਨਾਲੋਂ ਵੱਖ ਕਿਉਂ ਹੁੰਦਾ ਹੈ ? ਕਿਉਂਕਿ ਦੋਵਾਂ ਨੂੰ ਇੱਕ-ਦੂਜੇ 'ਤੇ ਇਤਬਾਰ ਨਹੀਂ ਰਿਹਾ। ਇੱਕ ਦੇਸ਼ ਵਿੱਚੋਂ ਕੋਈ ਹਿੱਸਾ ਵੱਖ ਕਿਉਂ ਹੋਣਾ ਚਾਹੁੰਦਾ ਹੈ ? ਕਿਉਂਕਿ ਉਨ੍ਹਾਂ ਲੋਕਾਂ ਨੂੰ ਬਹੁਗਿਣਤੀ 'ਤੇ ਵਿਸ਼ਵਾਸ ਨਹੀਂ ਰਿਹਾ। ਕਾਨੂੰਨ ਤੋੜਨ ਵਾਸਤੇ ਲੋਕੀਂ ਕਿਉਂ ਮਜਬੂਰ ਹੁੰਦੇ ਹਨ ? ਜਦੋਂ ਸਰਕਾਰੀ ਧਿਰਾਂ ਖ਼ੁਦ ਕਾਨੂੰਨ ਦੀ ਪਾਲਣਾ ਨਹੀਂ ਕਰਦੀਆਂ। ਬੇਗ਼ਾਨਗੀ ਦਾ ਅਹਿਸਾਸ ਕਿਉਂ ਹੁੰਦਾ ਹੈ ? ਜਦੋਂ ਸੰਵਿਧਾਨ ਬਹੁਗਿਣਤੀ ਵਾਸਤੇ ਹੋਰ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ। ਘੱਟ ਗਿਣਤੀ ਵਾਸਤੇ ਹੋਰ ਢੰਗ ਨਾਲ। ਜਦੋਂ ਕਾਨੂੰਨ ਨੂੰ ਲਾਗੂ ਕਰਾਉਣ ਦੀਆਂ ਕਸਮਾਂ ਚੁੱਕ ਕੇ ਇਨਸਾਫ਼ ਦੇ ਮੰਦਰਾਂ (ਅਦਾਲਤਾਂ) ਵਿੱਚ ਬੈਠੇ ਅਹੁਦੇਦਾਰ ਖ਼ੁਦ ਕਠਪੁਤਲੀਆਂ ਬਣ ਜਾਣ। ਜਦੋਂ ਦੇਸ਼ ਦੇ ਮੁਖੀ ਬਣੇ ਮੰਤਰੀ, ਅਫ਼ਸਰ ਤੇ ਵਾਪਾਰੀ ਆਦਿ ਦੇਸ਼ ਦੀ ਸਾਰੀ ਦੌਲਤ 'ਤੇ ਕਬਜਾ ਜਮਾ ਲੈਣ। ਆਮ ਲੋਕਾਂ ਕੋਲ ਮੁਢਲੀਆਂ ਲੋੜਾਂ ਜੋਗੇ ਸਾਧਨ ਭੀ ਨਾ ਹੋਣ। ਉਸ ਹਾਲਤ ਵਿੱਚ ਜਾਂ ਤਾਂ ਕੋਈ ਕ੍ਰਾਂਤੀਕਾਰੀ ਸੂਰਮਾ ਵਿਗੜੇ ਹੋਏ ਨਿਜ਼ਾਮ ਨੂੰ ਬਦਲ ਦੇਣ ਲਈ ਕਮਰ ਕਸਾ ਕਰੇਗਾ ਜਾਂ ਫਿਰ ਇਸ ਮਾਹੌਲ ਵਿੱਚ ਪਾਗਲ ਹੋ ਕੇ ਆਤਮ ਹੱਤਿਆ ਕਰੇਗਾ। ਜੇਕਰ ਪਰਿਵਾਰ ਜਾਂ ਦੇਸ਼ ਦਾ ਮੁਖੀ ਆਪਣੇ ਪਰਿਵਾਰ ਨੂੰ ਖ਼ੁਦ ਜ਼ਹਿਰ ਦੇ ਕੇ ਮਾਰ ਦੇਵੇ ਤਾਂ ਸਜ਼ਾ ਹੋਣ ਦਾ ਖ਼ਤਰਾ ਹੈ। ਫਿਰ ਉਹ ਅਜਿਹੇ ਮਾਹੌਲ ਦੀ ਸਿਰਜਣਾ ਕਰਦਾ ਹੈ ਕਿ ਲੋਕੀਂ ਖ਼ੁਦ ਹੀ ਮਰਨ ਲਈ ਤਿਆਰ ਹੋ ਜਾਣ, ਆਤਮ ਹੱਤਿਆ ਕਰ ਲੈਣ। ਮੈਂ ਬਦਨਾਮੀ ਤੋਂ ਭੀ ਬਚ ਜਾਵਾਂ ਜਾਂ ਫਿਰ ਇੰਨੇ ਕਮਜ਼ੋਰ ਕਰ ਦਿਓ ਕਿ ਬਿਮਾਰੀਆਂ ਨਾਲ, ਭੁੱਖ ਨਾਲ, ਅਣਪੜ੍ਹਤਾ ਕਾਰਨ, ਬੇਇਨਸਾਫ਼ੀ ਨਾਲ, ਹੜ੍ਹਾਂ ਨਾਲ, ਦੰਗਿਆਂ ਨਾਲ, ਹੌਲੀ-ਹੌਲੀ ਮਰਦੇ ਚਲੇ ਜਾਣ। ਹਾਕਮ ਧਿਰ ਕਹਿ ਸਕੇ ਕਿ ਇਨ੍ਹਾਂ ਦੀ ਕਿਸਮਤ ਵਿੱਚ ਇਸੇ ਤਰ੍ਹਾਂ ਲਿਖਿਆ ਹੋਇਆ

ਸੀ। ਅਸੀਂ ਕਿਸਮਤ ਥੋੜ੍ਹਾ ਈ ਬਦਲ ਸਕਦੇ ਹਾਂ। ਜੇ ਸਿੱਖਾਂ ਨੇ ਜਿਉਣਾ ਹੈ ਤਾਂ ਸੋਚ ਵਿਚਾਰ ਕੇ ਹਾਲਾਤ ਬਦਲਣੇ ਪੈਣਗੇ। ਨਹੀਂ ਫਿਰ ਦੇਰ-ਸਵੇਰ ਮੌਤ ਤਾਂ ਸਾਹਮਣੇ ਦਿਸ ਹੀ ਰਹੀ ਹੈ। ਪੰਥ ਦਾ ਬਹੁਤਾ ਹਿੱਸਾ ਨੀਮ ਪਾਗਲ ਤਾਂ ਹੋਇਆ ਹੀ ਫਿਰਦਾ ਹੈ। ਵੀਹ-ਤੀਹ ਜਾਂ ਪੰਜਾਹ ਸਾਲ ਨੂੰ ਤਾਂ ਮਰਿਆਂ ਦਾ ਸੋਹਿਲਾ ਪੜ੍ਹਨ ਵਾਲਾ ਭੀ ਕੋਈ ਨਹੀਂ ਰਹਿਣਾ। ਲੇਖਕਾਂ, ਪ੍ਰਚਾਰਕਾਂ ਤੇ ਸਿੱਖ ਮੁਖੀਆਂ ਅੱਗੇ ਬੇਨਤੀ ਹੈ ਕਿ ਇਸ ਮੰਦੇ ਹਾਲਾਤ ਨੂੰ ਬਦਲਣ ਵਾਸਤੇ ਕੋਈ ਪ੍ਰਬੰਧ ਕਰੋ, ਮਿਲ ਬੈਠ ਕੇ ਸੋਚੋ।

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥
ਸਾਹਾਂ ਸੁਰਤਿ ਗਵਾਈਆ, ਰੰਗਿ ਤਮਾਸੈ ਚਾਇ॥
ਬਾਬਰ ਵਾਣੀ ਫਿਰਿ ਗਈ, ਕੁਇਰੁ ਨ ਰੋਟੀ ਖਾਇ॥ (417)



ਅਰਦਾਸ ਕਿ ਰੱਬ ਨਾਲ ਸੌਦਾ

ਧਾਰਮਕ ਸਥਾਨਾਂ 'ਤੇ ਕਬਜਾ ਜਮਾਈ ਬੈਠੇ ਪੁਜਾਰੀਆਂ ਨੇ ਆਮ ਲੋਕਾਂ ਦੀ ਮਾਨਸਿਕ ਬਣਤਰ ਅਜਿਹੀ ਬਣਾ ਦਿੱਤੀ ਹੈ ਕਿ ਪੁਜਾਰੀ ਕੁੱਝ ਕਹੇ ਸ਼ਰਧਾਲੂ ਵਿਅਕਤੀ ਉਸ ਗੱਲ ਨੂੰ "ਰੱਬੀ ਹੁਕਮ" ਸਮਝ ਕੇ ਪਰਵਾਨ ਕਰ ਲੈਂਦਾ ਹੈ। ਧਰਮ ਮੰਦਰਾਂ ਵਿੱਚ ਬੈਠੇ ਲੁਕਾਂ ਨੇ ਅਜਿਹੇ ਪਾਪ ਕੀਤੇ ਕਿ ਸ਼ੈਤਾਨ ਭੀ ਸ਼ਰਮਸਾਰ ਹੋਇਆ ਹੋਵੇਗਾ। ਧਰਮ ਸਥਾਨਾਂ ਵਿੱਚ ਜੋ ਧਨ ਆਉਂਦਾ ਸੀ, ਉਸ ਨਾਲ ਪੁਜਾਰੀਆਂ ਨੇ ਸ਼ਰਾਬਾਂ ਪੀਤੀਆਂ, ਵਿਭਚਾਰ ਕੀਤਾ। ਫਿਰ ਆਪਣੇ ਸੇਵਕਾਂ ਨੂੰ ਕਿਹਾ ਕਿ ਤੁਹਾਨੂੰ ਮਹਾਂ ਅਨੰਦ ਤਦੋਂ ਮਿਲੇਗਾ ਜਦੋਂ ਤੁਸੀਂ ਇਥੇ ਸ਼ਰਾਬ ਦੇ ਘੜੇ-ਪੀਪੇ (ਅੱਜ ਕੱਲ੍ਹ ਪੇਟੀਆਂ, ਬੋਤਲਾਂ) ਲੈ ਕੇ ਆਉਗੇ। ਉਸ ਤੋਂ ਭੀ ਹਜ਼ਾਰਾਂ ਗੁਣਾਂ ਵੱਧ ਪਰਮ ਅਨੰਦ ਉਸ ਵਕਤ ਮਿਲੇਗਾ, ਜਦੋਂ ਆਪਣੀਆਂ ਕੁਆਰੀਆਂ ਬੇਟੀਆਂ ਸਾਡੇ ਹਵਾਲੇ ਕਰੋਗੇ। ਤੁਹਾਨੂੰ ਵੱਡਾ ਪੁੰਨ-ਫੱਲ ਮਿਲੇਗਾ। ਆਪਣੇ ਅੰਦਰ ਦੀ ਕਾਮ ਵਾਸ਼ਨਾ ਜਦੋਂ ਪੁਜਾਰੀ ਟੋਲੇ ਕਾਬੂ ਨਾ ਰੱਖ ਸਕੇ, ਉਨ੍ਹਾਂ ਨੇ ਮੰਦਰਾਂ ਦੀਆਂ ਕੰਧਾਂ 'ਤੇ ਔਰਤਾਂ-ਮਰਦਾਂ ਦੇ ਭੋਗ ਵਿਲਾਸ ਵਿੱਚ ਗਲਤਾਨ ਚਿੱਤਰ ਬਣਾਏ ਤਾਂ ਕਿ ਇਥੇ ਆਇਆ ਪੁਰਸ਼ ਜਾਂ ਇਸਤਰੀ ਬਿਨਾਂ ਕੁੱਝ ਸਮਝਾਏ ਖ਼ੁਦ ਨੂੰ ਇਸ ਕੰਮ ਲਈ ਤਿਆਰ ਕਰ ਲਵੇ। ਕੰਧ ਚਿੱਤਰਾਂ ਨਾਲ ਨਹੀਂ ਸਰਿਆ, ਫਿਰ ਅਣਗਿਣਤ "ਵਾਸ਼ਨਾ ਗ੍ਰਸਤ ਆਸਣਾਂ ਵਾਲੇ" ਬੁੱਤ ਘੜੇ ਗਏ। "ਇਹ ਦੇਵਤਿਆਂ ਦੀ ਲੀਲਾ ਹੈ, ਭਗਵਾਨ ਜੀ ਇਸੇ ਤਰ੍ਹਾਂ ਖ਼ੁਸ਼ ਹੁੰਦੇ ਹਨ। ਕ੍ਰਿਸ਼ਨ ਜੀ ਇਸੇ ਤਰ੍ਹਾਂ ਕਰਦੇ ਸਨ। ਵਿਸ਼ਨੂੰ ਜੀ ਦੀ ਇਹ ਮਨ ਪਸੰਦ ਕ੍ਰੀੜਾ ਸੀ। ਸ਼ਰਮ ਨਾ ਕਰੋ, ਇਹ ਧਰਮ ਦਾ ਕਾਰਜ ਹੈ।" ਆਖ ਕੇ ਪ੍ਰਚਾਰਿਆ ਗਿਆ। ਹੜ੍ਹ, ਭੂਚਾਲ, ਹਨ੍ਹੇਰੀਆਂ, ਗੜ੍ਹੇ, ਅੱਗ ਲੱਗਣੀ, ਬਿਮਾਰੀਆਂ ਆਦਿ ਨੂੰ "ਭਗਵਾਨ ਦਾ ਕਹਿਰ" ਪ੍ਰਚਾਰਿਆ ਗਿਆ। ਜੇਕਰ ਤੁਸੀਂ ਲੋਕ ਬਹੁਤ ਸਾਰਾ ਦਾਨ ਕਰੋਗੇ ਤਾਂ ਅਮਕੇ ਮੰਤਰ ਦਾ ਜਾਪ ਕਰੋਗੇ ਤਾਂ ਪਰਮੇਸ਼ਰ ਤੁਹਾਨੂੰ ਬਚਾ ਲਵੇਗਾ। ਦਾਨ ਕੀਤੀ ਮਾਇਆ ਸਾਡੇ ਹਵਾਲੇ ਕਰ ਦਿਓ।

ਇੱਕ ਵਾਰੀ ਮੁੱਲਾਂ ਨਸੀਰੂਦੀਨ ਸਮੁੰਦਰੀ ਜਹਾਜ਼ ਵਿੱਚ ਸਵਾਰ ਹੋ ਕੇ ਸਫ਼ਰ ਕਰ ਰਿਹਾ ਸੀ। ਹੋਰ ਭੀ ਬਹੁਤ ਮੁਸਾਫ਼ਿਰ ਸਵਾਰ ਸਨ। ਇਤਫ਼ਾਕ ਬਸ ਤੂਫ਼ਾਨ ਉੱਠ ਪਿਆ, ਜਹਾਜ਼ ਡੋਲਣ ਲੱਗ ਪਿਆ। ਡਰੇ ਹੋਏ ਸਾਰੇ ਮੁਸਾਫ਼ਿਰ ਲੱਗੇ ਮੰਨਤਾਂ ਮੰਨਣ, ਅਰਦਾਸਾਂ ਕਰਨ। ਆਪੋ ਆਪਣੇ ਢੰਗ ਨਾਲ ਰੱਬ ਜੀ ਅੱਗੇ ਹਰ ਕੋਈ ਤਰਲੇ ਕਰ ਰਿਹਾ ਸੀ। ਦਾਨ, ਪੁੰਨ ਕਰਨ ਦੇ ਵਾਅਦੇ ਕਰ ਰਿਹਾ ਸੀ। ਜੇਕਰ ਜਾਨ ਬਚ ਜਾਵੇ ਤਾਂ ਸਭ ਕੁੱਝ "ਧਰਮ ਅਰਥ ਦਾਨ ਕਰ ਦਿਆਂਗਾ", ਦਾ ਵਿਸ਼ਵਾਸ ਦੁਆ ਰਿਹਾ ਸੀ। ਮੁੱਲਾਂ ਨਸੀਰੂਦੀਨ ਨੇ ਭੀ ਖ਼ੁਦਾ ਦਾ ਨਾਮ ਲੈ ਕੇ ਅਰਦਾਸ ਕਰ ਦਿੱਤੀ। ਅਖੇ, "ਹੇ ਖ਼ੁਦਾ! ਜੇਕਰ ਜਾਨ ਬਖ਼ਸ਼ੀ ਕਰ ਦਿਓ ਤਾਂ ਆਪਣੀ ਸ਼ਹਿਰ ਵਾਲੀ ਕੋਠੀ ਵੇਚ ਕੇ ਜੋ ਪੈਸੇ ਮਿਲਣਗੇ, ਸਾਰੇ ਧਰਮ ਕਾਰਜਾਂ ਵਿੱਚ ਦਾਨ ਕਰ ਦਿਆਂਗਾ। ਰਹਿਮਤ ਖ਼ੁਦਾ ਦੀ ਤੇਜ਼ ਹਵਾਵਾਂ ਰੁਕ ਗਈਆਂ। ਪਾਣੀ ਵਿੱਚ

ਉੱਠਿਆ ਜਵਾਰ ਭਾਟਾ ਦਬ ਗਿਆ। ਜਹਾਜ਼ ਵਿੱਚ ਜੋ ਹੁਝਕੇ ਵੱਜ ਰਹੇ ਸਨ, ਘੱਟ ਗਏ। ਇਧਰ ਨਸੀਰੂਦੀਨ ਨੇ ਫਿਰ ਉੱਚੀ-ਉੱਚੀ ਕਹਿਣਾ ਸ਼ੁਰੂ ਕਰ ਦਿੱਤਾ, "ਮੇਰੇ ਭਾਈਓ, ਸਾਥੀਓ, ਮੁਸਾਫ਼ਿਰੋ, ਰੱਬ ਨੇ ਰਹਿਮਤ ਕਰ ਦਿੱਤੀ ਹੈ। ਸਾਡੀਆਂ ਅਰਦਾਸਾਂ ਪ੍ਰਵਾਨ ਹੋ ਗਈਆਂ ਹਨ। ਖ਼ੁਦਾ ਨੇ ਆਪਣਾ ਲੋੜ ਜੋਗ ਧਨ ਪਦਾਰਥ ਪ੍ਰਾਪਤ ਕਰ ਲਿਆ ਹੈ। ਉਂਵ ਅਸੀਂ ਭੀ ਜੇਬ ਵਿੱਚੋਂ ਧੇਲਾ ਨਹੀਂ ਕੱਢਣਾ ਸੀ। ਖ਼ੁਦਾ ਨੇ ਪੰਜ ਸੱਤ ਵਾਰੀ ਧੱਕੇ ਜਿਹੇ ਮਾਰੇ, ਜੋ ਚਾਹੁੰਦਾ ਸੀ, ਸਾਡੀ ਜੇਬ ਵਿੱਚੋਂ ਕਢਵਾ ਲਿਆ। ਹੁਣ ਹੋਰ ਨਾ ਕਿਤੇ ਮੰਨਤਾਂ ਮੰਨਣ ਲੱਗ ਪੈਣਾ। ਹੁਣ ਜਹਾਜ਼ ਭੀ ਠੀਕ ਜਾ ਰਿਹਾ ਹੈ ਤੇ ਕਿਨਾਰਾ ਭੀ ਨੇੜੇ ਹੀ ਆ ਗਿਆ ਹੈ। ਅਸੀਂ ਸਾਰੇ ਕਿਨਾਰੇ 'ਤੇ ਪਹੁੰਚਣ ਵਾਲੇ ਹਾਂ।


ਬਾਕੀ ਸਾਰੇ ਆਪੋ ਆਪਣੇ ਘਰਾਂ ਵਿੱਚ ਜਾ ਕੇ ਸੁੱਖ ਸੁੱਖੀ ਹੋਈ ਉਤਾਰਨ ਵਾਸਤੇ ਲੱਗੇ ਕੋਸ਼ਿਸ਼ਾਂ ਕਰਨ। ਕਿਸੇ ਨੇ ਤੁਰੰਤ ਅਰਦਾਸ ਕਰਵਾ ਦਿੱਤੀ, ਦਾਨ ਕਰ ਦਿੱਤਾ। ਕਿਸੇ ਨੇ ਰੱਬ ਜੀ ਨੂੰ ਕੁੱਝ ਸਮਾਂ ਠਹਿਰ ਜਾਣ ਲਈ ਬੇਨਤੀ ਕਰ ਲਈ। ਇਧਰ ਮੁੱਲਾਂ ਨਸੀਰੂਦੀਨ ਨੂੰ ਬਹੁਤ ਪਛਤਾਵਾ ਹੋਇਆ। ਮਨਾ! ਜਹਾਜ਼ ਕਿਨਾਰੇ ਤਾਂ ਲੱਗ ਹੀ ਜਾਣਾ ਸੀ। ਖ਼ੁਦਾ ਇੰਨਾ ਨਿਰਦਈ ਨਹੀਂ ਹੋ ਸਕਦਾ ਕਿ ਬੇ ਕਸੂਰ ਮੁਸਾਫ਼ਿਰਾਂ ਨੂੰ ਐਵੇਂ ਡੋਬ ਦੇਵੇ। ਪਤਾ ਨਹੀਂ ਮੈਂ ਭੀ ਕਿਸ ਵਹਿਣ ਵਿੱਚ ਵਹਿ ਗਿਆ। ਸ਼ਹਿਰ ਵਾਲੀ ਕੋਠੀ ਵੇਚ ਕੇ ਦਾਨ ਕਰਨੀ ਮੰਨ ਲਈ। ਬਹੁਤ ਗ਼ਲਤੀ ਹੋ ਗਈ। ਅਜਿਹੀ ਕੋਠੀ ਫਿਰ ਸਾਰੀ ਉਮਰ ਨਸੀਬ ਨਹੀਂ ਹੋਣੀ। ਡੁੱਬ ਕੇ ਮਰਨ ਦਾ ਦੁੱਖ ਇੱਕੋ ਵਾਰੀ ਹੋਣਾ ਸੀ। ਬਿਨਾਂ ਚੰਗੇ ਮਕਾਨ ਤੋਂ ਹੁਣ ਹਰ ਹੋਜ਼ ਹੀ ਮਰਨਾ ਪਿਆ ਕਰੇਗਾ। ਬੜੇ ਫਸੇ ਅਜਿਹੀ ਮੰਨਤ ਮੰਨ ਕੇ। ਅਰਦਾਸ ਨਾ ਹੋਈ, ਰੱਬ ਨਾਲ ਸੌਦੇਬਾਜ਼ੀ ਹੋ ਗਈ। ਸਾਡਾ ਆਹ ਵਿਗੜਿਆ ਕੰਮ ਰਾਸ ਕਰ ਦਿਓ। ਇੰਨੇ ਰੁਪਏ ਭੇਟਾ ਕਰਾਂਗੇ। ਬਿਮਾਰੀ ਤੋਂ ਬਖ਼ਸ਼ ਦਿਓ, ਇੰਨੇ ਪੈਸੇ। ਨੌਕਰੀ 'ਤੇ ਲਗਵਾਉਣ ਦੇ ਇੰਨੇ ਰੁਪਏ। ਘਰ ਵਿੱਚ ਪੁੱਤਰ ਪ੍ਰਾਪਤੀ ਦਾ ਹੋਰ ਵੱਧ ਰੇਟ। ਚੋਰਾਂ ਵੱਲੋਂ ਭੀ ਰੱਬ ਨੂੰ ਯਥਾ ਸਕਤ ਚੋਰੀ ਦੇ ਮਾਲ ਵਿੱਚੋਂ ਭੇਟਾ ਦਿੱਤੀ ਜਾਂਦੀ ਹੈ। ਇਸ ਦਾ ਮਤਲਬ ਹੈ ਕਿ ਖ਼ੁਦਾ ਲਈ ਇਹ ਸਭ ਮਾਇਆ ਬਟੋਰਨ ਦੇ ਤਰੀਕੇ ਹਨ ਪਰ ਮਨਾ! ਮੈਂ ਐਵੇਂ ਅੱਲਾਹ ਨੂੰ ਬੁਰਾ ਆਖ ਰਿਹਾ ਹਾਂ, ਖ਼ੁਦਾ ਤਾਂ ਕੁੱਝ ਨਹੀਂ ਮੰਗਦਾ। ਇਹ ਦਿੱਤਾ ਹੋਇਆ ਮਾਲ ਤਾਂ ਸਾਰਾ ਪੁਜਾਰੀਆਂ, ਮੌਲਾਣਿਆਂ ਜਾਂ ਭਾਈਆਂ ਕੋਲ ਹੀ ਰਹਿ ਜਾਂਦਾ ਹੈ। ਖ਼ੈਰ ਸੋਚਦੇ ਹਾਂ।

ਖ਼ੁਦਾ ਨਾਲ ਕੀਤੇ ਇਕਰਾਰ ਮੁਤਾਬਕ ਮੁੱਲਾਂ ਨਸੀਰੂਦੀਨ ਨੇ ਆਪਣੀ ਕੋਠੀ ਵੇਚਣ ਲਈ ਇਸ਼ਤਿਹਾਰ ਲਗਵਾ ਦਿੱਤੇ। ਡੌਂਡੀ ਪਿਟਵਾ ਦਿੱਤੀ। ਦੋਸਤਾਂ, ਮਿੱਤਰਾਂ ਨੂੰ ਸੁਨੇਹੇ ਭੇਜ ਦਿੱਤੇ। ਮਿੱਥੀ ਤਰੀਕ 'ਤੇ ਕੋਠੀ ਨੂੰ ਖੁੱਲ੍ਹੀ ਨਿਲਾਮੀ ਰਾਹੀਂ ਖ਼ਰੀਦਣ ਵਾਸਤੇ ਧਨਾਢ ਬੰਦੇ ਪਹੁੰਚ ਗਏ। ਨਸੀਰੂਦੀਨ ਨੇ ਸਾਰਿਆਂ ਨੂੰ ਕੋਠੀ ਵਿਖਾਈ। ਬਹੁਤ ਆਲੀਸ਼ਾਨ ਸੀ। ਫਿਰ ਬਾਹਰ ਆ ਕੇ ਇੱਕ ਸ਼ਰਤ ਸਾਹਮਣੇ ਰੱਖੀ ਕਿ ਭਰਾਵੋ! ਇਸ ਕੋਠੀ ਦੀ ਕੀਮਤ ਹੈ ਪੰਜ ਰੁਪਏ। ਆਹ ਮੇਰੀ ਪਿਆਰੀ ਬਿੱਲੀ ਹੈ, ਇਸ ਦੀ ਰਾਖਵੀਂ ਕੀਮਤ ਹੈ ਇੱਕ ਲੱਖ ਰੁਪਏ। ਜੋ ਇਨਸਾਨ ਕੋਠੀ ਖ਼ਰੀਦੇਗਾ, ਉਸ ਨੂੰ ਬਿੱਲੀ ਨਾਲ ਜ਼ਰੂਰੀ ਲੈਣੀ ਪਵੇਗੀ। ਹੈ ਕੋਈ ਖ਼ਰੀਦਦਾਰ ? ਕਈਆਂ ਦੇ ਮਨ ਵਿੱਚ ਬੜੀ ਬੇਚੈਨੀ ਹੋਈ। ਇਹ ਬਿੱਲੀ ਵਾਲਾ ਕੀ ਮਾਜਰਾ

ਹੈ ? ਉਹ ਭੀ ਇੱਕ ਲੱਖ ਰੁਪਏ ਦੀ। ਫਿਰ ਜੋ ਕੋਠੀ ਲੱਖਾਂ ਤੋਂ ਭੀ ਜ਼ਿਆਦਾ ਮਹਿੰਗੀ ਹੈ, ਉਹ ਪੰਜ ਰੁਪਏ ਵਿੱਚ ? ਬੜਾ ਅਜੀਬ ਬੰਦਾ ਹੈ। ਇੱਕ ਜਿਗਰੇ ਵਾਲਾ ਗਾਹਕ ਅੱਗੇ ਆਇਆ ਤੇ ਮੁੱਲਾਂ ਦੀ ਸ਼ਰਤ ਮੁਤਾਬਕ ਕੋਠੀ ਖ਼ਰੀਦਣ ਲਈ ਕਾਗ਼ਜ਼ੀ ਕਾਰਵਾਈ ਪੂਰੀ ਕਰ ਦਿੱਤੀ। ਅੱਧੇ ਪੈਸੇ ਉਤਾਰ ਦਿੱਤੇ, ਅੱਧੇ ਪੰਦਰਾਂ ਦਿਨਾਂ ਦਾ ਇਕਰਾਰ ਕਰ ਲਿਆ। ਲੋੜੀਂਦੀਆਂ ਥਾਵਾਂ 'ਤੇ ਦਸਤਖ਼ਤ ਕਰ ਕੇ ਨਸੀਰੂਦੀਨ ਨੇ ਕੋਠੀ ਉਸ ਦੇ ਹਵਾਲੇ ਕਰ ਦਿੱਤੀ।

ਸਾਰਾ ਕੰਮ ਮੁਕਾ ਕੇ ਖ਼ਰੀਦਦਾਰ ਨੇ ਪੁੱਛਿਆ, "ਮੁੱਲਾਂ ਜੀ! ਸਾਡਾ ਸੌਦਾ ਹੋ ਗਿਆ ਹੈ। ਹੁਣ ਕੋਈ ਭੀ ਸਾਡੇ ਵਿੱਚੋਂ ਮੁਕਰ ਨਹੀਂ ਸਕਦਾ ਪਰ ਇੱਕ ਗੱਲ ਖੋਲ੍ਹ ਕੇ ਸਮਝਾਓ ਕਿ ਕੋਠੀ ਦੇ ਨਾਲ ਬਿੱਲੀ ਦਾ ਸੌਦਾ ਕਿਵੇਂ ਨੱਥੀ ਕਰ ਦਿੱਤਾ ? ਨਸੀਰੂਦੀਨ ਆਖਣ ਲੱਗਾ ਕਿ ਸਾਡਾ ਜਹਾਜ਼ ਸਮੁੰਦਰ ਵਿੱਚ ਡੁੱਬਣ ਲੱਗਾ ਸੀ। ਜਾਨ ਬਖ਼ਸ਼ਾਉਣ ਲਈ ਸਾਰਿਆਂ ਨੇ ਖ਼ੁਦਾਵੰਦ ਤੋਂ ਦੁਆਵਾਂ ਮੰਗੀਆਂ, ਮੰਨਤਾਂ ਮੰਨੀਆਂ। ਮੈਂ ਭੀ ਡਰਦਿਆਂ ਅਰਦਾਸ ਕਰ ਦਿੱਤੀ ਕਿ ਹੇ ਖ਼ੁਦਾ! ਜੇਕਰ ਅੱਜ ਜਾਨ ਬਚ ਜਾਵੇ ਤਾਂ ਸ਼ਹਿਰ ਵਾਲੀ ਕੋਠੀ ਵੇਚ ਕੇ ਧਰਮ ਅਰਥ ਦਾਨ ਕਰ ਦਿਆਂਗਾ ਤੇ ਜਹਾਜ਼ ਕਿਨਾਰੇ ਲੱਗ ਗਿਆ। ਮਗਰੋਂ ਮਨ ਅੰਦਰ ਖ਼ਿਆਲ ਆਇਆ ਕਿ ਖ਼ੁਦਾ ਨੇ ਕੋਠੀ ਕੀ ਕਰਨੀ ਹੈ? ਜੇ ਦਾਨ ਕਰ ਹੀ ਦਿੱਤਾ ਤਾਂ ਮੁੱਲਾਂ, ਪੁਜਾਰੀਆਂ ਕੋਲ ਚਲੀ ਜਾਣੀ ਹੈ। ਇਹ ਲੋਕ ਕਿਹੜਾ ਰੱਬ ਦੇ ਵਿਚੋਲੇ ਹਨ ? ਖ਼ੁਦਾ ਦੇ ਨਾਮ 'ਤੇ ਵਾਪਾਰ ਚੱਲ ਰਿਹਾ ਹੈ। ਮੈਂ ਸੋਚਿਆ ਕਿ ਖ਼ੁਦਾ ਵੱਲੋਂ ਭੀ ਝੂਠਾ ਨਾ ਪਵਾਂ ਤੇ ਕੋਠੀ ਭੀ ਨਾ ਜਾਵੇ। ਬਹੁਤ ਸੋਚ ਵਿਚਾਰ ਕੇ ਮੈਂ ਕੋਠੀ ਦੀ ਕੀਮਤ ਰੱਖ ਦਿੱਤੀ ਪੰਜ ਰੁਪਏ ਪਰ ਨਾਲ ਆਪਣੀ ਪਾਲਤੂ ਬਿੱਲੀ ਸਬੰਧਤ ਕਰ ਦਿੱਤੀ, ਇਸ ਦਾ ਮੁੱਲ ਰੱਖ ਦਿੱਤਾ ਇੱਕ ਲੱਖ ਰੁਪਏ। ਬਿੱਲੀ ਦੇ ਮੁੱਲ ਰਾਹੀਂ ਮੇਰੇ ਕੋਲ ਇੱਕ ਲੱਖ ਰੁਪਿਆ ਆ ਗਿਆ। ਇਸ ਨਾਲ ਹੋਰ ਕੋਠੀ ਖ਼ਰੀਦ ਲਵਾਂਗਾ ਪਰ ਖ਼ੁਦਾ ਨਾਲ ਕੀਤੇ ਇਕਰਾਰ ਮੁਤਾਬਕ ਮੈਂ ਕੋਠੀ ਵੇਚ ਕੇ ਸਾਰੇ ਪੈਸੇ ਦਾਨ ਕਰਨੇ ਸਨ। ਉਹ ਹਨ ਸਿਰਫ਼ ਪੰਜ ਰੁਪਏ। ਕਿਉਂਕਿ ਕੋਠੀ ਦੀ ਕੀਮਤ ਮੈਂ ਪੰਜ ਰੁਪਏ ਹੀ ਲਾਈ ਹੈ। ਇਸ ਲਈ ਇਹ ਪੰਜ ਰੁਪਏ ਮੈਂ ਖ਼ੁਦਾ ਨਮਿੱਤ ਦਾਨ ਕਰ ਦਿਆਂਗਾ। ਮੈਂ ਭੀ ਰਾਜ਼ੀ ਖ਼ੁਦਾ ਭੀ ਰਾਜ਼ੀ ਤੇ ਤੁਸੀਂ ਭੀ ਰਾਜ਼ੀ। ਮੇਰੇ ਮਨ 'ਤੇ ਐਵੇਂ ਵਜਨ ਜਿਹਾ ਰਹਿਣਾ ਸੀ। ਦਾਨ ਕਰ ਕੇ ਸੁਰਖਰੂ ਹੋਣਾ ਵੀ ਤਾਂ ਜ਼ਰੂਰੀ ਹੀ ਸੀ ਨਾ। ਅੱਗੋਂ ਮੁਸੀਬਤ ਵਕਤ ਫਿਰ ਭੀ ਅਰਦਾਸ ਕਰਨੀ ਪੈ ਸਕਦੀ ਹੈ। ਖ਼ੁਦਾ ਨੂੰ ਕੀ ਮੂੰਹ ਵਿਖਾਵਾਂਗਾ। ਸੁਰਖਰੂ ਹੋਣਾ ਬੜਾ ਜ਼ਰੂਰੀ ਹੈ। ਬਚਨ ਕਰ ਕੇ ਖਿਸਕਣਾ ਚੰਗਾ ਨਹੀਂ ਹੁੰਦਾ।

ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ ॥
ਦਇਆ ਕਰਹਿ ਪ੍ਰਭ ਮੇਲਿ ਲੈਹਿ, ਖਿਨ ਮਹਿ ਢਾਹਿ ਉਸਾਰਿ ॥
ਦਾਨਾ ਤੂ ਬੀਨਾ ਤੁਹੀ, ਦਾਨਾ ਕੈ ਸਿਰਿ ਦਾਨੁ ॥
ਦਾਲਦ ਭੰਜਨ ਦੁਖ ਦਲਣ, ਗੁਰਮਖਿ ਗਿਆਨੁ ਧਿਆਨੁ ॥ (934)



ਅਨੋਖਾ ਡਾਕਟਰ

ਤਜਰਬੇਕਾਰ ਸਿਆਣੇ ਡਾਕਟਰ ਆਪਣੇ ਪਿਆਰ ਭਰੇ ਵਰਤਾਓ ਨਾਲ ਮਰੀਜ਼ ਦਾ ਮਨ ਮੋਹ ਲੈਂਦੇ ਹਨ। ਮਰੀਜ਼ ਨੂੰ ਯਕੀਨ ਦਿਵਾ ਦਿੰਦੇ ਹਨ ਕਿ ਇਹੀ ਡਾਕਟਰ ਸਭ ਤੋਂ ਸਿਆਣਾ ਹੈ। ਇਸ ਦੇ ਇਲਾਜ ਨਾਲ ਮੈਂ ਸ਼ਰਤੀਆ ਤੰਦਰੁਸਤ ਹੋ ਜਾਵਾਂਗਾ। ਸਾਡੇ ਪਿੰਡ ਵਿੱਚ ਪਾਕਿਸਤਾਨ ਵੱਲੋਂ ਇੱਕ ਮਾਮੂਲੀ ਜਿਹਾ ਡਾਕਟਰ ਆਇਆ ਸੀ। ਉਸ ਕੋਲ ਡਿਗਰੀ ਸੀ ਆਰ.ਐਮ.ਪੀ. ਦੀ। ਉਸ ਨੇ ਆਪਣੀ ਮਿਠਾਸ ਅਤੇ ਲਿਆਕਤ ਨਾਲ ਸਾਰੇ ਇਲਾਕੇ ਵਿੱਚ ਨਾਮਣਾ ਖੱਟਿਆ। ਇਸ ਦਾ ਨਾਮ ਸੀ ਸ੍ਰ. ਕਰਤਾਰ ਸਿੰਘ। ਇਹ '47 ਵਕਤ ਘੱਗੇ ਆ ਕੇ ਟਿਕਿਆ ਸੀ। ਬੱਚਿਆਂ ਨੂੰ ਆਮ ਤੌਰ 'ਤੇ ਉਹ ਕਹਿੰਦਾ ਹੁੰਦਾ ਸੀ, "ਆ ਪੁੱਤਰ ਚੰਨ ਵਰਗਿਆ, ਤੇਰੇ ਖੰਡ ਵਰਗਾ ਟੀਕਾ ਲਾਵਾਂਗਾ, ਤੈਨੂੰ ਫੁੱਲ ਵਰਗਾ ਬਣਾ ਦਿਆਂਗਾ।" ਜਦੋਂ ਮੇਰੇ ਵਰਗਿਆਂ ਨੂੰ ਪਾਸਪੋਰਟ ਬਣਾਉਣ ਬਾਰੇ ਭੀ ਕੋਈ ਜਾਣਕਾਰੀ ਨਹੀਂ ਸੀ। ਕਿਹੜੇ ਦੇਸ਼ ਵਿੱਚ ਜਾਣ ਦਾ ਕੀ ਢੰਗ ਹੈ, ਕੋਈ ਪਤਾ ਨਹੀਂ ਸੀ। ਉਸ ਸਮੇਂ ਉਸ ਦੇ ਪੁੱਤਰ-ਧੀਆਂ (ਛੇ ਪੁੱਤਰ, ਛੇ ਧੀਆਂ) ਵੱਡੇ-ਵੱਡੇ ਡਾਕਟਰ ਬਣ ਚੁੱਕੇ ਸਨ। ਵਿਦੇਸ਼ਾਂ ਵਿੱਚ ਸੈੱਟ ਹੋ ਚੁੱਕੇ ਸਨ। ਇੱਕ ਪਿੰਡ ਵਿੱਚ ਰਹਿ ਰਿਹਾ ਛੋਟਾ ਜਿਹਾ ਡਾਕਟਰ ਆਪਣੀ ਦੂਰ ਅੰਦੇਸ਼ੀ ਨਾਲ ਪਰਿਵਾਰ ਨੂੰ ਬੁਲੰਦੀਆਂ 'ਤੇ ਪੁਚਾ ਗਿਆ। ਸਿਆਣਪ ਅਤੇ ਮਿਹਨਤ ਬਹੁਤ ਕੁੱਝ ਸੰਵਾਰ ਸਕਦੀ ਹੈ। ਜੇਕਰ ਇੱਕ ਪਰਿਵਾਰ ਇਸ ਤਰ੍ਹਾਂ ਅੱਗੇ ਵੱਧ ਸਕਦਾ ਹੈ ਤਾਂ ਕੌਮਾਂ ਭੀ ਜ਼ਰੂਰ ਅੱਗੇ ਵੱਧ ਸਕਦੀਆਂ ਹਨ ਜੇ ਆਗੂ ਨੇਕ ਨੀਅਤ ਵਾਲੇ ਹੋਣ।

ਪ੍ਰਸਿੱਧ ਚਿੰਤਕ ਅਮਰੀਕਾ ਨਿਵਾਸੀ ਬਰਨਾਰਡ ਸ਼ਾਹ ਬਿਮਾਰ ਹੋ ਗਿਆ। ਕੰਮ ਦੀ ਬਹੁਤਾਤ ਖੁਰਾਕ ਅਤੇ ਆਰਾਮ ਦਾ ਖ਼ਿਆਲ ਨਾ ਰੱਖਿਆ। ਸਰੀਰ ਹੰਭ ਗਿਆ, ਕੰਮ ਕਰਨੋ ਅਸਮਰੱਥ ਹੋ ਗਿਆ। ਇੱਕ ਦੋ ਦਿਨ ਉਡੀਕਿਆ ਕਿ ਸ਼ਾਇਦ ਆਰਾਮ ਕਰ ਕੇ ਸਰੀਰ ਆਮ ਹਾਲਤ ਵਿੱਚ ਆ ਜਾਵੇਗਾ ਪਰ ਅਜਿਹਾ ਨਹੀਂ ਹੋਇਆ। ਫ਼ੋਨ ਕਰ ਕੇ ਡਾਕਟਰ ਨੂੰ ਘਰ ਬੁਲਾਇਆ। ਬਰਨਾਰਡ ਚੌਥੀ ਮੰਜ਼ਿਲ 'ਤੇ ਰਹਿ ਰਿਹਾ ਸੀ। ਲਿਫ਼ਟ ਹੈ ਨਹੀਂ ਸੀ। ਵਡੇਰੀ ਉਮਰ ਦਾ ਡਾਕਟਰ ਆਇਆ। ਚਾਰ ਮੰਜ਼ਿਲਾਂ ਪਉੜੀਆਂ ਚੜ੍ਹਦਿਆਂ ਸਾਹ ਫੁੱਲ ਗਿਆ। ਪਸੀਨਾ ਚੋਣ ਲੱਗ ਪਿਆ। ਉਪਰ ਪਹੁੰਚ ਕੇ ਬਰਨਾਰਡ ਸ਼ਾਹ ਕੋਲ ਧੌਂਹ ਕਰਦਾ ਕੁਰਸੀ 'ਤੇ ਬੈਠ ਗਿਆ। ਪੰਜ-ਸੱਤ ਮਿੰਟ ਕੋਈ ਗੱਲਬਾਤ ਨਾ ਕੀਤੀ, ਲੰਮੇਂ-ਲੰਮੇਂ ਸਾਹ ਲੈਂਦਾ ਰਿਹਾ। ਬਰਨਾਰਡ ਸ਼ਾਹ ਖ਼ੁਦ ਉੱਠਿਆ, ਪਾਣੀ ਦਾ ਗਿਲਾਸ ਲਿਆਂਦਾ। ਸਹਾਰਾ ਦੇ ਕੇ ਆਪਣੇ ਬੈੱਡ 'ਤੇ ਆਰਾਮ ਕਰਨ ਲਈ ਕਿਹਾ। ਖ਼ੁਦ ਚਾਹ ਬਣਾਉਣ ਲੱਗ ਪਿਆ। ਦਸ ਕੁ ਮਿੰਟਾਂ ਵਿੱਚ ਚਾਹ ਲੈ ਕੇ ਬਰਨਾਰਡ ਸ਼ਾਹ ਡਾਕਟਰ ਕੋਲ ਆ ਗਿਆ। ਡਾਕਟਰ ਨੂੰ ਚਾਹ ਪਿਆਈ। ਤੰਦਰੁਸਤੀ ਲਈ ਪ੍ਰਾਰਥਨਾ ਕੀਤੀ। ਆਖਣ ਲੱਗਾ, "ਡਾਕਟਰ ਸਾਹਿਬ, ਤੁਸੀਂ ਆਪਣਾ ਖ਼ਿਆਲ ਰੱਖਣਾ, ਆਉਣ ਦਾ ਧੰਨਵਾਦ।" ਡਾਕਟਰ ਕਹਿਣ

ਲੱਗਾ, "ਪਰ ਮੇਰੀ ਫ਼ੀਸ ?"

ਬਰਨਾਰਡ ਸ਼ਾਹ- "ਤੁਸੀਂ ਮੇਰਾ ਇਲਾਜ ਤਾਂ ਕੀਤਾ ਨਹੀਂ ਦੁਆਈ ਦਿੱਤੀ ਨਹੀਂ। ਸਗੋਂ ਖ਼ੁਦ ਹੀ ਇਥੇ ਆ ਕੇ ਬਲੱਡ ਪ੍ਰੈਸ਼ਰ ਨਾਲ ਮਰ ਚੱਲੇ ਸੀ।"

ਡਾਕਟਰ- "ਪਿਆਰੇ ਬਰਨਾਰਡ ਜੀ! ਮੇਰਾ ਇਲਾਜ ਕਰਨ ਦਾ ਇੱਕ ਵੱਖਰਾ ਤਰੀਕਾ ਹੈ। ਮੈਂ ਇੱਥੇ ਆ ਕੇ ਬਿਮਾਰ ਨਹੀਂ ਹੋਇਆ, ਨਾ ਹੀ ਦੌਰਾ ਪਿਆ ਹੈ। ਮਰੀਜ਼ ਦੀ ਬਿਮਾਰੀ ਪਰਖਣ ਦਾ ਮੇਰਾ ਇੱਕ ਅੰਦਾਜ਼ ਹੈ। ਮੇਰੀ ਦਿੱਤੀ ਦੁਆਈ ਇਤਨੀ ਛੇਤੀ ਤੈਨੂੰ ਬੈੱਡ ਤੋਂ ਉਠਾ ਨਹੀਂ ਸੀ ਸਕਦੀ। ਮੇਰੀ ਜ਼ਿੰਦਗੀ ਦਾ ਤਜਰਬਾ ਹੈ ਕਿ ਮੈਂ ਮਰੀਜ਼ ਦੀ ਹਾਲਤ ਵੇਖ ਕੇ ਇਲਾਜ ਸ਼ੁਰੂ ਕਰਦਾ ਹਾਂ। ਜੇ ਮਰੀਜ਼ ਬਿਨਾਂ ਦਵਾਈ ਤੋਂ ਤੰਦਰੁਸਤ ਹੋ ਜਾਵੇ ਫਿਰ ਦਵਾਈਆਂ 'ਤੇ ਕਿਉਂ ਪੈਸੇ ਬਰਬਾਦ ਕਰਨੇ ਹੋਏ ? ਮੈਂ ਮਹਿਸੂਸ ਕਰ ਲਿਆ ਸੀ ਕਿ ਇਸ ਮਰੀਜ਼ ਨੂੰ ਦਵਾਈ ਦੀ ਜ਼ਰੂਰਤ ਨਹੀਂ, ਕਿਸੇ ਢੰਗ ਨਾਲ ਉਤਸ਼ਾਹ ਦੇ ਕੇ ਮੰਜੇ ਤੋਂ ਉਠਾਉਣ ਦੀ ਲੋੜ ਹੈ। ਮੇਰਾ ਨੁਸਖਾ ਕਾਮਯਾਬ ਰਿਹਾ। ਹੁਣ ਕਿਰਪਾ ਕਰ ਕੇ ਮੇਰੀ ਫ਼ੀਸ ਦੇ ਦਿਓ।

ਸਮਾਜ ਵਿੱਚ ਬਹੁਤੇ ਲੋਕਾਂ ਨੂੰ ਬਿਮਾਰੀ ਕੋਈ ਨਹੀਂ ਹੁੰਦੀ, ਬਸ ਢੈਂਹਦੀ ਕਲਾ (ਡਿਪਰੈਸ਼ਨ) ਵਿੱਚ ਚਲੇ ਜਾਂਦੇ ਹਨ। ਚੰਗੀ ਤੋਂ ਚੰਗੀ ਖ਼ੁਰਾਕ ਦਿਓ, ਅਸਰ ਨਹੀਂ ਕਰੇਗੀ। ਕੋਈ ਖ਼ੁਸ਼ ਖ਼ਬਰੀ ਸੁਣਾਓ, ਚੰਗੀ ਨਹੀਂ ਲੱਗੇਗੀ। ਹੌਲੀ-ਹੌਲੀ ਬੰਦਾ ਇਕਾਂਤ ਪਸੰਦ ਤੇ ਅੰਤਰ ਮੁਖੀ ਜਿਹਾ ਹੋ ਕੇ ਜੀਵਨ ਰੱਡੀ ਨੂੰ ਘਸੀਟਦਾ ਹੋਇਆ ਉਮਰ ਬਿਤਾਉਣ ਲੱਗ ਪੈਂਦਾ ਹੈ। ਜਿਸ ਸਮੇਂ ਇਨਸਾਨ ਵਿੱਚੋਂ ਜੀਵਨ ਲਈ ਉਤਸ਼ਾਹ ਖ਼ਤਮ ਹੋ ਗਿਆ, ਫਿਰ ਕੋਈ ਇਲਾਜ ਉਸ 'ਤੇ ਅਸਰ ਨਹੀਂ ਕਰਦਾ।

ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮ ਦੂਤ ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥
ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥ (1256)

★★★★★★

ਇਨਸਾਫ਼ ਦਾ ਤਰਾਜੂ

ਭਾਰਤ ਦੇਸ਼ ਜਾਤ-ਪਾਤ ਦੀ ਇਨਸਾਨੀਅਤ ਵਿਰੋਧੀ ਵੰਡ ਕਾਰਨ ਬਹੁਤ ਕਮਜ਼ੋਰ ਸੀ। ਇੱਕ ਇਸ਼ਟ ਨਾ ਹੋਣ ਕਰ ਕੇ ਧਾਰਮਕ ਪੱਖੋਂ ਭੀ ਕੋਈ ਸਾਂਝ ਨਹੀਂ ਸੀ। ਵਿਖਾਵੇ ਵਾਲੇ ਕਰਮਕਾਂਡ ਅਤੇ ਮੰਤਰ ਜਾਪ ਖ਼ੂਬ ਕੀਤੇ ਜਾ ਰਹੇ ਸਨ। ਆਪਣੇ ਲੋਕਾਂ ਨੂੰ ਸਿਆਣਪ ਅਤੇ ਬਹਾਦਰੀ ਪ੍ਰਦਾਨ ਕਰਨ ਵਾਲਾ ਕੋਈ ਕਾਰਜ ਨਹੀਂ ਹੋ ਰਿਹਾ ਸੀ। ਇੱਥੋਂ ਦੇ ਰਾਜੇ ਛੋਟੇ-ਛੋਟੇ ਇਲਾਕਿਆਂ ਤੱਕ ਸੀਮਤ ਸਨ। ਆਪਸੀ ਜੰਗ ਵਿੱਚ ਬੇਅੰਤ ਖ਼ੂਨ ਖਰਾਬਾ ਕਰਾਉਂਦੇ ਸਨ। ਸਾਰੇ ਭਾਰਤ ਵਿੱਚ "ਏਕਤਾ ਔਰ ਅਖੰਡਤਾ" ਵਾਲਾ ਕੋਈ ਅਸੂਲ ਕਾਨੂੰਨ ਨਹੀਂ ਸੀ। ਰਾਜੇ ਐਸ਼ ਪ੍ਰਸਤੀ ਵਿੱਚ ਮਸਤ ਸਨ। ਪੁਜਾਰੀਆਂ ਲਈ ਮੰਦਰ ਹੀ ਸੁਰਗ ਦੇ ਨਜ਼ਾਰਿਆਂ ਤੋਂ ਵੱਧ ਸਨ। "ਸੋਮ ਰਸ ਅਤੇ ਦੇਵ ਦਾਸੀਆਂ" ਹਰ ਵੱਡੇ ਮੰਦਰ ਵਿੱਚ ਮੌਜੂਦ ਸਨ। ਅਜਿਹੀ ਮੰਦੀ ਹਾਲਤ ਵਿੱਚ ਆਮ ਜੰਤਾ ਦਾ ਤਾਂ "ਰੱਬ ਹੀ ਰਾਖਾ" ਆਖਿਆ ਜਾ ਸਕਦਾ ਹੈ। ਇਸਲਾਮੀ ਦੇਸ਼ਾਂ ਵੱਲੋਂ ਜਿਹੜਾ ਭੀ ਫ਼ੌਜਾਂ ਲੈ ਕੇ ਆਇਆ, ਮਾਰੋ ਮਾਰ ਕਰਦਾ ਲੋਕਾਂ ਨੂੰ ਲੁਟਦਾ ਤੇ ਲਿਤਾੜਦਾ ਫਿਰਦਾ। ਉਨ੍ਹਾਂ ਦਾ ਰਾਹ ਰੋਕਣ ਵਾਲਾ ਕੋਈ ਨਹੀਂ ਸੀ। ਕੁੱਝ ਹਮਲਾਵਰ ਲੁੱਟ ਦਾ ਮਾਲ ਲੈ ਕੇ ਵਾਪਸ ਪਰਤ ਜਾਂਦੇ ਸਨ ਕਈਆਂ ਨੇ ਸਦਾ ਲਈ ਯਿਥੇ ਹੀ ਝੰਡੇ ਗੱਡ ਦਿੱਤੇ।

ਭਾਰਤ 'ਤੇ ਰਾਜ ਕਰਨ ਵਾਲੇ ਰਾਜਿਆਂ ਵਿੱਚੋਂ ਬਾਦਸ਼ਾਹ ਅਕਬਰ ਦਾ ਸਮਾਂ ਬਹੁਤ ਟਿਕਾਉ ਵਾਲਾ ਸਦ ਭਾਵਨਾ ਵਾਲਾ ਮੰਨਿਆ ਜਾਂਦਾ ਹੈ। ਸਾਰੇ ਇਤਿਹਾਸਕਾਰਾਂ ਨੇ ਅਕਬਰ ਦੀ ਸ਼ੋਭਾ ਕੀਤੀ ਹੈ। ਅਕਬਰ ਤੋਂ ਪਹਿਲਾਂ ਹੋ ਗੁਜ਼ਰਿਆ ਇੱਕ ਮਹਾਨ ਸਪੂਤ ਸ਼ੇਰਸ਼ਾਹ ਸੂਰੀ ਆਪਣੇ ਪੰਜ ਕੁ ਸਾਲ ਦੇ ਸੀਮਤ ਸਮੇਂ ਵਿੱਚ ਹੀ ਆਪਣੀਆਂ ਅਮਿੱਟ ਯਾਦਾਂ ਛੱਡ ਗਿਆ ਹੈ। ਅਕਬਰ ਦੇ ਪਿਤਾ ਹਿਮਾਯੂੰ ਨੂੰ ਸ਼ੇਰ ਸ਼ਾਹ ਨੇ 17 ਮਈ 1540 ਨੂੰ ਕਰਾਰੀ ਹਾਰ ਦੇ ਕੇ ਭਾਰਤ ਵਿੱਚੋਂ ਕੱਢ ਦਿੱਤਾ ਸੀ। ਸ਼ੇਰ ਸ਼ਾਹ ਖ਼ੁਦ ਬਾਦਸ਼ਾਹ ਬਣ ਗਿਆ ਸੀ। ਅਫ਼ਸੋਸ ਕਿ ਇਸ ਸ਼ੇਰ ਮਰਦ ਦੀ ਉਮਰ ਨੇ ਸਾਥ ਨਾ ਦਿੱਤਾ। ਸੰਨ 1545 ਵਿੱਚ ਇਹ ਕਾਲ ਵੱਸ ਹੋ ਗਿਆ। ਕਈ ਇਤਿਹਾਸਕਾਰਾਂ ਨੇ ਗੁਰਬਾਣੀ ਵਿੱਚ ਆਏ ਬਚਨ- "ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥" (723) ਸ਼ੇਰਸ਼ਾਹ ਨਾਲ ਸਬੰਧਤ ਕੀਤੇ ਹਨ। ਹੋ ਸਕਦਾ ਹੈ ਕਿ ਆਪਣੇ ਪ੍ਰਚਾਰ ਦੌਰਿਆਂ ਵਕਤ ਬੰਗਾਲ ਵਿੱਚ ਗੁਰੂ ਨਾਨਕ ਸਾਹਿਬ ਅਤੇ ਸ਼ੇਰਸ਼ਾਹ ਸੂਰੀ ਦੀ ਮੁਲਾਕਾਤ ਹੋਈ ਹੋਵੇ। ਉਨ੍ਹਾਂ ਨੇ ਸ਼ੇਰਸ਼ਾਹ ਦੀ ਸਿਆਣਪ ਅਤੇ ਬਹਾਦਰੀ ਮਹਿਸੂਸ ਕਰ ਕੇ ਇਸ ਤਰ੍ਹਾਂ ਸੋਚਿਆ ਹੋਵੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼ੇਰਸ਼ਾਹ ਇੱਕ ਸ਼ੇਰ ਮਰਦ ਸੀ ਤੇ ਸਾਰੇ ਇਨਸਾਨਾਂ ਨੂੰ ਬਰਾਬਰ ਅਧਿਕਾਰ ਦਿੰਦਾ ਸੀ

ਸ਼ੇਰਸ਼ਾਹ ਵੱਲੋਂ ਕੀਤੇ ਗਏ ਇਨਸਾਫ਼ ਦੀ ਝਲਕ "ਖ਼ੁਲਾਸਤਤ ਤਵਾਰੀਖ਼" ਨਾਮੀ ਪੁਸਤਕ ਵਿੱਚ ਸੁਜਾਨ ਰਾਏ ਭੰਡਾਰੀ ਨੇ ਅੰਕਤ ਕੀਤੀ ਹੈ, ਜੋ ਰੌਂਗਟੇ ਖੜੇ ਕਰਨ ਵਾਲੀ

ਹੈ- ਇੱਕ ਦਿਨ ਬਾਦਸ਼ਾਹ ਸ਼ੇਰ ਸ਼ਾਹ ਦਾ ਬੇਟਾ ਆਦਿਲ ਖ਼ਾਨ ਹਾਥੀ 'ਤੇ ਸਵਾਰ ਹੋ ਕੇ ਆਪਣੇ ਸੇਵਕਾਂ ਸਮੇਤ ਦਿੱਲੀ ਦੀਆਂ ਗਲੀਆਂ ਵਿੱਚੋਂ ਦੀ ਲੰਘ ਰਿਹਾ ਸੀ। ਰਸਤੇ ਵਿੱਚ ਛੋਟੀ ਜਿਹੀ ਕੰਧ ਦੇ ਉਪਰੋਂ ਦੀ ਵੇਖਿਆ। ਅੰਦਰ ਇੱਕ ਅਤਿ ਖ਼ੂਬਸੂਰਤ ਜੁਆਨ ਔਰਤ ਇਸ਼ਨਾਨ ਕਰਦੀ ਦਿਸ ਪਈ। ਆਦਿਲ ਖ਼ਾਨ ਨੇ ਆਪਣਾ ਹਾਥੀ ਰੁਕਵਾ ਲਿਆ। ਕੁੱਝ ਮਸਕਰੀਆਂ ਦੇ ਬੋਲ ਬੋਲੇ। ਫਿਰ ਇੱਕ ਪਾਨ ਬੀੜਾ ਨਹਾ ਰਹੀ ਔਰਤ ਉਤੇ ਸੁੱਟ ਦਿੱਤਾ। ਜਦੋਂ ਉਸ ਔਰਤ ਦਾ ਧਿਆਨ ਉਧਰ ਗਿਆ ਤਾਂ ਹਾਥੀ 'ਤੇ ਬੈਠਾ ਰਾਜ ਕੁਮਾਰ ਉਸ ਵੱਲ ਵਾਸ਼ਨਾ ਗ੍ਰਸਤ ਭੁੱਖੀਆਂ ਨਜ਼ਰਾਂ ਨਾਲ ਵੇਖ ਰਿਹਾ ਸੀ। ਉਹ ਔਰਤ ਮਾਨੋਂ ਸ਼ਰਮ ਦੀ ਮਾਰੀ ਗਰਕ ਹੋ ਗਈ। ਸਾਰਾ ਸਰੀਰ ਕੰਬਣ ਲੱਗ ਪਿਆ। ਜੋ ਕੱਪੜਾ ਛੇਤੀ ਚੁੱਕ ਸਕਦੀ ਸੀ, ਆਪਣੇ ਜਿਸਮ 'ਤੇ ਲਪੇਟ ਕੇ ਥਾਏਂ ਬੈਠ ਗਈ। ਮਾਨੋ ਭਰੀ ਸਭਾ ਵਿੱਚ ਦ੍ਰੌਪਤੀ ਬੇ ਆਬਰੂ ਕਰ ਦਿੱਤੀ ਗਈ ਸੀ।

ਰਾਜ ਕੁਮਾਰ ਆਦਿਲ ਖ਼ਾਨ ਖ਼ਰਮਸਤੀਆਂ ਕਰਦਾ, ਅਸ਼ਲੀਲ ਬਚਨ ਬੋਲਦਾ ਅੱਗੇ ਨਿਕਲ ਗਿਆ। ਇਸ ਵਿਆਕੁਲ ਬੀਬੀ ਨੇ ਘਰ ਆਏ ਪਤੀ ਨੂੰ ਸਾਰੀ ਹੋਈ ਬੀਤੀ ਰੋ ਰੋ ਕੇ ਕਹਿ ਸੁਣਾਈ। ਨਾਲ ਹੀ ਆਪਣਾ ਫ਼ੈਸਲਾ ਦੱਸਿਆ ਕਿ ਮੈਂ ਹੁਣ ਜੀਅ ਨਹੀਂ ਸਕਦੀ। ਜਿੰਨੀ ਛੇਤੀ ਮੈਂ ਕਰ ਸਕੀ ਆਤਮ ਹੱਤਿਆ ਕਰ ਲਵਾਂਗੀ। ਉਸ ਬੀਬੀ ਦਾ ਪਤੀ ਸਾਰੀ ਘਟਨਾ ਸੁਣ ਕੇ ਇੱਕ ਵਾਰੀ ਤਾਂ ਸੁੰਨ ਜਿਹਾ ਹੋ ਗਿਆ। ਦੇਸ਼ ਦੇ ਬਾਦਸ਼ਾਹ ਦਾ ਪੁੱਤਰ ਉਸ ਦੇ ਵਿਰੁੱਧ ਸ਼ਿਕਾਇਤ ਕਿੱਥੇ ਕੀਤੀ ਜਾ ਸਕਦੀ ਹੈ ? ਕੌਣ ਸੁਣੇਗਾ ਸ਼ਿਕਾਇਤ ? ਫਿਰ ਭੀ ਹਿੰਮਤ ਨਾ ਹਾਰੀ, ਜੇ ਹੋਰ ਕੋਈ ਚਾਰਾ ਨਾ ਚੱਲਿਆ ਤਾਂ ਮੈਂ ਭੀ ਤੇਰੇ ਨਾਲ ਹੀ ਜੀਵਨ ਲੀਲਾ ਸਮਾਪਤ ਕਰ ਲਵਾਂਗਾ ਪਰ ਮੈਨੂੰ ਆਖਰੀ ਚਾਰਾ ਕਰ ਵੇਖਣ ਦੇ। ਅਗਲੇ ਦਿਨ ਸਵੇਰੇ ਜਲਦੀ ਬਾਦਸ਼ਾਹ ਸ਼ੇਰ ਸ਼ਾਹ ਅੱਗੇ ਫਰਿਆਦੀ ਬਣ ਕੇ ਕਤਾਰ ਵਿੱਚ ਖੜਾ ਹੋ ਗਿਆ। ਰਾਜਾ ਮਿੱਥੇ ਵਕਤ 'ਤੇ ਦੁਖਿਆਰੇ ਲੋਕਾਂ ਦੀਆਂ ਫਰਿਆਦਾਂ ਸੁਣਨ ਬੈਠ ਗਿਆ। ਵਾਰੀ ਆਉਣ 'ਤੇ ਇਸ ਨੌਜੁਆਨ ਨੂੰ ਅੰਦਰ ਬੁਲਾਇਆ। ਇਸ ਨੇ ਰੋ-ਰੋ ਕੇ ਸਾਰੀ ਘਟਨਾ ਕਹਿ ਸੁਣਾਈ। ਸੂਰੀ ਨੇ ਤੁਰੰਤ ਪੜਤਾਲ ਦਾ ਹੁਕਮ ਦਿੱਤਾ ਤੇ ਨੌਜੁਆਨ ਨੂੰ ਅਗਲੇ ਦਿਨ ਬੁਲਾਇਆ। ਸਾਰੀ ਪੜਤਾਲ ਕਰ ਕੇ ਅਫ਼ਸਰ ਨੇ ਸ਼ੇਰ ਸ਼ਾਹ ਅੱਗੇ ਰੱਖ ਦਿੱਤੀ ਤੇ ਸਬੰਧਤ ਬੰਦੇ ਨੂੰ ਫਿਰ ਬੁਲਾਇਆ। ਸ਼ੇਰ ਸ਼ਾਹ ਨੇ ਫ਼ੈਸਲਾ ਸੁਣਾਇਆ, "ਤੇਰੇ ਵੱਲੋਂ ਕੀਤੀ ਗਈ ਸ਼ਿਕਾਇਤ ਸਹੀ ਪਾਈ ਗਈ ਹੈ। ਸੱਚਮੁੱਚ ਹੀ ਤੇਰੇ ਨਾਲ ਅਤੇ ਤੇਰੀ ਪਤਨੀ ਨਾਲ ਆਦਿਲ ਖ਼ਾਨ ਨੇ ਅਤਿਅੰਤ ਘਿਰਣਾਯੋਗ ਮੰਦਾ ਵਿਹਾਰ ਕੀਤਾ ਹੈ। ਇੱਕ ਬਾਦਸ਼ਾਹ ਦੇ ਪੁੱਤਰ ਵੱਲੋਂ ਇਸ ਤਰ੍ਹਾਂ ਕੀਤਾ ਜਾਣਾ ਬਹੁਤ ਹੀ ਸ਼ਰਮਨਾਕ ਹੈ। ਕੱਲ੍ਹ ਦੁਪਹਿਰ ਨੂੰ ਤੂੰ ਸਰਕਾਰੀ ਹਾਥੀ 'ਤੇ ਸਵਾਰ ਹੋਵੇਂਗਾ। ਆਦਿਲ ਖ਼ਾਨ ਦੀ ਪਤਨੀ (ਜੋ ਕਿ ਮੇਰੀ ਨੂੰਹ ਹੈ) ਉਸੇ ਤਰ੍ਹਾਂ ਬਸਤਰ ਹੀਣ ਹੋਵੇਗੀ। ਤੂੰ ਹਾਥੀ 'ਤੇ ਬੈਠਾ ਉਸ ਦੇ ਨੰਗੇ ਜਿਸਮ ਨੂੰ ਵੇਖ ਕੇ ਪਾਨਾਂ ਦਾ ਬੀੜਾ ਉਸ 'ਤੇ ਸੁੱਟ ਦੇਵੀਂ। ਆਦਿਲ ਖ਼ਾਨ ਖ਼ੁਦ ਇਹ ਇਨਸਾਫ਼ ਸਾਹਮਣੇ ਖਲੋ ਕੇ ਵੇਖੇਗਾ।"

ਸ਼ੇਰ ਸ਼ਾਹ ਨੇ ਆਪਣੇ ਵੱਡੇ ਅਫ਼ਸਰ ਨੂੰ ਕਹਿ ਕੇ ਸਾਰਾ ਪ੍ਰਬੰਧ ਕਰਨ ਲਈ ਆਖਿਆ।

ਉਧਰ ਆਦਿਲ ਖ਼ਾਨ ਨੂੰ ਜਦੋਂ ਦੱਸਿਆ ਗਿਆ, ਉਹ ਧਾਹਾਂ ਮਾਰ-ਮਾਰ ਰੋਇਆ। ਪਿਤਾ ਨੂੰ ਮਿਲਣ ਦੀ ਆਗਿਆ ਮੰਗੀ। ਸਜ਼ਾ ਭੁਗਤਣ ਤੋਂ ਪਹਿਲਾਂ ਪਿਤਾ ਨੇ ਮਿਲਣ ਤੋਂ ਨਾਂਹ ਕਰ ਦਿੱਤੀ। ਉਧਰ ਸਬੰਧਤ ਨੌਜੁਆਨ ਅਤੇ ਉਸ ਦੀ ਪਤਨੀ ਬੇਚੈਨ। ਇਧਰ ਆਦਿਲ ਖ਼ਾਨ ਦੀ ਬੇਗ਼ਮ ਤੜਪ ਰਹੀ ਹੈ, ਰੋ ਰਹੀ ਹੈ। ਮਿੱਥੇ ਸਮੇਂ 'ਤੇ ਹਾਥੀ ਆ ਗਿਆ। ਆਦਿਲ ਖ਼ਾਨ ਨੂੰ ਬੰਨ੍ਹ ਕੇ ਲਿਆਂਦਾ। ਲੋਕਾਂ ਦੀ ਵੱਡੀ ਭੀੜ ਇਕੱਠੀ ਹੋ ਗਈ। ਹਿੰਦੂ, ਮੁਸਲਮਾਨ, ਬਜ਼ੁਰਗਾਂ ਨੇ ਵਿਚਕਾਰਲਾ ਰਾਹ ਕੱਢਣ ਦੇ ਉਪਰਾਲੇ ਆਰੰਭੇ। ਆਦਿਲ ਖ਼ਾਨ ਨੇ ਸਾਰਿਆਂ ਅੱਗੇ ਤਰਲੇ ਕੀਤੇ। ਉਸ ਦੀ ਪਤਨੀ ਨੇ ਰੋ-ਰੋ ਕੇ ਬੁਰਾ ਹਾਲ ਕਰ ਲਿਆ। ਸਬੰਧਤ ਨੌਜੁਆਨ ਤੇ ਉਸ ਦੀ ਪਤਨੀ ਭੀ ਬਹੁਤ ਪ੍ਰੇਸ਼ਾਨ। ਆਖ਼ਿਰ ਬਜ਼ੁਰਗਾਂ ਦੇ ਵਿੱਚ ਪੈਣ 'ਤੇ ਆਦਿਲ ਖ਼ਾਨ ਪੀੜਤ ਬੀਬੀ ਦੇ ਘਰ ਲਿਆਂਦਾ ਗਿਆ। ਭਰੇ ਇਕੱਠ ਵਿੱਚ ਆਪਣੀ ਦਸਤਾਰ ਉਸ ਦੇ ਚਰਨਾਂ 'ਤੇ ਰੱਖੀ, ਭੈਣ ਆਖ ਕੇ ਖ਼ਿਮਾ ਕਰਨ ਲਈ ਅਰਜ਼ ਕੀਤੀ। ਇਸ ਬੀਬੀ ਦੇ ਪਤੀ ਤੋਂ, ਸਾਰੇ ਪਰਿਵਾਰ ਤੋਂ ਅਤੇ ਨਾਲ ਆਏ ਬਜ਼ੁਰਗਾਂ ਤੋਂ ਮੁਆਫ਼ੀ ਮੰਗੀ। ਅੱਗੇ ਲਈ ਨੇਕ ਚਲਨੀ ਲਈ ਵਿਸ਼ਵਾਸ ਦੁਆਇਆ। ਉਪਰੰਤ ਸਾਰੇ ਇਕੱਠੇ ਹੋ ਕੇ ਬਾਦਸ਼ਾਹ ਕੋਲ ਗਏ। ਸਾਰੀ ਗੱਲਬਾਤ ਸੁਣਾਈ। ਸਾਰਿਆਂ ਦੀ ਸਹਿਮਤੀ ਲੈ ਕੇ ਸ਼ੇਰ ਸ਼ਾਹ ਨੇ ਆਪਣੇ ਪੁੱਤਰ ਨੂੰ ਨੇੜੇ ਆਉਣ ਦੀ ਇਜਾਜ਼ਤ ਦਿੱਤੀ। ਉਸ ਨੂੰ ਫਿਰ ਪਿਆਰ ਨਾਲ ਸਮਝਾਇਆ ਕਿ "ਪੁੱਤਰਾ! ਜੇ ਪਿਉ ਦੇਸ਼ ਦਾ ਰਾਜਾ ਹੋਵੇ ਤਾਂ ਪੁੱਤਰਾਂ ਨੂੰ ਚਾਹੀਦਾ ਹੈ ਕਿ ਉਹ ਆਮ ਇਨਸਾਨਾਂ ਨਾਲੋਂ ਭੀ ਜ਼ਿਆਦਾ ਨੇਕ ਤੇ ਵੱਧ ਨਿਮਰ ਸੁਭਾ ਵਾਲੇ ਹੋਣ। ਰਾਜ ਕਰਨ ਵਾਲੀ ਧਿਰ ਆਪਣੇ ਲੋਕਾਂ ਦੀ ਹਰ ਪੱਖੋਂ ਰੱਖਿਆ ਕਰਨ ਵਾਲੀ ਹੋਣੀ ਚਾਹੀਦੀ ਹੈ। ਜੇ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਫਿਰ ਖੇਤ ਉੱਜੜਿਆ ਹੀ ਸਮਝੋ। ਜੇਕਰ ਸਰਕਾਰਾਂ ਹੀ ਆਪਣੇ ਨਾਗਰਿਕਾਂ 'ਤੇ ਜ਼ੋਰ ਜਬਰ ਕਰਨ ਲੱਗ ਪੈਣ ਫਿਰ ਦੇਸ਼ ਬਰਬਾਦ ਹੋਇਆ ਹੀ ਸਮਝੋ। ਦੁਬਾਰਾ ਅਜਿਹੀ ਹਰਕਤ ਨਹੀਂ ਹੋਣੀ ਚਾਹੀਦੀ।"

ਤਾਲ ਮਦੀਰੇ ਘਟ ਕੇ ਘਾਟ ॥ ਦੋਲਕ ਦੁਨੀਆਂ ਵਾਜਹਿ ਵਾਜ ॥
ਨਾਰਦੁ ਨਾਚੈ ਕਲਿ ਕਾ ਭਾਉ ॥ ਜਤੀ ਸਤੀ ਕਹ ਰਾਖਹਿ ਪਾਉ ॥
ਨਾਨਕ ਨਾਮ ਵਿਟਹੁ ਕੁਰਬਾਣੁ ॥ ਅੰਧੀ ਦੁਨੀਆ ਸਾਹਿਬੁ ਜਾਣੁ ॥ ਰਹਾਉ ॥
ਗੁਰੂ ਪਾਸਹੁ ਫਿਰਿ ਚੇਲਾ ਖਾਇ ॥ ਤਾਮਿ ਪ੍ਰੀਤਿ ਵਸੈ ਘਰਿ ਆਇ ॥
ਜੇ ਸਉ ਵਰ੍ਹਿਆ ਜੀਵਣ ਖਾਣੁ ॥ ਖਸਮ ਪਛਾਣੈ ਸੋ ਦਿਨੁ ਪਰਵਾਣੁ ॥
ਦਰਸਨਿ ਦੇਖਿਐ ਦਇਆ ਨ ਹੋਇ ॥ ਲਏ ਦਿਤੇ ਵਿਣੁ ਰਹੈ ਨ ਕੋਇ ॥
ਰਾਜਾ ਨਿਆਉ ਕਰੇ ਹਥਿ ਹੋਇ ॥ ਕਹੈ ਖੁਦਾਇ ਨ ਮਾਨੈ ਕੋਇ ॥
ਮਾਣਸ ਮੂਰਤਿ ਨਾਨਕੁ ਨਾਮੁ ॥ ਕਰਣੀ ਕੁਤਾ ਦਰਿ ਫੁਰਮਾਨ ॥
ਗੁਰ ਪਰਸਾਦਿ ਜਾਣੈ ਮਿਹਮਾਨੁ ॥ ਤਾ ਕਿਛੁ ਦਰਗਹ ਪਾਵੈ ਮਾਨੁ ॥ (350)



ਬਦਲੇ ਦੀ ਅੱਗ

ਭਾਰਤ ਉਤੇ ਉੱਵ ਤਾਂ ਹਮਲੇ ਬਹੁਤ ਹੋਏ ਸਨ ਜੋ ਗਿਣਨੇ ਭੀ ਸੰਭਵ ਨਹੀਂ। ਪਹਿਲਾਂ ਤਬਾਹਕੁੰਨ ਹਮਲਾ ਪੰਜ ਹਜ਼ਾਰ ਸਾਲ ਪਹਿਲਾਂ ਆਰੀਅਨ ਧਾੜਵੀਆਂ ਨੇ ਕੀਤਾ ਸੀ। ਜਿਨ੍ਹਾਂ ਨੇ ਇਥੇ ਹੀ ਸਦਾ ਲਈ ਟਿਕਾਣਾ ਬਣਾ ਲਿਆ। ਭਾਰਤ ਦੇ ਅਸਲ ਵਸਨੀਕਾਂ ਨੂੰ ਪਹਿਲਾਂ ਜੰਗ ਵਿੱਚ ਮਾਰਿਆ। ਫਿਰ ਜਿਨ੍ਹਾਂ ਨੇ ਗ਼ੁਲਾਮੀ ਸਵੀਕਾਰ ਨਾ ਕੀਤੀ, ਉਨ੍ਹਾਂ ਨੂੰ ਕਤਲ ਕੀਤਾ। ਜਿਨ੍ਹਾਂ 'ਤੇ ਜ਼ਰਾ ਕੁ ਸ਼ੱਕ ਪਿਆ ਉਹ ਭੀ ਮਾਰ ਮੁਕਾਏ। ਹਰ ਰੋਜ਼ ਮੰਦਰਾਂ ਵਿੱਚੋਂ ਬ੍ਰਾਹਮਣ ਪੁਜਾਰੀਆਂ ਨੇ ਧੂੰਆਂਧਾਰ ਪ੍ਰਚਾਰ ਕੀਤਾ ਕਿ ਇਹ ਕਾਲੇ ਲੋਕ ਸ਼ੂਦਰ ਹਨ, ਰਾਖ਼ਸ਼ ਹਨ। ਪਾਪੀ ਹਨ, ਕਤਲ ਕਰ ਦਿਓ। ਸ਼ਹਿਰਾਂ ਵਿੱਚੋਂ ਬਾਹਰ ਕੱਢ ਦਿਓ। ਗ਼ੁਲਾਮਾਂ ਵਾਲੇ ਗੰਦੇ ਕੰਮ ਇਨ੍ਹਾਂ ਤੋਂ ਕਰਵਾਓ। ਹਰ ਤਰ੍ਹਾਂ ਦੀ ਜਾਇਦਾਦ ਤੋਂ ਵਾਂਝੇ ਕਰ ਦਿਓ। ਵਿੱਦਿਆ ਨਾ ਪੜ੍ਹਨ ਦਿਓ। ਇਨ੍ਹਾਂ ਲੋਕਾਂ ਨੂੰ ਕੁਚਲਣ ਵਾਸਤੇ ਮੰਨੂੰ ਸਿਮ੍ਰਤੀ ਨਾਮੀ "ਧਾਰਮਕ ਕਾਨੂੰਨ" ਤਿਆਰ ਕੀਤਾ। ਜੇ ਕਿਤੇ ਬ੍ਰਾਹਮਣੀ (ਆਰੀਅਨ) ਨਿਅਮਾਂ ਦੀ ਉਲੰਘਣਾ ਹੋ ਰਹੀ ਹੋਵੇ ਤਾਂ ਰਾਜ ਸ਼ਕਤੀ ਨਾਲ ਵਿਰੋਧ ਕਰਨ ਵਾਲਿਆਂ ਨੂੰ ਕੁਚਲ ਦਿੱਤਾ ਗਿਆ। ਵਿਰੋਧੀ ਖ਼ਤਮ ਹੋ ਗਏ, ਰਹਿੰਦੇ ਸ਼ਕਤੀਹੀਣ ਤੇ ਗਿਆਨਹੀਣ ਹੋ ਗਏ। ਖੱਤਰੀ ਅਤੇ ਬ੍ਰਾਹਮਣ ਨਸ਼ਈ ਤੇ ਅਯਾਸ਼ ਬਣਦੇ ਗਏ। ਮਹਿਲਾਂ ਵਿੱਚ, ਮੰਦਰਾਂ ਵਿੱਚ ਸ਼ਰਾਬ ਦੇ ਦੌਰ ਚੱਲਣ ਲੱਗ ਪਏ। ਹੁਸੀਨ ਪਰੀਆਂ ਦੇ ਨਾਚ ਹੋਣ ਲੱਗ ਪਏ। ਕ੍ਰਿਸ਼ਨ ਲੀਲਾਵਾਂ ਹੋਣ ਲੱਗ ਪਈਆਂ, ਜੂਆ ਖੇਲਿਆ ਜਾਣ ਲੱਗਾ।

ਅਜਿਹੀ ਐਸ਼ ਪ੍ਰਸਤੀ ਵਿੱਚ ਇੱਕ ਸੂਰਮਾ ਮੁਹੰਮਦ ਬਿਨ ਕਾਸਿਮ (ਜੋ ਬਸਰੇ ਦੇ ਬਾਦਸ਼ਾਹ ਹਜਾਜ ਦਾ ਸੈਨਾਪਤੀ ਸੀ) ਆਪਣੇ ਨਾਲ ਪੰਜ ਸੌ ਸਾਥੀਆਂ ਨੂੰ ਨਾਲ ਲੈ ਕੇ ਭਾਰਤ 'ਤੇ ਚੜ੍ਹ ਆਇਆ। ਉਸ ਦਾ ਰਸਤਾ ਰੋਕਣ ਦੀ ਹਿੰਮਤ ਕਿਸੇ ਵਿੱਚ ਨਹੀਂ ਸੀ। ਮੁਹੰਮਦ ਬਿਨ ਕਾਸਿਮ ਨੇ ਖ਼ਲੀਫ਼ਾ (ਧਰਮ ਗੁਰੂ) ਵਲੀਦ ਦੀ ਆਗਿਆ ਨਾਲ 21 ਜੂਨ ਸੰਨ 712 ਨੂੰ ਚੜ੍ਹਾਈ ਕਰ ਦਿੱਤੀ। ਇਸ ਨੇ ਅੱਗੇ ਵਧਦਿਆਂ ਸਿੰਧ ਵਿੱਚ ਦੇਵਲ ਦੇ ਰਾਜਾ ਦਾਹਿਰ ਨੂੰ ਜੰਗ ਵਿੱਚ ਕਰਾਰੀ ਭਾਂਜ ਦਿੱਤੀ। ਹਾਰੇ ਹੋਏ ਰਾਜੇ ਨੇ ਜਾਨ ਬਖ਼ਸ਼ੀ ਲਈ ਮਿੰਨਤਾਂ ਕੀਤੀਆਂ। ਸਭ ਕੁੱਝ ਲੁੱਟ ਕੇ ਲੈ ਜਾਣ ਦੀ ਬੇਨਤੀ ਕੀਤੀ। ਖ਼ੁਦ ਖ਼ਜ਼ਾਨਿਆਂ ਦੀਆਂ ਚਾਬੀਆਂ ਉਸ ਦੇ ਹਵਾਲੇ ਕੀਤੀਆਂ। ਮੁਹੰਮਦ ਬਿਨ ਕਾਸਿਮ ਨੇ ਸੋਨਾ, ਚਾਂਦੀ, ਹੀਰੇ ਆਦਿਕ ਸਭ ਖੱਚਰਾਂ ਅਤੇ ਊਠਾਂ 'ਤੇ ਲਦਵਾ ਲਏ। ਅਖ਼ੀਰ ਵਿੱਚ ਸੁੰਦਰ ਅਤੇ ਜੁਆਨ ਲੜਕੀਆਂ ਆਪਣੇ ਨਾਲ ਲੈ ਲਈਆਂ। ਰਾਜੇ ਦਾਹਿਰ ਦੀਆਂ ਅਤੀ ਸੁੰਦਰ ਦੋ ਲੜਕੀਆਂ ਨੂੰ ਨਾਲ ਚੱਲਣ ਦਾ ਹੁਕਮ ਸੁਣਾ ਦਿੱਤਾ। ਰਾਜਾ ਵਿਲਕਿਆ, ਤੜਪਿਆ, ਕਾਸਿਮ ਨੇ ਉਸ ਨੂੰ ਭੀ ਕਤਲ ਕਰ ਦਿੱਤਾ। ਬੇਅੰਤ ਧਨ-ਮਾਲ ਲੁੱਟ ਕੇ ਆਪਣੇ ਦੇਸ਼ ਵੱਲ ਪਰਤਿਆ।

ਬਹੁਤ ਲੰਮਾ ਸਫ਼ਰ ਮੁਕਾ ਕੇ ਕਾਸਿਮ ਆਪਣੇ ਦੇਸ਼ ਵਿੱਚ ਪਹੁੰਚ ਗਿਆ। ਇੱਕ ਰਾਤ

ਆਰਾਮ ਕਰ ਕੇ ਅਗਲੇ ਦਿਨ ਸਭ ਤੋਂ ਪਹਿਲਾਂ ਇਸ਼ਨਾਨ ਕਰਵਾ ਕੇ ਬਹੁਤ ਸੁੰਦਰ ਬਸਤਰ ਪਹਿਨਾ ਕੇ ਰਾਜੇ ਦਾਹਿਰ ਦੀਆਂ ਦੋਵੇਂ ਲੜਕੀਆਂ ਨੂੰ ਧਰਮ ਮੁਖੀ ਖ਼ਲੀਫ਼ਾ ਵਲੀਦ ਲਈ ਅਤੀ ਹੁਸੀਨ ਤੋਹਫ਼ਾ ਭੇਜ ਦਿੱਤਾ। ਸੇਵਾਦਾਰਾਂ ਨੇ ਪਾਲਕੀ ਵਿੱਚ ਬਿਠਾ ਕੇ ਦੋਵੇਂ ਲੜਕੀਆਂ ਨੂੰ ਖ਼ਲੀਫ਼ੇ ਅੱਗੇ ਜਾ ਭੇਟ ਕੀਤਾ। ਖ਼ਲੀਫ਼ੇ ਨੇ ਡੋਲੀ ਦਾ ਪੜਦਾ ਚੁੱਕਿਆ। ਫਿਰ ਦੋਹਾਂ ਦੇ ਚਿਹਰੇ ਤੋਂ ਘੁੰਡ ਹਟਾ ਕੇ ਹੁਸੀਨ ਚਿਹਰੇ ਵੇਖੇ ਤੇ ਵੇਖਦਾ ਹੀ ਰਹਿ ਗਿਆ। ਰੂਪ ਵੇਖ ਕੇ "ਸੁਭਾਨ ਅੱਲਾ-ਸੁਭਾਨ ਅੱਲਾ" ਕਹਿ ਉੱਠਿਆ। ਲੜਕੀਆਂ ਨੂੰ ਮੁਖ਼ਾਤਬ ਹੋ ਕੇ ਖ਼ਲੀਫ਼ੇ ਨੇ ਕਿਹਾ ਕਿ ਤੁਸੀਂ ਦੋਵੇਂ ਮੇਰੇ ਹਰਮ ਵਿੱਚ ਚਲੀਆਂ ਜਾਓ। ਦੋ ਮਹੀਨੇ ਤੱਕ ਤੁਹਾਨੂੰ ਆਰਾਮ ਕਰਨ ਅਤੇ ਸੋਚਣ-ਵਿਚਾਰਨ ਦਾ ਸਮਾਂ ਦਿੱਤਾ ਜਾਵੇਗਾ। ਤੁਹਾਡਾ ਤਨ ਅਤੇ ਮਨ ਸਾਧਾਰਨ ਹਾਲਤ ਵਿੱਚ ਆ ਜਾਵੇਗਾ। ਤੁਸੀਂ ਰਸਤੇ ਵਿੱਚ ਬਹੁਤ ਕਸ਼ਟ ਝੱਲੇ ਹੋਣਗੇ, ਆਰਾਮ ਜ਼ਰੂਰੀ ਹੈ। ਦੋ ਮਹੀਨਿਆਂ ਤੱਕ ਤੁਹਾਡੀ ਹਰ ਤਰ੍ਹਾਂ ਖ਼ਾਤਰਦਾਰੀ ਹੋਵੇਗੀ। ਉਸ ਤੋਂ ਮਗਰੋਂ ਸਾਡੀ ਮੁਲਾਕਾਤ ਹੋਵੇਗੀ। ਅਜਿਹੇ ਹੁਕਮ ਸੁਣਾ ਕੇ ਲੜਕੀਆਂ ਨੂੰ ਜਨਾਨਖ਼ਾਨੇ ਵੱਲ ਭੇਜ ਦਿੱਤਾ।

ਦੋ ਮਹੀਨਿਆਂ ਵਿੱਚ ਹਰਮ ਦੀਆਂ ਸੇਵਕ ਜ਼ਨਾਨੀਆਂ ਨੇ ਬਹੁਤ ਤਰ੍ਹਾਂ ਦੀ ਜਾਣਕਾਰੀ ਦਿੱਤੀ। ਮੁਸਲਮਾਨ ਧਰਮ ਬਾਰੇ। ਖ਼ਲੀਫ਼ੇ ਦੀ ਤਾਕਤ ਬਾਰੇ, ਔਰਤਾਂ ਪ੍ਰਤੀ ਇਸਲਾਮ ਦੇ ਰਵਈਏ ਬਾਰੇ ਸਭ ਦੱਸਿਆ। ਇੱਥੋਂ ਤੁਸੀਂ ਦੌੜ ਕੇ ਕਿਧਰੇ ਨਹੀਂ ਜਾ ਸਕਦੀਆਂ। ਜਾਂ ਤਾਂ ਆਪਣੇ ਆਪ ਨੂੰ ਨਵੇਂ ਹਾਲਾਤ ਮੁਤਾਬਕ ਢਾਲ ਲੈਣਾ ਜਾਂ ਆਤਮ ਹੱਤਿਆ ਕਰ ਲੈਣੀ, ਹੋਰ ਕੋਈ ਤੀਸਰਾ ਰਾਹ ਨਹੀਂ। ਇਨ੍ਹਾਂ ਅਮੀਰਾਂ ਦੇ ਹਰਮਾਂ ਵਿੱਚ ਬੰਦ ਅਸੀਂ ਭੀ ਤੁਹਾਡੇ ਵਾਂਗ ਹੀ ਕੋਈ ਕਿਤੋਂ, ਕੋਈ ਕਿਧਰੋਂ ਜਬਰੀ ਲਿਆਂਦੀਆਂ ਹੋਈਆਂ ਹਾਂ। ਹਉਕਿਆਂ, ਹੰਝੂਆਂ ਤੋਂ ਬਿਨਾਂ ਸਾਡੇ ਕੋਲ ਕੁੱਝ ਨਹੀਂ ਹੈ। ਇਨ੍ਹਾਂ ਬਘਿਆੜਾਂ ਨੂੰ ਸਾਡੇ 'ਤੇ ਕੋਈ ਤਰਸ ਨਹੀਂ। ਜਦੋਂ ਦਿਲ ਕਰੇ ਮਾਸ ਨੋਚ ਲੈਂਦੇ ਹਨ। ਕਿਧਰੇ ਦਾਦ-ਫ਼ਰਿਆਦ ਨਹੀਂ। ਖ਼ਬਰੇ ਸਾਡੀ ਕਿਸਮਤ ਵਿੱਚ ਇਸੇ ਤਰ੍ਹਾਂ ਲਿਖਿਆ ਹੋਇਆ ਹੈ? ਤੁਸੀਂ ਬਹੁਤ ਖ਼ੂਬਸੂਰਤ ਹੋ। ਰਾਜੇ ਦੀਆਂ ਬੇਟੀਆਂ ਹੋ ਪਰ ਇਥੇ ਖ਼ਲੀਫ਼ੇ ਦੇ ਪੈਰਾਂ ਦੀ ਖਾਕ ਬਣ ਕੇ ਰਹਿਣਾ ਪਵੇਗਾ। ਬੜਾ ਭਿਆਨਕ ਗੁੱਸਾ ਹੈ ਇਸ ਦਾ।

ਦੋ ਮਹੀਨੇ ਇਸੇ ਤਰ੍ਹਾਂ ਬੀਤ ਗਏ। ਦੋਵੇਂ ਲੜਕੀਆਂ ਮਿੱਥੇ ਦਿਨ 'ਤੇ ਖ਼ਲੀਫ਼ਾ ਵਲੀਦ ਕੋਲ ਲਿਆਂਦੀਆਂ ਗਈਆਂ। ਖ਼ਲੀਫ਼ੇ ਨੇ ਦੋਹਾਂ ਨੂੰ ਪਰਦਾ ਉਤਾਰ ਕੇ ਹਸਰਤ ਭਰੀਆਂ ਨਜ਼ਰਾਂ ਨਾਲ ਵੇਖਿਆ। ਬਹੁਤ ਸੁੰਦਰ-ਬਹੁਤ ਸੁੰਦਰ ਕਹਿ ਕੇ ਪ੍ਰਸੰਸਾ ਕੀਤੀ। ਆਖਣ ਲੱਗਾ- "ਅੱਜ ਰਾਤ ਨੂੰ ਤੁਸੀਂ ਦੋਵਾਂ ਨੇ ਮੇਰੇ ਬੈੱਡਰੂਮ ਵਿੱਚ ਰਾਤ ਗੁਜ਼ਾਰਨੀ ਹੈ। ਜੇ ਮੈਨੂੰ ਖ਼ੁਸ਼ ਕਰੋਗੀਆਂ ਤਾਂ ਕਿਸੇ ਚੀਜ਼ ਦਾ ਘਾਟਾ ਨਹੀਂ ਰਹਿਣ ਦਿਆਂਗਾ। ਸਮਝੋ ਤੁਸੀਂ ਮੇਰੀਆਂ ਬੇਗਮਾਂ ਹੋ। ਉਸ ਤੋਂ ਪਹਿਲਾਂ ਮੌਲਵੀ ਆ ਕੇ ਨਿਕਾਹ ਦੀ ਰਸਮ ਪੂਰੀ ਕਰੇਗਾ। ਤੁਸੀਂ ਇਨਕਾਰ ਨਹੀਂ ਕਰਨੀ ਪਰ ਹਾਂ ਤੁਹਾਡਾ ਨਾਂ ਕੀ-ਕੀ ਹੈ?" "ਜੀ ਵੱਡੀ ਗਿਰਪਾਲ ਦੇਵੀ ਤੇ ਛੋਟੀ ਸੂਰਜ ਦੇਵੀ।" ਦਿਨੇ ਜ਼ਰੂਰੀ ਰਸਮਾਂ ਪੂਰੀਆਂ ਕਰ ਕੇ ਦੋਵਾਂ ਲੜਕੀਆਂ ਨੂੰ ਖ਼ਲੀਫ਼ੇ ਨੇ ਨਿੱਜੀ ਜ਼ਨਾਨਖ਼ਾਨੇ ਵਿੱਚ ਭੇਜ ਦਿੱਤੀਆਂ। ਰਾਤੀ "ਧਾਰਮਕ ਸੇਵਾਵਾਂ" ਸਮਾਪਤ ਕਰ

ਕੇ ਖ਼ਲੀਫ਼ਾ ਨਵੇਂ ਉਤਸ਼ਾਹ ਨਾਲ ਆਪਣੇ ਹਰਮ ਵਿੱਚ ਦਾਖ਼ਲ ਹੋਇਆ ਤਾਂ ਦੋਵਾਂ ਲੜਕੀਆਂ ਨੇ ਖੜੀਆਂ ਹੋ ਕੇ ਸੁਆਗਤ ਕੀਤਾ ਤੇ ਖ਼ਲੀਫ਼ੇ ਤੋਂ ਦੂਰ ਹੋ ਕੇ ਖਲੋ ਗਈਆਂ। ਖ਼ਲੀਫ਼ੇ ਨੇ ਬੜੀ "ਅਪਣੱਤ" ਨਾਲ ਕਿਹਾ ਕਿ "ਡਰੋ ਨਾ, ਆਓ ਮੇਰੇ ਨਾਲ ਇਸ ਪਲੰਘ 'ਤੇ ਬੈਠੋ। ਇੰਤਜ਼ਾਰ ਦੀਆਂ ਘੜੀਆਂ ਖ਼ਤਮ, ਦੂਰੀਆਂ ਖ਼ਤਮ। ਆਓ-ਆਓ ਬੈਠੋ।"

ਗਿਰਪਾਲ ਦੇਵੀ ਨੇ ਨਿਮਰਤਾ ਨਾਲ ਆਖਿਆ, "ਮਹਾਰਾਜ ਖ਼ਿਮਾ ਕਰਨਾ, ਅਸੀਂ ਤੁਹਾਡੇ ਲਾਇਕ ਨਹੀਂ ਹਾਂ। ਤੁਸੀਂ ਬਹੁਤ ਮਹਾਨ "ਧਾਰਮਕ" ਸ਼ਖ਼ਸੀਅਤ ਹੋ। ਅਸੀਂ ਦੋਵੇਂ ਪਤਿੱਤ ਹਾਂ। ਗੰਦੀਆਂ-ਗ਼ਲੀਜ਼ ਤੁਹਾਡੇ ਕੋਲ ਕਿਵੇਂ ਆ ਸਕਦੀਆਂ ਹਾਂ ?"

ਖ਼ਲੀਫ਼ਾ- "ਪਰ ਤੁਸੀਂ ਗ਼ਲੀਜ਼ ਕਿਵੇਂ ਹੋ ਗਈਆਂ ? ਤੁਸੀਂ ਤਾਂ ਕੁਆਰੀਆਂ ਹੋ ?"

ਗਿਰਪਾਲ ਦੇਵੀ- "ਪਿਤਾ ਦੇ ਘਰ ਅਸੀਂ ਕੁਆਰੀਆਂ ਸੀ ਪਰ ਤੁਹਾਡੇ ਵੱਲੋਂ ਭੇਜੇ ਸੈਨਾਪਤੀ ਕਾਸਿਮ ਨੇ ਤਿੰਨ ਰਾਤਾਂ ਸਾਡੇ ਨਾਲ ਬਿਤਾਈਆਂ ਹਨ। ਆਪਣੀ ਹਵਸ ਪੂਰੀ ਕਰ ਕੇ ਉਸ ਨੇ ਸਾਨੂੰ ਤੁਹਾਡੇ ਕੋਲ ਭੇਜਿਆ ਹੈ। ਇਸੇ ਕਾਰਨ ਅਸੀਂ ਅਰਜ ਕੀਤੀ ਹੈ ਕਿ ਅਸੀਂ ਗ਼ਲੀਜ਼ ਹਾਂ, ਤੁਸੀਂ ਪਵਿੱਤਰ ਹੋ। ਅੱਗੇ ਜਿਵੇਂ ਚਾਹੇ ਕਰ ਸਕਦੇ ਹੋ, ਸਾਡਾ ਕੋਈ ਉਜ਼ਰ ਨਹੀਂ ਹੈ।" ਖ਼ਲੀਫ਼ੇ ਦੇ ਤਨ ਬਦਨ ਨੂੰ ਮਾਨੋ ਅੱਗ ਲੱਗ ਗਈ। "ਹੈਂ, ਅਜਿਹਾ ਨੀਚ ਕਰਮ ਕਰ ਕੇ ਇਨ੍ਹਾਂ ਲੜਕੀਆਂ ਨੂੰ ਮੇਰੇ ਕੋਲ ਭੇਜਣ ਦੀ ਕਾਸਿਮ ਦੀ ਹਿੰਮਤ ਕਿਵੇਂ ਪਈ ? ਇਤਨਾ ਕਮੀਨਾ... ?" ਸਾਰੀ ਰਾਤ ਖ਼ਲੀਫ਼ੇ ਦੀ ਗੁੱਸੇ ਵਿੱਚ ਉਬਲਦੇ ਦੀ "ਅਜ਼ਾਈਂ" ਚਲੀ ਗਈ। ਦੋਵੇਂ ਲੜਕੀਆਂ, ਦੂਜੇ ਕਮਰੇ ਵਿੱਚ ਭੇਜ ਦਿੱਤੀਆਂ। ਸਵੇਰਾ ਹੁੰਦਿਆਂ ਹੀ ਖ਼ਲੀਫ਼ਾ ਵਲੀਦ ਨੇ ਆਪਣੇ ਖ਼ਾਸ ਇਤਬਾਰੀ ਸੇਵਕ ਭੇਜ ਕੇ ਸੈਨਾਪਤੀ ਕਾਸਿਮ ਨੂੰ ਬੁਲਾ ਲਿਆ। ਕਾਸਿਮ ਬੜੀ ਅਧੀਨਗੀ ਵਿੱਚ ਬਾਹਰ ਖ਼ਲੀਫ਼ੇ ਨੂੰ ਉਡੀਕ ਰਿਹਾ ਸੀ। ਖ਼ਲੀਫ਼ੇ ਦੀ ਖ਼ਾਸ ਇਤਬਾਰੀ ਸੈਨਿਕ ਟੁਕੜੀ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਚੰਗੀ ਤਰ੍ਹਾਂ ਜਕੜ ਕੇ "ਧਾਰਮਕ ਮੁਖੀ" ਅੱਗੇ ਪੇਸ਼ ਕੀਤਾ ਗਿਆ। ਖ਼ਲੀਫ਼ਾ ਬਾਹਰ ਆਇਆ, ਗੁੱਸੇ ਵਿੱਚ ਉਬਲਦੇ ਨੇ ਕਾਸਿਮ ਲਈ ਪਹਿਲਾਂ ਕੋਰੜਿਆਂ ਦੀ ਸਜ਼ਾ ਸੁਣਾਈ। ਇਸ ਤਰ੍ਹਾਂ ਮਰਿਆਂ ਵਰਗਾ ਹੋਣ 'ਤੇ ਗਾਂ ਦੀ ਖੱਲ ਵਿੱਚ ਮੜ੍ਹ ਦਿੱਤਾ। ਉਤੋਂ ਹੋਰ ਮਾਰ ਕੁੱਟ ਕੀਤੀ ਗਈ। ਸਵੇਰੇ ਤੋਂ ਸ਼ਾਮ ਤੱਕ ਤੜਪਾ-ਤੜਪਾ ਕੇ ਕਾਸਿਮ ਨੂੰ ਕੀਤੇ "ਪਾਪ" ਦੀ ਸਜ਼ਾ ਦਿੱਤੀ। ਸ਼ਾਮ ਤੱਕ ਉਹ ਦਮ ਤੋੜ ਗਿਆ।

ਸਾਰਾ "ਧਾਰਮਕ ਨਾਟਕ" ਖ਼ਤਮ ਕਰਨ ਤੋਂ ਬਾਅਦ ਖ਼ਲੀਫ਼ਾ ਦੋਵਾਂ ਲੜਕੀਆਂ ਕੋਲ ਗਿਆ। ਉਨ੍ਹਾਂ ਨੂੰ ਖ਼ੁਸ਼ ਕਰਨ ਵਾਸਤੇ ਸਾਰੀ ਹੋਈ ਬੀਤੀ ਸੁਣਾਈ। ਗਿਰਪਾਲ ਦੇਵੀ ਸਿਰ ਝੁਕਾ ਕੇ ਬੋਲੀ, "ਮਹਾਰਾਜ ਤੁਸੀਂ ਬਹੁਤ ਸ਼ਕਤੀਵਾਨ ਹੋ। ਭਾਰਤ ਦੇ ਰਾਜਿਆਂ ਨੂੰ ਢੇਰ ਕਰ ਦੇਣ ਵਾਲੇ, ਕਰੋੜਾਂ ਰੁਪਿਆ ਲੁੱਟ ਕੇ ਲਿਆਉਣ ਵਾਲੇ ਬਲਵਾਨ ਸੈਨਾਪਤੀ ਨੂੰ ਭੀ ਤੁਸੀਂ ਕਠੋਰ ਸਜ਼ਾ ਦੇ ਸਕਦੇ ਹੋ, ਕਤਲ ਕਰਵਾ ਸਕਦੇ ਹੋ ਪਰ ਖ਼ਿਮਾ ਕਰਨਾ ਤੁਸੀਂ ਇੱਕ ਮਹਾਨ "ਧਰਮ ਮੁਖੀ" ਖ਼ਲੀਫ਼ਾ ਹੋ। ਕੋਈ ਫ਼ੈਸਲਾ ਜਲਦਬਾਜ਼ੀ ਵਿੱਚ ਨਾ ਕਰਿਆ ਕਰੋ। ਇਸ ਤਰ੍ਹਾਂ ਜੋਸ਼ ਵਿੱਚ ਕੀਤੇ ਫ਼ੈਸਲੇ ਕਈ ਵਾਰੀ ਗ਼ਲਤ ਹੋ ਜਾਇਆ ਕਰਦੇ ਹਨ।"

ਖ਼ਲੀਫ਼ਾ- "ਕੀ ਮਤਲਬ ਹੈ ਤੁਹਾਡਾ ? ਮੈਂ ਕੀ ਗ਼ਲਤੀ ਕੀਤੀ ਹੈ ?"

ਗਿਰਪਾਲ ਦੇਵੀ- "ਖ਼ਲੀਫ਼ਾ ਜੀ! ਕਾਸਿਮ ਨੇ ਸਾਡਾ ਖ਼ਜ਼ਾਨਾ ਲੁੱਟਿਆ। ਸਾਡਾ ਰਾਜ ਮਿੱਟੀ ਵਿੱਚ ਮਿਲਾ ਦਿੱਤਾ। ਮੇਰੀਆਂ ਅੱਖਾਂ ਦੇ ਸਾਹਮਣੇ ਮੇਰੇ ਪਿਤਾ ਨੂੰ ਕਤਲ ਕੀਤਾ। ਸਾਨੂੰ ਉਥੋਂ ਜ਼ਬਰਦਸਤੀ ਇਧਰ ਲੈ ਆਇਆ। ਸਾਡੇ ਨਾਲ ਉਸ ਨੇ ਕੋਈ ਸਰੀਰਕ ਸਬੰਧ ਨਹੀਂ ਕੀਤਾ। ਅਸੀਂ ਆਪਣੇ ਰਾਜ, ਆਪਣੇ ਪਿਤਾ ਅਤੇ ਆਪਣੇ ਨਾਲ ਹੋਏ ਜ਼ੁਲਮ ਦਾ ਬਦਲਾ ਲਿਆ ਹੈ। ਤੁਹਾਨੂੰ ਅਜਿਹਾ ਸੈਨਾਪਤੀ ਛੇਤੀ ਕੀਤੇ ਨਹੀਂ ਮਿਲੇਗਾ। ਹੁਣ ਸਾਡੇ ਨਾਲ ਜੋ ਮਰਜ਼ੀ ਸਲੂਕ ਕਰੋ। ਭਾਵੇਂ ਕਤਲ ਕਰੋ, ਭਾਵੇਂ ਬੇਗ਼ਮਾਂ ਬਣਾਓ ਪਰ ਜਲਦਬਾਜ਼ੀ ਵਿੱਚ ਕੋਈ ਫ਼ੈਸਲਾ ਨਾ ਕਰਿਆ ਕਰੋ। ਤੁਸੀਂ "ਧਰਮੀ ਪੁਰਖ" ਹੋ। ਧਾਰਮਕ ਇਨਸਾਨ ਠਰ੍ਹੰਮੇ ਵਾਲਾ ਹੋਇਆ ਕਰਦਾ ਹੈ।"

ਖ਼ਲੀਫ਼ਾ ਵਲੀਦ ਚਿਲਾਇਆ, ਚੀਖਿਆ, ਤੜਪਿਆ, ਪਸੀਨੇ ਨਾਲ ਤਰ-ਬ-ਤਰ ਹੋ ਗਿਆ। ਆਪਣਾ ਸਿਰ ਪਟਕਿਆ। ਬਾਰ-ਬਾਰ "ਯਾ ਖ਼ੁਦਾ, ਯਾ ਅੱਲਾ, ਇਹ ਮੈਥੋਂ ਕੀ ਹੋ ਗਿਆ?" ਮੈਨੂੰ ਮੁਆਫ਼ ਕਰ ਦੇਣਾ।" ਉਸੇ ਤਰ੍ਹਾਂ ਗੁੱਸੇ ਵਿੱਚ ਤੜਪਦੇ ਨੇ ਸੇਵਕਾਂ ਨੂੰ ਹੁਕਮ ਦੇ ਦਿੱਤਾ ਕਿ ਇਨ੍ਹਾਂ ਦੋਵਾਂ ਕਾਫ਼ਰ ਕੁੜੀਆਂ ਨੂੰ ਘੋੜਿਆਂ ਦੇ ਪਿੱਛੇ ਬੰਨ੍ਹ ਕੇ ਘਸੀਟਿਆ ਜਾਵੇ। ਜਿਤਨੀ ਦੇਰ ਇਨ੍ਹਾਂ ਦੀ ਜਾਨ ਨਹੀਂ ਨਿਕਲ ਜਾਂਦੀ। ਇਵੇਂ ਹੀ "ਧਰਮੀ ਪੁਰਖ" ਦਾ ਹੁਕਮ ਮੰਨ ਕੇ ਦੋਵਾਂ ਲੜਕੀਆਂ ਨੂੰ ਘਸੀਟ-ਘਸੀਟ ਕੇ ਮਾਰ ਦਿੱਤਾ ਗਿਆ। ਕਿੰਨੀਆਂ ਦਲੇਰ ਸਨ, ਕਿੰਨੀਆਂ ਠਰ੍ਹੰਮੇ ਵਾਲੀਆਂ ਸਨ ਉਹ ਦੋਵੇਂ ਲੜਕੀਆਂ। ਆਪਣੇ ਸਬਰ ਅਤੇ ਸਿਆਣਪ ਨਾਲ ਵੱਡੇ ਜਰਨੈਲ ਅਤੇ ਖ਼ਲੀਫ਼ੇ ਨੂੰ ਘੱਟੇ ਰੋਲ ਦਿੱਤਾ। ਨਮਸਕਾਰ ਹੈ, ਬੀਬੀ ਗਿਰਪਾਲ ਦੇਵੀ ਅਤੇ ਸੂਰਜ ਦੇਵੀ ਨੂੰ।

(ਹਵਾਲਾ-ਸਪੋਕਸਮੈਨ, 6-10-2010, ਵਾਸਦੇਵ ਸਿੰਘ)

ਹੋਵਤ ਹੈਰਾਨੀ ਪਸੇਮਾਨੀ ਮਨ ਭੀਤਰ ਯਹ,
ਸਬਲਾ ਕੋ ਨਾਮ ਲੋਗ ਅਬਲਾ ਧਰਤ ਹੈ।
ਬੜੇ ਬੜੇ ਪੰਡਿਤ ਔ ਗੁਨੀ ਵਿਦਵਾਨ ਜਨ,
ਅਨਥਾ ਬਚਨ ਬੋਲ ਪਾਪ ਕੋ ਕਰਤ ਹੈ।
ਮਹਾਂ ਸੂਰਬੀਰ ਨਰ ਰਣ ਕੇ ਜਿਤਯਾ ਭਾਰੇ,
ਕੋਟਨ ਕੇ ਆਗੇ ਸਨਮੁਖ ਹੋਇ ਲਰਤ ਹੈ।
ਕਹਤ ਪਯੂਖ ਕਵੀ ਦੇਖੇ ਹਮ ਲਾਖੇਂ ਬੀਰ,
ਨਾਰੀ ਸ਼ੇਰ ਆਗੈ ਸਭ ਜੰਬਕ ਡਰਤ ਹੈ।

(ਕਵੀ ਪਿਊਖ- ਦਸਮੇਸ਼ ਜੀ ਦਾ ਦਰਬਾਰੀ ਕਵੀ)

ਅਨੋਖੀ ਅਰਦਾਸ

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋ ਜਾਣ 'ਤੇ ਸਿੱਖ ਜ਼ਮੀਨਾਂ ਦੇ ਮਾਲਕ ਬਣ ਗਏ। ਰੋਜ਼ਾਨਾ ਦੀ ਮਾਰਕਾਟ, ਉਜਾੜਾ ਤੇ ਹਫੜਾ-ਦਫੜੀ ਵਾਲੀ ਕਠੋਰ ਜ਼ਿੰਦਗੀ ਵਿੱਚ ਟਿਕਾਓ ਆਇਆ। "ਆਪਣਾ ਰਾਜ" ਹੋਣ ਦੀ ਹਰ ਇੱਕ ਨੂੰ ਖ਼ੁਸ਼ੀ ਸੀ। ਰਾਜ ਦਰਬਾਰ ਤੱਕ ਸਾਰਿਆਂ ਦੀ ਪਹੁੰਚ ਨਹੀਂ ਹੋਇਆ ਕਰਦੀ। ਨਾ ਹੀ ਸਾਰਿਆਂ ਨੂੰ ਸਰਕਾਰਾਂ ਤੱਕ ਕੋਈ ਖ਼ਾਸ ਕੰਮ ਹੋਇਆ ਕਰਦਾ ਹੈ। ਜੰਗ ਦੀਆਂ ਮੁਸੀਬਤਾਂ ਵਿੱਚ ਤਾਂ ਜਾਨ ਬਚਾਉਣ ਦਾ ਹੀ ਸਭ ਤੋਂ ਜ਼ਿਆਦਾ ਫ਼ਿਕਰ ਹੋਇਆ ਕਰਦਾ ਹੈ। ਜੇਕਰ ਜਾਨ ਮਹਿਫ਼ੂਜ਼ ਹੋਵੇਗੀ ਤਾਂ ਹੀ ਕੋਈ ਕੰਮ ਕਰ ਸਕਾਂਗੇ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖਾਂ ਲਈ ਹੀ ਨਹੀਂ ਸਗੋਂ ਹਿੰਦੂਆਂ ਅਤੇ ਮੁਸਲਮਾਨਾਂ ਲਈ ਭੀ ਅਮਨ ਸਥਾਪਤ ਕੀਤਾ। ਸਾਰੇ ਭਾਰਤੀਆਂ ਲਈ ਟਿਕਾਓ ਵਾਲਾ ਮਾਹੌਲ ਮੁਹੱਈਆ ਕਰਵਾਇਆ। ਨਾਲ ਹੀ ਹਰ ਇੱਕ ਨਾਗਰਿਕ ਨੂੰ ਧਾਰਮਿਕ ਆਜ਼ਾਦੀ ਦਿੱਤੀ। ਬਗ਼ੈਰ ਕਿਸੇ ਭਿੰਨ-ਭੇਦ ਤੋਂ ਗੁਰਦਵਾਰਿਆਂ, ਮੰਦਰਾਂ ਅਤੇ ਮਸੀਤਾਂ ਨੂੰ ਮਾਲੀ ਮਦਦ ਦਿੱਤੀ। ਇਸ ਤਰ੍ਹਾਂ ਨਵੇਂ ਗੁਰਦਵਾਰੇ ਉਸਾਰੇ ਜਾਣ ਲੱਗੇ। ਗੁਰਦਵਾਰਿਆਂ ਦੇ ਖ਼ਰਚੇ ਚਲਾਉਣ ਵਾਸਤੇ ਮਾ. ਰਣਜੀਤ ਸਿੰਘ ਅਤੇ ਹੋਰ ਸ਼ਰਧਾਲੂ ਵਿਅਕਤੀਆਂ ਨੇ ਜੋ ਜ਼ਮੀਨਾਂ ਅਰਪਣ ਕੀਤੀਆਂ ਸਨ, ਉਹ ਨਿੱਜੀ ਜਾਇਦਾਦਾਂ ਬਣਨ ਲੱਗੀਆਂ। ਧਰਮ ਕਾਰਜਾਂ ਲਈ ਦਿੱਤਾ ਗਿਆ ਪੈਸਾ ਆਪਣੀਆਂ ਇੱਛਾਵਾਂ ਵਾਸਤੇ ਰੋਹੜਿਆ ਜਾਣ ਲੱਗ ਪਿਆ। ਗੁਰਦਵਾਰਿਆਂ ਦੀ ਗਿਣਤੀ ਤੇਜ਼ੀ ਨਾਲ ਵੱਧਣ ਲੱਗੀ। ਕਬਜ਼ੇ ਕਰਨ ਲਈ ਝਗੜੇ ਹੋਣ ਲੱਗੇ। ਪਰਿਵਾਰਕ ਜਕੜ ਵਿੱਚ ਆਉਣ ਕਰ ਕੇ ਗੁਰਦਵਾਰਿਆਂ ਦੀਆਂ ਜ਼ਮੀਨਾਂ ਖ਼ੁਰਦ-ਬੁਰਦ ਹੋਣ ਲੱਗੀਆਂ।

"ਗੁਰਮਤਿ ਦੇ ਬਹੁਮੁੱਲੇ ਇਤਿਹਾਸਕ ਲੇਖ" ਨਾਮੀ ਕਿਤਾਬ ਸੰਨ 1912 ਵਿੱਚ ਭਾਈ ਕਰਮ ਸਿੰਘ ਹਿਸਟੋਰੀਅਨ ਨੇ ਛਪਵਾਈ ਸੀ। ਇਸ ਪੁਸਤਕ ਵਿੱਚ ਅਤਿਅੰਤ ਕੀਮਤੀ ਲੇਖ ਹਨ ਜੋ ਉਸ ਵਕਤ ਦੇ ਚੋਟੀ ਦੇ ਵਿਦਵਾਨਾਂ ਵੱਲੋਂ ਲਿਖਵਾਏ ਗਏ ਸਨ। ਇੱਕ ਲੇਖ ਬੀਬੀ ਜਸਵੰਤ ਕੌਰ ਜੀ ਦਾ ਹੈ ਜੋ ਮਨ ਨੂੰ ਚੰਗੀ ਠੋਹਕਰ ਮਾਰਦਾ ਹੈ। ਅੱਜ ਦੇ ਹਾਲਾਤ 'ਤੇ ਪੂਰਾ ਢੁੱਕਦਾ ਹੈ। ਅੱਜ ਵਾਲੇ ਗੁਰਦਵਾਰਾ ਪ੍ਰਬੰਧਕ ਕਿੰਨੇ ਨਿੱਘਰ ਗਏ ਹਨ। ਕਾਰ ਸੇਵਾ ਦੇ ਨਾਮ 'ਤੇ ਸਿੱਖ ਸ਼ਰਧਾਲੂਆਂ ਦਾ ਕਿੰਨਾ ਪੈਸਾ ਲੁੱਟਿਆ ਜਾ ਚੁੱਕਿਆ ਹੈ। ਕਿੰਨੇ ਸਾਰੇ ਇਤਿਹਾਸਕ ਸਥਾਨ ਅਤੇ ਨਿਸ਼ਾਨੀਆਂ ਬਰਬਾਦ ਕਰ ਦਿੱਤੀਆਂ ਗਈਆਂ ਹਨ, ਕੋਈ ਅੰਤ ਪਾਰਾਵਾਰ ਨਹੀਂ ਹੈ। ਹੋਰ ਕੀਮਤੀ ਵਿਚਾਰਾਂ ਦੇ ਨਾਲ ਲੇਖ ਵਿੱਚ ਇੱਕ ਗੁਰਸਿੱਖ ਭਾਈ ਦਿਆਲ ਸਿੰਘ ਦੀ ਸੇਵਾ ਭਾਵਨਾ ਪੇਸ਼ ਕੀਤੀ ਗਈ ਹੈ ਜਿਸ ਦਾ ਸੰਖੇਪ ਸਾਰ ਕੁੱਝ ਇਸ ਤਰ੍ਹਾਂ ਹੈ- ਚਮਕੌਰ ਵਿੱਚ ਹੋਈ ਜੰਗ ਆਪਣੇ ਆਪ ਵਿੱਚ ਬੇ-ਮਿਸਾਲ ਬਹਾਦਰੀ ਦੀ ਗਾਥਾ ਹੈ। ਇਤਨੇ ਘੱਟ ਸਾਧਨਾਂ ਦੁਆਰਾ, ਇੰਨੇ ਥੋੜ੍ਹੇ ਵਿਅਕਤੀਆਂ ਵੱਲੋਂ ਭਾਰਤ ਦੀ ਸਭ ਤੋਂ ਵੱਡੀ ਸ਼ਕਤੀਸ਼ਾਲੀ ਫ਼ੌਜ ਨਾਲ ਲੜੀ ਗਈ ਜੰਗ ਸੂਰਮਗਤੀ ਦੀ

ਸਿਖਰ ਹੈ। ਸਾਰੇ ਸਾਧਨਾਂ ਨਾਲ ਪਰਭੂਰ, ਅਣਗਿਣਤ ਫ਼ੌਜਾਂ, ਉੱਤਰੀ ਭਾਰਤ ਦੇ ਸਾਰੇ ਸਿਰ ਕੱਢਵੇਂ ਫ਼ੌਜੀ ਕਮਾਂਡਰ ਇਸ ਜੰਗ ਵਿੱਚ ਸ਼ਾਮਲ ਹੋਏ। ਲੰਮੇ ਸਮੇਂ ਤੋਂ ਆਨੰਦਪੁਰ ਵਿੱਚ ਜੰਗ ਲੜਦਿਆਂ ਸਿੱਖਾਂ ਕੋਲ ਖੁਰਾਕ ਦੀ ਕਮੀ ਪੈ ਗਈ। ਗੋਲੀ-ਬਾਰੂਦ ਦੀ ਘਾਟ ਪੈ ਗਈ। ਬਿਮਾਰੀਆਂ ਨੇ ਹਾਲੋਂ ਬੇਹਾਲ ਕਰ ਦਿੱਤੇ। ਪਾਣੀ ਤੱਕ ਅੰਦਰ ਨਾ ਆਉਣ ਦਿੱਤਾ। ਫਿਰ ਭੀ ਅੱਠ ਮਹੀਨੇ ਜੰਗ ਲੜਦੇ ਰਹੇ। ਉਨ੍ਹਾਂ ਵਿੱਚੋਂ ਹੀ ਬਚ ਕੇ ਆਏ ਸਿੱਖਾਂ ਨੇ ਇਸ ਕੱਚੀ ਹਵੇਲੀ ਵਿੱਚ ਜੰਗ ਲੜਨ ਲਈ ਉਤਾਰੇ ਆਣ ਕੀਤੇ। ਜੋਗੀ ਅੱਲਾ ਯਾਰ ਖ਼ਾਂ ਬਹੁਤ ਭਾਵ ਪੂਰਤ ਲਿਖਦਾ ਹੈ-

ਜਿਸ ਦਮ ਹੂਏ ਚਮਕੌਰ ਮੇਂ ਸਿਘੋਂ ਕੇ ਉਤਾਰੇ। ਝੁਲਾਏ ਹੂਏ ਸ਼ੇਰ ਸਭ ਗੈਜ ਕੇ ਮਾਰੇ।
ਆਂਖੋਂ ਸੇ ਨਿਕਲ ਰਹੇ ਥੇ ਦਲੇਰੋਂ ਕੇ ਸ਼ਰਾਰੇ। ਸਤਿਗੁਰ ਕੇ ਸਿਵਾ ਔਰ ਗਜਬਨਾਕ ਥੇ ਸਾਰੇ।
ਕਹਤੇ ਥੇ ਹਮੇ ਇਜਾਜੇਤ ਨਹੀ ਹੈ ਰਣ ਕੀ। ਮਿੱਟੀ ਤਕ ਉੜਾ ਸਕਤੇ ਹੈਂ ਦੁਸਮਨ ਕੇ ਚਮਨ ਕੀ।

ਗੁਰੂ ਗੋਬਿੰਦ ਸਿਘ ਜੀ ਬਾਰੇ ਕਵੀ ਲਿਖਦਾ ਹੈ-

ਜਿਸ ਰਣ ਮੇਂ ਲੜਾ ਥੇ ਸਰੋ ਸਮਾਨ ਲੜਾ ਤੂੰ। ਸੌ ਸਿਘ ਲੀਏ ਔਰ ਲਾਖੇ ਪੇ ਜਾ ਪੜਾ ਤੂੰ।

ਚਮਕੌਰ ਵਿਖੇ ਜੋ ਬਾਗ਼ ਸੀ, ਉਹ ਰਾਏ ਜਗਤ ਸਿਘ ਦਾ ਸੀ। ਉਸ ਨੇ ਆਪਣਾ ਬਾਗ਼ ਅਤੇ ਹਵੇਲੀ ਗੁਰੂ ਸਾਹਿਬ ਜੀ ਨੂੰ ਦੇਣ ਤੋਂ ਨਾਂਹ ਕਰ ਦਿੱਤੀ। ਇਸ ਦਾ ਦੂਜਾ ਭਾਈ ਰੂਪ ਚੰਦ ਸੀ। ਉਸ ਨੇ ਕੁੱਝ ਮੋਹਰਾਂ ਲੈ ਕੇ ਆਪਣੇ ਹਿੱਸੇ ਦੀ ਗੜ੍ਹੀ ਤੇ ਬਾਗ਼ ਗੁਰੂ ਜੀ ਨੂੰ ਦੇ ਦਿੱਤਾ। ਇਸ ਅਪਮਾਨ ਵਾਲੇ ਕੰਮ ਕਰ ਕੇ ਜਗਤ ਸਿਘ ਦਾ ਖ਼ਾਨਦਾਨ "ਖ਼ਤਮ" ਹੋ ਗਿਆ। ਉਸ ਦੀ ਔਲਾਦ ਨੇ ਆਪਣੇ ਵਡਿੱਕੇ ਜਗਤ ਸਿਘ ਦਾ ਨਾਮ ਤਿਆਗ ਦਿੱਤਾ। ਰੂਪ ਚੰਦ ਨੇ ਭਾਵੇਂ ਰੁਪਏ ਲੈ ਕੇ ਹੀ ਸਹੀ ਪਰ ਹਵੇਲੀ ਤੇ ਬਾਗ਼ ਦੇ ਦਿੱਤਾ। ਇਸ ਮਾਣ ਵਾਲੀ ਘਟਨਾ ਕਾਰਨ ਅੱਜ ਬਹੁ ਗਿਣਤੀ ਲੋਕ ਆਪਣੇ ਆਪ ਨੂੰ ਭਾਈ ਰੂਪ ਚੰਦ ਦੀ ਸੰਤਾਨ ਦਸਦੇ ਹਨ। ਜਗਤ ਸਿਘ ਸਦਾ ਵਾਸਤੇ ਮਰ ਗਿਆ। ਰੂਪ ਚੰਦ ਸਦਾ ਲਈ ਅਮਰ ਹੋ ਗਿਆ। ਇਸ ਜੰਗ ਵਿੱਚ ਤਿੰਨ "ਪਿਆਰੇ" ਮੈਦਾਨ ਵਿੱਚ ਜੂਝਦਿਆਂ ਜੀਵਨ ਸਫ਼ਲਾ ਕਰ ਗਏ। ਦੋ ਗੁਰੂ ਕੇ ਲਾਡਲੇ ਸਾਹਿਬਜ਼ਾਦੇ ਸੂਰਮਗਤੀ ਦੀਆਂ ਸਿਖਰਾਂ ਛੋਂਹਦਿਆਂ, ਪਿਤਾ ਜੀ ਦੀਆਂ ਅੱਖਾਂ ਦੇ ਸਾਹਮਣੇ ਉਹ ਮਹਾਨ ਕਾਰਨਾਮਾ ਕਰ ਗਏ ਜੋ ਸਦਾ ਯਾਦ ਰੱਖਿਆ ਜਾਵੇਗਾ। ਕਿਸੇ ਸਿੱਖ ਨੇ ਕਾਇਰਤਾ ਨਹੀਂ ਵਿਖਾਈ ਜੀਵਨ ਨਾਲ ਮੋਹ ਨਾ ਕੀਤਾ। ਇਸ ਜੰਗ ਦੀ ਅਸਲੀ "ਜਿੱਤ" ਸੀ ਹਾਰ ਨਾ ਮੰਨਣੀ, ਭਾਵੇਂ ਟੁਕੜੇ-ਟੁਕੜੇ ਹੋ ਗਏ। ਦੂਜੀ ਵੱਡੀ "ਜਿੱਤ" ਸੀ ਪੁੱਤਰਾਂ ਨੂੰ ਸਿੱਖਾਂ ਨਾਲੋਂ ਵੱਧ ਪਿਆਰ ਨਾ ਕਰਨਾ। ਪੁੱਤਰ ਅਤੇ ਸਿੱਖ ਇੱਕਸਾਰ, ਬਰਾਬਰ। ਤੀਜੀ ਵੱਡੀ "ਜਿੱਤ" ਸੀ ਗੁਰੂ ਗੋਬਿੰਦ ਸਿਘ ਜੀ ਦਾ ਸਹੀ ਸਲਾਮਤ ਬਚ ਕੇ ਨਿਕਲ ਜਾਣਾ। ਇਸ ਬੇ ਜੋੜ ਜੰਗ ਤੋਂ ਸਿੱਖਾਂ ਨੇ ਸਦਾ ਉਤਸ਼ਾਹ ਪ੍ਰਾਪਤ ਕੀਤਾ ਹੈ। ਅਣਗਿਣਤ ਮੁਸੀਬਤਾਂ ਵਿੱਚ ਭੀ ਅਡੋਲ ਜੰਗ ਲੜਦੇ ਰਹੇ ਹਨ।

ਇਸ ਸ਼ਹੀਦੀ ਸਥਾਨ 'ਤੇ ਭਾਈ ਦਿਆਲ ਸਿਘ ਨੂੰ ਗੁਰਦਵਾਰਾ ਬਣਾਉਣ ਦੀ ਸੇਵਾ ਸੌਂਪ ਦਿੱਤੀ। ਜਿਵੇਂ ਕਿਵੇਂ ਭਾਈ ਦਿਆਲ ਸਿਘ ਨੇ ਪੈਸਾ ਉਗਰਾਹਿਆ। ਔਖੇ-ਸੌਖੇ ਹੋ ਕੇ ਸਾਰੇ ਤਰ੍ਹਾਂ ਦਾ ਸਾਮਾਨ ਮੰਗਵਾਇਆ ਜਾਣ ਲੱਗਿਆ। ਸੇਵਾ ਭਾਵਨਾ ਵਾਲੇ ਮਾਈ-

ਭਾਈ ਹੱਥੀਂ ਸੇਵਾ ਵਿੱਚ ਜੁਟੇ ਰਹਿੰਦੇ। ਲੰਮੇ ਸਮੇਂ ਦੀ ਸਿਆਣਪ ਅਤੇ ਮਿਹਨਤ ਤੋਂ ਬਾਅਦ ਗੁਰਦਵਾਰਾ ਇਮਾਰਤ ਬਣ ਕੇ ਤਿਆਰ ਹੋ ਗਈ। ਜਿਸ ਦਿਨ ਉਸ ਥਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਸੀ ਬਹੁਤ ਵੱਡਾ ਇਕੱਠ ਸੱਦਿਆ ਗਿਆ। ਇਲਾਕੇ ਦੀਆਂ ਸੰਗਤਾਂ ਅਤੇ ਸਿਰ ਕੱਢਵੇਂ ਸਿੱਖ ਆ ਪਹੁੰਚੇ। ਲੀਡਰਾਂ ਨੇ ਆਪਣੇ ਲੈਕਚਰਾਂ ਵਿੱਚ ਭਾਈ ਦਿਆਲ ਸਿੰਘ ਵੱਲੋਂ ਕੀਤੀ ਗਈ ਸੇਵਾ ਦੀ ਜਦੋਂ ਪ੍ਰਸੰਸਾ ਕਰਨੀ, ਭਾਈ ਦਿਆਲ ਸਿੰਘ ਨੇ ਬੁਲਾਰੇ ਅੱਗੇ ਹੱਥ ਜੋੜ ਕੇ ਖਲੋ ਜਾਣਾ ਕਿ ਵਡਿਆਈ ਮੇਰੀ ਨਾ ਕਰੋ। ਮੇਰੀ ਸੇਵਾ ਬਹੁਤ ਛੋਟੀ ਹੈ। ਵਡਿਆਈ ਸਤਿਗੁਰੂ ਜੀ ਦੀ ਕਰੋ। ਵਡਿਆਈ ਜਾਨਾਂ ਲੇਖੇ ਲਾਉਣ ਵਾਲੇ ਬਹਾਦਰ ਸਿੱਖਾਂ ਦੀ ਕਰੋ। ਗੁਰਬਾਣੀ ਦੀ ਸੋਭਾ ਕਰੋ। ਹੌਲੀ-ਹੌਲੀ ਬੁਲਾਰਿਆਂ ਨੇ ਆਪਣੇ ਆਪ ਨੂੰ ਮੋੜ ਕੇ ਸ਼ਹੀਦ ਸਿੰਘਾਂ ਵੱਲ ਲੈ ਆਂਦਾ। ਅਖੀਰ ਵਿੱਚ ਭਾਈ ਦਿਆਲ ਸਿੰਘ ਨੂੰ ਸਿਰੋਪੇ ਦੇਣ ਦੀ ਤਿਆਰੀ ਕੀਤੀ ਜਾਣ ਲੱਗੀ। ਭਾਈ ਜੀ ਨੇ ਸਿਰੋਪੇ ਲੈਣ ਤੋਂ ਨਿਮਰਤਾ ਸਹਿਤ ਨਾਂਹ ਕਰ ਦਿੱਤੀ ਕਿ ਇਹ ਸਿਰੋਪੇ ਦੀ ਬਖ਼ਸ਼ਿਸ਼ ਪੁੱਤਰਾਂ ਨੂੰ ਵਾਰਨ ਵਾਲੇ ਭਰਾਵਾਂ ਨੂੰ ਜੰਗ ਵਿੱਚ ਤੋਰਨ ਵਾਲੇ ਮਹਾਨ ਸੇਵਾਦਾਰ ਪੀਰ ਬੁੱਧੂ ਸ਼ਾਹ ਨੂੰ ਦਸਮ ਪਾਤਿਸ਼ਾਹ ਨੇ ਬਖ਼ਸ਼ਿਆ ਸੀ। ਮੈਂ ਅਜਿਹਾ ਕੋਈ ਵਡੇਰਾ ਕਾਰਜ ਨਹੀਂ ਕੀਤਾ।

ਦੀਵਾਨ ਦੀ ਸਮਾਪਤੀ ਤੇ ਅਰਦਾਸ ਦੀ ਤਿਆਰੀ ਹੋਈ ਤਾਂ ਭਾਈ ਦਿਆਲ ਸਿੰਘ ਨੇ ਅਰਦਾਸੀਏ ਸਿੰਘ ਕੋਲ ਜਾ ਕੇ ਕੰਨ ਵਿੱਚ ਕੁੱਝ ਕਿਹਾ। ਅਰਦਾਸੀਆ ਘਬਰਾ ਗਿਆ। ਇਸ ਤਰ੍ਹਾਂ ਦੀ ਅਰਦਾਸ ਕਰਨ ਤੋਂ ਉਸ ਨੇ ਨਾਂਹ ਕਰ ਦਿੱਤੀ। ਦਿਲ ਕਰੜਾ ਕਰ ਕੇ ਭਾਈ ਦਿਆਲ ਸਿੰਘ ਖ਼ੁਦ ਹੀ ਹੱਥ ਜੋੜ ਕੇ ਅਰਦਾਸ ਕਰਨ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਖਲੋ ਗਿਆ। ਬਾਕੀ ਸਾਰੀ ਅਰਦਾਸ ਤਾਂ ਰਵਾਇਤੀ ਹੀ ਸੀ। ਅਖੀਰ ਵਿੱਚ ਜੋ ਬਚਨ ਭਾਈ ਦਿਆਲ ਸਿੰਘ ਨੇ ਆਖੇ, ਜਿਨ੍ਹਾਂ ਨੇ ਸੁਣੇ ਉਹ ਭੁੱਬਾਂ ਮਾਰ ਕੇ ਰੋ ਪਏ। ਹਰ ਕੋਈ ਵਿਆਕੁਲ ਹੋ ਗਿਆ। ਕਈਆਂ ਨੇ ਅਰਦਾਸ ਕਰਨੋਂ ਰੋਕਣਾ ਚਾਹਿਆ ਪਰ ਹਿੰਮਤ ਨਾ ਪਈ। ਇਹ ਕਿਹੋ ਜਿਹੀ ਅਰਦਾਸ ਹੈ? ਕੀ ਹੋ ਗਿਆ ਹੈ ਇਸ ਭਾਈ ਨੂੰ? ਜੇ ਅੱਜ ਗੁਰੂ ਸਨਮੁੱਖ ਕੀਤੀ ਅਰਦਾਸ ਪੂਰੀ ਹੋ ਗਈ ਫਿਰ ਤਾਂ ਵੱਡਾ ਦੁਖਾਂਤ ਵਾਪਰ ਜਾਵੇਗਾ। ਇਸ ਭਾਈ ਦਾ ਸੇਵਾ ਕਰਦਿਆਂ ਦਿਮਾਗ ਫਿਰ ਗਿਆ ਲਗਦਾ ਹੈ। ਕੋਈ ਇਸ ਨੂੰ ਰੋਕਣ ਵਾਲਾ ਨਹੀਂ, ਘਰ ਦੇ ਜੀਅ ਵਿੱਚੇ ਖਲੋਤੇ ਹਨ। ਹੇ ਰੱਬ ਜੀ, ਇਸ ਦੀ ਅਜਿਹੀ ਅਰਦਾਸ ਪੂਰੀ ਨਾ ਕਰੀਂ। ਔਖੇ-ਸੌਖੇ ਹੁਕਮਨਾਮਾ ਤਾਂ ਸੁਣ ਲਿਆ। ਕੜਾਹ ਪ੍ਰਸ਼ਾਦ ਵਰਤਾਉਣ ਤੋਂ ਪਹਿਲਾਂ ਹੀ ਭਾਈ ਦਿਆਲ ਸਿੰਘ ਨੂੰ ਸਿੱਖਾਂ ਨੇ ਘੇਰਾ ਪਾ ਲਿਆ। ਸਾਰੇ ਬਹੁਤ ਪ੍ਰੇਸ਼ਾਨ, ਛੇਤੀ ਤਸੱਲੀ ਕਰਾਓ।

ਭਾਈ ਦਿਆਲ ਸਿੰਘ ਨੇ ਅਰਦਾਸ ਵਿੱਚ ਜੋ ਸ਼ਬਦ "ਇਤਰਾਜਯੋਗ" ਵਰਤੇ ਸਨ, ਉਹ ਕੁੱਝ ਇਸ ਤਰ੍ਹਾਂ ਸਨ- "ਹੇ ਨਿਰੰਕਾਰ ਜੀਓ! ਅੱਗੋਂ ਮੇਰੀ ਕੁਲ ਨਾ ਚੱਲੇ, ਮੇਰਾ ਕੋਈ ਉੱਤਰ ਅਧਿਕਾਰੀ ਨਾ ਰਹੇ। ਮੇਰੀ ਕੋਈ ਗੱਦੀ ਨਾ ਚੱਲੇ। ਇਹ ਗੁਰਦਵਾਰਾ ਸਿੱਖਾਂ ਅਤੇ ਸਤਿਗੁਰੂ ਨਮਿਤ ਹੈ। ਉਨ੍ਹਾਂ ਨੂੰ ਸਮਰਪਿਤ ਹੈ। ਪੰਥ ਦੀ ਅਮਾਨਤ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਮੇਰਾ ਜਾਂ ਮੇਰੇ ਪਰਿਵਾਰ ਦਾ ਇਸ ਵਿੱਚ ਕੋਈ ਦਖ਼ਲ ਨਾ ਰਹੇ।" ਇਸੇ ਕਾਰਨ

ਸਾਰਿਆਂ ਵਿੱਚ ਬੇਚੈਨੀ ਫੈਲ ਗਈ ਸੀ। ਜਦੋਂ ਸਾਰੇ ਗੁਰਸਿੱਖ ਦੁਆਲੇ ਇਕੱਠੇ ਹੋ ਗਏ। ਫਿਰ ਭਾਈ ਦਿਆਲ ਸਿੰਘ ਨੇ ਏਹੀ ਸਪੱਸ਼ਟੀਕਰਨ ਦਿੱਤਾ- "ਸਤਿਕਾਰਯੋਗ ਜੀਓ! ਇਹ ਗੁਰਦਵਾਰਾ ਮੇਰੀ ਨਿੱਜੀ ਜਾਇਦਾਦ ਨਹੀਂ ਹੈ। ਜਿਨ੍ਹਾਂ ਨੇ ਮਹਾਨ ਕਾਰਜ ਕੀਤੇ ਹਨ, ਉਨ੍ਹਾਂ ਦੀ ਯਾਦ ਵਿੱਚ ਹੈ। ਪੰਥ ਦੀ ਸਾਂਝੀ ਅਮਾਨਤ ਹੈ। ਇਸ ਦੀ ਕੋਈ ਨਿੱਜ ਲਈ ਵਰਤੋਂ ਨਾ ਕਰੇ। ਜੇਕਰ ਮੇਰਾ ਖ਼ਾਨਦਾਨ ਭੀ ਇਸ ਨੂੰ ਆਪਣੀ ਮਾਲਕੀ ਸਮਝੇ ਤਾਂ ਨਿਰੰਕਾਰ ਉਨ੍ਹਾਂ ਦਾ ਖ਼ਾਤਮਾ ਹੀ ਕਰ ਦੇਵੇ। ਇਸੇ ਲਈ ਮੈਂ ਅਜਿਹੀ ਅਰਦਾਸ ਕੀਤੀ ਹੈ। ਤੁਸੀਂ ਅੰਦਰ ਝਾਤੀ ਮਾਰੋ, ਮੈਂ ਕੀ ਗ਼ਲਤੀ ਕੀਤੀ ਹੈ ? ਸਾਰੇ ਗੁਰਦਵਾਰੇ ਪੰਥਕ ਜਾਇਦਾਦ ਹੋਣੇ ਚਾਹੀਦੇ ਹਨ। ਕਿਸੇ ਦੀ ਨਿੱਜੀ ਮਾਲਕੀ ਵਿੱਚ ਨਹੀਂ। ਅੱਗੋਂ ਭੀ ਕੋਸ਼ਿਸ਼ ਕਰ ਕੇ ਇਸੇ ਤਰ੍ਹਾਂ ਦੀ ਅਰਦਾਸ ਕਰਦੇ ਰਹਿਣਾ...।" ਸਾਰਿਆਂ ਦਾ ਮਨ ਦਰਵ ਗਿਆ, ਹੱਥ ਜੁੜ ਗਏ। ਮਨ ਹੀ ਮਨ ਭਾਈ ਦਿਆਲ ਸਿੰਘ ਦੀ ਸੁੱਚੀ ਭਾਵਨਾ ਨੂੰ ਸਿਜਦਾ ਕੀਤਾ।

ਅੱਜ ਦੇ ਸਮੇਂ ਵਿੱਚ ਸਿੱਖ ਸੇਵਕ ਅਜਿਹੇ ਪਰਉਪਕਾਰੀ ਸਿੱਖਾਂ ਤੋਂ ਕੋਈ ਸਿੱਖਿਆ ਲੈਣ ਦੀ ਖੇਚਲ ਕਰਨਗੇ ? ਗੁਰਦਵਾਰਿਆਂ ਨੂੰ ਪੰਥ ਦੀ ਸਾਂਝੀ ਮਾਲਕੀ ਬਣਾਉਣ ਲਈ ਕੋਈ ਸਾਰਥਕ ਉਪਰਾਲਾ ਕਰਨਗੇ ? ਥੋੜ੍ਹੇ ਜਿਹੇ ਮਹੰਤ ਨਰੈਣ ਦਾਸਾਂ ਤੋਂ ਗੁਰਦਵਾਰੇ ਖਾਲੀ ਕਰਾਉਣ ਵਾਸਤੇ ਹਜ਼ਾਰਾਂ ਸਿੱਖਾਂ ਨੂੰ ਜਾਨਾਂ ਵਾਰਨੀਆਂ ਪਈਆਂ ਸਨ। ਕਈ ਸਾਲ ਜੰਗ ਲੜਨੀ ਪਈ ਸੀ। ਲੱਖਾਂ-ਕਰੋੜਾਂ ਦਾ ਨੁਕਸਾਨ ਹੋ ਗਿਆ ਸੀ। ਇੱਕ ਵਾਰੀ ਗੁਰਦਵਾਰੇ "ਆਜ਼ਾਦ" ਕਰਵਾ ਲਏ ਸਨ। ਹੁਣ ਦੁਬਾਰਾ ਬੇਅੰਤ ਨਰੈਣ ਦਾਸਾਂ ਨੇ ਗੁਰਦਵਾਰਿਆਂ 'ਤੇ ਕਬਜੇ ਜਮਾ ਲਏ ਹਨ। ਨਿੱਜੀ ਜਾਇਦਾਦ ਰੂਪ ਵਿੱਚ ਗੁਰਦਵਾਰੇ ਉਸਾਰ ਲਏ ਹਨ। ਪ੍ਰਬੰਧਕਾਂ ਨੇ ਸਰਕਾਰੇ ਦਰਬਾਰੇ ਸ਼ਾਖ਼ਾਵਾਂ ਬਣਾ ਲਈਆਂ ਹਨ। ਬਹੁਤ ਹੀ ਖ਼ਤਰਨਾਕ ਕਿਸਮ ਦੇ ਗਰੋਹ (ਬਦਮਾਸ਼ਾਂ ਦੇ ਗੈਂਗ) ਗੋਲਕਾਂ ਲੁੱਟ ਰਹੇ ਹਨ, ਕਾਬਜ ਹੋ ਚੁੱਕੇ ਹਨ। ਗੁਰੂ ਗ੍ਰੰਥ ਸਾਹਿਬ ਜੀ ਨੂੰ "ਆਪਣੀਆਂ ਲੋੜਾਂ ਅਨੁਸਾਰ" ਵਰਤਦੇ ਹਨ। ਲੇਖਕਾਂ ਤੇ ਪ੍ਰਚਾਰਕਾਂ ਨੇ ਜੇਕਰ ਸੰਗਤ ਨੂੰ ਸੁਚੇਤ ਨਾ ਕੀਤਾ। ਹਾਲਾਤ ਦੀ ਸਹੀ ਜਾਣਕਾਰੀ ਨਾ ਕਰਾਈ। ਬਚਣ ਦੇ ਰਾਹ ਤਲਾਸ਼ ਨਾ ਕੀਤੇ। ਫਿਰ ਤਾਂ ਹੱਥ ਮਲਦੇ ਰਹਿ ਜਾਣ ਤੋਂ ਸਿਵਾਏ ਕੁੱਝ ਭੀ ਨਹੀਂ ਕਰ ਸਕਾਂਗੇ।

ਸਤਿਗੁਰ ਕੀ ਸੇਵਾ ਗਾਖੜੀ, ਸਿਰੁ ਦੀਜੈ ਆਪੁ ਗਵਾਇ॥
ਸਬਦਿ ਮਰਹਿ ਫਿਰਿ ਨਾ ਮਰਹਿ, ਤਾ ਸੇਵਾ ਪਵੈ ਸਭ ਥਾਇ॥ (649)

ਅੱਲਾ ਯਾਰ ਖ਼ਾਂ ਜੋਗੀ ਜੀ ਬਾ ਕਮਾਲ ਲਿਖਦੇ ਹਨ-

ਯਿਹ ਵੋਹ ਜਾ ਹੈ ਜਹਾਂ ਚਾਲੀਸ ਤਨ ਸ਼ਹੀਦ ਹੁਏ।
ਖਿਤਾਬੇ ਸਰਵਰੀ ਸਿੰਘੋਂ ਨੇ ਸਰ ਕਟਾਕੇ ਲੀਏ।
ਦਿਲਾਈ ਪੰਥ ਕੋ ਸਰਬਾਜੀਓਂ ਸੇ ਸਰਦਾਰੀ,
ਬਰਾਇ ਕੌਮ ਯਿਹ ਰੁਤਬੇ ਲਹੂ ਬਹਾਕੇ ਲੀਏ।



ਬਾ-ਕਮਾਲ ਸਿਆਣਪ

ਬਹੁਤ ਪਹਿਲਾਂ ਇੱਕ ਵਿਦਵਾਨ ਪੁਰਖ ਹੋਇਆ ਸੀ ਵਿਸ਼ਨੂੰ ਸ਼ਰਮਾ। ਉਸ ਦੀ ਦੋ ਹਜ਼ਾਰ ਸਾਲ ਪਹਿਲਾਂ ਲਿਖੀ ਪੁਸਤਕ ਅੱਜ ਤੱਕ "ਪੁਰਾਣੀ" ਨਹੀਂ ਹੋਈ। ਅਡਿਅੰਤ ਗਿਆਨ ਵਧਾਉਣ ਵਾਲੀ ਹੈ, ਸਦਾ ਬਹਾਰ ਹੈ। ਹੋਰ ਕਮਾਲ ਇਹ ਪਈ ਕਿਤਾਬ ਦੇ ਪਾਤਰ ਜੰਗਲੀ ਜਾਨਵਰ ਹਨ। ਜਾਨਵਰਾਂ ਨੂੰ ਅਜਿਹੇ ਪ੍ਰਭਾਵਸ਼ਾਲੀ ਤਰੀਕੇ ਉਪਦੇਸ਼ ਕੀਤੇ ਹਨ ਕਿ ਪੜ੍ਹ ਕੇ "ਜਾਨਵਰਾਂ ਤੋਂ ਬੰਦੇ" ਬਣ ਜਾਈਦਾ ਹੈ। ਗੁਰਬਾਣੀ ਵਿੱਚ ਬੇਅੰਤ ਵਾਰੀ ਪਸ਼ੂਆਂ-ਪੰਛੀਆਂ ਨੂੰ ਸੰਬੋਧਨ ਕਰ ਕੇ ਉਪਦੇਸ਼ ਲਿਖੇ ਮਿਲਦੇ ਹਨ। ਬਹੁਤ ਥਾਈਂ ਅਜਿਹੀ ਕਠੋਰ ਸ਼ਬਦਾਵਲੀ ਵਰਤੀ ਹੋਈ ਹੈ ਕਿ ਜਿਨ੍ਹਾਂ ਨੂੰ ਸਮਝ ਆ ਜਾਵੇ ਪਸੀਨੇ ਛੁੱਟ ਪੈਂਦੇ ਹਨ। ਇੱਕ ਪੰਕਤੀ ਦੇ ਦਰਸ਼ਨ ਕਰੋ-

ਮਾਣਸ ਮੂਰਤਿ ਨਾਨਕੁ ਨਾਮੁ ॥ ਕਰਣੀ ਕੁਤਾ ਦਰਿ ਫੁਰਮਾਨੁ ॥ (350)

ਹੇ ਭਾਈ! ਵੇਖਣ ਨੂੰ ਸਰੀਰ ਕਰ ਕੇ ਮਨੁੱਖ ਬਹੁਤ ਨਜ਼ਰ ਆ ਰਹੇ ਹਨ। ਸੁਭਾ ਕਰ ਕੇ ਆਦਤਾਂ ਕਾਰਨ ਆਦਮੀ ਕੋਈ ਵਿਰਲਾ ਹੀ ਲੱਭੇਗਾ। ਵਰਨਾ ਬਹੁ ਗਿਣਤੀ ਤਾਂ ਮਨੁੱਖੀ ਸਰੀਰਾਂ ਵਿੱਚ ਕੁੱਤੇ ਹੀ ਘੁੰਮਦੇ ਵੇਖੀਦੇ ਹਨ। ਬੰਦਿਆਂ ਵਾਲੇ ਕੰਮ ਹੀ ਨਹੀਂ ਹਨ।

ਸ਼ੇਖ਼ ਸ਼ਾਦੀ ਬੜਾ ਸੁੰਦਰ ਲਿਖਦੇ ਹਨ ਕਿ ਮੈਂ ਕੁੱਝ ਪੜ੍ਹ ਗਿਆ। ਕੁੱਝ ਗੱਲਾਂ ਕਰਨ ਜੋਗਾ ਹੋ ਗਿਆ। ਕਈ ਬਜ਼ੁਰਗਾਂ ਨੇ ਪੁੱਛਣਾ, "ਭਾਈ ਤੂੰ ਇੰਨਾ ਸਮਝਦਾਰ ਕਿਵੇਂ ਬਣ ਗਿਆ ? ਕਿੱਥੋਂ ਪ੍ਰਾਪਤ ਕੀਤਾ ਇਹ ਗਿਆਨ ?" ਸ਼ੇਖ਼ ਸ਼ਾਦੀ ਜੁਆਬ ਦਿੰਦਾ ਕਿ "ਮੈਂ ਜੋ ਕੁੱਝ ਸਿੱਖਿਆ ਹੈ, ਉਹ ਜਾਨਵਰਾਂ ਤੋਂ ਜਾਂ ਮੂਰਖਾਂ ਤੋਂ।" ਤੁਸੀਂ ਹੁਣ ਸਵਾਲ ਕਰੋਗੇ ਕਿ ਜਾਨਵਰਾਂ ਤੋਂ ਜਾਂ ਮੂਰਖਾਂ ਤੋਂ ਕੋਈ ਕਿਵੇਂ ਚੰਗੀ ਗੱਲ ਸਿਖ ਸਕਦਾ ਹੈ ? ਜਦੋਂ ਕਿ ਉਹ ਤਾਂ ਬੇਅਕਲ ਹੁੰਦੇ ਹਨ। ਮੂਰਖ ਹੁੰਦੇ ਹਨ। ਪਿਆਰਿਓ ਸੱਚ ਇਹੀ ਹੈ ਜਿਸ ਦੇ ਮਨ ਅੰਦਰ ਸਿੱਖਣ ਦੀ ਇੱਛਾ ਹੈ, ਉਹ ਜਾਨਵਰਾਂ ਤੋਂ ਹੀ ਨਹੀਂ ਬਲਕਿ ਰੁੱਖਾਂ ਤੋਂ, ਪੱਥਰਾਂ ਤੋਂ ਭੀ ਚੰਗੀਆਂ ਗੱਲਾਂ ਸਿਖ ਸਕਦਾ ਹੈ। ਜਿਵੇਂ ਜੈਨੀਆਂ ਦਾ ਇੱਕ ਤੀਰਥੰਕਰ (ਗੁਰੂ) ਸੀ ਦੱਤਾ ਤ੍ਰੇਅ। ਉਸ ਨੇ ਆਪਣੇ ਚੌਵੀ ਗੁਰੂ ਮੰਨੇ ਸਨ। ਵਫ਼ਾਦਾਰੀ-ਕੁੱਤੇ ਵਰਗੀ। ਬੇਪ੍ਰਵਾਹੀ-ਹਾਥੀ ਵਰਗੀ। ਦਲੇਰੀ-ਸ਼ੇਰ ਵਰਗੀ। ਉਡੀਕ-ਬਿੱਲੀ ਵਾਂਗ। ਬੱਚੇ ਨੂੰ ਪਿਆਰ-ਬਾਂਦਰੀ ਵਰਗਾ। ਮਿਹਨਤ-ਕੀੜੀਆਂ ਤੋਂ। ਅਡੋਲਤਾ-ਰੁੱਖਾਂ ਤੋਂ। ਇਸ ਤਰ੍ਹਾਂ ਜੀਵਾਂ ਤੋਂ ਬਹੁਤ ਕੁੱਝ ਸਿੱਖਿਆ ਜਾ ਸਕਦਾ ਹੈ। ਜਦੋਂ ਸ਼ਰਾਬੀ ਸ਼ਰਾਬ ਪੀ ਕੇ ਝਗੜਾ ਕਰਦਾ ਹੈ, ਮਾਰ ਖਾਂਦਾ ਹੈ, ਅਪਮਾਨ ਸਹਿੰਦਾ ਹੈ। ਮੈਂ ਆਪਣੇ ਆਪ ਨੂੰ ਸਮਝਾ ਲੈਂਦਾ ਹਾਂ, ਮਨਾ ਤੂੰ ਅਜਿਹੀਆਂ ਗ਼ਲਤੀਆਂ ਨਾ ਕਰੀਂ। ਜਦੋਂ ਕੋਈ ਵਿਭਚਾਰੀ ਨਾਜਾਇਜ਼ ਸਬੰਧ ਬਣਾਉਂਦਾ ਹੈ। ਕਦੀ ਕਦਾਈਂ ਫੜਿਆ ਜਾਂਦਾ ਹੈ। ਜੋ ਦੁਰਗਤ ਉਨ੍ਹਾਂ ਦੀ ਹੁੰਦੀ ਹੈ, ਵੇਖ ਕੇ ਮੈਂ ਕੰਨਾਂ ਨੂੰ ਹੱਥ ਲਾ ਲੈਂਦਾ ਹਾਂ ਕਿ ਮਨਾ! ਤੂੰ ਬਚ ਜਾਵੀਂ ਅਜਿਹੇ ਪਾਪ ਕਰਮ ਤੋਂ। ਜਦੋਂ ਕੋਈ ਜੂਆ ਖੇਢਦਾ ਫੜਿਆ ਜਾਵੇ, ਰਿਸ਼ਵਤ ਲੈਂਦਾ ਪਕੜਿਆ ਜਾਵੇ। ਉਸ ਦੀ ਦੁਰਗਤ ਹੁੰਦੀ ਵੇਖ ਕੇ ਮੈਂ ਆਪਣੇ ਮਨ ਨੂੰ

ਸਖ਼ਤ ਤਾੜਨਾ ਕਰਦਾ ਹਾਂ। ਵੇਖੀਂ ਕਿਤੇ ਅਜਿਹੀਆਂ ਗ਼ਲਤੀਆਂ ਨਾ ਕਰਨ ਲੱਗ ਪਵੀਂ।

ਜਿਨ੍ਹਾਂ ਦਾ ਮਨ ਸਿੱਖਣ ਲਈ ਤਿਆਰ ਨਹੀਂ, ਉਹ ਮਾਤਾ-ਪਿਤਾ ਤੋਂ ਭੀ ਨਹੀਂ ਸਿਖਦੇ। ਸਕੂਲਾਂ ਵਿੱਚ ਮਾਸਟਰ ਭਾਵੇਂ ਹੱਡ ਭੰਨ੍ਹ ਦੇਣ ਪਰ ਸਿਖਦੇ ਕੁੱਝ ਨਹੀਂ। ਬਹੁਤੇ ਮੁੰਡੇ-ਕੁੜੀਆਂ ਕਾਲਜਾਂ-ਯੂਨੀਵਰਸਿਟੀਆਂ ਵਿੱਚ ਮਾਤਾ-ਪਿਤਾ ਦੀ ਕਮਾਈ ਰੋਹੜ ਕੇ ਵਿੱਦਿਆ ਪੜ੍ਹਨ ਨਹੀਂ ਜਾਂਦੇ। ਇਸ਼ਕ ਲੜਾਉਣ ਜਾਂਦੇ ਹਨ। ਨਸ਼ੇ ਕਰਦੇ ਹਨ, ਚੋਰੀਆਂ-ਡਕੈਤੀਆਂ ਤੇ ਸਮਗਲਿੰਗ ਕਰਦੇ ਹਨ। ਪੜ੍ਹਨ ਵਾਸਤੇ ਭੇਜੇ ਸੀ ਪਰ ਪੈਸੇ ਉਡਾ ਦਿੱਤੇ, ਪੜ੍ਹੇ ਨਹੀਂ। ਆਲੇ-ਦੁਆਲੇ ਸਮਾਜ ਵਿੱਚੋਂ ਬਹੁਤ ਕੁੱਝ ਸਿੱਖਿਆ ਜਾ ਸਕਦਾ ਹੈ, ਜੇ ਸਿੱਖਣ ਦੀ ਚਾਹ ਹੋਵੇ ਤਦੋਂ। ਜਿਨ੍ਹਾਂ ਦੇ ਦੋਵੇਂ ਪੈਰ ਨਕਾਰਾ ਹੋ ਗਏ, ਮੈਂ ਉਨ੍ਹਾਂ ਨੂੰ ਕਾਰਾਂ ਚਲਾਉਂਦੇ ਵੇਖਿਆ ਹੈ। ਜਿਨ੍ਹਾਂ ਦੇ ਦੋਵੇਂ ਹੱਥ ਨਕਾਰੇ ਹੋ ਗਏ, ਉਨ੍ਹਾਂ ਨੂੰ ਪੈਰਾਂ ਨਾਲ ਹੱਥਾਂ ਵਾਲੇ ਕੰਮ ਕਰਦੇ ਵੇਖਿਆ ਹੈ। ਮੈਂ ਉਨ੍ਹਾਂ ਲੇਖਕਾਂ ਨੂੰ ਜਾਣਦਾ ਹਾਂ ਜੋ ਨੇਤਰਹੀਣ ਸਨ ਪਰ ਉੱਚ ਕੋਟੀ ਦੇ ਵਿਦਵਾਨ ਅਤੇ ਲੇਖਕ ਬਣ ਗਏ। ਮੈਂ ਉਨ੍ਹਾਂ ਸੰਗੀਤਕਾਰਾਂ ਨੂੰ ਜਾਣਦਾ ਹਾਂ ਜਿਨ੍ਹਾਂ ਨੂੰ ਕੀਰਤਨ ਕਰਦਿਆਂ ਨੂੰ ਵੇਖ ਕੇ ਲੋਕੀਂ ਅਸ਼-ਅਸ਼ ਕਰ ਉੱਠਦੇ ਹਨ। ਮੈਂ ਉਹ ਨੌਜੁਆਨ ਭੀ ਵੇਖੇ ਹਨ ਜੋ ਟੁੱਟੀਆਂ ਤੇ ਕਮਜ਼ੋਰ ਲੱਤਾਂ ਨਾਲ ਭੀ ਡਾਂਸ ਕਲਾ ਦੀਆਂ ਬੁਲੰਦੀਆਂ 'ਤੇ ਪਹੁੰਚ ਗਏ। ਮੈਂ ਉਨ੍ਹਾਂ ਨੂੰ ਭੀ ਜਾਣਦਾ ਹਾਂ ਜਿਹੜੇ ਬਗ਼ੈਰ ਸਕੂਲ ਵਿੱਚ ਦਾਖ਼ਲ ਹੋਣ ਦੇ ਵਿਦਵਾਨ ਬਣ ਗਏ, ਲੇਖਕ ਬਣ ਗਏ। ਮੈਂ ਉਨ੍ਹਾਂ ਲੋਕਾਂ ਨੂੰ ਭੀ ਮਿਲਿਆ ਹਾਂ ਜਿਨ੍ਹਾਂ ਨੇ ਅਤਿਅੰਤ ਗ਼ਰੀਬੀ ਵਿੱਚੋਂ ਵਿਕਾਸ ਕਰ ਕੇ ਜੀਵਨ ਵਾਸਤੇ ਸਾਰੀਆਂ ਸੁੱਖ ਸਹੂਲਤਾਂ ਪ੍ਰਾਪਤ ਕਰ ਲਈਆਂ। ਮੈਂ ਉਹ ਭੀ ਵੇਖੇ ਹਨ ਜੋ ਲੱਖਾਂ ਪਤੀ, ਕਰੋੜਾਂ ਪਤੀ ਹੁੰਦਿਆਂ ਸਭ ਕੁੱਝ ਬਰਬਾਦ ਕਰ ਕੇ ਨਰਕੀ ਜੀਵਨ ਬਤੀਤ ਕਰਦੇ ਹਨ। ਕੁੱਝ ਉਹ ਸ਼ੇਰ ਮਰਦ ਹਨ, ਜੋ ਮਰ ਕੇ ਭੀ "ਜਿਉਂਦੇ" ਹਨ। ਬੇਅੰਤ ਉਹ ਚੂਹੇ ਹਨ ਜੋ ਜਿਉਂਦਿਆਂ ਭੀ ਮਰਿਆਂ ਸਮਾਨ ਹਨ।

16-7-2010 ਦੇ ਸਪੋਕਸਮੈਨ ਅਖ਼ਬਾਰ ਵਿੱਚ ਇੱਕ ਅਜੀਬੋ ਗ਼ਰੀਬ ਜਿਹੀ ਖ਼ਬਰ ਛਪੀ ਸੀ। ਭਾਰਤ ਸਰਕਾਰ ਦੀ ਸਭ ਤੋਂ ਸਨਮਾਨਯੋਗ ਨੌਕਰੀ ਆਈ.ਏ.ਐਸ. ਲਈ ਰਵੀ ਪ੍ਰਕਾਸ਼ ਗੁਪਤਾ ਚੁਣਿਆ ਗਿਆ ਜੋ ਨੇਤਰਹੀਣ ਹੈ। ਇਸ ਹੋਣਹਾਰ ਨੌਜੁਆਨ ਨੇ ਪਹਿਲਾਂ ਐਮ.ਏ. ਦੀ ਪੜ੍ਹਾਈ ਕੀਤੀ। ਫਿਰ ਕਾਨੂੰਨ ਦੀ ਵਿੱਦਿਆ ਲਈ। ਮੌਕਾ ਆਉਣ 'ਤੇ ਆਈ.ਏ.ਐਸ. ਦੇ ਮੁਕਾਬਲੇ ਦਾ ਇਮਤਿਹਾਨ ਦਿੱਤਾ, ਜਿਸ ਵਿੱਚ ਸ਼ਾਨਦਾਰ ਸਫ਼ਲਤਾ ਮਿਲੀ। ਹੈਰਾਨੀ ਵਾਲੀ ਗੱਲ ਇਹ ਸੀ ਕਿ ਇਹ ਨੌਜੁਆਨ ਜਨਮ ਤੋਂ ਹੀ ਨੇਤਰਹੀਣ ਸੀ। ਸਾਰੇ ਇਮਤਿਹਾਨਾਂ ਨੂੰ ਪਾਸ ਕਰ ਕੇ ਜਦੋਂ ਨੌਕਰੀ 'ਤੇ ਹਾਜ਼ਰ ਹੋਣ ਦਾ ਵਕਤ ਆਇਆ ਤਾਂ ਭਾਰਤ ਸਰਕਾਰ ਨੇ ਨੇਤਰਹੀਣ ਹੋਣ ਕਰ ਕੇ ਨੌਕਰੀ 'ਤੇ ਹਾਜ਼ਰ ਕਰਨ ਤੋਂ ਨਾਂਹ ਕਰ ਦਿੱਤੀ। ਲੰਮੀ ਲਿਖਤ ਪੜ੍ਹਤ ਤੋਂ ਬਾਅਦ ਰਵੀ ਪ੍ਰਕਾਸ਼ ਨੇ ਦਿੱਲੀ ਹਾਈ ਕੋਰਟ ਵਿੱਚ ਭਾਰਤ ਸਰਕਾਰ ਵਿਰੁੱਧ ਮੁਕੱਦਮਾ ਕਰ ਦਿੱਤਾ। ਕਾਫ਼ੀ ਲੰਮੀ ਕਾਨੂੰਨੀ ਲੜਾਈ ਤੋਂ ਮਗਰੋਂ ਇਹ ਕੇਸ ਜਿੱਤ ਗਿਆ। ਭਾਰਤ ਸਰਕਾਰ ਦੇ ਮੁਖੀਆਂ ਨੇ ਇਸ ਦੇ ਵਿਰੁੱਧ ਸੁਪਰੀਮ ਕੋਰਟ ਵਿੱਚ ਮੁਕੱਦਮਾ ਦਾਇਰ ਕਰ ਦਿੱਤਾ। ਬਹੁਤ ਸਾਰਾ ਪੈਸਾ ਖ਼ਰਚ ਕੇ, ਅਨੇਕ ਪ੍ਰੇਸ਼ਾਨੀਆਂ

ਵਿੱਚੋਂ ਦੀ ਲੰਘ ਕੇ, ਲੰਮੀ ਜੱਦੋ ਜਹਿਦ ਤੋਂ ਬਾਅਦ ਰਵੀ ਪ੍ਰਕਾਸ਼ ਫਿਰ ਕੇਸ ਜਿੱਤ ਗਿਆ। ਸੋਨੇ 'ਤੇ ਸੋਹਾਗਾ ਵਾਲੀ ਗੱਲ ਇਹ ਸੀ ਕਿ ਰਵੀ ਨੇ ਕੋਰਟ ਵਿੱਚ ਆਪਣਾ ਕੇਸ ਲੜਨ ਲਈ ਕੋਈ ਵਕੀਲ ਨਹੀਂ ਸੀ ਕੀਤਾ। ਵਕੀਲ ਦੀ ਥਾਵੇਂ ਖ਼ੁਦ ਵਕਾਲਤ ਕੀਤੀ ਤੇ ਸੁਪਰੀਮ ਕੋਰਟ ਵਿੱਚੋਂ ਜਿੱਤ ਹਾਸਲ ਕੀਤੀ। ਸੁਪਰੀਮ ਕੋਰਟ ਦੇ ਮਾਨਯੋਗ ਜੱਜ ਨੇ ਭਾਰਤ ਸਰਕਾਰ ਨੂੰ ਹੁਕਮ ਦਿੱਤਾ ਕਿ ਰਵੀ ਪ੍ਰਕਾਸ਼ ਆਈ.ਏ.ਐਸ. ਦੀ ਜ਼ਿੰਮੇਵਾਰੀ ਨਿਭਾਉਣ ਦੇ ਐਨ ਕਾਬਲ ਹੈ। ਇਸ ਨੂੰ ਤੁਰੰਤ ਨੌਕਰੀ 'ਤੇ ਹਾਜ਼ਰ ਕੀਤਾ ਜਾਵੇ। ਨਾਲ ਹੀ ਜੋ ਖ਼ਰਚਾ ਹਾਈ ਕੋਰਟ ਵਿੱਚ ਅਤੇ ਸੁਪ੍ਰੀਮ ਕੋਰਟ ਵਿੱਚ ਇਸ ਦਾ ਹੋਇਆ ਹੈ, ਭਾਰਤ ਸਰਕਾਰ ਅਦਾ ਕਰੇ।

ਹੈ ਨਾ ਇੱਕ ਕਰਾਮਾਤ! ਅਜਿਹੇ ਹੋਣਹਾਰ ਨੌਜੁਆਨ ਤੋਂ ਅੱਖਾਂ ਵਾਲਿਆਂ ਨੂੰ ਜ਼ਰੂਰ ਸਬਕ ਲੈਣਾ ਚਾਹੀਦਾ ਹੈ।

ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ ॥
ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜ ਪਾਇ ॥
ਅੰਧੇ ਏਹਿ ਨ ਆਖੀਅਨਿ, ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥ (954)

★★★★★★

ਡਾਕੂਆਂ ਦੀ ਸ਼ਨਾਖ਼ਤ

ਆਮ ਹਾਲਤਾਂ ਵਿੱਚ ਹਰ ਮਨੁੱਖ (ਔਰਤ-ਮਰਦ) ਅਮਨ ਸ਼ਾਂਤੀ ਵਿੱਚ ਪਰਿਵਾਰਕ ਜੀਵਨ ਜਿਉਣ ਦਾ ਚਾਹਵਾਨ ਹੁੰਦਾ ਹੈ। ਸਮੇਂ ਦੀ ਗਰਦਿਸ਼ ਨਾਲ ਕਈ ਵਾਰੀ ਉਸ ਨੂੰ ਅਕਾਰਨ ਹੀ ਮੁਸੀਬਤਾਂ ਆ ਦਬੋਚਦੀਆਂ ਹਨ। ਉਹ ਇਨਸਾਫ਼ ਲੈਣ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਆਮ ਲੋਕੀਂ ਉਸ ਦਾ ਸਾਥ ਨਾ ਦੇਣ, ਉਸ ਦੀ ਫਰਿਆਦ ਸੁਣਨ ਵਾਲਾ ਕੋਈ ਨਾ ਹੋਵੇ, ਅਦਾਲਤਾਂ ਤੱਕ ਉਸ ਦੀ ਪਹੁੰਚ ਨਾ ਹੋਵੇ। ਫਿਰ ਘੋਰ ਮਾਯੂਸੀ ਵਿੱਚ ਉਹ ਜਾਂ ਤਾਂ ਆਤਮ ਹੱਤਿਆ ਕਰ ਲੈਂਦਾ ਹੈ ਜਾਂ ਪਾਗਲ ਹੋ ਜਾਂਦਾ ਹੈ। ਕੁੱਝ ਵਿਅਕਤੀ ਜਮੀਰ ਨੂੰ ਮਾਰ ਕੇ ਜਾਬਰ ਦੇ ਪੈਰੀਂ ਪੈ ਕੇ ਮਰਿਆਂ ਨਾਲੋਂ ਭੈੜੀ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰਦੇ ਹਨ। ਇੱਕ ਹੋਰ ਦਲੇਰ ਤਬਕਾ ਇਨ੍ਹਾਂ ਵਿੱਚ ਹੁੰਦਾ ਹੈ ਜੋ ਆਪਣੇ ਸਾਧਨਾਂ ਅਤੇ ਆਪਣੇ ਤਰੀਕੇ ਨਾਲ ਇਨਸਾਫ਼ ਲੈਣਾ ਚਾਹੁੰਦਾ ਹੈ। ਉਨ੍ਹਾਂ ਦੀ ਗਿਣਤੀ ਭਾਵੇਂ ਥੋੜ੍ਹੀ ਹੀ ਹੋਵੇ ਪਰ ਜੋ ਦੁਨੀਆਂ ਵਿੱਚ ਇਨਕਲਾਬ ਆਏ ਹਨ, ਸੁਧਾਰ ਹੋਏ ਹਨ, ਲੋਕ ਰਾਜੀ ਸਰਕਾਰਾਂ ਬਣੀਆਂ ਹਨ, ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕਾਨੂੰਨ ਬਣੇ ਹਨ, ਔਰਤਾਂ ਦੇ ਸਨਮਾਨ ਲਈ ਆਵਾਜ਼ ਬੁਲੰਦ ਹੋਈ ਹੈ। ਇਹ ਸਭ ਉਨ੍ਹਾਂ "ਬਾਗ਼ੀਆਂ" ਦੀ ਕਿਰਪਾ ਸਦਕਾ ਹੋਇਆ ਹੈ, ਜਿਨ੍ਹਾਂ ਨੇ ਸੁਧਾਰ ਵਾਸਤੇ "ਸਿਰ ਦੀ ਬਾਜ਼ੀ" ਲਾ ਦਿੱਤੀ। ਜਿਸ "ਡਾਕੂ" ਕੋਲ ਅਜਿਹੀ ਸਿਆਣਪ ਹੈ ਕਿ ਉਹ ਆਪਣੇ ਨਾਲ ਹੋਈ ਵਧੀਕੀ ਵਧੀਆ ਤਰੀਕੇ ਨਾਲ ਲੋਕਾਂ ਨੂੰ ਦੱਸ ਸਕੇ। ਆਪਣੀ ਲੜਾਈ ਦੀ ਹਾਲਾਤ ਅਨੁਸਾਰ ਰੂਪ ਰੇਖਾ ਉਲੀਕ ਸਕੇ। ਆਪਣੀ ਨਿੱਜੀ ਲੜਾਈ ਦੀ ਥਾਵੇਂ, ਇਸ ਨੂੰ ਜਨ ਸਮੂਹ ਦੇ ਹੱਕਾਂ ਦੀ ਰਾਖੀ ਵਾਲੀ ਲੜਾਈ ਬਣਾ ਦੇਵੇ। ਨਿੱਜ ਦਾ ਕਰੋਧ ਜਨ ਸਮੂਹ ਦਾ ਕਰੋਧ ਬਣ ਕੇ ਉੱਭਰੇ। ਨਿੱਜੀ ਬਦਨਾਮੀ ਨੂੰ ਕੌਮੀ ਤੌਹੀਨ ਬਣਾ ਦੇਵੇ। ਨਿੱਜੀ ਨੁਕਸਾਨ ਨੂੰ ਕੌਮੀ ਘਾਟਾ ਬਣਾ ਕੇ ਪੇਸ਼ ਕਰ ਸਕੇ।

ਰਾਜ ਕਰ ਰਹੀਆਂ ਧਿਰਾਂ ਕੋਲ ਅਸੀਮ ਸਾਧਨ ਅਤੇ ਤਾਕਤ ਹੁੰਦੀ ਹੈ। ਉਹ ਜਿਸ 'ਤੇ ਚਾਹੁਣ ਜ਼ੁਲਮ ਕਰਨ, ਕਤਲ ਕਰਨ, ਸਭ "ਦੇਸ਼ ਦੇ ਹਿੱਤ" ਵਿੱਚ ਗਰਦਾਨਿਆ ਜਾਂਦਾ ਹੈ। ਮਜਲੂਮ ਧਿਰ ਆਪਣੇ ਉੱਤੇ ਹੋਈਆਂ ਵਧੀਕੀਆਂ ਨੂੰ ਜੱਗ ਜਾਹਰ ਕਰੇ ਤਾਂ ਭੀ ਉਸ ਨੂੰ ਗ਼ੱਦਾਰ ਅਤੇ ਦੇਸ਼ ਦਾ ਦੁਸ਼ਮਣ ਐਲਾਨਿਆ ਜਾਂਦਾ ਹੈ। ਹਜ਼ਾਰਾਂ ਸਾਲ ਦੇ ਇਤਿਹਾਸ ਨੂੰ ਪੜ੍ਹ ਕੇ ਵੇਖ ਲਉ ਜਿੰਨੇ ਧਰਮ ਮੁਖੀ ਮਹਾਪੁਰਖ ਹੋਏ ਹਨ। ਪਹਿਲਾਂ ਉਹ ਸਥਾਪਤ ਧਰਮਾਂ ਅਤੇ ਰਾਜਸੀ ਧਿਰਾਂ ਦੇ ਬਾਗ਼ੀ ਸਨ। ਯਿਸੂ ਮਸੀਹ ਨੂੰ ਬਾਗ਼ੀ ਆਖ ਕੇ ਸੂਲੀ ਚਾੜ੍ਹਿਆ ਗਿਆ। ਜਦੋਂ ਯਿਸੂ ਦੇ ਸੇਵਕ ਤਾਕਤ ਹਾਸਲ ਕਰ ਗਏ ਤਾਂ ਯਿਸੂ ਪੂਜਨੀਕ ਬਣ ਗਿਆ। ਜਿਸ ਧਰਮ ਅਸਥਾਨ ਮੱਕੇ (ਕਾਅਬਾ) ਨੂੰ ਮੁਸਲਮਾਨ ਅਤੀ ਪਾਕ ਸਮਝਦੇ ਹਨ, ਉਥੋਂ ਮੁਹੰਮਦ ਸਾਹਿਬ ਨੂੰ ਵਿਰੋਧੀਆਂ ਨੇ ਹਥਿਆਰਬੰਦ ਜੰਗ ਲੜ ਕੇ ਚਲੇ ਜਾਣ ਲਈ ਮਜਬੂਰ ਕਰ ਦਿੱਤਾ ਸੀ। ਸੁਕਰਾਤ ਨੇ ਸੁਧਾਰ ਦਾ ਪਰਚਮ ਚੁੱਕਿਆ ਜ਼ਹਿਰ ਦਾ ਪਿਆਲਾ ਪਿਲਾ ਕੇ ਖ਼ਤਮ ਕਰ ਦਿੱਤਾ। ਇਸਲਾਮ ਦੇ ਅੰਦਰ ਦੀ ਕਠੋਰਤਾ ਨੂੰ ਖ਼ਤਮ ਕਰਨ ਵਾਸਤੇ ਮਨਸੂਰ ਨੇ ਆਵਾਜ਼ ਬੁਲੰਦ ਕੀਤੀ। ਉਸ ਨੂੰ ਤੜਪਾ-ਤੜਪਾ ਕੇ ਮਾਰਿਆ ਗਿਆ। ਗੁਰੂ ਅਰਜਨ ਸਾਹਿਬ ਨੇ ਹੱਕ ਸੱਚ ਤੋਂ ਲੋਕਾਂ ਨੂੰ ਜਾਣੂ ਕਰਾਇਆ। ਹਾਕਮਾਂ ਨੇ ਬੇਕਿਰਕ ਜ਼ੁਲਮ

ਕੀਤੇ। ਗੁਰੂ ਤੇਗ ਬਹਾਦਰ ਜੀ ਮਜਲੂਮਾਂ ਦੇ ਹੱਕਾਂ ਵਾਸਤੇ ਗੱਲਬਾਤ ਕਰਨ ਗਏ ਸੀ। ਚੱਲ ਸੁਣਨ ਦੀ ਥਾਵੇਂ ਚਾਂਦਨੀ ਚੌਕ, ਦਿੱਲੀ ਵਿੱਚ ਸਿੱਖ ਸੇਵਕਾਂ ਸਮੇਤ ਸ਼ਹੀਦ ਕਰ ਦਿੱਤੇ ਗਏ। ਵੱਡੀ ਉਮਰ ਵਾਲੇ ਵਿਅਕਤੀਆਂ ਨੇ (ਜੇ ਮੰਨ ਲਈਏ) ਹਕੂਮਤ ਦੀ ਕਦੀ ਤਿੱਖੀ ਆਲੋਚਨਾ ਕੀਤੀ ਹੋਵੇਗੀ, ਹੋ ਸਕਦਾ ਹੈ ਉਹ ਕਸੂਰਵਾਰ ਹੋਣ ਪਰ ਗੌਰ ਫੁਰਮਾਓ, ਸੱਤ ਸਾਲ ਤੇ ਨੌ ਸਾਲ ਦੇ ਮਾਸੂਮ ਸਾਹਿਬਜ਼ਾਦਿਆਂ ਨੇ ਕਿਸੇ ਹਾਕਮਾਂ ਦਾ ਕੀ ਵਿਗਾੜਿਆ ਸੀ? ਦੋ ਮਹੀਨਿਆਂ ਦੇ, ਚਾਰ-ਛੇ ਮਹੀਨਿਆਂ ਦੇ ਦੁੱਧ ਪੀਂਦੇ ਬੱਚਿਆਂ ਨੇ ਕੀ ਬੁਰਾ ਕੰਮ ਕੀਤਾ ਸੀ? ਬਿਨਾਂ ਵਜਾਹ ਔਰਤਾਂ ਨੂੰ ਤਸੀਹੇ ਦਿੱਤੇ ਗਏ। ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਜਿਗਰੇ ਦੇ ਟੁਕੜਿਆਂ ਨੂੰ ਲੀਰੋ ਲੀਰ ਕਰ ਦਿੱਤਾ। ਇਹ ਨਾਮਾਵਲੀ ਬਹੁਤ ਲੰਮੀ ਹੈ। ਇੱਕ ਗੱਲ ਹਰ ਥਾਵੇਂ ਸਾਂਝੀ ਹੈ ਕਿ "ਧਰਮ ਮੁਖੀ" ਧਾਰਮਕ ਚੋਲਾ ਪਹਿਨੀ, ਹੱਥ ਵਿੱਚ ਧਰਮ ਪੁਸਤਕ ਫੜ ਕੇ ਰੱਬ ਦੀ ਸੌਂਹ ਖਾ ਕੇ ਬੇਕਸੂਰਾਂ ਨੂੰ ਕਤਲ ਕਰਨ ਲਈ ਹੁਕਮ ਸੁਣਾ ਰਿਹਾ ਸੀ। ਮਜਲੂਮਾਂ ਨੂੰ ਸਰਕਾਰ ਦੇ ਬਾਗ਼ੀ, ਡਾਕੂ ਤੇ ਕੁੱਤੇ ਤੱਕ ਕਿਹਾ ਗਿਆ। ਆਪਣੇ ਵੱਲੋਂ ਲਿਖੀਆਂ ਕਿਤਾਬਾਂ ਵਿੱਚ ਇਹੀ ਕੁੱਝ ਦਰਜ ਕੀਤਾ ਗਿਆ।

ਭਾਈ ਕਪੂਰ ਸਿੰਘ (ਆਈ.ਸੀ.ਐਸ.) ਨੇ "ਸਾਚੀ ਸਾਖੀ" ਕਿਤਾਬ ਲਿਖ ਕੇ ਆਪਣਾ ਦਰਦ ਪੰਥਕ ਦਰਦ ਬਣਾ ਕੇ ਪੇਸ਼ ਕਰ ਦਿੱਤਾ। ਸਿੱਖਾਂ ਦੀ ਭਾਈ ਕਪੂਰ ਸਿੰਘ ਨਾਲ ਜਜ਼ਬਾਤੀ ਸਾਂਝ ਬਣ ਗਈ। ਗੁਰੂ ਅਰਜਨ ਸਾਹਿਬ 'ਤੇ ਢਾਹੇ ਕਹਿਰ ਦਾ ਛੇਵੇਂ ਗੁਰੂ ਦੀ ਤੇਗ ਵਿੱਚੋਂ ਜੁਆਬ ਦਿੱਤਾ ਗਿਆ। ਨੌਵੇਂ ਸਤਿਗੁਰਾਂ 'ਤੇ ਕੀਤੇ ਅਤਿਆਚਾਰ ਵਿੱਚੋਂ ਲੰਮੀ ਖ਼ੂਨੀ ਜੰਗ ਉੱਠ ਪਈ। ਮਾਸੂਮ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਨ ਵਾਲੇ ਮਿੱਟੀ ਵਿੱਚ ਮਿਲਾ ਦਿੱਤੇ ਗਏ। ਜੰਤਾ ਦਾ ਸੇਵਕ ਕੌਣ ਹੈ? ਧਰਮੀ ਪੁਰਖ ਕੌਣ ਹੈ? ਤੇ ਡਾਕੂ ਜਾਂ ਦੇਸ਼ ਧਰੋਹੀ ਕੌਣ ਹੈ? ਇਸ ਗੱਲ ਦਾ ਨਿਰਣਾ ਤਾਕਤਵਰ ਧਿਰ ਕਰਦੀ ਹੈ। ਆਪਣੀ ਤਾਕਤ ਦੇ ਬਲਬੂਤੇ ਸਰਕਾਰ, ਸਾਧ ਨੂੰ ਡਾਕੂ ਐਲਾਨ ਦੇਵੇ ਤੇ ਡਾਕੂ ਨੂੰ ਸਾਧ ਬਣਾ ਦੇਵੇ, ਉਸ ਦੇ ਹੱਥ ਵਿੱਚ ਹੈ। ਪ੍ਰਭਾਕਰਨ ਨਾਮ ਦਾ ਇੱਕ ਬਹਾਦਰ ਆਪਣੇ ਤਾਮਿਲ ਲੋਕਾਂ ਦੇ ਅਧਿਕਾਰਾਂ ਵਾਸਤੇ ਲੰਕਾ ਦੀ ਸਰਕਾਰ ਨਾਲ ਚਾਲੀ ਸਾਲ ਤੱਕ ਖ਼ੂਨੀ ਜੰਗ ਲੜਦਾ ਰਿਹਾ ਕਿਉਂਕਿ ਉਹ ਜੇਤੂ ਨਹੀਂ ਬਣ ਸਕਿਆ ਇਸ ਲਈ ਬਾਗ਼ੀ ਜਾਂ ਡਾਕੂ ਹੀ ਪ੍ਰਚਾਰਿਆ ਗਿਆ। ਨੇਪਾਲ ਦੇ ਖਾੜਕੂ ਨੇਤਾ ਪ੍ਰਚੰਡਾ ਆਪਣੇ ਦੇਸ਼ ਦੇ ਬਾਦਸ਼ਾਹ ਵਿਰੁੱਧ ਚਾਲੀ ਸਾਲ ਤੱਕ ਹਥਿਆਰਬੰਦ ਗੁਰੀਲਾ ਜੰਗ ਲੜਦਾ ਰਿਹਾ। ਵਿਸ਼ਨੂੰ ਦੇ ਮੰਨੇ ਗਏ ਅਵਤਾਰ ਨੇਪਾਲ ਦੇ ਰਾਜੇ ਗਿਆਨੇਂਦਰ ਨੂੰ ਮਹਿਲ ਵਿੱਚੋਂ ਬਾਹਰ ਕੱਢ ਦਿੱਤਾ। ਪ੍ਰਚੰਡਾ ਜੋ ਕੱਲ੍ਹ ਡਾਕੂ ਸੀ, ਬਾਗ਼ੀ ਸੀ ਦੇਸ਼ ਦਾ ਰਾਸ਼ਟਰਪਤੀ ਬਣ ਕੇ ਉਭਰਿਆ। ਰਾਜ ਖੁਸ ਜਾਣ 'ਤੇ ਗਿਆਨੇਂਦਰ ਅਨੇਕਾਂ ਇਲਜ਼ਾਮਾਂ ਵਿੱਚ ਘਿਰ ਗਿਆ ਹੈ। ਮੁਕੱਦਮਿਆਂ ਦਾ ਸਾਹਮਣਾ ਕਰ ਰਿਹਾ ਹੈ। ਪ੍ਰਚੰਡਾ ਨੂੰ ਡਾਕੂ ਹੀ ਨਹੀਂ ਸਗੋਂ ਹਜ਼ਾਰਾਂ ਬੇਦੋਸ਼ੇ ਨਾਗਰਿਕਾਂ ਦਾ ਕਾਤਿਲ ਪ੍ਰਚਾਰਿਆ ਗਿਆ। ਉਹੀ ਪ੍ਰਚੰਡਾ ਤਾਕਤ ਹਥਿਆ ਕੇ ਰਾਸ਼ਟਰਪਤੀ ਬਣ ਕੇ "ਸਾਰੇ ਦੋਸ਼ਾਂ ਤੋਂ ਮੁਕਤ" ਪਰਉਪਕਾਰੀ ਇਨਸਾਨ ਸਵੀਕਾਰ ਕਰ ਲਿਆ ਗਿਆ ਹੈ। ਇਸੇ ਤਰ੍ਹਾਂ ਜਦੋਂ ਸਿੱਖ ਬਾਗ਼ੀਆਂ ਦੀ ਤਾਕਤ ਵੱਧ ਗਈ, ਰਾਜ ਸਥਾਪਤ ਕਰ ਲਿਆ ਤਾਂ ਇੱਕ (ਪਹਿਲਾਂ ਮਿੱਥਿਆ) ਡਾਕੂ ਰਣਜੀਤ ਸਿੰਘ ਪੰਜਾਬ ਦਾ ਮਹਾਰਾਜਾ ਸਵੀਕਾਰ ਕੀਤਾ ਗਿਆ।

18 ਜੂਨ, 2009 ਨੂੰ ਸ਼ਾਮੀ ਅੱਠ ਵਜੇ ਤੋਂ ਨੌ ਵਜੇ ਤੱਕ ਐਨ.ਡੀ. ਟੀ.ਵੀ. ਚੈਨਲ 'ਤੇ

ਦੱਸਿਆ ਗਿਆ ਕਿ ਇੱਕ ਡਾਕੂ ਘਨਸ਼ਿਆਮ ਦਾਸ ਬਹੁਤ ਦੇਰ ਤੋਂ ਪੁਲਿਸ ਨੂੰ ਲੋੜੀਂਦਾ ਸੀ। ਡਾਕੂ ਭੇਸ ਬਦਲ ਕੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਸ਼ਹਿਰ ਵੱਲ ਆਇਆ। ਪੁਲਿਸ ਨੂੰ ਸੂਚਨਾ ਮਿਲ ਗਈ। ਪੁਲਿਸ ਵਾਲੇ ਘਨਸ਼ਿਆਮ ਦਾਸ ਦਾ ਪਿੱਛਾ ਕਰਨ ਲੱਗ ਪਏ ਪਰ ਨੇੜੇ ਕੋਈ ਨਾ ਜਾਵੇ। "400 ਸਰਕਾਰੀ ਸੂਰਮੇ" 52 ਘੰਟੇ ਡਾਕੂ ਦਾ ਪਿੱਛਾ ਕਰਦੇ ਰਹੇ। ਇਕੱਲੇ ਡਾਕੂ ਭਾਈ ਨੇ ਪੁਲਿਸ ਦੇ ਪੰਜ ਜਵਾਨ ਢੇਰ ਕਰ ਦਿੱਤੇ। ਕਈ ਸਿਪਾਹੀ ਜ਼ਖ਼ਮੀ ਕਰ ਦਿੱਤੇ। ਇੱਕ ਡੀ.ਆਈ.ਜੀ. ਭੀ ਜ਼ਖ਼ਮੀ ਕਰ ਦਿੱਤਾ। ਡਾਕੂ ਜੰਗਲ ਵੱਲ ਜਾਂਦਾ ਹੋਇਆ ਝਾੜੀਆਂ ਵਿੱਚ ਲੁਕ ਕੇ ਬੈਠ ਗਿਆ। ਪੁਲਿਸ ਵਾਲੇ ਉਸ ਨੂੰ ਲਭਦੇ ਹੋਏ ਨੇੜਿਓਂ ਦੀ ਜਾ ਰਹੇ ਸਨ, ਡਾਕੂ ਨੇ ਫਿਰ ਗੋਲੀ ਚਲਾ ਦਿੱਤੀ। ਜਿਥੋਂ ਗੋਲੀ ਆਈ ਸੀ ਪੁਲਿਸ ਵਾਲਿਆਂ ਨੇ ਉਸ ਤਰਫ਼ ਹਜ਼ਾਰਾਂ ਗੋਲੀਆਂ ਦੇ ਬਰਸਟ ਛੱਡ ਦਿੱਤੇ। ਸਾਰੇ ਮੈਗਜ਼ੀਨ ਖ਼ਾਲੀ ਕਰ ਦਿੱਤੇ। ਮਰੇ ਪਏ ਡਾਕੂ ਨੂੰ ਗੋਲੀਆਂ ਮਾਰ ਕੇ ਆਪਣੀ ਬਹਾਦਰੀ ਵਿਖਾ ਰਹੇ ਸਨ। ਡਾਕੂ ਘਨਸ਼ਿਆਮ ਦਾਸ ਦੇ ਮਰਨ 'ਤੇ ਪੱਤਰਕਾਰਾਂ ਨੇ ਵਿਦਵਾਨਾਂ ਤੋਂ ਕੁੱਝ ਸਵਾਲ ਪੁੱਛੇ। ਟੀ.ਵੀ. ਵਾਲੇ ਨੇ ਇੱਕ ਵਿਦਵਾਨ ਨੂੰ ਪੁੱਛਿਆ ਕਿ ਅੱਜ ਕੱਲ੍ਹ ਡਾਕੂਆਂ ਦਾ ਜ਼ਮਾਨਾਂ ਨਹੀਂ ਰਿਹਾ। ਇਨ੍ਹਾਂ ਦਾ ਭਵਿੱਖ ਤਾਂ ਹੁਣ ਖ਼ਤਮ ਹੀ ਸਮਝੋ। ਅੱਗੋਂ ਜੁਆਬ ਦੇਣ ਵਾਲੇ ਨੇ ਬੜੀ ਜੁਅੱਰਤ ਵਾਲਾ ਜੁਆਬ ਦਿੱਤਾ। ਆਖਣ ਲੱਗਾ- "ਨਹੀ ਭਾਈ ਨਹੀਂ! ਡਾਕੂਆਂ ਦਾ ਭਵਿੱਖ ਖ਼ਤਮ ਨਹੀਂ ਹੋਇਆ। ਸਗੋਂ ਹੋਰ ਚਮਕਿਆ ਹੈ। ਹੁਣ ਡਾਕੂਆਂ ਨੂੰ ਜੰਗਲਾਂ ਵਿੱਚ ਲੁਕਣਾ ਨਹੀਂ ਪੈਂਦਾ। ਉਹ ਸ਼ਹਿਰਾਂ ਵਿੱਚ ਆ ਵਸੇ ਹਨ। ਬਹੁਤ ਸਾਰੇ ਡਾਕੂ ਅਫ਼ਸਰ ਬਣ ਚੁੱਕੇ ਹਨ। ਜਿੰਨੇ ਸਾਰੇ ਡਾਕੂ ਵਾਪਾਰੀ ਬਣ ਗਏ ਹਨ। ਹੋਰ ਬਹੁਤ ਸਾਰੇ ਡਾਕੂ ਰਾਜਨੇਤਾ ਹਨ। ਜੱਜ ਹਨ, ਵਕੀਲ ਹਨ, ਡਾਕਟਰ ਹਨ। ਲੋਕ ਸਭਾ ਅਤੇ ਵਿਧਾਨ ਸਭਾਵਾਂ ਡਾਕੂਆਂ ਨਾਲ ਹੀ ਤਾਂ ਨੱਕੋ-ਨੱਕ ਭਰੀਆਂ ਪਈਆਂ ਹਨ। ਪਹਿਲਾਂ ਡਾਕੂਆਂ ਦੀ ਜ਼ਿੰਦਗੀ ਬਹੁਤ ਔਖੀ ਸੀ, ਬੜੇ ਖ਼ਤਰੇ ਸਨ। ਪੁਲਿਸ ਮੁਕਾਬਲੇ ਹੁੰਦੇ ਸਨ। ਫੜੇ ਜਾਣ 'ਤੇ ਡਾਕੂਆਂ ਨੂੰ ਉਮਰ ਕੈਦ ਭੁਗਤਣੀ ਪੈਂਦੀ ਸੀ। ਅੱਜ ਕੱਲ੍ਹ ਪੁਲਿਸ ਡਾਕੂਆਂ ਦੀ ਰਾਖੀ ਕਰਦੀ ਹੈ। ਸਾਰੇ ਭਾਰਤ 'ਤੇ ਡਾਕੂ ਕਾਬਜ ਹੋ ਚੁੱਕੇ ਹਨ। ਉਨ੍ਹਾਂ ਦਾ ਬੜਾ ਮਾਣ ਹੈ। ਨਾਹਰੇ, ਜੈਕਾਰੇ ਗੂੰਜਦੇ ਹਨ। ਆਪਣੇ ਗਲਾਂ ਵਿੱਚ ਹਾਰ ਪੁਆਉਂਦੇ ਹਨ। ਅੱਜ ਕੱਲ੍ਹ ਅਜਿਹੇ ਡਾਕੂ ਬਹੁਤ ਸਨਮਾਨਤ ਸ਼ਹਿਰੀਆਂ ਦਾ ਰੁਤਬਾ ਹਾਸਲ ਕਰ ਚੁੱਕੇ ਹਨ। ਇਸ ਲਈ ਗੱਜ ਵੱਜ ਕੇ ਐਲਾਨ ਕੀਤਾ ਜਾ ਸਕਦਾ ਹੈ ਕਿ ਭਾਰਤ ਵਿੱਚ ਡਾਕੂਆਂ ਦੇ ਕਾਰੋਬਾਰ ਨੂੰ ਕੋਈ ਖ਼ਤਰਾ ਨਹੀਂ। ਇਨ੍ਹਾਂ ਦਾ ਭਵਿੱਖ ਉਜਲਾ ਹੈ।

ਜੇ ਮਾਉ ਪੁਤੈ ਵਿਸੁ ਦੇ ਤਿਸ ਤੇ ਕਿਸੁ ਪਿਆਰਾ ॥
ਜੇ ਘਰੁ ਭੰਨੇ ਪਾਹਰੂ ਕਉਣੁ ਰਖਣਹਾਰਾ ॥
ਬੇੜੀ ਡੋਬੈ ਪਾਤਣੀ ਕਿਉ ਪਾਰਿ ਉਤਾਰਾ ॥
ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ ॥
ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ ॥
ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ ॥ (ਭਾ.ਗੁ. 35/22)

★★★★★★

ਮਹਾਂਬਲੀ ਰਣਜੀਤ ਸਿੰਘ

ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਮਾਤਰ ਦੀ ਬਹੁਪਰਤੀ ਗ਼ੁਲਾਮੀ ਕੱਟਣ ਵਾਸਤੇ ਜਿਥੇ ਖ਼ੁਦ ਯਤਨ ਕੀਤੇ ਉਥੇ ਆਪਣੇ ਉਤਰ ਅਧਿਕਾਰੀਆਂ ਨੂੰ ਲਗਾਤਾਰ ਬਿਨਾਂ ਰੁਕੇ, ਬਿਨਾਂ ਅੱਕੇ, ਬਗ਼ੈਰ ਥੱਕੇ, ਮੌਤ ਦਾ ਖੌਫ਼ ਉਤਾਰ ਕੇ, ਮਿਹਨਤ ਕਰਦੇ ਰਹਿਣ ਲਈ ਰੂਪ ਰੇਖਾ (ਪਲਾਨਿੰਗ) ਬਣਾ ਕੇ ਦੇ ਦਿੱਤੀ। ਸੁਝਾਏ ਗਏ ਰਾਹ 'ਤੇ ਚਲਦਿਆਂ ਅਨੰਤ ਮੁਸੀਬਤਾਂ ਆਈਆਂ। ਹਰ ਮੁਸੀਬਤ ਨੂੰ ਗੁਰੂ ਸਾਹਿਬ ਨੇ ਪਹਿਲਾਂ ਆਪਣੇ ਸਰੀਰ 'ਤੇ ਝੱਲਿਆ। ਉਨ੍ਹਾਂ ਦੀ ਕਰਨੀ ਅਤੇ ਕਥਨੀ ਨੂੰ ਵੇਖ ਕੇ ਹੋਰ ਲੋਕੀਂ ਲਗਾਤਾਰ ਇਸ ਕਾਫ਼ਲੇ ਵਿੱਚ ਰਲਦੇ ਗਏ। ਗੁਰੂ ਕਾਲ ਦੌਰਾਨ ਦਿੱਤੀ ਗਈ ਸਿਖਲਾਈ ਦੀ ਬਦੌਲਤ ਹੋਰ ਅਨੇਕਾਂ ਬਹਾਦਰਾਂ ਵਾਂਗ ਇੱਕ ਸਿਰ ਕੱਢਵਾਂ ਜੰਗੀ ਜਰਨੈਲ ਹੋਇਆ ਸੀ, ਭਾਈ ਬੰਦਾ ਸਿੰਘ ਬਹਾਦਰ। ਇਸ ਨੇ ਆਪਣੀ ਯੁੱਧ ਨੀਤੀ ਅਤੇ ਜਵਾਂ ਮਰਦੀ ਦਾ ਅਜਿਹਾ ਸਬੂਤ ਪੇਸ਼ ਕੀਤਾ ਕਿ ਲੰਮੇਂ ਸਮੇਂ ਤੋਂ ਸਥਾਪਤ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਆਪਣੇ ਸਾਥੀਆਂ ਨੂੰ ਵਿਸ਼ਵਾਸ ਕਰਵਾ ਦਿੱਤਾ ਕਿ ਅਸੀਂ ਸਾਰੇ ਰਲ ਮਿਲ ਕੇ ਇਨ੍ਹਾਂ ਲੁਟੇਰਿਆਂ ਨੂੰ ਗੱਦੀ ਤੋਂ ਉਤਾਰ ਸਕਦੇ ਹਾਂ। ਅੱਠ ਕੁ ਸਾਲ ਦੇ ਸੀਮਤ ਜਿਹੇ ਸਮੇਂ ਵਿੱਚ ਸਿੱਖਾਂ ਦੇ ਮਨਾਂ ਵਿੱਚ ਰਾਜ ਦੇ ਸੁਪਨੇ ਜਗਾ ਦਿੱਤੇ। ਕਦੀ ਘੱਟ ਕਦੀ ਵੱਧ ਇਹ ਭਿਆਨਕ ਜੰਗ ਹੋਰ 60 ਸਾਲ ਤੱਕ ਨਿਰੰਤਰ ਚਲਦੀ ਰਹੀ। ਸੰਨ 1770 ਤੋਂ ਮਗਰੋਂ ਪੰਜਾਬ 'ਤੇ ਕੋਈ ਬਾਹਰੋਂ ਵੱਡਾ ਹਮਲਾ ਨਹੀਂ ਹੋਇਆ। ਦਿੱਲੀ ਦੀ ਸਰਕਾਰ ਅਤਿਅੰਤ ਕਮਜ਼ੋਰ ਹੋ ਚੁੱਕੀ ਸੀ। ਹੁਣ ਸਿੱਖ ਮੁਖੀਆਂ ਨੇ ਆਪੋ ਆਪਣੇ "ਰਾਜ" ਕਾਇਮ ਕਰਨ ਵਾਸਤੇ ਇਲਾਕੇ ਮੱਲਣੇ ਸ਼ੁਰੂ ਕੀਤੇ। ਹਿੰਦੂਆਂ ਕੋਲ ਤਾਂ ਤਦੋਂ ਪੰਜਾਬ ਵਿੱਚ ਜ਼ਮੀਨ ਹੈ ਹੀ ਨਹੀਂ ਸੀ। ਮੁਸਲਮਾਨ ਹਾਕਮਾਂ, ਚੌਧਰੀਆਂ ਨੂੰ ਭਾਂਜ ਦੇ ਕੇ ਸਿੱਖਾਂ ਨੇ ਆਪਣੇ ਕਬਜੇ ਵਿੱਚ ਕਰਨ ਦੀ ਮੁਹਿੰਮ ਛੇੜ ਦਿੱਤੀ। ਤਕਰੀਬਨ ਤੀਹ ਸਾਲ ਤੱਕ ਸਿੱਖ ਆਪਸੀ ਭਰਾ ਮਾਰੂ ਜੰਗ ਵਿੱਚ ਖ਼ੂਨ ਬਹਾਉਂਦੇ ਰਹੇ। ਗੁਰੂ ਸਾਹਿਬ ਵੱਲੋਂ ਦਿੱਤੀ ਗਈ "ਪੰਜ ਪਿਆਰਾ" ਲੋਕ ਰਾਜੀ ਵਿਧੀ ਨੂੰ ਉਭਾਰ ਨਾ ਸਕੇ।

ਜ਼ਮੀਨ ਦੇ ਛੋਟੇ ਟੁਕੜਿਆਂ ਅਤੇ ਸੀਮਤ ਸੁੱਖ ਸਾਧਨਾਂ ਨੂੰ ਕੁਚਲ ਕੇ ਮੁੜ ਤੋਂ ਹੋਰ ਕੋਈ ਹਮਲਾਵਰ ਆ ਕੇ ਸਭ ਕੁੱਝ ਮਲੀਆ ਮੇਟ ਕਰ ਸਕਦਾ ਸੀ। ਵੱਡੀ ਸ਼ਕਤੀ ਨਾਲ ਟੱਕਰ ਲੈਣ ਵਾਸਤੇ ਉਸ ਤੋਂ ਵੱਡੀ ਸਾਂਝੀ ਤਾਕਤ ਚਾਹੀਦੀ ਸੀ। ਇਹ ਮਾਣ ਪ੍ਰਾਪਤ ਹੋਇਆ ਮਹਾਨ ਸਪੂਤ, ਤੇਗ ਦੇ ਧਨੀ, ਜੰਗ ਨੀਤੀਆਂ ਦੇ ਮਾਹਿਰ, ਅਣਥਕ ਯੋਧੇ ਮਹਾਰਾਜਾ ਰਣਜੀਤ ਸਿੰਘ ਨੂੰ। ਉਸ ਨੇ ਅਤਿਅੰਤ ਸਿਆਣਪ ਨਾਲ ਸਿੱਖ ਸਰਦਾਰਾਂ ਨੂੰ ਇਕੱਠੇ ਕਰਨਾ ਸ਼ੁਰੂ ਕੀਤਾ। ਵਿਦੇਸ਼ੀ ਜਾਬਰਾਂ ਵੱਲੋਂ ਕੀਤੇ ਜ਼ੁਲਮ ਯਾਦ ਕਰਾਏ। ਆਜ਼ਾਦੀ ਦੀਆਂ ਬਰਕਤਾਂ ਗਿਣਾਈਆਂ। ਅਮਨ ਅਤੇ ਜੰਗ ਦੇ ਫ਼ਰਕ ਸਮਝਾਏ। ਗੁਰੂ ਸਾਹਿਬ ਵੱਲੋਂ ਕੀਤੇ ਉਪਕਾਰ ਗਿਣਾਏ, ਰੱਬ ਦਾ ਵਾਸਤਾ ਪਾਇਆ। ਸੌ ਸਾਲ ਤੋਂ ਉਜੜਦੇ ਅਤੇ ਕਤਲ ਹੁੰਦੇ ਸਿੱਖਾਂ ਦੀ ਦਾਸਤਾਨ ਸੁਣਾਈ। ਔਰਤਾਂ ਦੀ ਪੱਤ ਰੁਲਦੀ ਯਾਦ ਕਰਾਈ। ਬੱਚਿਆਂ ਦੇ ਟੋਟੇ ਕਰ ਕੇ ਗਲਾਂ

ਵਿੱਚ ਹਾਰ ਪਾਇਆਂ ਦੇ ਦਰਦ ਸਮਝਾਏ। ਬਹੁਤ ਸਾਰੇ ਸਿੱਖ ਸਰਦਾਰਾਂ ਨੇ ਆਪਣੀ ਵੱਖਰੀ ਜਗੀਰ ਜਾਂ ਰਿਆਸਤ ਤਿਆਗ ਕੇ ਸਾਂਝੇ ਸਿੱਖ ਰਾਜ ਦਾ ਹਿੱਸਾ ਬਣਨਾ ਪ੍ਰਵਾਨ ਕਰ ਲਿਆ। ਇਸ ਤਰ੍ਹਾਂ ਆਪਣੀ ਤਾਕਤ ਵਧਾ ਕੇ ਰਣਜੀਤ ਸਿੰਘ ਨੇ ਫਿਰ "ਬਾਗ਼ੀ ਸਿੱਖ ਸਰਦਾਰਾਂ ਨੂੰ ਸੋਧਣ" ਦੀ ਮੁਹਿੰਮ ਬੰਦ ਕਰ ਦਿੱਤੀ। ਦਸ ਕੁ ਸਾਲ ਦੇ ਸਮੇਂ ਵਿੱਚ ਰਣਜੀਤ ਸਿੰਘ ਇੱਕ ਤਾਕਤਵਰ ਮਹਾਰਾਜਾ ਬਣ ਕੇ ਉਭਰਿਆ। ਸ਼ਾਹ ਮੁਹੰਮਦ ਲਿਖਦਾ ਹੈ-

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ, ਪਸੌਰ, ਚੰਬਾ, ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ, ਸਿੱਕਾ ਆਪਣੇ ਨਾਂ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਿਆ।

ਇਉਂ ਲਗਦਾ ਹੈ ਕਿ ਸਿੱਖ ਲੇਖਕਾਂ ਨੂੰ ਜਾਂ ਤਾਂ ਹੌਸਲਾ ਹੀਣ ਕੀਤਾ ਗਿਆ ਹੈ। ਉਹ ਡਰ ਗਏ ਹਨ ਜਾਂ ਗ਼ਿਸ਼ਵਤ ਦੇ ਕੇ ਜ਼ੁਬਾਨ ਅਤੇ ਕਲਮ ਕੁਰਾਹੇ ਪਾ ਦਿੱਤੀ ਗਈ ਹੈ ਜਾਂ ਫਿਰ ਮੰਨ ਲਈਏ ਕਿ ਸਿੱਖ ਚਿੰਤਕ ਮੂਰਖ ਹਨ। ਮੈਨੂੰ ਇਹ ਕੌੜੇ ਵਚਨ ਇਸ ਲਈ ਲਿਖਣੇ ਪੈ ਰਹੇ ਹਨ ਕਿ ਛੇਵੇਂ ਸਤਿਗੁਰੂ ਨੇ "ਸੰਤ ਤੇ ਸਿਪਾਹੀ" ਬਣਾਇਆ। "ਭਗਤੀ ਤੇ ਸ਼ਕਤੀ" ਇੱਕ ਥਾਂ ਇਕੱਠੀ ਕੀਤੀ। ਬਾਜ, ਤਾਜ, ਤੇਗ, ਫ਼ੌਜ ਤੇ ਰਾਜ ਨਾਲ ਸਬੰਧਤ ਹਨ ਨਾ ਕਿ ਭਗਤੀ ਨਾਲ। ਫਿਰ ਦਰਬਾਰ ਸਾਹਿਬ ਚੰਗਾ ਸੋਹਣਾ ਧਰਮ ਅਸਥਾਨ ਬਣਿਆ ਸੀ ਨੇੜੇ "ਤਖ਼ਤ" (ਉਸ ਸਮੇਂ ਊਚਾ ਥੜ੍ਹਾ) ਬਣਾਉਣ ਦੀ ਕੀ ਲੋੜ ਸੀ? ਸਾਰੇ ਗੁਰ ਵਿਅਕਤੀਆਂ ਨੂੰ ਫ਼ੌਜੀ ਕਮਾਂਡਰ ਆਖੀ ਜਾਣਗੇ। ਫ਼ੌਜਾਂ, ਤੋਪਾਂ, ਹਥਿਆਰਾਂ ਦੀ ਵਰਤੋਂ ਕਰਦੇ ਬਿਆਨ ਕਰਨਗੇ। ਅਖ਼ੀਰ ਵਿੱਚ ਇਹ ਭੀ ਕਹਿ ਦੇਣਗੇ ਕਿ "ਗੁਰੂ ਸਾਹਿਬ ਧਾਰਮਕ ਸ਼ਖ਼ਸੀਅਤ ਸਨ। ਰਾਜ ਕਾਇਮ ਕਰਨਾ, ਉਨ੍ਹਾਂ ਦਾ ਇਰਾਦਾ ਨਹੀਂ ਸੀ। ਜੇ ਉਹ ਭਗਤੀ ਜਾਂ ਧਰਮ ਕਰਮ ਤੱਕ ਸੀਮਤ ਸਨ ਫਿਰ ਜੰਗ ਲੜਨ ਦੀ, ਕਿਲ੍ਹੇ ਬਣਾਉਣ ਦੀ ਕੀ ਲੋੜ ਸੀ? ਜੇ ਖ਼ੁਦ ਉਹ ਰਾਜ ਨਹੀਂ ਕਰਨਾ ਚਾਹੁੰਦੇ ਸਨ ਤਾਂ ਅਚਨਚੇਤੀ ਬੰਦਾ ਸਿੰਘ ਨੂੰ ਦਸਵੇਂ ਗੁਰੂ ਜੀ ਨੇ ਰਾਜ ਲੈਣ ਦੀ ਆਗਿਆ ਕਿਉਂ ਦੇ ਦਿੱਤੀ? ਉਪ੍ਰੰਤ ਭਾਈ ਕਪੂਰ ਸਿੰਘ ਦੀ ਨਵਾਬੀ 'ਤੇ ਮਾਣ ਕਿਉਂ ਕੀਤਾ ਜਾ ਰਿਹੈ? ਭਾਈ ਜੱਸਾ ਸਿੰਘ ਆਹਲੂਵਾਲੀਆ "ਸੁਲਤਾਨ-ਉਲ-ਕੌਮ" ਕਿਵੇਂ ਬਣਾ ਧਰਿਆ? ਜੇ ਪਹਿਲਾਂ ਵਾਲਾ ਵਰਤਾਰਾ ਸਭ ਠੀਕ ਹੈ ਤਾਂ ਮਾ. ਰਣਜੀਤ ਸਿੰਘ ਵੱਲੋਂ ਰਾਜ ਸਥਾਪਤ ਕਰਨਾ ਗ਼ਲਤ ਕਿਉਂ ਹੈ? ਭਾਵੇਂ ਬੰਦਾ ਸਿੰਘ ਨੇ ਜ਼ਮੀਨ ਹਲ ਵਾਹਕ ਨੂੰ ਦੇਣ ਦਾ ਐਲਾਨ ਕਰ ਦਿੱਤਾ ਸੀ। ਸਹੀ ਮਾਇਨਿਆਂ ਵਿੱਚ ਜ਼ਮੀਨ ਮਹਾਰਾਜਾ ਰਣਜੀਤ ਸਿੰਘ ਨੇ ਸਿੱਖਾਂ ਨੂੰ ਲੈ ਕੇ ਦਿੱਤੀ ਸੀ। ਉਸ ਤੋਂ ਪਹਿਲਾਂ ਦੇਸ਼ ਦੀ ਸਾਰੀ ਜ਼ਮੀਨ ਰਾਜੇ ਦੀ ਮਾਲਕੀ ਹੋਇਆ ਕਰਦੀ ਸੀ। ਬਾਕੀ ਲੋਕ ਠੇਕੇਦਾਰਾਂ ਦੇ ਅਧੀਮ ਮੁਜਾਰੇ (ਕਿਸੇ ਹੋਰ ਦੀ ਜ਼ਮੀਨ 'ਤੇ ਕਾਸਤ ਕਰਨ ਵਾਲੇ) ਹੋਇਆ ਕਰਦੇ ਸਨ। ਅਰਬ ਮੁਲਕਾਂ ਵਿੱਚ ਅੱਜ ਤਾਈਂ ਇਹੀ ਦਸਤੂਰ ਚੱਲ ਰਿਹਾ ਹੈ। ਜੇ ਸਿੱਖ (ਕਾਸਤਕਾਰ) ਜ਼ਮੀਨ ਦੇ ਮਾਲਕ ਨਾ ਬਣਾਏ ਜਾਂਦੇ ਤਾਂ ਮਜ਼ਦੂਰੀ ਕਰਦੇ, ਭੁੱਖੇ ਮਰਦੇ। ਜੇ ਰਣਜੀਤ ਸਿੰਘ ਵਰਗਾ ਸਿਆਣਾ ਤੇ ਸ਼ਕਤੀਵਾਨ ਬਾਦਸ਼ਾਹ ਸਿੱਖਾਂ ਨੂੰ ਨਾ ਮਿਲਦਾ ਤਾਂ ਸਿੱਖਾਂ ਨੇ ਆਰਥਕ ਪੱਖੋਂ ਕੰਗਲੇ ਤਾਂ ਹੋਣਾ ਹੀ ਸੀ ਸਗੋਂ ਰਾਜੇ ਅਖਵਾਉਣ

ਦੇ ਮਾਣ ਤੋਂ ਭੀ ਵਾਂਝੇ ਹੀ ਰਹਿ ਜਾਣਾ ਸੀ। ਜਿਸ ਬਹਾਦਰੀ 'ਤੇ ਅਸੀਂ ਅੱਜ ਮਾਣ ਕਰਦੇ ਹਾਂ ਜੇ ਰਾਜ ਕਾਇਮ ਨਾ ਕਰ ਸਕਦੇ, ਉਹ ਵਿਅਰਥ ਗਈ ਸਮਝੀ ਜਾਣੀ ਸੀ। ਜਾਬਰ ਹਾਕਮਾਂ ਨੂੰ ਜ਼ੁਲਮ ਕਰਨੋਂ ਜੇ ਰੋਕਿਆ ਹੈ ਤਾਂ ਰਾਜਸੀ ਸ਼ਕਤੀ ਨੇ। ਅੰਗਰੇਜ਼ਾਂ ਨੂੰ ਸਮਝੌਤੇ ਕਰਨ ਲਈ ਜੇਕਰ ਮਜਬੂਰ ਕੀਤਾ ਹੈ ਤਾਂ ਰਣਜੀਤ ਸਿੰਘ ਦੀ ਤੇਗ ਨੇ। ਭਾਰਤ ਦੇਸ਼ ਨੂੰ ਆਮ ਕਰ ਕੇ ਅਤੇ ਪੰਜਾਬ ਨੂੰ ਖ਼ਾਸ ਕਰ ਕੇ ਉੱਜੜੇ ਹੋਏ ਨੂੰ ਜੇ ਵਸਾਇਆ ਹੈ ਤਾਂ ਸਿੱਖਾਂ ਦੀ ਰਾਜਸੀ ਤਾਕਤ ਨੇ। ਸੰਸਾਰ ਪੱਧਰੀ ਪਛਾਣ ਬਣਾਈ ਹੈ ਤਾਂ ਸ਼ੇਰ-ਏ-ਪੰਜਾਬ ਨੇ।

ਮਹਾਰਾਜਾ ਰਣਜੀਤ ਸਿੰਘ ਦੀ ਸ਼ਖ਼ਸੀਅਤ ਅਤੇ ਰਾਜਨੀਤਕ ਸੂਝ-ਬੂਝ ਵਿੱਚ ਬਹੁਤ ਸਾਰੇ ਨੁਕਸ ਕੱਢੇ ਜਾ ਰਹੇ ਹਨ। ਜ਼ਰਾ ਉਨ੍ਹਾਂ ਹਾਲਾਤਾਂ ਵੱਲ ਝਾਤ ਮਾਰੋ ਜਿਨ੍ਹਾਂ ਬਿਖੜੇ ਹਾਲਾਤਾਂ ਵਿੱਚ ਸਾਧਾਰਨ ਪ੍ਰਵਾਰ ਵਿੱਚ ਜਨਮ ਲੈ ਕੇ ਇੱਕ ਸ਼ਕਤੀਸ਼ਾਲੀ ਬਾਦਸ਼ਾਹਤ ਕਾਇਮ ਕਰ ਲੈਣੀ ਕਿਸੇ ਕਰਾਮਾਤ ਤੋਂ ਘੱਟ ਨਹੀਂ ਹੈ। ਹਿੰਦੂ ਬਹੁਗਿਣਤੀ ਵਿੱਚ ਸਨ। ਮੁਸਲਮਾਨ ਸਿੱਖਾਂ ਨਾਲੋਂ ਵੱਧ ਗਿਣਤੀ ਵਿੱਚ ਸਨ। ਦਿੱਲੀ ਦੇ ਤਖ਼ਤ 'ਤੇ ਅਜੇ ਭੀ ਮੁਸਲਮਾਨਾਂ ਦਾ ਰਾਜ ਸੀ। ਲਾਹੌਰ ਸ਼ਾਹੀ ਤਖ਼ਤ 'ਤੇ ਜਦੋਂ ਸਿੱਖਾਂ ਦਾ ਕਬਜ਼ਾ ਹੋ ਗਿਆ, ਖ਼ਾਲਸਾਈ ਝੰਡਾ ਚੜ੍ਹ ਗਿਆ। ਵੱਡੇ-ਵੱਡੇ ਤਜਰਬੇਕਾਰ ਮੁਸਲਮਾਨ ਨੌਕਰੀ ਲੈਣ ਵਾਸਤੇ ਹੱਥ ਜੋੜ ਕੇ ਕਤਾਰਾਂ ਵਿੱਚ ਖੜੇ ਸਨ। ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਹਿੰਦੂ ਤਰਲੋ ਮੱਛੀ ਹੋ ਰਹੇ ਸਨ। ਹਜ਼ਾਰਾਂ ਮੀਲਾਂ ਦਾ ਪੰਧ ਤੈਹ ਕਰ ਕੇ ਗੋਰੇ ਆਪਣੀਆਂ ਸੇਵਾਵਾਂ ਦੇਣੀਆਂ ਚਾਹੁੰਦੇ ਸਨ। ਇਤਿਹਾਸਕਾਰਾਂ ਵੱਲੋਂ ਗੁਰੂ ਨਾਨਕ ਸਾਹਿਬ ਦੀ ਪ੍ਰਸੰਸਾ ਕੀਤੀ ਤਾਂ ਇਸ ਲਈ ਕਿਉਂਕਿ ਸਿੱਖਾਂ ਕੋਲ ਰਾਜਸੀ ਤਾਕਤ ਆ ਗਈ ਸੀ। ਮਹਾਰਾਜੇ ਦੀ ਅਤੇ ਹੋਰ ਸਿੱਖ ਸਰਦਾਰਾਂ ਦੀ ਖ਼ੁਸ਼ਨੂਦੀ ਕਰਨ ਦਾ ਇਹ ਭੀ ਇੱਕ ਢੰਗ ਸੀ ਕਿ ਇਨ੍ਹਾਂ ਦੇ ਗੁਰੂਆਂ ਦੀ ਵਡਿਆਈ ਕਰੋ, ਸਿੱਖ ਖ਼ੁਸ਼ ਹੋਣਗੇ। ਅਸੀਂ ਸਿੱਖਾਂ ਦੇ ਨਜ਼ਰੇ ਕਰਮ ਬਣ ਜਾਵਾਂਗੇ। ਬਹੁਤ ਸਾਰੇ ਗ਼ੈਰ ਸਿੱਖ ਕਵੀਆਂ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਵਾਰਾਂ ਲਿਖੀਆਂ, ਕਵਿਤਾਵਾਂ ਗਾਈਆਂ, ਸਨਮਾਨ ਪਾਇਆ। ਵਿਦੇਸ਼ੀ ਸਰਕਾਰਾਂ ਨਾਲ ਤਾਲ-ਮੇਲ ਬਣਿਆ। ਸੰਸਾਰ ਪੱਧਰ 'ਤੇ ਸਿੱਖਾਂ ਦੀ ਪਛਾਣ ਕਾਇਮ ਹੋਈ। ਸਿੱਖਾਂ ਦਾ ਰਾਜ ਸਿੱਖਾਂ ਦਾ ਧਰਮ, ਇਨ੍ਹਾਂ ਦੀ ਰਹਿਤ ਸੁਭਾ ਆਦਿ ਵੇਖ-ਪਰਖ ਕੇ ਕਈ ਵਿਦੇਸ਼ੀ ਯਾਤਰੂਆਂ ਨੇ ਦੁਨੀਆਂ ਦੇ ਲੋਕਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਦਿੱਤੀ।

ਨਪੋਲੀਅਨ ਬੋਨਾਪਾਰਟ ਵਾਟਲਰੂ ਦੇ ਜੰਗੀ ਮੈਦਾਨ ਵਿੱਚ ਬਰਤਾਨੀਆਂ ਦੀ ਫ਼ੌਜ ਹੱਥੋਂ ਹਾਰ ਗਿਆ। ਫ਼ਰਾਂਸ ਦੇਸ਼ ਦੇ ਵਿਦਵਾਨਾਂ, ਲੇਖਕਾਂ ਅਤੇ ਉਥੋਂ ਦੀਆਂ ਸਰਕਾਰਾਂ ਨੇ ਨਪੋਲੀਅਨ ਦੀ ਹਾਰ ਨੂੰ ਪੂਰੇ ਫ਼ਰਾਂਸ ਦੇਸ਼ ਦੇ ਲੋਕਾਂ ਦਾ ਅਪਮਾਨ ਬਣਾ ਕੇ ਪੇਸ਼ ਕੀਤਾ। ਇੱਕ ਸੌ ਪੰਜਾਹ ਸਾਲ ਤੱਕ ਫ਼ਰਾਂਸ ਸਰਕਾਰ ਅਤੇ ਲੇਖਕਾਂ ਵੱਲੋਂ ਬਾਰ-ਬਾਰ ਨਪੋਲੀਅਨ ਨੂੰ ਕਾਇਰ ਕਿਹਾ ਗਿਆ, ਅਪਮਾਨ ਕੀਤਾ ਗਿਆ। ਡੇਢ ਸੌ ਸਾਲ ਤੋਂ ਮਗਰੋਂ ਜਾ ਕੇ ਵਿਦਵਾਨਾਂ ਦੀਆਂ ਅੱਖਾਂ ਖੁੱਲ੍ਹੀਆਂ ਕਿ ਨਪੋਲੀਅਨ ਵਰਗਾ ਬਹਾਦਰ ਅਤੇ ਨੀਤੀਵਾਨ ਫ਼ਰਾਂਸ ਵਿੱਚ ਹੈ ਭੀ ਕੋਈ ਨਹੀਂ ਸੀ। ਡੇਢ ਸੌ ਸਾਲ ਦੇ ਲੰਮੇਂ ਅਰਸੇ ਮਗਰੋਂ ਭੀ ਨਪੋਲੀਅਨ ਦੇ ਪੱਧਰ ਦਾ ਕੋਈ ਸੂਰਮਾ ਫ਼ਰਾਂਸ ਵਿੱਚ ਪੈਦਾ ਨਹੀਂ ਹੋਇਆ। ਫਿਰ ਉਨ੍ਹਾਂ ਦੀ ਸਰਕਾਰ ਨੇ ਫ਼ੈਸਲਾ ਲਿਆ ਕਿ

ਨਪੋਲੀਅਨ ਦੀ ਯਾਦਗਾਰ ਬਣਾਈ ਜਾਵੇ। ਨਪੋਲੀਅਨ ਦੀ ਕਬਰ ਵਿੱਚੋਂ ਉਸ ਦੀਆਂ ਹੱਡੀਆਂ ਕੱਢ ਕੇ ਸ਼ੀਸ਼ੇ ਵਿੱਚ ਸੰਭਾਲ ਕੇ ਲੋਕਾਂ ਨੂੰ ਦਰਸ਼ਨ ਕਰਵਾਏ ਗਏ। ਫਿਰ ਇੱਕ ਬਹਾਦਰਾਂ ਦਾ ਗੇਟ ਉਸਾਰਿਆ ਗਿਆ। ਇਸ ਦੀਆਂ ਨੀਂਹਾਂ ਵਿੱਚ ਹੱਡੀਆਂ ਟਿਕਾਈਆਂ ਗਈਆਂ। ਉਸ ਦੀ ਯਾਦ ਵਿੱਚ ਖੋਜ ਵਿਭਾਗ ਬਣਾਏ। ਸਨਮਾਨ ਚਾਲੂ ਕੀਤੇ। ਨੋਟਾਂ 'ਤੇ ਫ਼ੋਟੋਆਂ ਛਾਪੀਆਂ। ਹੁਣ ਜਦੋਂ ਫ਼ੌਜ ਲਈ ਭਰਤੀ ਹੋਏ ਰੰਗਰੂਟ ਆਪਣੀ ਟ੍ਰੇਨਿੰਗ ਪੂਰੀ ਕਰ ਕੇ ਆਪਣੀ ਡਿਊਟੀ ਦੇ ਕਾਬਲ ਹੋ ਜਾਂਦੇ ਹਨ। ਉਸ ਸਮੇਂ ਉਨ੍ਹਾਂ ਨੌਜੁਆਨਾਂ ਨੂੰ ਨਪੋਲੀਅਨ ਵਾਲੇ ਗੇਟ ਦੇ ਹੇਠਾਂ ਖੜਾ ਕੇ ਮਹਾਨ ਯੋਧੇ ਨਪੋਲੀਅਨ ਨੂੰ ਯਾਦ ਕਰ ਕੇ ਦੇਸ਼ ਦੀ ਵਫ਼ਾਦਾਰੀ ਦੀ ਕਸਮ ਚੁਕਵਾਈ ਜਾਂਦੀ ਹੈ। ਜੇ ਬਹਾਦਰ ਬਣੋ ਤਾਂ ਐਹੋ ਜਿਹੇ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਉਸ ਦੀ ਪ੍ਰਸੰਸਾ ਹੋਣ ਲੱਗੀ ਹੈ। ਨਪੋਲੀਅਨ ਬਾਰੇ ਕਾਫ਼ੀ ਸਾਰਾ ਸਾਹਿਤ ਨਵੇਂ ਸਿਰਿਓਂ ਤਿਆਰ ਕੀਤਾ ਗਿਆ ਹੈ। ਹੌਲੀ-ਹੌਲੀ ਲੋਕ ਉਸ ਨੂੰ ਸਨਮਾਨ ਦੇਣ ਲੱਗ ਪਏ ਹਨ।

ਮਹਾਰਾਜਾ ਰਣਜੀਤ ਸਿੰਘ ਨੂੰ ਜੇ ਮੁਸਲਮਾਨ ਲੇਖਕ ਚੋਰ, ਡਾਕੂ ਕਹਿਣ ਤਾਂ ਸਮਝਿਆ ਜਾ ਸਕਦਾ ਹੈ ਕਿ ਨਾਦਰ ਸ਼ਾਹ ਦੇ ਪੋਤਰੇ ਸ਼ਾਹ ਜਹਾਨ ਨੂੰ ਪੰਜਾਬ ਵਿੱਚੋਂ ਭੱਜਣ ਵਾਸਤੇ ਰਣਜੀਤ ਸਿੰਘ ਨੇ ਹੀ ਮਜਬੂਰ ਕੀਤਾ ਸੀ। ਪੰਜਾਬ ਦਾ ਅਮਿਣਵਾਂ ਧਨ, ਮਾਲ ਤੇ ਜ਼ਮੀਨ ਉਨ੍ਹਾਂ ਤੋਂ ਵਾਪਸ ਖੋਹ ਲਈ ਸੀ ਤੇ ਆਪਣੇ ਭਰਾਵਾਂ, ਦੇਸ਼ ਵਾਸੀਆਂ ਦੇ ਹਵਾਲੇ ਕੀਤੀ ਸੀ। ਜੇਕਰ ਹਿੰਦੂ ਲੇਖਕ ਰਣਜੀਤ ਸਿੰਘ ਬਾਰੇ ਅਪਮਾਨ ਜਨਕ ਟਿੱਪਣੀਆਂ ਕਰਨ ਤਾਂ ਸਮਝ ਆਉਂਦੀ ਹੈ ਕਿਉਂਕਿ ਬਾਈ ਧਾਰ ਦੇ ਸਾਰੇ ਇਲਾਕੇ ਨੂੰ ਉਨ੍ਹਾਂ ਦੇ ਮਾਲਕਾਂ ਕੋਲੋਂ ਖੋਹ ਕੇ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ ਸੀ। ਰਣਜੀਤ ਸਿੰਘ ਨੇ ਗੋਰਿਆਂ ਨੂੰ ਪੰਜਾਬ 'ਤੇ ਕਬਜਾ ਕਰਨ ਲਈ ਪੰਜਾਹ ਸਾਲ ਲੇਟ ਕਰ ਦਿੱਤਾ ਸੀ। ਗੋਰਿਆਂ ਨੂੰ ਅਫ਼ਗਾਨਿਸਤਾਨ ਵੱਲ ਜਾਣ ਤੋਂ ਰੋਕ ਖੜੀ ਕਰ ਦਿੱਤੀ ਸੀ। ਸਿੱਖ ਲੇਖਕਾਂ ਦੀ ਬਿਰਤੀ ਆਪਣੀ ਆਜ਼ਾਦ ਸੋਚ ਗੁਆ ਚੁੱਕੀ ਲਗਦੀ ਹੈ। ਦੂਜਿਆਂ ਦੀਆਂ ਲਿਖਤਾਂ 'ਤੇ ਨਿਰਭਰ ਹੋ ਕੇ ਲਿਖਦੇ ਹਨ। ਗੁਰਬਾਣੀ ਤੋਂ ਅਣਜਾਣ ਹਨ। ਮਨੋਵਿਗਿਆਨਕ ਢੰਗ ਨਾਲ ਆਪਣੇ ਨਾਇਕ ਨੂੰ ਕਿਸ ਚਰਿਤਰ ਵਿੱਚ ਉਸਾਰਨਾ ਹੈ। ਆਪਣੇ ਨੌਜੁਆਨਾਂ ਲਈ ਇੱਕ ਮਾਡਲ ਰੂਪ ਵਿੱਚ ਕਿਵੇਂ ਪੇਸ਼ ਕਰਨਾ ਹੈ। ਉਹ ਭੁੱਲ ਗਏ ਲਗਦੇ ਹਨ। ਜੇਕਰ ਸਿੱਖ ਦੋ ਸੌ ਸਾਲ ਦੀ ਖ਼ੂਨੀ ਜੰਗ ਤੋਂ ਬਾਅਦ ਭੀ ਆਪਣੇ ਲੋਕਾਂ ਨੂੰ ਚੰਗਾ ਰਾਜ ਪ੍ਰਬੰਧ ਨਹੀਂ ਦੇ ਸਕੇ। ਫ਼ਿਰ ਆਉਣ ਵਾਲੇ ਸਮੇਂ ਵਿੱਚ ਲੋਕੀਂ ਸਾਡੇ 'ਤੇ ਇਤਬਾਰ ਨਹੀਂ ਕਰਨਗੇ। ਜੇ ਰਣਜੀਤ ਸਿੰਘ ਵਿੱਚ ਅਤੇ ਪਹਿਲਾਂ ਰਾਜ ਕਰਨ ਵਾਲੇ ਰਾਜਿਆਂ ਵਿੱਚ ਕੋਈ ਫ਼ਰਕ ਨਹੀਂ ਸੀ ਫਿਰ ਇਸ ਰਾਜ ਦੀ ਲੋੜ ਹੀ ਕੀ ਸੀ ? ਆਪਣੇ ਲੋਕਾਂ ਅੰਦਰ ਰਾਜ ਦਾ ਸੰਕਲਪ ਜੀਵਤ ਰੱਖਣ ਵਾਸਤੇ ਸੋਚਣਾ ਪਵੇਗਾ। ਗੁਰੂ ਸਾਹਿਬਾਨ ਤੋਂ ਸ਼ੁਰੂ ਹੋ ਕੇ ਮੌਜੂਦਾ ਸਮੇਂ ਤੱਕ ਆਪਣੀ ਸੋਚ ਨੂੰ ਇਸ ਤਰ੍ਹਾਂ ਢਾਲਣਾ ਪਵੇਗਾ- **"ਗੁਰਬਾਣੀ ਵਿੱਚ ਲੋਕ ਪੱਖੀ ਚੰਗਾ ਰਾਜ ਸਥਾਪਤ ਕਰਨ ਦੀ ਹਦਾਇਤ ਕੀਤੀ ਗਈ ਹੈ। ਸਿੱਖਾਂ ਨੇ ਰਣਜੀਤ ਸਿੰਘ ਦੇ ਸਮੇਂ, ਸਮਾਜ ਨੂੰ ਸਾਰਿਆਂ ਨਾਲੋਂ ਵਧੀਆ ਰਾਜ ਪ੍ਰਬੰਧ ਦਿੱਤਾ ਹੈ। ਅੱਜ ਭੀ ਸਿੱਖ ਆਪਣੇ ਲੋਕਾਂ ਨੂੰ ਚੰਗਾ ਰਾਜ ਦੇਣ ਦੇ ਸਮਰੱਥ ਹਨ। ਇੱਕ ਦਿਨ ਅਸੀਂ ਰਾਜ ਜ਼ਰੂਰ ਪ੍ਰਾਪਤ ਕਰ**

ਲਵਾਂਗੇ।" ਦੁਨੀਆਂ ਦੇ ਧਰਮੀ ਪੁਰਖਾਂ ਵਾਸਤੇ ਲੋਕਾਂ ਵਿੱਚ "ਸ਼ਰਧਾ" ਹੋਣ ਕਾਰਨ (ਸੱਚੀਆਂ ਭੀ ਅਤੇ ਝੂਠੀਆਂ ਭੀ) ਪਰਉਪਕਾਰ ਦੀਆਂ ਕਥਾਵਾਂ ਪ੍ਰਚੱਲਤ ਹੋਈਆਂ ਆਮ ਪੜ੍ਹਨ-ਸੁਣਨ ਨੂੰ ਮਿਲ ਜਾਂਦੀਆਂ ਹਨ। ਬਾਦਸ਼ਾਹਾਂ ਦੇ ਉਪਕਾਰ ਦੀਆਂ ਸਾਖੀਆਂ ਨਾਂਹ ਦੇ ਬਰਾਬਰ ਹਨ। ਮੇਰੇ ਲੰਮੇ ਅਧਿਐਨ ਵਿੱਚ ਰਾਜਾ ਬਿਕਰਮਾਜੀਤ, ਰਾਜਾ ਜਨਕ, ਰਾਜਾ ਨੌਸੇਰਵਾਂ ਅਤੇ ਰਾਜਾ ਰਣਜੀਤ ਸਿੰਘ ਦੀਆਂ ਸੇਵਾ ਭਾਵਨਾਂ ਵਾਲੀਆਂ ਕਥਾਵਾਂ ਆਮ ਲੋਕਾਂ ਵਿੱਚ ਪ੍ਰਚੱਲਤ ਹਨ। ਰੱਬ ਦਾ ਭੈ ਮੰਨਣ ਵਾਲੇ ਮਨੁੱਖਤਾ ਨੂੰ ਪਿਆਰ ਕਰਨ ਵਾਲੇ, ਰਾਜਿਆਂ ਦੇ ਨਿੱਜ ਨਾਲ ਜੁੜੀਆਂ ਇਹ ਕਥਾਵਾਂ ਦੱਸ ਪਾਉਂਦੀਆਂ ਹਨ ਕਿ ਕੋਈ ਗੁਣ ਇਨ੍ਹਾਂ ਵਿੱਚ ਜ਼ਰੂਰ ਸੀ। ਵਰਨਾ ਸਾਰੇ ਰਾਜ ਕਰਨ ਵਾਲੇ ਲੋਕ ਰੱਤ ਪੀਣੇ, ਸ਼ਰਾਬੀ-ਅਯਾਸ਼, ਦਰਿੰਦੇ, ਬੇਰਹਿਮ ਵਗੈਰਾ ਹੀ ਹੋਏ ਹਨ। ਪੁਰਾਣੇ ਸਮਿਆਂ ਦੀ ਗੱਲ ਜੇ ਨਾ ਭੀ ਕਰੀਏ ਤਾਂ ਅੱਜ ਤੱਕ ਰਾਜਨੀਤੀ ਵਿੱਚ ਉਹੀ ਜਬਰ-ਜ਼ੁਲਮ, ਅਯਾਸ਼ੀ ਤੇ ਬਦਮਾਸ਼ੀ ਵੇਖੀ ਜਾ ਸਕਦੀ ਹੈ। ਮਹਾਰਾਜਾ ਰਣਜੀਤ ਸਿੰਘ ਦਾ ਅਕਸ਼ ਧੁੰਦਲਾ ਕਰਨ ਦਾ ਮਕਸਦ ਇਹੀ ਮੰਨਿਆ ਜਾ ਸਕਦਾ ਹੈ ਕਿ ਸਿੱਖ ਕੌਮ ਕੋਲ ਕੋਈ ਸਨਮਾਨਯੋਗ ਹਸਤੀ ਨਾ ਰਹਿ ਜਾਵੇ। ਨਾ ਰਣਜੀਤ ਸਿੰਘ ਯਾਦ ਰਹੇ ਨਾ ਵਧੀਆ ਸਿੱਖ ਰਾਜ ਚੇਤੇ ਆਵੇ। ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ 'ਤੇ ਲੋਕ ਦਰਦ ਦਾ ਬਿਆਨ ਬਹੁਤ ਸਾਰੇ ਕਵੀਆਂ ਨੇ ਲਿਖਿਆ ਹੈ। ਰਣਜੀਤ ਸਿੰਘ ਨੂੰ ਗੁਰਬਾਣੀ ਦਾ ਪਾਠ ਸੁਣਾਉਣ ਵਾਲਾ, ਗਿਆਨੀ ਗਿਆਨ ਸਿੰਘ ਇਉਂ ਵੈਣ ਪਾਉਂਦਾ ਹੈ-

ਮਹਾਰਾਜ ਕੋ ਸਰੀਰ ਦਾਹ ਹੋਤ ਦੇਖਿ ਦੇਖਿ,
ਰੋਵਤੇ ਅਮੀਰ ਔ ਫ਼ਕੀਰ ਛੋਡ ਤਾਬ ਕੌ।
ਭਾਖੈਂ, ਆਜ ਖਾਕ ਭਈ, ਬੀਰਤਾਈ ਬੀਰਨ ਕੀ,
ਮੀਰਨ ਕੀ ਮੀਰਤਾ, ਅੰਮੀਰਨ ਪ੍ਰਭਾਵ ਕੌ।
ਹਿੰਦੁਨ ਕੀ ਹਿੰਦ ਜਰੀ, ਸਿਘਨ ਕੀ ਜਿੰਦ ਜਰੀ,
ਗਿਆਨ ਹਰਿ ਕਵੀਅਨ ਕੋ, ਜਰਯੋ ਆਫਤਾਬ ਕੌ।
ਭੂਪਨ ਆਬਾਦੀ ਜਰੀ, ਲਵਪੁਰ (ਲਾਹੌਰ) ਕੀ ਗਾਦੀ ਜਰੀ,
ਜਰ ਗਯੋ ਸੁਹਾਗ ਭਾਗ ਸਗਰੀ ਪੰਜਾਬ ਕੌ।

ਭਾਵ- ਰਣਜੀਤ ਸਿੰਘ ਦੇ ਮਰਨ 'ਤੇ ਅਮੀਰ, ਫ਼ਕੀਰ ਸਾਰੇ ਧਾਹਾਂ ਮਾਰ ਕੇ ਰੋਏ। ਬਹਾਦਰ ਰੋਏ, ਵੱਡੇ ਅਹੁਦਿਆਂ ਵਾਲੇ ਅਫ਼ਸਰ ਤੇ ਸਰਦਾਰ ਰੋਏ। ਮਾਨੋ ਹਿੰਦੁਸਤਾਨ ਦੀ ਇੱਜ਼ਤ ਜਲ ਗਈ, ਸਿੱਖਾਂ ਦੀ ਜ਼ਿੰਦਗੀ ਦਾ ਅਨਮੋਲ ਹਿੱਸਾ ਜਲ ਗਿਆ। ਵਿਦਵਾਨਾਂ ਦਾ ਕਦਰਦਾਨ ਟੁਰ ਗਿਆ। ਸਾਰੇ ਪੰਜਾਬ ਦੀ ਖ਼ੁਸ਼ਹਾਲੀ ਖ਼ਤਮ ਹੋ ਗਈ। ਰਾਜਿਆਂ ਦੀ ਪਰਜਾ ਸੜ ਗਈ, ਲਾਹੌਰ ਦੀ ਗੱਦੀ (ਤਖ਼ਤ) ਜਲ ਗਈ। ਸਾਰੇ ਪੰਜਾਬ ਦੇਸ਼ ਦਾ ਸੁਹਾਗ (ਸਿਰ ਦਾ ਸਾਈਂ) ਮਰ ਗਿਆ, ਮਾਨੋ ਰਣਜੀਤ ਸਿੰਘ ਦੇ ਮਰਨ ਨਾਲ ਪੰਜਾਬ ਰੰਡਾ (ਵਿਧਵਾ ਵਾਂਗ) ਹੋ ਗਿਆ।

★★★★★★

ਮਾ. ਰਣਜੀਤ ਸਿੰਘ ਇਤਿਹਾਸਕਾਰਾਂ ਦੀ ਨਜ਼ਰ 'ਚ

ਕਨਿੰਘਮ ਦੇ ਸ਼ਬਦਾਂ ਵਿੱਚ - ਰਣਜੀਤ ਸਿੰਘ ਨੂੰ ਪੰਜਾਬ ਅਧੋਗਤੀ ਵੱਲ ਜਾ ਰਿਹਾ ਮਿਲਿਆ ਜੋ ਮਿਸਲਦਾਰਾਂ ਦੀ ਆਪਸੀ ਫੁੱਟ ਦਾ ਸ਼ਿਕਾਰ ਹੋ ਰਿਹਾ ਸੀ। ਅਫ਼ਗਾਨਾਂ ਦਾ ਲਤਾੜਿਆ, ਮਰਹੱਟਿਆਂ ਦਾ ਦਬਕਾਇਆ, ਫ਼ਿਰੰਗੀਆਂ ਦੀ ਸ਼ਰਨ ਵਿੱਚ ਜਾਣ ਹੀ ਵਾਲਾ ਸੀ ਕਿ ਰਣਜੀਤ ਸਿੰਘ ਦੀ ਸਿਆਣਪ ਨੇ ਇਸ ਨੂੰ ਬਚਾ ਲਿਆ। ਸਾਰੀਆਂ ਖਿੰਡੀਆਂ ਹੋਈਆਂ ਤਾਕਤਾਂ ਨੂੰ ਜੋੜ ਕੇ ਇੱਕ ਸਨਮਾਨਯੋਗ ਬਾਦਸ਼ਾਹਤ ਵਿੱਚ ਬਦਲ ਦਿੱਤਾ। ਇਸ ਸ਼ਕਤੀਸ਼ਾਲੀ ਰਾਜ (ਦੇਸ਼) ਦੀ ਲੰਬਾਈ-ਚੌੜਾਈ ਇੱਕ ਲੱਖ ਪੰਤਾਲੀ ਹਜ਼ਾਰ ਵਰਗ ਮੁਰੱਬਾ ਮੀਲ ਸੀ। ਇਸ ਦੇਸ਼ ਦੀ ਸਾਲਾਨਾ ਆਮਦਨ 3,52,75000 ਰੁਪਿਆ ਸੀ। ਜਿਸ ਸਮੇਂ ਰਣਜੀਤ ਸਿੰਘ ਦੀ ਮੌਤ ਹੋਈ ਉਸ ਸਮੇਂ ਫ਼ੌਜ ਦੀ ਗਿਣਤੀ ਇੱਕ ਲੱਖ ਪੰਝੀ ਹਜ਼ਾਰ ਅੱਠ ਸੌ ਜੁਆਨ ਸੀ। 384 ਵੱਡੀਆਂ ਤੋਪਾਂ, 480 ਛੋਟੀਆਂ, 60 ਹਜ਼ਾਰ ਘੋੜੇ ਸਨ। ਖ਼ਜ਼ਾਨੇ ਵਿੱਚ 8 ਕਰੋੜ ਰੁਪਿਆ ਨਗਦ ਤੇ 80 ਕਰੋੜ ਦੇ ਹੀਰੇ ਸਨ।

ਅਲੈਗਜ਼ੈਂਡਰ ਬਰਨਜ਼ - ਮੈਂ ਕਿਸੇ ਇਨਸਾਨ ਤੋਂ ਇੰਨਾ ਪ੍ਰਭਾਵਤ ਨਹੀਂ ਹੋਇਆ ਜਿੰਨਾ ਰਣਜੀਤ ਸਿੰਘ ਤੋਂ। ਰਣਜੀਤ ਸਿੰਘ ਆਪਣੀ ਸ਼ਕਤੀ ਅਜਿਹੀ ਕਾਬਲੀਅਤ ਨਾਲ ਵਰਤਦਾ ਸੀ ਜੋ ਹੋਰ ਕਿਸੇ ਦੇਸ਼ੀ ਰਾਜੇ ਵਿੱਚ ਨਹੀਂ ਸੀ।

ਮੂਰ ਕਰਾਫ਼ਟ - ਮੈਂ ਏਸ਼ੀਆ ਭਰ ਵਿੱਚ ਸ਼ੇਰ-ਏ-ਪੰਜਾਬ ਰਣਜੀਤ ਸਿੰਘ ਜਿਹਾ ਪਰਬੀਨ ਹੁਕਮਰਾਨ ਨਹੀਂ ਵੇਖਿਆ।

ਕੈਪਟਨ ਮਰੇ - ਅਸੀਂ ਰਣਜੀਤ ਸਿੰਘ ਦੀ ਵਡਿਆਈ ਕਰਨੋਂ ਰਹਿ ਨਹੀਂ ਸਕਦੇ। ਜਿਸ ਨੇ ਇਤਨੀਆਂ ਜ਼ਿਆਦਾ ਰੁਕਾਵਟਾਂ ਵਿੱਚੋਂ ਦੀ ਲੰਘ ਕੇ ਇੱਕ ਮਾਮੂਲੀ ਸਰਦਾਰੀ ਤੋਂ ਉੱਭਰ ਕੇ ਆਪਣੇ ਆਪ ਨੂੰ ਇਤਨੀ ਵੱਡੀ ਸਲਤਨਤ ਦਾ ਬਾਦਸ਼ਾਹ ਬਣਾਇਆ।

ਮਾਰਸਮੈਨ - ਰਣਜੀਤ ਸਿੰਘ ਦੀ ਲਗਾਤਾਰ ਵੱਧ ਰਹੀ ਸ਼ਕਤੀ ਨੂੰ ਰੋਕਣ ਵਾਸਤੇ ਜੇਕਰ ਈਸਟ ਇੰਡੀਆ ਕੰਪਨੀ ਦੀ ਵੱਡੀ ਤਾਕਤ ਨੇ ਉਸ ਨੂੰ ਸਾਰੇ ਪਾਸਿਆਂ ਤੋਂ ਘੇਰਿਆ ਨਾ ਹੁੰਦਾ ਤਾਂ ਉਹ ਬਿਨਾਂ ਸ਼ੱਕ ਭਾਰਤ ਵਿੱਚ ਇੱਕ ਫ਼ਖ਼ਰਯੋਗ ਨਵੀਂ ਬਾਦਸ਼ਾਹਤ ਕਾਇਮ ਕਰ ਸਕਦਾ ਸੀ।

ਲੈਪਨ ਗ੍ਰਿਫ਼ਨ - ਮਹਾਰਾਜਾ ਰਣਜੀਤ ਸਿੰਘ ਸੱਚ-ਮੁੱਚ ਸੰਸਾਰ ਦੇ ਉਨ੍ਹਾਂ ਗ਼ੌਰ ਮਾਮੂਲੀ ਮਨੁੱਖਾਂ ਵਿੱਚੋਂ ਹੋਇਆ ਹੈ, ਜਿਨ੍ਹਾਂ ਨੇ ਸੰਸਾਰ ਦੀ ਰਾਜਨੀਤੀ ਦਾ ਤਖ਼ਤਾ ਪਲਟ ਦਿੱਤਾ। ਜੇ ਅੰਗਰੇਜ਼ ਸਮੇਂ ਸਿਰ ਉਸ ਨੂੰ ਨਾ ਰੋਕਦੇ ਤਾਂ ਉਹ ਦਿੱਲੀ ਤੱਕ ਜਾਂ ਇਸ ਤੋਂ ਭੀ ਅੱਗੇ ਤੱਕ ਆਪਣੇ ਰਾਜ ਦੀਆਂ ਹੱਦਾਂ ਵਧਾ ਸਕਦਾ ਸੀ।

ਡਬਲੀਊ.ਸੀ. ਔਸਬਰਨ - ਇਹ ਠੀਕ ਹੈ ਕਿ ਰਣਜੀਤ ਸਿੰਘ ਤੇਗ ਦੇ ਬਲ ਨਾਲ ਹਕੂਮਤ ਚਲਾਉਂਦਾ ਹੈ। ਇਨਸਾਫ਼ ਨਾਲ ਇਹ ਕਹਿਣ 'ਤੇ ਅਸੀਂ ਮਜਬੂਰ ਹਾਂ ਕਿ ਆਹਮਣੇ-ਸਾਹਮਣੇ ਵਾਲੀ ਲੜਾਈ ਤੋਂ ਬਿਨਾਂ ਉਸ ਨੇ ਕਦੀ ਕਿਸੇ ਦੀ ਜਾਨ ਨਹੀਂ ਲਈ।

ਕਿਸੇ ਨੂੰ ਫਾਂਸੀ ਨਹੀਂ ਲਾਇਆ। ਰਣਜੀਤ ਸਿੰਘ ਦੀ ਜ਼ਾਨ ਲੈਣ ਵਾਲੇ ਹਤਿਆਰਿਆਂ ਨੂੰ ਭੀ ਮੌਤ ਦੀ ਸਜ਼ਾ ਨਹੀਂ ਦਿੱਤੀ। ਬਹੁਤ ਸਾਰੇ ਰਾਜਿਆਂ ਨਾਲੋਂ ਰਣਜੀਤ ਸਿੰਘ ਦੇ ਰਾਜ ਵਿੱਚ ਜਬਰ ਜ਼ੁਲਮ ਉੱਕਾ ਨਹੀਂ ਹੈ।

ਜਨਰਲ ਜਾਨ ਗੌਰਡਨ - ਰਣਜੀਤ ਸਿੰਘ ਦੇ ਅਧੀਨ ਚੱਲ ਰਿਹਾ ਰਾਜ ਮੁਕੰਮਲ ਸ਼ਾਂਤੀ ਵਾਲਾ ਰਾਜ ਕਿਹਾ ਜਾ ਸਕਦਾ ਹੈ। ਅਜਿਹਾ ਰਾਜ ਪੰਜਾਬ ਵਿੱਚ ਪਹਿਲਾਂ ਕਦੇ ਨਹੀਂ ਆਇਆ।

ਐਚ.ਈ. ਫ਼ੇਨ - ਇਹ ਗੋਰਾ ਅੰਗਰੇਜ਼ੀ ਫ਼ੌਜਾਂ ਦੇ ਚੀਫ਼ ਕਮਾਂਡਰ ਦਾ ਸੈਕਟਰੀ ਸੀ। ਕੰਵਰ ਨੌ ਨਿਹਾਲ ਸਿੰਘ ਦੇ ਵਿਆਹ ਵਿੱਚ ਆਇਆ ਸੀ। ਇਹ ਲਿਖਦਾ ਹੈ- "ਰਣਜੀਤ ਸਿੰਘ ਨੂੰ ਉਸ ਦੀ ਪਰਜਾ ਬਹੁਤ ਪਿਆਰ ਕਰਦੀ ਹੈ। ਪਹਿਲਾਂ ਹੋ ਚੁੱਕੇ ਬਾਦਸ਼ਾਹਾਂ ਨਾਲੋਂ ਉਦਾਰ ਚਿੱਤ, ਨੇਕ ਤੇ ਇਨਸਾਫ਼ ਕਰਨ ਵਾਲਾ ਬਾਦਸ਼ਾਹ ਮੰਨਦੀ ਹੈ। ਰਣਜੀਤ ਸਿੰਘ ਨੂੰ ਵੱਡੇ ਬਜ਼ੁਰਗ ਭੀ ਪਿਆਰ ਕਰਦੇ ਹਨ। ਸਗੋਂ ਛੋਟੇ-ਛੋਟੇ ਬੱਚੇ ਭੀ ਕਿਰਪਾਲੂ ਰਾਜਾ ਕਹਿੰਦੇ ਸੁਣੀਦੇ ਹਨ। ਉਸ ਨੇ ਕਦੀ ਕਿਸੇ ਅਪਰਾਧੀ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ। ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਉਹ ਬਿਨਾਂ ਕਿਸੇ ਨੂੰ ਸਜ਼ਾ ਦੇਣ ਦੇ, ਨਿਰੀ ਤਾੜਨਾ ਨਾਲ ਹੀ ਅੱਥਰੇ ਲੋਕਾਂ ਨੂੰ ਰਾਹ ਸਿਰ ਚੱਲਣ ਲਈ ਮਜਬੂਰ ਕਰ ਦਿੰਦਾ ਹੈ। ਫ਼ਸਲਾਂ ਦਾ ਮਾਮਲਾ ਬਿਨਾਂ ਸਖ਼ਤੀ ਵਰਤਿਆਂ, ਆਪਣੇ ਆਪ ਖ਼ਜ਼ਾਨੇ ਵਿੱਚ ਪਹੁੰਚ ਜਾਂਦਾ ਸੀ।"

ਮੇਜਰ ਹੈਨਰੀ ਲਾਰੰਸ - ਮੈਂ ਇਹ ਇਮਾਨਦਾਰੀ ਨਾਲ ਕਹਿ ਸਕਦਾ ਹਾਂ ਕਿ ਜਿਤਨਾ ਸਮਾਂ ਮੈਂ ਰਣਜੀਤ ਸਿੰਘ ਦੇ ਅਧੀਨ ਨੌਕਰੀ ਵਿੱਚ ਰਿਹਾ ਹਾਂ, ਘੱਟੋ-ਘੱਟ ਹਰ ਯੋਰਪੀਨ ਫ਼ੌਜ ਦੇ ਮੁਲਾਜ਼ਮਾਂ ਨਾਲੋਂ ਉਥੇ ਘੱਟ ਗ਼ੁਲਾਮੀ ਵੇਖੀ ਹੈ। ਹੋਰ ਰਾਜਿਆਂ ਨਾਲੋਂ ਰਣਜੀਤ ਸਿੰਘ ਦਾ ਰਾਜ ਬਹੁਤ ਚੰਗਾ ਸੀ। ਜਿਥੇ ਮੈਨੂੰ ਆਪਣੀ ਜ਼ਮੀਰ ਮਾਰ ਕੇ ਕੰਮ ਨਹੀਂ ਕਰਨਾ ਪਿਆ। ਗੱਦੀ ਤੋਂ ਉਤਾਰੇ ਗਏ ਖ਼ਾਨਦਾਨਾਂ ਵਾਲੇ ਮੈਂ ਦਿੱਲੀ ਅਤੇ ਕਾਬੁਲ ਵਿੱਚ ਭੀਖ ਮੰਗ ਕੇ ਰੋਟੀ ਖਾਂਦੇ ਵੇਖੇ ਹਨ। ਰਣਜੀਤ ਸਿੰਘ ਨੇ ਜਿਸ ਤੋਂ ਰਾਜ ਖੋਹਿਆ, ਉਸ ਨੂੰ ਚੰਗੀ ਜਗੀਰ ਦਿੱਤੀ। ਸ਼ਨਮਾਨ ਨਾਲ ਰਹਿਣ ਦਿੱਤਾ। ਕੋਈ ਇੱਕ ਭੀ ਬੰਦਾ ਰਣਜੀਤ ਸਿੰਘ ਨੇ ਭੁੱਖਾ ਨਹੀਂ ਮਰਨ ਦਿੱਤਾ।

ਮੁਹੰਮਦ ਲਤੀਫ਼ - ਅਸੀਂ ਕਿਸੇ ਇਤਿਹਾਸਕ ਪੁਸਤਕ ਵਿੱਚ ਨਹੀਂ ਪੜ੍ਹਿਆ ਕਿ ਰਣਜੀਤ ਸਿੰਘ ਨੇ ਕਦੀ ਪਰਜਾ 'ਤੇ ਸਖ਼ਤੀ ਜਾਂ ਜ਼ੁਲਮ ਕੀਤਾ ਹੋਵੇ। ਅਸੀਂ ਕਿਸੇ ਤੋਂ ਨਹੀਂ ਸੁਣਿਆ ਕਿ ਉਸ ਨੇ ਅਪਰਾਧੀ ਦੀਆਂ ਅੱਖਾਂ ਕਢਵਾ ਦਿੱਤੀਆਂ ਹੋਣ ਜਾਂ ਕਿਸੇ ਦੇ ਹੱਥ ਪੈਰ ਕਟਵਾ ਦਿੱਤੇ ਹੋਣ ਜਾਂ ਕਿਸੇ ਨੂੰ ਤਸੀਹੇ ਦੇ ਕੇ ਮਾਰਿਆ ਹੋਵੇ।

ਬੈਰਨ ਚਾਰਲਸ ਹਿਊਗਲ - ਰਣਜੀਤ ਸਿੰਘ ਤੋਂ ਪਹਿਲੇ ਸਮੇਂ ਵਿੱਚ ਸ਼ਾਇਦ ਅੱਗੇ ਕਦੇ ਭੀ ਕਿਸੇ ਆਦਮੀ ਨੇ ਇੰਨੀ ਘੱਟ ਸਖ਼ਤੀ ਵਰਤ ਕੇ, ਵਿਸ਼ਾਲ ਰਾਜ ਕਾਇਮ ਨਹੀਂ ਕੀਤਾ। ਖ਼ਾਸ ਕਰ ਕੇ ਜਦੋਂ ਅਸੀਂ ਉਸ ਦੇ ਮੁਲਕ ਦੇ ਅਸੱਭਿਅ ਲੋਕਾਂ ਵੱਲ ਨਜ਼ਰ ਮਾਰਦੇ ਹਾਂ, ਜਿਨ੍ਹਾਂ ਨਾਲ ਉਸ ਨੂੰ ਵਰਤਣਾ ਪੈਂਦਾ ਸੀ। ਅਜਿਹੇ ਅੱਖੜ ਲੋਕਾਂ ਵਿੱਚ ਉਸ ਦੀ ਨਰਮ ਹਕੂਮਤ ਹੋਰ ਭੀ ਅਨੋਖੀ ਜਾਪਦੀ ਹੈ।

ਆਪਣੇ ਅਫ਼ਸਰਾਂ 'ਤੇ ਸਖ਼ਤੀ – ਅਟਕ ਅਤੇ ਹਜ਼ਾਰੇ ਦਾ ਵੱਡਾ ਅਫ਼ਸਰ ਹੁਕਮਾ ਸਿੰਘ ਚਿਮਨੀ ਸੀ। ਉਸ ਨੇ ਆਪਣੀ ਨਿੱਜੀ ਰੰਜਸ਼ ਕਾਰਨ, ਸ਼ੇਖ ਖ਼ਾਨ ਨਾਮੀ ਮੁਸਲਮਾਨ (ਜੋ ਕੋਟ ਹਸਨ ਅਲੀ ਦਾ ਵਸਨੀਕ ਸੀ) ਨੂੰ ਪੂਰੀ ਪੜਤਾਲ ਕੀਤੇ ਬਿਨਾਂ, ਮੌਤ ਦੀ ਸਜ਼ਾ ਦੇ ਦਿੱਤੀ। ਜਦੋਂ ਰਣਜੀਤ ਸਿੰਘ ਨੂੰ ਇਸ ਦੀ ਫ਼ਰਿਆਦ ਕੀਤੀ ਗਈ ਤਾਂ ਉਸ ਨੇ ਇਮਾਨਦਾਰ ਅਫ਼ਸਰਾਂ ਤੋਂ ਪੜਤਾਲ ਕਰਵਾਈ। ਹੁਕਮਾ ਸਿੰਘ ਕਸੂਰਵਾਰ ਪਾਇਆ ਗਿਆ, ਜਿਸ ਕਾਰਨ ਇਸ ਵੱਡੇ ਅਫ਼ਸਰ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ। ਇਸ ਦੀ ਜਾਇਦਾਦ ਵਿੱਚੋਂ ਇੱਕ ਲੱਖ ਰੁਪਏ ਮਰੇ ਵਿਅਕਤੀ ਦੇ ਪ੍ਰਵਾਰ ਨੂੰ ਦਿੱਤੇ ਗਏ।

ਇੱਕ ਹੋਰ ਅਫ਼ਸਰ ਨੂੰ ਸਜ਼ਾ – ਕਸ਼ਮੀਰ ਦਾ ਇੱਕ ਅਫ਼ਸਰ ਵਿਸਾਖਾ ਸਿੰਘ ਸੀ ਜੋ ਬਹੁਤ ਬੇਈਮਾਨ ਸੀ। ਜਦੋਂ ਰਣਜੀਤ ਸਿੰਘ ਨੂੰ ਖ਼ਬਰ ਮਿਲੀ ਤਾਂ ਇਸ ਨੂੰ ਬੰਨ੍ਹ ਕੇ ਲਾਹੌਰ ਮਹਾਰਾਜੇ ਅੱਗੇ ਪੇਸ਼ ਕੀਤਾ ਗਿਆ। ਉਸ ਕੋਲ ਜੋ ਧਨ ਸੀ ਜਬਤ ਕਰ ਲਿਆ ਗਿਆ ਤੇ ਨੌਕਰੀ ਤੋਂ ਹਟਾ ਦਿੱਤਾ। ਉਸ ਦੀ ਥਾਂ ਪ੍ਰਬੰਧ ਸੁਧਾਰਨ ਲਈ ਸ਼ੇਖ ਗ਼ੁਲਾਮ ਮੁਹੱਯੁਦੀਨ ਨੂੰ ਲਾਇਆ ਗਿਆ। ਇਹ ਭੀ ਪੈਸਾ ਇਕੱਠਾ ਕਰਨ ਲੱਗ ਪਿਆ। ਹੁਸ਼ਿਆਰਪੁਰ ਆਪਣੀ ਹਵੇਲੀ ਵਿੱਚ ਸਾਰਾ ਪੈਸਾ ਦੱਬ ਕੇ, ਉੱਤੇ ਪੀਰ ਖ਼ਾਨਾ ਬਣਾ ਦਿੱਤਾ। ਸ਼ਿਕਾਇਤ ਹੋਣ 'ਤੇ ਰਣਜੀਤ ਸਿੰਘ ਨੇ ਪੜਤਾਲ ਕਰਵਾਈ। ਘਰ ਵਿੱਚ ਬਣੀ ਕਬਰ ਪੁੱਟੀ ਗਈ ਤਾਂ ਨੌ ਲੱਖ ਰੁਪਿਆ ਨਿਕਲਿਆ। ਮਹਾਰਾਜੇ ਨੇ ਵਿਅੰਗ ਕਰਦੇ ਆਖਿਆ ਕਿ ਤੇਰੇ ਪੀਰ ਦੀ ਤਪੱਸਿਆ ਬਹੁਤ ਸੀ ਉਸ ਦੀਆਂ ਹੱਡੀਆਂ ਸੋਨੇ-ਚਾਂਦੀ ਦੀਆਂ ਬਣ ਗਈਆਂ ਹਨ। ਸਾਰਾ ਪੈਸਾ ਜ਼ਬਤ ਕਰ ਲਿਆ, ਇਸ ਨੂੰ ਵੀ ਨੌਕਰੀ ਤੋਂ ਹਟਾ ਦਿੱਤਾ ਗਿਆ।

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ॥
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ॥
ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ॥
ਨਿਹਚਲੁ ਸਚਾ ਏਕੁ ਹੈ ਗੁਰਮੁਖਿ ਬੂਝੈ ਸੁ ਨਿਹਚਲੁ ਹੋਈ॥ (1088)

★★★★★★

ਰਣਜੀਤ ਸਿੰਘ - ਪਰਉਪਕਾਰੀ ਸੀਰਤ

ਸਾਰੇ ਇਨਸਾਨੀ ਗੁਣ ਸਾਰਿਆਂ ਨੂੰ ਨਸੀਬ ਨਹੀਂ ਹੁੰਦੇ। ਕੋਈ ਨਾ ਕੋਈ ਖੱਪਾ ਮਨੁੱਖੀ ਜੀਵਨ ਵਿੱਚ ਮਿਲ ਹੀ ਜਾਂਦਾ ਹੈ। ਮਨੁੱਖ ਵਿਚਲੇ ਔਗੁਣ ਕਈ ਵਾਰੀ ਆਪਣੇ ਆਪੇ ਤੱਕ ਹੁੰਦੇ ਹਨ। ਹੈਨ ਤਾਂ ਉਹ ਬੁਰੇ ਪਰ ਨੁਕਸਾਨ ਇੱਕ ਵਿਅਕਤੀ ਦਾ ਹੀ ਹੁੰਦਾ ਹੈ। ਕੁੱਝ ਔਗੁਣ ਪਰਿਵਾਰ ਨਾਲ ਸਬੰਧਤ ਹੁੰਦੇ ਨੇ ਤੇ ਕੁੱਝ ਔਗੁਣ ਸਮਾਜ ਵਾਸਤੇ ਨੁਕਸਾਨ ਦੇਹ ਹੁੰਦੇ ਹਨ। ਮਿਸਾਲ ਲਈ ਕੋਈ ਆਦਮੀ ਸ਼ਰਾਬ ਪੀ ਕੇ ਰੋਟੀ ਖਾ ਕੇ ਸੌ ਜਾਵੇ ਤਾਂ ਇੱਕ ਵਿਅਕਤੀ ਦਾ ਮਸਲਾ ਹੈ। ਜੇ ਸ਼ਰਾਬ ਪੀ ਕੇ ਖਰੂਦ ਕਰੇ ਤਾਂ ਪਰਿਵਾਰ ਦਾ ਮਸਲਾ ਹੈ। ਜੇ ਬਾਹਰ ਨਿਕਲ ਕੇ, ਗੱਡੀ ਆਦਿਕ ਚਲਾ ਕੇ ਭੀੜ ਵੱਲ ਚਲਾ ਜਾਵੇ ਤਾਂ ਸਮਾਜ ਲਈ ਖ਼ਤਰਾ ਹੈ। ਗ਼ਲਤੀ ਕਰਨ ਵਾਲਾ ਖ਼ੁਦ ਹੀ ਨਹੀਂ ਹੱਡ-ਗੋਡੇ ਤੁੜਵਾਉਂਦਾ ਸਗੋਂ ਕਈ ਹੋਰਾਂ ਦੇ ਹੱਡ ਭੀ ਤੋੜ ਦਿੰਦਾ ਹੈ। ਗ਼ਲਤੀ ਕਿਸੇ ਹੋਰ ਦੀ ਸਜ਼ਾ ਕਿਸੇ ਹੋਰ ਨੂੰ ਮਿਲ ਗਈ। ਇਸੇ ਤਰ੍ਹਾਂ ਗੁਣਾਂ ਬਾਰੇ ਸਮਝਿਆ ਜਾ ਸਕਦਾ ਹੈ। ਮੋਟਰਕਾਰ ਆਦਿ ਬਣਾਈ ਇੱਕ ਵਿਗਿਆਨੀ ਨੇ ਹੈ ਪਰ ਲੱਖਾਂ ਲੋਕੀਂ ਉਸ ਦਾ ਲਾਹਾ ਲੈ ਰਹੇ ਹਨ। ਸਾਡੇ ਵੱਲੋਂ ਕੀਤੇ ਗਏ ਹਰ ਕੰਮ ਦਾ, ਬੋਲੇ ਗਏ ਬੋਲ ਦਾ, ਦੂਜਿਆਂ 'ਤੇ ਘੱਟ ਜਾਂ ਵੱਧ ਜ਼ਰੂਰ ਅਸਰ ਪੈਂਦਾ ਹੈ। ਧਰਮੀ ਪੁਰਖਾਂ ਨੇ ਇਸੇ ਲਈ ਬਹੁਤ ਸਾਰੇ ਗੁਣਾਂ ਅਤੇ ਔਗੁਣਾਂ ਦੀ ਪਛਾਣ ਕਰ ਕੇ ਮਨੁੱਖ ਮਾਤਰ ਨੂੰ "**ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ**", ਵਾਲਾ ਉਪਦੇਸ਼ ਬਹੁਤ ਵਾਰੀ ਯਾਦ ਕਰਵਾਇਆ ਹੈ।

ਕੁੱਝ ਇੱਕ ਉਂਗਲਾਂ 'ਤੇ ਗਿਣੇ ਜਾਣ ਜੋਗੇ ਦੈਵੀ ਮਨੁੱਖ ਹੋਣਗੇ ਜੋ ਸਾਰੇ ਗੁਣਾਂ ਨਾਲ ਭਰਪੂਰ ਹਨ। ਧਰਮੀ ਪੁਰਖਾਂ ਵਿੱਚੋਂ ਬਹਾਦਰੀ ਦਾ ਜਜ਼ਬਾ ਗ਼ਾਇਬ ਹੁੰਦਾ ਹੈ। ਬਹਾਦਰਾਂ ਵਿੱਚੋਂ ਧਰਮ ਦਾ ਅੰਸ਼ ਅਲੋਪ ਹੋਇਆ ਦਿਸਦਾ ਹੈ। ਅਨੰਤ ਗੁਣਾਂ ਦੇ ਖ਼ਜ਼ਾਨੇ ਤਾਂ ਸਤਿਕਾਰਯੋਗ ਬਾਣੀ ਰਚਣ ਵਾਲੇ ਮਹਾਂਪੁਰਖ ਹੀ ਸਨ। ਕੋਈ ਸਿੱਖ ਉਨ੍ਹਾਂ ਦੇ ਬਰਾਬਰ ਨਹੀਂ ਹੈ। ਨਾ ਹੀ ਇਹ ਆਸ ਰੱਖਣੀ ਚਾਹੀਦੀ ਹੈ ਕਿ ਇਨਸਾਨਾਂ ਵਿੱਚ ਕੇਵਲ ਗੁਣ ਹੀ ਗੁਣ ਹੋਣ। ਹਾਂ ਇਹ ਧਿਆਨ ਰੱਖਣਾ ਅਤਿ ਜ਼ਰੂਰੀ ਹੈ ਕਿ ਘੱਟ ਤੋਂ ਘੱਟ ਔਗੁਣ ਵਾਲਾ ਸਿੱਖ ਮੋਹਰੀ ਰੋਲ ਅਦਾ ਕਰੇ। ਵੱਧ ਤੋਂ ਵੱਧ ਗੁਣਵਾਨ ਮਨੁੱਖ ਆਗੂ ਹੋਵੇ। ਸੰਗਤਾਂ ਇਨੀਆਂ ਚੇਤੰਨ ਹੋਣ ਕਿ ਖਰੇ-ਖੋਟੇ ਦੀ ਪਛਾਣ ਕਰ ਕੇ ਆਪਣਾ ਮੁਖੀ ਚੁਣਨ। ਐਲਾਨ ਕਰ ਦੇਣ- **ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥** (25) ਜਿਵੇਂ ਕਿ ਪਿੱਛੇ ਬੇਨਤੀ ਕੀਤੀ ਗਈ ਸੀ ਕਿ ਰਣਜੀਤ ਸਿੰਘ ਇੱਕ ਸਿੱਖ ਸੀ ਇੱਕ ਆਮ ਇਨਸਾਨ ਸੀ। ਫਿਰ ਭੀ ਜੋ ਫ਼ਖ਼ਰਯੋਗ ਕੰਮ ਉਸ ਨੇ ਕੀਤੇ ਹਨ, ਉਨ੍ਹਾਂ ਦਾ ਕੋਈ ਜੁਆਬ ਨਹੀਂ।

ਅੱਖੜ ਅਸਭਿਅਕ ਟੱਪਰੀਵਾਸ ਨਿਤ ਦਿਨ ਗੁਰੀਲਾ ਜੰਗਾਂ ਲੜਨ ਵਾਲੇ ਲੋਕਾਂ ਨੂੰ ਪੁਚਕਾਰ ਕੇ, ਪਿਆਰ ਨਾਲ ਮਰਿਆਦਾ ਵਿੱਚ ਲੈ ਆਉਣਾ, ਇੱਕ ਸ਼ਕਤੀਸ਼ਾਲੀ ਵਿਸ਼ਾਲ ਰਾਜ ਦੇ ਢਾਂਚੇ ਵਿੱਚ ਜਜ਼ਬ ਕਰ ਲੈਣਾ, ਛੋਟੀਆਂ ਲੜਾਈਆਂ ਦੀ ਥਾਵੇਂ ਦੇਸ਼ ਦੁਨੀਆਂ

ਵਿੱਚ ਪਛਾਣ ਬਣਾਉਣ ਵਾਲੀਆਂ ਜੰਗਾਂ ਵਾਲੇ ਪਾਸੇ ਮੋੜਾ ਪੁਆ ਦੇਣਾ। ਬਿਨਾਂ ਕਿਸੇ ਅੰਦਰੂਨੀ ਬਗਾਵਤ ਤੋਂ ਪੂਰੇ 40 ਸਾਲ ਤੱਕ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦਾ ਚਹੇਤਾ ਬਣੇ ਰਹਿਣਾ, ਗੰਭੀਰਤਾ ਨਾਲ ਸੋਚਣਾ ਬਣਦਾ ਹੈ ਕਿ ਕਿਤਨੀ ਮਹਾਨ ਸ਼ਖ਼ਸੀਅਤ ਸੀ ਮਹਾਰਾਜਾ ਰਣਜੀਤ ਸਿੰਘ। ਅੱਗੇ ਸੰਖੇਪ ਵਿੱਚ ਕੁੱਝ ਉਹ ਪ੍ਰਚੱਲਤ ਕਹਾਣੀਆਂ ਜੋ ਰਣਜੀਤ ਸਿੰਘ ਨੂੰ ਸੰਸਾਰ ਦੇ ਰਾਜਿਆਂ ਨਾਲੋਂ ਨਵੇਕਲਾ ਤੇ ਸਿਰ ਕੱਢਵਾਂ ਬਣਾਉਂਦੀਆਂ ਹਨ। ਧਿਆਨ ਨਾਲ ਪੜ੍ਹ ਕੇ ਵਿਚਾਰ ਕਰੋ-

1. ਇੱਕ ਪਿੰਡ ਦੇ ਹਿੰਦੂਆਂ ਨੇ ਸ਼ਿਕਾਇਤ ਕੀਤੀ ਕਿ ਮੁਸਲਮਾਨ ਜਦੋਂ ਉੱਚੀ ਆਵਾਜ਼ ਵਿੱਚ ਬਾਂਗ (ਅਜ਼ਾਨ) ਦਿੰਦੇ ਹਨ, ਅਸੀਂ ਪ੍ਰੇਸ਼ਾਨੀ ਮਹਿਸੂਸ ਕਰਦੇ ਹਾਂ। ਇਨ੍ਹਾਂ ਨੂੰ ਰੋਕਿਆ ਜਾਵੇ। ਰਣਜੀਤ ਸਿੰਘ ਨੇ ਆਪਣੇ ਇੱਕ ਮੁਸਲਮਾਨ ਅਫ਼ਸਰ ਅਜ਼ੀਜੁਦੀਨ ਨੂੰ ਪੁੱਛਿਆ ਕਿ "ਅਜ਼ਾਨ ਕਿਉਂ ਦਿੱਤੀ ਜਾਂਦੀ ਹੈ?" ਉਸ ਨੇ ਦੱਸਿਆ ਕਿ "ਨਵਾਜ਼ ਅਦਾ ਕਰਨ ਲਈ ਇਹ ਹੋਕਾ ਹੈ, ਬੁਲਾਵਾ ਹੈ।" ਰਣਜੀਤ ਸਿੰਘ ਨੇ ਹਿੰਦੂਆਂ ਦੇ ਮੁਖੀ ਨੂੰ ਕਿਹਾ ਕਿ ਤੁਹਾਡੇ ਪਿੰਡ ਵਿੱਚ ਮੁਸਲਮਾਨ ਅਜ਼ਾਨ ਨਹੀਂ ਦੇਣਗੇ। ਤੁਸੀਂ ਇੱਕ ਬੰਦੇ ਦੀ ਜ਼ਿੰਮੇਵਾਰੀ ਲਾ ਦਿਓ, ਉਹ ਘਰੋ-ਘਰੀਂ ਖ਼ਬਰ ਕਰ ਦਿਆ ਕਰੇ। ਉਸ ਵਕਤ ਤਾਂ ਉਹ ਚਲੇ ਗਏ। ਚਾਰ ਕੁ ਦਿਨ ਜ਼ਿੰਮੇਵਾਰੀ ਨਿਭਾਈ। ਦੁਖੀ ਹੋ ਕੇ ਫਿਰ ਆ ਪਹੁੰਚੇ ਰਣਜੀਤ ਸਿੰਘ ਕੋਲ। ਜੀ ਅਸੀਂ ਇਹ ਕੰਮ ਨਹੀਂ ਕਰ ਸਕਦੇ। ਉਨ੍ਹਾਂ ਨੂੰ ਅਜ਼ਾਨ ਦੀ ਇਜਾਜ਼ਤ ਦੇ ਦਿਓ। ਮਹਾਰਾਜਾ ਹੱਸ ਪਿਆ, ਆਖਣ ਲੱਗਾ, "ਭਾਈ ਅਸੀਂ ਸਾਰਿਆਂ ਨੇ ਰਲ ਮਿਲ ਕੇ ਰਹਿਣਾ ਸਿਖਣਾ ਹੈ। ਆਪੋ ਆਪਣਾ ਧਰਮ-ਕਰਮ ਨਿਭਾਓ ਪਰ ਦੂਜੇ ਦੇ ਕੰਮ ਵਿੱਚ ਦਖ਼ਲ ਨਾ ਦਿਓ। ਹੁਣ ਪੰਜਾਬ ਦੇਸ਼ ਵਿੱਚ ਕਿਸੇ ਇੱਕ ਧਿਰ ਦਾ ਰਾਜ ਨਹੀਂ ਹੈ। ਸਾਡਾ ਸਾਰਿਆਂ ਦਾ ਸਾਂਝਾ ਰਾਜ ਹੈ, ਰਲ ਮਿਲ ਕੇ ਰਹੋ।"

2. ਇਸੇ ਤਰ੍ਹਾਂ ਇੱਕ ਮੁਸਲਮਾਨ ਖ਼ੁਸਨਵੀਸ ਨੇ ਬੜੀ ਲੰਮੀਂ ਮਿਹਨਤ ਰਾਹੀਂ ਸੁਨਹਿਰੀ ਅੱਖਰਾਂ ਵਿੱਚ ਕੁਰਾਨ ਲਿਖ ਕੇ ਤਿਆਰ ਕਰ ਲਈ। ਜਿਸ ਥਾਂ ਰਣਜੀਤ ਸਿੰਘ ਦਾ ਕੈਂਪ ਲੱਗਿਆ ਹੋਇਆ ਸੀ, ਉਸ ਦੇ ਨੇੜਿਓਂ ਦੀ ਰੋਂਦਾ-ਕੂਕਾਂ ਮਾਰਦਾ ਲੰਘਣ ਲੱਗਾ। "ਮੇਰੀ ਗ਼ਰੀਬ ਦੀ ਫ਼ਰਿਆਦ ਸੁਣੋ, ਕੋਈ ਫਰਿਆਦ ਸੁਣੋ" ਆਖੀ ਜਾ ਰਿਹਾ ਸੀ। ਰਣਜੀਤ ਸਿੰਘ ਨੇ ਸੇਵਕ ਭੇਜ ਕੇ ਉਸ ਨੂੰ ਆਪਣੇ ਕੋਲ ਬੁਲਾਇਆ ਤੇ ਦੁੱਖ ਪੁੱਛਿਆ। ਆਖਣ ਲੱਗਾ- "ਮਹਾਰਾਜਾ ਸਾਹਿਬ ਮੈਂ ਸਰੀਰ ਪੱਖੋਂ ਕਮਜ਼ੋਰ ਹਾਂ ਪਰ ਲਿਖਾਈ ਵਧੀਆ ਕਰਨ ਜਾਣਦਾ ਹਾਂ। ਇਸ ਲਈ ਸੋਹਣੀ ਲਿਖਾਈ ਵਿੱਚ ਸੁਨਹਿਰੀ ਅੱਖਰਾਂ ਵਿੱਚ ਮੈਂ ਬਹੁਤ ਸਮਾਂ ਲਾ ਕੇ ਕੁਰਾਨ ਤਿਆਰ ਕੀਤੀ ਹੈ। ਜੇਕਰ ਮੁਸਲਮਾਨਾਂ ਦਾ ਰਾਜ ਹੁੰਦਾ ਤਾਂ ਮੈਂ ਕਿਸੇ ਅਮੀਰ ਮੁਸਲਮਾਨ ਨੂੰ ਇਹ ਪੋਥੀ ਦੇ ਕੇ ਉਮਰ ਭਰ ਜੋਗੀ ਰਕਮ ਪ੍ਰਾਪਤ ਕਰ ਲੈਂਦਾ। ਹੁਣ ਮੈਨੂੰ ਬਹੁਤ ਮੁਸ਼ਕਲਾਂ ਝੱਲ ਕੇ ਸ਼ਾਇਦ ਅਫ਼ਗਾਨਿਸਤਾਨ ਜਾਣਾ ਪਵੇਗਾ। ਰਣਜੀਤ ਸਿੰਘ ਨੇ ਕੁਰਾਨ ਖੋਲ੍ਹ ਕੇ ਵੇਖੀ, ਮੱਥੇ ਨੂੰ ਲਾਈ ਤੇ ਫ਼ਕੀਰ ਅਜ਼ੀਜੁਦੀਨ ਦੇ ਹਵਾਲੇ ਕਰ ਕੇ ਹੁਕਮ ਦਿੱਤਾ ਕਿ ਧਰਮ ਪੋਥੀ ਤੁਸੀਂ ਸਾਂਭ ਲਓ। ਇਸ ਨੂੰ ਗੁਜ਼ਾਰੇ ਲਈ ਚੰਗੀ ਮਾਇਆ ਦੇ ਦਿਓ। ਰਾਜ ਭਾਵੇਂ ਮੁਸਲਮਾਨਾਂ ਦਾ ਨਹੀਂ ਹੈ ਪਰ ਮੁਸਲਮਾਨ ਮੇਰੀ ਪਰਜਾ ਹਨ। ਜਿਸ ਭਾਵਨਾ

ਨਾਲ ਕੋਈ ਆਉਂਦਾ ਹੈ, ਦੁਖੀ ਹੋ ਕੇ ਨਹੀਂ ਜਾਣਾ ਚਾਹੀਦਾ।

3. ਪੰਜਾਬ ਵਿੱਚ ਇੱਕ ਵਾਰੀ ਬਾਰਸ਼ ਨਾ ਹੋਣ ਕਰ ਕੇ ਕਾਲ ਪੈ ਗਿਆ। ਅਨਾਜ ਦੀ ਕਮੀ ਕਾਰਨ ਗਰੀਬ ਲੋਕ ਭੁੱਖੇ ਮਰਨ ਲੱਗੇ। ਸਰਕਾਰ ਵੱਲੋਂ ਅਨਾਜ ਦੇ ਰਾਖਵੇਂ ਜਖੀਰੇ ਵਿੱਚੋਂ ਅੰਨ-ਦਾਣਾ ਵੰਡਿਆ ਜਾਣ ਲੱਗਾ। ਗ਼ਰੀਬਾਂ ਦੀਆਂ ਬਸਤੀਆਂ ਵਿੱਚ ਖ਼ਬਰ ਪੁੱਜੀ ਤਾਂ ਲਾਹੌਰ ਦੇ ਬਾਗ਼ਬਾਨਪੁਰੇ ਵਿੱਚੋਂ ਇੱਕ ਵੱਡੀ ਉਮਰ ਦਾ ਮੋਚੀ ਆਪਣੇ ਪੋਤਰੇ ਨੂੰ ਨਾਲ ਲੈ ਕੇ ਆ ਪਹੁੰਚਿਆ। ਅੰਨ ਵੰਡਣ ਵਾਲੇ ਨੌਕਰ ਨੇ ਦੱਸਿਆ ਕਿ ਇੱਕ ਵਾਰੀ ਵਿੱਚ ਜਿੰਨਾ ਅਨਾਜ ਕੋਈ ਚੁੱਕ ਕੇ ਲਿਜਾ ਸਕਦਾ ਹੈ, ਲੈ ਜਾਵੇ। ਬੁੱਢੇ ਨੇ ਆਪਣੀ ਚਾਦਰ ਵਿੱਚ ਕਾਫ਼ੀ ਸਾਰਾ ਅਨਾਜ ਪਾ ਲਿਆ। ਪੰਡ ਬੰਨ੍ਹ ਲਈ। ਪੋਤਰਾ ਛੋਟਾ ਹੈ। ਖ਼ੁਦ ਕਮਜ਼ੋਰ ਬਜ਼ੁਰਗ ਹੈ। ਬੇਬਸ ਹੋਇਆ ਅਨਾਜ ਚੁੱਕ ਕੇ ਲਿਜਾ ਨਹੀਂ ਸਕਦਾ। ਸਰਕਾਰੀ ਨੌਕਰ ਘੱਟ ਕਰਨ ਲਈ ਕਹਿ ਰਿਹਾ ਹੈ। ਇੰਨੇ ਨੂੰ ਇੱਕ ਮਜ਼ਬੂਤ ਜੁੱਸੇ ਵਾਲਾ ਨੌਜੁਆਨ ਉਥੇ ਆ ਕੇ ਬਾਬਾ ਜੀ ਨੂੰ ਪੁੱਛਦਾ ਹੈ, "ਬਾਬਾ ਜੀ ਕੋਈ ਔਖ ਤਾਂ ਨਹੀਂ, ਮੱਦਦ ਦੀ ਲੋੜ ਹੋਵੇ ?" ਬੁੱਢੇ ਨੇ ਦੱਸਿਆ, "ਅਨਾਜ ਦੀ ਪੰਡ ਚੁੱਕੀ ਨਹੀਂ ਜਾਂਦੀ ਜੇਕਰ ਮੇਰੇ ਘਰ ਪੁਚਾ ਦਿਓ, ਸ਼ੁਕਰ ਗੁਜ਼ਾਰ ਹੋਵਾਂਗਾ।" ਗੱਭਰੂ ਨੇ ਪੰਡ ਚੁੱਕੀ, ਤੇਜ਼ੀ ਨਾਲ ਚਲਦਿਆਂ ਟਿਕਾਣੇ ਸਿਰ ਪੁਚਾ ਦਿੱਤੀ। ਬਜ਼ੁਰਗ ਨੇ ਸ਼ੁਕਰੀਆ ਅਦਾ ਕੀਤਾ ਤੇ ਨਾਮ ਪੁੱਛਿਆ। ਨੌਜੁਆਨ ਨੇ ਆਪਣੇ ਸਰੀਰ ਦੁਆਲੇ ਲਪੇਟੀ ਚਾਦਰ ਉਤਾਰ ਦਿੱਤੀ। ਬਜ਼ੁਰਗ ਦੇ ਚਰਨ ਛੂਹ ਤੇ ਆਖਿਆ, "ਬਾਪੂ ਜੀ! ਮੇਰਾ ਨਾਮ ਰਣਜੀਤ ਸਿੰਘ ਹੈ। ਕਾਬਲ ਕੰਧਾਰ ਵੱਲੋਂ ਆਏ ਧਾੜਵੀਆਂ ਲਈ ਮੈਂ ਜੰਗਬਾਜ਼ ਜੋਧਾ ਹਾਂ ਪਰ ਆਪਣੀ ਪਰਜਾ ਲਈ ਇੱਕ ਸੇਵਾਦਾਰ ਹਾਂ। ਕਦੀ ਫਿਰ ਲੋੜ ਪਏ ਤਾਂ ਖ਼ਬਰ ਕਰ ਦੇਣੀ।

4. ਰਣਜੀਤ ਸਿੰਘ ਹਾਥੀ 'ਤੇ ਸਵਾਰ ਕਿਸੇ ਮੁਹਿੰਮ ਤੋਂ ਵਾਪਸ ਪਰਤ ਰਿਹਾ ਸੀ। ਰਸਤੇ ਵਿੱਚ ਬੱਚੇ ਬੇਰੀ ਦੇ ਰੁੱਖ ਤੋਂ ਬੇਰ ਤੋੜਨ ਲਈ ਵੱਟੇ ਮਾਰ ਰਹੇ ਸਨ। ਬੇ ਧਿਆਨੀ ਵਿੱਚ ਮਾਰਿਆ ਵੱਟਾ ਰਣਜੀਤ ਸਿੰਘ ਦੇ ਹਾਥੀ ਨੂੰ ਜਾ ਵੱਜਾ। ਪਹਿਰੇਦਾਰਾਂ ਨੇ ਤੁਰੰਤ ਬੱਚਿਆਂ ਨੂੰ ਫੜ ਲਿਆ। ਕੁੱਝ ਇੱਕ ਦੇ ਚਪੇੜਾਂ ਭੀ ਮਾਰੀਆਂ। ਰਣਜੀਤ ਸਿੰਘ ਨੇ ਪਹਿਰੇਦਾਰਾਂ ਨੂੰ ਥਾਏਂ ਰੋਕ ਦਿੱਤਾ। "ਖ਼ਬਰਦਾਰ ਬੱਚਿਆਂ ਨੂੰ ਮਾਰਨਾ ਨਹੀਂ।" ਨੇੜੇ ਸੱਦ ਕੇ ਆਖਣ ਲੱਗਾ, "ਪੁੱਤਰੋ! ਵੱਟੇ ਕਿਉਂ ਮਾਰਦੇ ਸੀ ?" "ਜੀ ਬੇਰੀ ਤੋਂ ਬੇਰ ਲੈਣ ਵਾਸਤੇ।" ਰਣਜੀਤ ਸਿੰਘ ਆਪਣੇ ਨੌਕਰਾਂ ਨੂੰ ਆਖਣ ਲੱਗਾ, "ਮੂਰਖੋ! ਕੁੱਝ ਤਾਂ ਸੋਚ ਲਿਆ ਕਰੋ। ਬੇਰੀ ਦੇ ਰੁੱਖ ਤੋਂ ਵੱਟਾ ਮਾਰਿਆਂ ਬੇਰ ਮਿਲਦੇ ਹਨ। ਰਣਜੀਤ ਸਿੰਘ ਏਡਾ ਗਿਆ ਗੁਜ਼ਰਿਆ ਹੈ ਕਿ ਵੱਟਾ ਮਾਰੇ ਤੋਂ ਬੱਚਿਆਂ ਨੂੰ ਕੁੱਝ ਨਾ ਦੇਵੇ। ਇਨ੍ਹਾਂ ਸਾਰਿਆਂ ਨੂੰ ਬੁੱਕਾਂ ਭਰ-ਭਰ ਕੇ ਰੁਪਏ ਵੰਡ ਦਿਓ।" ਇਵੇਂ ਹੀ ਕੀਤਾ ਗਿਆ।

5. ਲੋਕੀਂ ਰਣਜੀਤ ਸਿੰਘ ਨੂੰ ਪਾਰਸ ਕਹਿੰਦੇ ਸਨ। ਉਹ ਪਾਰਸ ਜਿਸ ਨਾਲ ਲੋਹਾ ਛੂਹ ਜਾਵੇ (ਮਨੌਂਤ) ਸੋਨਾ ਬਣ ਜਾਂਦਾ ਹੈ। ਰਣਜੀਤ ਸਿੰਘ ਦਾ ਕਾਫ਼ਲਾ ਲੰਘ ਰਿਹਾ ਸੀ। ਇੱਕ ਗ਼ਰੀਬ ਬੁੱਢੀ ਮਾਤਾ ਆਪਣੇ ਘਰੋਂ ਤਵਾ ਚੁੱਕ ਲਿਆਈ। ਰਾਹ ਵਿੱਚ ਹੱਥ ਜੋੜ ਕੇ ਖਲੋ ਗਈ। ਸੇਵਕਾਂ ਨੇ ਪਾਸੇ ਕਰਨਾ ਚਾਹਿਆ ਤਾਂ ਉੱਚੀ-ਉੱਚੀ ਰੋਣ ਲੱਗ ਪਈ।

ਰਣਜੀਤ ਸਿੰਘ ਨੇ ਆਪਣੇ ਕੋਲ ਆਉਣ ਦੀ ਇਜਾਜ਼ਤ ਦੇ ਦਿੱਤੀ। ਅੱਗੇ ਵਧੀ ਤੇ ਕੱਪੜੇ ਵਿੱਚ ਵਲ੍ਹੇਟਿਆ ਲੋਹੇ ਦਾ ਤਵਾ ਕੱਢ ਕੇ ਮਹਾਰਾਜੇ ਦੇ ਜਾਮੇ ਨਾਲ ਰਗੜਨਾ ਸ਼ੁਰੂ ਕਰ ਦਿੱਤਾ। ਇਸ ਅਜੀਬ ਜਿਹੇ ਵਰਤਾਅ ਤੋਂ ਰਣਜੀਤ ਸਿੰਘ ਨੇ ਪੁੱਛਿਆ, "ਮਾਤਾ ਇਹ ਕੀ ਕਰਨ ਲੱਗੀ ਹੈਂ ?" ਆਖਣ ਲੱਗੀ, "ਮੈਂ ਸੁਣਿਆ ਸੀ ਕਿ ਰਣਜੀਤ ਸਿੰਘ ਪਾਰਸ ਹੈ। ਇਸੇ ਲਈ ਮੈਂ ਆਪਣੀ ਗ਼ਰੀਬੀ ਦੂਰ ਕਰਨ ਲਈ ਤਵਾ ਨਾਲ ਲਿਆਈ। ਤੁਹਾਡੇ ਨਾਲ ਘਿਸਾਇਆ ਪਰ ਸੋਨਾ ਨਹੀਂ ਬਣਿਆ। ਕੀ ਪਹਿਲਾਂ ਸੁਣੀ ਗੱਲ ਝੂਠੀ ਸੀ ?" ਰਣਜੀਤ ਸਿੰਘ ਹੱਸ ਪਿਆ। ਆਖਣ ਲੱਗਾ, "ਮਾਤਾ, ਉਹ ਗੱਲ ਜੋ ਤੂੰ ਸੁਣੀ ਸੀ, ਉਹ ਸੱਚੀ ਸੀ। ਤਵਾ ਸੋਨੇ ਦਾ ਬਣ ਗਿਆ ਹੈ।" ਰਣਜੀਤ ਸਿੰਘ ਨੇ ਸੇਵਕਾਂ ਨੂੰ ਕਹਿ ਕੇ ਤਵੇ ਦੇ ਬਰਾਬਰ ਸੋਨਾ ਤੋਲ ਕੇ ਮਾਈ ਦੇ ਘਰ ਪੁਜਦਾ ਕਰ ਦਿੱਤਾ।

6. ਅਕਾਲੀ ਫੂਲਾ ਸਿੰਘ ਕੁੱਝ ਅੱਖੜ ਸੁਭਾ ਵਾਲਾ ਸੀ। ਇੱਕ ਦਿਨ ਰਣਜੀਤ ਸਿੰਘ ਹਾਥੀ 'ਤੇ ਸਵਾਰ ਹੋਇਆ ਲੰਘ ਰਿਹਾ ਸੀ ਕਿ ਅੱਗੋਂ ਘੋੜ ਸਵਾਰਾਂ ਨਾਲ ਫੂਲਾ ਸਿੰਘ ਆ ਗਿਆ। ਦੋਵੇਂ ਆਹਮੋ-ਸਾਹਮਣੇ ਖਲੋ ਗਏ। ਫੂਲਾ ਸਿੰਘ ਕਹਿਣ ਲੱਗਾ, "ਕਾਣਿਆ ਇਹ ਕੱਟਾ ਕਿੰਨੇ ਦਾ ਖ਼ਰੀਦਿਆ ਹੈ ?" ਰਣਜੀਤ ਸਿੰਘ ਠਰ੍ਹੰਮੇ ਨਾਲ ਬੋਲਿਆ, "ਅਕਾਲੀ ਜੀ! ਮੈਂ ਕਿਥੋਂ ਖ਼ਰੀਦ ਸਕਦਾ ਸਾਂ। ਤੁਹਾਡੀ ਅਕਾਲੀ ਸਰਕਾਰ ਦਾ ਹੀ ਬਖ਼ਸ਼ਿਆ ਹੋਇਆ ਹੈ। ਜਿੱਦਣ ਉਤਾਰੋਗੇ ਉੱਤਰ ਜਾਵਾਂਗਾ।" ਫੂਲਾ ਸਿੰਘ ਨੀਵੀਂ ਪਾ ਕੇ ਲੰਘ ਗਿਆ।

7. ਰਣਜੀਤ ਸਿੰਘ ਦੇ ਹਾਥੀ ਅੱਗੇ ਆ ਕੇ ਇੱਕ ਸ਼ਰਾਬੀ ਬੰਦਾ ਖਰੂਦ ਕਰਨ ਲੱਗ ਪਿਆ। ਕਾਣਾ (ਰਣਜੀਤ ਸਿੰਘ ਲਈ), ਰਾਜਾ ਬਣਿਆ ਫਿਰਦਾ ਹੈ। ਸ਼ਕਲ ਵੇਖੀ ਹੈ ਆਪਣੀ ਕਦੀ। ਨਾਲੇ ਵੇਚ ਲੈ ਆਪਣਾ ਆਹ ਕੱਟਾ। ਦੱਸ ਕਿੰਨੇ ਪੈਸੇ ਚਾਹੀਦੇ ਨੇ ? ਨੌਕਰਾਂ ਨੇ ਮਾਰ ਕੁੱਟ ਕਰਨੀ ਚਾਹੀ ਪਰ ਮਹਾਰਾਜੇ ਨੇ ਅਜਿਹਾ ਕਰਨੋਂ ਰੋਕ ਦਿੱਤੇ। ਸ਼ਰਾਬੀ ਨੂੰ ਇੱਕ ਥਾਂ ਬੰਦ ਕਰਵਾ ਦਿੱਤਾ। ਸਵੇਰੇ ਉਸ ਸ਼ਰਾਬੀ ਨੂੰ ਰਣਜੀਤ ਸਿੰਘ ਨੇ ਮੰਗਾਇਆ। ਸਾਹਮਣੇ ਖਲਾਰ ਕੇ ਪੁੱਛਿਆ, "ਹਾਂ ਬਈ ਦੱਸ ਫਿਰ ਕੱਟੇ ਦਾ ਸੌਦਾ ਕਰਨਾ ਹੈ ?" ਸ਼ਰਾਬੀ ਬੰਦਾ ਹੱਥ ਜੋੜ ਕੇ ਮੁਆਫ਼ੀਆਂ ਮੰਗਣ ਲੱਗਾ, "ਸਰਕਾਰ ਗ਼ਲਤੀ ਹੋ ਗਈ, ਰਾਤ ਵਾਲੇ "ਵਾਪਾਰੀ" ਹੋਰ ਸਨ, ਉਹ ਚਲੇ ਗਏ। ਹੁਣ ਮੈਂ ਉਹ ਨਹੀਂ ਹਾਂ, ਮੁਆਫ਼ ਕਰ ਦਿਓ।" ਰਣਜੀਤ ਸਿੰਘ ਨੇ ਮੁਆਫ਼ ਕਰ ਦਿੱਤਾ।

8. ਮਹਾਰਾਜਾ ਰਣਜੀਤ ਸਿੰਘ ਦੇ ਮਹਿਲ ਵਿੱਚ 48 ਰਾਣੀਆਂ ਸਨ। ਕਈ ਵਿਆਹ ਕੇ ਲਿਆਂਦੀਆਂ ਸਨ। ਕੁੱਝ ਉਹ ਸਨ ਜਿਨ੍ਹਾਂ ਦੇ (ਸਰਦਾਰ) ਪਤੀ, ਰਣਜੀਤ ਸਿੰਘ ਦੇ ਵਿਰੁੱਧ ਲੜਦੇ ਮਾਰੇ ਗਏ ਸਨ। ਉਨ੍ਹਾਂ ਨੂੰ ਜਗੀਰਾਂ ਦੇ ਕੇ ਰਣਜੀਤ ਸਿੰਘ ਨੇ ਸਮਾਂ ਗੁਜ਼ਾਰਨ ਲਈ ਕਿਹਾ। ਕਈਆਂ ਨੇ ਜਗੀਰਾਂ ਲੈ ਲਈਆਂ। ਕਈ ਔਰਤਾਂ ਨੇ ਰਣਜੀਤ ਸਿੰਘ ਨਾਲ ਕਰੇਵਾ (ਚਾਦਰ ਪਾਉਣੀ) ਕਰ ਲਿਆ ਤੇ ਮਹਿਲ ਵਿੱਚ ਆ ਗਈਆਂ। ਕੁੱਝ ਦਾਸੀਆਂ ਸੇਵਕਾਵਾਂ ਸਨ, ਜਿਨ੍ਹਾਂ ਨੂੰ ਲੇਖਕਾਂ ਨੇ "ਰਖੇਲਾਂ" ਲਿਖ ਕੇ ਰਣਜੀਤ ਸਿੰਘ ਦਾ ਅਪਮਾਨ ਕੀਤਾ ਹੈ ਮੈਂ ਨਿੱਜੀ ਤੌਰ 'ਤੇ "ਇੱਕ ਪਤੀ, ਇੱਕ ਪਤਨੀ" ਦੇ ਅਸੂਲ ਨਾਲ ਸਹਿਮਤ ਹਾਂ ਪਰ ਲੇਖਕਾਂ ਨੇ ਪੰਜਵੇਂ ਗੁਰੂ ਦੇ ਇੱਕ ਤੋਂ ਵੱਧ ਵਿਆਹ ਕਰਵਾ ਦਿੱਤੇ। ਛੇਵੇਂ ਗੁਰੂ ਜੀ ਦੇ

ਚਾਰ ਵਿਆਹ ਕਰਵਾ ਦਿੱਤੇ। ਸੱਤਵੇਂ ਗੁਰੂ ਜੀ ਦੇ ਸੱਤ ਵਿਆਹ ਤੇ ਦਸਵੇਂ ਦੇ ਤਿੰਨ ਵਿਆਹ। ਜੇ ਗੁਰੂਆਂ ਦੇ ਇੱਕ ਤੋਂ ਵੱਧ ਵਿਆਹ ਜਾਇਜ਼ ਹਨ ਫਿਰ ਰਣਜੀਤ ਸਿੰਘ ਦਾ ਭੀ ਜਾਇਜ਼ ਮੰਨਣਾ ਪਵੇਗਾ। ਪਟਿਆਲੇ ਵਾਲੇ ਭੁਪਿੰਦਰ ਸਿੰਘ ਰਾਜੇ ਨੇ 365 ਰਾਣੀਆਂ ਆਪਣੇ ਮਹਿਲ ਵਿੱਚ ਰੱਖੀਆਂ ਹੋਈਆਂ ਸਨ, ਉਸ ਨੂੰ ਕੀ ਆਖੀਏ ?

ਮੈਂ ਗੱਲ ਕਰ ਰਿਹਾ ਸਾਂ ਕਿ ਇੱਕ ਦਿਨ ਮਹਾਰਾਜਾ ਰਣਜੀਤ ਸਿੰਘ ਦੀਆਂ ਪਤਨੀਆਂ ਘਰੇਲੂ ਮਾਹੌਲ ਵਿੱਚ ਹਾਸਾ ਠੱਠਾ ਕਰ ਰਹੀਆਂ ਸਨ। ਇੱਕ ਬਹੁਤ ਸੁੰਦਰ ਰਾਣੀ ਰਾਜੇ ਨੂੰ ਵਿਅੰਗ ਵਿੱਚ ਆਖਣ ਲੱਗੀ, "ਸਰਕਾਰ ਜਦੋਂ ਪਰਮੇਸ਼ਰ ਰੂਪ ਦੇ ਗੱਫੇ ਵੰਡ ਰਿਹਾ ਸੀ, ਤੁਸੀਂ ਉਦੋਂ ਕਿਥੇ ਗਏ ਸੀ ?" ਰਣਜੀਤ ਸਿੰਘ ਕਹਿਣ ਲੱਗਾ ਕਿ "ਉਸ ਵਕਤ ਮੈਂ ਅਕਲ ਪ੍ਰਾਪਤ ਕਰਨ ਵਾਲਿਆਂ ਦੀ ਕਤਾਰ ਵਿੱਚ ਖੜਾ ਸੀ। ਮੈਂ ਰੱਬ ਨੂੰ ਬੇਨਤੀ ਕੀਤੀ ਸੀ ਕਿ ਰੂਪ ਵੰਡਿਆ ਜਾ ਰਿਹਾ ਸੀ ਦੂਜੇ ਪਾਸੇ। ਹੁਣ ਉਹ ਖਿੜਕੀ ਬੰਦ ਹੋ ਗਈ, ਮੈਂ ਕੀ ਕਰਾਂ ?" ਰੱਬ ਹੱਸ ਕੇ ਕਹਿਣ ਲੱਗਾ, "ਰਣਜੀਤ ਸਿੰਘ ਰੂਪ ਮੱਤੀਆਂ ਅਕਲ ਵਾਲਿਆਂ ਦੇ ਪਿੱਛੇ ਨੱਸੀਆਂ ਆਉਂਦੀਆਂ ਨੇ, ਫਿਕਰ ਨਾ ਕਰ।" ਫਿਰ ਮੈਂ ਰੂਪ ਦਾ ਫ਼ਿਕਰ ਮੁਕਾ ਦਿੱਤਾ। ਅਪਮਾਨ ਕਰਨ ਵਾਲਾ ਮਜ਼ਾਕ ਹਾਸੇ ਵਿੱਚ ਉਡਾ ਦਿੱਤਾ।

9. ਅਕਤੂਬਰ 26 ਸੰਨ 1831 ਨੂੰ ਮਹਾਰਾਜਾ ਰਣਜੀਤ ਸਿੰਘ ਤੇ ਭਾਰਤ ਦੇ ਗਵਰਨਰ ਲਾਰਡ ਵਿਲੀਅਮ ਬੈਂਟਿਕ ਨਾਲ ਮਿਲਣ ਦਾ ਸਮਾਂ ਨਿਸਚਿਤ ਕੀਤਾ ਗਿਆ। ਇਹ ਮੁਲਾਕਾਤ ਰੋਪੜ ਦੇ ਸਥਾਨ 'ਤੇ ਹੋਈ। ਇਸ ਤੋਂ ਪਹਿਲਾਂ ਸ੍. ਹਰੀ ਸਿੰਘ ਨਲੂਆ, ਸ੍. ਨਿਧਾਨ ਸਿੰਘ ਪੰਜ ਹਥਾ ਤੇ ਫ਼ਕੀਰ ਅਜ਼ੀਜੁਦੀਨ ਮੁਲਾਕਾਤ ਦੇ ਜ਼ਰੂਰੀ ਪ੍ਰਬੰਧ ਕਰਨ ਵਾਸਤੇ ਅੰਗਰੇਜ਼ ਅਫ਼ਸਰਾਂ ਨੂੰ ਮਿਲਣ ਸ਼ਿਮਲੇ ਕਈ ਦਿਨ ਰਹੇ। ਜਦੋਂ ਇੱਕ ਦੂਜੇ ਤੋਂ ਕਾਫ਼ੀ ਕੁੱਝ ਪੁੱਛ ਲਿਆ, ਸੁਭਾਅ ਬਾਰੇ ਜ਼ਰੂਰੀ ਜਾਣਕਾਰੀ ਮਿਲ ਗਈ ਤਾਂ ਕਿਸੇ ਵੇਲੇ ਖ਼ੁਸ਼ੀ ਵਾਲੇ ਮੂਡ ਵਿੱਚ ਲਾਰਡ ਵਿਲੀਅਮ ਬੈਂਟਿਕ ਨੇ ਅਜ਼ੀਜੁਦੀਨ ਨੂੰ ਪੁੱਛਿਆ, "ਫ਼ਕੀਰ ਜੀ! ਸੁਣਿਆ ਹੈ ਮਹਾਰਾਜੇ ਦੀ ਇੱਕ ਅੱਖ ਠੀਕ ਨਹੀਂ ਹੈ। ਭਲਾ ਕਿਹੜੀ ਅੱਖ ਖ਼ਰਾਬ ਹੈ, ਖੱਬੀ ਕਿ ਸੱਜੀ ?" ਫ਼ਕੀਰ ਕਹਿਣ ਲੱਗਾ, "ਗਵਰਨਰ ਸਾਹਿਬ! ਮਹਾਰਾਜਾ ਸਾਹਿਬ ਦਾ ਰੋਹਬ ਅਤੇ ਤੇਜ਼ ਪ੍ਰਤਾਪ ਇਤਨਾ ਹੈ ਕਿ ਉਸ ਦੇ ਚਿਹਰੇ ਵੱਲ ਵੇਖਿਆ ਹੀ ਨਹੀਂ ਜਾਂਦਾ। ਅਸੀਂ ਸਾਰੇ ਕੇਵਲ ਉਨ੍ਹਾਂ ਦਾ ਹੁਕਮ ਧਿਆਨ ਨਾਲ ਸੁਣਦੇ ਹਾਂ, ਚਰਨਾਂ ਵੱਲ ਵੇਖਦੇ ਹਾਂ। ਇੱਕ ਗੱਲ ਵਿਸ਼ਵਾਸ ਨਾਲ ਕਹਿ ਸਕਦੇ ਹਾਂ ਕਿ ਉਹ ਸਾਰੀ ਪਰਜਾ ਨੂੰ ਇੱਕ ਅੱਖ (ਇੱਕ ਸਮਾਨ) ਨਾਲ ਵੇਖਦੇ ਹਨ।" ਸੁਣਨ ਵਾਲੇ ਗੋਰੇ ਗੋਰੀਆਂ ਸਾਰੇ ਬਹੁਤ ਪ੍ਰਭਾਵਤ ਹੋਏ।


10. ਇਸ ਜਥੇ ਵਿੱਚ ਆਇਆ ਸ੍. ਨਿਧਾਨ ਸਿੰਘ ਪੰਜ ਹਥਾ ਜੀ ਨੂੰ ਵੇਖ ਕੇ ਗੋਰਿਆਂ-ਗੋਰੀਆਂ ਨੇ ਬਹੁਤ ਹੈਰਾਨੀ ਜਿਹੀ ਪ੍ਰਗਟ ਕੀਤੀ, ਕਿਉਂਕਿ ਪੰਜ ਹਥੇ ਸਰਦਾਰ ਦਾ ਚਿਹਰਾ ਵਿੰਗਾ ਟੇਢਾ ਜਿਹਾ ਸੀ। ਇੱਕ ਵਾਰੀ ਜੰਗ ਲੜਦਿਆਂ ਨਿਧਾਨ ਸਿੰਘ ਜੋਸ਼ ਵਿੱਚ ਆ ਕੇ ਆਪਣੇ ਸਾਥੀਆਂ ਤੋਂ ਬਹੁਤ ਅੱਗੇ ਨਿਕਲ ਕੇ ਦੁਸ਼ਮਣ ਦਲ ਦੇ ਧੁਰ ਅੰਦਰ ਦਾਖ਼ਲ ਹੋ ਗਿਆ। ਬਹੁਤ ਗਹਿ ਗੱਚ ਜੰਗ ਮਚੀ। ਪੰਜ-ਛੇ ਪਠਾਣ ਸੂਰਮੇ ਇੱਕੋ ਵਾਰੀ ਆ ਪਏ। ਨਿਧਾਨ ਸਿੰਘ ਨੇ ਹਿੰਮਤ ਨਹੀਂ ਹਾਰੀ, ਭੈ ਨਹੀਂ ਮੰਨਿਆ। ਵਾਰ ਰੋਕਦਾ ਰਿਹਾ

ਤੇ ਵਾਰ ਕਰਦਾ ਰਿਹਾ। ਨਿਧਾਨ ਸਿੰਘ ਦੇ ਹੋਰ ਭੀ ਬਹੁਤ ਫੱਟ ਲੱਗੇ ਪਰ ਚਿਹਰਾ ਭੀ ਕਈ ਥਾਵਾਂ ਤੋਂ ਕੱਟਿਆ ਗਿਆ। ਖ਼ੂਨ ਅਤੇ ਪਸੀਨੇ ਵਿੱਚ ਨੁਚੜ ਰਹੇ ਨਿਧਾਨ ਸਿੰਘ ਨੇ ਪੰਜੇ ਦੁਸ਼ਮਣਾਂ ਨੂੰ ਹਥਿਆਰ ਸੁੱਟਣ 'ਤੇ ਮਜਬੂਰ ਕਰ ਦਿੱਤਾ। ਉਹ ਭੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਚੁੱਕੇ ਸਨ ਤੇ ਹਾਰ ਮੰਨ ਕੇ ਹਥਿਆਰ ਜ਼ਮੀਨ 'ਤੇ ਰੱਖ ਦਿੱਤੇ। ਨਿਧਾਨ ਸਿੰਘ ਨੇ ਜਿੱਤ ਦਾ ਜੈਕਾਰਾ ਗਜਾਇਆ। ਮਹਾਰਾਜਾ ਰਣਜੀਤ ਸਿੰਘ ਆਪਣੀ ਰਾਖਵੀਂ ਫ਼ੌਜੀ ਟੁਕੜੀ ਨੂੰ ਰੋਕ ਕੇ ਸਭ ਕੁੱਝ ਵੇਖ ਰਿਹਾ ਸੀ। ਜਦੋਂ ਪੰਜਾਂ ਨੇ ਹਾਰ ਮੰਨ ਲਈ, ਉਦੋਂ ਰਣਜੀਤ ਸਿੰਘ ਘੋੜੇ ਤੋਂ ਉਤਰਿਆ ਤੇ ਧਾਅ ਕੇ ਨਿਧਾਨ ਸਿੰਘ ਨੂੰ ਗਲਵਕੜੀ ਵਿੱਚ ਲੈ ਲਿਆ। ਵੀਹ ਹਜ਼ਾਰ ਰੁਪਏ ਦਾ ਕੀਮਤੀ ਹਾਰ ਉਸ ਦੇ ਗਲ ਵਿੱਚ ਪਾਇਆ। "ਪੰਜ ਹਥੇ" ਦਾ ਖ਼ਿਤਾਬ ਦਿੱਤਾ ਤੇ ਪੰਜ ਹਜ਼ਾਰ ਫ਼ੌਜੀਆਂ ਦਾ ਕਮਾਂਡਰ ਬਣਾ ਦਿੱਤਾ। ਇਸੇ ਨਿਧਾਨ ਸਿੰਘ ਨੂੰ ਸ਼ਿਮਲੇ ਸੁਆਲ ਪੁੱਛਿਆ ਸੀ ਕਿ ਚਿਹਰਾ ਵਿੰਗਾ ਜਿਹਾ ਕਿਉਂ ਹੈ? ਨਿਧਾਨ ਸਿੰਘ ਕੱਪੜੇ ਉਤਾਰਨ ਲੱਗ ਪਿਆ। ਗੋਰੀਆਂ ਕੁੱਝ ਘਬਰਾ ਗਈਆਂ ਕਿ ਕੱਪੜੇ ਕਿਉਂ ਉਤਾਰਦੇ ਹੋ? ਨਿਧਾਨ ਸਿੰਘ ਨੇ ਕੱਪੜੇ ਉਤਾਰ ਕੇ ਆਪਣਾ ਬਦਨ ਵਿਖਾ ਕੇ ਉਨ੍ਹਾਂ ਨੂੰ ਪੁੱਛਿਆ, "ਦੱਸੋ ਇਹ ਅਜਿਹੀ ਥਾਂ ਹੈ, ਜਿਥੇ ਜ਼ਖ਼ਮਾਂ ਦੇ ਨਿਸ਼ਾਨ ਨਾ ਹੋਣ? ਅਸੀਂ ਸਾਰੇ ਜਰਨੈਲ ਜੰਗ ਵਿੱਚ ਮੋਹਰੀ ਹੋ ਕੇ ਲੜਦੇ ਹਾਂ। ਚਿਹਰੇ 'ਤੇ ਭੀ ਹਥਿਆਰਾਂ ਦੇ ਡੂੰਘੇ ਜ਼ਖ਼ਮ ਸਨ ਤੇ ਬਾਕੀ ਸਰੀਰ 'ਤੇ ਭੀ। ਸਾਰੇ ਵੇਖਣ ਸੁਣਨ ਵਾਲੇ ਬਹੁਤ ਮੁਤਾਸਰ ਹੋਏ ਤੇ ਬਹਾਦਰੀ ਦੀ ਦਾਤ ਦਿੱਤੀ। ਕਵੀ ਜੈ ਸਿੰਘ ਲਿਖਦਾ ਹੈ-

ਹਾਏ ਮਰਦਾਨੇ, ਜੱਗ ਜਾਨੇ ਰਣਜੀਤ ਸਿੰਘ,
ਤੇਰੇ ਬਿਨ ਕਾਨੇ, ਜੱਗ ਬੀਚ ਤੀਨ ਕਾਨੇ ਹੈਂ।

ਆਪਣੇ ਸਮੇਂ ਵਿੱਚ ਅੱਜ ਤੋਂ ਪੌਣੇ ਦੋ ਸੌ ਸਾਲ ਪਹਿਲਾਂ, ਰਣਜੀਤ ਸਿੰਘ ਦੇ ਰਾਜ ਵਰਗਾ ਨਿਆਕਾਰੀ ਤੇ ਸਾਰੇ ਲੋਕਾਂ ਨੂੰ ਇੱਕੋ ਪਰਮੇਸ਼ਰ ਦੀ ਸੰਤਾਨ ਪਰਵਾਨ ਕਰਦਿਆਂ ਸਭ ਨੂੰ ਪਿਆਰ ਕਰਨ ਵਾਲਾ ਰਾਜ, ਹੋਰ ਕਿਧਰੇ ਨਜ਼ਰ ਨਹੀਂ ਆਉਂਦਾ। ਇਸ ਲਈ ਰਣਜੀਤ ਸਿੰਘ ਦੀਆਂ ਕਮੀਆਂ ਥੋੜ੍ਹੀਆਂ ਅਤੇ ਗੁਣ ਬਹੁਤ ਸਾਰੇ ਪ੍ਰਤੱਖ ਵੇਖੇ ਜਾ ਸਕਦੇ ਹਨ।

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾ ਤਸਵੀਸ ਖਿਰਾਜੁ ਨ ਮਾਲੁ ॥ ਖਉਫ ਨ ਖਤਾ ਨ ਤਰਸੁ ਜਵਾਲੁ ॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥ ਰਹਾਉ ॥
ਕਾਇਮ ਦਾਇਮੁ ਸਦਾ ਪਾਤਿਸ਼ਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥ (345)



ਨਾਟਕ ਦੀ ਪੇਸ਼ਕਾਰੀ

ਪੰਜਾਬ ਦਾ ਸੂਬੇਦਾਰ (ਗਵਰਨਰ) ਜ਼ਕਰੀਆ ਖ਼ਾਨ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੂੰ ਮੰਗਿਆ ਟੈਕਸ ਦੇਣ ਤੋਂ ਅਸਮਰੱਥ ਸੀ। ਜ਼ਕਰੀਏ ਨੇ ਖ਼ੁਦ ਇੱਕ ਸੁਨੇਹਾ ਨਵਾਬ ਕਪੂਰ ਸਿੰਘ ਕੋਲ ਭੇਜਿਆ ਕਿ ਦਿੱਲੀ ਨੂੰ ਟੈਕਸ ਵਾਲਾ ਚੌਦਾਂ ਲੱਖ ਰੁਪਿਆ ਜਾ ਰਿਹਾ ਹੈ। ਜੇ ਹਿੰਮਤ ਮਾਰ ਸਕਦੇ ਹੋ ਤਾਂ ਲੁੱਟ ਲਓ। ਉਧਰ ਰੰਗੀਲੇ ਨੂੰ ਕਹਿ ਦਿੱਤਾ ਕਿ ਸਿੱਖਾਂ ਨੇ ਖ਼ਜ਼ਾਨਾ ਲੁੱਟ ਲੈਣਾ ਹੈ, ਦਿੱਲੀ ਤੋਂ ਗਾਰਡ ਭੇਜੋ। ਦਿੱਲੀ ਤੋਂ ਫ਼ੌਜੀ ਟੁਕੜੀ ਆ ਗਈ। ਇਕੱਠਾ ਕੀਤਾ ਖ਼ਜ਼ਾਨਾ ਖੱਚਰਾਂ 'ਤੇ ਲੱਦ ਕੇ ਦਿੱਲੀ ਨੂੰ ਟੋਰ ਦਿੱਤਾ। ਆਪਣੇ ਪਹਿਰੇਦਾਰਾਂ ਨੂੰ ਸਾਰੀ ਗੱਲ ਸਮਝਾ ਦਿੱਤੀ। ਗੋਇੰਦਵਾਲ ਦੇ ਪੱਤਣ 'ਤੇ ਦਰਿਆ ਪਾਰ ਕਰਦਿਆਂ ਸਿੰਘ ਆ ਪਏ ਦਾ ਸ਼ੋਰ ਮੱਚ ਗਿਆ। ਜ਼ਕਰੀਏ ਦੇ ਸਿਪਾਹੀ ਦੌੜ ਗਏ। ਰੰਗੀਲੇ ਵਾਲੇ ਕੁੱਝ ਨੱਸ ਗਏ, ਕੁੱਝ ਮਾਰੇ ਗਏ। ਖ਼ਜ਼ਾਨਾ ਸਿੰਘਾਂ ਨੇ ਉਡਾ ਲਿਆ। ਅਸਲ ਵਿੱਚ ਖ਼ਜ਼ਾਨਾ ਲੁਟਾ ਕੇ ਜ਼ਕਰੀਆ ਖ਼ਾਨ ਇੱਕ ਪਾਸੇ ਸਿੱਖਾਂ ਨੂੰ ਖ਼ੁਸ਼ ਕਰਨਾ ਚਾਹੁੰਦਾ ਸੀ। ਦੂਜੇ ਪਾਸੇ ਮੁਹੰਮਦ ਸ਼ਾਹ ਰੰਗੀਲੇ ਅੰਦਰ ਡਰ ਬਿਠਾਉਣਾ ਚਾਹੁੰਦਾ ਸੀ। ਭਾਵੇਂ ਖ਼ਜ਼ਾਨਾ ਲੁੱਟਿਆ ਗਿਆ ਚੌਦਾਂ ਲੱਖ ਪਰ ਉਸ ਨੇ ਰੰਗੀਲੇ ਨੂੰ ਦੱਸਿਆ ਤੀਹ ਲੱਖ। ਬਾਕੀ ਖ਼ੁਦ ਹੜੱਪ ਕਰ ਲਿਆ। ਇਸ ਘਟਨਾ ਤੋਂ ਮਗਰੋਂ ਰੰਗੀਲੇ ਬਾਦਸ਼ਾਹ ਨੇ ਜ਼ਕਰੀਏ ਨੂੰ ਦਿੱਲੀ ਬੁਲਾਇਆ। ਸਿੱਖਾਂ ਬਾਰੇ ਕਾਫ਼ੀ ਗੰਭੀਰਤਾ ਨਾਲ ਵਿਚਾਰ ਹੋਈ। ਜ਼ਕਰੀਆ ਖ਼ਾਨ ਸਿੱਖਾਂ ਨਾਲ ਜੰਗ ਲੜਦਾ ਸੌਖਾ ਨਹੀਂ ਸੀ। ਉਹ ਚਾਹੁੰਦਾ ਸੀ ਕਿ ਸਿੱਖਾਂ ਨਾਲ ਕੋਈ ਲੈ ਦੇ ਕੇ ਸਮਝੌਤਾ ਹੋ ਜਾਵੇ ਤੇ ਆਰਾਮ ਨਾਲ ਜ਼ਿੰਦਗੀ ਬਤੀਤ ਕਰੀਏ।

ਸਾਰੀ ਗੱਲਬਾਤ ਸੁਣ ਕੇ ਰੰਗੀਲੇ ਨੇ ਕਿਹਾ ਕਿ ਸਿੱਖਾਂ ਦੀ ਕਾਰਗੁਜ਼ਾਰੀ ਬਾਰੇ ਕੁੱਝ ਚੰਗੀ ਤਰ੍ਹਾਂ ਸਮਝਾ ਕਿ ਉਹ ਕਿਹੋ ਜਿਹੇ ਲੋਕ ਹਨ ? ਕਿਵੇਂ ਹਮਲਾ ਕਰਦੇ ਨੇ ? ਹਥਿਆਰਾਂ ਦੇ ਕਿੰਨੇ ਕੁ ਮਾਹਰ ਨੇ ? ਆਦਿ। ਜ਼ਕਰੀਆ ਖ਼ਾਨ ਆਪਣੇ ਨਾਲ ਪੰਜਾਬ ਤੋਂ ਮਿਰਾਸੀਆਂ ਨੂੰ ਸਾਰੀ ਸਿਖਲਾਈ ਦੇ ਕੇ ਦਿੱਲੀ ਲੈ ਗਿਆ ਸੀ ਤਾਂ ਕਿ ਸਿੱਖਾਂ ਬਾਰੇ ਨਾਟਕ ਕਰ ਕੇ ਰੰਗੀਲੇ ਨੂੰ ਵਿਖਾਇਆ ਜਾਵੇ। ਲਾਲ ਕਿਲ੍ਹੇ ਦੇ ਅੰਦਰ ਖੁੱਲੇ ਮੈਦਾਨ ਵਿੱਚ ਰੰਗੀਲਾ ਤੇ ਹੋਰ ਵੱਡੇ ਅਫ਼ਸਰ ਉੱਚੀ ਥਾਂ 'ਤੇ ਬੈਠ ਗਏ। ਹੋਰ ਤਮਾਸ਼ਬੀਨਾਂ ਦੀ ਭੀੜ ਬਹੁਤ ਜੁੜੀ ਹੋਈ ਸੀ। ਮਿੱਥੇ ਸਮੇਂ 'ਤੇ ਮਿਰਾਸੀਆਂ ਨੇ ਖੰਡੇ ਦੀ ਪਾਹੁਲ ਤਿਆਰ ਕੀਤੀ। (ਨਾਟਕ ਕੀਤਾ) ਪੰਜਾਂ ਸਿੰਘਾਂ ਤੋਂ ਬਹੁਤ ਸਾਰਿਆਂ ਨੇ ਪਹੁਲ ਛਕੀ। ਜ਼ੋਰਦਾਰ ਜੈਕਾਰੇ ਗਜਾਏ। ਆਪਸ ਵਿੱਚ ਇੱਕ ਦੂਜੇ ਨੂੰ ਆਪੋ ਆਪਣੇ ਹਥਿਆਰ ਵਰਤਣ ਬਾਰੇ ਸਲਾਹ ਕੀਤੀ। ਗੱਤਕਾ ਖੇਲਿਆ, ਫਿਰ ਇਲਾਕੇ ਦੀ ਵੰਡ ਕਰ ਕੇ ਹਮਲੇ ਲਈ ਚੜ੍ਹਾਈ ਕੀਤੀ। ਇਹ ਹਥਿਆਰਬੰਦ ਚੜ੍ਹਾਈ ਅਜਿਹੀ ਭਿਆਨਕ ਸੀ ਕਿ ਨਾਟਕ ਵੇਖਣ ਵਾਲਿਆਂ ਦੇ ਆਹੂ ਲਾਹ ਦਿੱਤੇ। ਸੱਥਰ ਵਿਛਾ ਦਿੱਤੇ। ਸਾਰੇ ਬੰਨੇ ਹਾ ਹਾ ਕਾਰ ਮੱਚ ਗਈ। ਪੰਡਾਲ ਵਿੱਚੋਂ ਜਿੱਧਰ ਕਿਸੇ ਨੂੰ ਰਾਹ ਲੱਭਿਆ ਉਧਰ ਹੀ ਦੌੜ ਪਿਆ। ਦਸ ਕੁ ਬੰਦੇ ਮਾਰੇ ਗਏ, ਕਾਫ਼ੀ ਸਾਰੇ ਜ਼ਖ਼ਮੀ ਹੋ ਗਏ। ਬੜੀ ਮੁਸ਼ਕਿਲ ਨਾਲ ਉਪਰ ਜਾਲ ਸੁੱਟ ਕੇ "ਨਾਟਕ ਵਾਲੇ ਸਿੱਖਾਂ" ਨੂੰ ਕਾਬੂ ਕੀਤਾ। ਮੁਹੰਮਦ ਸ਼ਾਹ ਅੱਗੇ ਇਨ੍ਹਾਂ ਨੂੰ ਪੇਸ਼ ਕੀਤਾ ਗਿਆ।

ਰੰਗੀਲੇ ਨੇ ਪੁੱਛਿਆ ਕਿ ਤੁਸੀਂ ਤਾਂ ਕੇਵਲ ਨਾਟਕ ਕਰਨਾ ਸੀ। ਆਹ ਸੱਚ-ਮੁੱਚ ਬੰਦੇ ਕਿਉਂ ਮਾਰ ਦਿੱਤੇ ? ਮਿਰਾਸੀਆਂ ਦਾ ਮੁਖੀ ਆਖਣ ਲੱਗਾ- "ਬਾਦਸ਼ਾਹ ਸਲਾਮਤ ! ਗੁਸਤਾਖ਼ੀ ਲਈ ਮੁਆਫ਼ ਕਰ ਦਿਓ। ਇਨ੍ਹਾਂ ਸਿੱਖਾਂ ਦੀ ਨਕਲ ਉਤਾਰਨ ਵਾਲੇ ਮਿਰਾਸੀਆਂ ਨੇ ਨਕਲੀ ਅੰਮ੍ਰਿਤ ਤਿਆਰ ਕੀਤਾ ਸੀ। ਸਾਨੂੰ ਸਾਰੀ ਬਾਣੀ ਭੀ ਯਾਦ ਨਹੀਂ। ਫਿਰ ਭੀ ਖੰਡੇ ਕੀ ਪਾਹੁਲ ਵਿੱਚੋਂ ਇੰਨੀ ਸ਼ਕਤੀ ਸਾਡੇ ਵਿੱਚ ਪ੍ਰਵੇਸ਼ ਕਰ ਗਈ, ਅਸੀਂ ਆਪੇ 'ਤੇ ਕਾਬੂ ਨਾ ਰੱਖ ਸਕੇ। ਸਾਨੂੰ ਆਪਣਾ ਆਪਾ ਸਿੱਖ ਨਜ਼ਰ ਆਇਆ। ਅੰਦਰ ਜੋਸ਼ ਠਾਠਾਂ ਮਾਰਨ ਲੱਗਾ ਤੇ ਅਸੀਂ ਕ੍ਰਿਪਾਨਾਂ ਧੂਹ ਲਈਆਂ। ਅੱਗੇ ਤਮਾਸ਼ਾ ਤੁਸੀਂ ਵੇਖ ਹੀ ਲਿਆ ਹੈ। ਅੱਗੋਂ ਜ਼ਕਰੀਆ ਖ਼ਾਨ ਨੇ ਗੱਲ ਸਾਂਭ ਲਈ ਕਿ ਬਾਦਸ਼ਾਹ ਸਲਾਮਤ ! ਆਹ ਜੋ ਨਕਲੀ ਸਿੱਖ ਇਨੇ ਬਹਾਦਰ ਹਨ ਤਾਂ ਖ਼ੁਦ ਹੀ ਸੋਚੋ ਕਿ ਅਸਲੀ ਸਿੱਖ ਕਿੰਨੇ ਵੱਡੇ ਸੂਰਮੇ ਹੋਣਗੇ। ਜੇ ਉਨ੍ਹਾਂ ਵਿੱਚੋਂ ਇਥੇ ਕੋਈ ਸਿੱਖ ਆ ਜਾਂਦਾ ਤਾਂ ਸਾਡਾ ਦੇਵਾਂ ਦਾ ਫ਼ਤਿਹਾ ਪੜ੍ਹਿਆ ਜਾਣਾ ਸੀ।

ਇਸ ਨਾਟਕ ਤੋਂ ਮਗਰੋਂ ਮੁਹੰਮਦ ਸ਼ਾਹ ਰੰਗੀਲੇ ਨੇ ਆਪਣੇ ਵਿਚੋਲੇ ਭੇਜ ਕੇ ਸਿੱਖਾਂ ਨਾਲ ਸਮਝੌਤਾ ਕਰ ਕੇ ਸ੍. ਕਪੂਰ ਸਿੰਘ ਨੂੰ ਨਵਾਬ (ਗਵਰਨਰ) ਦਾ ਖ਼ਿਤਾਬ ਤੇ ਚੰਗੀ ਜਗੀਰ ਦੇ ਦਿੱਤੀ। ਇਹ ਘਟਨਾ ਸੰਨ 1733 ਦੀ ਹੈ। ਇਸ ਘਟਨਾ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ (ਕੱਵਿਤਾ) ਵਿੱਚ ਸਫ਼ਾ 640 'ਤੇ ਕੀਤਾ ਹੈ। ਇਉਂ ਮਹਿਸੂਸ ਹੁੰਦਾ ਹੈ ਕਿ ਜ਼ਕਰੀਆ ਖ਼ਾਨ ਮਿਰਾਸੀਆਂ ਦੇ ਬਹਾਨੇ ਵਿਸ਼ਵਾਸ ਯੋਗ ਸਿੱਖਾਂ ਨੂੰ ਦਿੱਲੀ ਲੈ ਗਿਆ। ਉਨ੍ਹਾਂ ਨੂੰ ਸਾਰੀ ਗੱਲ ਚੰਗੀ ਤਰ੍ਹਾਂ ਸਮਝਾ ਦਿੱਤੀ ਕਿ ਤੁਸੀਂ ਮਿਰਾਸੀ ਬਣੇ ਰਹਿਣਾ ਹੈ ਪਰ ਕੰਮ ਸਿੰਘਾਂ ਵਾਲੇ ਕਰ ਵਿਖਾਣੇ ਹਨ। ਰੰਗੀਲੇ ਬਾਦਸ਼ਾਹ ਨੂੰ ਡਰਾ ਕੇ ਕੁੱਝ ਮੈਂ ਖੱਟੀ ਖੱਟ ਲਵਾਂਗਾ। ਜਗੀਰ ਤੇ ਨਵਾਬੀ ਤੁਹਾਨੂੰ ਦਿਵਾ ਦੇਵਾਂਗਾ। ਇਹ ਸਾਰਾ ਕੁੱਝ ਇੱਕ ਸਮਝੌਤੇ ਤਹਿਤ ਹੋਇਆ ਸੀ ਕਿਉਂਕਿ ਵਿਚਾਰੇ ਮਿਰਾਸੀਆਂ ਵਿੱਚ ਇੰਨੀ ਹਿੰਮਤ ਕਿਥੇ ਕਿ ਰੰਗੀਲੇ ਬਾਦਸ਼ਾਹ ਦੇ ਸਾਹਮਣੇ ਹੀ ਬੰਦਿਆਂ ਨੂੰ ਵੱਢਣਾ ਸ਼ੁਰੂ ਕਰ ਦੇਣ। ਇਹ ਡਰ ਭੀ ਹਾਵੀ ਰਹਿਣਾ ਸੀ ਕਿ ਇਸ ਅਪਰਾਧ ਕਾਰਨ ਰੰਗੀਲਾ ਜੀ ਫਾਂਸੀ ਨਾ ਲਟਕਾ ਦੇਣ। ਭਾਵੇਂ ਪੂਰੇ ਸਬੂਤ ਤਾਂ ਨਹੀਂ ਮਿਲਦੇ ਪਰ ਮੇਰਾ ਯਕੀਨ ਬਝਦਾ ਹੈ ਕਿ ਅਜਿਹਾ ਕਾਰਨਾਮਾ ਜ਼ਕਰੀਆ ਖ਼ਾਨ ਦੀ ਸਹਿਮਤੀ ਨਾਲ ਸਿੰਘਾਂ ਨੇ ਹੀ ਕੀਤਾ ਹੋਵੇਗਾ। ਜਿਸ ਤਰ੍ਹਾਂ ਦੇ ਨਤੀਜੇ ਬਾਰੇ ਆਸ ਲਾਈ ਸੀ, ਉਹੀ ਪ੍ਰਾਪਤ ਹੋ ਗਿਆ ਪਰ ਜ਼ਕਰੀਆ ਖ਼ਾਨ ਦੀ ਨੀਅਤ ਸਾਫ਼ ਨਾ ਹੋਣ ਕਰ ਕੇ ਇਹ ਸਮਝੌਤਾ ਛੇਤੀ ਹੀ ਟੁੱਟ ਗਿਆ ਤੇ ਸਿੰਘਾਂ ਦੀ ਜੰਗ ਫਿਰ ਜ਼ੁਲਮ ਦੇ ਵਿਰੁੱਧ ਚੱਲ ਪਈ।

ਵਾਹਿਗੁਰੂ ਜੀ ਕੋ ਸੁਤ ਭਇਓ ਖਾਲਸਾ ਸੁ ਨੀਕਾ ਅਤਿ, ਵਾਗੁਰੂ ਜੀ ਕੀ ਮਿਲ ਫਤਿਹ ਸੁ ਬੁਲਾਈ ਹੈ।
ਪੀਰ ਪਾਤਿਸ਼ਾਹ ਕਰਮਾਤੀ ਜੋ ਅਪਰ ਪੰਥ, ਹਿੰਦੂ ਔ ਤੁਰਕ ਹੂੰ ਕੀ ਕਾਣ ਕੋ ਮਿਟਾਈ ਹੈ।
ਤੀਸਰਾ ਮਜ਼ੂਬ ਜਗ ਦੇਖ ਕੇ ਅਜਬ ਮਹਾਂ, ਵੈਰੀ ਕੋ ਗਜਬ ਭਇਓ ਛੀਨੇ ਠਕੁਰਾਈ ਹੈ।
ਧਰਮ ਸਥਾਪਬੇ ਕੋ, ਪਾਪਨ ਕੇ ਖਾਪਬੇ ਕੋ, ਗੁਰੂ ਜਾਪਬੇ ਕੋ, ਨਈ ਰੀਤ ਯੌ ਚਲਾਈ ਹੈ।
(ਭਾਈ ਸੰਤੋਖ ਸਿੰਘ)

★★★★★★

ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ

ਇਕੱਠਾਂ ਵਿੱਚ ਬੋਲਣ ਵਾਲੇ ਆਮ ਤੌਰ 'ਤੇ "ਚਿਕਣੀ ਚੋਪੜੀ" ਜਿਹੀ ਕਥਾ ਵਾਰਤਾ ਕਰਦੇ ਸੁਣੀਦੇ ਹਨ। ਸਾਫ਼ ਸਪੱਸ਼ਟ ਕਿਸੇ ਮੰਜ਼ਿਲ ਵੱਲ ਲਿਜਾਣ ਵਾਲੀ ਵਿਚਾਰ ਪੇਸ਼ ਨਹੀਂ ਕਰਦੇ। ਉਨ੍ਹਾਂ ਅੰਦਰ ਬੋਲਣ ਵਕਤ ਡਰ ਹੋ ਸਕਦਾ ਹੈ। ਲਾਲਚ ਦੇ ਅਧੀਨ ਹੋ ਸਕਦੇ ਹਨ। ਵਿੱਦਿਆ ਦੀ ਘਾਟ ਭੀ ਹੋ ਸਕਦੀ ਹੈ ਜਾਂ ਫਿਰ ਕਿਸੇ ਸਾਜ਼ਸ਼ ਤਹਿਤ ਲੋਕਾਂ ਨੂੰ ਬਰਬਾਦ ਕਰ ਰਹੇ ਹਨ। ਬ੍ਰਾਹਮਣਾਂ ਦੇ ਪੁਰਾਤਨ ਲੇਖਾਰੀਆਂ ਨੇ ਭਾਰਤ ਦੇ ਅਸਲ ਮਾਲਕ ਦ੍ਰਾਵੜਾਂ (ਅੱਜ ਕੱਲ੍ਹ ਸ਼ੂਦਰ) ਨੂੰ ਮਾਨਸਿਕ ਤੌਰ 'ਤੇ ਪਛਾੜਨ ਵਾਸਤੇ ਅਜਿਹੇ ਮਾਰੂ ਹਥਿਆਰ ਵਰਤੇ। ਜਦੋਂ ਕਿਸੇ ਸ਼ੂਦਰ ਨੇ "ਬ੍ਰਾਹਮਣ ਅਤੇ ਧਰਮ ਗ੍ਰੰਥ" ਦੀ ਆਖੀ ਮੰਨਣ ਤੋਂ ਨਾਂਹ ਕੀਤੀ, ਉਸ ਨੂੰ ਤਸੀਹੇ ਦਿੱਤੇ ਗਏ। ਘਰ ਬਾਰ ਉਜਾੜਿਆ ਗਿਆ। ਤੜਪਾ-ਤੜਪਾ ਕੇ ਮਾਰਿਆ ਗਿਆ। ਮ੍ਰਰਨ ਵਾਲਾ ਤਾਂ ਮਰ ਗਿਆ, ਜਿਨ੍ਹਾਂ ਨੇ ਇਹ ਜ਼ੁਲਮ ਹੁੰਦਾ ਅੱਖੀਂ ਵੇਖਿਆ, ਰੋਂਦੇ ਦੀਆਂ ਚੀਕਾਂ ਸੁਣੀਆਂ। ਉਹ ਅੰਦਰੋਂ ਕੰਬ ਗਏ, ਧੁਰ ਆਤਮਾ ਦੇ ਅੰਦਰ ਖ਼ੌਫ਼ ਧਸਦਾ ਚਲਾ ਗਿਆ। ਫਿਰ ਪੰਡਿਤ ਜੀ ਮਹਾਰਾਜ ਨੇ ਜੋ ਹੁਕਮ ਦਿੱਤਾ, ਉਹ ਦੇਵਤਾ ਜੀ ਦਾ ਹੁਕਮ ਭਗਵਾਨ ਜੀ ਦਾ ਆਦੇਸ਼ ਮੰਨ ਕੇ ਸਵੀਕਾਰ ਕਰਦੇ ਗਏ। ਇਨ੍ਹਾਂ ਗ਼ੁਲਾਮ ਲੋਕਾਂ ਨੂੰ ਜਾਨਵਰਾਂ ਦੇ ਪਿੱਛੇ ਲਾਇਆ ਗਿਆ। ਰੁੱਖਾਂ ਦੀ ਪੂਜਾ ਕਰਵਾਈ ਗਈ। ਮਨੁੱਖ ਦੇ ਗੁਪਤ ਅੰਗ "ਸ਼ਿਵਲਿੰਗ" ਦੀ ਪੂਜਾ ਕਰਵਾਈ ਗਈ। ਔਰਤ ਦੇ ਗੁਪਤ ਅੰਗ "ਯੋਨੀ" ਦੀ ਪੂਜਾ ਕਰਵਾਈ ਗਈ। ਚੌਰਾਸੀ ਲੱਖ ਜੂਨਾਂ ਦੇ ਗਧੀ ਗੇੜ ਵਿੱਚ ਉਲਝਾਇਆ ਗਿਆ। ਭਗਤੀ ਤਪੱਸਿਆ ਦੇ ਬਹਾਨੇ ਪੁੱਠੇ ਲਟਕਾਇਆ ਗਿਆ। ਨਰਕਾਂ ਦੇ ਡਰਾਵੇ ਦਿੱਤੇ ਗਏ। ਸੁਰਗਾਂ ਦੇ ਲਾਲਚ ਦਿੱਤੇ ਗਏ। ਇੱਕ ਬਹੁਤ ਵਿਸ਼ਾਲ ਮਜ਼ਬੂਤ ਜਾਲ ਤਣਿਆ ਗਿਆ। ਲੋਕੀਂ ਪੀੜ੍ਹੀ ਦਰ ਪੀੜ੍ਹੀ ਅਜਗਰੀ ਜਕੜ ਵਿੱਚ ਤੜਪਦੇ ਰਹੇ। ਚੀਕਾਂ ਮਾਰਦੇ ਰਹੇ। ਤਰਸ ਕਰਨ ਵਾਲਾ ਕੋਈ ਨਾ ਬਹੁੜਿਆ। ਹਜ਼ਾਰਾਂ ਸਾਲ ਤੋਂ ਰੱਬ ਨੇ ਭੀ ਇਨ੍ਹਾਂ ਦੀ ਫ਼ਰਿਆਦ ਨਾ ਸੁਣੀ। ਮਾਰਾਂ ਖਾਂਦੇ ਮਨੁੱਖੀ ਸਰੀਰਾਂ ਵਾਲੇ ਪਸ਼ੂ ਬਣਾ ਦਿੱਤੇ ਗਏ।

ਮੌਜੂਦਾ ਸਮੇਂ ਵਿੱਚ ਭੀ ਅਜਿਹੀ ਸੋਚ ਵਾਲਿਆਂ ਦੇ ਕੰਮ ਵੇਖ ਕੇ ਮਨ ਉਦਾਸ ਹੋ ਜਾਂਦਾ ਹੈ। ਅਜੇ ਭੀ ਉਨ੍ਹਾਂ ਅਭਾਗਿਆਂ ਦੀ ਸੋਚ ਉਸੇ ਪੱਥਰ ਜੁੱਗ ਵਿੱਚ ਖਲੋਤੀ ਹੋਈ ਵੇਖੀ ਜਾ ਸਕਦੀ ਹੈ। ਇਉਂ ਕਹਿ ਲਈਏ ਕਿ ਸਦੀਆਂ ਦੇ ਮੰਦੇ ਪ੍ਰਚਾਰ ਅਤੇ ਦਹਿਸ਼ਤ ਨੇ ਉਨ੍ਹਾਂ ਦੀ ਸੋਚਣ ਸ਼ਕਤੀ ਵਾਲੇ ਸੈੱਲ ਹੀ ਖ਼ਤਮ ਕਰ ਦਿੱਤੇ ਹਨ। ਆਲੇ-ਦੁਆਲੇ ਬਹੁਤ ਕੁੱਝ ਵਾਪਰ ਰਿਹਾ ਹੈ। ਜੇਕਰ ਅਸੀਂ ਜਰਾ ਕੁ "ਅੱਖਾਂ ਖੋਲ੍ਹ ਕੇ" ਵਿਚਾਰੀਏ ਤਾਂ ਅਜਿਹਾ ਵਰਤਾਰਾ ਸਾਫ਼ ਵੇਖ ਸਕਾਂਗੇ ਜਿਸ ਨੂੰ ਕੋਈ "ਇਨਸਾਨ" ਨਹੀਂ ਕਰ ਸਕਦਾ ਸਿਰਫ਼ "ਜਾਨਵਰ" ਹੀ ਕਰ ਸਕਦਾ ਹੈ। ਇਨਸਾਨੀ ਜਿਸਮ ਵਿੱਚ ਪਸ਼ੂ ਜਿੰਨਾ ਦਿਮਾਗ ਹੈ ਤੇ ਬਸ। ਅੱਗੇ ਕੁੱਝ ਕੁ ਅਜਿਹੀਆਂ ਘਟਨਾਵਾਂ ਦੇ ਰਿਹਾ ਹਾਂ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਸਹਿਜੇ

ਹੀ ਅੰਦਾਜ਼ਾ ਲਗਾ ਸਕਦੇ ਹਨ ਕਿ ਇਨ੍ਹਾਂ ਨੂੰ ਕਿਸ ਨੇ ਅਜਿਹੀ ਮੱਤ ਦਿੱਤੀ ? ਆਪਣੀ ਮੱਤ ਇਨ੍ਹਾਂ ਦੀ ਕਿੱਥੇ ਦਫ਼ਨ ਹੋ ਗਈ ? ਕਦੀ ਪਸ਼ੂ ਤੋਂ ਮਨੁੱਖ ਬਣ ਸਕਣਗੇ ਜਾਂ ਨਹੀਂ ?

ਕਿਸ਼ੋਰ ਸਿਮ੍ਰਿਤੀ ਨਾਮ ਦੇ ਇੱਕ ਬੰਦੇ ਨੇ ਗੁਹਾਟੀ (ਆਸਾਮ) ਵਿੱਚ ਕਾਮਾਖਿਆ ਦੇਵੀ ਦੇ ਮੰਦਰ ਵਿੱਚ ਸੋਨੀਆ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਸ਼ਰਧਾ ਵਿੱਚ ਆ ਕੇ, ਮੱਝਾਂ ਦੀ ਬਲੀ ਦਿੱਤੀ। ਯਾਦ ਰਹੇ ਇਹ ਮੰਦਰ ਦੇਵੀ ਦੇ ਗੁਪਤ ਅੰਗ "ਯੋਨੀ" ਨਾਲ ਸਬੰਧਤ ਹੈ। ਦੇਵੀ ਦੇ ਇਸ ਅੰਗ ਨੂੰ ਖ਼ੂਨ ਅਰਪਣ ਕੀਤਾ ਜਾਂਦਾ ਹੈ ਤਾਂ ਕਿ ਮਨੋਕਾਮਨਾਵਾਂ ਪੂਰੀਆਂ ਹੋ ਸਕਣ। ਗਿਆਰਾਂ ਮੱਝਾਂ ਦੀ ਬਲੀ ਦੇਣ ਦੇ ਬਾਵਜੂਦ "ਦੇਵੀ ਮਾਤਾ" ਪ੍ਰਸੰਨ ਨਹੀਂ ਹੋਈ। ਇਸ ਲਈ ਬੀਬੀ ਸੋਨੀਆ ਗਾਂਧੀ ਪ੍ਰਧਾਨ ਮੰਤਰੀ ਬਣਨੋ ਰਹਿ ਗਈ। ਇਸੇ ਵਿਅਕਤੀ ਨੇ ਮੁਲਾਇਮ ਸਿੰਘ ਯਾਦਵ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਇਸੇ ਮੰਦਰ ਵਿੱਚ ਦੋ ਵਾਰੀ "ਸ਼ਰਧਾ" ਨਾਲ ਕੱਟਿਆਂ ਦੀ ਬਲੀ ਦਿੱਤੀ। ਉਹ ਫਿਰ ਭੀ ਪ੍ਰਧਾਨ ਮੰਤਰੀ ਨਹੀਂ ਬਣ ਸਕਿਆ। (ਹਵਾਲਾ- ਪੰਜਾਬੀ ਟ੍ਰਿਬਿਊਨ, 14-5-2005)

ਝਾਰਖੰਡ ਸੂਬੇ ਦੇ ਇੱਕ ਸ਼ਹਿਰ ਧਨਬਾਦ ਵਿਖੇ ਜੋਤਸ਼ੀ ਜੀ ਨੇ ਬੜੀ ਕਮਾਲ ਦੀ ਭਵਿੱਖਬਾਣੀ ਕੀਤੀ। ਇੱਕ ਲੜਕੀ ਦੇ ਉਪਰਲੇ ਦੰਦ ਪਹਿਲਾਂ ਉੱਗ ਪਏ, ਹੇਠਲੇ ਮਗਰੋਂ। ਆਮ ਹਾਲਤਾਂ ਵਿੱਚ ਇਸ ਤਰ੍ਹਾਂ ਨਹੀਂ ਹੋਇਆ ਕਰਦਾ ਪਰ ਕਿਸੇ ਸਰੀਰਕ ਵਿਗਾੜ ਕਾਰਨ ਅਜਿਹਾ ਹੋ ਜਾਣਾ ਕੋਈ ਅਲੌਕਿਕ ਵਰਤਾਰਾ ਨਹੀਂ ਹੈ। ਲੜਕੀ ਦੇ ਮਾਤਾ ਪਿਤਾ "ਰੱਬ ਦੇ ਦੂਤ" ਜੋਤਿਸ਼ੀ ਜੀ ਕੋਲ ਪਹੁੰਚੇ। ਨਮਸਕਾਰ ਕੀਤੀ। ਮਾਇਆ ਅਰਪਣ ਕੀਤੀ। ਨਾਲ ਹੀ ਆਪਣੀ ਬੇਟੀ ਦੇ ਉਪਰਲੇ ਦੰਦ ਪਹਿਲਾਂ ਉੱਗ ਪਏ ਬਾਰੇ ਦੱਸਿਆ। ਪੰਡਿਤ ਜੀ ਨੇ "ਬ੍ਰਹਮ ਗਿਆਨ ਦੀ ਅਵੱਸਥਾ ਵਿੱਚ ਜਾ ਕੇ ਤੀਜਾ ਨੇਤਰ ਖੋਲ੍ਹ ਕੇ ਦਸਵੇਂ ਦੁਆਰ ਵਿੱਚੋਂ ਸਹੀ ਖ਼ਬਰ ਲੈ ਆਂਦੀ।" ਪਰਿਵਾਰ ਵਾਲਿਆਂ ਨੂੰ ਆਖਣ ਲੱਗਾ ਕਿ ਲੜਕੀ 'ਤੇ ਬਹੁਤ ਖ਼ਤਰਨਾਕ ਪ੍ਰੇਤ ਦਾ ਸਾਇਆ ਪੈ ਗਿਆ ਹੈ। ਇਸ ਦੇ ਸਾਰੇ ਨਛੱਤਰ ਅਤੇ ਗ੍ਰਹਿ ਬਿਗੜ ਗਏ ਹਨ। ਹੁਣ ਤੁਸੀਂ ਪਹਿਲਾਂ ਤਾਂ ਦਾਨ ਵਾਸਤੇ ਮਾਇਆ ਦਾ ਪ੍ਰਬੰਧ ਕਰੋ। ਫਿਰ ਦਾਨ ਅਤੇ ਹਵਨ ਲਈ ਸਮੱਗਰੀ ਇਕੱਠੀ ਕਰੋ। ਮੈਂ ਮੰਤਰ ਪੜ੍ਹਾਂਗਾ ਤੇ ਲੜਕੀ ਦੇ ਪ੍ਰੇਤ ਨੂੰ ਨਸਾਵਾਂਗਾ। ਅਗਲੀ ਗੱਲ ਲੰਮੀ ਉਡੀਕ ਨਾ ਕਰੋ। ਭਾਵੇਂ ਇਹ ਲੜਕੀ ਸੱਤ ਸਾਲ ਦੀ ਹੈ, ਇਸ ਦਾ ਹੁਣੇ ਵਿਆਹ ਕਰ ਦਿਓ। ਵਿਆਹ ਭੀ ਕਿਸੇ ਮਨੁੱਖ ਦੇ ਬੱਚੇ ਨਾਲ ਨਹੀਂ ਕਰਨਾ ਸਗੋਂ "ਕੁੱਤੇ ਦੇ ਪੁੱਤ, ਕੁੱਤੇ ਨਾਲ" ਕਰਨਾ ਹੈ। ਬ੍ਰਾਹਮਣ ਦੀਆਂ ਸਾਰੀਆਂ ਆਕਾਸ਼ ਬਾਣੀਆਂ 'ਤੇ ਅਮਲ ਕੀਤਾ ਗਿਆ। ਲੜਕੀ ਦੇ ਫੇਰੇ (ਵਿਆਹ) ਇੱਕ ਕੁੱਤੇ ਨਾਲ ਕਰ ਦਿੱਤੇ ਗਏ। ਲੜਕੀ ਕੁੱਤੇ ਦਾ ਪੱਲਾ (ਕਿ ਪੂਛ) ਪਕੜ ਕੇ ਉਸ ਦੇ ਘਰ ਤੋਰ ਦਿੱਤੀ। ਸ਼ਾਇਦ ਸੁਹਾਗ ਰਾਤ ਮਨਾਉਣ ਲਈ ? ਅਜਿਹੇ ਲੋਕਾਂ ਨੂੰ ਇਨਸਾਨ ਮੰਨ ਸਕਦੇ ਹਾਂ ? ਅਜਿਹੇ ਪੁਜਾਰੀਆਂ ਨੂੰ ਕਿਹੜਾ ਖ਼ਿਤਾਬ ਦੇ ਕੇ ਨਿਵਾਜੀਏ ? "ਵੈਸੇ ਵੱਡੇ ਲੋਕ ਭੀ ਏਹੀ ਕੁੱਝ ਕਰਦੇ ਵੇਖੇ ਜਾ ਸਕਦੇ ਹਨ। ਚੋਟੀ ਦਾ ਫ਼ਿਲਮੀ ਕਲਾਕਾਰ ਪਰਿਵਾਰ ਅਮਿਤਾਬ ਬਚਨ ਦੀ ਨੂੰਹ ਰਾਣੀ ਨੂੰ ਕੁੱਝ ਗ੍ਰਹਿ ਚਿੰਬੜੇ ਹੋਏ ਸਨ। ਉਨ੍ਹਾਂ ਤੋਂ ਮੁਕਤ ਕਰਾਉਣ ਲਈ ਬੀਬੀ ਐਸ਼ਵਰਿਆ ਰਾਏ ਦਾ ਵਿਆਹ ਪਹਿਲਾਂ ਇੱਕ ਬੋਹੜ ਨਾਲ ਕੀਤਾ ਗਿਆ, ਫਿਰ

ਅਭਿਸ਼ੇਕ ਨਾਲ। ਇਕਵੰਜਾ ਲੱਖ ਰੁਪਏ ਮੰਦਰ ਲਈ ਦਾਨ ਦਿੱਤਾ ਗਿਆ ਸੀ।

(ਹਵਾਲਾ- ਜਗਬਾਣੀ 23-2-2006)

ਕੀ ਹੋਇਆ ਜੇ ਸਾਡੇ ਬਹੁਤ ਸਾਰੇ ਭਰਾ ਗੁਰਦਵਾਰੇ ਜਾਂਦੇ ਨੇ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਹਨ। ਅਖੰਡ ਪਾਠਾਂ ਦੀਆਂ ਲੜੀਆਂ ਤੇ ਕੋਤਰੀਆਂ ਕਰਦੇ ਹਨ। ਬੜੇ ਕੀਰਤਨ ਦਰਬਾਰ ਤੇ ਨਾਮ ਸਿਮਰਨ ਹੋ ਰਹੇ ਹਨ। ਬਹੁਤ ਸਾਰੇ ਭੈਣ-ਭਰਾ ਪੰਜ ਕਕਾਰਾਂ ਵਾਲੀ ਵਰਦੀ ਭੀ ਧਾਰਨ ਕਰੀ ਫਿਰਦੇ ਹਨ ਪਰ ਨਾਲ ਹੀ ਮੜ੍ਹੀਆਂ 'ਤੇ, ਕਬਰਾਂ 'ਤੇ, ਲਾਲਾਂ ਵਾਲੇ ਪੀਰਾਂ 'ਤੇ, ਗੂਗਿਆਂ ਗਪੋੜਿਆਂ 'ਤੇ, ਕਾਲੀਆਂ ਗੋਰੀਆਂ ਦੇਵੀਆਂ 'ਤੇ, ਪਹਾੜਾਂ ਵਾਲੀਆਂ 'ਤੇ ਮੱਥੇ ਟੇਕਦੇ, ਨੱਕ ਰਗੜਦੇ, ਡੰਡਉਤਾਂ ਕਰਦੇ, ਹਰ ਰੋਜ਼ ਵੇਖੇ ਜਾ ਸਕਦੇ ਹਨ। ਦਸਮ ਪਾਤਿਸ਼ਾਹ ਨੇ ਇੱਕ ਬਾ-ਕਮਾਲ ਖੇਢ ਵਿਖਾ ਕੇ ਅਸਲੀ ਅਤੇ ਨਕਲੀ ਸਿੱਖ ਦੀ ਪਛਾਣ ਦੱਸੀ ਸੀ। ਵੈਸੇ ਤਾਂ ਗੁਰਬਾਣੀ ਵਿੱਚ ਬਹੁਤ ਉਪਦੇਸ਼ ਹਨ, ਗੁਰਮੁੱਖ ਅਤੇ ਮਨਮੁੱਖ ਦੇ ਫ਼ਰਕ ਬਾਰੇ ਪਰ ਦਸਮ ਪਿਤਾ ਨੇ ਖੋਤੇ ਉਤੇ ਸ਼ੇਰ ਦੀ ਖੱਲ ਪਹਿਨਾ ਕੇ ਅਜਿਹੀ ਚੋਟ ਮਾਰੀ ਕਿ ਹਰ ਇੱਕ ਦੇ ਅੰਦਰ ਧੱਸ ਗਈ। ਪੰਜ ਕਕਾਰਾਂ ਵਾਲੇ ਸਿੱਖਾਂ ਨੂੰ ਗ਼ਲਤ ਕੰਮ ਕਰਦਿਆਂ ਵੇਖ ਕੇ ਹਰ ਕੋਈ ਕਹਿ ਸਕਦਾ ਹੈ ਕਿ ਆਹ ਤਾਂ **"ਖੋਤਾ ਸ਼ੇਰ ਦੀ ਖੱਲ ਪਾਈ ਘੁੰਮਦਾ ਹੈ"**।

ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਜਲੂਖੇੜਾ ਵਿੱਚ ਇੱਕ ਪ੍ਰਵਾਰ ਦੀ ਲੜਕੀ 'ਤੇ ਕੋਈ ਓਪਰੀ ਸ਼ੈਅ ਆ ਗਈ। ਪੰਡਿਤਾਂ, ਜੋਤਸ਼ੀਆਂ ਅੱਗੇ ਜਾ ਕੇ ਬੇਨਤੀ ਕੀਤੀ ਕਿ "ਰੇਖ ਵਿੱਚ ਮੇਖ" ਗੱਡ ਦਿਓ। ਲੜਕੀ ਓਪਰੀ ਸ਼ੈਅ ਤੋਂ ਬਚ ਜਾਵੇ। ਸੁਖੀ ਸਾਂਦੀ ਵਿਆਹੀ ਜਾ ਕੇ ਆਪਣੇ ਘਰ ਵਸੇ। "ਸਿੱਖ" ਪਰਿਵਾਰ ਸੀ। ਜੋਤਸ਼ੀ ਨੇ ਦੱਸਿਆ ਕਿ ਦਾਨ ਪੁੰਨ ਮੰਤਰ ਜਾਪ, ਸੁੱਖਣਾ ਦੱਛਣਾ, ਧਾਗੇ ਤਵੀਤ ਕਰਨ ਤੋਂ ਬਾਅਦ ਭੀ ਕੁੜੀ ਨੇ ਬੰਧਨਾਂ ਤੋਂ ਮੁਕਤ ਨਹੀਂ ਹੋਣਾ। ਇਹ ਸਾਰਾ ਕੁੱਝ ਭੀ ਮੈਂ ਪਹਿਲਾਂ ਕਰਾਂਗਾ। ਫਿਰ ਭੀ ਜੇ ਪ੍ਰੇਤ ਅੜ ਗਿਆ ਤਾਂ ਹੋਰ ਤਕੜਾ ਉਪਾ ਕਰਨਾ ਪਵੇਗਾ। ਘਰ ਵਾਲਿਆਂ ਸਾਰੀਆਂ ਮੰਨੀਆਂ। ਚੰਗੀ ਮੋਟੀ ਰਕਮ ਖ਼ਰਚ ਕੀਤੀ। **ਜਦੋਂ ਫਿਰ ਭੀ ਲੜਕੀ ਦਾ ਗ੍ਰਿਹ ਨਾ ਉਤਰਿਆ ਤਾਂ ਗੁਰਦਵਾਰੇ ਦੇ ਭਾਈ ਨੂੰ ਬੁਲਾ ਕੇ ਸਲਾਹ-ਮਸ਼ਵਰਾ ਕਰ ਕੇ "ਲੜਕੀ ਦਾ ਅਨੰਦ ਕਾਰਜ ਪੂਰਨ ਗੁਰਮਰਿਆਦਾ ਨਾਲ ਇੱਕ ਕਬੂਤਰ ਨਾਲ ਕਰ ਦਿੱਤਾ ਗਿਆ।"** ਪੰਡਿਤ ਜੀ ਨੇ ਭਵਿੱਖ ਬਾਣੀ ਕੀਤੀ ਸੀ ਕਿ ਲੜਕੀ ਛੇਤੀ ਹੀ ਵਿਧਵਾ ਹੋਣ ਵਾਲੀ ਹੈ। ਅਨੰਦ ਕਾਰਜ ਤੋਂ ਬਾਅਦ "ਪਹਿਲਾ ਲਾੜਾ ਕਬੂਤਰ ਸਿੰਘ" ਮਾਰ ਦਿੱਤਾ ਗਿਆ। ਪ੍ਰੇਤ ਦਾ ਸਾਇਆ ਕਬੂਤਰ ਦੀ ਬਲੀ ਲੈ ਕੇ ਖ਼ਤਮ ਹੋ ਗਿਆ ਮੰਨ ਲਿਆ। ਫਿਰ ਲੜਕੀ ਦਾ ਹੋਰ ਥਾਵੇਂ ਵਿਆਹ ਕਰ ਦਿੱਤਾ।

ਇਸ ਤੋਂ ਪਹਿਲਾਂ ਇਸੇ ਜੋਤਿਸ਼ੀ ਸੰਤ ਰਾਮ ਦੇ ਆਖੇ ਲੱਗ ਕੇ ਨਾ ਸਮਝ ਪਰਿਵਾਰ ਨੇ ਆਪਣੇ ਬੇਟੇ ਲਈ ਇੱਕ ਸੁੰਦਰ ਸੁਡੌਲ ਘਰ ਦੇ ਸਾਰੇ ਕੰਮਾਂ ਵਿੱਚ ਨਿਪੁੰਨ "ਬੀਬੀ ਕਬੂਤਰੀ ਕੌਰ ਨੂੰ ਵਿਆਹ ਕੇ ਲਿਆਂਦਾ ਸੀ। ਕਬੂਤਰੀ ਅਤੇ ਨੌਜੁਆਨ ਦਾ ਵਿਆਹ ਗੁਰੂ ਗ੍ਰੰਥ ਸਾਹਿਬ ਦੁਆਲੇ ਪ੍ਰਕਰਮਾ ਕਰ ਕੇ ਲਾਵਾਂ ਪੜ੍ਹ ਕੇ, ਅਰਦਾਸਾ ਸੋਧ ਕੇ, ਹੁਕਮਨਾਮਾ ਲੈ ਕੇ "ਪੂਰਨ ਗੁਰਮਰਿਆਦਾ" ਨਾਲ ਹੋਇਆ ਸੀ। ਇਹ ਹੈ ਸਿੱਖ ਅਖਵਾਉਣ ਵਾਲਿਆਂ

ਦੀ ਹਾਲਤ। ਅਖੌਤੀ ਜਥੇਦਾਰ ਤੇ ਧਰਮ ਮੁਖੀ ਪੰਥ ਨੂੰ ਵੇਚ ਕੇ ਸੁੱਤੇ ਹੋਏ ਹਨ।

(ਹਵਾਲਾ- ਪੰਜਾਬੀ ਟ੍ਰਿਬਿਊਨ, 20-9-2003)

ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ ॥
ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥
ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥
ਸਭੋ ਵਰਤੈ ਸਚੁ, ਸਚੈ ਸਬਦਿ ਨਿਹਾਲਿਆ ॥
ਨਾਨਕ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੇਖਾਲਿਆ ॥ (1284)



ਲਾਲ ਝੰਡੀ ਵਾਲਾ ਸ਼ਹੀਦ

ਇਸ ਧਰਤੀ 'ਤੇ ਮਨੁੱਖ ਜਨਮ ਲੈਂਦਾ ਹੈ। ਸਮਾਜਕ ਬਣਤਰ ਵਿੱਚ ਉਸ ਦਾ ਮਨ ਤਿਆਰ ਹੋਣ ਲਗਦਾ ਹੈ। ਕੁੱਝ ਕੁ ਧਾਰਮਕ ਮਾਨਤਾਵਾਂ ਅਸਰ ਪਾਉਂਦੀਆਂ ਹਨ। ਆਪਣੇ ਵੱਡਿਆਂ ਦੇ ਜੀਵਨ ਅਤੇ ਉਪਦੇਸ਼ ਵਿੱਚੋਂ ਭੀ ਇਨਸਾਨ ਬਹੁਤ ਕੁੱਝ ਸਿਖਦਾ ਹੈ। ਇਸ ਤਰ੍ਹਾਂ ਹੌਲੀ- ਹੌਲੀ ਮਨੁੱਖ ਆਪਣੇ ਲਈ ਰਾਹ ਦੀ ਚੋਣ ਕਰਦਾ ਹੈ। ਵਿੱਦਿਆ ਪੜ੍ਹਨੀ ਅੱਛੀ ਗੱਲ ਹੈ। ਭਵਿੱਖ ਦੀ ਰੂਪ ਰੇਖਾ ਉਲੀਕ ਕੇ ਕੰਮ ਕਰਨਾ ਹੋਰ ਭੀ ਚੰਗਾ ਹੈ। ਜਿੰਨੀ ਤਰ੍ਹਾਂ ਦੀ ਵਿੱਦਿਆ ਪੜ੍ਹੀ ਜਾ ਸਕੇ, ਉਤਨੀ ਹੀ ਲਾਹੇਵੰਦੀ ਹੈ ਪਰ ਬਹਤੁ ਸਾਰੇ ਮਸਲੇ ਅਜਿਹੇ ਹੁੰਦੇ ਹਨ, ਜਿਨ੍ਹਾਂ ਬਾਰੇ ਪਹਿਲਾਂ ਕੋਈ ਤਿਆਰੀ ਨਹੀਂ ਹੁੰਦੀ। ਅਚਨਚੇਤੀ ਵਾਪਰ ਗਏ ਹਾਲਾਤ ਨਾਲ ਠਰ੍ਹੰਮੇ ਅਤੇ ਦਲੇਰੀ ਨਾਲ ਤੁਰੰਤ ਫ਼ੈਸਲਾ ਕਰਨਾ ਪੈਂਦਾ ਹੈ। ਜੋ ਮਨੁੱਖ ਐਮਰਜੰਸੀ ਨਿਰਣਾ ਲੈਣ ਤੋਂ ਅਸਮਰਥ ਹੋਵੇ, ਉਹ ਜ਼ਿੰਦਗੀ ਦੀ ਦੌੜ ਵਿੱਚੋਂ ਫ਼ੇਲ੍ਹ ਹੋ ਜਾਂਦਾ ਹੈ। ਇਹ ਭੀ ਸੰਭਵ ਹੈ ਕਿ ਫ਼ੈਸਲੇ ਲੈਣ ਵਿੱਚ ਗ਼ਲਤੀ ਭੀ ਹੋ ਸਕਦੀ ਹੈ ਪਰ ਇਹ ਭੀ ਸੱਚ ਹੈ ਕਿ ਹਰ ਕਾਮਯਾਬੀ ਦੇ ਪਿੱਛੇ ਜਿਥੇ ਮਿਹਨਤ ਹੈ, ਸਿਆਣਪ ਹੈ, ਨਾਲ ਹੀ ਖ਼ਤਰੇ ਉਠਾਉਣਾ ਭੀ ਕਾਮਯਾਬ ਹੋਣ ਲਈ ਜ਼ਰੂਰੀ ਹੈ। ਜਿਨ੍ਹਾਂ ਨੂੰ ਅਸੀਂ ਅੱਜ ਕਾਮਯਾਬ ਇਨਸਾਨ ਮੰਨ ਕੇ ਸਤਿਕਾਰ ਦਿੰਦੇ ਹਾਂ, ਉਨ੍ਹਾਂ ਦੇ ਜੀਵਨ ਨੂੰ ਪੜ੍ਹ ਕੇ ਪਤਾ ਲੱਗ ਸਕਦਾ ਹੈ ਕਿ ਉਨ੍ਹਾਂ ਖ਼ਤਰਾ ਉਠਾਇਆ ਸੀ, ਰਿਸਕ ਲਿਆ ਸੀ।

ਹੋਰ ਕਈ ਮੁੰਡਿਆਂ ਵਾਂਗ "ਦਲੇਰ" (ਪਾਤਰ ਦਾ ਨਾਂ) ਭੀ ਆਪਣੀਆਂ ਭੇਡਾਂ, ਬੱਕਰੀਆਂ ਲੈ ਕੇ ਜੰਗਲ ਵੱਲ ਜਾਇਆ ਕਰਦਾ ਸੀ। ਪਸ਼ੂ ਸਾਰਾ ਦਿਨ ਜੰਗਲ ਵਿੱਚ ਘਾਹ ਚਰਦੇ। ਪਸ਼ੂਆਂ ਦੇ ਚਰਵਾਹੇ ਮੁੰਡੇ ਆਪਸ ਵਿੱਚ ਖੇਲਦੇ, ਲੜਦੇ, ਬੁਰਾ-ਭਲਾ ਕਹਿੰਦੇ, ਰੁਸਦੇ, ਫਿਰ ਇੱਕ-ਮਿੱਕ ਹੋ ਜਾਦੇ। ਜਿਸ ਥਾਂ ਇਹ ਲੜਕੇ ਪਸ਼ੂਆਂ ਨੂੰ ਰੋਜ਼ਾਨਾ ਲਿਆਉਂਦੇ ਸਨ, ਉਥੇ ਦਰਿਆ ਦੇ ਉੱਤੇ ਬਹੁਤ ਲੰਮਾ ਪੁਲ ਬਣਿਆ ਹੋਇਆ ਸੀ। ਇਸ ਪੁਲ ਬਣੇ ਨੂੰ

ਕਾਫ਼ੀ ਸਮਾਂ ਹੋ ਗਿਆ ਸੀ, ਇਸ ਦੀ ਹਾਲਤ ਖਸਤਾ ਜਿਹੀ ਹੋ ਗਈ ਸੀ। ਫਿਰ ਭੀ ਅਜੇ ਸਰਕਾਰ ਵੱਲੋਂ ਪੁਲ ਦੀ ਮੁਰੰਮਤ ਦਾ ਪ੍ਰਬੰਧ ਨਹੀਂ ਹੋ ਰਿਹਾ ਸੀ। ਇਸ ਪੁਲ ਦੇ ਉਪਰੋਂ ਹਰ ਰੋਜ਼ ਅੱਧੇ-ਅੱਧੇ ਘੰਟੇ ਮਗਰੋਂ ਰੇਲਾਂ ਦੀ ਆਵਾਜਾਈ ਲਗਾਤਾਰ ਬਣੀ ਹੋਈ ਸੀ। ਜੇ ਅਚਨਚੇਤੀ ਪੁਲ ਟੁੱਟ ਜਾਵੇ ਬਹੁਤ ਜ਼ਿਆਦਾ ਜਾਨੀ ਮਾਲੀ ਨੁਕਸਾਨ ਹੋ ਸਕਦਾ ਸੀ।

ਭੇਡਾਂ, ਬੱਕਰੀਆਂ ਵਾਲੇ ਗਭਰੀਟ ਆਪਣੇ ਪਸ਼ੂਆਂ ਨੂੰ ਪਾਣੀ ਪਿਲਾਉਣ ਲਈ ਦਰਿਆ 'ਤੇ ਲੈ ਗਏ। ਖ਼ੁਦ ਰਲ ਮਿਲ ਕੇ ਦਰਿਆ ਵਿੱਚ ਤਾਰੀਆਂ ਲਾਉਣ ਲੱਗ ਪਏ। ਤਿੰਨ ਚਾਰ ਮੁੰਡੇ ਤੈਰਦੇ ਹੋਏ ਪੁਲ ਤੱਕ ਪਹੁੰਚ ਗਏ। ਦਲੇਰ ਦੀ ਨਿਗਾਹ ਪਈ ਤਾਂ ਉਹ ਘਬਰਾ ਗਿਆ। ਵੀਰੇ! ਰੇਲ ਗੱਡੀ ਆਉਣ ਵਾਲੀ ਹੈ। ਇਸ ਪੁਲ ਦੀ ਇੱਕ ਬੁਰਜੀ ਡਿੱਗ ਚੁੱਕੀ ਹੈ। ਪਾਣੀ ਦਾ ਬਹਾਉ ਕਾਫ਼ੀ ਤੇਜ਼ੀ ਨਾਲ ਵੱਧ ਰਿਹਾ ਹੈ। ਜਿਹੜੀ ਗੱਡੀ ਹੁਣ ਲੰਘ ਕੇ ਗਈ ਹੈ, ਉਹ ਤਾਂ ਪਾਰ ਹੋ ਗਈ ਪਰ ਪੁਲ ਵਿੱਚ ਦਰਾੜਾਂ ਪੈ ਗਈਆਂ। ਅਗਲੀ ਗੱਡੀ ਦੀ ਖੈਰ ਨਹੀਂ। ਇਹ ਕੀ, ਗੱਡੀ ਦੀ ਆਵਾਜ਼ ਸੁਣਾਈ ਦੇ ਰਹੀ ਹੈ। ਸੀਟੀ ਵੱਜੀ ਹੈ। ਭੇਡਾਂ, ਬੱਕਰੀਆਂ ਦੂਰ ਹਟਾ ਲੈਣ ਦੀ ਚੇਤਾਵਨੀ ਦੇ ਰਹੀ ਹੈ ਪਰ ਹਾਏ! ਅੱਜ ਇੱਕ ਹਜ਼ਾਰ ਬੰਦਿਆਂ ਨੇ ਇਥੇ ਮਰ ਜਾਣਾ ਹੈ। ਦਲੇਰ ਨੇ ਪਰੇ ਰੱਖਿਆ ਆਪਣਾ ਲਾਲ ਰੰਗ ਦਾ ਕਮੀਜ਼ ਚੁੱਕਿਆ, ਸੋਟੀ ਲਈ ਤੇ ਹਵਾ ਵਾਂਗ ਉਧਰ ਨੂੰ ਦੌੜ ਪਿਆ, ਜਿਧਰੋਂ ਗੱਡੀ ਆ ਰਹੀ ਸੀ। ਦੌੜਦਾ ਗਿਆ, ਦੌੜਦਾ ਗਿਆ। ਆਪਣਾ ਸੂਹੇ ਰੰਗ ਦਾ ਕਮੀਜ਼ ਸੋਟੀ ਉਤੇ ਟੰਗ ਲਿਆ। ਝੰਡੀ ਬਣ ਗਈ। ਦਲੇਰ ਨੂੰ ਰੇਲ ਦੇ ਡਰਾਈਵਰ ਨੇ ਵੇਖਿਆ। ਸ਼ਰਾਰਤੀ ਮੁੰਡੇ ਨੂੰ ਪਰ੍ਹੇ ਹੱਟ ਜਾਣ ਲਈ ਸੀਟੀ ਮਾਰ ਕੇ ਚੇਤਾਵਨੀ ਦਿੱਤੀ। ਹਰ ਰੋਜ਼ ਹੀ ਮੁੰਡੇ ਸ਼ਰਾਰਤਾਂ ਕਰਦੇ ਰਹਿੰਦੇ ਸੀ। ਗੱਡੀ ਨੇੜੇ ਆਉਣ 'ਤੇ ਪਾਸੇ ਹੱਟ ਜਾਂਦੇ ਸੀ ਪਰ ਅੱਜ ਇਸ ਮੁੰਡੇ ਨੂੰ ਕੀ ਹੋਇਆ ਹੈ ? ਹੋਰ ਸੀਟੀ, ਹੋਰ ਸੀਟੀ। ਦਲੇਰ ਝੰਡੀ ਹਿਲਾਉਂਦਾ ਰੇਲ ਲਾਈਨ ਦੇ ਵਿਚਕਾਰ ਪੈਰ ਗੱਡ ਕੇ ਖਲੋ ਗਿਆ। ਗੱਡੀ ਆਪਣੀ ਸਪੀਡ 'ਤੇ ਆਈ। ਇਸ ਗਭਰੀਟ ਮੁੰਡੇ ਦੇ ਟੁਕੜੇ ਕਰ ਕੇ ਖਿਲਾਰ ਦਿੱਤੇ। ਕੁੱਝ ਕੁਚਲੇ ਗਏ। ਡਰਾਈਵਰ ਨੇ ਗੱਡੀ ਨੂੰ ਬ੍ਰੇਕ ਲਾਈ। ਚੱਕਿਆਂ ਵਿੱਚੋਂ ਚੰਗਿਆੜੇ ਨਿਕਲੇ। ਚੀਕਾਂ ਸੁਣਾਈ ਦਿੱਤੀਆਂ। ਅੰਦਰ ਹਲਚਲ ਮਚੀ। ਗੱਡੀ ਪੁਲ ਤੋਂ ਦਸ-ਪੰਦਰਾਂ ਗਜ ਪਹਿਲਾਂ ਹੀ ਰੁਕ ਗਈ। ਕਈਆਂ ਨੇ ਕਟੀ ਹੋਈ ਮੁੰਡੇ ਦੀ ਲਾਸ਼ ਵੇਖੀ, ਬਹੁਤ ਅਫ਼ਸੋਸ ਕੀਤਾ। ਪਤਾ ਨਹੀਂ ਕਿਉਂ ਜਾਣਬੁੱਝ ਕੇ ਅੱਗੇ ਆ ਗਿਆ ? ਕਿਉਂ ਜਿਉਣ ਤੋਂ ਜੀਅ ਉਤਰ ਗਿਆ ? ਰੇਲ ਦੇ ਡਰਾਈਵਰ ਨੇ ਅੱਗੇ ਵੱਧ ਕੇ ਵੇਖਿਆ, ਟੁੱਟਿਆ ਪੁਲ ਵੇਖ ਕੇ ਉਸ ਦੇ ਹੋਸ਼ ਹਵਾਸ਼ ਉੱਡ ਗਏ। ਜੇ ਕਿਤੇ ਰੇਲ ਵੀਹ-ਤੀਹ ਗਜ਼ ਹੋਰ ਅੱਗੇ ਲੰਘ ਜਾਂਦੀ। ਜੇ ਕਿਤੇ ਇੱਕ ਮਿੰਟ ਹੋਰ ਝੰਡੀ ਨਾ ਦਿਸਦੀ...। ਫਿਰ ਸਾਰੇ ਮੁਸਾਫ਼ਿਰਾਂ ਸਮੇਤ ਗੱਡੀ ਨੇ ਦਰਿਆ ਦੇ ਰੇਤ ਵਿੱਚ ਗਰਕ ਜਾਣਾ ਸੀ। ਅਮਿਣਵੇਂ ਪਾਣੀ ਵਿੱਚ ਡੁੱਬ ਜਾਣਾ ਸੀ। ਸ਼ਾਇਦ ਹੀ ਕੋਈ ਬਚ ਸਕਦਾ। ਬਹੁਤ ਭਿਆਨਕ ਹਾਦਸਾ ਹੋ ਜਾਣਾ ਸੀ। ਅੱਗੇ ਪੁਲ ਨੂੰ ਵੇਖਣ ਵਾਲੇ ਸਾਰੇ ਮੁਸਾਫ਼ਿਰ ਸਦਮੇ ਵਿੱਚ ਸਨ। ਰੱਬ ਦਾ ਸ਼ੁਕਰ ਕਰ ਰਹੇ ਸਨ ਕਿ ਜਾਨ ਬਚ ਗਈ। ਡਰਾਈਵਰ ਦਾ ਧੰਨਵਾਦ ਕਰ ਰਹੇ ਸਨ। ਜਿਸ ਨੇ ਐਮਰਜੰਸੀ ਬ੍ਰੇਕ ਲਾ ਕੇ ਗੱਡੀ ਰੋਕ ਲਈ।

ਇੰਨੇ ਵਿੱਚ ਗੱਡੀ ਕੋਲ ਭੇਡਾਂ, ਬੱਕਰੀਆਂ ਚਾਰਨ ਵਾਲੇ ਹੋਰ ਮੁੰਡੇ ਭੀ ਆ ਗਏ। ਗੱਡੀ ਦੇ ਗਾਰਡ ਨੇ ਮੁੰਡਿਆਂ ਨੂੰ ਪੁੱਛਿਆ ਕਿ ਜਿਹੜਾ ਮੁੰਡਾ ਗੱਡੀ ਹੇਠਾਂ ਆ ਕੇ ਮਰਿਆ ਹੈ, ਉਹ ਤੁਹਾਡਾ ਸਾਥੀ ਸੀ ? ਇੱਕ ਮੁੰਡੇ ਨੇ ਅੱਗੇ ਵੱਧ ਕੇ ਦੱਸਿਆ– "ਜੀ ਅਸੀਂ ਬਹੁਤ ਰੋਕਿਆ, ਉਹ ਨਾ ਰੁਕਿਆ। ਜਦੋਂ ਤੋਂ ਦਲੇਰ ਨੇ ਆਹ ਪੁਲ ਟੁੱਟਿਆ ਵੇਖ ਲਿਆ, ਉਸ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਸੀ। "ਗੱਡੀ ਆਉਣ ਵਾਲੀ ਹੈ। ਹਜ਼ਾਰਾਂ ਬੰਦੇ ਸਵਾਰ ਨੇ, ਸਾਰੇ ਦਰਿਆ ਵਿੱਚ ਮਾਰ ਜਾਣਗੇ। ਚਲੋ ਆਪਾਂ ਗੱਡੀ ਰੋਕੀਏ।" ਅਸੀਂ ਉਸ ਨੂੰ ਰੋਕਦੇ ਰਹੇ, ਉਹ ਨਾ ਰੁਕਿਆ। ਆਪਣਾ ਲਾਲ ਰੰਗ ਦਾ ਕਮੀਜ਼ ਸੋਟੀ 'ਤੇ ਟੰਗ ਕੇ ਦੌੜ ਪਿਆ, ਉਸ ਪਾਸੇ ਨੂੰ ਜਿਧਰੋਂ ਗੱਡੀ ਆ ਰਹੀ ਸੀ... ਤੇ ਮਾਰਿਆ ਗਿਆ। ਕਿੰਨਾ ਚੰਗਾ ਮੁੰਡਾ ਸੀ।" ਫਿਰ ਸਾਰਿਆਂ ਨੂੰ ਅਸਲ ਗੱਲ ਦੀ ਸਮਝ ਆਈ ਕਿ ਇਸ ਨੌਜੁਆਨ ਨੇ ਸਾਰਿਆਂ ਦੀ ਜਾਨ ਬਚਾਉਣ ਵਾਸਤੇ ਆਪਣੀ ਜਾਨ ਕੁਰਬਾਨ ਕਰ ਦਿੱਤੀ। ਇਸ ਕੁਰਬਾਨੀ ਤੋਂ ਬਗ਼ੈਰ ਡਰਾਈਵਰ ਨੇ ਗੱਡੀ ਰੋਕਣੀ ਨਹੀਂ ਸੀ। ਉਸ ਗੁੰਮਨਾਮ ਜਿਹੇ ਨੌਜੁਆਨ ਨੂੰ ਸਾਰੇ ਦੇਸ਼ ਵਾਸੀਆਂ ਨੇ ਸਲਾਮ ਕੀਤਾ। ਵੱਡੇ ਸ਼ਹਿਰ ਦੇ ਮੁੱਖ ਚੌਕ ਵਿੱਚ ਉਸ ਦਾ ਬੁੱਤ ਬਣਾ ਕੇ ਸਥਾਪਤ ਕੀਤਾ ਗਿਆ। ਉਸ ਦੇ ਪਿਤਾ ਨੂੰ ਦੇਸ਼ ਦਾ ਸਰਬ ਉੱਚ ਸਨਮਾਨ ਦੇ ਕੇ ਨਿਵਾਜਿਆ ਗਿਆ। ਉਸ ਦੀ ਬਹਾਦਰੀ ਦੀਆਂ ਘਰ-ਘਰ ਗੱਲਾਂ ਹੋਈਆਂ। ਸਤਾਰਾਂ ਕੁ ਸਾਲ ਜਿਉਂ ਕੇ, ਇੱਕ ਅਣਪੜ ਜਿਹਾ ਅੱਲੜ ਮੁੰਡਾ, ਸਦੀਆਂ ਤੱਕ ਆਪਣਾ ਨਾਮ ਅਮਰ ਕਰ ਗਿਆ। ਥੋੜ੍ਹਾ ਸਮਾਂ ਜਿਉਂ ਕੇ ਲੋਕ ਮਨਾਂ 'ਤੇ ਆਪਣਾ ਨਾਮ ਲਿਖ ਗਿਆ। ਸਦਾ ਵਾਸਤੇ ਲੋਕਾਂ ਦਾ ਪ੍ਰੇਰਨਾ ਸ੍ਰੋਤ ਬਣ ਗਿਆ।

ਕਬੀਰ ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ, ਪਰਾ ਹਮਾਰੇ ਬਾਰ ॥
ਕਬੀਰ ਨਾ ਹਮ ਕੀਆ ਨ ਕਰਹਿਗੇ, ਨਾ ਕਰਿ ਸਕੈ ਸਰੀਰੁ ॥
ਕਿਆ ਜਾਨਉ ਕਿਛੁ ਹਰਿ ਕੀਆ, ਭਇਓ ਕਬੀਰੁ ਕਬੀਰੁ ॥ (1367)

★★★★★★

ਅਨੋਖਾ ਸਵਾਲ

ਮਹਾਤਮਾ ਬੁੱਧ ਜੀ ਚੇਲਿਆਂ ਸਮੇਤ ਨਗਰ ਦੇ ਨੇੜੇ ਠਹਿਰੇ ਹੋਏ ਸਨ। ਆਮ ਲੋਕ ਸਾਧੂਆਂ ਨੂੰ ਖਾਣਾ ਖਵਾ ਕੇ ਸੇਵਾ ਕਰ ਕੇ ਖ਼ੁਸ਼ੀ ਮਹਿਸੂਸ ਕਰਦੇ ਸਨ। ਕਈ ਇੱਕ ਪਰਉਪਕਾਰੀ ਸਾਧ ਜਗਿਆਸੂਆਂ ਨੂੰ ਬਹੁਤ ਚੰਗੇ ਉਪਦੇਸ਼ ਦੇ ਜਾਇਆ ਕਰਦੇ ਸਨ ਤਾਂ ਕਿ ਉਹ ਸੁਖੀ ਜੀਵਨ ਬਤੀਤ ਕਰ ਸਕਣ। ਇੱਕ ਕਿਸਾਨ ਨੇ ਬੜੀ ਦੇਰ ਤੋਂ ਮਨ ਅੰਦਰ ਸੰਕਲਪ ਧਾਰਿਆ ਹੋਇਆ ਸੀ ਕਿ ਸੇਵਾ ਤਾਂ ਸਾਧੂਆਂ ਦੀ ਜ਼ਰੂਰ ਕਰਾਂਗਾ ਪਰ ਭਲੇ ਪੁਰਖਾਂ ਦੀ, ਜੋ ਪਰਉਪਕਾਰੀ ਹੋਣ। ਬੁੱਧ ਨੂੰ ਆਏ ਸੁਣਿਆ ਤਾਂ ਕਿਸਾਨ ਹੱਥ ਜੋੜ ਕੇ ਅਰਜ਼ ਕਰਨ ਲੱਗਾ– "ਮਹਾਰਾਜ! ਮੈਂ ਇੱਕ ਕਿਸਾਨ ਹਾਂ। ਬਹੁਤ ਦੇਰ ਤੋਂ ਤੁਹਾਡੀ ਸੇਵਾ ਕਰਨੀ ਚਾਹ ਰਿਹਾ ਸਾਂ। ਅੱਜ ਸਬੱਬ ਬਣ ਗਿਆ, ਤੁਸੀਂ ਕਿਰਪਾ ਕੀਤੀ ਇਧਰ ਆ ਗਏ। ਮੇਰੇ ਘਰ ਚਰਨ ਪਾਓ, ਪ੍ਰਸ਼ਾਦਾ ਛਕੋ।"

ਸੇਵਕਾਂ ਦੇ ਜਥੇ ਸਮੇਤ ਬੁੱਧ ਕਿਸਾਨ ਦੇ ਘਰ ਪਹੁੰਚ ਗਏ। ਕਿਸਾਨ ਦੇ ਪਰਿਵਾਰ ਨੇ ਖੀਰ, ਸਬਜ਼ੀਆਂ, ਦਾਲਾਂ, ਦੁੱਧ, ਮੱਖਣ ਬਹੁਤ ਸਾਰੇ ਪਦਾਰਥ ਤਿਆਰ ਕੀਤੇ ਹੋਏ ਸਨ। ਸਾਰੇ ਸਾਧੂਆਂ ਲਈ ਕੱਪੜੇ ਵਿਛਾ ਦਿੱਤੇ, ਆਦਰ ਨਾਲ ਬਿਠਾਇਆ। ਪੱਤਲਾਂ 'ਤੇ ਖਾਣਾ ਪਰੋਸ ਦਿੱਤਾ। ਬੁੱਧ ਜੀ ਛਕਣ ਹੀ ਲੱਗੇ ਸਨ ਕਿ ਕਿਸਾਨ ਨੇ ਖੜਾ ਹੋ ਕੇ ਉੱਚੀ ਆਵਾਜ਼ ਵਿੱਚ ਬੇਨਤੀ ਕੀਤੀ, "ਹੇ ਮਹਾਤਮਾ ਜੀ! ਤੁਸੀਂ ਖੇਤਾਂ ਵਿੱਚ ਹਲ ਨਹੀਂ ਚਲਾਇਆ। ਪਾਣੀ ਨਹੀਂ ਲਾਇਆ, ਗੋਡੀ ਨਹੀਂ ਕੀਤੀ। ਇਹ ਸਾਰੀ ਮਿਹਨਤ ਮੈਂ ਕੀਤੀ ਹੈ। ਅਨਾਜ ਘਰ ਵਿੱਚ ਲਿਆ ਕੇ ਜਦੋਂ ਮੈਂ ਰੱਖ ਦਿੱਤਾ ਫਿਰ ਮੇਰੀ ਪਤਨੀ ਅਤੇ ਬੱਚਿਆਂ ਨੇ ਹੋਰ ਮੁਸ਼ੱਕਤ ਕੀਤੀ। ਅਸੀਂ ਮੱਝਾਂ ਨੂੰ ਘਾਹ ਪਾਇਆ। ਉਨ੍ਹਾਂ ਦੀ ਸੰਭਾਲ ਕੀਤੀ। ਇਹ ਕੰਮ ਤੁਹਾਡੇ ਵਿੱਚੋਂ ਕਿਸੇ ਨੇ ਨਹੀਂ ਕੀਤਾ। ਜੋ ਖਾਣਾ ਤੁਹਾਡੇ ਅੱਗੇ ਰੱਖਿਆ ਗਿਆ ਹੈ, ਇਸ ਵਿੱਚ ਤੁਹਾਡਾ ਕੋਈ ਯੋਗਦਾਨ ਨਹੀਂ ਹੈ। ਕਿਰਪਾ ਕਰ ਕੇ ਮੇਰੀ ਤਸੱਲੀ ਕਰਾਓ ਕਿ ਇਸ ਖਾਣੇ 'ਤੇ ਤੁਹਾਡਾ ਹੱਕ ਕਿਵੇਂ ਹੈ? ਕਿਸ ਅਧਿਕਾਰ ਨਾਲ ਤੁਸੀਂ ਇਸ ਨੂੰ ਖਾਉਗੇ?"

ਬੁੱਧ ਨੇ ਚੇਲਿਆਂ ਨੂੰ ਭੀ ਖਾਣ ਤੋਂ ਰੋਕ ਦਿੱਤਾ। ਕਿਸਾਨ ਨੂੰ ਮੁਖਾਤਬ ਹੋ ਕੇ ਆਖਣ ਲੱਗਾ, "ਮੇਰੇ ਸਿਆਣੇ ਮਿੱਤਰ! ਧਿਆਨ ਨਾਲ ਸੁਣ, ਤੂੰ ਖੇਤਾਂ ਵਿੱਚ ਹਲ ਚਲਾਇਆ, ਗੋਡੀ ਕੀਤੀ, ਪਾਣੀ ਲਾਇਆ। ਫ਼ਸਲ ਤਿਆਰ ਹੋ ਗਈ। ਘਰ ਵਿੱਚ ਹੋਰ ਮਿਹਨਤ ਕੀਤੀ, ਖਾਣਯੋਗ ਬਣ ਗਈ ਪਰ ਹੇ ਜਗਿਆਸੂ ਮੇਰੀ ਭੀ ਜ਼ਮੀਨ ਹੈ। ਮੈਂ ਭੀ ਹਲ ਵਾਹਿਆ ਹੈ, ਫ਼ਸਲ ਬੀਜੀ ਹੈ ਤੇ ਬਹੁਤ ਸਾਰਾ ਅਨਾਜ ਪ੍ਰਾਪਤ ਹੋਇਆ ਹੈ। ਤੇਰੀ ਜ਼ਮੀਨ ਪੱਧਰੀ ਸੀ। ਮੇਰੀ ਜ਼ਮੀਨ ਕੱਲਰ ਸੀ। ਪਥਰੀਲੀ ਸੀ, ਬੰਜਰ ਸੀ। ਜੋ ਬੀਜ ਮੈਂ ਪਾਉਂਦਾ ਸਾਂ, ਪਹਿਲੀ ਗੱਲ ਤਾਂ ਉਹ ਉਗਦਾ ਨਹੀਂ ਸੀ। ਜੇ ਉਗਦਾ ਸੀ ਤਾਂ ਚੂਹੇ, ਚਿੜੀਆਂ, ਅਵਾਰਾ ਪਸ਼ੂ ਉਜਾੜ ਦਿੰਦੇ ਸਨ। ਮੈਂ ਬਹੁਤ ਕਠਨ ਸਾਧਨ ਅਪਣਾਏ। ਬਹੁਤ ਸਾਰੇ ਨਵੇਂ ਤਰੀਕਿਆਂ 'ਤੇ ਸੋਚ ਵਿਚਾਰ ਕੀਤੀ। ਪੱਥਰਾਂ ਨੂੰ ਤੋੜਿਆ, ਪਰ੍ਹੇ ਸੁੱਟਿਆ। ਕੱਲਰ ਵਿੱਚ

ਬਾਰ-ਬਾਰ ਪਾਣੀ ਪਾਇਆ। ਉਜਾੜੇ ਤੋਂ ਬਚਾਉਣ ਲਈ ਵਾੜ ਕੀਤੀ, ਰਾਖੇ ਬਿੱਠਾਏ। ਹੁਣ ਮੇਰੀ ਫ਼ਸਲ ਬਹੁਤ ਹੋ ਰਹੀ ਹੈ, ਮੈਂ ਖ਼ੁਸ਼ਹਾਲ ਤੇ ਕਾਮਯਾਬ ਕਿਸਾਨ ਹਾਂ। ਲੈ ਸੁਣ! ਇਸ ਦੇਸ਼ ਵਿੱਚ ਅਣਪੜ੍ਹਤਾ ਹੈ, ਕੱਲਰ। ਜਾਤਪਾਤ ਹੈ ਪੱਥਰ ਦੀਆਂ ਚਟਾਨਾ। ਫ਼ਸਲ ਦਾ ਉਜਾੜਾ ਕਰਨ ਵਾਲੇ ਹਨ ਵਹਿਮ ਭਰਮ, ਕਰਮ ਕਾਂਡ। ਮੈਂ ਬੜੀ ਮਿਹਨਤ ਕਰ ਕੇ ਇਨ੍ਹਾਂ ਬੁਰਾਈਆਂ ਨੂੰ ਦੇਸ਼ ਵਾਸੀਆਂ ਦੇ ਮਨਾਂ ਵਿੱਚੋਂ ਕੱਢ ਕੇ, ਉਨ੍ਹਾਂ ਦੇ ਅੰਦਰ ਸੱਚਾਈ ਦਾ, ਨੇਕੀ ਦਾ, ਪਰਉਪਕਾਰ ਦਾ, ਨਿਮਰਤਾ ਦਾ, ਬ੍ਰਾਬਰਤਾ ਦਾ, ਮਿਲ ਕੇ ਰਹਿਣ ਦਾ, ਬੀਜ ਪਾਉਂਦਾ ਹਾਂ। ਮੇਰਾ ਪਾਇਆ ਅਜਿਹੇ ਗੁਣਾਂ ਵਾਲਾ ਬੀਜ ਲੋਕਾਂ ਦੇ ਮਨਾਂ ਅੰਦਰ ਖ਼ੂਬ ਵੱਧ ਫੁੱਲ ਰਿਹਾ ਹੈ। "ਸੱਘ" ਰੂਪੀ ਫ਼ਸਲ ਬਹੁਤ ਹੋ ਰਹੀ ਹੈ। ਹੇ ਕਿਸਾਨ! ਜਿਵੇਂ ਤੂੰ ਆਪਣੇ ਅੰਨ ਨੂੰ ਵਟਾ ਕੇ ਹੋਰ ਲੋੜੀਂਦਾ ਸਾਮਾਨ ਲੈ ਆਉਂਦਾ ਹੈਂ। ਮੱਕੀ ਬਦਲੇ ਕਪਾਹ, ਕਣਕ ਬਦਲੇ ਗੁੜ, ਮੱਝ ਬਦਲੇ ਘੋੜਾ ਆਦਿ। ਇਸੇ ਤਰ੍ਹਾਂ ਮੈਂ ਤੈਨੂੰ ਖਾਣੇ ਬਦਲੇ ਗੁਣ ਦਿਆਂਗਾ, ਗਿਆਨ ਦਿਆਂਗਾ। ਚੰਗਾ ਮਨੁੱਖ ਬਣਨ ਦੀ ਵਿੱਦਿਆ ਦੇਵਾਂਗਾ। ਤੇਰੀ ਜ਼ਮੀਨ ਥੋੜ੍ਹੀ ਹੈ। ਪਰਵਾਰ ਛੋਟਾ ਹੈ। ਮੇਰੀ ਜ਼ਮੀਨ ਬਹੁਤੀ ਹੈ, ਪਰਿਵਾਰ ਬਹੁਤ ਵੱਡਾ ਹੈ। ਮੈਂ ਤੁਹਾਡੇ ਕੋਲੋਂ ਮੁਫ਼ਤ ਵਿੱਚ ਕੁੱਝ ਪ੍ਰਾਪਤ ਨਹੀਂ ਕਰਾਂਗਾ। ਉਸ ਦੇ ਇਵਜਾਨੇ ਵਿੱਚ ਜ਼ਰੂਰ ਹੀ ਕੁੱਝ ਦਿਆਂਗਾ। ਜੇਕਰ ਮੈਂ ਪਰਜਾ ਤੋਂ ਕੁੱਝ ਲੈਣਾ ਹੀ ਹੁੰਦਾ ਤਾਂ ਮੈਂ ਇੱਕ ਮਹਾਰਾਜਾ ਸਾਂ। ਜਿਵੇਂ ਦਿਲ ਕਰਦਾ ਆਪਣੀ ਪਰਜਾ ਤੋਂ ਅੰਨ-ਧਨ ਲੁੱਟ ਲੈਂਦਾ, ਖੋਹ ਲੈਂਦਾ। ਮੈਂ ਅਜਿਹਾ ਨਹੀਂ ਕੀਤਾ, ਨਾ ਕਿਸੇ ਨੂੰ ਕਰਨ ਦੀ ਆਗਿਆ ਦਿਆਂਗਾ। ਤੁਸੀਂ ਸਾਰੇ ਇੱਕ ਦੂਜੇ ਦੀ ਸਹਾਇਤਾ ਕਰੋ, ਪਰਿਵਾਰ ਵਾਂਗ।" ਕਿਸਾਨ ਨੇ ਬੁੱਧ ਦੇ ਚਰਨਾਂ 'ਤੇ ਮੱਥਾ ਟੇਕਿਆ, ਫਿਰ ਸਾਰਿਆਂ ਨੇ ਖਾਣਾ ਖਾਧਾ।

ਸਿੱਖਾਂ ਦੇ ਘਰਾਂ ਵਿੱਚ ਪੰਜ ਸਿੰਘ (ਜਾਂ ਵੱਧ) ਪ੍ਰਸ਼ਾਦਾ ਛਕਣ ਜਾਂਦੇ ਹਨ। ਇੱਕ ਪਾਸੇ ਬਿਠਾ ਕੇ ਵਧੀਆ ਖਾਣਾ ਖੁਆ ਕੇ, ਕੁੱਝ ਦਮੜੇ ਦੇ ਕੇ, ਘਰਾਂ ਨੂੰ ਤੋਰ ਦਿੱਤੇ ਜਾਂਦੇ ਹਨ। ਜੇ ਕੋਈ ਘਰ ਦਾ ਸਿਆਣਾ ਪੁਰਸ਼ ਪੁੱਛ ਲਵੇ ਕਿ ਸਾਡੇ ਘਰ ਵਿੱਚ ਤੁਸੀਂ ਕਿਸ ਅਧਿਕਾਰ ਨਾਲ ਖਾਣਾ ਖਾ ਰਹੇ ਹੋ ? ਤੁਸੀਂ ਸਾਨੂੰ ਕੀ ਦਿੱਤਾ ਹੈ ? ਇਨ੍ਹਾਂ ਸਵਾਲਾਂ ਦਾ ਜੁਆਬ ਸ਼ਾਇਦ ਹੀ ਕੋਈ ਭਾਈ ਦੇ ਸਕੇ। ਅਸਲ ਵਿੱਚ ਇਸ ਦਾ ਪਿਛੋਕੜ ਕੁੱਝ ਹੋਰ ਸੀ। ਜਦੋਂ ਕੋਈ ਸਿੱਖ ਪਰਿਵਾਰ ਪੰਥਕ ਪ੍ਰੰਪਰਾਵਾਂ ਤੋਂ ਉਲਟ ਕੋਈ ਕੰਮ ਕਰਦਾ ਸੀ। ਸਿੱਖ ਸਮਾਜ ਦੀ ਬਦਨਾਮੀ ਹੁੰਦੀ ਸੀ। ਉਸ ਹਾਲਤ ਵਿੱਚ ਪੰਜ-ਸੱਤ ਜਾਂ ਦਸ ਸਿਆਣੇ ਆਦਮੀ ਉਸ ਦੇ ਘਰ ਜਾ ਕੇ ਗ਼ਲਤ ਕੰਮਾਂ ਤੋਂ ਰੋਕਦੇ। ਗੁਰੂ ਦਾ ਵਾਸਤਾ ਪਾਉਂਦੇ। ਗੁਰਬਾਣੀ ਦੇ ਪਰਮਾਣ ਪੜ੍ਹ ਕੇ ਸੁਣਾਉਂਦੇ। ਉਸ ਨੂੰ ਗ਼ਲਤ ਰਾਹ ਤੋਂ ਮੋੜ ਕੇ, ਗੁਰਮਤਿ ਵਾਲੇ ਸਹੀ ਰਾਹ 'ਤੇ ਵਾਪਸ ਲਿਆਉਂਦੇ। ਜੇ ਮਸਲਾ ਠੀਕ ਢੰਗ ਨਾਲ ਸੁਲਝ ਗਿਆ ਫਿਰ ਸਾਰੇ ਰਲ ਕੇ ਲੰਗਰ ਛਕਦੇ। ਜੇ ਨਹੀਂ ਸੁਲਝਿਆ ਫਿਰ ਬਿਨਾਂ ਛਕੇ ਵਾਪਸ ਆ ਜਾਂਦੇ। ਕੋਈ ਹੋਰ ਰਾਹ ਤਲਾਸ਼ਦੇ। ਅੱਜ ਤਾਂ ਰਸਮ ਪੂਰਤੀ ਹੋ ਰਹੀ ਹੈ। ਛਕਣ ਵਾਲੇ ਛਕ ਕੇ ਗੋਗੜਾਂ ਵਧਾ ਰਹੇ ਹਨ। ਛਕਾਉਣ ਵਾਲੇ ਧਰਮੀ ਹੋਣ ਦਾ ਸਰਟੀਫ਼ਿਕੇਟ ਪ੍ਰਾਪਤ ਕਰ ਰਹੇ ਹਨ। ਸਤਿਗੁਰੂ ਸੁਮੱਤ ਬਖ਼ਸ਼ੇ।

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ, ਜੋ ਨਾਮਿ ਹਰਿ ਰਾਤੇ ॥

ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ,
ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥
ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ,
ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥
ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ,
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥
ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ, ਗੁਰੂ ਪਹਿ ਜਾਤੇ ॥ (648)

★★★★★★

ਆਓ ਮਾਤਮ ਕਰੀਏ - ਧਾਰਾ 295 ਏ 'ਤੇ

☛ ਸਦੀਆਂ ਤੱਕ ਭਾਰਤ ਦੇਸ਼ ਨੂੰ ਜਰਵਾਣਿਆਂ ਦੇ ਘੋੜਿਆਂ ਨੇ ਆਪਣੇ ਸੁੰਮਾਂ ਹੇਠ ਲਤਾੜਿਆ। ਇੱਜ਼ਤ, ਆਬਰੂ ਘੱਟੇ ਰੋਲ ਦਿੱਤੀ ਗਈ। ਧਰਮ ਅਸਥਾਨਾਂ ਦਾ ਨਿਰਾਦਰ ਕੀਤਾ ਗਿਆ। ਇਨਸਾਨੀ ਜੀਵਨ ਦੀ ਕੀਮਤ, ਕੀੜੇ-ਮਕੌੜੇ ਜਿੰਨੀ ਰਹਿ ਗਈ। ਅਜਿਹੇ ਭਿਆਨਕ ਹਾਲਾਤ ਵਿੱਚ ਗੁਰੂ ਨਾਨਕ ਸਾਹਿਬ ਦਾ ਆਗਮਨ ਹੋਇਆ। ਉਨ੍ਹਾਂ ਨੇ ਜੀਵਨ ਦੇ ਸਾਰੇ ਨਿੱਜੀ ਸੁੱਖ ਅਤੇ ਲਾਲਸਾਵਾਂ ਤਿਆਗ ਕੇ ਹਰ ਤਬਕੇ ਦੇ ਮਨੁੱਖ ਨੂੰ ਜਗਾਉਣ ਦੀ ਤਿਆਰੀ ਕਰ ਲਈ। ਇੱਕ ਮਜ਼ਦੂਰ ਤੋਂ ਲੈ ਕੇ ਰਾਜ ਮਹਿਲਾਂ ਤੱਕ ਗਏ। ਆਮ ਮਨੁੱਖ ਤੋਂ ਲੈ ਕੇ ਵੱਡੇ-ਵੱਡੇ ਮਹਾਂ ਪੁਜਾਰੀਆਂ ਨੂੰ ਸਹੀ ਰਾਹ 'ਤੇ ਲਿਆਉਣ ਦੀ ਕੋਸ਼ਿਸ਼ ਕੀਤੀ। ਭੂਮੀਆ ਚੋਰੀ ਕਰਨੀ ਛੱਡ ਗਿਆ। ਭਾਈ ਕੌਡਾ ਜੋ ਅੰਨ੍ਹੀ ਨਫ਼ਰਤ ਵਿੱਚ ਕਤਲ ਕਰਦਾ ਜਾ ਰਿਹਾ ਸੀ, ਉਸ ਨੇ ਅਜਾਈਂ ਖ਼ੂਨ ਵਹਾਉਣਾ ਬੰਦ ਕਰ ਦਿੱਤਾ। ਭਾਈ ਸੱਜਣ ਪਾਪ ਕਰਮਾਂ ਤੋਂ ਤੌਬਾ ਕਰ ਗਿਆ। ਮਲਕ ਭਾਗੋ ਨੇ ਗੁਰੂ ਨਾਨਕ ਅੱਗੇ ਸੀਸ ਝੁਕਾ ਦਿੱਤਾ। ਬਾਬਰ ਬਾਦਸ਼ਾਹ ਨੇ ਗੁਰੂ ਸਾਹਿਬ ਦੀ ਪ੍ਰੇਰਣਾ ਸਦਕਾ ਬੇਦੋਸ਼ਿਆਂ ਦਾ ਖ਼ੂਨ ਡੋਲ੍ਹਣਾ ਬੰਦ ਕਰ ਦਿੱਤਾ। ਕੈਦੀਆਂ ਨੂੰ ਰਿਹਾਅ ਕਰ ਦਿੱਤਾ ਗਿਆ। ਜਿਵੇਂ ਕਿ ਪੁਰਾਤਨ ਸਰੋਤ ਪੁਸਤਕਾਂ ਦਸ ਪਾਉਂਦੀਆਂ ਨੇ, ਬਾਕੀ ਸਭ ਤਰ੍ਹਾਂ ਦੇ ਲੋਕ ਬਾਬਾ ਜੀ ਦਾ ਆਖਿਆ, ਦਲੀਲ ਯੁਕਤ ਵਿਚਾਰ ਸਵੀਕਾਰ ਕਰ ਲੈਂਦੇ ਸਨ। ਸਿੱਧੇ ਸਾਦੇ ਅਨਪੜ੍ਹ ਲੋਕ ਵੀ, ਗੁਰੂ ਜੀ 'ਤੇ ਵਿਸ਼ਵਾਸ ਲਿਆਉਂਦੇ ਸਨ। ਬਸ ਇੱਕ ਤਬਕਾ ਸੀ ਜੋ ਹਰ ਥਾਂ ਅੜਿਆ ਹੋਇਆ ਸੀ ਤੇ ਆਪਣੀ ਮੱਕਾਰੀ ਤਿਆਗਣ ਲਈ ਤਿਆਰ ਨਹੀਂ ਸੀ। ਨੰਗੀ ਚਿੱਟੀ ਲੁੱਟ ਬੰਦ ਕਰਨ ਲਈ ਤਿਆਰ ਨਹੀਂ ਸੀ। ਆਪਣਾ ਪਾਖੰਡ ਅਤੇ ਝੂਠ ਛੱਡਣ ਲਈ ਹਰਗਿਜ਼ ਤਿਆਰ ਨਹੀਂ ਸੀ। ਉਹ ਸੀ ਸਮਾਜ ਲਈ ਕੋਹੜ ਸਮਾਨ, ਧਾਰਮਕ ਪਹਿਰਾਵੇ ਵਿੱਚ ਲਿਪਟਿਆ, ਧਰਮ ਅਸਥਾਨਾਂ ਵਿੱਚ ਡੂੰਘੀਆਂ ਜੜ੍ਹਾਂ ਲਾਈ ਬੈਠਾ ਪੁਜਾਰੀ ਟੋਲਾ। ਗੁਰਬਾਣੀ ਵਿੱਚ ਸੱਭ ਤੋਂ ਜ਼ਿਆਦਾ ਵਿਰੋਧ ਜੇ ਕਿਸੇ ਦਾ ਹੋਇਆ ਹੈ ਤਾਂ ਧਰਮ ਦੇ ਨਾਂ 'ਤੇ ਕੀਤੇ ਜਾ ਰਹੇ ਪਾਖੰਡਾਂ ਦਾ ਅਤੇ ਲੁੱਟ ਖਸੁਟ ਦਾ ਹੋਇਆ ਹੈ। ਭੋਲੀ-ਭਾਲੀ ਜਨਤਾ ਦੀ ਕਿਰਤ ਨੂੰ ਚਾਲ-ਬਾਜ਼ੀਆਂ ਰਾਹੀਂ ਕਾਬੂ ਕਰ ਲੈਣ ਵਾਲੇ ਲੁਟੇਰਿਆਂ ਦਾ ਵਿਰੋਧ ਬਹੁਤ ਹੋਇਆ ਹੈ।

☛ ਗੁਰੂ ਨਾਨਕ ਸਾਹਿਬ ਆਪਣੇ ਘਰ ਰਹਿ ਕੇ ਬੜੀ ਸ਼ਾਹਾਨਾ ਠਾਠ ਵਾਲੀ ਜ਼ਿੰਦਗੀ ਬਤੀਤ ਕਰ ਸਕਦੇ ਸਨ। ਅੰਦਰ ਬੈਠ ਕੇ ਅੱਖਾਂ ਬੰਦ ਕਰ ਕੇ, ਸਮਾਧੀ ਸਥਿਤ ਹੋ ਕੇ, ਅਖੰਡ "ਸਿਮਰਨ" ਕਰ ਸਕਦੇ ਸਨ ਜਾਂ ਫਿਰ ਬਾਬਰ ਦੀ ਵਡਿਆਈ ਕਰਦੇ ਦੋ ਚਾਰ ਸ਼ੇਅਰ ਲਿਖ ਕੇ, ਸਜੇ ਦਰਬਾਰ ਵਿੱਚ ਗਾ ਕੇ, ਰਾਜੇ ਨੂੰ ਖ਼ੁਸ਼ ਕਰ ਕੇ, ਬਹੁਤ ਸਾਰਾ ਧਨ ਪ੍ਰਾਪਤ ਕਰ ਸਕਦੇ ਸਨ। ਕੋਈ ਵੱਡਾ ਰੁਤਬਾ ਹਾਸਲ ਕਰ ਸਕਦੇ ਸਨ। ਲੋਕਾਂ ਦਾ ਕੀ ਹੈ, ਇਹ ਤਾਂ "ਭੇਡਾਂ ਬੱਕਰੀਆਂ" ਹਨ। ਮਰਨ-ਜਿਉਣ ਨਾਲ ਕੀ ਫ਼ਰਕ ਪੈਂਦਾ ਹੈ। ਸੱਚੇ ਰਹਿਬਰ ਨੇ ਅਜਿਹਾ ਨਾ ਕੀਤਾ, ਨਾ ਕਿਹਾ। ਸਗੋਂ ਆਮ ਦੁਖਿਆਰੇ ਮਨੁੱਖ ਦੇ ਹੱਕ ਵਿੱਚ

ਜ਼ੋਰਦਾਰ ਆਵਾਜ਼ ਉਠਾਈ। ਠੀਕ ਸਮੇਂ 'ਤੇ ਬਾਬਰ ਨੂੰ ਸੱਚੋ ਸੱਚ ਕਹਿ ਸੁਣਾਇਆ। ਭਾਵੇਂ ਕਿੰਨੀ ਵੱਡੀ ਕੀਮਤ ਚੁਕਾਉਣੀ ਪਈ। ਉਸ ਸਮੇਂ ਜੋ ਬਾਬਾ ਜੀ ਦੇ ਮਨ ਅੰਦਰ ਜ਼ੁਲਮ ਵਿਰੁੱਧ ਰੋਹ ਸੀ। ਮਜ਼ਲੂਮਾਂ ਪ੍ਰਤੀ ਹਮਦਰਦੀ ਸੀ। ਉਨ੍ਹਾਂ ਦੀ ਬਾਣੀ ਦੇ ਚਾਰ ਸ਼ਬਦਾਂ ਵਿੱਚੋਂ ਪੜ੍ਹੀ ਜਾ ਸਕਦੀ ਹੈ। ਇਹ ਚਾਰੇ ਸ਼ਬਦ ਪੰਨਾ 360, 417 ਅਤੇ 722 'ਤੇ ਪੜ੍ਹੇ ਜਾ ਸਕਦੇ ਹਨ। ਆਮ ਪਰਜਾ ਦੀ ਜੋ ਦੁਰਗਤ ਹੁੰਦੀ ਗੁਰੂ ਜੀ ਨੇ ਵੇਖੀ, ਉਹ ਸਾਰੀ ਇਨ੍ਹਾਂ ਚਾਰ ਸ਼ਬਦਾਂ ਵਿੱਚ ਦਰਜ ਕਰ ਦਿੱਤੀ ਹੈ। ਉਨ੍ਹਾਂ ਦੇ ਸਿੱਖ ਅਖਵਾਉਣ ਵਾਲੇ ਕੀ ਅੱਜ ਸੱਚਾ ਇਨਸਾਫ਼, ਸੱਚਾ ਵਿਚਾਰ ਤੇ ਸੱਚੇ ਕਿਰਦਾਰ ਦਾ ਦਾਹਵਾ ਕਰ ਸਕਦੇ ਹਨ ? ਆਪਣੇ ਲੰਮੇਂ ਰਾਜ ਕਾਲ ਦੌਰਾਨ ਸਿੱਖ ਪੰਥ ਦੀ ਕਿੰਨੀ ਕੁ ਸੇਵਾ ਕੀਤੀ ? ਕਿਹੜੀਆਂ ਮੰਗਾਂ ਮਨਵਾਈਆਂ ਜਾਂ ਫਿਰ ਆਪਣਿਆਂ ਨੂੰ ਹੀ ਖ਼ਤਮ ਕਰਨ ਵਾਸਤੇ ਦੁਸ਼ਮਣਾਂ ਦੇ ਭਾਈਵਾਲ ਬਣਦੇ ਰਹੇ। ਅੱਜ ਦੇ ਸਮੇਂ ਵਿੱਚ ਇਸੇ ਨੂੰ "ਧਰਮ" ਕਹਿੰਦੇ ਹਨ।

☛ ਜ਼ੁਲਮ ਨੂੰ ਠੱਲ੍ਹ ਪਾਉਣ ਵਾਸਤੇ ਹਲੇਮੀ ਰਾਜ ਦੀ ਕਾਇਮੀ ਲਈ ਸਿੱਖਾਂ ਨੇ ਸਦੀਆਂ ਤੱਕ ਜੰਗ ਲੜੇ। ਹਾਰਾਂ ਜਿੱਤਾਂ ਹੁੰਦੀਆਂ ਰਹੀਆਂ। ਘਰ ਪਰਿਵਾਰ ਉਜੜਦੇ ਰਹੇ। ਇਨਸਾਫ਼ ਦੀ ਪ੍ਰਾਪਤੀ ਵਾਸਤੇ ਜੋ ਕੁੱਝ ਸਿੱਖਾਂ ਕੋਲ ਸੀ। ਸਭ ਕੁੱਝ ਵਾਰ ਦੇਂਦੇ ਰਹੇ। ਅਥਾਹ ਮੁਸੀਬਤਾਂ ਝਲਦਿਆਂ ਭੀ ਨਿਸ਼ਾਨਾ ਨਹੀਂ ਤਿਆਗਿਆ। ਹਾਕਮ ਧਿਰ ਜੋ ਜ਼ੁਲਮ ਕਰ ਸਕਦੀ ਸੀ, ਉਸ ਨੇ ਕੀਤਾ। ਇੱਕ ਪਾਸੇ ਸਿੱਖ ਦੁਸ਼ਮਣ ਅੱਗੇ ਹਿੱਕ ਡਾਹ ਕੇ, ਬੇਖੌਫ਼ ਲੜ ਰਹੇ ਸਨ। ਦੂਜੇ ਬੰਨੇ ਗੁਰੂ ਦੇ ਆਪਣੇ ਪੁੱਤਰ ਸਿੱਖ ਵਿਚਾਰਧਾਰਾ ਦੀਆਂ ਜੜ੍ਹਾਂ ਵੱਢਣ 'ਤੇ ਲੱਗੇ ਹੋਏ ਸਨ। ਬਾਬਾ ਸ੍ਰੀ ਚੰਦ ਗੁਰੂ ਨਾਨਕ ਦਾ ਪੁੱਤਰ ਹੋ ਕੇ ਭੀ ਸ਼ਿਵ ਦਾ ਅਵਤਾਰ ਬਣ ਬੈਠਾ। ਕਰਾਮਾਤੀ ਹੋਣ ਦੀਆਂ ਡੀਂਗਾਂ ਮਾਰਨ ਲੱਗ ਪਿਆ। ਆਮ ਮਨੁੱਖ ਨੂੰ ਕੋਈ ਸੁਚੱਜੀ ਸੇਧ ਦੇਣ ਦੀ ਥਾਵੇਂ, ਆਪਣੀ ਹੀ ਪੂਜਾ ਕਰਾਉਣ ਲੱਗ ਪਿਆ। ਦਾਤੂ ਤੇ ਦਾਸੂ ਗੁਰੂ ਅੰਗਦ ਸਾਹਿਬ ਦੇ ਸਪੁੱਤਰ ਸਨ ਪਰ ਗੁਰੂ ਅਮਰਦਾਸ ਜੀ ਨੂੰ ਬਣਦਾ ਸਤਿਕਾਰ ਕਦੀ ਨਾ ਦੇ ਸਕੇ। ਮੋਹਣ ਅੰਤੇ ਮੋਹਰੀ ਗੁਰੂ ਘਰ ਦੇ ਵਫ਼ਾਦਾਰ ਨਾ ਰਹੇ, ਵੱਖਰੀਆਂ ਗੱਦੀਆਂ ਲਾ ਲਈਆਂ। ਪਿਰਥੀ ਚੰਦ ਦੀ ਮਿਸਾਲ ਤਾਂ ਬਹੁਤ ਉਘੜਵੀਂ ਹੈ। ਗੁਰੂ ਰਾਮਦਾਸ ਜੀ ਦਾ ਪੁੱਤਰ। ਗੁਰੂ ਅਰਜਨ ਸਾਹਿਬ ਦਾ ਭਰਾ। ਨਾਨਾ ਗੁਰੂ ਅਮਰਦਾਸ ਜੀ। ਸਾਰਿਆਂ ਨੇ ਸਮੇਂ ਸਮੇਂ ਮੱਤ ਦੇਣ ਦਾ ਯਤਨ ਕੀਤਾ ਪਰ ਇਹ ਆਪਣੀਆਂ ਮੰਦ ਕਰਤੂਤਾਂ ਤੋਂ ਬਾਜ ਨਾ ਆਇਆ। ਬਾਹਰ ਵਾਲਾ ਦੁਸ਼ਮਣ ਪਰਤੱਖ ਨਜ਼ਰ ਆਉਂਦਾ ਸੀ। ਅੰਦਰਲਾ ਦੁਸ਼ਮਣ ਆਪਣਾ ਬਣ ਕੇ ਖ਼ਾਤਮਾ ਕਰ ਰਿਹਾ ਸੀ। ਕੀ ਅੱਜ ਦੇ ਹਾਲਾਤ ਵਿੱਚ ਸਿੱਖ ਪੰਥ 'ਤੇ ਇੰਨ ਬਿੰਨ ਏਹੀ ਘਟਨਾ ਠੀਕ ਨਹੀਂ ਢੁੱਕਦੀ ? ਜੋ ਰਾਹ ਸਿੱਖਾਂ ਦੇ ਮੁਖੀਆਂ ਨੇ ਅਪਣਾ ਲਿਆ ਹੈ, ਉਹ ਰਾਹ ਕਿਸ ਹਨ੍ਹੇਰੀ ਖਾਈ ਵੱਲ ਜਾ ਰਿਹਾ ਹੈ, ਕਦੀ ਸੋਚਣ ਦੀ ਖੇਚਲ ਕਰਨਗੇ ? ਸਤੰਬਰ (2010) ਦੇ ਆਖ਼ਰੀ ਹਫ਼ਤੇ ਬਿਨਾਂ ਵਿਚਾਰ ਚਰਚਾ ਕੀਤੇ, ਧਾਰਾ 295-ਏ ਅਤੇ 153 ਨੂੰ ਜਿਵੇਂ ਜਲਦਬਾਜ਼ੀ ਨਾਲ ਵਿਧਾਨ ਸਭਾ ਵਿੱਚ ਪਾਸ ਕਰਵਾਇਆ ਗਿਆ ਹੈ, ਉਸ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਕਾਨੂੰਨ ਰਾਹੀਂ **"ਆਪਣੇ ਹੀ ਆਪਣਿਆਂ ਦਾ"** ਘਾਣ ਕਰਨਗੇ।

☛ ਇੱਕ ਦਲਿਤ ਲੇਖਕ ਲਾਹੌਰੀ ਰਾਮ ਬਾਲੀ ਨੇ 1980 ਵਿੱਚ ਪੁਸਤਕ ਲਿਖੀ ਸੀ "ਹਿੰਦੂ ਇਜ਼ਮ ਧਰਮ ਜਾਂ ਕਲੰਕ"? ਦੇਵੀਆਂ ਦੇਵਤੇ ਨਾਇਕ ਜਾਂ ਖ਼ਲਨਾਇਕ? ਹਿੰਦੀ ਵਿੱਚ ਛਪੀ ਇਸ ਕਿਤਾਬ 'ਤੇ ਜੰਮੂ ਕਸ਼ਮੀਰ ਦੀਆਂ ਅਦਾਲਤਾਂ ਵਿੱਚ ਦਸ ਸਾਲ ਤੱਕ ਮੁਕੱਦਮਾ ਚਲਦਾ ਰਿਹਾ। ਅਣਥੱਕ ਸੂਰਮਾ ਲਾਹੌਰੀ ਰਾਮ ਦਸ ਸਾਲ ਕਚਹਿਰੀਆਂ ਦੀਆਂ ਹਾਜ਼ਰੀਆਂ ਭਰਦਾ ਰਿਹਾ, ਖ਼ਰਚੇ ਕਰਦਾ ਰਿਹਾ। ਜਦੋਂ ਲੇਖਕ ਨੇ ਆਪਣੀ ਲਿਖੀ ਹੋਈ ਇਬਾਰਤ ਨੂੰ ਹਿੰਦੂਆਂ ਦੇ ਗ੍ਰੰਥਾਂ ਵਿੱਚੋਂ ਪੰਨਾ ਵਾਰ ਛਾਂਟੀ ਕਰ ਕੇ ਜੱਜ ਸਾਹਿਬ ਦੇ ਸਾਹਮਣੇ ਨਿਖਾਰ ਕੇ ਰੱਖ ਦਿੱਤਾ ਤਾਂ ਕਿਤੇ ਜਾ ਕੇ ਲੇਖਕ ਨੂੰ ਕੇਸ ਵਿੱਚੋਂ ਬਰੀ ਕੀਤਾ, ਪੁਸਤਕ ਤੋਂ ਪਾਬੰਦੀ ਹਟਾਈ। ਸੰਨ 1990 ਤੋਂ ਇਹ ਕਿਤਾਬ ਲਗਾਤਾਰ ਛਪਦੀ ਆ ਰਹੀ ਹੈ। ਸੰਨ 2010 ਵਿੱਚ ਹਿਮਾਚਲ ਪ੍ਰਦੇਸ਼ ਸਰਕਾਰ ਨੇ ਇਸ ਕਿਤਾਬ 'ਤੇ ਪਾਬੰਦੀ ਲਾ ਦਿੱਤੀ ਹੈ। ਜਿਸ ਕਿਤਾਬ ਬਾਰੇ ਅਦਾਲਤ ਵਿੱਚ ਲਿਖ ਕੇ ਦਿੱਤਾ ਗਿਆ ਸੀ ਕਿ ਇਸ ਵਿੱਚ ਦੇਵੀਆਂ ਦੇਵਤਿਆਂ ਦਾ ਅਪਮਾਨ ਕੀਤਾ ਗਿਆ। ਲੇਖਕ ਬਾਲੀ ਜੀ ਨੇ ਹਿੰਦੂਆਂ ਦੇ ਗ੍ਰੰਥਾਂ ਵਿੱਚੋਂ ਸਿੱਧ ਕਰ ਵਿਖਾਇਆ ਕਿ ਅਪਮਾਨ ਮੈਂ ਨਹੀਂ ਕੀਤਾ। ਅਜਿਹਾ ਕੁੱਝ ਤਾਂ ਇਨ੍ਹਾਂ ਗ੍ਰੰਥਾਂ ਵਿੱਚ ਆਮ ਹੀ ਲਿਖਿਆ ਮਿਲ ਜਾਂਦਾ ਹੈ।

☛ ਆਰੀਆ ਸਮਾਜ ਦੇ ਸੰਚਾਲਕ ਸਵਾਮੀ ਦਇਆ ਨੰਦ, ਅਵਤਾਰਵਾਦ ਦਾ ਸਖ਼ਤ ਵਿਰੋਧ ਕਰਦੇ ਸਨ। ਆਪ ਦੇਵੀ-ਦੇਵਤਿਆਂ ਦੀਆਂ ਚਮਤਕਾਰੀ ਸ਼ਕਤੀਆਂ ਅਤੇ ਇਨ੍ਹਾਂ ਦੀ ਹੋਂਦ ਤੋਂ ਇਨਕਾਰੀ ਸਨ। ਉਹ ਸਿਰਫ਼ ਵੇਦ ਬਾਣੀ ਨੂੰ ਹੀ ਰੱਬੀ ਰਚਨਾ ਮੰਨਦੇ ਸਨ, ਬਾਕੀਆਂ ਨੂੰ ਨਹੀਂ। 'ਸਤਿਆਰਥ ਪ੍ਰਕਾਸ਼' ਪੁਸਤਕ ਵਿੱਚ ਉਨ੍ਹਾਂ ਨੇ ਇੱਕ ਵਿਅੰਗ ਕਰਦਿਆਂ ਲਿਖਿਆ ਹੈ, "ਸਾਡੇ ਘਰ ਵਿੱਚ ਗਣੇਸ਼ ਦੀ ਪੂਜਾ ਹੁੰਦੀ ਸੀ। ਮਾਂ, ਗਣੇਸ਼ ਦੀ ਮੂਰਤੀ ਕੋਲ ਲੱਡੂ ਰੱਖਿਆ ਕਰਦੀ ਸੀ ਭੋਗ ਲਾਉਣ ਵਾਸਤੇ। ਗਣੇਸ਼ ਨੇ ਤਾਂ ਕਦੇ ਲੱਡੂਆਂ ਦਾ ਭੋਗ ਨਾ ਲਾਇਆ ਪਰ ਚੂਹੇ ਲੱਡੂ ਹਰ ਰੋਜ਼ ਖਾ ਰਹੇ ਸਨ। ਮੇਰੇ ਬਾਲ ਮਨ ਨੇ ਸਮਝਿਆ ਕਿ ਗਣੇਸ਼ ਜੀ ਨਾਲੋਂ ਚੂਹਾ ਜ਼ਿਆਦਾ ਤਾਕਤਵਰ ਹੈ, ਇਸੇ ਨੂੰ ਪੂਜਣਾ ਚਾਹੀਦਾ ਹੈ। ਇੱਕ ਦਿਨ ਘਰ ਵਿੱਚ ਬਿੱਲੀ ਆਈ ਤੇ ਉਸ ਨੇ ਚੂਹੇ ਦੀ ਸੰਘੀ ਨੱਪ ਲਈ ਤੇ ਲੈ ਕੇ ਦੌੜ ਗਈ। ਮੈਂ ਸੋਚਿਆ ਬਿੱਲੀ ਤਾਕਤਵਰ ਹੈ, ਇਸੇ ਦੀ ਪੂਜਾ ਕਰਨੀ ਚਾਹੀਦੀ ਹੈ। ਘਰ ਵਿੱਚ ਰਹਿ ਰਹੇ ਪਾਲਤੂ ਕੁੱਤੇ ਨੇ ਇੱਕ ਦਿਨ ਬਿੱਲੀ ਨੂੰ ਦਿਨੇ ਤਾਰੇ ਵਿਖਾ ਦਿਤੇ। ਉਹ ਮੁੜ ਸਾਡੇ ਘਰ ਨਾ ਆਈ। ਮੈਂ ਸੋਚਿਆ ਕੁੱਤਾ ਬਹੁਤ ਬਲਵਾਨ ਹੈ, ਇਸੇ ਦੀ ਪੂਜਾ ਹੋਣੀ ਚਾਹੀਦੀ ਹੈ। ਵਿਚਾਰੇ ਕੁੱਤੇ ਨੇ ਇੱਕ ਦਿਨ ਪ੍ਰਵਾਰ ਵਾਸਤੇ ਪਕਾਈਆਂ ਜਾ ਰਹੀਆਂ ਰੋਟੀਆਂ ਨੂੰ ਮੂੰਹ ਪਾ ਲਿਆ। ਪਿਤਾ ਜੀ ਨੇ ਨੇੜਿਉਂ ਸੋਟਾ ਚੁੱਕ ਕੇ ਕੁੱਤੇ ਨੂੰ ਮਾਰਿਆ। ਉਸ ਵਿਚਾਰੇ ਦੇ ਹੋਸ਼ ਗੁੰਮ ਹੋ ਗਏ। ਮੈਂ ਸੋਚਿਆ ਸਾਰਿਆਂ ਨਾਲੋਂ ਤਕੜੇ ਪਿਤਾ ਜੀ ਹਨ, ਇਨ੍ਹਾਂ ਦੀ ਹੀ ਪੂਜਾ ਕਰਨੀ ਚਾਹੀਦੀ ਹੈ।" ਹਿੰਦੂਆਂ ਦੇ ਕਿਸੇ ਫ਼ਿਰਕੇ ਨੇ ਇਸ ਕਿਤਾਬ 'ਤੇ ਪਾਬੰਦੀ ਲਾਉਣ ਦੀ ਗੱਲ ਨਹੀਂ ਆਖੀ। ਪੰਜਾਬ ਵਿੱਚ ਰਹਿ ਕੇ ਸਵਾਮੀ ਦਇਆ ਨੰਦ ਨੇ ਜੋ ਖਰ੍ਹਵੇ (ਕੌੜੇ ਕੁਸੈਲੇ) ਬਚਨ ਗੁਰੂ ਸਾਹਿਬਾਨ ਵਿਰੁੱਧ ਬੋਲੇ ਅਤੇ ਲਿਖੇ ਸੀ, ਉਨ੍ਹਾਂ ਕਾਰਨ ਹੀ ਗਿ. ਦਿੱਤ ਸਿੰਘ ਵਰਗੇ, ਆਰੀਆ ਸਮਾਜ ਨਾਲੋਂ ਵੱਖ ਹੋਏ ਸਨ। ਹੁਣ ਸ਼ਾਇਦ ਇਸ ਕਿਤਾਬ 'ਤੇ

ਪਾਬੰਦੀ ਲਾਉਣੀ ਪੈ ਜਾਵੇ।

☛ ਭਾਰਤ ਵਿੱਚ ਆਰੀਅਨ ਲੋਕਾਂ ਨੇ ਜਦੋਂ ਆਪਣਾ ਰਾਜ ਪੱਕੇ ਪੈਰੀਂ ਸਥਾਪਤ ਕਰ ਲਿਆ ਤਾਂ ਇੱਥੋਂ ਦੇ ਅਸਲ ਵਸਨੀਕ 'ਸ਼ੂਦਰ ਅਤੇ ਦ੍ਰਾਵੜਾਂ' ਨੂੰ ਸਦਾ ਲਈ ਮਾਨਸਕ ਗ਼ੁਲਾਮੀ ਸਵੀਕਾਰ ਕਰਾਉਣ ਵਾਸਤੇ 'ਧਰਮ ਆਧਾਰਤ ਕਾਨੂੰਨ' ਮੰਨੂੰ ਸਿਮ੍ਰਤੀ ਦੀ ਰਚਨਾ ਕੀਤੀ ਗਈ। ਆਪਣੀ ਰਾਜਸੀ ਸ਼ਕਤੀ ਵਰਤ ਕੇ, ਇਨਸਾਨਾਂ ਵਿੱਚ ਸਦਾ ਵਾਸਤੇ ਤਬਾਹਕੁਨ ਦਰਾੜਾਂ ਪੈਦਾ ਕਰਨ ਲਈ, ਮੰਨੂੰ ਸਿਮ੍ਰਤੀ ਨੂੰ ਹਰ ਥਾਂ ਲਾਗੂ ਕੀਤਾ ਗਿਆ। ਸ਼ੂਦਰਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ ਗਿਆ। ਉਨ੍ਹਾਂ ਤੋਂ, ਬਿਨਾਂ ਮਿਹਨਤਾਨਾ ਦਿੱਤੇ, ਆਪਣੇ ਸਾਰੇ ਕੰਮ ਕਰਵਾਏ ਗਏ। ਉਨ੍ਹਾਂ ਲਈ ਪੜ੍ਹਨ 'ਤੇ ਪਾਬੰਦੀ ਲਾ ਦਿੱਤੀ ਗਈ। ਉਨ੍ਹਾਂ ਨੂੰ ਹਰ ਤਰ੍ਹਾਂ ਦੀ ਜ਼ਮੀਨ ਜਾਇਦਾਦ ਤੋਂ ਵਾਂਝੇ ਕਰ ਦਿੱਤਾ ਗਿਆ। ਪਿੰਡਾਂ ਅਤੇ ਸ਼ਹਿਰਾਂ ਵਿੱਚ ਉਨ੍ਹਾਂ ਦੀਆਂ ਵੱਖਰੀਆਂ ਝੁੱਗੀਆਂ ਉਸਾਰ ਕੇ, ਵੱਖ ਕਰ ਦਿਤਾ। ਗਾਂ, ਸੱਪ, ਸੂਰ ਤੇ ਕੁੱਤੇ ਆਦਿ ਚੰਗੇ ਮੰਨ ਲਏ (ਪੂਜਣ ਯੋਗ) ਪਰ ਮਨੁੱਖਾਂ ਨੂੰ ਤਬਾਹ ਕਰ ਦਿੱਤਾ ਗਿਆ। ਹਜ਼ਾਰਾਂ ਸਾਲ ਬੀਤ ਗਏ, ਮਨੁੱਖਤਾ ਲਈ ਮਾਰੂ ਕਾਨੂੰਨ ਮੰਨੂੰ ਸਿਮ੍ਰਤੀ ਨੇ ਮਨੁੱਖ-ਮਨੁੱਖ ਵਿਚ, ਔਰਤ-ਮਰਦ ਵਿੱਚ, ਉਚ-ਨੀਚ ਵਿੱਚ, ਅਜਿਹੀ ਡੂੰਡਾ ਥੋਰ ਬੀਜ ਦਿਤੀ ਕਿ ਅੱਜ ਤੱਕ ਖ਼ਤਮ ਨਹੀਂ ਹੋ ਸਕੀ। ਮਨੁੱਖਤਾ ਨੂੰ ਵੰਡਣ ਵਾਲੀ ਇਸ ਮੰਨੂੰ ਸਿਮ੍ਰਤੀ ਨੂੰ, ਪਿਛਲੇ 40 ਸਾਲਾਂ ਤੋਂ ਲਗਾਤਾਰ ਪੰਜਾਬ ਸਰਕਾਰ ਦਾ ਇੱਕ ਅਦਾਰਾ, 'ਭਾਸ਼ਾ ਵਿਭਾਗ, ਪੰਜਾਬ' ਛਾਪਦਾ ਅਤੇ ਵੇਚਦਾ ਆ ਰਿਹਾ ਹੈ। ਜਿਸ ਪੁਸਤਕ ਨੇ ਕਈ ਹਜ਼ਾਰ ਸਾਲਾਂ ਤੋਂ, 'ਧਰਮ-ਕਾਨੂੰਨ' ਦੀ ਆੜ ਵਿੱਚ, ਅਣਗਿਣਤ ਲੋਕਾਂ ਦਾ ਘਾਣ ਕੀਤਾ ਹੈ, ਉਸ ਨੂੰ ਸਰਕਾਰੀ ਅਦਾਰੇ ਕਿਉਂ ਛਾਪ ਰਹੇ ਹਨ ? ਤਾਂ ਕਿ ਜਾਤ-ਪਾਤ, ਉਚ-ਨੀਚ ਸਦਾ ਕਾਇਮ ਰਹੇ ? ਭਾਰਤ ਦਾ ਸੰਵਿਧਾਨ ਹਰ ਨਾਗਰਿਕ ਨੂੰ ਬਰਾਬਰ ਦੇ ਮਨੁੱਖ ਸਵੀਕਾਰ ਕਰਦਾ ਹੈ। ਜਾਤ ਕਾਰਨ ਨਫ਼ਰਤ ਕਰਨ ਵਾਲੇ ਨੂੰ ਅਤੇ ਜਾਤੀ ਸੂਚਕ ਸ਼ਬਦ ਵਰਤ ਕੇ ਦੂਜੇ ਦਾ ਅਪਮਾਨ ਕਰਨ ਵਾਲੇ ਨੂੰ, ਕਰੜੀ ਸਜ਼ਾ ਮਿਲ ਸਕਦੀ ਹੈ। ਇੱਕ ਪਾਸੇ ਭਾਰਤੀ ਸੰਵਿਧਾਨ ਪ੍ਰਤੀ ਵਫ਼ਾਦਾਰੀ ਦੀ ਕਸਮ ਚੁੱਕਣੀ, ਦੂਜੇ ਪਾਸੇ ਮਨੁੱਖਤਾ ਵਿੱਚ ਵੰਡੀਆਂ ਪਾਉਣ ਵਾਲੀ ਪੁਸਤਕ ਛਾਪ ਕੇ ਵੰਡਣੀ, ਕਿਵੇਂ ਜਾਇਜ਼ ਠਹਿਰਾਈ ਜਾਵੇਗੀ ? ਕੀ ਮੌਜੂਦਾ ਪੰਥਕ ਸਰਕਾਰ ਮੰਨੂੰ ਸਿਮ੍ਰਤੀ 'ਤੇ ਪਾਬੰਦੀ ਲਾਵੇਗੀ ? ਛਾਪਣ ਅਤੇ ਵਿਕਰੀ ਲਈ ਮੁਆਫ਼ੀ ਮੰਗੇਗੀ ?

☛ ਇੱਕ ਅੰਗਰੇਜ਼ ਵਿਦਵਾਨ ਜੋਹਨ ਡੋਸਨ ਨੇ ਬੜੀ ਲੰਮੀ ਖੋਜ ਤੋਂ ਬਾਅਦ ਸਾਰੇ ਹਿੰਦੂ ਗ੍ਰੰਥਾਂ ਵਿਚਲਾ ਸਾਰ ਕੱਢ ਕੇ, 'ਹਿੰਦੂ ਮਿਥਿਹਾਸ ਕੋਸ਼' ਨਾਮੀ ਪੁਸਤਕ ਲਿਖੀ। ਉਸ ਨੂੰ ਭਾਰਤ ਦੀਆਂ ਸਾਰੀਆਂ ਬੋਲੀਆਂ ਵਿੱਚ ਅਨੁਵਾਦ ਕੀਤਾ ਗਿਆ। ਸਾਰੇ ਸੂਬਿਆਂ ਦੀਆਂ ਸਰਕਾਰਾਂ ਨੇ ਛਾਪ ਕੇ ਉਸ ਪੁਸਤਕ ਨੂੰ ਘਰ-ਘਰ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਪਹਿਲਾਂ ਧਿਆਨ ਕੇਂਦਰਤ ਕਰੋ। ਇਸ ਕਿਤਾਬ ਦਾ ਨਾਮ ਹੈ **'ਹਿੰਦੂ ਮਿਥਿਹਾਸ ਕੋਸ਼'**। ਇਤਿਹਾਸ ਨਹੀਂ ਹੈ, ਸਿਧਾਂਤ ਨਹੀਂ ਹੈ, ਫ਼ਿਲਾਸਫ਼ੀ ਨਹੀਂ ਹੈ, ਵਿਗਿਆਨ ਨਹੀਂ ਹੈ, ਪਰਾਭੌਤਿਕ (ਅਣਹੋਣੀਆਂ) ਕਹਾਣੀਆਂ ਨਾਲ ਲਬਰੇਜ਼ ਹੈ। ਕੋਈ ਆਕਾਸ਼ ਤੋਂ ਸਿੱਧਾ

ਉਤਰ ਆਉਂਦਾ ਹੈ, ਕੋਈ ਦੂਜਾ ਦੇਵਤਾ ਉਪਰ ਵੱਲ ਉਡਾਰੀ ਮਾਰ ਜਾਂਦਾ ਹੈ। ਕੋਈ ਪੈਰਾਂ ਵਿੱਚੋਂ ਜਨਮ ਲੈਂਦਾ ਹੈ, ਕੋਈ ਮੂੰਹ ਵਿੱਚੋਂ। ਕੋਈ ਮੱਥਾ ਫੋੜ ਕੇ ਉੱਗ ਪੈਂਦਾ ਹੈ, ਕੋਈ ਜਨਮ ਲੈਂਦਿਆਂ ਹੀ ਸੂਰਜ ਨੂੰ ਮੂੰਹ ਵਿੱਚ ਪਾ ਕੇ ਨਿਗ਼ਲ ਲੈਂਦਾ ਹੈ। ਸਮੁੰਦਰ ਨੂੰ ਰਿੜਕਿਆ ਜਾਂਦਾ ਹੈ ਤਾਂ ਮੱਖਣ ਦੀ ਥਾਂ ਸਮੁੰਦਰ ਵਿੱਚੋਂ ਅੰਮ੍ਰਿਤ ਅਤੇ ਸ਼ਰਾਬ ਪ੍ਰਾਪਤ ਹੁੰਦੀ ਹੈ। ਸੁੰਦਰ ਔਰਤਾਂ (ਦੇਵੀਆਂ) ਪਾਣੀ ਵਿੱਚੋਂ ਨਿਕਲਦੀਆਂ ਹਨ। ਕੋਈ ਰਿਸ਼ੀ, ਗੰਗਾ ਦਰਿਆ ਨੂੰ ਆਪਣੀਆਂ ਜਟਾਵਾਂ ਵਿੱਚ ਉਲਝਾ ਲੈਂਦਾ ਹੈ। ਕੋਈ ਦੂਜਾ ਰਿਸ਼ੀ ਸਾਰਾ ਸਮੁੰਦਰ ਹੀ ਡਕਾਰ ਜਾਂਦਾ ਹੈ। ਅਜਿਹੀ 'ਮਿੱਥ' (ਕਲਪਨਾ 'ਤੇ ਆਧਾਰਤ) ਰੂਪੀ ਪੁਸਤਕ ਵੀ ਪੰਜਾਬ ਸਰਕਾਰ ਦਾ ਮਹਾਨ ਅਦਾਰਾ 'ਭਾਸ਼ਾ ਵਿਭਾਗ, ਪੰਜਾਬ' ਛਾਪ ਕੇ ਲੋਕਾਂ ਤੱਕ ਪਹੁੰਚਾ ਰਿਹਾ ਹੈ। ਸਾਡੀ 'ਲੋਕ ਹਿਤੂ' ਸਰਕਾਰ, ਅਜਿਹੀਆਂ ਪੁਸਤਕਾਂ ਕਿਉਂ ਛਾਪੇ? ਇਨ੍ਹਾਂ ਉੱਤੇ ਪਾਬੰਦੀ ਕਿਉਂ ਨਾ ਲਾਵੇ ਜੋ ਮਨੁੱਖ ਦੀ ਵਿਗਿਆਨਕ ਸੋਚ ਨੂੰ ਖੁੰਡਾ ਕਰਦੀਆਂ ਹਨ।

☛ ਭਾਈ ਕਾਹਨ ਸਿੰਘ ਨਾਭਾ ਨੇ ਸੰਨ 1899 ਵਿੱਚ ਇੱਕ ਪੁਸਤਕ ਲਿਖੀ ਸੀ, 'ਹਮ ਹਿੰਦੂ ਨਹੀਂ'। ਇਸ ਪੁਸਤਕ ਕਾਰਨ ਲੇਖਕ 'ਤੇ ਮੁਕੱਦਮੇ ਦਰਜ ਹੋਏ। ਭਾਈ ਜੀ ਨੂੰ ਸ਼ਿਮਲੇ ਤੱਕ ਪੇਸ਼ੀਆਂ 'ਤੇ ਜਾਣਾ ਪਿਆ। ਜੇ ਕਿਤੇ ਭਾਈ ਕਾਹਨ ਸਿੰਘ ਨੂੰ ਨਾਭੇ ਵਾਲੇ ਰਾਜੇ ਹੀਰਾ ਸਿੰਘ ਦੀ ਸਹਾਇਤਾ ਪ੍ਰਾਪਤ ਨਾ ਹੁੰਦੀ ਤਾਂ ਜ਼ਰੂਰ ਹੀ ਕਾਹਨ ਸਿੰਘ ਜੇਲ੍ਹ ਵਿੱਚ ਸੜ ਮਰਦਾ। 'ਹਮ ਹਿੰਦੂ ਨਹੀਂ' ਪੁਸਤਕ ਸੌ ਸਾਲ ਤੋਂ ਛਪਦੀ ਆ ਰਹੀ ਹੈ। ਬਹੁਗਿਣਤੀ ਸਿੱਖਾਂ ਦੇ ਘਰਾਂ ਵਿੱਚ ਇਹ ਕਿਤਾਬ ਮੌਜੂਦ ਹੈ। ਸ਼੍ਰੋਮਣੀ ਕਮੇਟੀ ਇਸ ਨੂੰ ਛਾਪ ਕੇ ਸਸਤੇ ਰੇਟ 'ਤੇ ਵੇਚ ਰਹੀ ਹੈ। ਕੀ ਵਿਚਾਰ ਹੈ 'ਪੰਥਕ ਸਰਕਾਰ' ਦਾ? ਪੁਸਤਕ ਨੂੰ ਜ਼ਬਤ ਕਰੇਗੀ ਜਾਂ ਫਿਰ ਸ਼੍ਰੋਮਣੀ ਕਮੇਟੀ 'ਤੇ ਧਾਰਾ 295-ਏ ਦਾ ਕੇਸ ਬਣੇਗਾ? ਉਂਜ ਭਾਈ ਕਾਹਨ ਸਿੰਘ ਨਾਭਾ ਦੀ ਪੁਸਤਕ 'ਮਹਾਨ ਕੋਸ਼' ਸੱਚ-ਮੁੱਚ ਹੀ ਮਹਾਨ ਹੈ। 'ਗੁਰਮਤਿ ਮਾਰਤੰਡ ਭਾਗ-ਦੋ' ਲਾਜਵਾਬ ਹਨ। ਛਾਪਣ ਵਾਲੇ ਭਾਸ਼ਾ ਵਿਭਾਗ, ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਵਾਲੇ ਹਨ। ਇਨ੍ਹਾਂ ਸਾਰੀਆਂ 'ਤੇ ਪਾਬੰਦੀ ਲਾ ਹੀ ਦੇਣੀ ਚਾਹੀਦੀ ਹੈ। ਹੈ ਨਾ?

☛ ਬਹੁਤ ਲੰਮੀ ਉਮਰ ਭੋਗ ਕੇ ਸੰਸਾਰ ਤੋਂ ਵਿਦਾ ਹੋਏ ਸਵਾਮੀ ਰਾਮ ਤੀਰਥ ਦੰਡੀ ਸਨਿਆਸੀ ਨੇ 80 ਸਾਲ ਤੱਕ ਹਿੰਦੂ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ। ਪੁਸਤਕ ਦੀ ਭੂਮਿਕਾ ਵਿੱਚ ਲਿਖੇ ਮੁਤਾਬਕ ਉਨ੍ਹਾਂ ਨੇ ਇੱਕ ਦਰਜਨ ਦੇ ਲਗਪਗ ਸੰਸਕ੍ਰਿਤ ਵਿੱਚ ਕਿਤਾਬਾਂ ਲਿਖੀਆਂ। ਉਮਰ ਦੇ ਆਖ਼ਰੀ ਪੜਾਅ 'ਤੇ ਗੁਰਬਾਣੀ ਪੜ੍ਹੀ ਤੇ ਸਮਝੀ। 'ਤੀਜਾ ਨੇਤਰ' ਖੁੱਲ੍ਹ ਗਿਆ, ਸੋਚਣ ਦਾ ਢੰਗ ਬਦਲ ਗਿਆ। ਦਾੜ੍ਹੀ ਕੇਸ ਰੱਖ ਲਏ। ਦੋ ਪੁਸਤਕਾਂ ਲਿਖੀਆਂ ਜਿਨ੍ਹਾਂ ਵਿੱਚ ਉਹ ਵੇਦਨਾ ਪ੍ਰਗਟ ਕਰਦਾ ਹੋਇਆ ਲਿਖਦਾ ਹੈ, "ਮੈਂ ਬੜਾ ਘੁੰਮਿਆ, ਬਹੁਤ ਬਹਿਸਾਂ ਕੀਤੀਆਂ। ਬਹੁਤ ਧਰਮ ਗ੍ਰੰਥ ਪੜ੍ਹੇ। ਉਮਰ ਦੇ ਆਖ਼ਰੀ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਿਆ, ਸਮਝਿਆ। ਇਸ ਨੇ ਯਕੀਨ ਕਰਵਾ ਦਿੱਤਾ ਕਿ ਜੋ ਕੁੱਝ ਅੱਜ ਤੱਕ ਧਰਮ ਜਾਣ ਕੇ ਕੀਤਾ ਸੀ, ਸਭ ਗ਼ਲਤ ਸੀ। ਮੇਰਾ ਸਾਰਾ ਜਨਮ ਹੀ ਅਜਾਈਂ ਚਲਾ ਗਿਆ। ਵਡੇਰੀ ਉਮਰ ਦਾ ਹੋਣ ਕਰ ਕੇ ਮੈਂ ਕਿਰਪਾਨ ਧਾਰਨ ਤਾਂ ਨਹੀਂ ਕਰ ਸਕਦਾ। ਗੁਰੂ ਬਾਬਾ ਜੀ ਦੇ ਚਰਨਾਂ ਵਿੱਚ ਨਿਮਰਤਾ ਸਹਿਤ ਅਰਦਾਸ ਜ਼ਰੂਰ ਹੈ ਕਿ ਮੇਰਾ ਅਗਲਾ ਜਨਮ

ਕਿਸੇ ਚੰਗੇ ਸਿੱਖ ਦੇ ਘਰ ਹੋਵੇ, ਤਾਕਿ ਮੈਂ ਚੰਗੀ ਤਰ੍ਹਾਂ ਸਿੱਖੀ ਨੂੰ ਸਮਝ ਲਵਾਂ। ਚੰਗਾ ਸਿੱਖ ਬਣ ਕੇ, ਗੁਰੂ ਨਾਨਕ ਜੀ ਦਾ ਨਜ਼ਰੇ ਕਰਮ ਬਣ ਜਾਵਾਂ। ਇਹ ਜਨਮ ਤਾਂ ਮੇਰਾ ਬੇਕਾਰ ਹੀ ਗਿਆ।" ਸਵਾਮੀ ਜੀ ਦੀ ਇਹ ਪੁਸਤਕ ਵੀ ਸੱਭ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੇ ਛਾਪੀ ਸੀ ਜਿਸ ਵਿੱਚ ਸਵਾਮੀ ਜੀ ਨੇ ਰਿਸ਼ੀਆਂ, ਮੁਨੀਆਂ, ਦੇਵੀ-ਦੇਵਤਿਆਂ ਦੇ ਬੈਂਡ ਰੂਮ ਤੱਕ ਦੀ ਸਾਰੀ ਕਿਰਿਆ ਛਾਪ ਦਿੱਤੀ ਸੀ। ਉਸ ਤੋਂ ਮਗਰੋਂ ਦਿੱਲੀ ਕਮੇਟੀ ਸਮੇਤ ਅਨੇਕਾਂ ਜਥੇਬੰਦੀਆਂ ਨੇ ਇਹ ਕਿਤਾਬ ਛਪਵਾ ਕੇ ਵੰਡੀ ਹੈ। ਕੀ 'ਅੰਮ੍ਰਿਤਧਾਰੀ ਸਿੱਖਾਂ' ਦੀ ਸਰਕਾਰ ਇਸ 'ਤੇ ਪਾਬੰਦੀ ਲਾਵੇਗੀ ?

☛ ਸ਼੍ਰੋਮਣੀ ਕਮੇਟੀ ਵੱਲੋਂ ਛਪੀ ਕਿਤਾਬ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਦਾ ਕੂੜ ਕੁਫ਼ਰ ਭਾਈ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਨੇ ਸਰੇਬਾਜ਼ਾਰ ਨੰਗਾ ਕਰ ਕੇ ਰੱਖ ਦਿੱਤਾ। ਇਸ ਗੁਰੂ-ਦੋਖੀ ਕਿਤਾਬ ਵਿੱਚ ਗੁਰੂ ਅਰਜਨ ਸਾਹਿਬ ਅਤੇ ਮਾਤਾ ਗੰਗਾ ਜੀ ਦਾ ਪੁੱਜ ਕੇ ਅਪਮਾਨ ਕੀਤਾ ਗਿਆ ਹੈ। ਉਸ ਲਿਖਤ ਮੁਤਾਬਕ ਛੇਵੇਂ ਸਤਿਗੁਰੂ ਕੌਲਾਂ ਨਾਮ ਦੀ ਲੜਕੀ ਨੂੰ ਰਾਤ ਦੇ ਸਮੇਂ, ਲੜਕੀ ਦੇ ਪ੍ਰਵਾਰ ਤੋਂ ਚੋਰੀ ਛੁਪੇ, ਆਪਣੇ ਘੋੜੇ 'ਤੇ ਪਿੱਛੇ ਬਿਠਾ ਕੇ ਅੰਮ੍ਰਿਤਸਰ ਲੈ ਆਏ। ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ (ਲਿਖੇ ਮੁਤਾਬਕ) ਉਨ੍ਹਾਂ ਦੀਆਂ ਪਹਿਲੀਆਂ ਪਤਨੀਆਂ ਨੇ ਬਹੁਤ ਬੁਰਾ ਮਨਾਇਆ। ਗੁਰੂ ਜੀ ਨੇ ਛੇਤੀ ਹੋਰ ਮਕਾਨ ਲੈ ਕੇ ਉਸ ਵਿੱਚ ਕੌਲਾਂ ਦਾ ਨਿਵਾਸ ਕਰਵਾਇਆ। ਕੌਲਾਂ ਦੀ ਸਦੀਵੀ ਯਾਦਗਾਰ ਵੱਜੋਂ ਸਰੋਵਰ ਕੌਲਸਰ ਬਣਵਾ ਦਿੱਤਾ।" ਕੀ ਅਜੇ ਕੋਈ ਕਸਰ ਬਾਕੀ ਹੈ? ਮਹਾਨ ਪਰਉਪਕਾਰੀ ਸਤਿਗੁਰੂ ਨੂੰ ਵਿਭਚਾਰੀ ਬਣਾ ਕੇ ਰੱਖ ਦਿੱਤਾ। ਸ਼੍ਰੋਮਣੀ ਕਮੇਟੀ ਲੱਖਾਂ ਦੀ ਗਿਣਤੀ ਵਿੱਚ ਛਪਵਾ ਕੇ ਇਸ ਕੁਫ਼ਰ ਕਿਤਾਬ ਨੂੰ ਵੇਚ ਚੁੱਕੀ ਹੈ। ਸਿੱਖੀ ਸਿਧਾਂਤਾਂ ਦੀ ਪਹਿਰੇਦਾਰ 'ਸਰਕਾਰ ਨੂੰ ਇਹ ਕਿਤਾਬ ਕਿਉਂ ਨਜ਼ਰ ਨਹੀਂ ਆਈ? ਉਸ ਨੂੰ ਜ਼ਬਤ ਕਿਉਂ ਨਹੀਂ ਕੀਤਾ ?

☛ ਸ਼੍ਰੋਮਣੀ ਕਮੇਟੀ ਵੱਲੋਂ ਹਿੰਦੀ ਵਿੱਚ ਛਪੀ 'ਸਿੱਖ ਇਤਿਹਾਸ' ਕਿਤਾਬ ਵਿੱਚ ਤਾਂ ਹੱਦ ਹੀ ਮੁਕਾ ਦਿੱਤੀ ਗਈ ਹੈ। ਇਹ ਪੁਸਤਕ ਉਨ੍ਹਾਂ ਲੋਕਾਂ ਵਾਸਤੇ ਛਾਪੀ ਗਈ ਸੀ ਜੋ ਸਿੱਖੀ ਬਾਰੇ ਕੁੱਝ ਨਹੀਂ ਜਾਣਦੇ। ਜਾਣਕਾਰੀ ਦੇਣ ਵਾਸਤੇ ਜੋ ਲਿਖਿਆ ਤੇ ਛਾਪਿਆ.... ਤੋਬਾ-ਤੋਬਾ। ਬਿਆਨ ਕਰਦਿਆਂ ਵੀ ਰੂਹ ਕੰਬ ਜਾਂਦੀ ਹੈ। ਆਉ ਇੱਕ-ਇੱਕ ਨੁਕਤਾ ਵਿਚਾਰੀਏ-

(ੳ) ਸਿੱਖ ਕਹਿੰਦੇ ਹਨ ਕਾਜ਼ੀ ਦੀ ਬੇਟੀ ਅਤੇ ਮੁਸਲਮਾਨ ਕਹਿੰਦੇ ਹਨ ਕਾਜ਼ੀ ਦੀ ਰਖੇਲ ਸੀ ਕੌਲਾਂ। ਛੇਵੇਂ ਗੁਰੂ ਜੀ ਉਸ ਨੂੰ ਉਧਾਲ ਕੇ ਲੈ ਆਏ। (ਪੰਨਾ 103, 104)

(ਅ) ਗੁਰੂ ਹਰਿ ਰਾਏ ਜੀ ਦਾ ਬੇਟਾ ਰਾਮ ਰਾਏ, ਗੁਰੂ ਘਰ ਦੀ ਨੌਕਰਾਣੀ ਦੇ ਪੇਟੋਂ ਜਨਮਿਆ ਸੀ। (ਪੰਨਾ : 110, 111)

(ਏ) ਗੁਰੂ ਤੇਗ਼ ਬਹਾਦਰ ਅਤੇ ਉਨ੍ਹਾਂ ਦੇ ਸੇਵਕ ਸਿੱਖ, ਲੋਕਾਂ ਦੀ ਲੁੱਟਮਾਰ ਕਰ ਕੇ ਗੁਜ਼ਾਰਾ ਕਰਦੇ ਸਨ। (ਪੰਨਾ : 114, 115)

(ਸ) ਗੋਬਿੰਦ ਨੇ ਨੈਨਾ ਨਾਮ ਦੇ ਪਹਾੜ ਦੀ ਉੱਚੀ ਚੋਟੀ 'ਤੇ ਜਾ ਕੇ ਦੇਵੀ ਦੇ ਮੰਦਰ

ਵਿੱਚ ਘੋਰ ਤਪ ਕੀਤਾ। ਮੰਤਰ ਪੜ੍ਹਨ ਲਈ ਬਨਾਰਸ ਤੋਂ ਬ੍ਰਾਹਮਣ ਲਿਆਂਦਾ। ਦੇਵੀ ਪ੍ਰਸੰਨ ਹੋਈ ਪਰ ਗੁਰੂ ਜੀ ਡਰ ਗਏ। ਪੰਡਤ ਨੇ ਬਲੀਦਾਨ ਲਈ ਗੁਰੂ ਦਾ ਜਾਂ ਕਿਸੇ ਪਿਆਰੇ ਦਾ ਸਿਰ ਭੇਂਟ ਕਰਨ ਲਈ ਕਿਹਾ। ਗੁਰੂ ਜੀ ਬਹੁਤ ਦੁਖੀ ਹੋਏ। ਪੁੱਤਰ ਮੋਹ ਵਿੱਚ ਆ ਕੇ ਗੋਬਿੰਦ ਦੀ ਪਤਨੀ ਆਪਣੇ ਪੁੱਤਰਾਂ ਨੂੰ ਨਾਲ ਲੈ ਕੇ ਨੱਸ ਗਈ। ਗੋਬਿੰਦ ਦੀ ਇੱਛਾ ਪੂਰੀ ਨਾ ਹੋਈ। (ਪੰਨਾ : 124, 125)

'ਨੀਤੀ ਨਿਪੁੰਨ, ਸੰਤਾਂ ਮਹਾਂਪੁਰਖਾਂ ਦਾ ਅਪਮਾਨ ਰੋਕਣ ਦੀ ਦਾਅਵੇਦਾਰ' ਸਰਕਾਰ ਜੀ, ਕਦੇ ਪਰਉਪਕਾਰੀ ਗੁਰੂ ਦਾ ਅਪਮਾਨ ਹੋਣੋਂ ਰੋਕੋਗੇ ? ਇਸ ਪੁਸਤਕ ਬਦਲੇ ਕਿਸੇ ਨੂੰ ਨਾਮਜ਼ਦ ਕਰੋਗੇ ? ਇਸ 'ਤੇ ਪਾਬੰਦੀ ਲਾਉਗੇ ?

☛ ਨਾਮਧਾਰੀ (ਕੂਕੇ) ਫਿਰਕੇ ਨੇ ਗੁਰੂ ਗੋਬਿੰਦ ਸਿੰਘ ਤੋਂ ਮਗਰੋਂ ਆਪਣੀ ਗੁਰਗੱਦੀ ਪ੍ਰੰਪਰਾ ਟੋਰ ਲਈ ਹੈ। ਗੁਰੂ ਗ੍ਰੰਥ ਸਾਹਿਬ ਨੂੰ ਉਹ ਗੁਰੂ ਨਹੀਂ ਮੰਨਦੇ, ਵਿਅਕਤੀ ਵਿਸ਼ੇਸ਼ ਨੂੰ ਗੁਰੂ ਮੰਨਦੇ ਹਨ। ਉਨ੍ਹਾਂ ਨੂੰ ਭਾਰਤੀ ਸੰਵਿਧਾਨ ਪੂਰੀ ਆਜ਼ਾਦੀ ਦਿੰਦਾ ਹੈ, ਜਿਵੇਂ ਮਨ ਚਾਹੇ ਉਹ ਕਿਸੇ ਧਰਮ ਨੂੰ ਮੰਨਣ ਪਰ ਕਾਨੂੰਨ ਨੇ ਉਨ੍ਹਾਂ ਨੂੰ ਇਹ ਅਧਿਕਾਰ ਹਰਗਿਜ਼ ਨਹੀਂ ਦਿੱਤਾ ਕਿ ਗੁਰੂ ਗ੍ਰੰਥ ਦਾ ਪ੍ਰਕਾਸ਼ ਭੀ ਕਰਨ ਤੇ ਬੰਦੇ ਨੂੰ ਗੁਰੂ ਭੀ ਮੰਨਣ। ਅਗਨੀ ਦੁਆਲੇ ਫੇਰੇ ਭੀ ਕਰਨ ਤੇ ਗੁਰੂ ਗ੍ਰੰਥ ਦੁਆਲੇ ਲਾਵਾਂ ਭੀ ਲੈਣ। ਜੇ ਤਾਂ ਉਹ ਸਿੱਖ ਹਨ ਤਾਂ ਦੇਹਧਾਰੀ ਗੁਰੂ ਪ੍ਰੰਪਰਾ ਖ਼ਤਮ ਕਰਨੀ ਪਵੇਗੀ। ਜੇ ਦੇਹਧਾਰੀ ਪ੍ਰੰਪਰਾ ਨੂੰ ਮੰਨਣਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਚੁੱਕਣਾ ਪਵੇਗਾ। ਸਿੱਖੀ ਦਾਇਰੇ ਵਿੱਚੋਂ ਬਾਹਰ ਸਮਝੇ ਜਾਣਗੇ। ਉਨ੍ਹਾਂ ਨੇ ਆਪਣਾ ਇਤਿਹਾਸ ਵੱਖਰਾ ਤਿਆਰ ਕਰ ਲਿਆ। ਗੁਰਬਾਣੀ ਦੇ ਅਰਥ ਆਪਣੀ ਇੱਛਾ ਮੁਤਾਬਕ ਢਾਲ ਲਏ। ਰਹਿਤ ਮਰਿਆਦਾ ਉਨ੍ਹਾਂ ਆਪਣੀ ਤਿਆਰ ਕਰ ਲਈ। ਅੰਮ੍ਰਿਤਸਰ ਦਰਬਾਰ ਸਾਹਿਬ ਜਾਂ ਅਕਾਲ ਤਖ਼ਤ ਦੀ ਉਹ ਪ੍ਰਵਾਹ ਨਹੀਂ ਕਰਦੇ। "ਅੰਮ੍ਰਿਤਧਾਰੀ ਪੰਜਾਬ ਸਰਕਾਰ ਜੀ", ਕ੍ਰਿਪਾ ਕਰ ਕੇ ਦੱਸੋਗੇ ਕਿ ਤੁਹਾਡਾ ਉਨ੍ਹਾਂ ਨਾਲ ਕਿਹੋ ਜਿਹਾ ਸੰਬੰਧ ਹੈ ? ਉਥੇ ਹੋ ਰਿਹਾ ਗੁਰੂ ਦਾ ਅਪਮਾਨ ਧਾਰਾ 295-ਏ ਲਾ ਕੇ ਕਦੀ ਰੁਕਵਾਉਣ ਦੀ ਜਹਿਮਤ ਉਠਾਉਗੇ ?

☛ ਬਹੁਜਨ ਸਮਾਜ ਨਾਲ ਹਜ਼ਾਰਾਂ ਸਾਲ ਤੋਂ ਅਣਮਨੁੱਖੀ ਵਿਹਾਰ ਹੁੰਦਾ ਆ ਰਿਹਾ ਹੈ। ਮੰਨੂੰ ਸਿਮ੍ਰਤੀ ਅਤੇ ਹੋਰ ਬ੍ਰਾਹਮਣੀ ਗ੍ਰੰਥਾਂ ਮੁਤਾਬਕ ਇਨ੍ਹਾਂ ਨੂੰ ਵਿੱਦਿਆ ਨਹੀਂ ਲੈਣ ਦੇਣੀ। ਧਨ ਪਦਾਰਥ ਅਤੇ ਜਾਇਦਾਦ ਦੇ ਮਾਲਕ ਨਹੀਂ ਬਣਨ ਦੇਣਾ। ਇਨ੍ਹਾਂ ਨੂੰ ਰਾਜ ਨਹੀਂ ਕਰਨ ਦੇਣਾ। ਜੇਕਰ ਕਿਸੇ ਇਲਾਕੇ 'ਤੇ ਇਨ੍ਹਾਂ ਦਾ ਰਾਜ ਹੋਵੇ ਤਾਂ "ਸਵਰਨ ਜਾਤੀਆਂ" ਨੂੰ ਉਹ ਇਲਾਕੇ ਛੱਡ ਕੇ ਚਲੇ ਜਾਣਾ ਚਾਹੀਦਾ ਹੈ। ਮੌਜੂਦਾ ਲੋਕ ਸਭਾ ਦੀ ਮੁਖੀ (ਸਪੀਕਰ) ਬੀਬੀ ਮੀਰਾ ਕੁਮਾਰ ਅਛੂਤ ਜਾਤੀ ਨਾਲ ਸਬੰਧਤ ਹੈ। ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬੀਬੀ ਮਾਇਆਵਤੀ ਆਦਿ ਨੂੰ ਭਾਰਤ ਦਾ ਸੰਵਿਧਾਨ ਬ੍ਰਾਬਰ ਦਾ ਹੱਕ ਦਿੰਦਾ ਹੈ। ਕਾਨੂੰਨ ਮੁਤਾਬਕ ਉਨ੍ਹਾਂ ਦਾ ਹੁਕਮ ਮੰਨਣਾ ਹੀ ਪਵੇਗਾ। ਦੱਖਣੀ ਅਤੇ ਪੂਰਬੀ ਸੂਬਿਆਂ ਵਾਲੇ ਬਹੁਤੇ ਲੋਕ ਦ੍ਰਾਵੜ (ਬ੍ਰਾਹਮਣੀ ਗ੍ਰੰਥਾਂ ਅਨੁਸਾਰ ਸ਼ੂਦਰ) ਜਾਤੀ ਨਾਲ ਸਬੰਧਤ ਹਨ। ਉਨ੍ਹਾਂ ਸੂਬਿਆਂ ਵਿੱਚੋਂ ਮੈਂਬਰ ਚੁਣੇ ਜਾ ਕੇ ਲੋਕ ਸਭਾ ਵਿੱਚ ਆਉਂਦੇ ਹਨ। ਆਪਣੀਆਂ

ਵਿਧਾਨ ਸਭਾਵਾਂ ਰਾਹੀਂ ਰਾਜ ਕਾਜ ਚਲਾਉਂਦੇ ਹਨ। ਬ੍ਰਾਹਮਣੀ ਸੋਚ ਤੋਂ ਉਹ ਬਹੁਤ ਅਲੱਗ ਹਨ। ਬ੍ਰਾਹਮਣੀ ਗ੍ਰੰਥਾਂ ਵਿੱਚ ਤਾਂ ਇਹ ਭੀ ਲਿਖਿਆ ਹੈ ਕਿ ਕੋਈ ਸਵਰਨ ਕੁਲ ਦਾ ਮਨੁੱਖ ਸਮੁੰਦਰ ਤੋਂ ਪਾਰ ਨਾ ਜਾਵੇ। ਜੇ ਚਲਾ ਗਿਆ ਤਾਂ ਬ੍ਰਾਹਮਣ ਪੁਜਾਰੀਆਂ ਅੱਗੇ ਪੇਸ਼ ਹੋ ਕੇ ਮੁਆਫ਼ੀ ਮੰਗੇ। ਜੋ ਸਜ਼ਾ ਤਜਵੀਜ਼ ਕੀਤੀ ਜਾਵੇ, ਉਸ ਨੂੰ ਪ੍ਰਵਾਨ ਕਰੇ। ਬਦਲਦੇ ਹਾਲਾਤ ਵਿੱਚ ਲੋਕੀਂ ਸਮੁੰਦਰੋਂ ਪਾਰ ਜਾਂਦੇ ਹਨ। ਬੱਚਿਆਂ ਨੂੰ ਰੁਜ਼ਗਾਰ, ਪੜ੍ਹਾਈ ਅਤੇ ਵਿਆਹ ਦੇ ਆਧਾਰ 'ਤੇ ਬਾਹਰ ਭੇਜਦੇ ਹਨ ਪਰ ਹੁਣ ਭਿੱਟ ਲਗਣੋਂ ਬੰਦ ਹੋ ਗਈ ਹੈ। ਇਸੇ ਲਈ ਪੁਜਾਰੀਆਂ ਅੱਗੇ ਪੇਸ਼ ਹੋਣ ਦੀ ਲੋੜ ਨਹੀਂ। ਕੀ ਪੰਜਾਬ ਸਰਕਾਰ ਦੇ ਮੁਖੀਆਂ ਨੇ ਆਪਣੇ ਆਪ ਨੂੰ ਨਵੇਂ ਹਾਲਾਤ ਵਿੱਚ ਅਜੇ ਢਾਲਿਆ ਨਹੀਂ ?

☛ ਆਮ ਲੋਕਾਂ ਨੂੰ ਅੰਧ ਵਿਸ਼ਵਾਸ ਵਿੱਚੋਂ ਕੱਢਣ ਵਾਸਤੇ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਆਪਣੇ ਤਰਕਸ਼ੀਲ ਸਾਹਿਤ ਰਾਹੀਂ ਅਤੇ ਜਾਦੂ ਦੀਆਂ ਖੇਡਾਂ ਵਿਖਾ ਕੇ ਜੋ ਕੰਮ ਕੀਤਾ ਹੈ, ਉਹ ਕਾਬਲੇ ਤਾਰੀਫ਼ ਹੈ। ਜਿੰਨਾ ਕੰਮ ਸਰਕਾਰੀ ਧਿਰਾਂ ਨਹੀਂ ਕਰ ਸਕੀਆਂ, ਉਸ ਤੋਂ ਵੱਧ ਕੰਮ ਤਰਕਸ਼ੀਲਾਂ ਨੇ ਕਰ ਵਿਖਾਇਆ। ਕਰਾਮਾਤੀ ਹੋਣ ਦਾ ਢੋਲ ਪਿੱਟਣ ਵਾਲੇ ਸਾਧਾਂ ਸੰਤਾਂ ਦੀ ਬੋਲਤੀ ਬੰਦ ਕਰ ਦਿੱਤੀ। ਇਨ੍ਹਾਂ ਨੇ ਐਲਾਨ ਕੀਤਾ ਹੋਇਆ ਹੈ ਕਿ ਕੋਈ ਕਰਾਮਾਤੀ ਸਾਧ, ਸਾਰਿਆਂ ਦੇ ਸਾਹਮਣੇ, ਕਰਾਮਾਤ ਵਿਖਾਵੇ, ਲੱਖਾਂ ਰੁਪਏ ਇਨਾਮ ਪ੍ਰਾਪਤ ਕਰੇ। ਹਜ਼ਾਰਾਂ ਵਿਚੋਂ ਕੋਈ ਇੱਕ ਵੀ ਸਾਧ ਕਰਾਮਾਤ ਨਹੀਂ ਵਿਖਾ ਸਕਿਆ। ਠੀਕ ਹੈ ਕੁੱਝ ਸਕਿੰਟਾਂ ਲਈ ਸਾਧਾਂ ਨੂੰ ਅਸੀਮ ਸ਼ਕਤੀਆਂ ਵਾਲੇ ਫ਼ਰਜ਼ ਕਰ ਲੈਂਦੇ ਹਾਂ। ਤਰਕਸ਼ੀਲਾਂ ਦੇ ਸਾਹਮਣੇ ਨਾ ਆਉਣ ਪਰ ਆਪਣੀਆਂ ਕਰਾਮਾਤਾਂ ਦੁਆਰਾ ਭਾਰਤਵਾਸੀ ਲੋਕਾਂ ਦੀ ਕੰਗਾਲੀ ਨੂੰ ਅਮੀਰੀ ਵਿੱਚ ਤਾਂ ਬਦਲ ਦੇਣ। ਬੀਮਾਰੀਆਂ ਖ਼ਤਮ ਕਰ ਕੇ ਤੰਦਰੁਸਤੀ ਪ੍ਰਦਾਨ ਕਰ ਦੇਣ। ਅਨਪੜ੍ਹਤਾ ਨੂੰ ਵਿੱਦਿਆ ਵਿੱਚ ਤਬਦੀਲ ਕਰ ਦੇਣ। ਹੜ੍ਹਾਂ, ਤੂਫ਼ਾਨਾਂ ਵਿੱਚ ਲੋਕਾਂ ਨੂੰ ਡੁਬਣੋਂ ਬਚਾ ਲੈਣ। ਜਾਤ-ਪਾਤ ਦੇ ਕੋਹੜ ਨੂੰ ਖ਼ਤਮ ਕਰ ਦੇਣ। ਔਰਤਾਂ 'ਤੇ ਹੋ ਰਹੇ ਘੋਰ ਜ਼ੁਲਮ ਨੂੰ ਬੰਦ ਕਰਵਾ ਦੇਣ। ਭਾਰਤ ਨੂੰ ਬੇਈਮਾਨੀਆਂ ਵਿੱਚੋਂ ਕੱਢ ਕੇ ਈਮਾਨਦਾਰ ਦੇਸ਼ ਬਣਾ ਦੇਣ। ਸਾਰੇ ਨੌਜੁਆਨ ਰੁਜ਼ਗਾਰ ਲਈ ਵਿਦੇਸ਼ਾਂ ਵਿੱਚ ਔਕੜਾਂ ਝਲਦੇ ਹਨ, ਆਪਣੇ ਦੇਸ਼ ਭਾਰਤ ਨੂੰ ਹੀ ਯੂਰਪ ਵਰਗਾ ਸ਼ਕਤੀਸ਼ਾਲੀ ਸਮਰੱਥ ਦੇਸ਼ ਬਣਾ ਦੇਣ। ਇਸ ਦੇਸ਼ ਦੇ ਪਾਖੰਡੀ ਸਾਧ, ਵਰਦਾਨ ਬਹੁਤ ਦੇਂਦੇ ਹਨ ਪਰ ਰੋਟੀਆਂ ਦੂਜਿਆਂ ਦੇ ਸਿਰੋਂ ਖਾਂਦੇ ਹਨ। ਮੇਰੀ ਪਿਆਰੀ 'ਪੰਥਕ ਸਰਕਾਰ ਜੀ', ਆਪਣੀਆਂ ਕਿਤਾਬਾਂ ਵਿੱਚ ਉਠਾਏ ਅਜਿਹੇ ਬੇਅੰਤ ਮੁੱਦਿਆਂ ਕਾਰਨ ਸਾਰਾ ਤਰਕਸ਼ੀਲ ਸਾਹਿਤ, ਜ਼ਬਤ ਕਰਨਾ ਪਵੇਗਾ। ਇਨ੍ਹਾਂ ਲੇਖਕਾਂ ਨੂੰ ਧਾਰਾ 295-ਏ ਅਧੀਨ ਜੇਲ੍ਹ ਵਿੱਚ ਬੰਦ ਕਰਨਾ ਪਵੇਗਾ। ਯਾਦ ਰੱਖੋ, ਤੂਫ਼ਾਨ ਉੱਠ ਪਵੇਗਾ। ਪੰਜਾਬ ਵਿੱਚ ਵਿਰੋਧ ਕਾਬੂ ਨਹੀਂ ਕਰ ਸਕੋਗੇ।

☛ ਤਤਕਾਲੀ ਮੁੱਖ ਮੰਤਰੀ (ਮਰਹੂਮ) ਸ੍ਰੀ ਬੇਅੰਤ ਸਿੰਘ ਅਤੇ ਕੇ.ਪੀ. ਐਸ. ਗਿੱਲ ਦੇ ਸਾਜ਼ਿਸ਼ੀ ਗਠਜੋੜ ਨੇ ਸਿੱਖ ਨੌਜੁਆਨਾਂ ਦਾ ਜਿਵੇਂ ਘਾਣ ਕੀਤਾ, ਉਹ ਬਿਆਨ ਤੋਂ ਬਾਹਰਾ ਹੈ। ਸ੍ਰੀ ਬੇਅੰਤ ਸਿੰਘ ਦੇ ਅਖ਼ਬਾਰਾਂ ਵਿੱਚ ਛਪੇ ਬਿਆਨ ਅੱਜ ਭੀ ਪੜ੍ਹੇ ਜਾ ਸਕਦੇ

ਹਨ। ਜਿਨ੍ਹਾਂ ਵਿੱਚ ਉਹ ਬੇਧੌੜ ਐਲਾਨ ਕਰਦਾ ਸੀ, "ਮੈਂ ਅਕਾਲੀਆਂ ਨੂੰ ਭੁੰਨ੍ਹ ਕੇ ਰੱਖ ਦਿਆਂਗਾ, ਜਿੱਥੋਂ ਨਿਕਲੇ ਹਨ, ਉਥੇ ਹੀ ਵਾੜ ਦਿਆਂਗਾ।" ਅਕਾਲੀਆਂ ਨੇ ਗੁਰੂ ਬਾਬੇ ਦਾ ਸਹਾਰਾ ਲਿਆ। ਗੁਰੂ ਗ੍ਰੰਥ ਸਾਹਿਬ ਨੂੰ ਪਾਲਕੀ ਵਿੱਚ ਰੱਖ ਕੇ ਨੰਗੇ ਪੈਰੀਂ ਕਾਫ਼ਲੇ ਬਣਾ ਕੇ ਚੱਲ ਪਏ। ਅਕਾਲ ਤਖ਼ਤ ਦਾ ਮੁੱਖ ਸੇਵਾਦਾਰ ਭਾਈ ਮਨਜੀਤ ਸਿੰਘ, ਅਕਾਲੀਆਂ ਦੇ ਕੰਮ ਆਇਆ। ਧਾਰਮਕ ਬਸਤਰ ਧਾਰਨ ਕਰ ਕੇ ਸਤਿਨਾਮ ਦਾ ਜਾਪ ਕਰਦੇ ਗੁਰਬਾਣੀ ਦਾ ਪਾਠ, ਕੀਰਤਨ ਕਰਦਾ ਇਹ ਕਾਫ਼ਲਾ ਅਕਤੂਬਰ 1993 ਨੂੰ ਗੁਰੂ ਦੀ ਵਡਾਲੀ ਅੰਮ੍ਰਿਤਸਰ ਤੋਂ ਚੱਲ ਕੇ ਤੀਸਰੇ ਦਿਨ ਆਨੰਦਪੁਰ ਜਾ ਕੇ ਸਮਾਪਤ ਹੋਇਆ। ਖੌਫ਼ਜ਼ਦਾ ਹੋਏ ਸਿੱਖ ਅਵਾਮ ਵਿੱਚ ਹੌਸਲਾ ਭਰਨ ਵਾਸਤੇ ਫਿਰ ਅਪ੍ਰੈਲ 1994 ਨੂੰ ਗੁਰੂ ਹਰਿ ਗੋਬਿੰਦਪੁਰ ਤੋਂ ਇੱਕ ਹੋਰ "ਖ਼ਾਲਸਾ ਮਾਰਚ" ਤਲਵੰਡੀ ਸਾਬੋ ਤੱਕ ਟੋਰਿਆ ਗਿਆ। ਸ੍ਰੀ ਬੇਅੰਤ ਸਿੰਘ ਦੇ ਖ਼ੂਨੀ ਪੰਜੇ ਵਿੱਚੋਂ ਬਚਣ ਵਾਸਤੇ ਧਰਮ ਨੂੰ ਅੱਗੇ ਕੀਤਾ ਗਿਆ। ਪੰਜ ਪਿਆਰੇ ਸਜਾ ਕੇ ਖੜੇ ਕੀਤੇ ਗਏ। ਗੁਰੂ ਗ੍ਰੰਥ ਸਾਹਿਬ ਜੀ ਨੂੰ ਨਾਲ ਸੁਸ਼ੋਬਤ ਕੀਤਾ ਗਿਆ। ਧਾਰਮਕ ਚੋਲੇ ਪਹਿਨੇ ਗਏ ਤਾਂ ਕਿਤੇ ਵਾਹਿਗੁਰੂ-ਵਾਹਿਗੁਰੂ ਕਰਦਿਆਂ ਤਲਵੰਡੀ ਸਾਬੋ ਜਾ ਕੇ "ਸੁੱਖ ਸਾਂਦੀ" ਸਮਾਪਤੀ ਹੋਈ। ਵਰਨਾ ਕੋਈ ਭੀ ਕਹਿਰ ਵਾਪਰ ਸਕਦਾ ਸੀ। ਕੀ "ਪੰਥਕ ਸਰਕਾਰ" ਦੇ ਮੁਖੀਆਂ ਨੂੰ ਪਤਾ ਨਹੀਂ ਹੈ ਕਿ ਉਨ੍ਹਾਂ ਦਿਨਾਂ ਵਿੱਚ ਸਰਕਾਰ ਵੱਲੋਂ ਥੋਪੇ ਗਏ ਕਠੋਰ ਕਾਨੂੰਨਾਂ ਤੋਂ ਤੁਸੀਂ ਭੀ ਵਿਆਕੁਲ ਸੀ। ਸਾਰਾ ਪੰਜਾਬ ਭੀ ਤੜਪ ਰਿਹਾ ਸੀ। ਉਸ ਸਮੇਂ ਤੁਸੀਂ ਕਾਲੇ ਕਾਨੂੰਨ ਖ਼ਤਮ ਕਰਵਾਉਣਾ ਚਾਹੁੰਦੇ ਸੀ। ਅੱਜ ਖ਼ੁਦ ਉਸੇ ਕੁਰਸੀ 'ਤੇ ਸਜ ਕੇ ਸਿੱਖ ਮਾਰੂ ਕਾਨੂੰਨ ਲਾਗੂ ਕਰਨਾ ਚਾਹੁੰਦੇ ਹੋ। ਤੁਹਾਡੀ ਅੰਤਰੀਵ ਮਨਸਾ ਸ਼ਾਇਦ ਇਹੀ ਹੋਵੇ ਕਿ ਲੋਕ 295-ਏ ਧਾਰਾ ਦਾ ਵਿਰੋਧ ਕਰਨ। ਭੀੜ ਬੇ ਕਾਬੂ ਦਾ ਬਹਾਨਾ ਲਾ ਕੇ ਪੁਲਿਸ ਡਾਂਗ ਵਾਹੇ, ਲੋਕਾਂ ਨੂੰ ਜੇਲ੍ਹਾਂ ਵਿੱਚ ਸੁੱਟੇ। ਗੁੱਸੇ ਵਿੱਚ ਆਏ ਨੌਜੁਆਨ ਬਦਲਾ ਲਊ ਰਾਹ ਪੈ ਜਾਣ। ਪੁਲਿਸ ਉਨ੍ਹਾਂ ਦਾ ਸ਼ਿਕਾਰ ਕਰੇ। ਕਿਤੇ ਦੁਬਾਰਾ ਤੁਸੀਂ ਖਾੜਕੂਵਾਦ ਵਾਲੀ ਅੱਗ ਤਾਂ ਨਹੀਂ ਪੈਦਾ ਕਰਨੀ ਚਾਹੁੰਦੇ ?

☛ ਦੁਨੀਆਂ ਦੇ ਸਾਰੇ ਧਰਮਾਂ ਦੇ ਅਸੂਲ ਵੱਖੋ-ਵੱਖਰੇ ਹਨ। ਉੱਤਰੀ ਭਾਰਤ ਵਿੱਚ ਗਊ ਨੂੰ "ਪਵਿੱਤਰ" ਜੀਵ ਘੋਸ਼ਿਤ ਕੀਤਾ ਹੋਇਆ ਹੈ। ਬਾਕੀ ਸਾਰੇ ਭਾਰਤ ਵਿੱਚ ਗਊ ਦਾ ਮਾਸ ਬੜੇ ਸੁਆਦ ਨਾਲ ਖਾਧਾ ਜਾਂਦਾ ਹੈ। ਅਰਬ ਮੁਲਕਾਂ ਨੂੰ ਬਹੁਤਾ ਗੌ ਮਾਸ ਹਲਾਲ ਕਰ ਕੇ ਡੱਬਾ ਬੰਦ ਤਰੀਕੇ ਨਾਲ ਭੇਜ ਕੇ ਵਿਦੇਸ਼ੀ ਪੈਸਾ ਕਮਾਇਆ ਜਾਂਦਾ ਹੈ ਜਾਂ ਕਈ ਤਰ੍ਹਾਂ ਦੀ ਵਰਤੋਂ ਕਰ ਲਈ ਜਾਂਦੀ ਹੈ। ਇਸਲਾਮ ਵਾਲਿਆਂ ਲਈ ਪੂਜਣਯੋਗ ਹੋਰ ਥਾਵਾਂ ਹਨ। ਜੈਨੀਆਂ, ਬੋਧੀਆਂ ਦੇ ਹੋਰ ਵੱਖਰੇ ਢੰਗ ਤਰੀਕੇ ਹਨ। ਇਸਾਈਆਂ ਦਾ ਵੱਖਰਾ ਰੱਬ ਹੈ, ਸਿੱਖਾਂ ਦਾ ਵੱਖਰਾ। ਹਿੰਦੂਆਂ ਦੀ ਤਾਂ ਬਾਤ ਹੀ ਨਿਰਾਲੀ ਹੈ। ਇੱਥੇ ਅਣਗਿਣਤ ਰੱਬ ਹਨ, ਸਾਰਿਆਂ ਦੇ ਆਪੋ ਆਪਣੇ। ਕਰਮ-ਧਰਮ, ਪੂਜਾ ਵਿਧੀਆਂ, ਧਰਮ ਗ੍ਰੰਥ, ਧਰਮ ਗੁਰੂ ਤੇ ਧਰਮ ਮੰਦਰ ਸਭ ਵੱਖਰੇ ਵੇਖੇ ਜਾ ਸਕਦੇ ਹਨ। ਸਾਰਿਆਂ 'ਤੇ ਕਿਵੇਂ ਪਾਬੰਦੀਆਂ ਲਾਈਆਂ ਜਾ ਸਕਦੀਆਂ ਹਨ। ਸਾਰੇ ਇੱਕ ਦੂਜੇ ਦਾ ਸਤਿਕਾਰ ਕਰਨ। ਦੂਜਿਆਂ ਦੇ ਵਖਰੇਵੇਂ ਨੂੰ ਬਰਦਾਸ਼ਤ ਕਰਨਾ ਸਿੱਖਣ। "ਜੀਉ ਅਤੇ ਜਿਉਣ ਦਿਓ" ਦੇ ਅਸੂਲ ਨੂੰ ਯਾਦ

ਰੱਖਣ। ਕੀ ਪੰਜਾਬ ਸਰਕਾਰ ਚਲਾ ਰਹੀ ਧਿਰ ਨੂੰ ਪਤਾ ਨਹੀਂ ਹੈ ਭਾਰਤ ਦੇਸ਼ ਬਹੁ ਧਰਮੀ, ਬਹੁ ਭਾਸ਼ੀ ਦੇਸ਼ ਹੈ। ਮਨੁੱਖਤਾ ਦਾ ਜਿੰਨਾ ਕੁ ਮੂੰਹ ਮੁਹਾਂਦਰਾ ਸੰਵਾਰਿਆ ਹੈ, ਇਹ ਸਭ ਅੰਧਵਿਸ਼ਵਾਸ ਨੂੰ ਤਿਆਗ ਕੇ, ਗਿਆਨ ਹਾਸਲ ਕਰ ਕੇ ਕੀਤੇ ਕੰਮਾਂ ਕਾਰਨ ਹੋਇਆ ਹੈ। ਸੁਧਾਰ ਹੀ ਮਨੁੱਖ ਦੇ ਹਿਤ ਵਿੱਚ ਹੈ। ਸੁਧਾਰ ਨੂੰ ਰੋਕਣਾ ਮਨੁੱਖਤਾ ਦੇ ਹਿਤ ਵਿੱਚ ਨਹੀਂ ਹੈ।

☛ ਜੇਕਰ ਧਾਰਾ 295-ਏ ਰਾਹੀਂ ਪਾਬੰਦੀਆਂ ਲਾਉਗੇ ਤਾਂ ਸੱਭ ਤੋਂ ਪਹਿਲਾਂ ਗੁਰੂ ਬਾਬਾ ਜੀ ਦੀ ਵਿਚਾਰਧਾਰਾ 'ਤੇ ਪਾਬੰਦੀ ਲਾਉਣੀ ਪਵੇਗੀ। ਗੁਰੂ ਗ੍ਰੰਥ ਸਾਹਿਬ ਮਨੁੱਖ ਨੂੰ **"ਬੇਗਮ ਪੁਰਾ ਸਹਰ ਕੋ ਨਾਉ॥ ਦੂਖ ਅੰਦੋਹੁ ਨਹੀ ਤਿਹਿ ਠਾਉ॥"** (345) ਹਰ ਤਰ੍ਹਾਂ ਦੇ ਡਰ ਭਰਮ ਬੰਧਨ ਕਰਮ ਕਾਂਡ ਆਦਿ ਤੋਂ ਮੁਕਤ ਕਰਦੇ ਹਨ। ਦੁਨੀਆਂ ਵਿੱਚ ਪੁਜਾਰੀ ਤਬਕੇ ਵੱਲੋਂ ਫੈਲਾਏ ਭਰਮ ਜਾਲ ਨੂੰ ਤੋੜ ਕੇ, ਸਿੱਧੇ ਨਿਰੰਕਾਰ ਨਾਲ ਜੋੜਦੇ ਹਨ। ਫਿਰ ਤਾਂ ਭਾਈ ਗੁਰਦਾਸ ਜੀ ਦੀ ਰਚਨਾ 'ਤੇ ਵੀ ਪਾਬੰਦੀ ਲਾਉਣੀ ਪਵੇਗੀ। ਹੋਰ ਤਾਂ ਹੋਰ, ਅਕਾਲ ਤਖ਼ਤ ਵੱਲੋਂ ਪ੍ਰਵਾਨਤ ਸਿੱਖ ਰਹਿਤ ਮਰਿਆਦਾ 'ਤੇ ਵੀ ਪਾਬੰਦੀ ਲਾਉਣੀ ਪਵੇਗੀ। ਸਾਰੇ ਡੇਰਿਆਂ ਅਤੇ ਬ੍ਰਹਮ ਗਿਆਨੀਆਂ ਦੀ ਸੋਚ ਵਿੱਚ ਵੀ ਟਕਰਾਅ ਹੈ। ਸਤਿਕਾਰਯੋਗ ਯਸ਼ੂ ਮਸੀਹ, ਹਜ਼ਰਤ ਮੂਸਾ, ਮੁਹੰਮਦ ਸਾਹਿਬ, ਮਹਾਂਵੀਰ ਜੈਨ, ਮਹਾਤਮਾ ਬੁੱਧ, ਹਿੰਦੂਆਂ ਦੇ ਰਿਸ਼ੀਆਂ-ਮੁਨੀਆਂ ਅਤੇ ਗੁਰੂ ਨਾਨਕ ਸਾਹਿਬ (ਬਾਣੀ ਰਚੇਤਾ ਮਹਾਂਪੁਰਖ) ਦਾ ਰੱਬ ਵੱਖੋ-ਵੱਖਰਾ ਹੈ। ਅਸੂਲ ਅਲੱਗ ਹਨ। ਪੈਰੋਕਾਰਾਂ ਦਾ ਖਾਣਾ ਤੇ ਪਹਿਰਾਵਾ ਵੱਖ ਹੈ। ਪੂਜਾ ਵਿਧੀਆਂ ਵੱਖਰੀਆਂ ਹਨ। ਸਮਾਜਕ ਤੇ ਰਾਜਨੀਤਕ ਜੀਵਨ ਅਲੱਗ ਹੈ। ਕੀ ਇਨ੍ਹਾਂ ਸਾਰਿਆਂ 'ਤੇ ਪਾਬੰਦੀ ਲਾਉਗੇ ? ਪਾਬੰਦੀ ਤੋਂ ਬਚੇਗਾ ਕੌਣ ?

ਰੇ ਮਨ ਡੀਗਿ ਨ ਡੋਲੀਐ, ਸੀਧੈ ਮਾਰਗਿ ਧਾਉ॥
ਪਾਛੈ ਬਾਘੁ ਡਰਾਵਣੋ, ਆਗੈ ਅਗਨਿ ਤਲਾਉ॥ (ਮ. ੧, 1410)

★★★★★★

ਸੰਕਟ ਸਮੇਂ ਦੇ ਫ਼ੈਸਲੇ... ?

ਸਮਾਜ ਵਿੱਚ ਰਹਿ ਕੇ ਜ਼ਿੰਦਗੀ ਬਤੀਤ ਕਰਦਿਆਂ ਜਿਥੇ ਖ਼ੁਸ਼ਗਵਾਰ ਘੜੀਆਂ ਆਉਂਦੀਆਂ ਹਨ, ਉਥੇ ਕਈ ਵਾਰੀ ਅਤਿਅੰਤ ਮੁਸ਼ਕਲਾਂ ਦਾ ਸਾਹਮਣਾ ਭੀ ਕਰਨਾ ਪੈਂਦਾ ਹੈ। ਦੁਨੀਆਂ ਦਾ ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ, ਜਦੋਂ ਕਿਸੇ ਕੌਮ ਦੇ ਮੁਖੀ ਨੇ ਸਮੇਂ ਸਿਰ ਸਹੀ ਫ਼ੈਸਲਾ ਲੈ ਕੇ ਆਪਣੇ ਲੋਕਾਂ ਨੂੰ ਤਬਾਹ ਹੋਣੋ ਬਚਾ ਲਿਆ। ਦੂਜੇ ਬੰਨੇ ਅਜਿਹੇ ਵਾਕਿਆਤਾਂ ਦਾ ਕੋਈ ਘਾਟਾ ਨਹੀਂ, ਜਦੋਂ ਕਿਸੇ ਕੌਮ ਦੇ ਮੁਖੀ ਠੀਕ ਨਿਰਣਾ ਕਰਨ ਵੱਲੋਂ ਖੁੰਝ ਗਏ ਜਾਂ ਤਾਂ ਦੁਬਿਧਾ ਵਿੱਚ ਪੈ ਗਏ ਜਾਂ ਨਿਰਣਾ ਕਰ ਲੈਣ ਦੀ ਦਲੇਰੀ ਹੀ ਨਾ ਕਰ ਸਕੇ। ਕਈ ਵਾਰੀ ਡਰ, ਲਾਲਚ ਤੇ ਮੂਰਖਤਾ ਕਾਰਨ ਗ਼ਲਤ ਫ਼ੈਸਲੇ ਹੁੰਦੇ ਰਹੇ ਹਨ। ਜਿੱਤ ਅਤੇ ਹਾਰ ਨਾਲੋਂ ਨਾਲ ਖਲੋਤੀਆਂ ਹੁੰਦੀਆਂ ਹਨ। ਦੋਵਾਂ ਦੇ ਕਦਮ ਲੜਖੜਾ ਰਹੇ ਹੁੰਦੇ ਹਨ। ਦੋਵੇਂ ਥੱਕੀਆਂ ਹਾਰੀਆਂ ਹੁੰਦੀਆਂ ਹਨ। ਦੋਵਾਂ ਦੀ ਹਿੰਮਤ ਜੁਆਬ ਦੇ ਚੁੱਕੀ ਹੁੰਦੀ ਹੈ। ਆਪਣੇ ਬਚੇ ਹੋਏ ਸਾਰੇ ਬਾਹੂਬਲ ਨੂੰ ਇਕੱਠਾ ਕਰ ਕੇ ਜੋ ਧਿਰ ਇੱਕ ਹੰਭਲਾ ਹੋਰ ਮਾਰਨ ਦੀ ਹਿੰਮਤ ਕਰ ਲਵੇਗੀ। ਘੱਟ ਸਾਧਨ ਅਤੇ ਘੱਟ ਤਾਕਤ ਹੋਣ 'ਤੇ ਭੀ, ਜੋ ਧਿਰ ਠਰ੍ਹੰਮੇ ਅਤੇ ਸਿਆਣਪ ਦਾ ਪੱਲਾ ਨਹੀਂ ਛੱਡੇਗੀ, ਉਹ ਜਿੱਤ ਦਾ ਤਾਜ ਆਪਣੇ ਸਿਰ 'ਤੇ ਪਹਿਨ ਲਵੇਗੀ। ਬਹੁਤ ਵਾਰੀ ਅਜਿਹੇ ਦੁੱਖਦਾਈ ਕਾਂਡ ਵਾਪਰੇ ਹਨ ਕਿ ਜੰਗ ਦੇ ਮੈਦਾਨ ਵਿੱਚ ਜਿੱਤੀਆਂ ਫ਼ੌਜਾਂ, "ਅਮਨ ਦੇ ਅਖਾੜੇ" ਵਿੱਚ ਹਾਰ ਜਾਂਦੀਆਂ ਹਨ। ਸਿੱਖ ਕੌਮ ਨਾਲ ਇਹੀ ਭਾਣਾ ਕਈ ਵਾਰੀ ਵਾਪਰਿਆ ਹੈ।

ਗੁਰੂ ਸਾਹਿਬਾਨ ਆਪਣੇ ਸਮੇਂ ਤੋਂ ਸਦੀਆਂ ਅੱਗੇ ਦੀ ਸੋਚ ਰੱਖਦੇ ਸਨ। ਆਪਣੇ ਜੀਵਨ ਕਾਲ ਵਿੱਚ ਉਨ੍ਹਾਂ ਜੋ ਜੋ ਨਿਰਣੇ ਲਏ, ਉਸ ਸਿਆਣਪ ਅਤੇ ਸੂਰਮਗਤੀ ਅੱਗੇ ਬਾਰ ਬਾਰ ਸਿਰ ਝੁਕਦਾ ਹੈ। ਉਨ੍ਹਾਂ ਨੇ ਜੋ ਫ਼ੈਸਲਾ ਕੀਤਾ ਮਨੁੱਖਤਾ ਦਾ ਹਿਤੂ ਸੀ। ਦੋਸਤ ਦੁਸ਼ਮਣ, ਆਪਣੇ ਬੇਗਾਨੇ ਦੀ ਭਾਵਨਾ ਤੋਂ ਮੁਕਤ ਸੀ। ਹਾਲਾਂਕਿ ਗੁਰੂ ਸਾਹਿਬ ਅਤਿਅੰਤ ਉੱਚ ਬੁੱਧੀ ਦੇ ਮਾਲਕ ਸਨ ਪਰ ਫਿਰ ਭੀ ਕੋਈ ਫ਼ੈਸਲਾ ਲੈਣ ਤੋਂ ਪਹਿਲਾਂ, ਸਿੱਖ ਮੁਖੀਆਂ ਨਾਲ ਸਲਾਹ ਕਰ ਕੇ ਉਨ੍ਹਾਂ ਨੂੰ ਵਿਸ਼ਵਾਸ ਵਿੱਚ ਲੈਣ ਦੀ ਪੂਰੀ ਕੋਸ਼ਿਸ਼ ਕਰਦੇ ਸਨ। ਜੇ ਕਿਸੇ ਨੂੰ ਕੋਈ ਕਿੰਤੂ ਪ੍ਰੰਤੂ ਹੋਵੇ ਤਾਂ ਪਹਿਲਾਂ ਹੀ ਰਾਹ ਕੱਢ ਲਿਆ ਜਾਵੇ। ਗੁਰੂ ਸਾਹਿਬ ਸਿੱਖਾਂ ਨੂੰ ਉਨ੍ਹਾਂ ਸਾਰੀਆਂ ਪੇਚੀਦਗੀਆਂ (ਜੁਗਤੀਆਂ) ਤੋਂ ਲਗਾਤਾਰ ਜਾਣੂੰ ਕਰਵਾ ਰਹੇ ਸਨ, ਜਿਨ੍ਹਾਂ ਨਾਲ ਨਿਤ ਦਿਨ "ਦੋ ਹੱਥ" ਕਰਨੇ ਪੈਂਦੇ ਹਨ। ਬਾਬਾ ਬੰਦਾ ਸਿੰਘ ਦਾ ਅੱਠ ਕੁ ਸਾਲ ਦਾ ਸਮਾਂ ਸਿੱਖ ਰਾਜ ਦਾ "ਸਿਧਾਂਤਕ ਸੁਨਹਿਰੀ ਜੁੱਗ" ਆਖਿਆ ਜਾ ਸਕਦਾ ਹੈ। ਜਦੋਂ "ਲੋਕਾਂ ਨੇ ਲੋਕਾਂ ਦਾ ਲੋਕਾਂ ਲਈ" ਰਾਜ ਸਥਾਪਤ ਕੀਤਾ।

ਮਹਾਨ ਯੋਧਾ ਬਾਬਾ ਬੰਦਾ ਸਿੰਘ ਪਰਉਪਕਾਰ ਅਤੇ ਸੂਰਮਗਤੀ ਦੇ ਨਵੇਂ ਕੀਰਤੀਮਾਨ ਸਥਾਪਤ ਕਰ ਕੇ (ਸਾਥੀ ਸਿੱਖਾਂ ਸਮੇਤ) ਸ਼ਹੀਦੀ ਪਾ ਗਿਆ। ਮਿਸਲਾਂ ਦੇ ਸਮੇਂ "ਸਰਬੱਤ ਖ਼ਾਲਸਾ" ਮਿਲ ਬੈਠ ਕੇ ਗੰਭੀਰ ਪੰਥਕ ਫ਼ੈਸਲੇ ਲੈਂਦਾ ਰਿਹਾ ਹੈ। ਸਮੇਂ ਦੇ ਫੇਰ ਨਾਲ

ਜਦੋਂ ਸਿੱਖ ਮੁਖੀਆਂ ਵਿੱਚ ਸਹੀ ਫ਼ੈਸਲਾ ਕਰ ਸਕਣ ਦੀ ਯੋਗਤਾ ਨਹੀਂ ਸੀ, ਉਸ ਵਕਤ ਤਾਕਤ ਦੇ ਬਲਬੂਤੇ ਫ਼ੈਸਲੇ ਠੋਸਣ ਦੀ ਬਿਰਤੀ ਭਾਰੂ ਹੋ ਗਈ ਸੀ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ "ਤਕੜੇ ਦਾ ਸੱਤੀ ਵੀਹੀਂ ਸੌ" ਵਾਲੀ ਸੋਚ ਸਦਾ ਪ੍ਰਭਾਵੀ ਰਹੀ ਹੈ।

ਬਾਬਾ ਬੰਦਾ ਸਿੰਘ ਨਾਲ ਵਫ਼ਾਦਾਰੀ ਨਿਭਾਉਣ ਵਾਲੇ ਬਚੇ ਹੋਏ ਸਿੰਘਾਂ ਨੂੰ ਮਾਝੇ ਦੇ ਸਿੱਖਾਂ ਨੇ ਬੇਇੱਜ਼ਤ ਕਰਨਾ ਆਪਣਾ ਸ਼ੁਗਲ ਬਣਾ ਲਿਆ। ਇੱਕ ਭਰਵੇਂ ਇਕੱਠ ਵਿੱਚ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਹੀ ਦੋਵੇਂ ਜੱਥਿਆਂ ਨੇ ਹਥਿਆਰ ਸੂਤ ਲਏ। ਕਹਿੰਦੇ ਨੇ ਭਾਈ ਮਨੀ ਸਿੰਘ ਨੇ ਦੋਵਾ ਧਿਰਾਂ ਨੂੰ ਸ਼ਾਂਤ ਕਰਨ ਲਈ ਅਜੀਬ ਤਰਕੀਬ ਵਰਤੀ। ਪਹਿਲਾਂ ਦੋ ਪਰਚੀਆਂ ਲੈ ਕੇ ਇੱਕ ਉੱਤੇ ਲਿਖਿਆ, "ਤੱਤ ਖ਼ਾਲਸਾ" ਅਤੇ ਦੂਜੀ 'ਤੇ ਲਿਖ ਦਿੱਤਾ, "ਬੰਦਈ ਖ਼ਾਲਸਾ"। ਦੋਵੇਂ ਪਰਚੀਆਂ ਦਰਬਾਰ ਸਾਹਿਬ ਵਾਲੇ ਸਰਵੋਵਰ ਵਿੱਚ ਡੋਬ ਦਿੱਤੀਆਂ। ਅਖੇ ਜੋ ਪਰਚੀ ਪਹਿਲਾਂ ਤਰਨ ਲੱਗ ਪਵੇਗੀ, ਉਸੇ ਨੂੰ ਮਾਨਤਾ ਦਿੱਤੀ ਜਾਵੇਗੀ। ਕਹਾਣੀ ਮੁਤਾਬਕ "ਤੱਤ ਖ਼ਾਲਸਾ" ਵਾਲੀ ਪਰਚੀ ਪਹਿਲਾਂ ਤਰਦੀ ਦਿੱਸ ਪਈ। ਗੱਲ ਇਥੇ ਹੀ ਨਾ ਮੁੱਕੀ। ਦੋਵਾਂ ਧਿਰਾਂ ਦਾ ਇੱਕ ਇੱਕ ਪਹਿਲਵਾਨ ਮੈਦਾਨ ਵਿੱਚ ਉਤਾਰਿਆ ਗਿਆ। ਕੁਸ਼ਤੀ ਕਰਵਾਈ ਗਈ। ਇਥੇ ਫਿਰ ਜੋਤੂ ਧਿਰ ਨੂੰ ਅਸਲੀ ਤੇ ਹਾਰੇ ਹੋਏ ਪਹਿਲਵਾਨ ਵਾਲੀ ਧਿਰ ਨੂੰ ਨਕਲੀ ਸਿੱਖ ਮੰਨਿਆ ਗਿਆ। ਬਣਾਈ ਸਕੀਮ ਮੁਤਾਬਕ ਬਾਬਾ ਬੰਦਾ ਸਿੰਘ ਦੇ ਵਫ਼ਾਦਾਰ ਸਾਥੀ ਸਿੰਘਾਂ ਨੂੰ "ਹਰਾ" ਦਿੱਤਾ ਗਿਆ। ਇਸ ਤਰ੍ਹਾਂ ਜਾਨਾਂ ਹੂਲ ਕੇ ਲੜਨ ਮਰਨ ਵਾਲਿਆਂ ਦੇ ਵਾਰਸਾਂ ਨੂੰ "ਬੰਦਈ ਸਿੱਖ" ਆਖ ਕੇ ਫਿਟਕਾਰ ਦਿੱਤਾ। ਬੰਦਾ ਸਿੰਘ ਨੂੰ ਧੋਖਾ ਦੇ ਕੇ ਨੱਸ ਜਾਣ ਵਾਲਿਆਂ ਨੂੰ "ਤੱਤ ਖ਼ਾਲਸਾ" ਹੋਣ ਦਾ ਫ਼ੁਰਮਾਨ ਸੁਣਾ ਦਿੱਤਾ ਗਿਆ। ਬਿਨਾਂ ਖ਼ੋਜ ਕੀਤੇ "ਇਤਿਹਾਸਕਾਰਾਂ" ਨੇ ਸਿੱਖੀ ਖ਼ਾਤਰ ਮਰ ਮਿਟਣ ਵਾਲਿਆਂ ਦੀ ਕੁਰਬਾਨੀ ਘੱਟੇ 'ਚ ਰੋਲ ਦਿੱਤੀ।

ਸੰਨ 1863 ਵਿੱਚ ਪ੍ਰਤਾਪ ਮੱਲ ਨਾਮ ਦੇ ਇੱਕ ਵਿਅਕਤੀ ਨੇ ਲਾਹੌਰ ਵਿੱਚ ਛਾਪਾਖਾਨਾ ਲਾ ਲਿਆ। ਬਹੁਤ ਸਾਰੇ ਸਿੱਖਾਂ ਨੇ ਉਸ ਨੂੰ ਪ੍ਰੇਰਨਾ ਕੀਤੀ ਕਿ ਗੁਰਬਾਣੀ ਦੇ ਗੁਟਕੇ, ਪੋਥੀਆਂ ਅਤੇ ਬੀੜਾਂ ਛਾਪਣ ਦਾ ਕੰਮ ਜ਼ਰੂਰ ਸ਼ੁਰੂ ਕਰੋ। ਆਮ ਵਿਅਕਤੀ ਤੱਕ ਗੁਰਬਾਣੀ ਪੁੱਜਦੀ ਕਰਨ ਲਈ ਛਾਪੇਖਾਨੇ ਰਾਹੀਂ ਤੁਸੀਂ ਚੰਗੀ ਸੇਵਾ ਕਰ ਸਕਦੇ ਹੋ। ਨਾਲ ਹੀ ਤੁਹਾਨੂੰ ਚੰਗੀ ਚੌਖੀ ਆਮਦਨੀ ਹੋਣ ਲੱਗ ਪਵੇਗੀ। ਭਾਈ ਪ੍ਰਤਾਪ ਮੱਲ ਅੰਮ੍ਰਿਤਸਰ ਦੇ ਪੁਜਾਰੀਆਂ ਨੂੰ ਮਿਲਿਆ। ਗੁਰੂ ਗ੍ਰੰਥ ਸਾਹਿਬ ਦੇ ਸਰੂਪ ਛਾਪਣ ਦੀ ਇਜਾਜ਼ਤ ਮੰਗੀ। ਨਾਲ ਇਹ ਬੇਨਤੀ ਕੀਤੀ ਕਿ ਸਿੱਖ ਪੰਥ ਵਿੱਚ ਇਸ ਸਮੇਂ ਤਿੰਨ ਕਿਸਮ ਦੀਆਂ ਬੀੜਾਂ ਦੇ ਹੱਥ ਲਿਖਤ ਉਤਾਰੇ ਮਿਲਦੇ ਹਨ। ਇੱਕ ਕਰਤਾਰਪੁਰੀ ਬੀੜ, ਦੂਜੀ ਭਾਈ ਬੰਨੋ ਵਾਲੀ ਬੀੜ, ਤੀਜੀ ਦਮਦਮੀ ਬੀੜ। ਤਿੰਨਾਂ ਬੀੜਾਂ ਵਿੱਚ ਅਨੇਕ ਵਾਧੇ ਘਾਟੇ ਹਨ, ਇਕ ਸਾਰਤਾ ਨਹੀਂ ਹੈ। ਦਰਬਾਰ ਸਾਹਿਬ ਦੇ ਪ੍ਰਬੰਧਕ ਪੁਜਾਰੀ ਆਦਿ ਵਿਚਾਰ ਕਰ ਕੇ ਮੈਨੂੰ ਦੱਸੋ ਕਿ ਮੈਂ ਕਿਸ ਬੀੜ ਨੂੰ ਛਾਪ ਕੇ ਸੰਗਤਾਂ ਤੱਕ ਪੁਚਾਵਾਂ ?

ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਤਿੰਨ ਕੁ ਮਹੀਨਿਆਂ ਤੱਕ ਲਗਾਤਾਰ "ਖੋਜ"

ਕੀਤੀ, ਮੀਟਿੰਗਾਂ ਕੀਤੀਆਂ। ਗੁਰੂ ਚਰਨਾਂ ਵਿੱਚ ਬੈਠੇ, ਗੁਰੂ ਕਿਰਪਾ ਨਾਲ ਪੇਟ ਪੂਰਤੀ ਕਰਨ ਵਾਲੇ, ਗੁਰੂ ਕੀ ਬਾਣੀ ਨਿੱਤ ਪੜ੍ਹਨ ਵਾਲੇ ਕਿਸੇ ਨਤੀਜੇ 'ਤੇ ਨਾ ਪਹੁੰਚ ਸਕੇ। "ਦੀਰਘ ਸੋਚ" ਤੋਂ ਮਗਰੋਂ ਇਹ ਨਿਰਣਾ ਕਰਨ ਦਾ ਅਧਿਕਾਰ "ਸ੍ਰੋਵਰ ਸਾਹਿਬ" ਦੇ ਹਵਾਲੇ ਕਰ ਦਿੰਤਾ। ਤਿੰਨ ਕਾਗਜ਼ ਦੇ ਟੁਕੜੇ (ਪਰਚੀਆਂ) ਲੈ ਕੇ ਕਰਮਵਾਰ ਉੱਤੇ ਲਿਖ ਦਿੱਤਾ, "ਕਰਤਾਰਪੁਰੀ ਬੀੜ, ਭਾਈ ਬੰਨੋ ਵਾਲੀ ਬੀੜ, ਦਮਦਮੀ ਬੀੜ"। ਤਿੰਨੇ ਪਰਚੀਆਂ ਅਰਦਾਸ ਕਰ ਕੇ ਸਰੋਵਰ ਵਿੱਚ ਡੋਬ ਦਿੱਤੀਆਂ। ਕੁੱਝ ਸਮੇਂ ਦੀ ਉਡੀਕ ਤੋਂ ਬਾਅਦ "ਦਮਦਮੀ ਬੀੜ" ਲਿਖਤ ਪਰਚੀ, ਪਾਣੀ 'ਤੇ ਪਹਿਲਾਂ ਤਰਦੀ ਨਜ਼ਰੀਂ ਪਈ। ਪੁਜਾਰੀਆਂ ਨੇ "ਸਰੋਵਰ ਵੱਲੋਂ ਕੀਤਾ ਫ਼ੈਸਲਾ" ਸਹੀ ਮੰਨ ਕੇ, ਪ੍ਰਤਾਪ ਮੱਲ ਨੂੰ ਦਮਦਮੀ ਬੀੜ ਤੋਂ ਨਕਲ ਕਰ ਕੇ, ਬੀੜਾਂ ਛਾਪਣ ਦੀ ਇਜਾਜ਼ਤ ਦੇ ਦਿੱਤੀ।

ਉਨ੍ਹਾਂ ਸਮਿਆਂ ਵਿੱਚ ਅੱਜ ਵਰਗੇ ਸਾਧਨ ਨਹੀਂ ਸਨ, ਵਿੱਦਿਆ ਤੇ ਸੰਚਾਰ ਸਹੂਲਤਾਂ ਨਾਂਹ ਦੇ ਬਰਾਬਰ ਹੀ ਸਨ। ਉਨ੍ਹਾਂ ਪੁਜਾਰੀਆਂ ਵੱਲੋਂ ਕੀਤੇ ਗਏ "ਪਰਚੀ ਫ਼ੈਸਲੇ" ਬੀਤੇ ਸਮੇਂ ਦੀਆਂ ਗੱਲਾਂ ਹਨ। ਕੀ ਅੱਜ ਦਾ ਦੂਲਾ ਸਿੱਖ ਪੰਥ, ਉਸ ਸੋਚ ਵਿੱਚੋਂ ਨਿਕਲ ਸਕਿਆ ਹੈ? ਕੁੱਝ ਚੋਣਵੇਂ ਸਿੱਖਾਂ ਨੇ ਵਿਅਕਤੀਗਤ ਤੌਰ 'ਤੇ ਭਾਵੇਂ ਬਹੁਤ ਗਿਆਨ ਹਾਸਲ ਕਰ ਲਿਆ ਹੈ। ਅਫ਼ਸੋਸ ਕਿ ਸਿੱਖਾਂ ਦੀ "ਸਾਂਝੀ ਸੋਚ" (ਬਹੁਗਿਣਤੀ) ਵਿੱਚ ਕੋਈ ਖ਼ਾਸ ਤਬਦੀਲੀ ਨਹੀਂ ਆਈ। ਆਖਣ ਨੂੰ ਭਾਵੇਂ ਕੰਪਿਊਟਰੀ ਜੁੱਗ ਦਾ ਜ਼ਮਾਨਾ ਆਖੀ ਜਾਈਏ, ਭਾਵੇਂ ਇੱਕੀਵੀਂ ਸਦੀ ਦਾ ਹੋਕਾ ਦਿੰਦੇ ਰਹੀਏ। ਆਮ ਸਿੱਖ ਦੀ ਹਾਲਤ "ਜੱਗ ਕੀ ਭੇਡਾ ਚਾਲ, ਚਲਤੇ ਕੇ ਪੀਛੇ ਚਲੈ" ਵਾਲੀ ਹੀ ਬਣੀ ਹੋਈ ਹੈ। ਗੁਰੂ ਦੇ ਸਾਜੇ ਸਿੰਘਾਂ, ਸ਼ੇਰਾਂ ਦੀ ਕੌਮ ਜਾਂ ਭੇਡਾਂ ਦਾ ਇੱਜੜ?

ਸੰਤਾਲੀ ਦੀ ਦੇਸ਼ ਵੰਡ (ਅਖੌਤੀ ਆਜ਼ਾਦੀ) ਵਕਤ ਸਿੱਖਾਂ ਦੇ ਮੁਖੀ ਗੁਰਦਵਾਰਿਆਂ ਦੀ ਆਜ਼ਾਦੀ ਅਤੇ ਗੋਲਕ 'ਤੇ ਕਬਜ਼ਾ ਜਮਾਉਣ ਤੱਕ ਸੀਮਤ ਹੋ ਕੇ ਰਹਿ ਗਏ। ਮੁਸਲਮਾਨਾਂ ਨੇ ਪਾਕਿਸਤਾਨ ਲੈ ਲਿਆ, ਹਿੰਦੂਆਂ ਨੇ ਹਿੰਦੁਸਤਾਨ ਬਣਾ ਲਿਆ ਤੇ ਸਿੱਖਾਂ ਨੇ...? ਸਭ ਤੋਂ ਭਿਆਨਕ ਕਿਸਮ ਦੀ ਗ਼ੁਲਾਮੀ ਗਲ ਪੁਆ ਲਈ। ਆਜ਼ਾਦੀ ਤੋਂ ਬਾਅਦ ਅਸਿੱਧੇ ਢੰਗ ਨਾਲ ਇਥੇ ਅੰਗਰੇਜ਼ਾਂ ਦਾ ਹੀ ਰਾਜ ਹੈ। ਭਾਰਤੀ ਰਾਜਨੇਤਾ ਗੋਰਿਆਂ ਦੇ "ਗ਼ੁਲਾਮ" ਹਨ। ਅੱਗੋ ਸਾਰੇ ਦੇਸ਼ ਵਾਸੀ ਬ੍ਰਾਹਮਣਾਂ ਦੇ ਗ਼ੁਲਾਮ ਹਨ। ਹਰ ਚੰਗੇ ਅਹੁਦੇ 'ਤੇ (ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਸਮੇਤ) ਬ੍ਰਾਹਮਣ ਬਿਰਾਜਮਾਨ ਹਨ। ਸਾਰੇ ਮੰਦਰਾਂ ਦੇ ਪੁਜਾਰੀ ਬ੍ਰਾਹਮਣ ਹਨ। ਦੇਸ਼ ਦੀ ਜੰਤਾ ਦਾ ਖ਼ਰਬਾ ਰੁਪਿਆ ਚੜ੍ਹਾਵੇ ਦੇ ਰੂਪ ਵਿੱਚ, ਬ੍ਰਾਹਮਣਾਂ ਦੀਆਂ ਗੋਗੜਾਂ ਵਧਾ ਰਿਹਾ ਹੈ। ਸਿੱਖਾਂ ਦੇ ਮੁਖੀਆਂ ਨੇ ਭਾਰਤੀ ਹਾਕਮਾਂ 'ਤੇ ਬ੍ਰਾਹਮਣਾਂ ਦੀ ਗ਼ੁਲਾਮੀ ਨੂੰ ਸਵੀਕਾਰ ਕਰ ਲਿਆ ਹੈ। ਜਿਵੇਂ ਭਾਰਤ ਵਿੱਚ ਦਸ ਕਰੋੜ ਬ੍ਰਾਹਮਣ ਬਾਣੀਆਂ ਨੱਬੇ ਕਰੋੜ ਲੋਕਾਂ 'ਤੇ ਰਾਜ ਕਰ ਰਿਹਾ ਹੈ। ਇਸੇ ਤਰਜ 'ਤੇ ਮੁੱਠੀ ਭਰ ਸਿੱਖ ਆਗੂ ਖ਼ੁਦ ਪਿੰਜਰੇ ਵਿੱਚ ਪੈ ਚੁੱਕੇ ਹਨ ਤੇ ਪੂਰੀ ਕੌਮ ਨੂੰ ਭੇਡਾਂ ਬਣਾ ਚੁੱਕੇ ਹਨ।

ਸਿੱਖਾਂ ਦੇ "ਚੁਣੇ ਹੋਏ" ਮੁਖੀ ਆਪਣੀ ਜ਼ਮੀਰ ਨੂੰ ਮਾਰ ਕੇ ਜਿਉਣ ਲਈ ਮਜਬੂਰ ਹਨ। ਜਦੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ "ਪ੍ਰਧਾਨ ਦੀ ਚੋਣ ਦਾ ਸਟੇਜ ਸ਼ੋ" ਗੁਰੂ ਗ੍ਰੰਥ

ਸਾਹਿਬ ਦੀ ਹਜ਼ੂਰੀ ਵਿੱਚ ਕੀਤਾ ਜਾ ਰਿਹਾ ਹੁੰਦਾ ਹੈ। ਉਸ ਸਮੇਂ ਮਹਾਨ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦਾ "ਮਹਾਨ ਜਥੇਦਾਰ" ਸ਼ੁਸੋਬਤ ਹੁੰਦਾ ਹੈ। ਬਾਕੀ ਚੌਹ ਤਖ਼ਤਾਂ ਦੇ "ਜਥੇਦਾਰ" ਦਰਬਾਰ ਦੀ ਸੋਭਾ ਵਧਾ ਰਹੇ ਹੁੰਦੇ ਹਨ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਦੇ ਗ੍ਰੰਥੀ ਤੇ ਹੈੱਡ ਗ੍ਰੰਥੀ ਭੀ ਸਜੇ ਸੰਵਰੇ ਗੁਰੂ ਗ੍ਰੰਥ ਦੁਆਲੇ ਚੌਕੜੇ ਮਾਰ ਕੇ ਬੈਠੇ ਹੁੰਦੇ ਹਨ। ਸ਼੍ਰੋਮਣੀ ਕਮੇਟੀ ਦੇ ਸਾਰੇ ਮੈਂਬਰ ਆਪੋ ਆਪਣੇ "ਇਲਾਕੇ ਦੇ ਸਿੱਖਾਂ ਦੀ ਨੁਮਾਇੰਦਗੀ" ਕਰਦੇ ਆਣ ਢੁਕਦੇ ਹਨ। ਅਰਦਾਸ ਹੁੰਦੀ ਹੈ, "ਹੁਕਮਨਾਮਾ" ਲਿਆ ਜਾਂਦਾ ਹੈ। ਰਸਮੀ ਕਾਰਵਾਈਆਂ ਤੋਂ ਬਾਅਦ, ਇੱਕ ਖ਼ਾਸ ਲਿਫ਼ਾਫ਼ੇ ਵਿੱਚੋਂ "ਇਲਾਹੀ ਹੁਕਮਨਾਮਾ" ਪ੍ਰਗਟ ਹੁੰਦਾ ਹੈ। ਉਸੇ ਹੁਕਮਨਾਮੇ 'ਤੇ ਹੋਣ ਵਾਲੇ ਪ੍ਰਧਾਨ ਦੀ ਕਿਸਮਤ ਲਿਖੀ ਹੁੰਦੀ ਹੈ। ਇਸ ਹੁਕਮਨਾਮੇ ਨੂੰ ਪੜ੍ਹ ਕੇ ਪ੍ਰਧਾਨਗੀ ਦਾ ਐਲਾਨ ਕਰ ਦਿੱਤਾ ਜਾਂਦਾ ਹੈ। "ਖ਼ੁਸ਼ੀ ਦੇ ਜੈਕਾਰੇ ਗਜਾਏ" ਜਾਂਦੇ ਹਨ। ਇਸ ਇਕੱਠ ਵਿੱਚ "ਸ਼ੇਰ ਮਮਿਆ ਰਹੇ ਹਨ ਜਾਂ ਭੇਡਾਂ ਗਰਜ ਰਹੀਆਂ ਹਨ" ਕੁੱਝ ਪਤਾ ਨਹੀਂ ਲਗਦਾ।

99% ਸ਼੍ਰੋਮਣੀ ਕਮੇਟੀ ਦੇ ਮੈਂਬਰ ਆਪਣੇ ਮਾਲਕ ਦੀ ਵਫਾਦਾਰੀ ਦਾ ਸਬੂਤ ਦੇ ਕੇ, ਆਪੋ ਆਪਣੇ ਇਲਾਕੇ ਦੇ ਗੁਰਦਵਾਰਿਆਂ ਦਾ "ਵਧੀਆ ਪ੍ਰਬੰਧ" ਕਰਨ ਦਾ ਇੱਕ ਸਾਲਾ ਪਟਾ ਪ੍ਰਾਪਤ ਕਰ ਲੈਂਦੇ ਹਨ। "ਜਥੇਦਾਰ" ਆਪਣੀਆਂ ਨੌਕਰੀਆਂ ਪੱਕੀਆਂ ਕਰ ਲੈਂਦੇ ਹਨ। ਅਰਦਾਸ ਕਰ ਕੇ ਭੁੱਲਾਂ ਬਖ਼ਸ਼ਵਾ ਲਈਦੀਆਂ ਹਨ। ਮਹਾਰਾਜ ਤੋਂ "ਆਪਣੀ ਮਰਜ਼ੀ ਦਾ ਹੁਕਮਨਾਮਾ" ਪ੍ਰਾਪਤ ਕਰ ਲਿਆ ਜਾਂਦਾ ਹੈ। ਸ੍ਰੀ ਪ੍ਰਕਾਸ਼ ਸਿੰਘ ਬਾਦਲ ਦਾ "ਇਲਾਹੀ ਹੁਕਮਨਾਮਾ" ਸਾਰਿਆਂ 'ਤੇ ਕਾਬਜ ਹੋ ਜਾਂਦਾ ਹੈ। ਸ਼੍ਰੋਮਣੀ ਕਮੇਟੀ ਪੰਜੇ "ਜਥੇਦਾਰ" ਅਤੇ ਸਾਰੇ ਮੈਂਬਰ, ਇਸ ਫ਼ੁਰਮਾਨ ਅੱਗੇ ਸਿਰ ਝੁਕਾ ਦਿੰਦੇ ਹਨ। ਜਿਸ ਵਿਅਕਤੀ ਨੂੰ ਪ੍ਰਧਾਨਗੀ ਦਾ ਪਟਾ ਪ੍ਰਾਪਤ ਹੋਇਆ ਹੈ, ਉਸ ਨੇ ਕੀ-ਕੀ ਪਾਪੜ ਵੇਲੇ ਹੋਣਗੇ...? ਸ਼ੇਰ ਇਹ ਅੰਦਰ ਦੀਆਂ ਬਾਤਾਂ ਹਨ, ਕਦੀ ਫਿਰ ਸਹੀ। ਪਹਿਲੋਂ ਸਰੋਵਰ ਵਿੱਚੋਂ ਜੋ ਪਰਚੀ ਤਰ ਆਉਂਦੀ ਸੀ, ਉਹੀ ਨਿਰਣਾ ਲਿਆ ਜਾਂਦਾ ਸੀ। ਅੱਜ ਬਾਦਲ ਜੀ ਦੇ ਲਿਫ਼ਾਫ਼ੇ ਵਿੱਚੋਂ ਜਿਸ ਦਾ ਨਾਮ ਨਿਕਲ ਆਵੇ, ਉਹੀ ਪ੍ਰਧਾਨ, ਉਹੀ ਜਥੇਦਾਰ... ਜੋ ਬੋਲੇ ਸੋ ਨਿਹਾਲ।

ਕਾਮ ਕ੍ਰੋਧ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ ਚੀਤੁ ॥
ਪੁੰਜੀ ਪਾਪ ਲੋਭ ਕੀ ਕੀਤੁ ॥ ਤਰੁ ਤਾਰੀ ਮਨਿ ਨਾਮੁ ਸੁਚੀਤੁ ॥ (153)

★★★★★★

ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ... (930)

ਪਹਿਲੀ ਮਾਰਚ ਤੋਂ 8 ਮਾਰਚ 2009 ਤੱਕ ਲੁਧਿਆਣੇ ਦੇ ਸਰਕਾਰੀ ਕਾਲਜ ਵਿੱਚ ਭਾਰਤੀ ਸਾਹਿਤ ਅਕਾਦਮੀ ਨਾਮੀ ਸੰਸਥਾ ਦੀ ਦੇਖ ਰੇਖ ਹੇਠ ਇੱਕ ਵਿਸ਼ਾਲ ਪੁਸਤਕ ਮੇਲਾ ਲੱਗਿਆ ਸੀ। ਇਸ ਮੇਲੇ ਵਿੱਚ ਆਪੋ ਆਪਣੀਆਂ ਪੁਸਤਕਾਂ ਲੈ ਕੇ ਭਾਰਤ ਭਰ ਵਿੱਚੋਂ 106 ਪ੍ਰਕਾਸ਼ਕ ਪਹੁੰਚੇ ਹੋਏ ਸਨ। ਪੰਜਾਬੀ ਪੁਸਤਕਾਂ ਵਾਲੇ ਭੀ ਆਪੋ ਆਪਣਾ "ਮਾਤਾ ਦਾ ਮਾਲ" ਲੈ ਕੇ ਪਹੁੰਚੇ ਹੋਏ ਸਨ। ਲੇਖਕ (ਇਦਰ ਸਿੰਘ ਘੱਗਾ) ਨੇ ਸਪੋਕਸਮੈਨ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਆਪਣੀਆਂ ਪੁਸਤਕਾਂ ਦੀ ਸਟਾਲ ਲਗਾ ਲਈ। ਸਵੇਰੇ ਦਸ ਕੁ ਵਜੇ ਤੋਂ ਲੈ ਕੇ ਰਾਤੀ ਅੱਠ ਕੁ ਵਜੇ ਤੱਕ ਚੰਗੀ ਰੌਣਕ ਬਣੀ ਰਹਿੰਦੀ। ਰੋਜ਼ਾਨਾ ਸਪੋਕਸਮੈਨ ਦੇ ਜਿਥੇ ਬਹੁਤ ਸਾਰੇ ਸਾਲਾਨਾ ਮੈਂਬਰ ਬਣੇ ਉਥੇ ਨਾਲ ਹੀ ਤਰ੍ਹਾਂ-ਤਰ੍ਹਾਂ ਦੇ ਸਵਾਲ ਕਰਨ ਵਾਲੇ ਪਾਠਕਾਂ ਦਾ ਤਾਂਤਾ ਲੱਗਾ ਰਿਹਾ।

ਮੈਂ ਹਰ ਰੋਜ਼ ਸ਼ਟਾਲਾਂ 'ਤੇ ਪਾਠਕਾਂ ਨੂੰ ਪੁਸਤਕਾਂ ਖ਼ਰੀਦਦੇ ਵੇਖਦਾ, ਉਨ੍ਹਾਂ ਵਿੱਚੋਂ ਕਈਆਂ ਨਾਲ ਸੁਆਲ ਜੁਆਬ ਕਰਦਾ। ਜਿਨ੍ਹਾਂ ਸਟਾਲਾਂ 'ਤੇ ਵਿਕਰੀ ਜ਼ਿਆਦਾ ਹੋ ਰਹੀ ਸੀ, ਉਨ੍ਹਾਂ ਪੁਸਤਕਾਂ ਬਾਰੇ ਜਾਣਨ ਦੀ ਕੋਸ਼ਿਸ਼ ਕਰਦਾ ਕਿ ਇਥੇ ਲਗਾਤਾਰ ਭੀੜ ਕਿਉਂ ਹੈ? ਨਿਰਖ ਪਰਖ ਕੇ ਜਿਸ ਨਤੀਜੇ 'ਤੇ ਮੈਂ ਪਹੁੰਚਿਆ, ਉਹ ਹੈ ਸਮੇਂ ਦੀ ਲੋੜ ਮੁਤਾਬਕ ਕਿਤਾਬਾਂ ਲਿਖਣੀਆਂ ਤੇ ਛਾਪਣੀਆਂ। ਅੱਜ ਕੰਪਿਊਟਰ ਜੀਵਨ ਦਾ ਅਟੁੱਟ ਹਿੱਸਾ ਬਣ ਗਿਆ ਹੈ। ਕੰਪਿਊਟਰ ਨਾਲ ਸਬੰਧਤ (ਜਾਣਕਾਰੀ ਦੇਣ ਯੋਗ) ਕਿਤਾਬਾਂ ਅਤੇ ਸੀ.ਡੀਜ਼ ਦੀ ਵਿੱਕਰੀ ਸਭ ਤੋਂ ਵੱਧ ਹੋ ਰਹੀ ਸੀ। ਇਲੈਕਟ੍ਰਾਨਿਕ ਟੈਕਨਾਲੋਜੀ ਦੀ ਜਾਣਕਾਰੀ ਦੇਣ ਵਾਲਾ ਸਾਮਾਨ ਖ਼ੂਬ ਵਿਕ ਰਿਹਾ ਸੀ। ਮੈਡੀਕਲ, ਇੰਜੀਨੀਅਰਿੰਗ, ਸਾਇੰਸ, ਆਟੋਮੋਬਾਈਲ, ਰਾਜਨੀਤੀ, ਸਵੈ ਰੁਜ਼ਗਾਰ ਆਦਿ ਵਿਸ਼ਿਆਂ ਬਾਰੇ ਪੁਸਤਕਾਂ ਖ਼ਰੀਦਣ ਵਿੱਚ ਪਾਠਕਾਂ ਦੀ ਬਹੁਤ ਦਿਲਚਸਪੀ ਵੇਖੀ ਗਈ। ਤਰਕ ਦੀ ਕਸਵੱਟੀ 'ਤੇ ਖ਼ਰੀਆਂ ਉਤਰਨ ਵਾਲੀਆਂ ਬ੍ਰਾਹਮਣੀ ਭਰਮਜਾਲ ਨੂੰ ਬੜੀ ਬੇਬਾਕੀ ਨਾਲ ਤਾਰ ਤਾਰ ਕਰ ਦੇਣ ਵਾਲੀਆਂ "ਸਰਿਤਾ ਮੁਕਤਾ" ਵਾਲਿਆਂ ਦੀਆਂ ਪੁਸਤਕਾਂ ਖ਼ੂਬ ਵਿਕ ਰਹੀਆਂ ਸਨ।

ਪੰਜਾਬੀ ਪੁਸਤਕਾਂ ਪ੍ਰਕਾਸ਼ਤ ਕਰਨ ਵਾਲੇ (ਵਿਰਲਿਆਂ ਨੂੰ ਛੱਡ ਕੇ) "ਸਮੇਂ ਦੇ ਹਾਣੀ" ਨਹੀਂ ਬਣ ਸਕੇ। ਆਪਣੇ ਪੰਜਾਬੀ ਪਾਠਕ ਨੂੰ ਦੋਸ਼ੀ ਤਾਂ ਗਰਦਾਨਦੇ ਹਨ ਪਰ ਉਨ੍ਹਾਂ ਦਾ "ਜੀਵਨ ਰੋਸ਼ਨ" ਕਰਨ ਵਾਲਾ ਸਾਹਿਤ ਹੀ ਨਹੀਂ ਛਾਪ ਰਹੇ। ਲੇਖਕ ਨੂੰ ਭਾਵੇਂ ਫੁੱਟੀ ਕਉਡੀ ਨਾ ਦੇਣ, ਫਿਰ ਭੀ ਸੌ ਪੰਨੇ ਦੀ ਕਿਤਾਬ ਸੌ ਰੁਪਏ ਮੁੱਲ ਰੱਖ ਦੇਣਗੇ। ਜੇ ਫ਼ੋਟੋ ਸਟੇਟ ਕਰਵਾਈਏ ਤਾਂ ਭੀ ਇਸ ਤੋਂ ਅੱਧੇ ਮੁੱਲ ਵਿੱਚ ਪੈਂਦੀ ਹੈ ਪਰ ਪਤਾ ਨਹੀਂ ਇਨ੍ਹਾਂ ਦੀ ਪੰਜਾਬੀ ਨਾਲ ਦੁਸ਼ਮਣੀ ਹੈ। ਅਸਮਾਨ ਛੋਂਹਦੀ ਕੀਮਤ ਦੇ ਕੇ ਪਾਠਕ ਕਿਤਾਬ ਕਿਵੇਂ ਖ਼ਰੀਦੇ? ਅਜਿਹੇ ਮੇਲਿਆਂ ਵਿੱਚ ਸਗੋਂ ਕਿਤਾਬਾਂ ਹੋਰ ਸਸਤੀਆਂ ਕਰ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਸਾਡਾ ਸਮਾਜ ਕੁੱਝ ਗਿਆਨਵਾਨ ਬਣ ਸਕੇ। ਬਹੁਤੇ ਪੰਜਾਬੀ ਪ੍ਰਕਾਸ਼ਕਾਂ ਨੇ

ਪੁਰਾਣੇ ਲੇਖਕਾਂ ਦੀਆਂ ਕਿਤਾਬਾਂ ਨੂੰ ਛਾਪ ਕੇ ਵੇਚਣ ਦੀ ਇੱਛਾ ਨਾਲ ਆਪਣੀਆਂ ਦੁਕਾਨਾਂ ਸਜਾਈਆਂ ਸਨ। ਜੋ ਲੇਖਕ ਵੇਲਾ ਵਿਹਾ ਚੁੱਕੇ ਹਨ। ਜੋ ਲੇਖਕ ਪੰਜਾਹ ਸਾਲ ਜਾਂ ਸੌ ਸਾਲ ਪਹਿਲਾਂ ਹੋ ਗੁਜ਼ਰੇ ਹਨ। ਉਨ੍ਹਾਂ ਦੀਆਂ ਕਿਤਾਬਾਂ ਉਸ ਸਮੇਂ ਵਿੱਚ ਬੇਸ਼ੱਕ ਮੁੱਲਵਾਨ ਹੋਣਗੀਆਂ ਪਰ ਅੱਜ ਦੇ ਹਾਲਾਤ ਵਿੱਚ ਉਹ ਸਾਡੀ ਅਗਵਾਈ ਨਹੀਂ ਕਰ ਸਕਣਗੀਆਂ। ਬਹੁਤ ਥੋੜੇ ਲੇਖਕ ਹਨ ਜਿਨ੍ਹਾਂ ਦਾ ਲਿਖਿਆ "ਸਦਾ ਬਹਾਰ" ਹੁੰਦਾ ਹੈ। ਮੰਗ ਹੋਵੇ ਤਾਂ ਪੁਰਾਣੇ ਲੇਖਕਾਂ ਨੂੰ ਛਾਪਣਾ ਬੁਰਾ ਨਹੀਂ ਹੈ ਪਰ ਗੰਭੀਰਤਾ ਨਾਲ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਪੰਜਾਬੀ ਵਿੱਚ ਨਵੇਂ ਲੇਖਕ ਜੰਮਣੋਂ ਕਿਉਂ ਹੱਟ ਗਏ ਹਨ ? ਜੇ ਇਹ ਸੱਚ ਹੈ ਤਾਂ ਪੰਜਾਬੀ ਦੇ ਮੁਦੱਈਆਂ ਨੂੰ ਆਤਮ ਚਿੰਤਨ ਕਰਨਾ ਚਾਹੀਦਾ ਹੈ ਪਈ ਕਮੀ ਕਿੱਥੇ ਹੈ ? ਸੰਨ 1900 ਤੋਂ ਲੈ ਕੇ 1970 ਤੱਕ ਪੰਜਾਬੀ ਲੇਖਕਾਂ ਦਾ ਸੁਨਹਿਰੀ ਸਮਾਂ ਕਿਹਾ ਜਾ ਸਕਦਾ ਹੈ। ਇਸ ਸਮੇਂ ਵਿੱਚ ਭਾਈ ਕਾਹਨ ਸਿੰਘ ਨਾਭਾ, ਡਾ. ਗੰਡਾ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਭਾਈ ਵੀਰ ਸਿੰਘ ਆਦਿ ਦੀ ਆਪੋ ਆਪਦੇ ਖੇਤਰ ਵਿੱਚ ਖ਼ਾਸ ਦੇਣ ਹੈ। ਇਨ੍ਹਾਂ ਦੀਆਂ ਲਿਖਤਾਂ ਤੋਂ ਅੱਜ ਭੀ ਲਾਹਾ ਲਿਆ ਜਾ ਰਿਹਾ ਹੈ। ਇਨ੍ਹਾਂ ਕਲਮ ਦੇ ਧਨੀ ਲੇਖਕਾਂ ਤੋਂ ਬਾਅਦ ਇਨ੍ਹਾਂ ਵਰਗੇ "ਵੱਡੇ ਕੱਦ ਵਾਲਾ" ਕੋਈ ਲੇਖਕ ਪੈਦਾ ਕਿਉਂ ਨਹੀਂ ਹੋਇਆ ? ਇਹ ਸਾਰੇ ਲੇਖਕ "ਗ਼ੁਲਾਮ ਭਾਰਤ ਵਿੱਚ ਭੀ ਆਜ਼ਾਦ ਸੋਚ" ਵਾਲੇ ਸਨ। ਸੰਨ '47 ਤੋਂ ਮਗਰੋਂ ਜਨਮੇ ਪੜ੍ਹੇ ਤੇ ਪਰਵਾਨ ਚੜ੍ਹੇ ਵਿਅਕਤੀ, "ਆਜ਼ਾਦ ਭਾਰਤ ਵਿੱਚ ਗ਼ੁਲਾਮ ਸੋਚ ਵਾਲੇ" ਕਿਵੇਂ ਬਣ ਗਏ ?

ਪੰਜਾਬੀ ਵਿੱਚ ਲਿਖਿਆ ਜਾ ਰਿਹਾ ਸਾਹਿਤ ਸਮੇਂ ਦਾ ਹਾਣੀ ਨਹੀਂ ਬਣ ਸਕਿਆ। ਆਸਮਾਨ ਛੋਂਹਦੀਆਂ ਕੀਮਤਾਂ ਕਾਰਨ ਆਮ ਪਾਠਕ ਦੀ ਪਹੁੰਚ ਤੋਂ ਬਾਹਰ ਹੈ। ਪੁਸਤਕਾਂ ਵਿਚਲੀ ਸ਼ਬਦਾਵਲੀ ਅਜਿਹੀ ਹੁੰਦੀ ਹੈ ਕਿ ਸਿਰ ਪਟਕ ਕੇ ਰਹਿ ਜਾਈਦਾ ਹੈ, ਕੁੱਝ ਸਮਝ ਨਹੀਂ ਆਉਂਦਾ। ਕਦੀ-ਕਦੀ ਇਹ ਭਰਮ ਪੈਦਾ ਹੋ ਜਾਂਦਾ ਹੈ ਕਿ ਸ਼ਾਇਦ ਮੈਂ (ਆਮ ਪਾਠਕ) ਘੱਟ ਅਕਲ ਵਾਲਾ ਹਾਂ। ਲੇਖਕ ਬਹੁਤ ਉੱਚੇ ਪੱਧਰ ਦਾ ਹੈ ਤਾਂ ਹੀ ਮੇਰੇ ਕੁੱਝ ਸਮਝ ਨਹੀਂ ਪੈਂਦਾ। ਹਾਂ ਧਰਮ ਨਾਲ ਦਿਲਚਸਪੀ ਰੱਖਣ ਵਾਲੇ ਲੋਕ, ਧਰਮ ਦਾ ਲੇਬਲ ਲੱਗੀ "ਸ਼ਰਧਾ ਸਹਿਤ" ਕੋਈ ਭੀ ਕਿਤਾਬ ਖ਼ਰੀਦ ਲੈਂਦੇ ਹਨ। ਫਿਰ ਸਾਲਾਂ ਬੱਧੀ ਇਸ਼ਨਾਨ ਕਰ ਕੇ ਸਾਫ਼ ਬਸਤਰ ਪਹਿਨ ਕੇ ਧੂਫ ਧੁਖਾ ਕੇ ਉਸ ਕਿਤਾਬ ਦਾ ਪਾਠ ਕਰਦੇ ਰਹਿਣਗੇ, ਆਪਣੇ ਲਈ ਸੁਰਗ ਦਾ ਟਿਕਟ ਕਟਵਾ ਰਹੇ ਹੋਣਗੇ। ਜ਼ਿੰਦਗੀ ਵਿੱਚੋਂ ਫ਼ੇਲ੍ਹ ਜਾਂ ਦੋ ਨੰਬਰ ਦਾ ਧੰਦਾ ਕਰਨ ਵਾਲੇ, ਗ਼ਰੀਬਾਂ ਦਾ ਖ਼ੂਨ ਨਿਚੋੜਨ ਵਾਲੇ, ਸਮਾਜ ਨਾਲ ਗ਼ੱਦਾਰੀਆਂ ਕਰਨ ਵਾਲੇ, ਧਰਮ ਦੇ ਉੱਚੇ ਅਸੂਲਾਂ ਨੂੰ ਦਗ਼ਾ ਦੇਣ ਵਾਲੇ, ਫਿਰ "ਪਾਠ ਅਤੇ ਦਾਨ" ਬਹੁਤ ਕਰਦੇ ਹਨ ਤਾਂ ਕਿ "ਲੋਕ ਅਤੇ ਪਰਲੋਕ" ਦੋਵੇਂ ਮੁੱਠੀ ਵਿੱਚ ਰਹਿਣ। ਅੱਗੋਂ ਵਿਚਾਰ ਕਰਦੇ ਹਾਂ ਕਿ ਪੰਜਾਬੀ ਬੋਲੀ ਨੂੰ ਇਸ ਨਿੱਘਰੀ ਹੋਈ ਹਾਲਤ ਵਿੱਚ ਪੁਚਾਉਣ ਦੇ ਜ਼ਿੰਮੇਵਾਰ ਕੌਣ ਲੋਕ ਹਨ ?

1. ਸਾਹਿਤਕਾਰ -

ਕਿਸੇ ਬੋਲੀ ਨੂੰ ਆਪਣੇ ਗਿਆਨ ਅਤੇ ਤਜਰਬੇ ਨਾਲ ਅਮੀਰ ਬਣਾਉਣਾ ਲੇਖਕਾਂ,

ਸਾਹਿਤਕਾਰਾਂ ਅਤੇ ਕਵੀਆਂ ਦੇ ਜ਼ਿੰਮੇ ਹੁੰਦਾ ਹੈ। ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਪੰਜਾਬੀ ਜ਼ੁਬਾਨ ਦੀ ਕਿਹੋ ਜਿਹੀ ਅਵੱਸਥਾ ਸੀ, ਸਾਨੂੰ ਲਿਖਤ ਰੂਪ ਵਿੱਚ ਕੋਈ ਸਬੂਤ ਨਹੀਂ ਮਿਲਦੇ। ਗੁਰੂ ਸਾਹਿਬਾਨ ਵੱਲੋਂ ਲਿਖੀਆਂ ਹੱਥ ਲਿਖਤ ਪੋਥੀਆਂ ਭੀ ਸਾਡੇ ਕੋਲ ਨਹੀਂ ਰਹੀਆਂ। ਬਾਬਾ ਫ਼ਰੀਦ ਜੀ ਵੱਲੋਂ ਲਿਖੇ ਕਲਾਮ ਦਾ ਨਮੂਨਾ (ਹੱਥ ਲਿਖਤ) ਭੀ ਅੱਜ ਨਹੀਂ ਹੈ। ਜੋ ਕੁੱਝ ਸਾਡੇ ਕੋਲ ਸਭ ਤੋਂ ਕੀਮਤੀ ਹੈ, ਸ਼ੋ੍ਮਣੀ ਹੈ, ਬੇ ਮਿਸਾਲ ਹੈ, ਗੁਰਬਾਣੀ ਰੂਪ ਖ਼ਜ਼ਾਨਾ ਹੈ। ਪੰਜਾਬੀ ਦੀ ਨੁਹਾਰ ਜੇ ਸਹੀ ਰੂਪ ਵਿੱਚ ਪ੍ਰਾਪਤ ਹੈ ਤਾਂ ਕੇਵਲ ਗੁਰੂ ਗ੍ਰੰਥ ਸਾਹਿਬ ਵਿੱਚੋਂ। ਪਤਾ ਨਹੀਂ ਪੰਜਾਬੀ ਬੋਲੀ ਕਦੇ ਸਰਕਾਰੀ ਭਾਸ਼ਾ ਦਾ ਦਰਜਾ ਪਾ ਸਕੇਗੀ ਕਿ ਨਹੀਂ। ਸਭਿਆਚਾਰਕ ਮਹਿਫ਼ਲਾਂ ਦਾ ਸ਼ਿੰਗਾਰ ਬਣ ਸਕੀ ਕਿ ਨਹੀਂ। ਕਵੀ ਦਰਬਾਰਾਂ ਦੀ ਰੌਣਕ ਬਣੀ ਕਿ ਨਹੀਂ ਪਰ ਬਲਿਹਾਰ ਜਾਈਏ ਗੁਰੂ ਬਾਬਾ ਜੀ ਦੇ ਜਿਨ੍ਹਾਂ ਨੇ ਇਸ ਬੋਲੀ ਨੂੰ ਫ਼ਰਸ਼ ਤੋਂ ਚੁੱਕ ਕੇ ਅਰਸ਼ 'ਤੇ ਪੁਚਾ ਦਿੱਤਾ। ਗਵਾਰਾਂ ਦੀ ਬੋਲੀ ਨੂੰ ਸਰਦਾਰਾਂ ਦੀ ਬੋਲੀ ਬਣਾ ਦਿੱਤਾ। ਪੈਰਾਂ ਵਿੱਚ ਬੈਠੀ ਦਾਸੀ ਨੂੰ ਰਾਣੀ ਦਾ ਖ਼ਿਤਾਬ ਦੇ ਦਿੱਤਾ। ਗੁਰੂ ਸਾਹਿਬ ਦੀ ਪਾਵਨ ਸਿੱਖਿਆ ਦੁਆਰਾ ਜਿਥੇ ਆਮ ਮਨੁੱਖ ਗੁਰਮੁੱਖ ਬਣਦੇ ਜਾ ਰਹੇ ਸਨ, ਉਥੇ ਤ੍ਰਿਸਕਾਰੀ ਬੋਲੀ ਪੰਜਾਬੀ ਭੀ "ਗੁਰਮੁਖੀ" ਅਖਵਾਉਣ ਦਾ ਮਾਣ ਹਾਸਲ ਕਰ ਗਈ। ਗੁਰਬਾਣੀ ਵਿੱਚ ਵਰਤੇ ਗਏ ਸ਼ਬਦ ਪੰਕਤੀਆਂ, ਜਨ ਸਾਧਾਰਨ ਦੀ ਜ਼ੁਬਾਨ 'ਤੇ ਨੱਚਣ ਲੱਗ ਪਏ। ਆਮ ਬੋਲ ਚਾਲ ਵਿੱਚ ਲੋਕੀਂ ਗੁਰਬਾਣੀ ਨੂੰ ਮੁਹਾਵਰਿਆਂ ਵਾਂਗ ਬੋਲਣ ਲੱਗ ਪਏ। ਇਹ ਕ੍ਰਾਂਤੀ ਕਿਸੇ ਸਰਕਾਰ ਨੇ ਨਹੀਂ ਲਿਆਂਦੀ। ਪੈਸੇ ਦੀ ਵਰਤੋਂ ਕਰ ਕੇ ਇਹ ਕਾਰਜ ਨਹੀਂ ਹੋਇਆ। ਗੁਰੂ ਬਾਬਾ ਜੀ ਦੀ ਲੋਕ ਹਿਤੈਸ਼ੀ ਇਨਕਲਾਬੀ ਸੋਚ। ਭਰਮ ਮੁਕਤ ਕਰ ਦੇਣ ਵਾਲੇ ਸਿੱਧੇ ਸਾਦੇ ਵਿਚਾਰ। ਜਾਤ ਪਾਤੀ ਬੰਧਨਾਂ ਤੋਂ ਮੁਕਤ ਜੀਵਨ ਦਾ ਫ਼ਲੱਸਫ਼ਾ। ਜ਼ੁਲਮ ਦੇ ਵਿਰੁੱਧ ਅੜ ਖਲੋਣ ਦੀ ਦਲੇਰੀ। ਸਿੱਧਾ ਸਾਦਾ ਤੇ ਸੰਜਮੀ ਜੀਵਨ ਰਾਹ, ਜਨ ਸਾਧਾਰਨ ਤੱਕ ਪੰਜਾਬੀ ਵਿੱਚ ਹੀ ਪੁਚਾਇਆ ਗਿਆ। ਹਰ ਇਨਸਾਨ ਨੂੰ ਇਹ ਆਪਣੇ ਦਿਲ ਦੀ ਤਰਜਮਾਨੀ ਪ੍ਰਤੀਤ ਹੋਈ। ਉੱਖੜੀ ਹੋਈ ਡਾਵਾਂ ਡੋਲ ਅਵੱਸਥਾ ਵਿੱਚ ਪੁੱਜੀ ਪੰਜਾਬੀ ਬੋਲੀ, ਪੰਜਾਬੀਆਂ ਦੇ ਦਿਲੋ ਦਿਮਾਗ 'ਤੇ ਛਾ ਗਈ। ਆਪਣੇ ਅਮਰ ਵਿਚਾਰਾਂ ਨਾਲ ਸਤਿਗੁਰੂ ਜੀ ਨੇ ਪੰਜਾਬੀ ਨੂੰ ਅਮਰ ਕਰ ਦਿੱਤਾ।

ਅੱਜ ਦਾ ਹਰ ਛੋਟਾ ਵੱਡਾ ਲੇਖਕ ਸਰਕਾਰੀ ਸਹਾਇਤਾ ਅਤੇ ਸਨਮਾਨ ਲਈ ਤਰਲੇ ਲੈਂਦਾ ਮਹਿਸੂਸ ਹੋ ਰਿਹਾ ਹੈ। ਕਲਮ ਦੀ ਬੇਜੋੜ ਤਾਕਤ ਨੂੰ ਅਜਾਈਂ ਗੁਆ ਰਿਹਾ ਹੈ। ਸਰਕਾਰੀ ਜਬਰ ਦੇ ਵਿਰੁੱਧ ਲਿਖਣ ਬੋਲਣ ਵਾਲਾ ਕੋਈ ਸੂਰਮਾ ਲੇਖਕ ਕਦੀ ਕਦੀ ਨਿਤਰਦਾ ਹੈ। ਬਹੁ ਗਿਣਤੀ ਟੋਲਾ ਤਾਂ "ਸਰਕਾਰੀ ਧੂਤੂ" ਵਜਾਉਂਦਾ ਹੈ ਤੇ "ਸਰਕਾਰੀ ਛਣਕਣੇ" ਨਾਲ ਮਨ ਪਰਚਾਉਂਦਾ ਹੈ। ਆਮ ਲੋਕਾਂ ਦੇ ਦਾੜ੍ਹੀ ਕੇਸ ਪੁੱਟੇ ਜਾ ਰਹੇ ਹੁੰਦੇ ਹਨ। ਨੂੰਹਾਂ-ਧੀਆਂ ਨੂੰ ਸਰਕਾਰੀ ਦਰਿੰਦੇ "ਸਿਰੋਂ ਨੰਗੀਆਂ" ਕਰ ਰਹੇ ਹੁੰਦੇ ਹਨ। ਕਵੀ ਲੋਕ ਗੋਰੀ ਦੀਆਂ ਜੁਲਫ਼ਾਂ ਦੀ ਪ੍ਰਸੰਸਾ ਦੀਆਂ "ਮਹਾਨ ਕਵਿਤਾਵਾਂ" ਲਿਖ ਰਹੇ ਹੁੰਦੇ ਹਨ, ਉਹ ਭੀ ਸ਼ਰਾਬ ਦੀ ਬੋਤਲ ਡਕਾਰ ਕੇ। ਦੁਨੀਆਂ ਭਰ ਦੀਆਂ ਕ੍ਰਾਂਤੀਕਾਰੀ ਲਹਿਰਾਂ ਦਾ ਅਧਿਐਨ ਕਰਨ ਤੋਂ ਬਾਅਦ ਮੈਂ ਇਸ ਸਿੱਟੇ 'ਤੇ ਪੁੱਜਾ ਹਾਂ ਕਿ ਸੱਚੇ ਕਵੀ ਤੇ ਸਾਹਿਤਕਾਰ

ਸਰਕਾਰਾਂ ਨਾਲ ਰਲ ਕੇ ਕਦੀ ਨਹੀਂ ਚੱਲ ਸਕਦੇ। ਜਿਹੜੇ ਸਰਕਾਰੀ ਟੁਕੜੇ ਖਾ ਕੇ ਸਰਕਾਰੀ ਇਨਾਮ ਲੈ ਕੇ, ਲੇਖਕ ਹੋਣ ਦਾ ਦਮ ਭਰਦੇ ਹਨ, ਉਹ ਲੋਕ ਹਿਤੂ ਨਹੀਂ, ਲੋਕ ਦੋਖੀ ਮੰਨੇ ਜਾ ਸਕਦੇ ਹਨ। ਪੰਜਾਬ ਵਿਚਲੇ ਸਰਕਾਰੀ ਕਾਲਜਾਂ, ਯੂਨੀਵਰਸਿਟੀਆਂ ਦੇ ਡਾਕਟਰ ਤੇ ਪ੍ਰੋਫ਼ੈਸਰ, ਪੰਜਾਬ ਵਾਸੀਆਂ ਨੂੰ ਲੋਕ ਹਿਤੂ ਸੇਧ ਦੇਣ ਅਸਮਰੱਥ ਰਹੇ ਹਨ। ਉਂਗਲਾਂ 'ਤੇ ਗਿਣੀਆਂ ਜਾਣ ਜੋਗੀਆਂ ਕਿਤਾਬਾਂ ਹਨ ਜਿਨ੍ਹਾਂ ਨੂੰ ਬਾਰ ਬਾਰ ਪੜ੍ਹਨ ਲਈ ਮਨ ਕਰਦਾ ਹੈ। ਵਰਨਾ ਉਹੀ ਘਿਸਿਆ ਪਿਟਿਆ ਬੇਹਾ ਖਾਣਾ ਪਰੋਸਿਆ ਜਾ ਰਿਹਾ ਹੈ।

2. ਸ਼੍ਰੋਮਣੀ ਕਮੇਟੀ ਦੇ ਫ਼ਰਜ਼ -

ਬਹੁਤ ਲੰਮੀ ਲੜਾਈ ਤੋਂ ਮਗਰੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਬਣੀ ਸੀ। ਜਿਥੇ ਇਸ ਕਮੇਟੀ ਨੇ ਗੁਰਦਵਾਰਿਆਂ ਦਾ ਪ੍ਰਬੰਧ ਸੁਧਾਰਨਾ ਸੀ, ਉਥੇ ਹੀ ਪੈਸੇ ਦੀ ਦੁਰਵਰਤੋਂ ਰੋਕ ਕੇ ਸਿੱਖ ਪੰਥ ਲਈ ਬਹੁਪੱਖੀ ਕਾਰਜ ਉਲੀਕਣੇ ਸਨ। ਜਿਨ੍ਹਾਂ ਵਿੱਚ ਵਿੱਦਿਆ ਨੂੰ ਸਭ ਤੋਂ ਜ਼ਿਆਦਾ ਮਹੱਤਤਾ ਦਿੱਤੀ ਜਾਂਦੀ। ਗੁਰਮਤਿ ਨਾਲ ਸਬੰਧਤ ਸਾਹਿਤ - ਗੁਰਬਾਣੀ ਦੇ ਅਰਥ, ਇਤਿਹਾਸ, ਫ਼ਿਲਾਸਫ਼ੀ, ਤੁਲਨਾਤਮਕ ਅਧਿਐਨ, ਕਿੱਤਾ ਮੁਖੀ ਸਿੱਖਿਆ ਆਦਿ ਲਈ ਪਿੰਡ ਪੱਧਰ ਤੋਂ ਲੈ ਕੇ ਹਰ ਕਸਬੇ, ਸ਼ਹਿਰ ਤੇ ਭਾਰਤ ਦੇ ਸਿੱਖ ਵਸੋਂ ਵਾਲੇ ਇਲਾਕਿਆਂ ਵਿੱਚ ਮਿਆਰੀ ਸਕੂਲ, ਕਾਲਜ ਖੋਲ੍ਹੇ ਜਾਂਦੇ। ਜਿਥੇ ਦੁਨੀਆਵੀ ਵਿੱਦਿਆ ਦਿੱਤੀ ਜਾਂਦੀ ਤੇ ਨਾਲ ਹੀ ਧਰਮ ਵਿੱਦਿਆ ਭੀ ਪੜ੍ਹਾਈ ਜਾਂਦੀ। ਗ਼ੈਰ ਸਿੱਖਾਂ ਦੇ ਬੱਚੇ ਭੀ ਇਨ੍ਹਾਂ ਸੰਸਥਾਵਾਂ ਵਿੱਚ ਦਾਖ਼ਲ ਹੋਣ ਨੂੰ ਤਰਜੀਹ ਦਿੰਦੇ। ਵਿਦਵਾਨਾਂ ਤੋਂ ਸਾਹਿਤ ਤਿਆਰ ਕਰਵਾਇਆ ਜਾਂਦਾ। ਹਰ ਗੁਰਦਵਾਰੇ ਅਤੇ ਸਕੂਲ ਨਾਲ, ਮਿਆਰੀ ਪੁਸਤਕਾਂ ਦੀ ਲਾਇਬਰੇਰੀ ਬਣਾਈ ਜਾਂਦੀ। ਕਿਤਾਬਾਂ ਲਿਖਣ ਵਾਲਿਆਂ ਨੂੰ ਉਤਸ਼ਾਹ ਮਿਲਦਾ। ਛਾਪਣ ਵਾਲਿਆਂ ਨੂੰ ਰੋਜ਼ਗਾਰ ਮਿਲਦਾ। ਅਣਗਿਣਤ ਲੋਕਾਂ ਨੂੰ ਜੀਵਨ ਸੇਧ ਮਿਲਦੀ। ਕਾਮਯਾਬ ਇਨਸਾਨ ਬਣਨ ਵਾਸਤੇ ਸੁਚੱਜਾ ਗਿਆਨ ਮਿਲਦਾ। ਸਿੱਖ ਕੌਮ ਦੀ ਚੜ੍ਹਦੀਕਲਾ ਹੁੰਦੀ, ਸਿੱਖ ਨੌਜੁਆਨ ਦਰ ਦਰ ਨਾ ਭਟਕਦੇ ਫਿਰਦੇ।

ਸ਼੍ਰੋਮਣੀ ਕਮੇਟੀ (ਅਤੇ ਹੋਰ ਸਾਰੀਆਂ ਗੁਰਦਵਾਰਾ ਕਮੇਟੀਆਂ) ਸਿਖਰ ਦੁਪਹਿਰੇ ਦਗਾ ਦੇ ਗਈਆਂ। ਸਿੱਖ ਕੌਮ ਨੂੰ ਗਿਆਨ ਦਾ ਚਾਨਣ ਦੇਣ ਦੀ ਥਾਵੇਂ ਅਗਿਆਨਤਾ ਦੇ ਅੰਧ ਮਹਾਂਸਾਗਰ ਵਿੱਚ ਡੋਬ ਦਿੱਤਾ। ਸਾਡੇ ਗੁਰਦਵਾਰਿਆਂ ਵਿਚਲੇ ਭਾਈ ਲਗਪਗ ਦਸਵੀਂ ਤੋਂ ਹੇਠਾਂ ਹਨ। ਸਾਰੇ ਇਤਿਹਾਸਕ ਵੱਡੇ ਗੁਰਦਵਾਰਿਆਂ ਦੇ ਹੈੱਡ ਗ੍ਰੰਥੀ ਉਚੇਰੀ ਵਿੱਦਿਆ ਤੋਂ ਸੱਖਣੇ ਹਨ। ਸਾਰੇ ਤਖ਼ਤਾਂ ਦੇ ਜਥੇਦਾਰਾਂ ਨੇ ਆਪਣੇ ਸਰੀਰ ਉਤੇ ਕਿਸੇ ਕਾਲਜ ਦਾ ਪ੍ਰਛਾਵਾਂ ਤੱਕ ਨਹੀਂ ਪੈਣ ਦਿੱਤਾ। ਸਿੱਖਾਂ ਦੇ ਕਥਾ ਵਾਚਕ ਸਕਲ ਸੂਰਤ ਤੋਂ ਸਿੱਖ ਨਜ਼ਰ ਆਉਂਦੇ ਹਨ ਪਰ ਸਾਰੇ ਬ੍ਰਾਹਮਣੀ ਕਰਮਕਾਂਡ, ਦੇਵੀ ਦੇਵਤਿਆਂ ਦੀ ਮਹਿਮਾ ਗਾਈ ਜਾ ਰਹੇ ਹਨ। ਡੇਰੇਦਾਰ ਸਾਧ ਲਾਣਾ ਖ਼ੁਦ ਅਣਪੜ੍ਹ ਹੋਣ ਕਰ ਕੇ, ਵਿੱਦਿਆ ਅਤੇ ਵਿਦਵਾਨਾਂ ਦੀ ਸ਼ਰੇਆਮ ਖਿੱਲੀ ਉਡਾਉਂਦਾ ਹੈ, ਕੋਈ ਰੋਕਣ ਵਾਲਾ ਨਹੀਂ ਹੈ। ਪੜ੍ਹਿਆ ਲਿਖਿਆ ਲੱਖਾਂ ਨੌਜੁਆਨ ਬੇਰੁਜ਼ਗਾਰ ਹੈ, ਕੁਰਾਹੇ ਪੈ ਰਿਹਾ ਹੈ, ਸਿੱਖੀ ਤੋਂ ਮੂੰਹ ਮੋੜ ਗਿਆ ਹੈ। ਗੁਰਦਵਾਰਾ ਕਮੇਟੀਆਂ ਦੇ ਪ੍ਰਧਾਨ ਤੇ ਜਥੇਦਾਰ ਮਾਇਆਂ ਦੀਆਂ ਬੋਰੀਆਂ ਇਕੱਠੀਆਂ ਕਰ

ਰਹੇ ਹਨ। "ਰੋਮ ਸੜ ਰਿਹਾ ਹੈ, ਨੀਰੋ ਬੰਸਰੀ ਬਜਾ ਰਿਹਾ ਹੈ"।

ਗੁਰਦਵਾਰਿਆਂ ਵਿੱਚ ਚੰਗੀ ਮੱਤ ਅਤੇ ਪ੍ਰਮਾਣਿਕ ਗੁਰਮਤਿ ਸਾਹਿਤ ਨਹੀਂ ਲੱਭੇਗਾ। ਵੱਡੇ ਇਤਿਹਾਸਕ ਜੋੜ ਮੇਲਿਆਂ ਵਕਤ (ਅਤੇ ਹੋਰ ਇਕੱਠਾਂ ਵਿੱਚ) ਚੰਗੀਆਂ ਕਿਤਾਬਾਂ ਦੀਆਂ ਸਟਾਲਾਂ ਲਗਣੀਆਂ ਚਾਹੀਦੀਆਂ ਹਨ ਪਰ ਗੁਰਦਵਾਰੇ ਦੀ ਜ਼ਮੀਨ ਦੁਕਾਨਾਂ ਵਾਲਿਆਂ ਨੂੰ ਕਿਰਾਏ 'ਤੇ ਦੇ ਕੇ ਰੁਪਿਆਂ ਦੀਆਂ ਤਾਂ ਪੰਡਾਂ ਇਕੱਠੀਆਂ ਕਰ ਲਈਆਂ ਜਾਂਦੀਆਂ ਹਨ। ਗੁਰਦਵਾਰਿਆਂ ਦੁਆਲੇ ਦੁਕਾਨਾਂ ਵਿੱਚ ਵਿਕ ਰਿਹਾ ਮਾਲ...? ਤੋਬਾ ਤੋਬਾ...? ਸੁਰਖੀਆਂ, ਬਿੰਦੀਆਂ, ਚੂੜੀਆਂ, ਕੰਘੀਆਂ, ਕੱਛੀਆਂ, ਪਜਾਮੀਆਂ, ਖਿਡੌਣੇ, ਤਰ੍ਹਾਂ ਤਰ੍ਹਾਂ ਦੇ ਸੰਤਾਂ ਦੀਆਂ ਫ਼ੋਟੋਆਂ। ਗੁਰਮਤਿ ਵਿਰੋਧੀ ਸਾਹਿਤ...। ਵਾਜਬ ਰੇਟ 'ਤੇ ਗੁਰਮਤਿ ਦੀ ਮਿਆਰੀ ਕਿਤਾਬ ਇਨ੍ਹਾਂ ਥਾਵਾਂ ਤੋਂ ਨਹੀਂ ਲੱਭੇਗੀ। ਮਿਸ਼ਨਰੀ ਕਾਲਜਾਂ ਨੇ ਅਜਿਹੇ ਜੋੜ ਮੇਲਿਆਂ 'ਤੇ ਸਟਾਲਾਂ ਲਾ ਕੇ ਕੁੱਝ ਉਪਰਾਲੇ ਕੀਤੇ ਸਨ, ਉਹ ਭੀ ਪ੍ਰਬੰਧਕਾਂ ਨੂੰ ਹਜ਼ਮ ਨਹੀਂ ਹੋ ਰਹੇ। ਸਿੱਖ ਪੰਥ ਨੂੰ ਅਣਪੜ੍ਹ ਰੱਖਣ ਵਾਸਤੇ ਗੁਰਦਵਾਰਾ ਕਮੇਟੀਆਂ ਨੇ ਖੁੱਲ੍ਹੇ ਦਿਲ ਹਿੱਸਾ ਪਾਇਆ ਹੈ। ਗੁਰਮਤਿ ਬਾਰੇ ਜਾਣਨ ਲਈ ਦੁਨੀਆਂ ਵਿੱਚ ਜਗਿਆਸਾ ਹੈ ਪਰ ਦੁਨੀਆਂ ਦੀਆਂ ਪ੍ਰਮੁੱਖ ਬੋਲੀਆਂ ਵਿੱਚ ਸਿੱਖ ਸਾਹਿਤ ਮਿਲਦਾ ਹੀ ਨਹੀਂ। ਆਪਣੇ ਹੀ ਸਪੀਕਰ 'ਤੇ ਆਪਣੇ ਧਰਮ ਦੀ ਪ੍ਰਸੰਸਾ ਕਰਨ ਨਾਲ ਇਸ ਧਰਮ ਨੇ ਨਹੀਂ ਵਧਣਾ। ਇਸ ਲਈ ਸਕੂਲ, ਕਾਲਜ, ਖੇਲ੍ਹਣੇ ਪੈਣਗੇ। ਵੱਧ ਤੋਂ ਵੱਧ ਸਾਹਿਤ ਤਿਆਰ ਕਰ ਕੇ ਵਾਜਬ ਰੇਟਾਂ 'ਤੇ ਆਮ ਮਨੁੱਖ ਤੱਕ ਪੁਚਾਣਾ ਪਵੇਗਾ। ਜਿਵੇਂ ਉਪਰ ਜ਼ਿਕਰ ਕੀਤਾ ਗਿਆ ਸੀ ਕਿ ਲੁਧਿਆਣੇ ਦੇ ਪੁਸਤਕ ਮੇਲੇ ਵਿੱਚ, ਹਿੰਦੂ ਧਰਮ ਨਾਲ ਸਬੰਧਤ ਸਾਰੀਆਂ ਕਿਤਾਬਾਂ ਵਿਕ ਰਹੀਆਂ ਸਨ। ਇਸਾਈ ਧਰਮ ਵਾਲਿਆਂ ਦੀ ਆਪਣੀ ਦੁਕਾਨ ਲੱਗੀ ਹੋਈ ਸੀ। ਇਸਲਾਮ ਧਰਮ ਵਾਲਿਆਂ ਨੇ ਆਪਣੀ ਦੁਕਾਨ 'ਤੇ ਹੋਰ ਇਸਲਾਮਿਕ ਸਾਹਿਤ ਦੇ ਨਾਲ ਨਾਲ ਕੁਰਾਨ ਮਜੀਦ, ਕਈ ਬੋਲੀਆਂ ਵਿੱਚ ਅਨੁਵਾਦ ਕਰ ਕੇ ਵਿੱਕਰੀ ਲਈ ਰੱਖੀ ਹੋਈ ਸੀ ਪਰ ਹਾਏ ਬਾਬਾ ਨਾਨਕ ਜੀ! ਤੁਹਾਡੇ ਆਪਣੇ ਅਖਵਾਉਣ ਵਾਲੇ (ਸ਼੍ਰੋਮਣੀ ਕਮੇਟੀ) ਪ੍ਰਬੰਧਕਾਂ ਵੱਲੋਂ ਇੱਕ ਭੀ ਸਟਾਲ ਨਹੀਂ ਲਾਇਆ ਗਿਆ। ਇਹ ਨਹੀਂ ਚਾਹੁੰਦੇ ਕਿ ਕੋਈ ਗੁਰਮਤਿ ਬਾਰੇ ਗਿਆਨ ਹਾਸਲ ਕਰੇ। ਸਾਡੇ ਆਪਣੇ ਸਿੱਖ ਕੌਮ ਨੂੰ ਅਣਪੜ੍ਹ ਤੇ ਗੁਰਮਤਿ ਤੋਂ ਸੱਖਣੇ ਰੱਖਣ ਵਿੱਚ ਭਰਪੂਰ ਹਿੱਸਾ ਪਾ ਰਹੇ ਹਨ।

3. ਪੰਜਾਬ ਸਰਕਾਰ -

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਰਕਾਰਾਂ ਕੋਲ ਪੈਸਾ ਸਾਧਨ ਅਤੇ ਸ਼ਕਤੀ ਹੁੰਦੀ ਹੈ। ਹਰ ਇੱਕ ਸਰਕਾਰ ਦਾ ਨੈਤਿਕ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਨਾਗਰਿਕਾਂ ਦੀਆਂ ਲੋੜਾਂ ਪੂਰੀਆਂ ਕਰੇ। ਅਮਨ ਕਾਨੂੰਨ ਬਰਕਰਾਰ ਰੱਖਣਾ ਰੁਜ਼ਗਾਰ ਦੇ ਸਾਧਨ ਪੈਦਾ ਕਰਨੇ। ਬਿਜਲੀ, ਪਾਣੀ, ਖੇਤੀ, ਡਾਕਟਰੀ ਸਹੂਲਤਾਂ ਆਦਿ ਮੁਹਈਆ ਕਰਵਾਉਣੀਆਂ। ਹਰ ਇੱਕ ਸ਼ਹਿਰੀ ਨੂੰ ਸੌਖੀ ਅਤੇ ਮਿਆਰੀ ਵਿੱਦਿਆ ਦੇਣੀ ਸਰਕਾਰ ਦਾ ਮੁੱਢਲਾ ਫ਼ਰਜ਼ ਹੋਣਾ ਚਾਹੀਦਾ ਹੈ ਕਿਉਂਕਿ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਹੀ ਕਿਸੇ ਕਿੱਤੇ ਵਿੱਚ ਕਾਮਯਾਬੀ ਦੀ ਆਸ ਕੀਤੀ ਜਾ ਸਕਦੀ ਹੈ। ਪੰਜਾਬ ਸਰਕਾਰ ਕੋਲ ਅਜਿਹੀ ਕੋਈ ਨੀਤੀ

ਨਹੀਂ ਹੈ ਕਿ ਆਪਣੇ ਨਾਗਰਿਕਾਂ ਨੂੰ ਰੁਜ਼ਗਾਰ ਪੱਖੀ ਆਮ ਆਦਮੀ ਦੀ ਪਹੁੰਚ ਵਾਲੀ ਵਿੱਦਿਆ ਦੇਵੇ। ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਢੈਹ ਗਈਆਂ ਹਨ। ਪੜ੍ਹਾਉਣ ਲਈ ਲੋੜੀਂਦਾ ਸਾਮਾਨ ਨਹੀਂ ਹੈ। ਪੀਣ ਵਾਲਾ ਸਾਫ਼ ਪਾਣੀ ਨਹੀਂ ਹੈ। ਅਧਿਆਪਕਾਂ ਦੀ ਗਿਣਤੀ... ? ਪੜ੍ਹ ਕੇ ਗਸ਼ ਪੈਣ ਲਗਦੀ ਹੈ। ਸੰਗਰੂਰ ਜ਼ਿਲ੍ਹੇ ਵਿਚਲੇ ਇੱਕ ਕਸਬੇ ਮੂਨਕ ਤੋਂ ਸਕੂਲ ਦੇ ਮਾਸਟਰ ਨੇ ਰਿਟਾਇਰ ਹੋਣਾ ਸੀ। ਨੇੜੇ ਦਾ ਸਬੰਧੀ ਹੋਣ ਕਰ ਕੇ ਮੈਂ ਭੀ ਉਥੇ ਹਾਜ਼ਰ ਸਾਂ। ਰਵਾਇਤੀ ਲੈਕਚਰਾਂ ਤੋਂ ਮਗਰੋਂ, ਸਕੂਲ ਦੇ ਪ੍ਰਿੰਸੀਪਲ ਨੇ ਇੱਕ ਦਰਦਨਾਕ ਦ੍ਰਿਸ਼ ਸਾਡੇ ਸਾਹਮਣੇ ਰਖਦਿਆਂ ਸੰਬੋਧਨ ਕੀਤਾ- "ਵਿਦਾਇਗੀ ਸਮਾਗਮ 'ਤੇ ਆਏ ਸਤਿਕਾਰਯੋਗ ਵੀਰੋ ਤੇ ਭੈਣੋ। ਬਹੁਤ ਸਾਰੇ ਬੁਲਾਰਿਆਂ ਤੋਂ ਤੁਸੀਂ ਕਈ ਤਰ੍ਹਾਂ ਦੀ ਜਾਣਕਾਰੀ ਲੈ ਚੁੱਕੇ ਹੋ। ਮੈਂ ਕੋਈ ਲੈਕਚਰ ਨਹੀਂ ਦਿਆਂਗਾ। ਸਰਕਾਰੀ ਨੌਕਰ ਹੋਣ ਕਰ ਕੇ ਆਮ ਪਬਲਿਕ ਵਿੱਚ ਮੈਂ ਕੁੱਝ ਨਹੀਂ ਕਹਿ ਸਕਦਾ। ਜੇ ਤੁਹਾਡੇ ਵਿੱਚ ਕੋਈ ਪੱਤਰਕਾਰ ਹੋਵੇ, ਲੇਖਕ ਹੋਵੇ, ਰਾਜਸੀ ਪਹੁੰਚ ਵਾਲੇ ਧਰਮੀ ਪੁਰਖ ਹੋਵੇ ਤਾਂ ਪੰਜਾਬ ਵਾਸੀਆਂ ਨੂੰ ਵਿੱਦਿਆ ਦਾ ਗਿਆਨ ਦੇਣ ਵਾਸਤੇ, ਪੰਜਾਬ ਸਰਕਾਰ ਦੇ ਬੋਲੇ ਕੰਨਾਂ ਤੱਕ ਇਹ ਆਵਾਜ਼ ਜ਼ਰੂਰ ਪਹੁੰਚਾਵੇ। ਅਠਾਰਾਂ ਸਾਲ ਪਹਿਲਾਂ ਮੈਂ (ਪ੍ਰਿੰਸੀਪਲ) ਇਸ ਸਕੂਲ ਵਿੱਚ ਡਿਊਟੀ 'ਤੇ ਹਾਜ਼ਰ ਹੋਇਆ ਸੀ। ਉਸ ਵਕਤ ਇਥੇ ਸਕੂਲ ਸਟਾਫ਼ ਦੇ ਕੁੱਲ ਮੈਂਬਰ ਸਨ 48 ਤੇ ਵਿਦਿਆਰਥੀ ਸਨ ਕਰੀਬ 850, ਅੱਜ 18 ਸਾਲ ਬਾਅਦ ਇਥੇ ਸਟਾਫ਼ ਦੇ ਮੈਂਬਰ ਰਹਿ ਗਏ ਕੇਵਲ 14 ਤੇ ਵਿਦਿਆਰਥੀਆਂ ਦੀ ਗਿਣਤੀ ਹੋ ਗਈ ਹੈ ਬਾਰ੍ਹਾਂ ਸੌ। ਲੱਖ ਯਤਨ ਕਰ ਕੇ ਭੀ ਅਸੀਂ ਇਨ੍ਹਾਂ ਬੱਚਿਆਂ ਨਾਲ ਇਨਸਾਫ਼ ਨਹੀਂ ਕਰ ਸਕਦੇ। ਛੋਟੇ ਜਿਹੇ ਪੰਜਾਬ ਸੂਬੇ ਵਿੱਚ ਮਾਸਟਰਾਂ ਦੀਆਂ ਪੰਜਾਹ ਹਜ਼ਾਰ ਤੋਂ ਵੱਧ ਆਸਾਮੀਆਂ ਖ਼ਾਲੀ ਪਈਆਂ ਹਨ। ਕੋਈ ਅਕਾਲੀ, ਕੋਈ ਕਾਂਗਰਸੀ, ਕੋਈ ਸ਼੍ਰੋਮਣੀ ਕਮੇਟੀ, ਹੈ ਸਾਡਾ ਕੋਈ ਬਾਲੀ ਵਾਰਸ ?" ਮਾਸਟਰ ਜੀ ਦੇ ਅੱਖਾਂ ਵਿੱਚੋਂ ਹੰਝੂ ਵਹਿ ਰਹੇ ਸਨ। ਅਸੀਂ ਸਾਰੇ ਸੁੰਨ ਹੋਏ ਬੈਠੇ ਸਾਂ।

ਸੰਨ ਸੰਤਾਲੀ ਤੋਂ ਪਹਿਲਾਂ ਦਿੱਲੀ ਤੋਂ ਲੈ ਕੇ ਕੁੱਲੂ, ਕਾਂਗੜਾ ਤੇ ਕਸ਼ਮੀਰ ਸਮੇਤ, ਅਫ਼ਗਾਨਿਸਤਾਨ ਤੱਕ ਘਰ ਘਰ ਪੰਜਾਬੀ ਬੋਲੀ ਦੀਆਂ ਗੂੰਜਾਰਾਂ ਸਨ। ਮੇਰਠ ਰੇਲਵੇ ਸਟੇਸ਼ਨ ਦੇ ਨੇੜੇ ਸ਼ਹਿਰਾਂ ਦੀ ਦੂਰੀ ਦੱਸਣ ਵਾਲੇ ਮੀਲ ਪੱਥਰ ਅੰਗਰੇਜ਼ੀ, ਉਰਦੂ ਤੇ ਪੰਜਾਬੀ (ਗੁਰਮੁਖੀ ਅੱਖਰ) ਵਿੱਚ ਲੱਗੇ ਹੋਏ ਵੇਖੇ ਜਾ ਸਕਦੇ ਹਨ। ਪੰਜਾਬ ਵਿੱਚ ਸਰਕਾਰ ਭਾਵੇਂ ਕਾਂਗਰਸ ਦੀ ਹੋਵੇ ਤੇ ਭਾਵੇਂ ਅਕਾਲੀਆਂ ਦੀ। ਸਿੱਖ ਬਹੁਗਿਣਤੀ ਵਾਲਾ ਸੂਬਾ ਹੋਣ ਕਰ ਕੇ ਹਰ ਇੱਕ ਸਰਕਾਰ ਵਿੱਚ ਸਿੱਖ ਸ਼ਕਲਾਂ ਵਾਲਿਆਂ ਦੀ ਗਿਣਤੀ ਵੱਧ ਹੁੰਦੀ ਹੈ। ਮੁੱਖ ਮੰਤਰੀ ਤਾਂ ਹਰ ਵਾਰੀ ਸਿੱਖ ਵਿਅਕਤੀ ਹੀ ਹੁੰਦਾ ਹੈ। ਅਫ਼ਸੋਸ ਕਿ ਪੰਜਾਬੀ ਬੋਲੀ ਨੂੰ ਸਾਰਿਆਂ ਨੇ ਹੀ ਘੱਟੇ ਰੋਲਿਆ ਹੈ, ਬਣਦਾ ਮਾਣ ਦਿਵਾਉਣਾ ਤਾਂ ਦੂਰ ਦੀ ਗੱਲ। ਜਦੋਂ '47 ਵਿੱਚ ਦੇਸ਼ ਦੀ ਵੰਡ ਹੋਈ, ਉਸ ਵਕਤ ਪੰਜਾਬ ਵਾਂਗ ਬੰਗਾਲ ਭੀ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਪੂਰਬੀ ਬੰਗਾਲ, ਪੂਰਬੀ ਪਾਕਿਸਤਾਨ ਬਣ ਗਿਆ ਜੋ 1971 ਵਿੱਚ ਪਾਕਿਸਤਾਨ ਨਾਲੋਂ ਵੱਖ ਹੋ ਕੇ ਬੰਗਲਾ ਦੇਸ਼ ਅਖਵਾਇਆ। ਭਾਰਤ ਵਿਚਲਾ ਸੂਬਾ ਪੱਛਮੀ ਬੰਗਾਲ ਦੇ ਨਾਮ ਨਾਲ ਜਾਣਿਆ ਗਿਆ। ਦੋ ਅਲੱਗ ਦੇਸ਼ਾਂ ਵਿੱਚ ਵੰਡੇ ਜਾ ਕੇ ਭੀ ਦੋਵਾਂ

ਦੀ ਮਾਤ ਬੋਲੀ "ਬੰਗਲਾ" ਹੈ। ਇੱਧਰ ਸਾਡੇ "ਆਪਣੇ ਦੇਸ਼" ਦੇ ਅੰਦਰ ਦਿੱਲੀ ਵਿੱਚੋਂ ਪੰਜਾਬੀ ਦਾ ਖ਼ਾਤਮਾ। ਹਰਿਆਣੇ ਵਿੱਚ 40% ਸਿੱਖ ਤੇ 90% ਪੰਜਾਬੀ ਵਸੋਂ ਹੋਣ ਦੇ ਬਾਵਜੂਦ, ਪੰਜਾਬੀ ਨੂੰ ਦੇਸ਼ ਨਿਕਾਲਾ। ਹਿਮਾਚਲ ਪ੍ਰਦੇਸ਼ ਵਿੱਚ 80% ਪੰਜਾਬੀ ਬੋਲਣ ਵਾਲਿਆਂ ਦੇ ਬਾਵਜੂਦ ਭੀ, ਪੰਜਾਬੀ ਨੂੰ ਦਫਨ ਕਰ ਦਿੱਤਾ ਗਿਆ। ਜੰਮੂ ਕਸ਼ਮੀਰ ਵਿੱਚੋਂ ਪੰਜਾਬੀ ਨੂੰ ਫਾਂਸੀ ਲਾ ਦਿੱਤਾ ਗਿਆ। ਪੰਜਾਬ "ਆਪਣੇ ਘਰ" ਵਿੱਚ ਪੰਜਾਬੀ ਬੋਲੀ ਆਖਰੀ ਸਾਹਾਂ 'ਤੇ ਹੈ। ਭਾਵੇਂ ਬੋਲੀ ਦਾ ਧਰਮ ਨਾਲ ਸਿੱਧਾ ਸਬੰਧ ਨਹੀਂ ਹੁੰਦਾ ਪਰ ਭਾਰਤ ਸਰਕਾਰ ਨੇ ਅਤੇ ਪੰਜਾਬ ਦੇ ਫਿਰਕੂ ਹਿੰਦੂ ਟੋਲੇ ਨੇ ਪੰਜਾਬੀ ਨੂੰ ਸਿੱਖਾਂ ਦੀ ਬੋਲੀ ਗਰਦਾਨ ਦਿੱਤਾ। ਸਿੱਖ ਮੁਖੀਆਂ ਵੱਲੋਂ ਇਸ ਵੰਗਾਰ ਨੂੰ ਸਵੀਕਾਰ ਕਰਦਿਆਂ ਪੰਜਾਬੀ ਦੇ ਵਿਕਾਸ ਵਾਸਤੇ ਸਾਰੀ ਸਿਆਣਪ ਤੇ ਹਿੰਮਤ ਝੋਕ ਦੇਣੀ ਚਾਹੀਦੀ ਸੀ। ਸ਼੍ਰੋਮਣੀ ਕਮੇਟੀ (ਸਾਰੇ ਗੁਰਦਵਾਰੇ) ਨੂੰ ਵੱਧ ਤੋਂ ਵੱਧ ਪੈਸਾ ਵਿੱਦਿਆ ਦੇ ਪਸਾਰ ਲਈ ਖਰਚਣਾ ਚਾਹੀਦਾ ਸੀ। ਕਮੇਟੀ ਦੇ ਮੁਖੀਆਂ ਨੇ ਭੀ ਪੰਜਾਬੀ ਨਾਲ ਧ੍ਰੋਹ ਕਮਾਇਆ ਹੈ।

ਪੰਜਾਬ ਸਰਕਾਰ ਨੇ ਆਪਣੇ ਦਫ਼ਤਰਾਂ ਵਿੱਚ ਅੱਜ ਤੱਕ ਪੰਜਾਬੀ ਲਾਗੂ ਨਹੀਂ ਕੀਤੀ। ਦੁਕਾਨਾਂ ਦੇ ਬੋਰਡ, ਸੜਕਾਂ 'ਤੇ ਪਿਡਾਂ ਸ਼ਹਿਰਾਂ ਦੇ ਨਾਮ, ਦਫ਼ਤਰਾਂ ਦੇ ਬੋਰਡ ਅਜੇ ਤੱਕ ਹਿੰਦੀ, ਅੰਗਰੇਜ਼ੀ ਵਿੱਚ ਲੱਗੇ ਹੋਏ ਹਨ। ਪੰਜਾਬ ਤੋਂ ਖੋਹਿਆ ਇੱਕ ਹਿੱਸਾ ਚੰਡੀਗੜ੍ਹ, ਪੰਜਾਬ ਤੋਂ ਵਿਰਵਾ ਕਰ ਦਿੱਤਾ ਗਿਆ ਹੈ। ਪੰਜਾਬ ਦੇ ਮੁਖੀ (ਹਿੰਦੂ, ਸਿੱਖ ਤੇ ਕਾਂਗਰਸੀ) ਹਰਿਆਣਾ, ਹਿਮਾਚਲ ਤੇ ਦਿੱਲੀ ਵਿੱਚ ਪੰਜਾਬੀ ਨੂੰ ਬਣਦਾ ਸਥਾਨ ਦੇਣ ਵਾਸਤੇ ਕਦੀ ਕੇਂਦਰ ਨਾਲ ਗੰਭੀਰਤਾ ਸਹਿਤ ਮੁੱਦਾ ਨਹੀਂ ਉਠਾ ਸਕੇ। ਗੁਆਂਢੀ ਰਾਜਾਂ ਦੀਆਂ ਸਰਕਾਰਾਂ ਨਾਲ ਮੇਲ ਕਰ ਕੇ, ਪੰਜਾਬੀ ਨੂੰ ਬਣਦਾ ਰੁਤਬਾ ਨਾ ਦਿਵਾ ਸਕੇ। ਹੋਰ ਤਾਂ ਹੋਰ ਆਪਣੇ ਪੰਜਾਬ ਵਿੱਚ ਹੀ ਸਕੂਲਾਂ, ਕਾਲਜਾਂ ਵਿੱਚ ਪੰਜਾਬੀ ਨੂੰ ਲਾਜ਼ਮੀ ਕਰਾਰ ਨਾ ਦੇ ਸਕੇ। ਭਾਰਤ ਦੇ ਕਿਸੇ ਭੀ ਸੂਬੇ ਵਿੱਚ ਆਪਣੀ ਮਾਤ ਬੋਲੀ ਤਿਆਗ ਕੇ ਹੋਰ ਬੋਲੀ ਨੂੰ ਪ੍ਰਮੁੱਖਤਾ ਦੇਣ ਵਾਲੇ ਸਕੂਲ, ਕਾਲਜਾਂ ਨੂੰ ਉਥੋਂ ਦੀਆਂ ਸਰਕਾਰਾਂ ਮਾਨਤਾ ਨਹੀਂ ਦਿੰਦੀਆਂ। ਉਥੋਂ ਦੇ ਲੋਕ ਜ਼ਬਰਦਸਤ ਵਿਰੋਧ ਪ੍ਰਗਟ ਕਰਦੇ ਹਨ। ਮਜਬੂਰੀ ਵੱਸ ਪੰਜਾਬੀ ਬੋਲੀ ਦੇ ਸਪੂਤ ਸਿੱਖਾਂ ਨੂੰ ਬਣਾ ਦਿੱਤਾ ਗਿਆ ਸੀ ਪਰ ਇਹ ਭੀ ਸਪੂਤ ਨਾ ਹੋ ਕੇ ਕਪੂਤ ਹੀ ਨਿਕਲੇ। ਸਾਹਿਤਕਾਰਾਂ ਨੂੰ ਕੇਵਲ ਸਨਮਾਨ ਦੇਣ ਨਾਲ ਪੰਜਾਬੀ ਦੀ ਚੜ੍ਹਦੀਕਲਾ ਨਹੀਂ ਹੋਣੀ। ਕਾਰਾਂ ਦੇ ਕਾਫ਼ਲੇ 'ਤੇ ਬਾਡੀ ਗਾਰਡਾਂ ਦੀ ਫ਼ੌਜ ਦੇ ਖ਼ਰਚੇ ਘਟਾ ਕੇ, ਪੰਜਾਬੀ ਯੂਨੀਵਰਸਿਟੀ ਦਾ ਘਾਟਾ ਪੂਰਾ ਕਰਨਾ ਬਣਦਾ ਹੈ। ਭਾਸ਼ਾ ਵਿਭਾਗ ਦਾ ਲਗਪਗ ਦਿਵਾਲਾ ਨਿਕਲ ਚੁੱਕਿਆ ਹੈ। ਹੈ ਕਿਸੇ ਨੂੰ ਫ਼ਿਕਰ ?

ਹਰ ਸਾਲ ਅਕਤੂਬਰ ਮਹੀਨੇ ਦੇ ਆਖਰੀ ਹਫ਼ਤੇ ਜਲੰਧਰ, ਦੇਸ਼ ਭਗਤ ਯਾਦਗਾਰ ਹਾਲ ਵਿੱਚ, ਗ਼ਦਰੀ ਬਾਬਿਆਂ ਨੂੰ ਸਮਰਪਿਤ ਭਾਰੀ ਮੇਲਾ ਲਗਦਾ ਹੈ। ਉਸ ਮੇਲੇ ਵਿੱਚ ਕਵਿਤਾ ਮੁਕਾਬਲੇ, ਗੀਤ ਗਜ਼ਲ ਮੁਕਾਬਲੇ ਕੀਰਤਨ, ਨਾਟਕ ਤੇ ਜਾਦੂ ਵਾਲੇ ਟਰਿੱਕ ਵਿਖਾ ਕੇ ਆਏ ਵਿਅਕਤੀਆਂ ਦਾ ਮਨੋਰੰਜਨ ਕੀਤਾ ਜਾਂਦਾ ਹੈ ਤੇ ਗਿਆਨ ਵਿੱਚ ਵਾਧਾ ਕਰਦੇ ਹਨ। ਇਸ ਦੇ ਇੱਕ ਮੁੱਖ ਗਰਾਊਂਡ ਵਿੱਚ, ਪੰਜਾਬ ਭਰ ਵਿੱਚੋਂ ਆਏ ਪ੍ਰਕਾਸ਼ਕ

ਕਿਤਾਬਾਂ ਦੇ ਸਟਾਲ ਲਾਉਂਦੇ ਹਨ। ਹਰ ਸਾਲ 60 ਤੋਂ 70 ਦੇ ਵਿਚਕਾਰ ਕਿਤਾਬਾਂ ਦੇ ਸਟਾਲ ਲਗਦੇ ਹਨ। ਖ਼ਾਸ ਧਿਆਨਯੋਗ ਨੁਕਤਾ ਇਹ ਕਿ ਇੱਕ ਜ਼ਿੰਮੇਵਾਰ ਵਿਅਕਤੀ ਕਿਤਾਬਾਂ 'ਤੇ ਨਿਗਰਾਨੀ ਕਰਦਿਆਂ "ਗ਼ਲਤ" ਕਿਤਾਬਾਂ ਚੁਕਵਾ ਦਿੰਦਾ ਹੈ। ਅਕਤੂਬਰ 2007 ਵਿੱਚ ਮੈਂ ਪਹਿਲੀ ਵਾਰ ਆਪਣੀਆਂ ਕਿਤਾਬਾਂ ਦੀ ਉਥੇ ਸਟਾਲ ਲਾਈ। ਪ੍ਰਬੰਧਕਾਂ ਨੇ ਬਾਰ ਬਾਰ ਮੇਰੀਆਂ ਕਿਤਾਬਾਂ ਨੂੰ ਪੜ੍ਹਿਆ-ਪਰਖਿਆ। ਕਿਤੇ ਕੋਈ ਪਾਖੰਡ ਨਾ ਹੋਵੇ, ਇਨਸਾਨਾਂ ਵਿੱਚ ਵੰਡੀਆਂ ਪਾਉਣ ਵਾਲਾ ਮੈਟਰ ਨਾ ਹੋਵੇ। ਤਰਕਸ਼ੀਲਤਾ ਤੋਂ ਕੋਈ ਲਿਖਤ ਵਿਰੁੱਧ ਨਾ ਹੋਵੇ। ਤਸੱਲੀ ਕਰ ਲੈਣ ਤੋਂ ਬਾਅਦ ਮੈਨੂੰ ਸਟਾਲ ਲਾਉਣ ਦੀ ਇਜਾਜ਼ਤ ਦਿੱਤੀ ਗਈ। ਮੈਂ ਹੱਸਦਿਆਂ ਉਥੋਂ ਦੇ ਪ੍ਰਬੰਧਕਾਂ ਨੂੰ ਆਖਿਆ, "ਤੁਸੀਂ ਮੈਨੂੰ" "ਕਾਮਰੇਡ" ਨਹੀਂ ਮੰਨਦੇ, ਤਖ਼ਤਾਂ ਦੇ ਜਥੇਦਾਰ ਮੈਨੂੰ ਸਿੱਖ ਨਹੀਂ ਮੰਨਦੇ। ਡੇਰੇਦਾਰ ਸਾਧ ਮੈਨੂੰ ਸ਼ਰਧਾਵਾਨ ਧਰਮੀ ਨਹੀਂ ਮੰਨਦੇ। ਕ੍ਰਿਪਾ ਕਰ ਕੇ ਤੁਸੀਂ ਹੀ ਦੱਸ ਦਿਓ ਕਿ ਮੈਂ ਕੀ ਹਾਂ ?"

ਪੰਜਾਬੀ ਬੋਲੀ ਦੇ ਵਿਕਾਸ ਵਾਸਤੇ ਹਰ ਇੱਕ ਵਫ਼ਾਦਾਰ ਪੁੱਤਰ ਨੂੰ ਆਪਣੀ ਮਾਂ (ਪੰਜਾਬੀ) ਬੋਲੀ ਦੇ ਵਿਕਾਸ ਵਾਸਤੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਆਪਣਾ ਬਣਦਾ ਸਰਦਾ ਯੋਗਦਾਨ ਪਾਉਣਾ ਚਾਹੀਦਾ ਹੈ।

★★★★★★

"ਕੂੜੁ ਬੋਲਿ ਮੁਰਦਾਰੁ ਖਾਇ..."

ਗਿਆਨੀ ਜੈਲ ਸਿੰਘ 1972 ਵਿੱਚ ਪੰਜਾਬੀ ਦਾ ਮੁੱਖ ਮੰਤਰੀ ਬਣਿਆ ਸੀ। ਅਕਾਲੀਆਂ ਨੂੰ "ਧਰਮ ਯੁੱਧ ਮੋਰਚਿਆਂ" ਵੱਲੋਂ ਭੁਆਟਣੀ ਦੇ ਕੇ, ਉਸ ਨੇ "ਧਰਮ ਯਾਤਰਾਵਾਂ" ਵੱਲ ਮੋੜ ਲਿਆ। ਸੰਨ 1973 ਵਿੱਚ ਜੈਲ ਸਿੰਘ ਨੇ ਪੰਜਾਬ ਸਰਕਾਰ ਦੇ ਖ਼ਰਚੇ 'ਤੇ ਆਨੰਦਪੁਰ ਤੋਂ ਤਲਵੰਡੀ ਸਾਬੋ ਤੱਕ ਇੱਕ ਵਿਸ਼ਾਲ ਯਾਤਰਾ "ਗੁਰੂ ਗੋਬਿੰਦ ਸਿੰਘ ਮਾਰਗ" ਦੇ ਨਾਮ ਤਹਿਤ ਕੱਢੀ। ਸਾਰੀ ਪੰਜਾਬ ਸਰਕਾਰ "ਗੁਰੂ ਜੀ ਦੇ ਰਾਹ 'ਤੇ ਚੱਲ ਪਈ"। ਇਸ "ਧਰਮ ਕਾਰਜ" ਵਿੱਚ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਆਮ ਮਾਈ ਭਾਈ ਤਿਲ ਫੁਲ ਅਰਪਣ ਕਰ ਕੇ, ਖ਼ੁਦ ਸ਼ਾਮਲ ਹੋ ਕੇ ਆਪਣਾ "ਜੀਵਨ ਸਫ਼ਲਾ" ਕਿਉਂ ਨਾ ਕਰਨ ? 620 ਕਿਲੋ ਮੀਟਰ ਲੰਬਾ ਸੜਕੀ ਰਸਤਾ, ਚਾਰ ਦਿਨਾਂ ਵਿੱਚ ਤੈਹ ਕਰ ਕੇ, ਤਲਵੰਡੀ ਸਾਬੋ (ਦਮਦਮਾ) ਸਮਾਪਤ ਹੋਇਆ।

ਇਸ "ਸੋਭਾ ਯਾਤਰਾ" ਵਿੱਚ ਸਾਰਿਆਂ ਦੀ ਖਿੱਚ ਦਾ ਕੇਂਦਰ ਸਨ, ਸਜੀ ਹੋਈ ਖੁੱਲੀ ਗੱਡੀ ਵਿੱਚ ਖੜੇ ਦੋ "ਪੂਜਣਯੋਗ" ਘੋੜੇ। ਗੁਰੂ ਗ੍ਰੰਥ ਸਾਹਿਬ ਤਾਂ ਸਾਰੇ ਥਾਈਂ ਮੌਜੂਦ ਹਨ। ਕਿਤੇ ਭੀ ਕਦੇ ਭੀ ਮੱਥਾ ਟੇਕਿਆ ਜਾ ਸਕਦਾ ਹੈ। ਭਾਵੇਂ ਗੁਰਬਾਣੀ ਰਾਹੀਂ ਪੈਂਤੀ ਮਹਾਂਪੁਰਖਾਂ ਨੇ ਆਪਣੀ ਜ਼ਿੰਦਗੀ ਦਾ ਨਿਚੋੜ ਪੇਸ਼ ਕੀਤਾ ਹੈ। ਭਾਵੇਂ ਸਾਰੇ ਕਰਮ ਕਾਂਡਾਂ ਤੋਂ ਮੁਕਤ ਕੀਤਾ ਹੈ। ਭਾਵੇਂ ਗੁਰਬਾਣੀ ਨੂੰ ਸਮਝ ਕੇ ਸਿਆਣਪ ਨਾਲ ਜੀਵਨ ਬਤੀਤ ਕਰਨ ਦਾ ਹੁਕਮ ਹੈ। ਭਾਵੇਂ ਗੁਰਬਾਣੀ ਨੇ ਸਰੀਰ ਪੂਜਾ ਤੋਂ ਸ਼ਖ਼ਤੀ ਨਾਲ ਵਰਜਿਆ ਹੈ। ਦਸਮ ਪਾਤਿਸ਼ਾਹ ਹਜ਼ੂਰ ਖ਼ੁਦ ਗੁਰੂ ਗ੍ਰੰਥ ਸਾਹਿਬ ਦੀ ਦੇ ਤਾਬਿਆ ਚੱਲਣ ਦਾ ਹੁਕਮ ਦੇ ਗਏ ਹਨ ਪਰ ਚਾਰੇ ਖੰਨੇ ਵਰਤ ਰਹੇ ਵਰਤਾਰੇ ਵੇਖ ਕੇ ਇਉਂ ਮਹਿਸੂਸ ਹੁੰਦਾ ਹੈ ਕਿ ਆਮ "ਸਿੱਖ" ਤਾਂ ਕੁਰਾਹੇ ਪਿਆ ਹੀ ਸੀ, ਸਗੋਂ ਸਿੱਖਾਂ ਦੇ ਮੁਖੀ ਵੱਧ ਗਰਕੇ ਹੋਏ ਵੇਖੇ ਜਾ ਸਕਦੇ ਹਨ। ਦਸਮ ਪਾਤਿਸ਼ਾਹ ਦੇ ਘੋੜੇ ਦੀ "ਵੈਸ਼" ਵਿੱਚੋਂ ਦੋ ਘੋੜੇ ਇਸ ਯਾਤਰਾ ਵਿੱਚ ਸਭ ਦਾ ਧਿਆਨ ਖਿੱਚ ਰਹੇ ਸਨ। ਲੋਕ ਰੁਪਏ ਰੱਖ ਕੇ, "ਘੋੜੇ ਸਾਹਿਬ" ਜੀ ਨੂੰ ਨਮਸਕਾਰਾਂ ਕਰ ਰਹੇ ਸਨ। ਘੋੜਿਆਂ ਦੀ ਲਿੱਦ (ਪਖਾਨਾ) ਸ਼ਰਧਾ ਸਹਿਤ ਇੱਕ ਦੂਜੇ ਤੋਂ ਅੱਗੇ ਵੱਧ ਕੇ, ਧੱਕਾ ਮੁੱਕੀ ਕਰ ਕੇ, ਇਸ ਅਜ਼ਲੀ ਰਹਿਮਤ ਨੂੰ ਸੰਭਾਲ ਕੇ, ਘਰਾਂ ਨੂੰ ਲਿਜਾ ਰਹੇ ਸਨ। ਇਹ ਕੋਈ ਆਮ ਜਾਨਵਰ ਨਹੀਂ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੀ "ਪੂਜਣਯੋਗ ਸੰਤਾਨ" ਸਨ।

ਗਿਆਰਾਂ ਫ਼ਰਵਰੀ (2009) ਨੂੰ ਅਖ਼ਬਾਰਾਂ ਵਿੱਚ ਪੜ੍ਹਿਆ ਕਿ ਹਰਿਆਣੇ ਦੇ ਗੁਰਦਵਾਰਾ ਪ੍ਰਬੰਧਕਾਂ ਨੇ ਹਜ਼ੂਰ ਸਾਹਿਬ ਤੋਂ ਇੱਕ ਅਤਿ ਸੁੰਦਰ ਸਫ਼ੇਦ ਘੋੜਾ ਲਿਆਂਦਾ ਹੈ। ਗੁਰੂ ਗੋਬਿੰਦ ਸਿੰਘ ਵੱਲੋਂ ਵਰੋਸਾਏ (ਵਰਤੇ) ਘੋੜੇ ਦੇ "ਖ਼ਾਨਦਾਨ" ਵਿੱਚੋਂ ਹੋਣ ਕਰ ਕੇ, ਲੋਕੀਂ ਵਹੀਰਾਂ ਘੱਤ ਕੇ ਇਸ ਦੇ "ਦਰਸ਼ਨਾਂ ਰਾਹੀਂ ਆਪਣਾ ਜਨਮ ਸਫ਼ਲਾ ਕਰ ਰਹੇ ਸਨ।" ਇੱਧਰ ਪੰਜਾਬ ਵਿਚਲੇ ਗੁਰਦਵਾਰਿਆਂ ਦੇ ਪ੍ਰਧਾਨ ਭਾਈ ਅਵਤਾਰ ਸਿੰਘ ਮੱਕੜ ਤੋਂ ਇਹ

ਬਰਦਾਸ਼ਤ ਨਾ ਹੋਇਆ। ਉਸ ਨੇ ਐਲਾਨ ਕਰ ਦਿੱਤਾ ਕਿ "ਸਬੰਧਤ ਘੋੜਾ ਕਿਸੇ ਵਾਪਾਰੀ ਤੋਂ ਖ਼ਰੀਦਿਆ ਗਿਆ ਹੈ, ਅਸਲੀ "ਖ਼ਾਨਦਾਨੀ" ਘੋੜਾ ਨਹੀਂ ਹੈ।" ਹਰਿਆਣਾ ਕਮੇਟੀ ਦੇ ਪ੍ਰਧਾਨ ਭਾਈ ਜਗਦੀਸ਼ ਸਿੰਘ ਝੀਂਡਾ ਨੇ "ਪੂਰੇ ਜਲਾਲ ਅਤੇ ਧਾਰਮਕ ਜੋਸ਼" ਵਿੱਚ ਬਿਆਨ ਦਾਗਿਆ ਕਿ "ਜਿਥੇ ਭਾਈ ਅਵਤਾਰ ਸਿੰਘ ਮੱਕੜ ਨੇ ਸਾਡੀ ਬੇਇੱਜ਼ਤੀ ਕੀਤੀ ਹੈ, ਉਥੇ ਨਾਲ ਹੀ ਸਾਡੀ "ਧਾਰਮਕ ਸ਼ਰਧਾ" ਨੂੰ ਠੇਸ ਪੁਚਾਈ ਹੈ। ਭਾਈ ਅਵਤਾਰ ਸਿੰਘ ਮੱਕੜ ਵੱਲੋਂ ਕੀਤੀ ਗਈ ਕੋਤਾਹੀ ਦੀ ਅਸੀਂ "ਪੰਜਾਂ ਤਖ਼ਤਾਂ ਦੇ ਸਿੰਘ ਸਾਹਿਬਾਨਾਂ" ਸਨਮੁੱਖ ਸ਼ਿਕਾਇਤ ਕਰਾਂਗੇ। ਜੇਕਰ "ਜਥੇਦਾਰਾਂ" ਨੇ ਸਾਡੀ ਸੁਣਵਾਈ ਨਾ ਕੀਤੀ ਤਾਂ ਅਸੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਅਰਜੀ ਦਾਖ਼ਲ ਕਰ ਕੇ ਇਨਸਾਫ਼ ਦੀ ਮੰਗ ਕਰਾਂਗੇ। ਸਾਡਾ ਲਿਆਂਦਾ ਘੋੜਾ ਅਸਲੀ ਖ਼ਾਨਦਾਨੀ ਘੋੜਾ ਹੈ।"

ਪੰਜਾਬ ਦੇ ਸਿੱਖਾਂ ਦਾ ਪ੍ਰਧਾਨ ਭਾਈ ਅਵਤਾਰ ਸਿੰਘ ਮੱਕੜ। ਹਰਿਆਣੇ ਦੇ ਸਿੱਖਾਂ ਦੀ ਕਮੇਟੀ ਦਾ ਪ੍ਰਧਾਨ ਭਾਈ ਜਗਦੀਸ਼ ਸਿੰਘ ਝੀਂਡਾ। ਦੋ ਸਟੇਟਾਂ ਦੇ ਦੋ ਪ੍ਰਧਾਨ, ਸਿੱਖ ਕੌਮ ਦੀ ਬੇੜੀ ਦੇ ਮਲਾਹ। ਸਿੱਖ ਕੌਮ ਨੂੰ ਸਰਬੱਪੱਖੀ ਅਗਵਾਈ ਦੇਣ ਦੇ ਦਾਹਵੇਦਾਰ। ਸ਼ਬਦ ਗੁਰੂ ਨੂੰ ਨਮਸਕਾਰਾਂ ਕਰਨ ਵਾਲੇ। ਗੁਰਮਤਿ ਦਾ ਚਾਨਣ ਘਰ ਘਰ ਪੁਚਾਣ ਦਾ ਢੰਡੋਰਾ ਨਿੱਤ ਪਿੱਟਣ ਵਾਲੇ...। ਇੱਕ ਘੋੜੇ ਦੇ ਵਿਵਾਦ ਵਿੱਚ ਉਲਝੇ, ਪਸੀਨੋ ਪਸੀਨਾ ਹੋਏ ਖੜੇ ਹਨ। ਕਿੰਨੀ ਮਹਾਨ ਪੰਥਕ ਸੇਵਾ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਵਾਲੇ ਗੁਰੂ ਦੀ ਛੋਹ ਪ੍ਰਾਪਤ ਕਦੀ ਲੋਟਾ (ਰਾਏ ਕੱਲੇ ਦੇ ਖ਼ਾਨਦਾਨ ਵਾਲਾ ਅਖੌਤੀ) ਰੱਖ ਕੇ ਸੰਗਤਾਂ ਤੋਂ ਮੱਥਾ ਟਿਕਵਾਉਂਦੇ ਹਨ। ਕਦੀ ਸਾਈਂ ਮੀਆਂ ਮੀਰ ਨੂੰ ਪੰਜਵੇਂ ਪਾਤਿਸ਼ਾਹ ਵੱਲੋਂ ਦਿੱਤੀ ਗਈ ਤਥਾ ਕਥਿਤ ਮਾਲਾ, ਦਰਸ਼ਨਾਂ ਲਈ ਰੱਖ ਦਿੰਦੇ ਹਨ। ਕਦੀ ਭਾਈ ਮਰਦਾਨਾ ਜੀ ਦੇ ਖ਼ਾਨਦਾਨ ਵਾਲੇ (ਅਖੌਤੀ) ਕੀਤਰਨੀਆਂ ਨੂੰ ਸਟੇਜ 'ਤੇ ਬਿਰਾਜਮਾਨ ਕਰਵਾ ਦਿੰਦੇ ਹਨ। ਇਨ੍ਹਾਂ ਪਰਦਰਸ਼ਨੀਆਂ ਨਾਲ ਭੋਲੇ ਸ਼ਰਧਾਲੂਆਂ ਨੂੰ ਖ਼ੂਬ ਲੁੱਟਦੇ ਹਨ। ਗਿਆਨ ਨਾਮ ਦੀ ਕੋਈ ਚੀਜ਼ ਸੰਗਤਾਂ ਦੇ ਪੱਲੇ ਨਹੀਂ ਪਾਉਂਦੇ।

ਹਰਿਆਣਾ ਗੁਰਦਵਾਰਾ ਕਮੇਟੀ ਦੇ (ਕੱਚੇ) ਪ੍ਰਧਾਨ ਨੇ, ਗੁਰੂ ਗੋਬਿੰਦ ਸਿੰਘ ਦੇ ਘੋੜੇ ਦੀ "ਵੰਸ਼" ਵਿੱਚੋਂ ਇੱਕ ਘੋੜਾ ਵਿਖਾ ਕੇ ਜੇ ਲੋਕਾਂ ਵਿੱਚ ਮਕਬੂਲ ਹੋ ਗਿਆ ਤਾਂ ਪੰਜਾਬ ਦੀ ਗੁਰਦਵਾਰਾ ਕਮੇਟੀ ਲਈ ਇੱਕ ਖ਼ਤਰਨਾਕ ਸ਼ਰੀਕ ਪੈਦਾ ਹੋ ਗਿਆ। ਕੋਈ ਭੀ ਹੀਲਾ ਵਰਤ ਕੇ ਉਸ ਨੂੰ ਵਧਣੋਂ ਰੋਕਿਆ ਜਾਵੇ। ਇਉਂ ਪ੍ਰਤੀਤ ਹੁੰਦਾ ਹੈ ਕਿ (ਲੀਡਰਾਂ ਦੀ ਬਦੌਲਤ) ਸਿੱਖ ਮਨਾਂ ਵਿੱਚੋਂ ਗੁਰੂ ਸਾਹਿਬ ਦੀ ਪਾਵਨ ਬਾਣੀ ਵਿੱਸਰ ਚੁੱਕੀ ਹੈ। ਸਤਿਗੁਰੂ ਵੱਲੋਂ ਕੀਤੇ ਉਪਕ੍ਰਾਰ ਭੁੱਲ ਚੁੱਕੇ ਹਨ। ਗੁਰੂ ਵਰੋਸਾਏ ਸਿੱਖ ਸੂਰਮਿਆਂ ਵੱਲੋਂ ਬਹਾਦਰੀ ਭਰੇ ਲਾਸਾਨੀ ਕਾਰਨਾਮੇ ਖੂਹ ਖਾਤੇ ਪੈ ਗਏ ਹਨ। ਸਿੱਖ ਪੰਥ ਦੀ ਅੱਜ ਜੋ ਦੁਰਗਤ ਹੋ ਰਹੀ ਹੈ, ਇਸ ਦਾ ਕਿਸੇ ਨੂੰ ਫ਼ਿਕਰ ਨਹੀਂ ਹੈ। ਸਿੱਖਾਂ ਦਾ ਘਰ, ਪੂਰਾ ਪੰਜਾਬ ਬਰਬਾਦੀ ਦੀ ਕਗਾਰ 'ਤੇ ਪਹੁੰਚ ਗਿਆ ਹੈ, ਲੀਡਰਾਂ ਦੀ ਜਾਣੇ ਬਲਾ। ਦੋ ਸਟੇਟਾਂ ਦੇ ਦੋ ਸਿੱਖ ਆਗੂ, ਘੋੜਿਆਂ ਦਾ "ਖ਼ਾਨਦਾਨ" ਲੱਭਣ ਲੱਗੇ ਹੋਏ ਹਨ।

ਗੁਰੂ ਨਾਨਕ ਬਾਬਾ ਜੀ ਦੀ ਸਿੱਖਿਆ ਨੂੰ ਸਮਝਣ ਵਾਲੇ, ਚੰਗੀ ਤਰ੍ਹਾਂ ਜਾਣਦੇ ਹਨ

ਕਿ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ, ਗੁਰੂ ਅੰਸ਼ ਹੋਣ ਕਾਰਨ ਸਤਿਕਾਰ ਦੇ ਪਾਤਰ ਨਹੀਂ ਬਣ ਸਕੇ। ਗੁਰੂ ਦਾ ਹੁਕਮ ਮੰਨਣ ਵਾਲਾ ਭਾਈ ਲਹਿਣਾ, ਪਰਵਾਨ ਹੋ ਕੇ ਗੁਰੂ ਪਦਵੀ ਨੂੰ ਪੁੱਜਿਆ ਸੀ। ਪਿਰਥੀ ਚੰਦ, ਧੀਰ ਮੱਲ ਤੇ ਰਾਮ ਰਾਏ ਭੀ ਗੁਰੂ ਕੀ ਵੰਸ਼ ਵਿੱਚੋਂ ਸਨ। ਉਨ੍ਹਾਂ ਨੂੰ ਗੁਰੂ ਵੱਲੋਂ ਕੀਤੇ ਮੰਦੇ ਵਿਹਾਰ ਕਾਰਨ, ਅਪਮਾਨ ਝੱਲਣਾ ਪਿਆ। ਚਾਰ ਸਾਹਿਬਜ਼ਾਦਿਆਂ ਨੂੰ ਮਾਣ ਝੂਗੇ ਵਿੱਚੋਂ ਨਹੀਂ ਸੀ ਮਿਲਿਆ। ਉਨ੍ਹਾਂ ਆਪਣਾ ਖ਼ੂਨ ਵਹਾ ਕੇ, ਸਰੀਰ ਦੇ ਡੱਕਰੇ ਕਰਵਾ ਕੇ, ਮਾਣ ਪਾਇਆ ਹੈ। ਕਿਸੇ ਸੋਢੀ, ਕਿਸੇ ਬੇਦੀ ਨੂੰ ਗੁਰੂ ਸਾਹਿਬ ਨੇ ਵਾਧੂ ਰਿਆਇਤ ਨਹੀਂ ਦਿੱਤੀ। ਸਗੋਂ ਪੰਜਾਂ ਪਿਆਰਿਆਂ ਨੂੰ ਕਿਤੇ ਵੱਧ ਆਦਰ ਮਾਣ ਦਿੱਤਾ ਪਰ ਸਿੱਖਾਂ ਦੀ ਅਕਲ ਦਾ ਜਨਾਜ਼ਾ ਨਿਕਲਿਆ ਵੇਖੋ, ਇਹ ਘੋੜਿਆਂ ਦੀ ਪੂਜਾ ਕਰ ਕੇ ਸੱਚੇ ਸੁੱਖ ਦੀ ਭਾਲ ਕਰ ਰਹੇ ਹਨ ਕਿਉਂਕਿ ਇਹ ਘੋੜੇ (ਅਖੌਤੀ ਤੌਰ 'ਤੇ) ਦਸਵੇਂ ਪਾਤਿਸ਼ਾਹ ਦੇ ਘੋੜੇ ਦੀ ਔਲਾਦ ਹਨ। ਅਜਿਹੇ ਹਥਕੰਡੇ ਵਰਤ ਕੇ ਸਿੱਖਾਂ ਦੇ ਮੁਖੀ, ਦੌਲਤ ਦੀਆਂ ਬੋਰੀਆਂ ਭਰ ਰਹੇ ਹਨ ਤੇ ਆਪਣੀਆਂ ਲੀਡਰੀਆਂ ਚਮਕਾ ਰਹੇ ਹਨ, ਸਿੱਖੀ ਪਵੇ ਖੂਹ ਵਿੱਚ ਕਿਸੇ ਨੂੰ ਫ਼ਿਕਰ ਨਹੀਂ ਹੈ।

ਸੰਨ 2004 ਵਿੱਚ ਹੋਈਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੇ ਸਰੋਵਰ ਦੀ "ਕਾਰ ਸੇਵਾ (ਸਫ਼ਾਈ ਕਰਨੀ) ਦਾ ਪੁੰਨ" ਖੱਟਿਆ ਸੀ। ਪੂਰੀ "ਧਾਰਮਕ ਸ਼ਰਧਾ" ਨਾਲ ਭਾਜਪਾ ਦਾ ਪ੍ਰਮੁੱਖ ਆਗੂ ਅਡਵਾਨੀ ਵਿਸ਼ੇਸ਼ ਤੌਰ 'ਤੇ ਸਾਥੀਆਂ ਸਮੇਤ "ਸੇਵਾ" ਵਿੱਚ ਹਾਜ਼ਰ ਹੋਇਆ ਸੀ। ਫਿਰ ਤਰਨ ਤਾਰਨ ਵਿੱਚ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਪੁਰਬ ਅਜਿਹੀ "ਸ਼ਾਨੋ ਸ਼ੌਕਤ" ਨਾਲ ਮਨਾਇਆ ਕਿ ਕਰੋੜਾਂ ਰੁਪਏ ਇਕੱਤਰ ਹੋ ਗਏ। ਕੁਰਬਾਨੀ ਪੰਜਵੇਂ ਨਾਨਕ ਦੀ, ਸਿਰੋਪੇ-ਮੀਮੈਂਟੋ-ਹਾਰ-ਸਨਮਾਨ ਚਿੰਨ੍ਹ ਲੀਡਰ ਲੋਕ ਇੱਕ ਦੂਜੇ ਨੂੰ ਬਖ਼ਸ਼ ਰਹੇ ਸਨ। ਤਸੀਹੇ ਝੱਲੇ ਸਤਿਗੁਰੂ ਜੀ ਨੇ, ਕਰੋੜਾਂ ਦੀ ਆਮਦਨੀ ਲੀਡਰ ਲੋਕਾਂ ਨੂੰ। ਇਹੀ ਲੀਡਰ ਲੋਕ ਧਰਮੀ ਹੋਣ ਦਾ ਪਾਖੰਡ ਕਰ ਕੇ, ਆਮ ਲੋਕਾਈ ਦੀਆਂ ਧਾਰਮਕ ਭਾਵਨਾਵਾਂ ਨੂੰ ਵੋਟਾਂ ਵਿੱਚ ਬਦਲ ਲੈਂਦੇ ਹਨ। ਸ੍ਰੀਮਤੀ ਸੁਰਿਦਰ ਕੌਰ ਬਾਦਲ ਨੂੰ ਅੱਜ ਕੱਲ੍ਹ "ਲੰਗਰ ਦੀ ਸੇਵਾ" ਦਾ ਬੜਾ ਖ਼ਬਤ ਚੜ੍ਹਿਆ ਹੋਇਆ ਹੈ। ਪੰਜਾਬ ਦੀਆਂ ਲਟਕੀਆਂ ਹੋਈਆਂ ਮੰਗਾਂ ਬਾਰੇ, ਆਪਣੇ ਪਤੀ ਨੂੰ ਸ਼ਾਇਦ ਹੀ ਕਦੀ ਯਾਦ ਕਰਵਾਇਆ ਹੋਵੇ। ਪੰਜਾਬ ਦੇ ਪਾਣੀਆਂ ਬਾਰੇ, ਰਾਜਧਾਨੀ ਬਾਰੇ, ਪੰਜਾਬੀ ਬੋਲਦੇ ਇਲਾਕਿਆ ਬਾਰੇ, ਚੰਗੀ ਵਿੱਦਿਆ ਦੇਣ ਬਾਰੇ, ਰੁਜ਼ਗਾਰ ਬਾਰੇ, ਉੱਜੜ ਚੁੱਕੇ ਪ੍ਰਵਾਰਾਂ ਨੂੰ ਵਸਾਉਣ ਬਾਰੇ, ਸ਼ਾਇਦ ਹੀ ਕਦੇ ਜ਼ੁਬਾਨ ਖੋਲ੍ਹੀ ਹੋਵੇ। ਸ਼ਾਇਦ ਹੀ ਕਦੀ ਵਿਲਕ ਰਹੇ ਲੋਕਾਂ ਨੂੰ ਵੇਖ ਕੇ, ਅੱਖ ਵਿੱਚੋਂ ਹੰਝੂ ਕੇਰਿਆ ਹੋਵੇ। ਕੀਰਤਨ ਦਰਬਾਰ ਤਾਂ ਅੱਗੇ ਹੀ ਬਹੁਤ ਹੋ ਰਹੇ ਹਨ, ਉਨ੍ਹਾਂ ਨਾਲ ਸਿੱਖਾਂ ਦਾ ਕੀ ਸੰਵਰ ਗਿਆ ਹੈ ? ਲੰਗਰ ਪਹਿਲਾਂ ਹੀ ਸਾਰੇ ਗੁਰਦਵਾਰਿਆਂ ਵਿੱਚ ਵਰਤ ਰਹੇ ਹਨ। ਤੁਹਾਡੇ ਲੰਗਰਾਂ ਨੇ ਪੰਜਾਬ ਦੀ ਗ਼ਰੀਬੀ ਦੂਰ ਨਹੀਂ ਕਰ ਦੇਣੀ।

ਉਪ ਮੁੱਖ ਮੰਤਰੀ ਸ੍ਰੀ ਸੁਖਬੀਰ ਸਿੰਘ ਬਾਦਲ ਦੀ ਪਤਨੀ "ਨੰਨ੍ਹੀ ਛਾਂ" ਦਾ ਨਾਹਰਾ ਲੈ ਕੇ, ਪੰਜਾਬ ਦਾ ਤੂਫ਼ਾਨੀ ਦੌਰਾ ਕਰ ਰਹੀ ਹੈ। ਥਾਂ-ਥਾਂ ਰੁੱਖ ਲਗਵਾ ਰਹੀ ਹੈ। ਕਦੀ

ਸਰਕਾਰੀ ਜੰਗਲਾਤਾਂ ਦਾ, ਜੇਕਰ ਬੀਬੀ ਦੌਰਾ ਕਰ ਲਵੇ, ਸ਼ਾਇਦ ਕੁੱਝ ਅਸਲੀਅਤ ਸਮਝ ਸਕੇ। ਪਟਿਆਲੇ ਦੇ ਨੇੜੇ ਕੱਲਰ ਭੈਣੀ ਪਿੰਡ ਵਿੱਚ, ਜੰਗਲਾਤ ਦੇ ਰੁੱਖ ਕੱਟੇ ਜਾ ਰਹੇ ਹਨ। ਪਾਣੀ ਤੋਂ ਬਿਨਾਂ ਸੁੱਕ ਗਏ ਹਨ, ਕੋਈ ਧਿਆਨ ਨਹੀਂ। ਪਟਿਆਲੇ ਜ਼ਿਲ੍ਹੇ ਦੇ ਸਮਾਣਾ, ਤਹਿਸੀਲ ਦਾ, ਗੁਰਦਿਆਲਪੁਰੇ ਪਿੰਡ ਦੀ ਜ਼ਮੀਨ ਵਿਚਲਾ ਸਰਕਾਰੀ ਜੰਗਲ ਉੱਜੜ ਚੁੱਕਿਆ ਹੈ, ਕਿਸੇ ਨੂੰ ਦਰਦ ਨਹੀਂ ਆਇਆ। ਹਾਂ "ਨੰਨੀ ਛਾਂ" ਬੜੀ ਪਿਆਰੀ ਲਗਦੀ ਹੈ। ਸ੍ਰੀਮਤੀ ਹਰਿਸਿਮਰਤ ਕੌਰ ਤਾਂ ਸਿੱਖੀ ਮਰਿਆਦਾ ਦਾ ਘਾਣ ਕਰ ਕੇ, ਸ਼ਿਵਲਿੰਗ ਦੀ ਪੂਜਾ ਭੀ ਬੜੀ "ਸ਼ਰਧਾ" ਸਹਿਤ ਕਰ ਆਉਂਦੀ ਹੈ। "ਜਥੇਦਾਰ" ਝੁੱਟ ਅੱਖਾਂ ਬੰਦ ਕਰ ਕੇ ਵਾਹਿਗੁਰੂ ਜਾਪ ਸ਼ੁਰੂ ਕਰ ਦਿੰਦੇ ਹਨ।

ਆਨੰਦਪੁਰ ਦਾ ਮਤਾ 1973 ਵਿੱਚ ਤਿਆਰ ਕੀਤਾ ਗਿਆ ਸੀ। ਸੰਨ 1977 ਵਿੱਚ ਇਸ ਨੂੰ ਸੋਧ ਕੇ ਅਕਾਲੀ ਦਲ ਦੇ ਅਜਲਾਸ ਵਿੱਚ ਪ੍ਰਵਾਨ ਕਰ ਲਿਆ ਗਿਆ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਖਲੋ ਕੇ, ਅਰਦਾਸਾਂ ਕਰ ਕੇ ਜੈਕਾਰੇ ਗਜਾ ਕੇ ਆਖਰੀ ਸੁਆਸਾਂ ਤੱਕ ਮਤਾ ਪ੍ਰਵਾਨ ਕਰਾਉਣ ਦੀਆਂ ਕਸਮਾਂ ਖਾਧੀਆਂ ਗਈਆਂ। ਨੌਜੁਆਨਾਂ ਨੂੰ ਹਥਿਆਰਬੰਦ ਲੜਾਈ ਲੜਨ ਲਈ ਉਤਸ਼ਾਹਤ ਕੀਤਾ ਗਿਆ। ਪੰਜਾਬ ਵਿੱਚ ਭਿਆਨਕ ਤਬਾਹੀ ਹੋਈ। ਘਰ ਘਰ ਵੈਣ ਪਾਏ। ਨੌਜੁਆਨਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ। ਲੀਡਰਾਂ ਦਾ ਵਾਲ ਵਿੰਗਾ ਨਹੀਂ ਹੋਇਆ। ਸੰਨ 1997 ਤੋਂ 2002 ਤੱਕ, ਬਾਦਲ ਜੀ ਪੂਰੇ ਪੰਜ ਸਾਲ ਪੰਜਾਬ ਵਿੱਚ ਮੁੱਖ ਮੰਤਰੀ ਬਣੇ ਰਹੇ। ਕੇਂਦਰ ਵਿੱਚ ਭਾਜਪਾ ਸਰਕਾਰ ਨੂੰ ਸਮੱਰਥਨ ਦਿੰਦੇ ਰਹੇ। ਵਜੀਰੀਆਂ ਮਾਣਦੇ ਰਹੇ। ਆਨੰਦਪੁਰ ਦੇ ਮਤੇ ਨੂੰ ਜ਼ੁਬਾਨ 'ਤੇ ਨਾ ਆਉਣ ਦਿੱਤਾ। ਹੁਣ ਲੋਕ ਸਭਾ ਦੀਆਂ ਚੋਣਾਂ ਦਾ ਬਿਗਲ ਵੱਜ ਚੁੱਕਿਆ ਹੈ, ਇਸ ਲਈ ਆਨੰਦਪੁਰ ਦਾ ਮਤਾ ਕਬਰਾਂ ਵਿੱਚੋਂ ਕੱਢ ਲਿਆ ਹੈ। ਚੋਣਾਂ ਤੋਂ ਬਾਅਦ ਫਿਰ ਭੁਲਾ ਦਿੱਤਾ ਜਾਵੇਗਾ।

ਥਾਂ-ਥਾਂ 'ਤੇ ਸ਼ਹੀਦਾਂ ਦੀਆਂ ਯਾਦਗਾਰਾਂ ਬਣਾਉਣ ਵਾਸਤੇ ਨੀਂਹ ਪੱਥਰ ਰੱਖੇ ਜਾ ਰਹੇ ਹਨ। ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਸੋਹਿਲੇ ਗਾਏ ਜਾ ਰਹੇ ਹਨ। ਚੋਣਾਂ ਤੋਂ ਬਾਅਦ ਸਭ ਪਹਿਲਾਂ ਵਾਂਗ ਭੁਲਾ ਦਿੱਤਾ ਜਾਵੇਗਾ। ਸੰਨ 1984 ਦੇ ਸਿੱਖ ਕਤਲੇਆਮ ਵਿੱਚ ਮਾਰੇ ਗਏ ਸਿੱਖਾਂ ਦੀ ਯਾਦ ਵਿੱਚ, ਇੱਕ ਯਾਦਗਾਰ ਦਿੱਲੀ ਵਿੱਚ ਬਣਾਉਣ ਦੇ ਐਲਾਨ ਭੀ ਕਈ ਵਾਰੀ ਕੀਤੇ ਜਾ ਚੁੱਕੇ ਹਨ ਪਰ ਸਿੱਖਾਂ ਦੇ ਕਾਤਲਾਂ ਨੂੰ ਸਜਾ ਦਿਵਾਉਣ ਵਾਸਤੇ, ਅਕਾਲੀ ਦਲ ਵੱਲੋਂ ਜਾਂ ਸ਼੍ਰੋਮਣੀ ਕਮੇਟੀ ਵੱਲੋਂ ਖ਼ਰਚਾ ਅਦਾ ਕਰ ਕੇ, ਸੁਲਝੇ ਹੋਏ ਵਕੀਲਾਂ ਦੀ ਕਮੇਟੀ ਬਣਾ ਕੇ, ਮਜਲੂਮ ਸਿੱਖਾਂ ਦੇ ਹੱਕ ਵਿੱਚ ਨਾ ਖੜੇ ਹੋਣਾ, ਆਪਣੇ ਆਪ ਵਿੱਚ ਬੱਜਰ ਪਾਪ ਹੈ। ਉੱਜੜਿਆਂ ਨੂੰ ਪੈਰਾਂ 'ਤੇ ਖੜੇ ਕਰਨ ਵਾਸਤੇ ਉਪਰਾਲੇ ਨਾ ਕਰਨੇ, ਘਿਨਾਉਣਾ ਗੁਨਾਹ ਹੈ। ਵਾਹ ਸਿੱਖਾਂ ਦੇ ਲੀਡਰੋ ਵਾਹ! ਤੁਸੀਂ ਮਰਿਆਂ ਦੀਆਂ ਯਾਦਗਾਰਾਂ ਬਣਾਉਣ ਦੇ ਐਲਾਨ ਕਰਦੇ ਹੋ। ਜਿਉਂਦਿਆਂ ਨੂੰ ਵਸਾਉਣ ਲਈ ਤੁਹਾਡੇ ਕੋਲ ਕੋਈ ਸਕੀਮ ਨਹੀਂ, ਕੋਈ ਪੈਸਾ ਨਹੀਂ। ਪਹਿਲਾਂ ਕਈ ਵਾਰੀ ਚੋਣਾਂ ਦੇ ਮੌਕੇ, ਅਜਿਹੇ ਐਲਾਨ ਬਥੇਰੇ ਹੁੰਦੇ ਰਹੇ ਹਨ। ਉਹੀ "ਘਰਾਟ ਰਾਗ" ਚੋਣਾਂ ਦੇ ਨੇੜੇ ਆ ਕੇ ਫਿਰ ਸ਼ੁਰੂ ਹੋ ਗਿਆ। ਅਕਾਲੀ ਦਲ

(ਪੰਜਾਬੀ ਪਾਰਟੀ) ਨਾਲ ਜੀਵਨ ਸਾਥੀ ਪਾਰਟੀ, ਭਾਜਪਾ, ਆਨੰਦਪੁਰ ਦੇ ਮਤੇ ਨੂੰ ਸ਼ਰੇਆਮ ਰੱਦ ਕਰ ਚੁੱਕੀ ਹੈ। ਜੇ ਬਾਦਲ ਸਾਹਿਬ ਸੱਚ-ਮੁੱਚ ਹੀ ਈਮਾਨਦਾਰ ਹਨ। ਆਨੰਦਪੁਰ ਦੇ ਮਤੇ ਨੂੰ ਦਿਲੋਂ ਮਨੋਂ ਸਵੀਕਾਰ ਕਰਵਾਉਣਾ ਚਾਹੁੰਦੇ ਹਨ ਤਾਂ ਪੰਜਾਬ ਵਿਧਾਨ ਸਭਾ ਦੇ ਇਜਲਾਸ ਵਿੱਚ, ਇਸ ਨੂੰ ਪਾਸ ਕਰ ਦੇਣ। ਅਸੈਂਬਲੀ ਵੱਲੋਂ ਪਾਸ ਕੀਤਾ ਮਤਾ, ਕੇਂਦਰ ਸਰਕਾਰ ਨੂੰ ਭੇਜ ਦੇਣ। ਜੇ ਇਸ ਤਰ੍ਹਾਂ ਨਹੀਂ ਕਰਦੇ ਤਾਂ ਕੇਵਲ ਮਗਰਮੱਛ ਵਾਲੇ ਹੰਝੂ ਕੇਰ ਰਹੇ ਹਨ। ਸਿੱਖ ਹੱਕਾਂ (ਜਾਂ ਪੰਜਾਬ ਦੇ ਹੱਕਾਂ) ਦੀ ਇਨ੍ਹਾਂ ਨੂੰ ਕੋਈ ਚਿੰਤਾ ਨਹੀਂ ਹੈ। ਇੱਕੋ ਹੀ ਮੁੱਦਾ (ਮਤਾ) ਸੀ ਬਾਦਲ ਸਾਹਿਬ ਕੋਲ, ਜਿਸ 'ਤੇ ਲਗਾਤਾਰ ਪੂਰੀ ਦ੍ਰਿੜਤਾ ਅਤੇ ਈਮਾਨਦਾਰੀ ਨਾਲ ਪਹਿਰਾ ਦਿੱਤਾ। ਕਿਸੇ ਭੀ ਹਾਲਾਤ ਵਿੱਚ, ਕਿਸੇ ਭੀ ਕੀਮਤ 'ਤੇ, ਕੋਈ ਭੀ ਦਾਓ ਪੇਚ ਖੇਲਣੇ ਪੈਣ, ਪੁਰਾਣੇ ਅਕਾਲੀ ਵਰਕਰਾਂ ਨੂੰ ਖੁੱਡੇ ਲਾਈਨ ਲਾਉਣਾ ਪਵੇ। ਭਾਵੇਂ ਫਿਟਕਾਰ ਕੇ ਪਾਰਟੀ ਵਿੱਚੋਂ ਕੱਢਣਾ ਪਵੇ। ਭਾਵੇਂ ਸਾਰੇ ਸਿੱਖ ਹੱਕ ਤਿਆਗਣੇ ਪੈਣ। ਅੰਤਮ ਮਤਾ ਜਿਉਂਦੇ ਜੀਅ ਆਪਣੇ ਪੁੱਤਰ ਸੁਖਬੀਰ ਸਿੰਘ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਿਆ ਵੇਖਣਾ। ਇਸ ਮਤੇ ਦੇ ਬਿਲਕੁਲ ਨੇੜੇ ਬਾਦਲ ਸਾਹਿਬ ਪਹੁੰਚੇ ਚੁੱਕੇ ਹਨ, ਮੁਬਾਰਕਵਾਦ ਕਬੂਲ ਕਰ ਲੈਣੀ ਜੀ। ਇਸ ਗੁਰਵਾਕ ਨਾਲ ਸਮਾਪਤ ਕਰਦਾ ਹਾਂ-

ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥
ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥ (ਮ.੧, 139)

★★★★★★

ਦਸਮੇਸ਼ ਦੀ ਕਲਗੀ ਦੇ ਵਾਰਿਸ

ਗੁਰੂ ਸਾਹਿਬਾਨ ਦਾ ਜੀਵਨ ਮਨੁੱਖਤਾ ਲਈ ਸ਼ਾਨਦਾਰ "ਮਾਡਲ" ਸੀ। ਨਿਰੰਕਾਰ ਦੀ ਕ੍ਰਿਪਾ ਸਦਕਾ ਗੁਰੂ ਨਾਨਕ ਬਾਬਾ ਜੀ ਨੂੰ ਪ੍ਰਾਪਤ ਹੋਇਆ, ਉਹ ਸਾਰਾ ਗੁਰਬਾਣੀ ਰੂਪੀ ਲਾਸਾਨੀ ਖ਼ਜ਼ਾਨਾ, ਸਾਡੇ ਤੱਕ ਪੁੱਜਦਾ ਕਰ ਦਿੱਤਾ। ਜੋ ਸੱਚ ਧਰਮ ਦਾ ਉਪਦੇਸ਼ ਉਨ੍ਹਾਂ ਨੇ ਬਖ਼ਸ਼ਿਸ਼ ਕੀਤਾ, ਖ਼ੁਦ ਉਸ ਮੁਤਾਬਕ ਜੀਵਨ ਬਸਰ ਕੀਤਾ। ਇਸ ਲਈ ਭਾਵੇਂ ਕਿਤਨੀ ਵੱਡੀ ਕੀਮਤ ਚੁਕਾਉਣੀ ਪਈ। ਉਨ੍ਹਾਂ ਦੀ ਹਜ਼ੂਰੀ ਵਿੱਚ ਰਹਿਣ ਵਾਲੇ ਸਿੱਖਾਂ ਨੇ ਜੋ ਹੈਰਤ ਅੰਗੇਜ਼ ਕਾਰਜ ਕਰ ਵਿਖਾਏ ਉਨ੍ਹਾਂ ਦਾ ਕੋਈ ਸਾਨੀ ਨਹੀਂ ਹੈ। ਇਸ ਰਹੱਸ ਨੂੰ ਸਮਝਣ ਵਾਸਤੇ ਇਉਂ ਕਿਹਾ ਜਾ ਸਕਦਾ ਹੈ- ਇੱਕ ਪਾਸੇ ਸ੍ਰੀਚੰਦ, ਪਿਰਥੀ ਚੰਦਾ ਅਤੇ ਧੀਰ ਮੱਲ ਆਦਿਕ ਹਨ। ਇਹ ਸਾਰੇ ਗੁਰ ਮਾਰਗ 'ਤੇ ਨਹੀਂ ਚੱਲੇ। ਵਿਰੋਧੀ ਭੀ ਬਣ ਗਏ ਪਰ ਆਪਣੀ ਦੁਨੀਆਈ ਉਮਰ ਬਹੁਤ ਲੰਮੀ ਕਰ ਗਏ। ਸ੍ਰੀ ਚੰਦ ਸੌ ਸਾਲ ਤੋਂ ਵੱਧ ਜੀਵਿਆ, ਪਿਰਥੀ ਚੰਦ ਨੇ ਸੱਠ ਸਾਲ ਤੋਂ ਵੱਧ ਉਮਰ ਭੋਗੀ। ਧੀਰ ਮੱਲ ਭੀ ਕਾਫ਼ੀ ਲੰਮੀ ਉਮਰ ਭੋਗ ਗਿਆ। ਦੂਜੇ ਬੰਨੇ ਗੁਰੂ ਪਿਆਰ ਵਾਲੇ ਅਨਿਨ ਸ਼ਰਧਾਲੂ ਸਾਹਿਬਜ਼ਾਦੇ ਹਨ। ਉਮਰ ਸੱਤ ਸਾਲ, ਨੌਂ ਸਾਲ, ਸਤਾਰਾਂ ਸਾਲ ਤੇ ਉੱਨੀ ਸਾਲ ਦੀ। ਅੱਲੜ ਉਮਰ ਵਿੱਚ ਸੂਰਮਗਤੀ ਦੇ ਝੰਡੇ ਝੁਲਾ ਗਏ ਤੇ ਸ਼ਹੀਦੀਆਂ ਪਾ ਗਏ। ਭਾਵੇਂ ਸਾਹਿਬਜ਼ਾਦਿਆਂ ਦਾ ਨਾਮ ਸਦਾ ਸਤਿਕਾਰ ਸਹਿਤ ਲਿਆ ਜਾਂਦਾ ਰਹੇਗਾ ਪਰ ਉਨ੍ਹਾਂ ਨੂੰ ਕੀਮਤ ਬਹੁਤ ਭਾਰੀ ਚੁਕਾਉਣੀ ਪਈ। ਸ੍ਰੀ ਚੰਦ ਆਦਿ ਨੂੰ ਜਾਨ ਨਹੀਂ ਵਾਰਨੀ ਪਈ। ਸਾਹਿਬਜ਼ਾਦੇ ਬਣਨਾ ਮੌਤ ਨੂੰ ਸੱਦਾ ਹੈ। ਪਿਰਥੀ ਚੰਦ ਬਣਨਾ ਸਿੱਧਾ ਕੋਈ ਖ਼ਤਰਾ ਨਹੀਂ। ਇਸੇ ਕਾਰਨ ਆਮ ਮਨੁੱਖ ਪਿਰਥੀ ਜਾਂ ਸ੍ਰੀ ਚੰਦ ਵਾਲਾ ਸੌਖਾ ਰਾਹ ਚੁਣਦਾ ਹੈ।

"ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ..." ਉਹ ਸਾਰੇ ਬਹਾਦਰ ਗੁਰਬਾਣੀ ਦੇ ਸੱਚ ਨੂੰ ਜੀਵਨ ਅੰਦਰ ਸਮੋ ਚੁੱਕੇ ਸਨ। ਜਿਤਨਾ ਸਮਾਂ ਕਿਸੇ ਨੂੰ ਜੀਵਨਦਾਨ ਮਿਲਿਆ, ਉਹ ਖੰਡੇ ਦੀ ਧਾਰ 'ਤੇ ਟੁਰਨ ਦੀ ਨਿਆਈ ਸੀ। ਇਸ ਤਰ੍ਹਾਂ ਲੜਦਿਆਂ, ਮਾਰਦਿਆਂ ਮਰਦਿਆਂ, ਜ਼ੁਲਮ ਦੀ ਜੜ੍ਹ ਪੁੱਟ ਦਿੱਤੀ। ਆਪਣਾ ਰਾਜ ਸਥਾਪਤ ਕਰ ਲਿਆ। ਮਿਸਲਾਂ ਵਾਲੇ 90 ਸਾਲ ਦੇ ਲੰਮੇਂ ਸਮੇਂ ਦੌਰਾਨ ਕਿਸੇ ਵਿਅਕਤੀ ਨੇ ਗੁਰੂ ਕੀਆਂ ਨਿਸ਼ਾਨੀਆਂ ਦੀ ਪ੍ਰਦਰਸ਼ਨੀ ਨਹੀਂ ਲਾਈ। "ਮੇਰੇ ਕੋਲ ਗੁਰੂ ਜੀ ਦਾ ਕੰਘਾ ਹੈ, ਮੇਰੇ ਕੋਲ ਖੰਡਾ ਹੈ। ਮੇਰੇ ਕੋਲ ਮਾਲਾ ਹੈ, ਮੇਰੇ ਕੋਲ ਦੁਸ਼ਾਲਾ ਹੈ, ਮੇਰੇ ਪਾਸ ਜੋੜਾ (ਜੁੱਤੀ) ਹੈ, ਮੇਰੇ ਕੋਲ ਘੋੜਾ ਹੈ, ਮੇਰੇ ਕੋਲ ਰਬਾਬ ਹੈ, ਮੇਰੇ ਪਾਸ (ਪੋਥੀ) ਕਿਤਾਬ ਹੈ।" ਕਿਸੇ ਨਹੀਂ ਆਖਿਆ। ਕਿਉਂਕਿ ਇੰਨੀ ਖ਼ੂੰਖਾਰ ਜੰਗ ਵਿੱਚ ਜਾਨ ਸਲਾਮਤ ਨਹੀਂ ਸੀ, ਹੋਰ ਚੀਜ਼ਾਂ ਕਿਵੇਂ ਸਾਂਭੀਆਂ ਜਾ ਸਕਦੀਆਂ ਸਨ? ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੁੰਦਿਆਂ ਹੀ "ਉੱਜੜੇ" ਫਿਰਦੇ ਸਿੱਖ, ਜ਼ਮੀਨਾਂ ਦੇ ਮਾਲਕ ਬਣ ਗਏ। ਜਿਥੇ ਕਿਸੇ ਨੂੰ ਜ਼ਮੀਨ ਉਪਜਾਊ ਲੱਭੀ, ਉਥੇ ਹੀ ਕਬਜਾ ਕਰ ਲਿਆ। ਲੜਾਕੇ ਸਿੱਖ ਜੰਗ ਵਿੱਚੋਂ ਧਨ

ਦੌਲਤ ਲੁੱਟ ਕੇ ਘਰ ਭਰ ਰਹੇ ਸਨ। ਵਾਪਾਰੀ ਤੇ ਦੁਕਾਨਦਾਰ ਆਪਣੇ ਕਾਰੋਬਾਰ ਕਾਮਯਾਬ ਕਰਨ ਲਈ ਉਤਾਵਲੇ ਸਨ। ਸਿੱਖਾਂ ਦਾ ਰਾਜ ਸੀ। ਦੂਜੇ ਦੀ ਕੀ ਮਜ਼ਾਲ ਹੈ, ਕੈਰੀ ਅੱਖ ਨਾਲ ਵੇਖੇ ?

ਸੰਨ 1849 ਵਿੱਚ ਸਿੱਖ ਰਾਜ ਨੇ ਆਖਰੀ ਸਾਹ ਲਿਆ। ਪੰਜਾਬ ਤੇ ਅੰਗਰੇਜ਼ਾਂ ਨੇ ਕਬਜਾ ਕਰ ਲਿਆ। ਰਾਜ ਵਾਪਸ ਮਿਲਣ ਦੇ ਛੇਤੀ ਕੀਤੇ ਕੋਈ ਚਾਨਸ ਨਹੀਂ। ਬਸ ਇਸ ਤੋਂ ਮਗਰੋਂ ਹੀ ਸਿੱਖਾਂ ਵਿੱਚ ਪਾਖੰਡ ਰਾਹੀਂ ਲੁੱਟ ਸ਼ੁਰੂ ਹੋਈ ਮੰਨੀ ਜਾ ਸਕਦੀ ਹੈ। ਜਿਵੇਂ ਨਿੱਤ ਦਿਨ ਮਦਾਰੀ, ਸਪੇਰੇ, ਹਥੌਲਾ ਕਰਨ ਵਾਲੇ, ਪੱਤਰੀ ਵੇਖ ਕੇ, ਸ਼ੁੱਭ ਮਹੂਰਤ ਕੱਢਣ ਵਾਲੇ, ਧਾਗੇ ਤਵੀਤਾਂ ਵਾਲੇ, ਸਮਾਜ ਵਿੱਚ ਆਮ ਵੇਖੀਦੇ ਹਨ। ਇਹ ਜੀਵਨ ਦੀਆਂ ਕਠੋਰ ਹਕੀਕਤਾਂ ਦਾ ਮੁਕਾਬਲਾ ਨਾ ਕਰ ਸਕੇ। ਕੁਰਾਹੇ ਖ਼ੁਦ ਪਏ ਤਾਂ ਸਮਾਜ ਲੁੱਟਣ ਲੱਗ ਪਏ। ਇਹੀ ਮਨੋਰੋਗ ਸਿੱਖਾਂ ਵਿੱਚ ਫੈਲਦਾ ਚਲਾ ਗਿਆ। ਜਿੰਨੇ ਸਾਧ ਸੰਤ ਪੈਦਾ ਹੋਏ ਹਨ (ਜਾਂ ਕੀਤੇ ਗਏ) ਸਾਰੇ ਸਿੱਖ ਰਾਜ ਦੇ ਖ਼ਾਤਮੇ ਤੋਂ ਬਾਅਦ ਪੈਦਾ ਹੋਏ ਹਨ। ਬਹੁਤ ਸਾਰੇ ਚਲਾਕ ਵਿਅਕਤੀਆਂ ਨੇ ਆਪਣੇ ਆਪ ਨੂੰ ਗੁਰੂ ਕੀ ਅੰਸ਼-ਵੰਸ਼ ਪ੍ਰਚਾਰ ਕੇ ਪੂਜਾ ਭੀ ਕਰਵਾਈ ਅਤੇ ਧਨ ਭੀ ਇਕੱਠਾ ਕੀਤਾ। ਕਿਸੇ ਨੇ ਐਲਾਨ ਕੀਤਾ ਕਿ ਸਾਡੇ ਵਡੇਰੇ ਗੁਰੂ ਨਾਨਕ ਸਾਹਿਬ ਜੀ ਨਾਲ ਕੀਰਤਨ ਕਰਿਆ ਕਰਦੇ ਸਨ। ਮਰਦਾਨਾ ਜੀ ਦੇ ਅੰਸ਼ ਵੰਸ਼ ਬਣ ਕੇ ਸੈਂਕੜੇ ਵਿਅਕਤੀ ਸਿੱਖਾਂ ਨੂੰ ਲੁੱਟਦੇ ਰਹੇ। ਇੱਕ ਚੰਨ ਪੀਰ ਕਾਦਰੀ ਨਾਮ ਦੇ ਮਨੁੱਖ ਨੇ (ਬਣਾਵਟੀ) ਗੁਰੂ ਅਰਜਨ ਸਾਹਿਬ ਦੀ ਮਾਲਾ ਵਿਖਾ ਕੇ ਪੈਸਾ ਬਟੋਰਨਾ ਸ਼ੁਰੂ ਕਰ ਲਿਆ। ਨਕਲੀ ਜਿਹੇ ਕਾਗ਼ਜ਼ ਵਿਖਾ ਕੇ, ਭਾਈ ਗਨੀ ਖ਼ਾਂ-ਨਬੀ ਖ਼ਾਂ ਦੀ ਔਲਾਦ ਬਣ ਕੇ ਦਸਮੇਸ਼ ਜੀ ਦਾ ਹੁਕਮਨਾਮਾ ਸ਼ੀਸ਼ੇ ਵਿੱਚ ਮੜ੍ਹ ਕੇ ਸਿੱਖਾਂ ਨੂੰ ਲੁੱਟਣਾ ਸ਼ੁਰੂ ਕਰ ਛੱਤਾ। ਗੁਰੂ ਜੀ ਦਾ ਚੋਲਾ, ਲੋਟਾ, ਜੋੜੇ, ਜੁੱਤੀਆਂ ਤੋਂ ਭੀ ਲੋਕਾਂ ਨੇ ਕਰੋੜਾਂ ਦੀ ਕਮਾਈ ਕਰ ਵਿਖਾਈ।

ਫਿਰ ਦੌਰ ਚੱਲਿਆ ਗੁਰਦਵਾਰੇ ਦੇ ਨਾਮ ਵਾਲੀਆਂ ਇਮਾਰਤਾਂ ਬਣਾਉਣ ਦਾ। ਕਈਆਂ ਨੇ ਇਮਾਰਤਾਂ ਬਣਾਉਣ ਸਮੇਂ ਦਸ ਪੀਹੜੀਆਂ ਲਈ ਖੱਟੀ ਖੱਟ ਲਈ। ਕਈਆਂ ਨੇ ਇੱਕ ਇਮਾਰਤ ਬਣਾ ਕੇ ਸਦਾ ਵਾਸਤੇ ਆਪਣੇ ਨਾਮ ਕਾਗਜ਼ੀ ਕਾਰਵਾਈ ਪੂਰੀ ਕਰਵਾ ਲਈ ਤੇ ਜੁੱਗਾਂ ਜੁਗਾਂਤਰਾਂ ਲਈ ਕਮਾਈ ਹੋਣ ਲੱਗ ਪਈ। ਇਥੇ ਸਤਿਗੁਰੂ ਜੀ ਬਿਰਾਜੇ ਸਨ। ਇਥੇ ਜਲ ਛਕਿਆ ਸੀ। ਇਥੇ ਘੋੜਾ ਬੰਨ੍ਹਿਆ ਸੀ। ਇਥੇ ਹੱਟੀ ਪਾਈ ਸੀ। ਅੱਗੇ ਸੱਚਾ ਸੌਦਾ ਕੀਤਾ ਸੀ। ਇਸ ਪਵਿੱਤਰ ਥਾਂਵੇਂ ਸੱਪ ਨੇ ਛਾਂ ਕੀਤੀ ਸੀ ਤੇ ਅੱਗੇ ਪੰਜਾ ਸਾਹਿਬ ਲਾ ਕੇ ਪੱਥਰ ਰੋਕਿਆ ਸੀ। ਆਹ ਵੇਖੋ ਅੰਦਰ ਵੜ ਬੈਠੇ ਗੁਰੂ ਜੀ ਨੂੰ ਸੰਨ ਲਾ ਕੇ (ਕੰਧ ਪਾੜ ਕੇ) ਕੋਠੇ ਵਿੱਚੋਂ ਬਾਹਰ ਕੱਢਿਆ ਸੀ। ਹਜ਼ਾਰਾਂ ਦੀ ਤਾਦਾਦ ਵਿੱਚ ਗੁਰਦਵਾਰੇ ਬਣ ਗਏ। ਚੰਗੀ ਚੌਖੀ ਕਮਾਈ ਹੋਣ ਲੱਗ ਪਈ ਪਰ ਸਿੱਖੀ ਦੇ ਅਸੂਲਾਂ 'ਤੇ ਚੱਲਣ ਵਾਲਾ ਅਤੇ ਸੰਗਤਾਂ ਨੂੰ ਚਲਾਉਣ ਵਾਲਾ ਕੋਈ ਗੁਰਦਵਾਰਾ ਨਹੀਂ ਮਿਲੇਗਾ। ਹਰ ਇੱਕ ਵਿਅਕਤੀ ਜਾਂ ਕਮੇਟੀ ਗੁਰੂ ਦੇ ਨਾਮ 'ਤੇ ਕਮਾਈ ਕਰਨੀ ਚਾਹੁੰਦੀ ਹੈ ਪਰ ਗੁਰਬਾਣੀ ਵਿੱਚ ਦਰਸਾਏ ਅਸੂਲਾਂ ਤੇ ਚੱਲਣਾ ਨਹੀਂ ਚਾਹੁੰਦੇ।

ਸਮੇਂ ਸਮੇਂ 'ਤੇ ਦਸਮ ਪਾਤਿਸ਼ਾਹ ਹਜ਼ੂਰ ਦੀ ਕਲਗੀ ਵਾਲਾ ਮਸਲਾ ਭੀ ਉਠਦਾ ਰਿਹਾ ਹੈ। ਕਿਸੇ ਆਖਿਆ ਕਲਗੀ ਗੋਰੇ ਲੈ ਗਏ। ਕਿਸੇ ਆਖਿਆ ਅਬਦਾਲੀ ਲੈ ਗਿਆ। ਇੱਕ ਵਾਰੀ ਸਿੱਖਾਂ ਦੇ ਜਥੇਦਾਰਾਂ ਨੇ ਐਲਾਨ ਕਰ ਦਿੱਤਾ ਕਿ ਕਲਗੀ ਇੰਗਲੈਂਡ ਵਿੱਚੋਂ ਮਿਲ ਗਈ ਹੈ, ਛੇਤੀ ਹੀ ਭਾਰਤ ਲਿਆਵਾਂਗੇ। "ਅਸਲ ਵਿੱਚ ਇੰਗਲੈਂਡ ਰਹਿੰਦੇ ਭਾਈ ਚੰਨਣ ਸਿੰਘ ਸੰਧੂ ਦੇ ਵੱਡਿਆਂ ਨੂੰ ਸੰਨ 1800 ਦੀ ਬਣੀ ਹੋਈ ਇੱਕ ਕਲਗੀ ਕਿਧਰੋਂ ਮਿਲ ਗਈ। ਇਸ ਸੰਧੂ ਪ੍ਰਵਾਰ ਨੂੰ ਪੁਰਾਤਨ ਵਸਤਾਂ ਇਕੱਠੀਆਂ ਕਰਨ ਦਾ ਸ਼ੌਕ ਸੀ। ਸੰਨ 1999 ਨੂੰ ਕਮਲਜੀਤ ਸਿੰਘ ਬੋਪਾ ਰਾਏ ਅਤੇ ਕੁੱਝ ਹੋਰ ਬੰਦੇ ਸਾਡੇ ਤੋਂ ਇਹ ਕਹਿ ਕੇ ਕਲਗੀ ਲੈ ਗਏ ਕਿ ਇਸ ਦੀ ਪੁਰਾਤਨਤਾ ਲੈਬਾਟਰੀ ਵਿੱਚ ਪਰਖ ਕਰਨੀ ਹੈ। ਅਸੀਂ ਇਹ ਭੀ ਸ਼ਰਤ ਲਾ ਦਿੱਤੀ ਕਿ ਕਲਗੀ ਯੂ.ਕੇ. ਵਿੱਚੋਂ ਬਾਹਰ ਨਹੀਂ ਜਾਣੀ ਚਾਹੀਦੀ। ਕਮਲਜੀਤ ਸਿੰਘ ਨੇ ਸ਼ਰਤਾਂ ਮੰਨ ਲਈਆਂ। ਪ੍ਰਵਾਰ ਦੇ ਮੁਖੀ ਭਾਈ ਆਤਮਾ ਸਿੰਘ ਸੰਧੂ ਨੇ ਦੱਸਿਆ ਕਿ ਸਾਨੂੰ ਅਖ਼ਬਾਰਾਂ ਵਿੱਚੋਂ ਪਤਾ ਲੱਗਾ ਕਿ ਕਲਗੀ ਭਾਰਤ ਪੁੱਜ ਗਈ ਹੈ। ਹੋਰ ਅਫ਼ਸੋਸ ਇਹ ਸੁਣ ਕੇ ਹੋਇਆ ਕਿ ਕਲਗੀ ਦਸਮੇਸ਼ ਪਿਤਾ ਦੀ ਪ੍ਰਚਾਰੀ ਜਾ ਰਹੀ ਹੈ। ਇਹ ਪ੍ਰਚਾਰ ਸਰਾਸਰ ਗ਼ਲਤ ਹੈ। ਕਲਗੀ ਦਸਮ ਗੁਰੂ ਜੀ ਦੀ ਨਹੀਂ ਹੈ।" ਇਸ ਤਰ੍ਹਾਂ ਕਮਲਜੀਤ ਸਿੰਘ ਬੋਪਾ ਰਾਏ ਅਤੇ ਜਥੇਦਾਰਾਂ ਵੱਲੋਂ ਘੜੀ ਸਾਜ਼ਸ਼ ਦਾ ਪਰਦਾਫਾਸ਼ ਹੋ ਗਿਆ। ਸਿੱਖ ਲੁੱਟੇ ਜਾਣ ਤੋਂ ਬਚ ਗਏ। ਭਾਈ ਚੰਨਣ ਸਿੰਘ ਸੰਧੂ ਨੇ ਪਾਕਿਸਤਾਨ ਵਿੱਚੋਂ ਇਹ ਕਲਗੀ ਇੱਕ ਸੌ ਰੁਪਏ ਵਿੱਚ ਖ਼ਰੀਦੀ ਸੀ। ਇੱਕ ਆਮ ਜਿਹੇ ਵਿਅਕਤੀ ਤੋਂ।

(ਸਪੋਕਸਮੈਨ, 24-7-2009 ਅਤੇ ਅਗਸਤ 2009)

ਮੌਜੂਦਾ ਦੌਰ ਵਿੱਚ "ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਦੇ ਵਾਰਿਸ ਅਸੀਂ ਹਾਂ" ਦਾ ਭੀ ਚੰਗਾ ਸ਼ੋਰ ਮਚਿਆ ਹੋਇਆ ਹੈ। ਚਮਕੌਰ ਦੀ ਗੜ੍ਹੀ ਵਿੱਚੋਂ ਵਿਦਾ ਹੋਣ ਵਕਤ ਕਲਗੀ ਸੰਤ ਸਿੰਘ ਨੂੰ ਦਿੱਤੀ ਗਈ ਕਿ ਸੰਗਤ ਸਿੰਘ ਨੂੰ।

ਭਾਈ ਕਾਹਨ ਸਿੰਘ ਨਾਭਾ ਦੀ ਰਚਨਾ ਮਹਾਨ ਕੋਸ਼ ਵਿੱਚ ਲਿਖੇ ਮੁਤਾਬਕ, ਭਾਈ ਸੁੱਖਾ ਸਿੰਘ ਨੇ ਗੁਰਬਿਲਾਸ ਦੇ ਵੀਹਵੇਂ ਅਧਿਆਇ ਵਿੱਚ ਲਿਖਿਆ ਹੈ ਕਿ "ਚਮਕੌਰ ਦੇ ਮੁਕਾਮ 'ਤੇ ਦਸਮੇਸ਼ ਜੀ ਨੇ ਭਾਈ ਸੰਗਤ ਸਿੰਘ ਬੰਗਸੀ ਨੂੰ ਜਿਗਾ ਕਲਗੀ ਬਖ਼ਸ਼ੀ ਸੀ।" (ਪੰਨਾ 240) ਅੱਗੇ ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਦੇ ਪੰਨਾ 243 'ਤੇ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਹਵਾਲਾ ਦੇ ਕੇ ਲਿਖਦੇ ਹਨ- "ਗੁਰ ਪ੍ਰਤਾਪ ਸੂਰਜ ਅਨੁਸਾਰ ਦਸਮੇਸ਼ ਜੀ ਨੇ ਚਮਕੌਰ ਦੇ ਮੁਕਾਮ ਤੇ ਭਾਈ ਸੰਤ ਸਿੰਘ ਨੂੰ ਤੁਰਗਾ ਅਤੇ ਕਲਗੀ ਪਹਿਨਾਈ।" ਯਥਾ-

ਪੰਚਹੁ ਮੇ ਕਲਗੀ ਕਿੰਹ ਦੀਨਸ, ਸੋ ਨਿਰਨੈ ਸੁਨੀਐ ਮਨ ਲਾਇ।
ਸੰਤ ਸਿੰਘ ਖਤਰੀ ਸਿਖ ਸੁਭਮਤ, ਥਾਪਿਯੋ ਪੰਚਹੁ ਮੇਂ ਵਡਿਆਇ।
ਤਿਸ ਕੋ ਗੁਰੁਤਾ ਅਰਪਨ ਕੀਨਸ, ਪ੍ਰਿਥਮ ਖਾਲਸੇ ਮੇ ਤਿਨ ਪਾਇ।
ਸਸਤ੍ਰ ਬੰਧਾਇ ਬਠਾਇ ਅਠਾਰੀ, ਗੁਰੂ ਫਤੇ ਬੋਲੇ ਹਰਖਾਇ।
ਕਿਤਕ ਕਹਿਤ ਸੰਤ ਸਿੰਘ ਬੰਗਸੀ, ਬੰਗਸ ਦੇਸ ਵਿਖੈ ਤੇ ਆਇ।

ਤਿਸ ਕੋ ਕਰਯੋ ਸਥਾਪਨ ਤਿਸ ਛਿਨ, ਗੁਰੁਤਾ ਦਈ ਜਿਗਾ ਪਹਿਰਾਇ।
ਸਤਿਗੁਰੁ ਕੇ ਸਿਖ ਦੋਨਹੁ ਗੁਰਮੁਖ, ਤਿਨ ਮੇ ਕੋਊ ਥਪਯੋ ਬਨਾਇ।
ਤਿਸ ਪਰ ਬਾਦ ਨਹੀ ਕੁਛ ਬਰਨੈ, ਦੋਨੋ ਕੇ ਲਿਹੁ ਚਰਨ ਮਨਾਇ। (ਮਹਾਨ ਕੋਸ਼, 243)

ਜੋ ਪੰਜ ਸਿੰਘ ਚਮਕੌਰ ਦੀ ਗੜ੍ਹੀ ਵਿੱਚ ਸਨ ਉਨ੍ਹਾਂ ਵਿੱਚੋਂ ਕਲਗੀ ਕਿਸ ਨੂੰ ਦਿੱਤੀ, ਦਾ ਨਿਰਣਾ ਭਾਈ ਕਾਹਨ ਸਿੰਘ, ਭਾਈ ਸੰਤੋਖ ਸਿੰਘ ਜਾਂ ਭਾਈ ਸੁੱਖਾ ਸਿੰਘ ਭੀ ਨਹੀਂ ਕਰ ਸਕੇ। ਸੰਤੋਖ ਸਿੰਘ ਤਾਂ ਇਹ ਕਹਿ ਕੇ ਪੱਲਾ ਝਾੜ ਰਿਹਾ ਹੈ "**ਸਤਿਗੁਰ ਕੇ ਸਿਖ ਦੋਨਹੁ ਗੁਰਮੁਖ ਤਿਨ ਮੇ ਕੋਊ ਥਪਯੋ ਬਨਾਇ।**" ਭਾਵ ਕਿ ਦੋਵੇਂ ਸਿੱਖ ਸਿਆਣੇ ਸੀ, ਬਹਾਦਰ ਸੀ। ਜਿਸ ਨੂੰ ਦਿਲ ਕੀਤਾ ਦੇ ਦਿੱਤੀ।

ਉਸ ਸਮੇਂ ਕਲਗੀ ਮਿਲਣੀ ਖ਼ੁਸ਼ੀ ਦਾ ਆਲਮ ਨਹੀਂ ਸੀ, ਸਿੱਧਾ ਮੌਤ ਨੂੰ ਸੱਦਾ ਸੀ। ਸੰਗਤ ਸਿੰਘ ਜਾਂ ਸੰਤ ਸਿੰਘ ਧਰਮ ਦੀ ਜੰਗ ਲੜਦਿਆਂ, ਬੇ ਗਰਜ਼ ਬੇ ਖੌਫ਼ ਗੁਰੂ ਪਿਆਰ ਵਿੱਚ ਜਾਨਾਂ ਨਿਛਾਵਰ ਕਰ ਗਏ। ਕਲਗੀ ਦਾ ਕੀ ਬਣਿਆ, ਕਿਸ ਦੇ ਹੱਥ ਲੱਗੀ, ਕੋਈ ਪਤਾ ਨਹੀਂ। ਅੱਜ ਉਸ ਕਲਗੀ ਕਾਰਨ ਕਈਆਂ ਦੀ ਨੀਂਦਰ ਉੱਡ ਚੁੱਕੀ ਹੈ। ਕਈ ਇਤਿਹਾਸਕਾਰਾਂ ਨੇ ਨਵੀਂ ਖੋਜ ਕਰ ਮਾਰੀ ਹੈ। ਕਈ ਜਥੇਬੰਦੀਆਂ ਨੇ ਆਸਮਾਨ ਸਿਰ 'ਤੇ ਚੁੱਕਿਆ ਹੋਇਆ ਹੈ। ਕਲਗੀ ਦੇ ਮਾਲਕ ਅਸੀਂ ਹਾਂ। ਨਹੀਂ ਕਲਗੀ ਦੇ ਵਾਰਿਸ ਅਸੀਂ ਹਾਂ। ਬੰਗਸੀ ਆਖਦੇ ਹਨ ਕਿ ਇਹ ਕਲਗੀ ਅਰੋੜੇ ਸਾਡੇ ਤੋਂ ਖੋਹਣਾ ਚਾਹੁੰਦੇ ਹਨ। ਅਰੋੜੇ ਭਰਾ ਦੁਖੀ ਹੋਇ ਬੋਲਦੇ ਹਨ ਕਿ ਕਲਗੀ ਬੰਗੇਸਵਰੀ ਖੋਹ ਕੇ ਲਿਜਾਣਾ ਚਾਹੁੰਦੇ ਹਨ।

ਮੈਂ ਇੱਕ ਸੁਆਲ ਰੱਖਣਾ ਚਾਹੁੰਦਾ ਹਾਂ ਪੰਥ ਦੇ ਖੋਜੀ ਸੱਜਣਾਂ ਦੇ ਅੱਗੇ। ਗੁਰੂ ਗੋਬਿੰਦ ਸਿੰਘ ਜੀ ਬਾਰੇ ਬਹੁ ਗਿਣਤੀ ਲੇਖਕਾਂ ਅਤੇ ਕਥਾ ਵਾਚਕਾਂ ਦਾ ਮੰਨਣਾ ਹੈ ਕਿ ਜਦੋਂ ਸਿਘਾਂ ਨੂੰ ਖੰਡੇ ਦੀ ਪਾਹੁਲ ਦੇ ਕੇ ਇਕਸਾਰਤਾ ਵਾਲੇ ਨਿਅਮ ਸਖ਼ਤੀ ਨਾਲ ਲਾਗੂ ਕੀਤੇ ਗਏ। ਤਦੋਂ ਉਹ ਅਸੂਲ ਗੁਰੂ ਜੀ ਨੇ ਆਪਣੇ ਉਤੇ ਭੀ ਲਾਗੂ ਕਰ ਲਏ। ਭਾਵ ਕਿ ਆਮ ਸਿੱਖਾਂ ਵਾਂਗ ਸਾਦੇ ਰਹਿਣਾ। ਜਿਵੇਂ ਪਹਿਲੇ ਗੁਰ ਵਿਅਕਤੀ ਰਹਿੰਦੇ ਆਏ ਸਨ। ਜੇਕਰ ਦਸਮ ਪਾਤਿਸ਼ਾਹ ਸਾਦਗੀ ਵਿੱਚ ਰਹਿੰਦੇ ਸਨ ਫਿਰ ਤਾਂ ਕਲਗੀ ਵਾਲਾ ਝਗੜਾ ਇਥੇ ਹੀ ਖ਼ਤਮ ਪਰ ਜੇ ਅੱਗੇ ਟੋਰਨਾ ਹੀ ਹੈ, ਫਿਰ ਤਾਂ ਪੁੱਛਣਾ ਪਵੇਗਾ ਕਿ ਪਰਸਾਦੀ ਹਾਥੀ ਕ੍ਰਿਸ ਦੇ ਹਵਾਲੇ ਕੀਤਾ ? ਬਾਜ ਦਾ ਕੋਈ ਥਹੁ ਪਤਾ ਹੀ ਨਹੀਂ, ਉਹ ਕਿੱਧਰ ਉਡਾਰੀ ਮਾਰ ਗਿਆ ? ਜਾਂ ਕਿਸੇ ਸ਼ੇਵਕ ਹਵਾਲੇ ਕਰ ਦਿੱਤਾ। ਕਿਹਾ ਗਿਆ ਹੈ ਕਿ ਦਸਮੇਸ਼ ਪਿਤਾ ਗੜ੍ਹੀ ਵਿੱਚੋਂ ਨੰਗੇ ਪੈਰੀਂ ਬਾਹਰ ਆਏ। ਹੁਣ ਪੜਤਾਲ ਕਰਨੀ ਪਵੇਗੀ ਕਿ ਜੁੱਤੀ ਕਿਸ ਦੇ ਹਵਾਲੇ ਕੀਤੀ ?

ਦਸਮੇਸ਼ ਜੀ ਦੇ ਘੋੜੇ ਦੀ "ਪੂਜਣਯੋਗ" ਵੰਸ਼ ਤਾਂ ਨਾਂਦੇੜ ਪਹੁੰਚ ਗਈ। ਉਥੋਂ ਦੇ ਪ੍ਰਬੰਧਕ (ਸੇਵਾਦਾਰ) ਉਨ੍ਹਾਂ ਘੋੜਿਆਂ ਰਾਹੀਂ ਭੀ ਚੰਗੀ ਚੋਖੀ ਕਮਾਈ ਕਰ ਲੈਂਦੇ ਹਨ। ਉਨ੍ਹਾਂ ਘੋੜਿਆਂ ਵਿੱਚੋਂ ਹਰਿਆਣੇ ਦੇ ਸਿੱਖ ਲੀਡਰਾਂ ਨੇ ਇੱਕ ਘੋੜਾ ਕਿਰਾਏ ਤੇ ਲਿਆ ਕੇ, ਹਰਿਆਣੇ ਦੇ ਸਿੱਖਾਂ ਦਾ "ਜਨਮ ਸਫ਼ਲਾ" ਕੀਤਾ ਸੀ। ਉਸ ਤੋਂ ਪਹਿਲਾਂ (1975) ਸਮੇਂ

ਦੇ ਮੁੱਖ ਮੰਤਰੀ, ਗਿਆਨੀ ਜੈਲ ਸਿੰਘ ਨੇ, ਗੁਰੂ ਗੋਬਿੰਦ ਸਿੰਘ ਜੀ ਦੇ ਦੋ ਘੋੜਿਆਂ ਨੂੰ 600 ਕਿਲੋ ਮੀਟਰ ਲੰਮੇ ਜਲੂਸ ਵਿੱਚ ਸ਼ਾਮਲ ਕਰ ਕੇ ਵਾਹਵਾ "ਪੁੰਨ" ਖੱਟਿਆ ਸੀ। ਸਿੱਖ ਸ਼ਕਲ ਵਾਲੇ ਲੋਕਾਂ ਨੇ ਘੋੜਿਆਂ ਦੇ ਚਰਨ ਪੂਜੇ, ਰੁਪਏ ਅਰਪਣ ਕੀਤੇ ਅਤੇ "ਲੋਕ ਪ੍ਰਲੋਕ ਸੁਹੇਲਾ" ਕਰ ਲਿਆ। ਸੰਨ 2008 ਵਿੱਚ "300 ਸਾਲ ਗੁਰੂ ਦੇ ਨਾਲ" ਦੇ ਨਾਹਰੇ ਮਾਰਦਿਆਂ, ਸਿੱਖ ਸੇਵਕਾਂ ਨੇ ਸਾਰੇ ਹਿੰਦੁਸਤਾਨ ਵਿੱਚ ਧੂੜਾਂ ਪੁੱਟ ਦਿੱਤੀਆਂ। ਪੈਂਤੀ ਮਹਾਂਪੁਰਖਾਂ ਦੀ ਜਾਗਤ ਜੋਤ (ਜਿਵੇਂ ਪ੍ਰਚਾਰਿਆ ਗਿਆ ਹੈ) ਗੁਰੂ ਗ੍ਰੰਥ ਸਾਹਿਬ ਜੀ ਨੂੰ ਘਰ ਘਰ ਦਾ ਭਿਖਾਰੀ ਬਣਾਇਆ ਗਿਆ। ਘਰ ਘਰ ਸ਼ਹਿਰ ਸ਼ਹਿਰ ਜਾ ਕੇ ਬਾਬਾ ਜੀ ਨੇ ਅਰਬਾਂ ਰੁਪਏ ਕਮਾ ਕੇ ਪ੍ਰਬੰਧਕਾਂ ਨੂੰ ਆਨੰਦ ਕਰ ਦਿੱਤਾ। ਉਸ ਤੋਂ ਮਗਰੋਂ ਬਾਬਾ ਜੀ ਇੱਕ ਕਮਰੇ ਵਿੱਚ ਬਿਰਾਜਮਾਨ ਹੋ ਕੇ ਆਰਾਮ ਫ਼ਰਮਾਣ ਲੱਗੇ। ਪ੍ਰਬੰਧਕ ਉਸ ਕਮਾਈ ਨੂੰ ਵੰਡ ਕੇ ਲੇਖੇ ਲਾਉਣ ਲੱਗੇ। ਉਸ ਬੇਅੰਤ ਪੈਸੇ ਵਿੱਚੋਂ ਪੰਥ ਲਈ ਨਾ ਕੋਈ ਸਕੂਲ, ਨਾ ਕਾਲਜ, ਨਾ ਰੁਜ਼ਗਾਰ, ਨਾ ਅਖ਼ਬਾਰ, ਨਾ ਟੀ.ਵੀ. ਚੈਨਲ, ਨਾ ਬਹੁ ਭਾਸ਼ੀ ਗੁਰਮਤਿ ਸਾਹਿਤ...। ਫਿਰ ਕਿਥੇ ਗਿਆ ਏਨਾ ਪੈਸਾ ?

ਖ਼ੈਰ ਵਿਚਾਰ ਚੱਲ ਰਹੀ ਸੀ ਕਲਗੀ ਬਾਰੇ। ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕਲਗੀ ਭਾਈ ਸੰਗਤ ਸਿੰਘ ਨੂੰ ਦਿੱਤੀ ਕਿ ਭਾਈ ਸੰਤ ਸਿੰਘ ਨੂੰ, ਕੀ ਫ਼ਰਕ ਪੈਂਦਾ ਹੈ। ਅੱਜ ਵਾਲੇ ਕਲਗੀ ਦੀ ਪ੍ਰਾਪਤੀ ਲਈ ਦੌੜ ਰਹੇ ਲੋਕ, ਭਾਈ ਸੰਗਤ ਸਿੰਘ ਅਤੇ ਭਾਈ ਸੰਤ ਸਿੰਘ ਵਰਗੇ ਗੁਰੂ ਦੇ ਆਗਿਆਕਾਰੀ ਕਦੇ ਨਹੀਂ ਬਣਨਾ ਚਾਹੁੰਦੇ। ਉਨ੍ਹਾਂ ਬਹਾਦਰਾਂ ਨੇ ਸ਼ਹੀਦੀ ਤੋਂ ਪਹਿਲਾਂ ਸਤਿਗੁਰੂ ਜੀ ਦੇ ਵਿਸ਼ਵਾਸ ਪਾਤਰ ਬਣਨ ਵਾਸਤੇ ਕਿੰਨੀਆਂ ਮੁਸੀਬਤਾਂ ਝੱਲੀਆਂ ਹੋਣਗੀਆਂ। ਕਿੰਨੀ ਦਲੇਰੀ ਅਤੇ ਸੂਝ ਬੂਝ ਦਾ ਸਬੂਤ ਦਿੱਤਾ ਹੋਵੇਗਾ। ਫਿਰ ਕਿਤੇ ਉਨ੍ਹਾਂ ਨੂੰ ਗੁਰੂ ਜੀ ਨੇ ਆਪਣੇ ਖ਼ਾਸ ਭਰੋਸੇ ਯੋਗ ਸਿੱਖਾਂ ਵਿੱਚ ਸ਼ੁਮਾਰ ਕੀਤਾ। ਇਹ ਸਾਰੇ ਸੂਰਮਗਤੀ ਦੇ ਜੌਹਰ ਵਿਖਾਉਂਦਿਆਂ, ਦੁਸ਼ਮਣ ਦੇ ਆਹੂ ਲਾਹੁੰਦਿਆਂ ਸਗੀਰ ਤਾਂ ਲੇਖੇ ਲਾ ਗਏ ਪਰ ਗੁਰੂ ਤੋਂ ਬੇਮੁੱਖ ਨਹੀਂ ਹੋਏ। ਕੋਈ ਗ਼ਲਤ ਸਮਝੌਤਾ ਨਹੀਂ ਕੀਤਾ। ਗਰੂ ਜੀ ਵੱਲੋਂ ਬਖ਼ਸ਼ੀ ਦਸਤਾਰ ਦੀ ਲਾਜ ਰੱਖ ਲਈ, ਮੁਕਤੇ ਅਖਵਾਏ। ਕਲਗੀ 'ਤੇ ਦਾਹਵਾ ਜਤਾਉਣ ਵਾਲੇ ਕਦੀ ਉਨ੍ਹਾਂ ਵਰਗੇ ਬਣਨ ਦੀ ਕੋਸ਼ਿਸ਼ ਭੀ ਕਰਨਗੇ ? ਵੈਸੇ ਫ਼ੋਟੋਆਂ ਵਿੱਚ ਸੁਲਤਾਨ-ਉਲ-ਕੌਮ ਜੱਸਾ ਸਿੰਘ ਆਹਲੂਵਾਲੀਏ ਦੇ ਭੀ ਕਲਗੀ ਸਜੀ ਵੇਖੀਦੀ ਹੈ। ਜੱਸਾ ਸਿੰਘ ਰਾਮਗੜ੍ਹੀਆ, ਸ੍. ਬਘੇਲ ਸਿੰਘ, ਬਾਬਾ ਆਲ੍ਹਾ ਸਿੰਘ। ਫਿਰ ਮਾਲਵਾ ਖੇਤਰ ਦੇ ਸਿੱਖ ਰਾਜੇ ਭੀ ਕਲਗੀਆਂ ਸਜਾਉਂਦੇ ਰਹੇ ਹਨ। ਉਂਵ ਭਾਵੇਂ ਅੰਗਰੇਜ਼ਾਂ ਦੇ ਗ਼ੁਲਾਮ ਸਨ। ਅੰਗਰੇਜ਼ ਕਲਗੀ ਨਹੀਂ ਲਾਉਂਦੇ ਸਨ ਪਰ ਇਸ ਦੇਸ਼ ਦੇ ਅਸਲੀ ਰਾਜੇ ਸਨ। ਕਲਗੀ ਮਹਾਰਾਜਾ ਰਣਜੀਤ ਸਿੰਘ ਦੀ ਭੀ ਲੱਭਣੀ ਪਵੇਗੀ। ਕਲਗੀ ਕੰਵਰ ਨੌਨਿਹਾਲ ਸਿੰਘ ਦੀ ਭੀ ਲੱਭਣੀ ਪਵੇਗੀ। ਸ਼ਾਇਦ ਇਹ ਕਲਗੀਆਂ ਕਈ ਪ੍ਰਵਾਰਾਂ ਦੀ ਰੋਜ਼ੀ ਰੋਟੀ ਚਲਾ ਦੇਣ।

ਗੁਰੂ ਨਾਨਕ ਸਾਹਿਬ ਜੀ ਨੇ ਜਾਤੀ ਬੰਧਨ ਤੋੜ ਕੇ ਨਾਮਦੇਵ ਜੀ, ਕਬੀਰ ਜੀ ਤੇ ਰਵਿਦਾਸ ਜੀ ਨੂੰ ਆਪਣੇ ਨਾਲ ਬਿਠਾਇਆ। ਗੁਰੂ ਗ੍ਰੰਥ ਸਾਹਿਬ ਜੀ ਇਸ ਦਾ ਪ੍ਰਤੱਖ

ਸਬੂਤ ਹੈ। ਪੰਜ ਵੱਖਰੀਆਂ ਜਾਤਾਂ ਨੂੰ ਇੱਕੋ ਭਾਂਡੇ ਵਿੱਚ ਖਾਣ ਲਈ ਆਖਣਾ (ਖੰਡੇ ਕੀ ਪਾਹੁਲ ਅਤੇ ਮਗਰੋਂ ਇੱਕੋ ਭਾਂਡੇ ਵਿੱਚ ਕੜਾਹ ਪ੍ਰਸ਼ਾਦ ਛਕਣਾ) ਜਾਤ ਪਾਤ ਵਿਰੁੱਧ ਇਨਕਲਾਬੀ ਕਦਮ ਸੀ ਪਰ ਅੱਜ ਸਿੱਖ ਅਖਵਾਉਣ ਵਾਲੇ ਸਿੱਖ ਪੰਥ ਦੇ ਸ਼ਾਨਦਾਰ ਗੁਲਦਸਤੇ ਵਿੱਚੋਂ ਆਪੋ ਆਪਣੀ ਜਾਤ ਬ੍ਰਾਦਰੀ ਵਾਲੇ ਮਹਾਂਪੁਰਖਾਂ ਨੂੰ ਆਪਣੀ ਜਾਤ ਬ੍ਰਾਦਰੀ ਵਿੱਚ ਵਾਪਸ ਲਿਜਾਣਾ ਚਾਹੁੰਦੇ ਹਨ।

ਕੋਈ ਵਿਰਲਾ ਸਿੱਖ ਹੋਵੇਗਾ ਜੋ ਆਖੇ ਕਿ ਮੇਰੇ ਕੋਲ ਕਲਗੀ ਨਹੀਂ ਹੈ। ਗੁਰੂ ਕੀ ਅੰਸ਼-ਵੰਸ਼ ਵਾਲਾ ਮਾਣ ਭੀ ਨਹੀਂ ਹੈ। ਗੁਰੂ ਜੀ ਦਾ ਪਰਨਾ, ਕੰਘਾ, ਚੋਲਾ ਜਾਂ ਜੁੱਤੀ ਭੀ ਮੇਰੇ ਕੋਲ ਨਹੀਂ ਹੈ। ਰੁਜ਼ਗਾਰ ਕਮਾਉਣ ਲਈ ਮੇਰੇ ਕੋਲ ਕੋਈ ਗੁਰਦਵਾਰਾ ਭੀ ਨਹੀਂ ਹੈ। ਮੇਰੇ ਕੋਲ ਜੀਵਨ ਨੂੰ ਸੰਵਾਰ ਦੇਣ ਵਾਲੀ ਗੁਰਬਾਣੀ ਹੈ। ਮੈਂ ਪੜ੍ਹ ਕੇ, ਸਮਝ ਕੇ ਆਪਣੇ ਜੀਵਨ ਵਿੱਚੋਂ ਔਗੁਣ ਤਿਆਗ ਦਿੱਤੇ ਹਨ। ਗੁਰਬਾਣੀ ਵਿੱਚ ਦਰਸਾਏ ਗੁਣ ਧਾਰਨ ਕਰ ਲਏ ਹਨ। ਜੋ ਮਰਜ਼ੀ ਨਫ਼ਾ-ਨੁਕਸਾਨ ਹੋ ਜਾਵੇ, ਮੈਂ ਗੁਰਮਤਿ ਦੇ ਰਾਹ ਦਾ ਰਾਹੀ ਬਣ ਕੇ ਅਡੋਲ ਚਲਦਾ ਜਾਵਾਂਗਾ। ਸਿੱਖੀ ਮੇਰੇ ਰਗ ਰੇਸ਼ੇ ਵਿੱਚ ਸਮਾ ਗਈ ਹੈ। ਪਰਉਪਕਾਰ ਵਾਲਾ ਸੰਘਰਸ਼ਮਈ ਜੀਵਨ ਮੇਰਾ ਇਤਿਹਾਸ ਹੈ। ਮੈਨੂੰ ਉਸ 'ਤੇ ਮਾਣ ਹੈ। ਮੈਂ ਸਿੱਖ ਹਾਂ, ਮਰਦੇ ਦਮ ਤੱਕ ਸਿੱਖੀ ਦੇ ਅਸੂਲਾਂ 'ਤੇ ਡੱਟ ਕੇ ਪਹਿਰਾ ਦਿਆਂਗਾ।

ਗੁਰਸਿੱਖੋ! ਹੁਣ ਕਲਗੀਆਂ ਨਹੀਂ ਲੱਭਣੀਆਂ। ਆਪਣੇ ਜੀਵਨ ਨੂੰ ਗੁਣਾਂ ਦੀਆਂ "ਕਲਗੀਆਂ" ਨਾਲ ਸ਼ੁਸੋਭਤ ਕਰੋ। ਵਰਨਾ ਹੱਥ ਮਲਦੇ ਰਹਿ ਜਾਉਗੇ।

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥ ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ ਰਹਾਉ ॥
ਸਸੈ ਸਭੁ ਜਗੁ ਸਹਜਿ ਉਪਾਇਆ, ਤੀਨਿ ਭਵਨ ਇਕ ਜੋਤੀ ॥
ਗੁਰਮੁਖਿ ਵਸਤੁ ਪਰਾਪਤਿ ਹੋਵੈ, ਚੁਣਿ ਲੈ ਮਾਣਕ ਮੋਤੀ ॥
ਸਮਝੈ ਸੂਝੈ ਪੜਿ ਪੜਿ ਬੂਝੈ, ਅੰਤਿ ਨਿਰੰਤਰਿ ਸਾਚਾ ॥
ਗੁਰਮੁਖਿ ਦੇਖੈ ਸਾਚੁ ਸਮਾਲੇ, ਬਿਨੁ ਸਾਚੇ ਜਗੁ ਕਾਚਾ ॥੨॥ (930)



ਦਸਮ ਗ੍ਰੰਥ ਬਾਰੇ ਪਹਿਲੀ ਮਿਆਰੀ ਖੋਜ

ਸਿੱਖ ਪੰਥ ਵਿੱਚ ਬਹਾਦਰ ਬਹੁਤ ਹੋਏ ਨੇ। ਸਿੱਖਾਂ ਵਿੱਚ ਤੇਗ ਦੇ ਧਨੀ, ਦੁਸ਼ਮਣ ਨੂੰ ਤਹਿ ਤੇਗ ਕਰਨ ਵਾਲੇ ਬਹੁਤ ਹੋ ਗੁਜ਼ਰੇ ਹਨ। ਜੇਕਰ ਕੋਈ ਸਿੱਖ ਸਮੇਂ ਦੀ ਸਰਕਾਰ ਨੇ ਗ੍ਰਿਫ਼ਤਾਰ ਕਰ ਹੀ ਲਿਆ ਤਾਂ ਉਸ ਨੇ ਸਿੱਖੀ ਨੂੰ ਤਿਆਗ ਦੇਣ ਦੀ ਥਾਵੇਂ ਮੌਤ ਪ੍ਰਵਾਨ ਕੀਤੀ। ਇੱਕ ਹੋਰ ਖੱਪਾ ਹੋ ਕਦੀ ਪੂਰਿਆ ਨਹੀਂ ਜਾ ਸਕਿਆ, ਉਹ ਸੀ ਵਿੱਦਿਆ ਦੀ ਘਾਟ। ਬੇਅੰਤ ਖੋਜ ਕਰਨ ਦੇ ਬਾਵਜੂਦ ਭੀ ਸਾਰੇ ਗੁਰੂ ਕਾਲ ਵਿੱਚ ਸਿਰਫ਼ ਇੱਕ ਗੁਰਸਿੱਖ ਵਿਦਵਾਨ ਸਾਹਮਣੇ ਆਉਂਦਾ ਹੈ, ਉਹ ਹੈ ਭਾਈ ਗੁਰਦਾਸ ਜੀ। ਭਾਈ ਨੰਦ ਲਾਲ ਦੀਆਂ ਰਚਨਾਵਾਂ ਫ਼ਾਰਸੀ ਵਿੱਚ ਹੋਣ ਕਰ ਕੇ, ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹਨ। ਗੁਰੂ ਕਾਲ ਤੋਂ ਮਗਰੋਂ, ਸਿੱਖਾਂ ਨੂੰ ਸੌ ਸਾਲ ਤੱਕ ਫਿਰ ਜੰਗ ਲੜਨੇ ਪਏ, ਮਰਨਾ ਜਾਂ ਮਾਰਨਾ ਮਜਬੂਰੀ ਬਣ ਗਈ। ਗੁਰਬਾਣੀ ਦੁਆਰਾ ਜੋ ਉਪਦੇਸ਼ ਦਿੱਤਾ ਗਿਆ ਹੈ, ਉਸ ਨੂੰ ਵਿਚਾਰ ਸਹਿਤ ਪੜ੍ਹਨਾ ਤੇ ਜੀਵਨ ਵਿੱਚ ਲਾਗੂ ਕਰਨਾ, ਸੁਪਨਾ ਬਣ ਕੇ ਰਹਿ ਗਿਆ। ਅਨੇਕ ਵਾਰੀ ਪੰਥਕ ਮਸਲੇ ਉੱਭਰੇ, ਸਾਰਥਕ ਹੱਲ ਲੱਭਣ ਦੀ ਥਾਂਵੇਂ "ਸ਼ਰਧਾ ਸਹਿਤ" ਦਬਾ ਦਿੱਤੇ ਗਏ ਜਾਂ ਵਿਦਵਾਨਾਂ ਦਾ ਪੈਨਲ ਬਣਾ ਕੇ ਕੋਈ ਸਿਆਣਪ ਵਾਲਾ ਰਸਤਾ ਲੱਭਣ ਦੀ ਥਾਵੇਂ "ਲਾਟਰੀ" ਰਾਹੀਂ ਹੱਲ ਤਲਾਸ਼ੇ ਗਏ। ਸੰਨ 1863 ਵਿੱਚ ਜਦੋਂ ਪਹਿਲੀ ਵਾਰੀ ਛਾਪਾ ਮਸ਼ੀਨਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਛਾਪਣ ਦਾ "ਸੰਕਟ" ਆਣ ਪਿਆ। ਉਸ ਵਕਤ ਕਰਤਾਰਪੁਰੀ ਬੀੜ, ਦਮਦਮੇ ਵਾਲੀ ਬੀੜ ਤੇ ਖਾਰੀ ਬੀੜ ਵਿੱਚੋਂ ਇੱਕ ਬੀੜ ਛਾਪੇ ਲਈ ਚੁਣਨ ਵਾਸਤੇ ਦਰਬਾਰ ਸਾਹਿਬ ਦੇ ਸਰੋਵਰ ਵਿੱਚ ਪਰਚੀਆਂ ਪਾ ਕੇ ਲਾਟਰੀ ਰਾਹੀਂ ਫ਼ੈਸਲਾ ਕੀਤਾ ਗਿਆ। ਇਸੇ ਤਰ੍ਹਾਂ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿੱਚੋਂ ਸਹੀ ਕੌਣ ਹੈ, ਦਾ ਨਿਰਣਾ ਭੀ ਦਰਬਾਰ ਸਾਹਿਬ ਦੇ ਸਰੋਵਰ ਵਿੱਚ ਪਰਚੀਆਂ ਪਾ ਕੇ ਕੀਤਾ ਗਿਆ।

ਜਿਸ ਦਿਨ ਤੋਂ "ਦਸਮ ਗ੍ਰੰਥ" (ਬਚਿੱਤਰ ਨਾਟਕ) ਹੋਂਦ ਵਿੱਚ ਆਇਆ ਸੀ, ਉਸੇ ਦਿਨ ਤੋਂ ਵਿਵਾਦਾਂ ਵਿੱਚ ਪਿਆ ਹੋਇਆ ਹੈ। ਬੀਕਾਨੇਰ ਸਥਿਤ, ਬੁੱਢਾ ਜੋਹੜ ਦੇ ਸਥਾਨ 'ਤੇ ਸਿੱਖ ਮੁਖੀ ਬਚਿੱਤਰ ਨਾਟਕ ਦੀ ਪ੍ਰਮਾਣੀਕਤਾ ਬਾਰੇ ਵਿਚਾਰ ਚਰਚਾ ਕਰ ਰਹੇ ਸਨ। ਇਸੇ ਸਮੇਂ ਇੱਕ ਸਿੱਖ ਨੇ ਦੁੱਖਦਾਈ ਖ਼ਬਰ ਸੁਣਾ ਦਿੱਤੀ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਮੱਸਾ ਰੰਘੜ ਘੋਰ ਪਾਪ ਕਰ ਰਿਹਾ ਹੈ। ਖ਼ਬਰ ਸੁਣ ਕੇ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਉੱਠੇ। ਹੱਥ ਜੋੜ ਕੇ ਅਰਜ ਕੀਤੀ- "ਅਸੀਂ ਦੋਵੇਂ ਦਸਮ ਗ੍ਰੰਥ ਅੱਗੇ ਅਰਦਾਸ ਕਰ ਕੇ ਮੱਸੇ ਨੂੰ ਪਾਪਾਂ ਦੀ ਸਜ਼ਾ ਦੇਣ ਲਈ ਜਾਵਾਂਗੇ। ਜੇਕਰ ਉਸ ਦਾ ਸਿਰ ਕਲਮ ਕਰ ਦਿੱਤਾ ਤਾਂ ਦਸਮ ਗ੍ਰੰਥ ਸਰਬਕਲਾ ਸਮਰੱਥ ਹੈ। ਇਸ ਅੱਗੇ ਕੀਤੀ ਅਰਦਾਸ ਪੂਰੀ ਹੁੰਦੀ ਹੈ। ਜੇ ਅਸੀਂ ਮੱਸੇ ਰੰਘੜ ਨੂੰ ਸਜ਼ਾ ਦੇਣ ਵਿੱਚ ਨਾਕਾਮ ਰਹੇ, ਫਿਰ ਜਿਵੇਂ ਪੰਥ ਦਾ ਜੀ ਚਾਹੇ ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਨਾ ਮੰਨੇ। ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਮੱਸੇ ਨੂੰ ਕੀਤੇ ਦੀ ਸਜ਼ਾ ਦੇ ਦਿੱਤੀ। ਇਸ ਲਈ ਵਿਚਾਰ ਅਧੀਨ ਦਸਮ ਗ੍ਰੰਥ ਵਾਲਾ ਮਸਲਾ ਥਾਏਂ ਧਰਿਆ ਰਹਿ ਗਿਆ। ਇਹ ਫ਼ੈਸਲਾ ਭੀ ਵਿਦਵਾਨਾਂ

ਨੇ ਨਹੀਂ ਕੀਤਾ, ਲਾਟਰੀ ਨੇ ਫ਼ੈਸਲਾ ਕੀਤਾ। ਸਿੱਖਾਂ ਨੇ ਚੁੱਪ ਚਾਪ ਸਿਰ ਸੁੱਟ ਕੇ ਮੰਨ ਲਿਆ।

ਦਸਮ ਗ੍ਰੰਥ ਦੇ ਸੰਕਲਨ ਬਾਰੇ ਡਾ. ਰਤਨ ਸਿੰਘ ਜੱਗੀ ਲਿਖਦੇ ਹਨ- "ਸੰਨ 1897 ਵਿੱਚ ਬਣੀ ਸੋਧਕ ਕਮੇਟੀ ਦਾ ਉਦੇਸ਼ "ਦਸਮ ਗ੍ਰੰਥ" ਦੇ ਕਰਤਿਤਵ (ਲਿਖਾਰੀ) ਦਾ ਨਿਰਣਾ ਕਰਨਾ ਨਹੀਂ ਸਗੋਂ ਇਸ ਗ੍ਰੰਥ ਦਾ ਪਾਠ ਸ਼ੁੱਧ ਕਰਨਾ ਸੀ। ਇਸ ਕਮੇਟੀ ਦੇ ਮੈਂਬਰਾਂ ਦੀ ਸਿੱਖ ਸਮਾਜ ਵਿੱਚ ਨਾ ਤਾਂ ਕੋਈ ਮਾਨਤਾ ਸੀ ਅਤੇ ਨਾ ਹੀ ਉਹ ਪ੍ਰਮਾਣੀਕ ਵਿਦਵਾਨ ਸਨ। ਉਨ੍ਹਾਂ ਦੇ ਨਿੱਜੀ ਪੇਸ਼ੇ ਭੀ ਕਿਸੇ ਸਾਹਿਤਕ ਸੋਧ ਕਾਰਜ ਲਈ ਢੁੱਕਵੇਂ ਪ੍ਰਤੀਤ ਨਹੀਂ ਹੁੰਦੇ। ਇਨ੍ਹਾਂ ਵਿੱਚੋਂ ਬਹੁਤ ਸਾਰੇ ਪਰੰਪਰਾਵਾਦੀ ਜਾਂ ਪੁਜਾਰੀ ਸ਼੍ਰੇਣੀ ਦੇ ਸਨ। ਇਸ ਰਿਪੋਰਟ ਦੇ ਸ਼ੁਰੂ ਵਿੱਚ ਗਿਆਨੀ ਸਰਦੂਲ ਸਿੰਘ ਦੁਆਰਾ ਰਚਿਤ ਇੱਕ ਭੂਮਿਕਾ ਭੀ ਹੈ ਜੋ ਨਾ ਤਾਂ ਸੋਧਕ ਕਮੇਟੀ ਦੇ "ਦਸਮ ਗ੍ਰੰਥ" ਸਬੰਧੀ ਦ੍ਰਿਸ਼ਟੀਕੋਣ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਨਾ ਹੀ ਉਸ ਵਿੱਚ ਕਿਸੇ ਵਿਗਿਆਨਕ ਖੋਜ ਦੇ ਆਧਾਰ 'ਤੇ ਨਿਰਣੇ ਦਿੱਤੇ ਗਏ ਹਨ। ਇਸ ਲਈ ਸੋਧਕ ਕਮੇਟੀ ਦਾ ਇਹ ਕਾਰਜ ਕਿਵੇਂ ਮਹੱਤਵ ਪੂਰਨ ਹੋ ਸਕਦਾ ਹੈ?"

(ਦਸਮ ਗ੍ਰੰਥ ਦਾ ਕਰਤਿਤਵ, ਪੰਨਾ-35)

ਬਚਿੱਤਰ ਨਾਟਕ ਦੇ "ਅਪਨੀ ਕਥਾ" ਵਾਲੇ ਪ੍ਰਸੰਗ ਨੂੰ ਪੜ੍ਹ ਵਿਚਾਰ ਕੇ ਵੇਖੋ! ਜਿਸ ਇਸਟ ਦੇਵੀ ਕਾਲਕਾ ਨੂੰ ਗੁਰੂ ਜੀ ਪਿਛਲੇ ਜਨਮ ਵਿੱਚ ਧਿਆਉਂਦੇ ਦਰਸਾਏ ਹਨ, ਉਸੇ ਦੇਵੀ ਨੂੰ ਇਸ ਜਨਮ ਵਿੱਚ ਨਮਸਕਾਰਾਂ ਕਰਦੇ ਵਿਖਾ ਦਿੱਤੇ ਹਨ। ਪੜ੍ਹੋ ਪੰਕਤੀਆਂ-

"ਤਹ ਹਮ ਅਧਿਕ ਤਪਸਿਆ ਸਾਧੀ"। "ਮਹਾਕਾਲ ਕਾਲਕਾ" ਅਰਾਧੀ।

(ਦਸਮ ਗ੍ਰੰਥ, ਪੰਨਾ- 55)

ਚੌਧਵੇਂ ਅਧਿਆਇ ਅੰਦਰ ਚਰਿੱਤਰ ਨਾਇਕ ਦਸਮ ਗੁਰੂ ਨੇ ਆਪਣੇ ਵਰਤਮਾਨ ਜਨਮ ਦੇ ਇਸਟ ਦੇਵ ਭੀ ਉਹੀ ਦੱਸੇ ਹਨ-

"ਸਰਬਕਾਲ" ਹੈ ਪਿਤਾ ਅਪਾਰਾ। "ਦੇਵੀ ਕਾਲਕਾ" ਮਾਤ ਹਮਾਰਾ।

(ਦਸਮ ਗ੍ਰੰਥ, ਪੰਨਾ- 73)

ਸੰਪਰਦਾਈ ਗਿਆਨੀਆਂ ਨੇ ਇਸ ਕ੍ਰਿਤੀ ਨੂੰ ਗੁਰੂ ਰਚਿਤ ਸਿੱਧ ਕਰਨ ਦੇ ਮੋਹ ਵੱਸ "ਮਹਾਂਕਾਲ" ਅਤੇ "ਕਾਲਕਾ" ਦੇ ਅਰਥ ਭਾਵੇਂ ਕੁੱਝ ਕੀਤੇ ਹੋਣ ਪਰ ਵਸਤੂ-ਸਥਿਤੀ ਅਨੁਸਾਰ "ਮਹਾਂਕਾਲ" ਜਾਂ "ਸਰਬਕਾਲ" ਅਤੇ "ਕਾਲਿਕਾ" ਜਾਂ "ਕਾਲੀ" ਦੀ ਇਸਟ ਕਲਪਨਾ ਦਾ ਸਬੰਧ "ਸਾਕਤ ਮੱਤ" ਨਾਲ ਹੈ। ਨਿਰਗੁਣੀ ਵਿਚਾਰਧਾਰਾ ਦੇ ਪੈਗੰਬਰ ਗੁਰੂ ਗੋਬਿੰਦ ਸਿੰਘ ਜੀ ਕਾਲੀ ਜਾਂ ਕਾਲਕਾ ਦੇ ਉਪਾਸਕ ਹਰਗਿਜ਼ ਨਹੀਂ ਸਨ।

(ਦਸਮ ਗ੍ਰੰਥ ਦਾ ਕਰਤਿਤਵ, ਪੰਨਾ- 141-42)

ਫਲ ਸਰੂਪ "ਅਪਨੀ ਕਥਾ" (ਬਚਿੱਤਰ ਨਾਟਕ ਵਿੱਚ ਅੰਕਤ) ਦੇ ਨਾਇਕ, ਦਸਮ ਗੁਰੂ ਇਸ ਰਚਨਾ ਦੇ ਲੇਖਾਰੀ ਨਹੀਂ ਹੋ ਸਕਦੇ। ਅਸਲ ਵਿੱਚ ਆਸਰਾ ਦਾਤੇ ਦੇ ਨਾਂ 'ਤੇ ਲਿਖੀ ਇਹ ਕਿਸੇ ਦਰਬਾਰੀ ਕਵੀ ਦੀ ਰਚਨਾ ਹੈ।

ਸੀਮਤ ਗਿਆਨ ਕਾਰਨ ਬਹੁਤ ਸਾਰੇ ਸਿੱਖ (ਅਤੇ ਜਥੇਬੰਦੀਆਂ) "ਦੇਹਿ ਸ਼ਿਵਾ ਬਰ ਮੋਹਿ ਇਹੈ" ਵਾਲੀ ਰਚਨਾ ਨੂੰ ਬਾਰ ਬਾਰ ਪ੍ਰਮਾਣ ਵਾਸਤੇ ਵਰਤਦੇ ਹਨ। ਬਹੁਤ ਸਾਰੇ

ਅਗਿਆਨੀ ਜਥੇ ਗੁਰਦਵਾਰਿਆਂ ਵਿੱਚ ਇਸ ਦਾ ਕੀਰਤਨ ਭੀ ਕਰਦੇ ਹਨ। ਜਦੋਂ ਕਿ ਦਸਮ ਗ੍ਰੰਥ ਵਿੱਚ ਸਾਫ਼ ਜੁਆਬ ਮਿਲ ਜਾਂਦਾ ਹੈ ਕਿ "ਸ਼ਿਵਾ" ਅਸਲ ਵਿੱਚ ਦੇਵੀ ਦੁਰਗਾ ਦਾ ਹੀ ਇੱਕ ਨਾਮ ਹੈ। ਡਾ. ਜੱਗੀ ਜੀ ਦੀ ਜ਼ੁਬਾਨੀ - ਚਰਿਤਰੋ ਪਾਖਿਆਨ ਦੇ ਪਹਿਲੇ ਮੰਗਲ ਰੂਪ "ਚੰਡੀ ਚਰਿਤ੍ਰ" ਵਿੱਚ ਲਿਖਿਆ ਹੈ -

ਦੁਰਗਾ ਤੂੰ ਛਿਮਾ ਤੂੰ, "ਸਿਵਾ ਰੂਪ" ਤੇਰੋ। ਤੂੰ ਧਾਤਰੀ ਸਵਾਹਾ ਨਮਸਕਾਰ ਮੇਰੋ।
ਨਮੋ ਹਿੰਗੁਲਾ ਪਿੰਗੁਲਾ ਤੋਤਲਾਯੰ। ਨਮੋ ਕਰਤਿ ਕਯਾਨੀ "ਸਿਵਾ" ਸੀਤਲਾਯੰ।

(ਦਸਮ ਗ੍ਰੰਥ ਦਾ ਕਰਤਿਤਵ, ਪੰਨਾ- 143)

ਵਾਰ ਦੁਰਗਾ ਕੀ (ਚੰਡੀ ਕੀ ਵਾਰ) ਬਾਰੇ ਡਾ. ਰਤਨ ਸਿਘ ਜੱਗੀ ਸਪੱਸ਼ਟ ਕਰਦੇ ਹਨ- "ਇਹ ਵਾਰ ਸੰਗਰੂਰ ਵਾਲੀ ਬੀੜ ਵਿੱਚ ਨਹੀਂ ਹੈ। ਆਮ ਧਾਰਨਾ ਪ੍ਰਚੱਲਤ ਹੈ ਕਿ ਜੇ ਇਹ ਰਚਨਾ ਦਸਮ ਗੁਰੂ ਦੀ ਹੁੰਦੀ ਤਾਂ ਨੌਵੇਂ ਗੁਰੂ ਤੋਂ ਬਾਅਦ ਦਸਵੇਂ ਗੁਰੂ ਦਾ ਨਾਂ ਅਵੱਸ਼ ਆਉਂਦਾ ਪਰ ਦਸਮ ਗੁਰੂ ਪ੍ਰਤਿ ਕਵੀ ਨੇ ਸ਼ੁਰੂ ਵਿੱਚ ਹੀ "ਪਾਤਿਸ਼ਾਹੀ ੧੦" ਸ਼ਬਦ ਲਿਖ ਕੇ ਆਪਣੀ ਸ਼ਰਧਾਂਜਲੀ ਅਰਪਣ ਕਰ ਦਿੱਤੀ ਹੈ। ਇਥੇ ਪਾਤਿਸ਼ਾਹੀ ਦਸਵੀਂ ਉਕਤੀ ਲੇਖਾਰੀ ਦੀ ਸੂਚਕ ਨਹੀਂ। ਸੰਪਾਦਕਾਂ ਅਤੇ ਸੰਗ੍ਰਹਿ ਕਰਤਿਆਂ ਦੀ ਦਸਮ ਗੁਰੂ ਪ੍ਰਤਿ ਸ਼ਰਧਾ ਦੀ ਲਿਖਾਇਕ ਹੈ। ਇਸ ਰਚਨਾ ਮੰਗਲ "ਸ੍ਰੀ ਭਗੌਤੀ ਜੀ ਸਹਾਇ" ਅਤੇ ਮਹਾਤਮ ਭੀ ਦਸਮ ਗੁਰੂ ਦੀ ਇਸ਼ਟ ਭਾਵਨਾ ਨਾਲ ਮੇਲ ਨਹੀਂ ਖਾਂਦਾ। ਫਲਸਰੂਪ ਇਹ ਦਸਮ ਗੁਰੂ ਦੀ ਪ੍ਰਮਾਣਿਕ ਰਚਨਾ ਸਿੱਧ ਨਹੀਂ ਹੁੰਦੀ"। (ਦਸਮ ਗ੍ਰੰਥ ਦਾ ਕਰਤਿਤਵ, ਪੰਨਾ- 165)

ਜੋ ਰਚਨਾਵਾਂ ਪਹਿਲਾਂ ਹੀ ਹਿੰਦੂ ਪੌਰਾਣਕ ਸਾਹਿਤ ਵਿੱਚ ਮੌਜੂਦ ਹਨ, ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਨੂੰ ਲਿਖਣ ਲਈ ਕਿਉਂ ਇੰਨਾ ਸਮਾਂ ਨਸ਼ਟ ਕਰਨਗੇ ? ਕਥਾਵਾਂ ਜੋ ਕਾਲਪਨਿਕ ਹਨ। ਮੌਜੂਦਾ ਸਿੱਖ ਜਨ ਸਮੂਹ ਲਈ ਉਨ੍ਹਾਂ ਵਿੱਚ ਕੁੱਝ ਭੀ ਮੰਨਣ ਜਾਂ ਸਿੱਖਣ ਯੋਗ ਨਹੀਂ ਹੈ। "ਕ੍ਰਿਸ਼ਨ ਲੀਲਾ" ਲਿਖ ਕੇ ਦਸਮ ਗ੍ਰੰਥ ਦੇ ਚਾਰ ਸੌ ਪੰਨੇ ਕਾਲੇ ਕੀਤੇ ਪਏ ਹਨ। ਕੀ ਸਿਖਾਉਣ ਲਈ ? ਇਨ੍ਹਾਂ ਪੌਰਾਣਕ ਲਿਖਤਾਂ ਬਾਰੇ ਡਾ. ਜੱਗੀ ਜੀ ਇਉਂ ਲਿਖ ਰਹੇ ਹਨ- "ਇਨ੍ਹਾਂ ਸਾਰੇ ਅੰਦਰਲੇ ਪ੍ਰਮਾਣਾਂ ਦੇ ਆਧਾਰ 'ਤੇ ਸਪੱਸ਼ਟ ਹੈ ਕਿ ਦਸਮ ਗ੍ਰੰਥ ਦੀਆਂ ਪੌਰਾਣਕ ਕਿਰਤਾਂ ਕਾਵਿ-ਗਤ ਅਤੇ ਕਾਲ-ਗਤ ਦੋਸ਼ਾਂ ਨਾਲ ਭਰਪੂਰ ਹਨ। ਇਨ੍ਹਾਂ ਵਿੱਚ ਸੰਪਾਦਕਾਂ ਦੁਆਰਾ ਅਨੇਕ ਹੋਰ ਹੇਰ ਫੇਰ ਹੋਏ ਹਨ। "ਹਮ ਹਮਾਰੇ" ਆਦਿ ਉਤਮ -ਪੁਰਖੀ ਪੜ੍ਹਨਾਉਂ, ਨਾਟਕੀ ਸ਼ੈਲੀ ਕਰ ਦੇ ਆਏ ਹਨ। ਇਨ੍ਹਾਂ ਲਿਖਤਾਂ ਦੇ ਲੇਖਾਰੀ ਇੱਕ ਨਹੀਂ ਅਨੇਕ ਹਨ। ਜਿਨ੍ਹਾਂ ਦਾ ਗਿਆਨ ਭ੍ਰਾਂਤੀ ਪੂਰਣ ਤੇ ਸੀਮਤ ਹੈ। ਇਨ੍ਹਾਂ ਦੀ ਭਾਵਨਾ ਸਿੱਖ ਪ੍ਰੰਪਰਾ ਨਾਲ ਮੇਲ ਨਹੀਂ ਖਾਂਦੀ। ਇਹ ਸਾਰੇ ਕਵੀ ਆਪਣੀਆਂ ਦਰਬਾਰੀ ਪ੍ਰਵਿਰਤੀਆਂ ਸਪੱਸ਼ਟ ਰੂਪ ਵਿੱਚ ਪ੍ਰਗਟ ਕਰਦੇ ਹਨ। ਆਪਣੇ ਆਸਰਾ ਦਾਤੇ ਪ੍ਰਤੀ ਸ਼ਰਧਾਵਾਨ ਹਨ। ਕਵਿਤਾ ਰਚ ਕੇ (ਲਿਖ ਕੇ ਅਤੇ ਗਾ ਕੇ) ਰਾਜਿਆਂ ਸਰੋਤਿਆਂ ਆਦਿ ਨੂੰ ਪ੍ਰਸੰਨ ਕਰਨਾ ਅਤੇ ਬਦਲੇ ਵਿੱਚ ਧਨ ਪ੍ਰਾਪਤ ਕਰਨਾ, ਇਨ੍ਹਾਂ ਦਾ ਵਿਵਯਾਯ (ਪੇਸ਼ਾ) ਹੈ। ਇਹ ਆਪਣੀ ਕਵਿਤਾ ਦੀ ਭੁੱਲ ਸੁਧਾਰ ਦਾ ਅਧਿਕਾਰ ਹੋਰਨਾਂ ਕਵੀਆਂ ਨੂੰ ਦਿੰਦੇ ਹਨ। ਇਨ੍ਹਾਂ ਨੂੰ ਆਪਣੇ ਕਾਵਿ ਦੋਸ਼ਾਂ ਕਰਕੇ ਨਿੰਦਿਆ ਦੀ ਭੀ ਸ਼ੰਕਾ ਰਹਿੰਦੀ ਹੈ। ਅਜਿਹਾ ਨਾ ਕਰਨ ਲਈ ਸਰੋਤਿਆਂ ਅੱਗੇ ਸਦਾ ਪ੍ਰਾਰਥਨਾਸ਼ੀਲ ਹਨ। ਇਨ੍ਹਾਂ ਲਿਖਤਾਂ ਦਾ ਲੇਖਾਰੀ ਦਸਮ ਗੁਰੂ ਸਿੱਧ

ਨਹੀਂ ਹੁੰਦਾ। (ਦਸਮ ਗ੍ਰੰਥ ਦਾ ਕਰਤਿਤਵ, ਪੰਨਾ- 167)

ਸਰੂਪਦਾਸ ਭੱਲਾ ਨਾਮ ਦੇ ਇੱਕ ਸੇਵਕ ਨੇ ਮਹਿਮਾ ਪ੍ਰਕਾਸ਼ ਪੁਸਤਕ ਸੰਨ 1775 ਵਿੱਚ ਤਿਆਰ ਕੀਤੀ। ਉਸ ਨੇ ਆਪਣੀ ਲਿਖਤ ਵਿੱਚ ਸਾਫ਼ ਲਿਖਿਆ ਹੈ ਕਿ ਦੂਰੋਂ ਨੇੜਿਓਂ ਬਹੁਤ ਸਾਰੇ ਵਿਦਵਾਨ ਦਸਵੇਂ ਗੁਰੂ ਜੀ ਕੋਲ ਆਏ। ਕਾਂਸ਼ੀ ਦੇ ਬ੍ਰਾਹਮਣ ਆਪਣੇ ਸਾਰੇ ਪੁਰਾਤਨ ਗ੍ਰੰਥ ਲੈ ਕੇ ਪਹੁੰਚ ਗਏ। ਗੁਰੂ ਜੀ ਨੇ ਸੰਕ੍ਰਿਤ ਤੋਂ ਭਾਖਾ (ਆਮ ਬੋਲਚਾਲ ਵਾਲੀ) ਵਿੱਚ ਅਨੁਵਾਦ ਕਰਨ ਦੀ ਜ਼ਿੰਮੇਵਾਰੀ, ਨਨੂਆ ਬੈਰਾਗੀ, ਸਿਆਮ ਕਵੀ, ਬ੍ਰਹਮ ਭੱਟ ਅਤੇ ਨਿਹਚਲ ਨਾਮ ਦੇ ਫ਼ਕੀਰ ਨੂੰ ਲਾਇਆ। ਮਹਿਮਾ ਪ੍ਰਕਾਸ਼ ਦਾ ਹਵਾਲਾ ਵੇਖੋ-

ਨਨੂਆ ਬੈਰਾਗੀ, ਸਿਆਮ ਕਬ, ਬ੍ਰਹਮ ਭਾਟ ਜੋਆਹਾ।
ਭਈ ਨਿਹਚਲ ਫਕੀਰ ਗੁਰ, ਬਡੇ ਗੁਨਮ ਗੁਨ ਗਾਹਾ।
ਅਵਰ ਕੇਤਕ ਤਿਨ ਨਾਮ ਨ ਜਾਨੋ। ਲਿਖੇ ਸਗਲ ਪੁਨਿ ਕਰੇ ਬਖਾਨੋ।
ਚਾਰਬੇਦ ਦਸ ਅਸਟ ਪੁਰਾਨਾ। ਛੈ ਸਾਸਤ੍ਰ ਸਿੰਮ੍ਰਿਤ ਆਨਾ।
ਚੌਬੀਸ ਅਵਤਾਰ ਕੋ ਭਾਖਾ ਕੀਨਾ। ਚਾਰ ਸੌ ਚਾਰ ਚਲਿਤ੍ਰ ਨਵੀਨਾ।
ਭਾਖਾ ਬਨਾਈ ਪ੍ਰਭ ਸ੍ਰਵਨ ਕਰਾਈ। ਭਏ ਪਰਸੰਨ ਸਤਿਗੁਰ ਮਨ ਭਾਈ।

ਡਾ. ਜੱਗੀ ਜੀ ਨਿਚੋੜ ਪੇਸ਼ ਕਰਦੇ ਲਿਖਦੇ ਹਨ- ਸਾਰੰਸ ਇਹ ਕਿ "ਚੌਬੀਸ ਅਵਤਾਰ", ਚਰਿਤ੍ਰੋਪਾਖਿਆਨ ਅਤੇ ਬਚਿੱਤਰ ਨਾਟਕ (ਜਿਵੇਂ ਕਿ ਅੰਦਰਲੀਆਂ ਗਵਾਹੀਆਂ ਤੋਂ ਪ੍ਰਗਟ ਹੈ) ਨਾਮਕ ਕਿਰਤਾਂ, ਕਵੀਆਂ, ਭੱਟਾਂ, ਪੰਡਿਤਾਂ ਆਦਿ ਦੀਆਂ ਰਚਨਾਵਾਂ ਹਨ। ਦਸਵੇਂ ਗੁਰੂ ਦੀ ਇਨ੍ਹਾਂ ਨੂੰ ਕੇਵਲ ਮਾਨਤਾ ਹੀ ਪ੍ਰਾਪਤ ਸੀ।

(ਦਸਮ ਗ੍ਰੰਥ ਦਾ ਕਰਤਿਤਵ, ਪੰਨਾ- 171)

ਦਸਵੇਂ ਗੁਰੂ ਦੇ ਸਮੇਂ ਕੇਸਵ ਪੰਡਿਤ ਦਾ ਪੁੱਤਰ, ਸੀਤਾ ਰਾਮ ਕਵੀ (ਤ੍ਰਿਖਾ ਗੋਤ ਦਾ ਬ੍ਰਾਹਮਣ) ਰੋਪੜ ਨਗਰ ਵਿੱਚ ਰਿਹਾ ਕਰਦਾ ਸੀ। ਉਹ ਆਪਣੀ ਕਵਿਤਾ "ਰਾਮ ਕਵੀ" ਜਾਂ "ਕਾਵਿ ਰਾਮ" ਛਾਪ ਵਰਤਦਾ ਸੀ। ਅਜਿਹੀ ਅਵੱਸਥਾ ਵਿੱਚ ਇਹ ਕਹਿਣਾ ਬਿਲਕੁਲ ਗ਼ਲਤ ਹੈ ਕਿ "ਰਾਮ' ਸ਼ਬਦ "ਗੋਬਿੰਦ" ਨਾਮ ਦਾ ਹੀ ਬਦਲਵਾਂ ਨਾਂ ਹੈ।

ਅੱਗੇ ਡਾ. ਜੱਗੀ ਜੀ ਲਿਖਦੇ ਹਨ- "ਇਸ ਤੋਂ ਭਲੀ ਭਾਂਤ ਸਪੱਸ਼ਟ ਹੈ ਕਿ ਦਸਮ ਗ੍ਰੰਥ ਵਿੱਚ "ਮਹਾਂਕਾਲ" ਅਤੇ "ਕਾਲੀ" ਅਸਲ ਵਿੱਚ ਸਾਕਤ ਮੱਤ ਅਨੁਸਾਰ ਹੀ ਚਿਤਰੇ ਹੋਏ ਹਨ ਕਿਉਂਕਿ ਇਨ੍ਹਾਂ ਲਿਖਤਾਂ ਤੋਂ ਸਾਕਤ ਭਗਤੀ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਇੱਥੋਂ ਤੱਕ ਕਿ ਬਚਿੱਤਰ ਨਾਟਕ ਦੇ ਕਵੀ ਨੇ ਤਾਂ ਪੂਰਬ ਜਨਮ ਵਿੱਚ ਆਪਣੇ ਚਰਿੱਤ੍ਰ-ਨਾਇਕ ਦਸਮ ਗੁਰੂ ਤੋਂ, ਮਹਾਂਕਾਲ ਅਤੇ ਕਾਲਿਕਾ ਦੀ ਯੁਗਲ ਭਗਤੀ (ਸਾਂਝੀ) ਕਰਵਾਈ ਹੈ। ਹੁਣ ਭੀ ਗੁਰੂ ਜੀ ਇਨ੍ਹਾਂ ਦੋਹਾਂ ਨੂੰ ਮਾਤਾ ਪਿਤਾ ਦੇ ਰੂਪ ਵਿੱਚ ਪ੍ਰਵਾਨ ਕਰਦੇ ਵਿਖਾਏ ਗਏ ਹਨ। ਯਥਾ- ਸਰਬਕਾਲ ਹੈ ਪਿਤਾ ਹਮਾਰਾ।

ਦੇਬਿ ਕਾਲਕਾ ਮਾਤ ਹਮਾਰਾ। (ਦਸਮ ਗ੍ਰੰਥ ਦਾ ਕਰਤਿਤਵ, ਪੰਨਾ- 184)

ਕਈ ਸਾਰੇ ਪ੍ਰਸੰਗਾਂ ਵਿੱਚ ਤਾਂ ਇਨ੍ਹਾਂ ਕਵੀਆਂ ਨੇ ਆਪਣੇ ਚਰਿੱਤਰ-ਨਾਇਕਾਂ ਤੋਂ ਭੀ ਦੇਵੀ ਦੀ ਪੂਜਾ ਕਰਵਾਈ ਹੈ। "ਅਪਨੀ ਕਥਾ" ਚਰਿੱਤ੍ਰ-ਨਾਇਕ ਦਸਮ ਗੁਰੂ ਦੇ ਸੰਬੰਧ

ਵਿੱਚ ਉਪਰ ਦੱਸਿਆ ਜਾ ਚੁੱਕਾ ਹੈ। ਹੁਣ ਹੋਰਨਾਂ ਨਾਇਕਾਂ ਬਾਰੇ ਕੁੱਝ ਮਿਸਾਲਾਂ ਪੇਸ਼ ਹਨ–

"ਪਾਰਸਨਾਥ ਅਵਤਾਰ" ਪ੍ਰਸੰਗ ਵਿੱਚ ਉਸ ਪਾਸੋਂ ਦੇਵੀ ਦੀ ਪੂਜਾ ਕਰਵਾਈ ਗਈ ਹੈ।

"ਰਾਮਾ ਅਵਤਾਰ" ਵਿੱਚ ਸਤਰੂਘਨ ਦੁਰਗਾ ਦਾ ਜਾਪ ਕਰ ਕੇ ਲਵਣਾ ਸੁਰ ਨੂੰ ਤੀਰ ਮਾਰਦਾ ਹੈ।

"ਰਾਮਾ ਅਵਤਾਰ" ਵਿੱਚ ਰਿਸ਼ੀ ਬਾਲਮੀਕ ਤਿਆਗੀ ਹੋਈ ਸੀਤਾ ਨੂੰ ਆਪਣੇ ਆਸ਼੍ਰਮ ਵਿੱਚ ਲਿਜਾ ਕੇ ਦੁਰਗਾ ਦਾ ਪਾਠ ਆਰੰਭ ਕਰ ਦਿੰਦਾ ਹੈ।

"ਕ੍ਰਿਸ਼ਨ ਅਵਤਾਰ" ਵਿੱਚ ਕਵੀ ਨੇ ਕ੍ਰਿਸ਼ਨ ਤੋਂ ਨਿਤਾਪ੍ਰਤਿ "ਦੁਰਗਾ ਸਪਤਸਤੀ" ਦਾ ਪਾਠ ਕਰਵਾ ਕੇ, ਹੋਰਨਾਂ ਤੋਂ ਭੀ ਇਹੀ ਆਸ ਕੀਤੀ ਹੈ। ਸਾਕਤ ਮੱਤ ਨੂੰ ਮੰਨਣ ਵਾਲੇ ਕਵੀਆਂ ਦੀਆਂ ਬੇਸਿਰ ਪੈਰ ਦੀਆਂ ਕਵਿਤਾਵਾਂ, ਗੁਰੂ ਗੋਬਿੰਦ ਸਿੰਘ ਜੀ ਨੇ ਨਾਮ ਨਾਲ ਜੋੜਨੀਆਂ, ਨਾ ਕਾਬਲੇ ਬਰਦਾਸ਼ਤ ਅਪਰਾਧ ਹੈ। ਗੁਰਬਾਣੀ ਵਿੱਚ ਦਰਸਾਏ ਨਿਰੰਕਾਰ ਨੂੰ ਤਿਆਗ ਕੇ, ਦਸਮ ਗੁਰੂ ਸਾਕਤ ਮੱਤ ਵੱਲ ਕਿਉਂ ਜਾਣਗੇ ? ਸਾਕਤ ਮੱਤ ਬਾਰੇ ਡਾ. ਜੱਗੀ ਦੀ ਲਿਖਤ ਪੜ੍ਹੋ– ਉਕਤ ਦੋਹਾਂ ਪੌਰਾਣਕ ਲਿਖਤਾਂ ਵਿੱਚੋਂ "ਚਰਿਤ੍ਰੋਪਾਖਿਆਨ" ਤਾਂ ਮੈਥੁਨੀ ਆਸਨਾਂ, ਚੁੰਬਨਾਂ ਅਤੇ ਗਲਵਕੜੀਆਂ ਦਾ ਵੇਰਵਾ ਮਾਤਰ ਹੈ। ਆਲਿੰਗਨ ਅਤੇ ਚੁੰਮਣ ਦੇ ਉਲੇਖ ਤੋਂ ਸ਼ਾਇਦ ਹੀ ਕੋਈ ਚਰਿਤ੍ਰ-ਪ੍ਰਸੰਗ ਬਚਿਆ ਹੋਵੇ। ਕਾਮ, ਭੋਗ ਤੇ ਵਿਲਾਸ ਲਈ ਇਸਤਰੀਆਂ ਤੋਂ ਨੀਚ ਅਤੇ ਘਿਰਣਿਤ ਕੰਮ ਕਰਵਾਏ ਗਏ ਹਨ। ਅਜਿਹੀਆਂ ਕਥਾਵਾਂ ਵਿੱਚ ਗੁਪਤ ਅੰਗਾਂ ਦਾ ਭੀ ਨਿਰਸੰਕੋਚ ਭਾਵ ਨਾਲ ਵਰਣਨ ਹੋਇਆ ਹੈ। ਅਸਲ ਵਿੱਚ ਜੋ ਅਸ਼ਲੀਲਤਵ ਖਜੋਰਾਹੋ ਅਤੇ ਜਗਨ ਨਾਥ ਪੁਰੀ ਦੇ ਮੰਦਰਾਂ ਵਿੱਚ ਮੂਰਤੀਮਾਨ ਹੈ, ਉਸੇ ਦਾ ਲਿਪੀ ਕਰਣ "ਚਰਿਤ੍ਰੋ ਪਾਖਿਆਨ" ਵਿੱਚ ਹੋਇਆ ਪੜ੍ਹਿਆ ਜਾ ਸਕਦਾ ਹੈ। (ਦਸਮ ਗ੍ਰੰਥ ਦਾ ਕਰਤਿਤਵ, ਪੰਨਾ– 187–88)

ਦਸਮ ਗ੍ਰੰਥ ਬਾਰੇ 1966 ਵਿੱਚ ਪੀਐਚ.ਡੀ. ਕਰਨ ਵਾਲੇ ਡਾ. ਜੱਗੀ ਜੀ ਨੇ ਸਿੱਖਾਂ ਵਿਚਲੇ ਲਕੀਰ ਦੇ ਫ਼ਕੀਰ ਵਿਦਵਾਨਾਂ ਨਾਲੋਂ ਵੱਖਰਾ ਤੇ ਦਲੀਲ ਯੁਕਤ ਰਸਤਾ ਅਖ਼ਤਿਆਰ ਕੀਤਾ। ਇਨ੍ਹਾਂ ਦੀਆਂ ਸਿੱਕੇ ਬੰਦ ਦਲੀਲਾਂ ਦੀ ਕੋਈ ਵਿਅੱਕਤੀ 50 ਸਾਲ ਵਿੱਚ ਭੀ ਕਾਟ ਨਹੀਂ ਕਰ ਸਕਿਆ। ਇਸੇ ਕਾਰਨ ਜਦੋਂ ਇੱਕ ਸਿੱਖ ਨੇ ਚਰਿਤਰੋ ਪਾਖਿਆਨ ਬਾਰੇ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਵਿਭਾਗ ਤੋਂ ਜਾਣਕਾਰੀ ਮੰਗੀ ਤਾਂ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਵਿਭਾਗ ਨੇ ਪੱਤਰ ਨੰ. 36672, ਮਿਤੀ 3-8-1973 ਲਿਖਿਆ ਕਿ "ਚਰਿਤਰੋ ਪਾਖਿਆਨ ਦਸਮ ਪਾਤਿਸ਼ਾਹ ਦੀ ਬਾਣੀ ਨਹੀਂ ਹੈ। ਹੋਰ ਵਧੇਰੇ ਜਾਣਕਾਰੀ ਲੈਣ ਲਈ ਡਾ. ਰਤਨ ਸਿੰਘ ਜੱਗੀ ਨਾਲ ਲਿਖਾ ਪੜ੍ਹੀ ਕੀਤੀ ਜਾਵੇ।" ਜੇਕਰ ਡਾ. ਜੱਗੀ "ਦਸਮ ਗ੍ਰੰਥ ਦਾ ਕਰਤਿਤਵ" ਪੁਸਤਕ ਨੂੰ ਦੁਬਾਰਾ ਛਪਾਉਣ ਦੀ ਆਗਿਆ ਦੇ ਦੇਣ ਤਾਂ ਉਹ ਸਾਕਤ ਮਤੀਆਂ ਨੂੰ ਪਛਾਣਨ ਵਿੱਚ ਅਤੇ ਗੁਰਬਾਣੀ ਵਾਲੀ ਸੋਚ ਨੂੰ ਉਭਾਰਨ ਵਿੱਚ, ਵੱਡਮੁੱਲਾ ਯੋਗਦਾਨ ਪਾ ਰਹੇ ਹੋਣਗੇ।

★★★★★★

ਬੋਧ ਸਾਖੀਆਂ

1. ਅਜੀਤ ਨਾਮ ਦਾ ਇੱਕ ਵਿਦਵਾਨ ਬੁੱਧ ਨੂੰ ਮਿਲਿਆ। ਅਜੀਤ ਨੇ ਆਪਣਾ ਨਾਮ ਬਦਲ ਕੇ ਅਜੀਤ (ਜਾਂ ਅਜਿੱਤ) ਇਸ ਲਈ ਰੱਖਿਆ ਸੀ ਕਿ ਗਿਆਨ ਵਿੱਚ ਉਸ ਨੂੰ ਕੋਈ ਹਰਾ ਨਹੀਂ ਸਕਦਾ ਸੀ। ਉਸ ਸਮੇਂ ਵਿੱਚ ਪ੍ਰਾਪਤ ਹੋ ਸਕਣ ਵਾਲੇ ਸਾਰੇ ਧਰਮ ਗ੍ਰੰਥ ਉਸ ਨੇ ਗਹਿਰਾਈ ਨਾਲ ਪੜ੍ਹ ਲਏ ਸਨ। ਹਰੇਕ ਗ੍ਰੰਥ ਬਾਰੇ ਆਪਣੀਆਂ ਬੇਬਾਕ ਟਿੱਪਣੀਆਂ ਕਰਦਾ ਸੀ। ਕਈਆਂ ਨੇ ਉਸ ਨੂੰ ਹੰਕਾਰੀ ਭੀ ਆਖਿਆ ਪਰ ਉਸ ਨੇ ਕਿਸੇ ਦੀ ਪਰਵਾਹ ਨਾ ਕੀਤੀ। ਉਸ ਨੇ ਬੁੱਧ ਅੱਗੇ ਬੇਨਤੀ ਕੀਤੀ ਕਿ ਮੈਂ ਬਹੁਤ ਪੜ੍ਹ ਲਿਆ ਹੈ ਪਰ ਮਨ ਅਸ਼ਾਂਤ ਹੈ। ਕੀ ਕੀਤਾ ਜਾਵੇ ? ਬੁੱਧ ਕਹਿਣ ਲੱਗਾ- "ਹੇ ਵਿਦਵਾਨ ਪੁਰਖ! ਤੂੰ ਤਪੱਸਵੀ ਹੈਂ, ਦੇਸ਼ਾਂ ਪ੍ਰਦੇਸ਼ਾਂ ਵਿੱਚ ਘੁੰਮਿਆ ਹੈਂ। ਹੁਣ ਤੂੰ ਆਪਣੇ ਆਪ ਨੂੰ ਪਛਾਣ। ਤੇਰਾ ਜਨਮ ਕਿਸ ਮਕਸਦ ਲਈ ਹੋਇਆ ਹੈ। ਤੂੰ ਇਥੇ ਆ ਕੇ ਲੋਕ ਹਿਤ ਵਿੱਚ ਕੀ ਕੰਮ ਕੀਤਾ ਹੈ। ਤੇਰੇ ਗਿਆਨ, ਤੇਰੀ ਵਿੱਦਿਆ, ਤੇਰਾ ਦੇਸ਼ ਰਟਣ ਇਸ ਨਾਲ ਦੂਜਿਆਂ ਨੂੰ ਕੀ ਫ਼ਾਇਦਾ ਹੋਇਆ ? ਮੈਨੂੰ ਪਤਾ ਲੱਗਾ ਹੈ ਕਿ ਤੂੰ ਧਰਮ ਗ੍ਰੰਥਾਂ ਦੇ ਵਿਰੁੱਧ ਬੋਲਦਾ ਹੈਂ। ਇਸ ਤੋਂ ਲੋਕੀਂ ਤੁਰੰਤ ਭੜਕ ਪੈਂਦੇ ਹਨ। ਧਰਮ ਗ੍ਰੰਥ ਜੰਗਲ ਵਿੱਚ ਸ਼ਾਂਤ ਚਿੱਤ ਘੁੰਮ ਰਹੇ ਅਜਗਰ ਵਾਂਗ ਹਨ। ਸਿਆਣਾ ਮਨੁੱਖ ਅਜਗਰ ਦੇ ਨੇੜੇ ਨਹੀਂ ਜਾਂਦਾ। ਦੂਰੋਂ ਹੀ ਰਾਹ ਬਦਲ ਲੈਂਦਾ ਹੈ। ਨੇੜੇ ਉਹ ਬਹਾਦਰ ਜਾਵੇ, ਜਿਸ ਵਿੱਚ ਅਜਗਰ ਦੀ ਸੰਘੀ ਮਰੋੜਨ ਜੋਗੀ ਤਾਕਤ ਹੋਵੇ। ਜੇ ਕਮਜ਼ੋਰ ਵਿਅਕਤੀ ਅਜਗਰ ਲਾਗੇ ਚਲਾ ਗਿਆ ਫਿਰ ਉਹ ਅਜਗਰ ਦਾ ਖਾਜਾ ਬਣ ਜਾਵੇਗਾ। ਬੁੱਧ ਨੇ ਕਿਹਾ- **"ਮੈਂ ਇਸੇ ਤਰ੍ਹਾਂ ਕੀਤਾ ਹੈ, ਮੈਂ ਅਜਗਰ ਦੀ ਸੰਘੀ ਤੋੜੀ ਹੈ।"**

2. ਬੁੱਧ ਦਾ ਪ੍ਰਮੁੱਖ ਚੇਲਾ ਅਨੰਦ ਦੂਜੇ ਸ਼ਹਿਰ ਕਿਸੇ ਕੰਮ ਲਈ ਗਿਆ। ਸਫ਼ਰ ਕਰਦਿਆਂ ਪਿਆਸ ਲੱਗੀ, ਰਸਤੇ ਵਿੱਚ ਆਏ ਪਿੰਡ ਦੇ ਖੂਹ 'ਤੇ ਪਹੁੰਚ ਗਿਆ। ਖੂਹ ਕੋਲ ਇੱਕ ਪਾਸੇ ਜਿਹੇ ਇੱਕ ਲੜਕੀ ਕੱਪੜੇ ਧੋ ਰਹੀ ਸ਼ੀ। ਅਨੰਦ ਨੇ ਪਾਣੀ ਪਿਲਾਉਣ ਲਈ ਆਖਿਆ। ਲੜਕੀ ਨੇ ਸਾਧ ਜਾਣ ਕੇ ਹੱਥ ਜੋੜੇ, ਮੱਥਾ ਟੇਕਿਆ ਤੇ ਕਹਿਣ ਲੱਗੀ ਕਿ "ਮੈਂ ਅਛੂਤ ਜਾਤ ਦੀ ਕੁੜੀ ਹਾਂ। ਮੇਰੇ ਹੱਥੋਂ ਪਾਣੀ ਪੀ ਕੇ ਤੁਹਾਡੀ ਜਾਤ ਤੇ ਤੁਹਾਡਾ ਧਰਮ ਨਸ਼ਟ ਹੋ ਜਾਵੇਗਾ। ਮੈਂ ਹੁਣੇ ਕਿਸੇ ਉੱਚੀ ਕੁੱਲ ਵਾਲੀ ਲੜਕੀ ਨੂੰ ਬੁਲਾ ਲੈਂਦੀ ਹਾਂ, ਉਸ ਤੋਂ ਪਾਣੀ ਪੀ ਲੈਣਾ।" ਅਨੰਦ ਕਹਿਣ ਲੱਗਾ, "ਭੈਣ! ਮੈਨੂੰ ਉੱਚੀ-ਨੀਵੀਂ ਜਾਤ ਨਾਲ ਕੋਈ ਫ਼ਰਕ ਨਹੀਂ ਪੈਂਦਾ। ਮੈਂ ਇਨ੍ਹਾਂ ਬੰਧਨਾਂ ਤੋਂ ਪਾਰ ਹੋ ਗਿਆ ਹਾਂ। ਤੂੰ ਭੀ ਬਾਕੀ ਇਨਸਾਨਾਂ ਵਰਗੀ ਇਨਸਾਨ ਹੈਂ। ਤੇਰੇ ਹੱਥਾਂ ਵਿੱਚ ਕੋਈ ਬੁਰਾਈ ਨਹੀਂ ਹੈ। ਮੈਨੂੰ ਪਿਆਸ ਲੱਗੀ ਹੋਈ ਹੈ, ਕਿਰਪਾ ਕਰ ਕੇ ਪਾਣੀ ਪਿਲਾ।" ਕੁੜੀ ਪਾਣੀ ਪਿਆ ਕੇ ਬਹੁਤ ਖ਼ੁਸ਼ ਹੋਈ। ਅਨੰਦ ਅਸੀਸਾਂ ਦਿੰਦਾ ਅੱਗੇ ਲੰਘ ਗਿਆ। ਪਿੱਛੇ-ਪਿੱਛੇ ਤੁਰਦੀ ਉਹ ਲੜਕੀ ਬੁੱਧ ਕੋਲ ਪਹੁੰਚ ਗਈ। ਮੱਥਾ ਟੇਕ ਕੇ ਲੜਕੀ ਨੇ ਅਰਜ ਕੀਤੀ, "ਮਹਾਰਾਜ! ਮੈਨੂੰ ਤੁਹਾਡਾ ਚੇਲਾ

ਅਨੰਦ ਚੰਗਾ ਲੱਗਾ ਹੈ। ਮੈਨੂੰ ਇਸ ਦੇ ਨਾਲ ਰਹਿਣ ਦਿਓ, ਮੈਂ ਸਾਰੀ ਉਮਰ ਇਸ ਦੀ ਸੇਵਾ ਕਰਾਂਗੀ।"

ਬੁੱਧ ਨੇ ਜੁਆਬ ਦਿੱਤਾ- "ਪੁੱਤਰੀ! ਤੂੰ ਬਹੁਤ ਸਾਰੇ ਮੰਗਤੇ, ਸਾਧ ਸੰਤ ਵੇਖੇ ਹੋਣਗੇ। ਤੂੰ ਉਨ੍ਹਾਂ ਨਾਲ ਕਦੀ ਇੰਨਾ ਪਿਆਰ ਨਹੀਂ ਜਤਾਇਆ ਹੋਣਾ। ਅਨੰਦ ਭੀ ਉਨ੍ਹਾਂ ਵਰਗਾ ਹੀ ਮਨੁੱਖ ਹੈ। ਤੈਨੂੰ ਅਨੰਦ ਦਾ ਸਰੀਰ ਨਹੀਂ, ਇਸ ਦੇ ਅੰਦਰਲੇ ਗੁਣ ਚੰਗੇ ਲੱਗੇ ਹਨ। ਪੁੱਤਰੀ! ਤੂੰ ਅਜਿਹੇ ਸਾਰੇ ਗੁਣ ਧਾਰਨ ਕਰ ਲੈ। ਲੋਕੀਂ ਤੈਨੂੰ ਭੀ ਨਮਸਕਾਰਾਂ ਕਰਨਗੇ ਪਰ ਯਾਦ ਰੱਖੀਂ, ਇਹੋ ਜਿਹੇ ਸੋਹਣੇ ਸਰੀਰਾਂ ਵਿੱਚ ਹੀ ਚੋਰ, ਬਦਮਾਸ਼ ਤੇ ਠੱਗ ਭੀ ਰਹਿੰਦੇ ਨੇ। ਪਹਿਲਾਂ ਇਸੇ ਤਰ੍ਹਾਂ ਦੀਆਂ ਮੋਮੇਠੱਗਣੀਆਂ ਗੱਲਾਂ ਕਰਦੇ ਹਨ। ਬਾਅਦ ਵਿੱਚ ਅਜਿਹੇ ਪਾਪ ਕਰਦੇ ਹਨ ਕਿ ਬਿਆਨ ਨਹੀਂ ਕੀਤੇ ਜਾ ਸਕਦੇ। ਜਾਹ ਬੇਟੀ ਆਪਣੇ ਘਰ ਚਲੀ ਜਾਹ, ਓਪਰੇ ਲੋਕਾਂ 'ਤੇ ਇਤਨੀ ਜਲਦੀ ਇਤਬਾਰ ਨਹੀਂ ਕਰੀਦਾ, ਸਾਧਾਂ 'ਤੇ ਤਾਂ ਬਿਲਕੁਲ ਨਹੀਂ।"

3. ਅੰਬ ਨਾਂ ਦੇ ਨਗਰ ਵਿੱਚ ਬੁੱਧ ਕੋਲ ਕੁੱਝ ਵਿਦਵਾਨ ਭਿਖਸ਼ੂ ਆਏ ਜੋ ਬਹੁਤ ਕ੍ਰੋਧ ਵਿੱਚ ਸਨ। ਆਖਣ ਲੱਗੇ- "ਮਹਾਰਾਜ! ਕੁੱਝ ਬ੍ਰਾਹਮਣ ਲੋਕ ਤੁਹਾਡੀ ਨਿੰਦਿਆ ਕਰ ਰਹੇ ਸਨ। ਉਹ ਕਹਿ ਰਹੇ ਸਨ ਕਿ ਤੁਸੀਂ ਝੂਠ ਬੋਲਦੇ ਹੋ। ਤੁਸੀਂ ਬ੍ਰਾਹਮਣਾਂ ਦੀ ਉੱਚਤਾ ਨੂੰ ਨਹੀਂ ਮੰਨਦੇ। ਤੁਸੀਂ ਵੇਦਾਂ ਦੀ ਨਿੰਦਿਆ ਕਰਦੇ ਹੋ। ਇਸ ਲਈ ਅਸੀਂ ਬੜੇ ਵਿਆਕੁਲ ਹਾਂ। ਤੁਸੀਂ ਇਜਾਜ਼ਤ ਦਿਓ ਤਾਂ ਅਸੀਂ ਉਨ੍ਹਾਂ ਨੂੰ ਸਬਕ ਸਿਖਾ ਆਈਏ?"

ਬੁੱਧ ਬੋਲੇ- "ਪਿਆਰੇ ਭਿਖਸ਼ੂਓ! ਤੁਸੀਂ ਪ੍ਰਚਾਰਕ ਕਾਹਦੇ ਹੋਏ ਜੇ ਵਿਚਾਰ ਸਹਿਤ ਗੱਲਬਾਤ ਹੀ ਨਾ ਕਰ ਸਕੇ। ਜੇ ਕੋਈ ਮੇਰੇ ਵਿਰੁੱਧ ਜਾਂ ਸਾਡੇ ਸੰਘ ਵਿਰੁੱਧ ਕੁੱਝ ਬੋਲਦਾ ਹੈ, ਉਸ ਨੂੰ ਧਿਆਨ ਨਾਲ ਸੁਣੋ। ਹੋ ਸਕਦਾ ਹੈ ਕਿ ਸਾਡੇ ਵਿੱਚ ਅਜਿਹੀਆਂ ਕਮੀਆਂ ਹੋਣ। ਜੇ ਉਹ ਠੀਕ ਕਹਿੰਦਾ ਹੈ ਤਾਂ ਆਪਣੀਆਂ ਕਮਜ਼ੋਰੀਆਂ ਦਾ ਸੁਧਾਰ ਕਰੋ। ਜੇ ਗ਼ਲਤ ਇਲਜ਼ਾਮ ਭੀ ਲਾ ਰਿਹਾ ਹੋਵੇ ਤਾਂ ਭੀ ਗੁੱਸਾ ਨਾ ਕਰੋ। ਗੁੱਸਾ ਕਰਨ ਨਾਲ ਤੁਸੀਂ ਸਹੀ ਇਨਸਾਫ਼ ਕਰਨ ਜੋਗੇ ਨਹੀਂ ਰਹਿੰਦੇ। ਕ੍ਰੋਧ ਵਿੱਚ ਬਦਲੇ ਦੀ ਭਾਵਨਾ ਛੁਪੀ ਹੁੰਦੀ ਹੈ ਜੋ ਧਰਮੀ ਪੁਰਖ ਵਿੱਚ ਨਹੀਂ ਹੋਣੀ ਚਾਹੀਦੀ। ਮੈਂ ਤੁਹਾਨੂੰ ਅਜਿਹੇ ਇਨਸਾਨ ਬਣਾਉਣਾ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਵਿਰੋਧੀਆਂ ਨੂੰ ਭੀ ਸਹੀ ਇਨਸਾਫ਼ ਦੇ ਸਕੋ।"

4. ਉਮਰ ਦੇ ਆਖਰੀ ਪੜਾਅ ਵਿੱਚ ਬੁੱਧ ਵੈਸ਼ਾਲੀ ਸ਼ਹਿਰ ਵਿੱਚ ਆਇਆ। ਇਸ ਸ਼ਹਿਰ ਵਿੱਚ ਅਮਰ ਪਾਲੀ ਨਾਂ ਦੀ ਅਤਿਅੰਤ ਸੁੰਦਰ ਨਰਤਕੀ ਰਹਿੰਦੀ ਸੀ। ਉਸ ਦੀ ਮਹਿਮਾ ਸਾਰੇ ਪਾਸੇ ਫੈਲੀ ਹੋਈ ਸੀ। ਅਥਾਹ ਧਨ ਦੇ ਕੇ ਰਾਜੇ ਉਸ ਨੂੰ ਆਪਣੇ ਮਹਿਲਾਂ ਵਿੱਚ ਬੁਲਾਉਂਦੇ। ਆਪਣੇ ਚਹੇਤਿਆਂ ਨਾਲ ਉਸ ਦੇ ਗੀਤ-ਸੰਗੀਤ ਅਤੇ ਦਿਲ ਲੁਭਾਉਣੇ ਵਿਚਾਰ ਸੁਣਦੇ। ਛੋਟੇ ਦਰਜੇ ਵਾਲਾ ਉਸ ਨੂੰ ਵੇਖਣਾ ਤਾਂ ਚਾਹੁੰਦਾ ਸੀ ਪਰ ਉਸ ਕੋਲ ਇੰਨੇ ਪੈਸੇ ਕਿਥੇ ਕਿ ਉਹ ਅਮਰ ਪਾਲੀ ਦੀ ਇੱਕ ਝਲਕ ਪਾ ਸਕੇ। ਬੁੱਧ ਦੀ ਮਹਿਮਾ ਦੂਰ-ਦੂਰ ਤੱਕ ਫੈਲ ਚੁੱਕੀ ਸੀ। ਵੈਸ਼ਾਲੀ ਖ਼ੁਦ ਚੱਲ ਕੇ ਮਹਾਤਮਾ ਜੀ ਦੇ ਦਰਸ਼ਨ ਕਰਨ ਆਈ। ਨਮਸਕਾਰ ਕੀਤੀ ਤੇ ਭਿਖੂਆਂ ਸਮੇਤ ਖਾਣੇ 'ਤੇ ਸੱਦਾ ਦਿੱਤਾ। ਬੁੱਧ ਨੇ ਸੱਦਾ ਪ੍ਰਵਾਨ ਕਰ ਲਿਆ। ਉਥੋਂ ਦੇ ਰਾਜੇ ਲਿੱਛਵੀ ਨੂੰ ਜਦੋਂ ਪਤਾ ਲੱਗਾ ਕਿ ਬੁੱਧ ਨੇ ਅਮਰ ਪਾਲੀ ਦੇ ਘਰ

ਜਾਣਾ ਮੰਨ ਲਿਆ ਹੈ ਤਾਂ ਉਹ ਨਿਰਾਸ ਹੋਇਆ। ਜਿਸ ਲੜਕੀ ਨੂੰ ਪੈਸੇ ਦੇ ਕੇ ਹਰ ਕੋਈ ਬੁਲਾ ਸਕਦਾ ਹੈ, ਇੱਕ ਬਜ਼ੁਰਗ ਧਰਮੀ ਪੁਰਖ ਉਸ ਦੇ ਮਹਿਲ ਵਿੱਚ ਜਾਵੇ, ਬਹੁਤ ਸ਼ਰਮ ਦੀ ਗੱਲ ਹੈ। ਧਰਮੀ ਪੁਰਖ ਤਾਂ ਉਸ ਗਲੀ ਵਿੱਚੋਂ ਦੀ ਨਹੀਂ ਲੰਘਦੇ, ਬੁੱਧ ਨੂੰ ਕੀ ਹੋ ਗਿਆ ?

ਰਾਜਾ ਲਿੱਛਵੀ ਬੁੱਧ ਕੋਲ ਗਿਆ, ਨਮਸਕਾਰ ਕੀਤੀ ਤੇ ਹੱਥ ਜੋੜ ਕੇ ਆਖਣ ਲੱਗਾ- "ਮਹਾਰਾਜ, ਭਿਖੂਆਂ ਸਮੇਤ ਸਾਡੇ ਘਰ ਚਰਨ ਪਾਓ ਖਾਣਾ ਖਵਾ ਕੇ ਅਸੀਂ ਭੀ ਜਨਮ ਸੰਵਾਰ ਲਈਏ।" ਬੁੱਧ ਆਖਣ ਲੱਗੇ- "ਆ ਜਾਵਾਂਗੇ ਪਰ ਕਿਸ ਦਿਨ ਆਈਏ ?" ਲਿੱਛਵੀ ਨੇ ਉਹੀ ਦਿਨ ਤੇ ਤਰੀਕ ਮੰਗੀ ਜਿਸ ਦਿਨ ਅਮਰ ਪਾਲੀ ਨੇ ਸੱਦਿਆ ਸੀ। ਬੁੱਧ ਨੇ ਇਨਕਾਰ ਕਰ ਦਿੱਤਾ। ਲਿੱਛਵੀ ਆਖਣ ਲੱਗਾ- "ਮਹਾਰਾਜ ਉਹ ਇੱਕ ਨਰਤਕੀ ਹੈ, ਮੈਂ ਇੱਕ ਰਾਜਾ ਹਾਂ। ਅੱਜ ਉਹ ਸਾਡੇ ਨਾਲੋਂ ਵੱਡੀ ਹੋ ਗਈ ?" ਬੁੱਧ ਬੋਲੇ- "ਨਹੀਂ ਲਿੱਛਵੀ ਨਹੀਂ! ਤੂੰ ਹੰਕਾਰ ਵਿੱਚ ਹੈਂ ਤੇ ਕ੍ਰੋਧ ਵਿੱਚ ਹੈਂ। ਨਾ ਅਮਰ ਪਾਲੀ ਵੱਡੀ ਹੈ ਨਾ ਤੂੰ ਵੱਡਾ ਹੈਂ। ਕੀਤਾ ਗਿਆ ਇਕਰਾਰ (ਬਚਨ) ਵੱਡਾ ਹੈ। ਇਹ ਇਕਰਾਰ ਮੈਂ ਪਹਿਲਾਂ ਅਮਰ ਪਾਲੀ ਨਾਲ ਕੀਤਾ ਹੈ, ਉਥੇ ਹੀ ਜਾਵਾਂਗਾ।" ਰਾਜਾ ਅਮਰ ਪਾਲੀ ਕੋਲ ਗਿਆ ਤੇ ਆਖਣ ਲੱਗਾ- "ਅਮਰ ਪਾਲੀ! ਤੂੰ ਆਪਣਾ ਸੱਦਾ ਵਾਪਸ ਲੈ ਲੈ। ਉਸ ਦਿਨ ਬੁੱਧ ਨੂੰ ਮੈਂ ਆਪਣੇ ਮਹਿਲ ਵਿੱਚ ਭੋਜਨ ਕਰਾਣਾ ਚਾਹੁੰਦਾ ਹਾਂ। ਜੇ ਤੂੰ ਮੇਰੀ ਆਖੀ ਗੱਲ ਮੰਨ ਜਾਵੇ ਤਾਂ ਮੈਂ ਇੱਕ ਲੱਖ ਰੁਪਏ (ਮੋਹਰਾਂ ਆਦਿ) ਦਿਆਂਗਾ।" ਅਮਰ ਪਾਲੀ ਕਹਿਣ ਲੱਗੀ- "ਇੱਕ ਲੱਖ ਕੀ, ਮੈਂ ਦਸ-ਵੀਹ ਲੱਖ ਭੀ ਬੁੱਧ ਵੱਟੇ ਨਹੀਂ ਲਵਾਂਗੀ, ਉਹ ਬਹੁਤ ਕੀਮਤੀ ਹਨ।"

ਕੀਤੇ ਇਕਰਾਰ ਅਨੁਸਾਰ ਬੁੱਧ ਅਮਰ ਪਾਲੀ ਦੇ ਮਹਿਲ ਵਿੱਚ ਸੇਵਕਾਂ ਸਮੇਤ ਗਏ। ਲੰਗਰ ਛਕਿਆ। ਸਾਰਿਆਂ ਨੂੰ ਜੀਵਨ ਦਾਨ ਦੇਣ ਵਾਲੇ ਉਪਦੇਸ਼ ਕੀਤੇ। ਜਦੋਂ ਮਹਾਤਮਾ ਜੀ ਵਿਦਾ ਹੋਣ ਲੱਗੇ ਤਾਂ ਅਮਰ ਪਾਲੀ ਨੇ ਨਿਮਰਤਾ ਸਹਿਤ ਬੇਨਤੀ ਕੀਤੀ- "ਮਹਾਰਾਜ! ਤੁਸੀਂ ਮੈਨੂੰ ਬੇਟੀ ਆਖ ਕੇ ਮਾਣ ਦਿੱਤਾ ਹੈ। ਰਾਜੇ ਮਹਾਰਾਜੇ ਚੋਰੀ ਛੁਪੇ ਮੇਰੇ ਕੋਲ ਆਉਂਦੇ ਸਨ। ਲੋਕਾਂ ਤੋਂ ਚੋਰੀ ਮੈਨੂੰ ਆਪਣੇ ਮਹਿਲਾਂ ਵਿੱਚ ਬੁਲਾਉਂਦੇ ਸਨ। ਇਸ ਲਈ ਮੈਂ ਉਨ੍ਹਾਂ ਤੋਂ ਬੇਅੰਤ ਪੈਸਾ ਭੀ ਲਿਆ ਹੈ। ਇੰਨੀ ਹਿੰਮਤ ਕਿਸੇ ਵਿੱਚ ਨਹੀਂ ਸੀ ਕਿ ਪ੍ਰਗਟ ਰੂਪ ਵਿੱਚ ਮੇਰੇ ਕੋਲ ਆਉਣ ਜਾਂ ਬਿਨਾਂ ਲੁਕੋ ਰੱਖਿਆਂ, ਮੈਨੂੰ ਆਪਣੇ ਮਹਿਲ ਵਿੱਚ ਬੁਲਾ ਸਕਣ। ਬੜੇ ਡਰਪੋਕ ਜਿਹੇ ਲੋਕ ਹਨ ਇਹ ਸਾਰੇ। ਤੁਸੀਂ ਇੱਕ ਸ਼ੇਰ ਮਰਦ ਨਿਕਲੇ ਜਿਨ੍ਹਾਂ ਨੇ ਮੈਂ ਅਭਾਗਣ ਨੂੰ ਬੇਟੀ ਆਖਿਆ, ਮੇਰਾ ਖਾਣੇ ਦਾ ਸੱਦਾ ਪ੍ਰਵਾਨ ਕੀਤਾ। ਤੁਹਾਡੇ ਤੋਂ ਸਿਵਾ ਮੇਰਾ ਹੋਰ ਕੋਈ ਨਹੀਂ। ਜਿਤਨੀ ਦੇਰ ਸੁਆਸ ਬਾਕੀ ਹਨ, ਮੈਨੂੰ ਇਥੇ ਰਹਿਣ ਦੀ ਆਗਿਆ ਬਖ਼ਸ਼ ਦਿਓ। ਉਸ ਤੋਂ ਬਾਅਦ ਇਹ ਬਾਗ਼ ਤੇ ਆਹ ਮਹਿਲ, ਮੈਂ ਸੰਘ ਨੂੰ ਅਰਪਣ ਕਰ ਰਹੀ ਹਾਂ। ਸਾਰਾ ਧਨ ਸਾਮਾਨ ਸਭ ਕੁੱਝ ਸੰਘ ਲਈ ਹੋਵੇਗਾ।" ਬੁੱਧ ਨੇ ਪ੍ਰਵਾਨ ਕਰ ਲਿਆ। ਅਮਰ ਪਾਲੀ ਨੂੰ ਪਿਆਰ ਅਸੀਸ ਦੇ ਕੇ ਵਿਦਾ ਹੋ ਗਏ।

ਉਸ ਤੋਂ ਮਗਰੋਂ ਅਮਰ ਪਾਲੀ ਕਿਸੇ ਰਾਜੇ ਦੇ ਅੱਗੇ ਨੱਚਣ ਨਹੀਂ ਗਈ, ਗੀਤ ਨਹੀਂ ਗਾਏ। ਉਸ ਦੀ ਹਵੇਲੀ ਸਤਸੰਗਤ ਘਰ ਬਣ ਗਈ, ਧਰਮਸ਼ਾਲ ਬਣ ਗਈ। ਉਹ ਧਰਮ ਉਪਦੇਸ਼ ਕਰਦੀ। ਬੋਧ ਕਥਾਵਾਂ ਸੁਣਾਉਂਦੀ। ਵੱਡੇ ਇਕੱਠਾਂ ਵਿੱਚ ਉਹ ਦੱਸਦੀ- "ਮੈਂ

ਰਾਜਿਆਂ ਦੇ ਮਹਿਲਾਂ ਵਿੱਚ ਜਾਂਦੀ, ਉਥੋਂ ਬੇਅੰਤ ਪੈਸਾ ਮਿਲਿਆ ਪਰ ਮੈਨੂੰ ਉਹ ਪੈਸਾ ਤੇ ਲੋਕ ਜ਼ਹਿਰ ਵਰਗੇ ਲਗਦੇ। ਇਹ ਪਿਤਾ ਬੁੱਧ ਅਜਿਹਾ ਮਨ ਨੂੰ ਭਾਇਆ ਕਿ ਸਾਰਾ ਕੁੱਝ ਉਸ ਦੇ ਚਰਨਾਂ ਵਿੱਚ ਰੱਖ ਦਿੱਤਾ। ਸਾਰਾ ਧਨ ਦੇ ਕੇ ਜੋ ਖ਼ੁਸ਼ ਮਿਲੀ, ਲੈ ਕੇ ਨਹੀਂ ਮਿਲੀ ਸੀ। ਮੈਨੂੰ ਅਮਰ ਕਰ ਗਿਆ, ਇੱਕੋ ਮਿਲਣੀ ਨਾਲ।

ਜਨਮ ਮਰਣ ਦੁਹਹੂ ਮਹਿ ਨਾਹੀ, ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਏ ॥ (749)

★★★★★★

ਸੰਖੇਪ ਸਾਰ ਬਚਨ

☛ ਦਾਨ ਵਿੱਚ ਦਿੱਤਾ ਸੋਨਾ ਇੱਕ ਸਾਧ ਨੇ ਪੁਰਾਣੇ ਕੱਪੜੇ ਵਿੱਚ ਵਲ੍ਹੇਟ ਕੇ ਨਾਲ ਲੈ ਲਿਆ। ਬਾਰ-ਬਾਰ ਚੇਲਿਆਂ ਨੂੰ ਆਖੇ, "ਪੁੱਤਰੋ! ਧਿਆਨ ਰੱਖਣਾ ਚੋਰ ਉਚੱਕੇ ਨਾ ਆ ਪੈਣ। ਰਾਤ ਆਈ ਹੈ, ਹਨ੍ਹੇਰਾ ਹੈ, ਧਿਆਨ ਰੱਖਣਾ। ਮੈਨੂੰ ਅੱਜ ਡਰ ਲੱਗ ਰਿਹਾ ਹੈ।" ਜਦੋਂ ਸਾਧ ਅਵੇਸਲਾ ਹੋਇਆ, ਇੱਕ ਚੇਲੇ ਨੇ ਸੋਨਾ ਚੁੱਕ ਕੇ ਇੱਕ ਰਾਹਗੀਰ ਨੂੰ ਦੇ ਦਿੱਤਾ ਤੇ ਸੌਂ ਗਿਆ। ਜਦੋਂ ਸਾਧ ਉੱਠਿਆ ਤੇ ਪੁੱਛਿਆ– "ਸਭ ਠੀਕ ਹੈ ਨਾ ?" "ਹਾਂ ਗੁਰੂ ਜੀ ਹੁਣ ਸਭ ਠੀਕ ਹੈ। ਜਿਸ ਚੀਜ਼ ਕਾਰਨ ਤੁਹਾਨੂੰ ਚੋਰਾਂ ਦਾ ਡਰ ਸਤਾ ਰਿਹਾ ਸੀ, ਅਸੀਂ ਉਸ ਦਾ ਫਸਤਾ ਵੱਢ ਦਿੱਤਾ ਹੈ। ਤੁਹਾਡਾ ਲੁਕਾਇਆ ਸੋਨਾ ਇੱਕ ਰਾਹ੍ਗੀਰ ਨੂੰ ਦੇ ਦਿੱਤਾ ਹੈ। ਹੁਣ ਨਿਸਚਿੰਤ ਹੋ ਜਾਓ।" ਇਸੇ ਤਰ੍ਹਾਂ ਹਰ ਮਨੁੱਖ ਕਿਸੇ ਨ ਕਿਸੇ ਕਾਰਨ ਭੈ ਭੀਤ ਹੈ।

☛ ਇੱਕ ਬ੍ਰਾਹਮਣ (ਚਾਣਕੀਯ) ਦੀ ਧੋਤੀ ਝਾੜੀ ਵਿੱਚ ਫਸ ਕੇ ਪਾਟ ਗਈ। ਸੇਵਕਾਂ ਨੇ ਝਾੜੀ ਕੱਟਣੀ ਚਾਹੀ। ਬ੍ਰਾਹਮਣ ਨੇ ਹੁਕਮ ਦਿੱਤਾ ਕਿ ਇਸ ਝਾੜੀ ਵਿੱਚ ਪੰਦਰਾਂ ਦਿਨ ਲਗਾਤਾਰ ਪਾਣੀ ਪਾਓ। ਸਾਰੇ ਬੜੇ ਹੈਰਾਨ ਸਨ। ਹੁਕਮ ਮੰਨ ਕੇ ਪਾਣੀ ਪਾਉਂਦੇ ਗਏ। ਪੰਦਰਵੇਂ ਦਿਨ ਉਸ ਨੇ ਸਾਰਿਆਂ ਨੂੰ ਕਿਹਾ ਕਿ ਅੱਜ ਜ਼ੋਰ ਲਾ ਕੇ ਇਸ ਝਾੜੀ ਨੂੰ ਜੜ੍ਹੋਂ ਪੁੱਟ ਦਿਓ, ਹੁਣ ਮਿੱਟੀ ਪੋਲੀ ਹੋ ਗਈ ਹੈ। ਇਵੇਂ ਹੀ ਕੀਤਾ ਗਿਆ। ਜੇ ਉਸੇ ਦਿਨ ਗੁੱਸੇ ਵਿੱਚ ਆ ਕੇ ਉਪਰੋਂ ਕੱਟ ਦਿੰਦੇ ਤਾਂ ਇਸ ਨੇ ਫਿਰ ਫੁੱਟ ਪੈਣਾ ਸੀ। "ਸਿਆਣਪ" ਨਾਲ ਕੰਮ ਕਰਿਆ ਕਰੋ। ਦੁਸ਼ਮਣ ਨੂੰ ਜੜ੍ਹੋਂ ਖ਼ਤਮ ਕਰਿਆ ਕਰੋ।

☛ ਦੁਨੀਆਂ ਦੇ ਹਰੇਕ ਰਾਜੇ ਨੇ ਸਿੱਕਿਆਂ 'ਤੇ ਆਪਣਾ ਨਾਮ ਲਿਖਵਾਇਆ। ਸਾਰੇ ਦੇਸ਼ ਦੀ ਜ਼ਮੀਨ ਆਪਣੀ ਬਣਾਈ। ਹਰ ਇੱਕ ਦੀ ਬੇਟੀ 'ਤੇ ਰਾਜੇ ਦਾ ਪਤਨੀ ਵਾਲਾ ਅਧਿਕਾਰ ਹੋ ਜਾਂਦਾ। ਜਦੋਂ ਚਾਹੇ ਕਿਸੇ ਦੀ ਬੇਟੀ ਨੂੰ ਆਪਣੇ ਮਹਿਲ ਵਿੱਚ ਲੈ ਜਾਵੇ। ਸਾਰਿਆਂ ਦੇ ਜੀਵਨ ਅਤੇ ਮੌਤ ਦਾ ਮਾਲਕ ਭੀ ਰਾਜਾ, ਕਿਸੇ ਨੂੰ ਮਾਰੇ ਜਾਂ ਬਖ਼ਸ਼ ਦੇਵੇ। ਬਾਬਾ ਬੰਦਾ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਸਿੱਕਿਆ 'ਤੇ ਆਪਣਾ ਨਾਮ ਨਹੀਂ ਲਿਖਵਾਇਆ।

ਜ਼ਮੀਨ ਆਪਣੀ ਨਹੀਂ ਬਣਾਈ ਸਗੋਂ ਲੋਕਾਂ ਦੀ ਬਣਾ ਦਿੱਤੀ। ਕਿਸੇ ਦੀ ਧੀ ਆਪਣੇ ਘਰ ਜੋਰੀ ਨਹੀਂ ਲਿਆਂਦੀ। ਕਿਸੇ ਦੀ ਜਾਨ ਨਹੀਂ ਲਈ। ਸਾਰਿਆਂ ਦੀ "ਰਾਖੀ" ਕੀਤੀ।

☛ ਮੁੱਲਾਂ ਨਸੀਰੂਦੀਨ ਆਮ ਲੋਕਾਂ ਨਾਲੋਂ ਬਹੁਤ ਵੱਖਰਾ ਸੀ। ਉਸ ਦੀਆਂ ਅਜੀਬ ਗੱਲਾਂ ਕਾਰਨ ਘਰ ਵਾਲੇ ਮਨੋਰੋਗਾਂ ਦੇ ਮਾਹਿਰ ਕੋਲ ਲੈ ਗਏ। ਡਾਕਟਰ ਨੇ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਕੁੱਝ ਸਵਾਲ ਪੁੱਛੇ। ਡਾਕਟਰ ਨੇ ਪੁੱਛਿਆ- "ਜੇ ਤੇਰਾ ਇੱਕ ਕੰਨ ਕੱਟ ਦੇਈਏ ਫਿਰ ਕੀ ਹੋਵੇਗਾ ?" ਮੁੱਲਾਂ ਦਾ ਜੁਆਬ ਸੀ- "ਮੈਨੂੰ ਅੱਧਾ ਸੁਣੇਗਾ।" ਡਾਕਟਰ ਨੇ ਫਿਰ ਪੁੱਛਿਆ- "ਜੇ ਦੋਵੇਂ ਕੰਨ ਕੱਟ ਦੇਈਏ ਫਿਰ ਕੀ ਹੋਵੇਗਾ ?" ਮੁੱਲਾਂ- "ਮੈਨੂੰ ਦਿੱਸਣੋਂ ਹੱਟ ਜਾਵੇਗਾ।" ਸਾਰੇ ਹੈਰਾਨ ਹੋ ਕੇ ਪੁੱਛਣ ਲੱਗੇ ਪਈ ਕੰਨ ਕੱਟ ਦੇਣ ਨਾਲ ਦਿਸਣੋਂ ਕਿਵੇਂ ਹੱਟ ਜਾਏਗਾ ? ਮੁੱਲਾਂ ਆਖਣ ਲੱਗਾ- "ਤੁਸੀਂ ਸਾਰੇ ਮੂਰਖ ਨਹੀਂ ਤਾਂ ਹੋਰ ਕੀ ਹੋ ? ਜੇ ਦੋਵੇਂ ਕੰਨ ਕੱਟ ਦਿੱਤੇ ਤਾਂ ਮੈਂ ਐਨਕ ਕਿੱਥੇ ਟਿਕਾਵਾਂਗਾ ?"

☛ ਗੁਰਬਾਣੀ ਵਿੱਚ ਕੰਵਲ ਦੇ ਫੁੱਲ ਦੀ ਕਾਫ਼ੀ ਵਡਿਆਈ ਕੀਤੀ ਗਈ ਹੈ। ਹਿੰਦੂ ਸਮਾਜ ਨਾਲ ਭੀ ਕੰਵਲ ਦੀਆਂ ਕਈ ਕਹਾਣੀਆਂ ਜੁੜੀਆਂ ਹੋਈਆਂ ਹਨ। ਇਸ ਦੀ ਮੁੱਖ ਖ਼ੂਬੀ ਜੋ ਦੱਸੀ ਗਈ ਹੈ ਕਿ ਇਹ ਚਿੱਕੜ ਜਾਂ ਪਾਣੀ ਵਿਚ ਰਹਿ ਕੇ ਭੀ ਲਿੱਬੜਦਾ ਨਹੀਂ, ਭਿੱਜਦਾ ਨਹੀਂ। ਇਹ ਭੀ ਸੱਚ ਹੈ ਕਿ ਗਾਰੇ ਚਿੱਕੜ ਤੋਂ ਬਿਨਾਂ ਪੈਦਾ ਭੀ ਨਹੀਂ ਹੁੰਦਾ ਜੇ ਚਿੱਕੜ ਨਾ ਹੋਵੇ ਤਾਂ ਕੰਵਲ ਨਹੀਂ ਹੋਵੇਗਾ। ਇਸੇ ਤਰ੍ਹਾਂ ਮਨੁੱਖ ਨੇ ਹੱਡ-ਚੰਮ-ਮਾਸ-ਲਹੂ-ਮਿੱਝ ਤੇ ਮੱਲ ਮੂਤਰ ਵਾਲੇ ਸਰੀਰ ਵਿੱਚੋਂ ਹੀ ਚੰਗਿਆਈ ਪੈਦਾ ਕਰਨੀ ਹੈ। ਜੇ ਸਰੀਰ ਵਿੱਚ ਵਿਕਾਰ ਹਨ ਤਾਂ ਗੁਣ ਭੀ ਹਨ। ਔਗੁਣਾਂ ਨੂੰ ਗੁਣਾਂ ਵਿੱਚ ਤਬਦੀਲ ਕਰਨ ਦੀ ਸਿਆਣਪ ਪੈਦਾ ਕਰਨੀ ਹੈ।

☛ ਹੀਰੇ ਦੀ ਪਰਖ ਕਰਨ ਵਾਸਤੇ ਜੋਹਰੀ ਦੀ ਅੱਖ ਹੋਣੀ ਚਾਹੀਦੀ ਹੈ। ਭਾਵ ਕਿ ਜੋਹਰੀ ਵਰਗਾ ਗਿਆਨ। ਆਮ ਮਨੁੱਖ ਵਾਸਤੇ ਹੀਰਾ ਭੀ ਇੱਕ ਪੱਥਰ ਹੈ, ਆਮ ਪੱਥਰਾਂ ਵਰਗਾ। ਜੀਵਨ ਵਿੱਚ ਕਾਮਯਾਬ ਹੋਣ ਵਾਸਤੇ ਗਿਆਨ ਹਾਸਲ ਕਰਨਾ ਸਭ ਤੋਂ ਉੱਤਮ ਕੰਮ ਹੈ। ਗਿਆਨ ਪ੍ਰਾਪਤੀ ਤੋਂ ਮਗਰੋਂ ਕਿਸੇ ਖੇਤਰ ਵਿੱਚ ਜਾਓ ਕਾਮਯਾਬੀ ਮਿਲੇਗੀ। ਚੰਗੇ-ਮੰਦੇ ਦੀ, ਖੋਟੇ-ਖਰੇ ਦੀ, ਇਨਸਾਫ਼-ਬੇਇਨਸਾਫ਼ੀ ਦੀ, ਧਰਮ ਜਾਂ ਪਾਪ ਦੀ, ਮਨੁੱਖੀ ਕਾਨੂੰਨ ਅਤੇ ਰੱਬੀ ਕਾਨੂੰਨ ਦੀ, ਕਿਸਮਤ ਅਤੇ ਮਿਹਨਤ ਦੀ ਤਾਂ ਹੀ ਸਮਝ ਆਵੇਗੀ ਜੇ ਅਕਲ ਹੈ, ਗਿਆਨ ਹੈ। ਨਹੀਂ ਤਾਂ ਮਨੁੱਖ ਪਸ਼ੂਆਂ ਵਾਂਗ ਪੇਟ ਭਰਦਾ ਹੈ, ਬੱਚੇ ਪੈਦਾ ਕਰਦਾ ਹੈ ਤੇ ਫਿਰ ਮਰਦਾ ਹੈ। ਕੁੱਝ ਕਰਦਾ ਨਹੀਂ ਹੈ।

☛ ਅਮਰੀਕਾ ਦਾ ਐਡਰੂ ਕਾਰਨੇਗੀ ਬਹੁਤ ਅਮੀਰ ਸੀ। ਬੜੀ ਧਾਂਕ ਸੀ ਉਸ ਦੀ ਦੁਨੀਆਂ ਵਿੱਚ। ਅਮਰੀਕਾ ਦੇ ਰਾਸ਼ਟਰਪਤੀ ਤੱਕ ਸਿੱਧੀ ਪਹੁੰਚ ਸੀ। ਨਿੱਤ ਦਿਨ ਅਖ਼ਬਾਰਾਂ ਵਿੱਚ ਫ਼ੋਟੋਆਂ ਛਪਦੀਆਂ ਸਨ। ਮਰਨ ਲੱਗੇ ਦਸ ਅਰਬ ਡਾਲਰ ਛੱਡ ਗਿਆ। ਬਹੁਤ ਦੁਖੀ ਸੀ। ਟੀਚਾ ਮਿੱਥਿਆ ਸੀ ਸੌ ਅਰਬ ਦਾ। ਨੱਬੇ ਅਰਬ ਡਾਲਰ ਦਾ ਘਾਟਾ ਪੈ ਗਿਆ। ਦਸ ਅਰਬ ਡਾਲਰ ਦੀ ਖ਼ੁਸ਼ੀ ਨਹੀਂ ਮਨਾਈ। ਜਿਹੜਾ ਅੱਜੇ ਕਮਾਉਣਾ ਸੀ ਪਰ ਕਮਾ ਨਹੀਂ ਸਕਿਆ, ਉਸ ਦਾ ਦੁੱਖ ਖੜਾ ਹੋ ਗਿਆ।

☛ ਹਰ ਕੰਮ ਧੀਰਜ ਨਾਲ ਕਰਨਾ ਚਾਹੀਦਾ ਹੈ, ਜਲਦਬਾਜ਼ੀ ਵਿੱਚ ਗ਼ਲਤੀਆਂ ਜ਼ਿਆਦਾ ਹੁੰਦੀਆਂ ਹਨ। ਜਿਵੇਂ ਖੂਹ ਪੁੱਟਣ ਲੱਗਿਆਂ ਪਹਿਲਾਂ ਮਿੱਟੀ ਫਿਰ ਰੋੜੇ, ਫਿਰ ਰੇਤ ਤੇ ਅਖ਼ੀਰ ਵਿੱਚ ਨਿਰਮਲ ਜਲ ਪ੍ਰਾਪਤ ਹੁੰਦਾ ਹੈ। ਦੁੱਧ ਪ੍ਰਾਪਤ ਕਰਨ ਵਾਸਤੇ ਮੱਝਾਂ ਦੀ ਸੇਵਾ ਕਰਨੀ ਹੀ ਪੈਂਦੀ ਹੈ। ਫ਼ਸਲ ਬੀਜ ਕੇ ਸੇਵਾ ਭੀ ਅਤੇ ਸੰਭਾਲ ਭੀ ਕਰਨੀ ਪਵੇਗੀ ਤਾਂ ਹੀ ਘਰ ਵਿੱਚ ਅਨਾਜ ਆਵੇਗਾ। ਧੀਰਜ ਬਹੁਤ ਜ਼ਰੂਰੀ ਹੈ।

☛ 1969 ਵਿੱਚ ਗੁਰੂ ਨਾਨਕ ਸਾਹਿਬ ਦਾ ਪੰਜ ਸੌਵਾਂ ਜਨਮ ਦਿਨ ਸੀ। ਸਾਰੇ ਨਾਨਕ ਨਾਮ ਲੇਵਾ ਸਿੱਖਾਂ ਨੇ ਬਹੁਤ ਪੈਸਾ ਖ਼ਰਚ ਕੀਤਾ। ਕਈ ਸਕੀਮਾਂ ਸ਼ੁਰੂ ਕੀਤੀਆਂ। ਰੇਲ ਵਿਭਾਗ ਵਿੱਚ ਨੌਕਰੀ ਵਾਲੇ ਇੱਕ ਸਿੱਖ ਨਾਲ ਗੱਲਬਾਤ ਹੋਈ। ਉਹ ਗੱਡੀ ਦਾ ਗਾਰਡ ਸੀ। ਇਸ ਵਾਰੀ ਪੰਜ ਸੌਵਾਂ ਗੁਰਪੁਰਬ ਕਿਵੇਂ ਮਨਾ ਰਹੇ ਹੋ? ਆਖਣ ਲੱਗਾ– **"ਅਸੀਂ ਇਸ ਮਹਿਕਮੇ ਵਿੱਚ ਨੌਕਰੀ ਵਾਲੇ ਸਿੱਖਾਂ ਨੇ ਇਕੱਠੇ ਹੋ ਕੇ ਫ਼ੈਸਲਾ ਕੀਤਾ ਹੈ ਕਿ ਘੱਟੋ-ਘੱਟ ਇੱਕ ਸਾਲ ਅਸੀਂ ਰਿਸ਼ਵਤ ਨਹੀਂ ਲਵਾਂਗੇ। ਸਹੀ ਡਿਊਟੀ ਨਿਭਾਵਾਂਗੇ। ਇਸ ਢੰਗ ਨਾਲ ਅਸੀਂ ਪੂਰਾ ਇੱਕ ਸਾਲ ਗੁਰਪੁਰਬ ਮਨਾਵਾਂਗੇ।"**

☛ ਅੱਖ ਨੇ ਪਹਾੜ ਦੇ ਪਾਰ ਦੂਰ ਤੱਕ ਵੇਖਿਆ। ਸੋਹਣੀ ਵਾਦੀ ਵੇਖ ਕੇ ਬਹੁਤ ਖ਼ੁਸ਼ ਹੋਈ। ਸਾਰਿਆਂ ਨੂੰ ਉੱਚੀ-ਉੱਚੀ ਸਮਝਾਇਆ ਕਿ ਔਹ ਸਾਹਮਣੇ ਬਹੁਤ ਸੁੰਦਰ ਦ੍ਰਿਸ਼ ਹੈ। ਕੰਨ ਕਹਿਣ ਲੱਗੇ ਕੁੱਝ ਸੁਣਾਈ ਤਾਂ ਦਿੰਦਾ ਨਹੀਂ। ਨੱਕ ਆਖਣ ਲੱਗਾ ਕੋਈ ਮਹਿਕ ਤਾਂ ਆਉਂਦੀ ਨਹੀਂ। ਜੀਭ ਕਹਿ ਉੱਠੀ ਕਿ ਸੁਆਦ ਤਾਂ ਵੇਖਿਆ ਨਹੀਂ। ਹੱਥ ਬੋਲ ਪਏ ਕਿ ਛੂਹਿਆ ਤਾਂ ਜਾਂਦਾ ਨਹੀਂ। ਫਿਰ ਬਹੁਗਿਣਤੀ ਦਾ ਫ਼ੈਸਲਾ ਸੁਣਾ ਦਿੱਤਾ ਗਿਆ ਕਿ ਅੱਖ ਝੂਠ ਬੋਲਦੀ ਹੈ।

☛ ਇੱਕ ਦਿਓ (ਲੋਭੀ ਮਨੁੱਖ) ਜੋ ਧਰਤੀ ਨੂੰ ਖਾਂਦਾ ਸੀ। ਸਮੁੰਦਰ ਨੂੰ ਪੀਂਦਾ ਸੀ। ਧਰਤੀ ਵਿਸ਼ਾਲ ਹੈ, ਸਮੁੰਦਰ ਅਥਾਹ ਹੈ। ਇਸ ਦੇ ਪਦਾਰਥ ਕਦੀ ਖ਼ਤਮ ਨਹੀਂ ਹੋਣੇ। ਨਾ ਸਮਝ ਮਨੁੱਖ ਫ਼ਿਕਰ ਮੰਦ ਹੈ ਕਿ ਕੱਲ੍ਹ ਨੂੰ ਕੀ ਖਾਵਾਂਗਾ? ਕਿਉਂਕਿ ਖ਼ਜ਼ਾਨਿਆਂ ਨੂੰ ਵਰਤਣ ਦੀ ਸੋਝੀ ਨਹੀਂ ਹੈ।

☛ ਇਸ ਧਰਤੀ 'ਤੇ ਤੁਹਾਡੇ ਆਲੇ-ਦੁਆਲੇ ਜਾਨਵਰ ਉਤਨੇ ਖ਼ਤਰਨਾਕ ਨਹੀਂ ਹਨ, ਜਿੰਨੇ ਮਨੁੱਖ ਖ਼ਤਰਨਾਕ ਹਨ। ਇਥੇ ਤਿੱਖੀਆਂ ਨਹੁੰਦਰਾਂ ਵਾਲੇ ਆਦਮੀ ਮਿਲਣਗੇ। ਖ਼ਤਰਨਾਕ ਸਿੰਗਾਂ ਵਾਲੇ, ਮਜ਼ਬੂਤ ਪੰਜਿਆਂ ਵਾਲੇ, ਜ਼ਹਿਰ ਉਗਲਦੀ ਜ਼ੁਬਾਨ ਵਾਲੇ ਮਿਲਣਗੇ। ਇਨ੍ਹਾਂ ਨੂੰ ਹੀ ਨੇਕ ਰਾਹ 'ਤੇ ਲਿਆਉਣ ਵਾਸਤੇ ਢੰਗ ਲੱਭਣੇ ਪੈਣਗੇ। ਇਨ੍ਹਾਂ ਨਾਲ ਭੀ ਪਿਆਰ ਵਾਲਾ ਸਲੂਕ ਕਰਨਾ ਹੈ।

☛ ਇੱਕ ਚੇਲੇ ਨੂੰ ਪਿਆਸ ਲੱਗੀ। ਗੁਰੂ ਦੀ ਆਗਿਆ ਲੈ ਕੇ ਅਮੀਰ ਆਦਮੀ ਦੇ ਘਰੋਂ ਪਾਣੀ ਲੈਣ ਗਿਆ। ਅਮੀਰ ਨੇ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ। ਅਮੀਰ ਆਦਮੀ ਆਪਣੇ ਜਨਮ ਦਿਨ ਦੀ ਖ਼ੁਸ਼ੀ ਵਿੱਚ ਜਸ਼ਨ ਮਨਾ ਰਿਹਾ ਸੀ। ਨੌਕਰਾਂ ਨੇ ਬਾਹਰ ਕੱਢ ਦਿੱਤਾ। ਲਜਾਰਸ ਚੇਲੇ ਨੇ ਯਿਸੂ ਨੂੰ ਸਾਰੀ ਗੱਲ ਕਹਿ ਸੁਣਾਈ। ਯਿਸੂ ਨੇ ਕਿਹਾ, "ਸੁਰਗ ਵਿੱਚ ਤੂੰ ਅਮੀਰ ਹੋਵੇਂਗਾ। ਇਹੀ ਅਮੀਰ ਬੰਦਾ ਅਗਲੇ ਜਨਮ ਵਿੱਚ ਪਾਣੀ ਲਈ ਤੇਰੇ

ਅੱਗੇ ਤਰਲੇ ਕਰੇਗਾ। ਰੋਟੀ ਲਈ ਮਿੰਨਤਾ ਕਰੇਗਾ। ਗ਼ਰੀਬ ਦੀ ਭੀ ਤਸੱਲੀ ਕਰਵਾ ਦਿੱਤੀ ਤੇ ਅਮੀਰ ਦੀ ਭੀ ਸੁਰੱਖਿਆ ਕਰ ਦਿੱਤੀ।

☛ ਧਰਮ ਦਾ ਚੋਲਾ ਪਾਈ ਬੈਠੇ ਪਾਖੰਡੀਆਂ ਨੇ ਪਹਿਲਾਂ ਲੋਕਾਂ ਨੂੰ ਡਰਾਇਆ। ਅਨੇਕ ਤਰ੍ਹਾਂ ਦੀ ਦਹਿਸ਼ਤ ਫੈਲਾ ਕੇ ਖੋਫ਼ ਜਦਾ ਕਰ ਕੇ ਉਨ੍ਹਾਂ ਨੂੰ ਲੁੱਟਿਆ, ਦਾਨ ਪੁੰਨ ਦੇ ਬਹਾਨੇ ਘੜ ਕੇ। ਸ਼ਹਿਰ ਵਿੱਚ ਰਹਿਣ ਵਾਲੇ ਲੋਕਾਂ ਦੇ ਘਰਾਂ ਦੀਆਂ ਖਿੜਕੀਆਂ, ਦਰਵਾਜ਼ੇ ਰਾਤ ਨੂੰ ਇੱਕ ਆਦਮੀ ਕਾਲੇ ਤੇ ਰੰਦੇ ਕਰ ਜਾਂਦਾ। ਉਸ ਦਾ ਸਾਥੀ ਸਵੇਰ ਨੂੰ ਆ ਕੇ ਸਾਫ਼ ਕਰਨ ਪਹੁੰਚ ਜਾਂਦਾ ਤੇ ਚੰਗੀ ਕਮਾਈ ਕਰ ਲੈਂਦਾ। ਪਾਖੰਡੀ ਧਰਮੀ ਇਹੋ ਕੁੱਝ ਕਰਦੇ ਹਨ।

☛ ਇੱਕ ਆਦਮੀ ਨੇ ਮਰਨ ਲੱਗਿਆਂ ਪਰਮੇਸ਼ਰ ਨੂੰ ਯਾਦ ਕੀਤਾ। ਨਾਲ ਹੀ ਸ਼ੈਤਾਨ ਦਾ ਗੁਣ ਗਾਇਨ ਕੀਤਾ। ਸਬੰਧੀਆਂ ਨੇ ਪੁੱਛਿਆ– "ਰੱਬ ਨੂੰ ਯਾਦ ਕਰਨਾ ਤਾਂ ਠੀਕ ਹੈ ਪਰ ਸ਼ੈਤਾਨ ਨੂੰ ਕਿਉਂ ਯਾਦ ਕੀਤਾ ?" ਆਖਣ ਲੱਗਾ– "ਰੱਬ ਦਿਆਲੂ ਹੈ ਪਰ ਸ਼ੈਤਾਨ ਬੜਾ ਖਤਰਨਾਕ ਹੈ। ਜੇ ਉਸ ਨੂੰ ਖ਼ੁਸ਼ ਨਾ ਕੀਤਾ ਤਾਂ ਨੁਕਸਾਨ ਕਰ ਦੇਵੇਗਾ। ਦੋਵਾਂ ਨੂੰ ਖ਼ੁਸ਼ ਰੱਖੋ। ਖ਼ਤਰਾ ਨਹੀਂ ਸਹੇੜਨਾ ਚਾਹੀਦਾ।" ਦੁਕਾਨਦਾਰ, ਵਾਪਾਰੀ ਤੇ ਧਰਮ ਪ੍ਰਚਾਰਕ ਇਸੇ ਬਿਰਤੀ ਵਾਲ਼ੇ ਹਨ। ਕਿਸੇ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦੇ। ਦੋ ਪੈਸੇ ਆਉਣੇ ਚਾਹੀਦੇ ਹਨ, ਜਿਵੇਂ ਮਰਜ਼ੀ ਆਉਣ।

☛ ਮੁਹੰਮਦ ਸਾਹਿਬ ਸਾਰੀ ਉਮਰ ਜੰਗ ਲੜਦੇ ਰਹੇ। ਆਪਣੇ ਸੇਵਕਾਂ ਨੂੰ ਜੰਗ ਲੜਨ ਲਈ ਤਿਆਰ ਕਰਦੇ ਰਹੇ। ਮੱਕਾ ਛੱਡ ਕੇ ਮਦੀਨੇ ਜਾ ਕੇ ਬਸਣਾ ਪਿਆ। ਉਨ੍ਹਾਂ ਦੇ ਉੱਤਰ ਅਧਿਕਾਰੀਆਂ ਨੇ ਬੇਅੰਤ ਜੰਗਾਂ ਲੜੀਆਂ ਪਰ **ਮੁਹੰਮਦ ਦੀ ਤਲਵਾਰ 'ਤੇ ਲਿਖਿਆ ਹੋਇਆ ਸੀ- "ਮੈਂ ਸੰਸਾਰ ਵਿੱਚ ਅਮਨ ਦਾ ਪੈਗ਼ਾਮ ਦੇਣ ਆਇਆ ਹਾਂ।**

☛ ਧਰਮ ਪੁਰਾਤਨਤਾ 'ਤੇ ਖੜਾ ਹੈ, ਪੁਰਾਤਨਤਾ 'ਤੇ ਹੀ ਮਾਣ ਕਰਦਾ ਹੈ। ਜਦੋਂ ਕਿ ਵਿਗਿਆਨ ਨਵੀਨਤਾ ਦਾ ਹਾਮੀ ਹੈ। ਨਵੀਨ ਸਹੂਲਤਾਂ ਪੈਦਾ ਕਰਦਾ ਹੈ। ਧਰਮ ਤਿਆਗ ਦਾ ਪ੍ਰਚਾਰ ਕਰਦਾ ਹੈ। ਵਿਗਿਆਨ ਲੋੜਾਂ ਪੂਰੀਆਂ ਕਰਦਾ ਹੈ। ਧਰਮ ਮਾਨੋ ਬੈਲ ਗੱਡੀ ਹੈ। ਵਿਗਿਆਨ ਰਾਕਟ ਦੀ ਸਪੀਡ ਨਾਲ ਅੱਗੇ ਵੱਧ ਰਿਹਾ ਹੈ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਧਰਮ ਦੇ ਪੁਰਾਣੇ ਤਰੀਕੇ 'ਤੇ ਰਵਾਇਤਾਂ ਤੋਂ ਮੁਕਤ ਹੋ ਕੇ ਸੋਚਣ ਲਈ ਹੁਕਮ ਕੀਤਾ ਹੈ। ਨਿਰੋਲ ਵਿਗਿਆਨਕ ਢੰਗ ਨਾਲ।

☛ ਨਿਰੋਲ ਸ਼ਾਂਤੀ ਮੰਗਣ ਵਾਲਿਆਂ ਦਾ ਮਨ ਅਤੇ ਸਰੀਰ ਕਮਜ਼ੋਰ ਹੋ ਜਾਂਦਾ ਹੈ। ਨਿਰੋਲ ਸ਼ਾਂਤੀ ਜਾਂ ਤਾਂ ਬਜ਼ੁਰਗ ਚਾਹੁੰਦੇ ਹਨ ਜਾਂ ਬਿਮਾਰ ਚਾਹੁੰਦੇ ਹਨ। ਕਾਮਯਾਬੀਆਂ ਪ੍ਰਾਪਤ ਕਰਨ ਲਈ ਖ਼ਤਰੇ ਸਹੇੜਨੇ ਪੈਂਦੇ ਹਨ। ਸਿਕੰਦਰ, ਵਾਸਕੋਡੀਗਾਮਾ, ਨਪੋਲੀਅਨ, ਮਾ. ਰਣਜੀਤ ਸਿੰਘ, ਹਰੀ ਸਿੰਘ ਨਲਵਾ, ਬੰਦਾ ਸਿੰਘ ਬਹਾਦਰ, ਵੈਨਜਲੇ ਆਦਿਕ ਨੇ ਸਿਆਣਪ ਅਤੇ ਦਲੇਰੀ ਨਾਲ ਕੰਮ ਕੀਤਾ ਸੀ। ਆਪਣੇ ਲੋਕਾਂ ਨੂੰ ਮਾਣ ਦਵਾਇਆ। ਕੇਵਲ ਸ਼ਾਂਤੀ ਨਹੀਂ ਮੰਗੀ। ਸ਼ਾਂਤੀ-ਸ਼ਾਂਤੀ ਕੂਕਣ ਵਾਲੇ ਕਮਜ਼ੋਰ ਲੋਕ ਹੋਇਆ ਕਰਦੇ ਹਨ। "ਨਾ ਵਧੀਕੀ ਸਹੋ, ਨਾ ਵਧੀਕੀ ਕਰੋ"।

☛ ਕੌਮਾਂ ਉਸਰਦੀਆਂ ਬੜੀ ਮਿਹਨਤ ਨਾਲ ਹਨ, ਬਹੁਤ ਦੂਰ ਅੰਦੇਸ਼ੀ ਅਤੇ

ਕੁਰਬਾਨੀਆਂ ਨਾਲ। ਬਰਬਾਦ ਕਰਨ ਵਾਸਤੇ ਜਿਵੇਂ ਬੇੜੀ ਨੂੰ ਡੋਬਣ ਲਈ ਇੱਕੋ ਸੁਰਾਖ਼ ਕਾਫ਼ੀ ਹੈ। ਸੰਗਲੀ ਦੀ ਮਜ਼ਬੂਤੀ ਇੱਕੋ ਕੜੀ ਕਮਜ਼ੋਰ ਹੋਣ 'ਤੇ ਬਰਬਾਦ ਹੋ ਜਾਂਦੀ ਹੈ। ਇੱਕੋ ਬੁਰਾਈ ਇਨਸਾਨ ਨੂੰ ਤਬਾਹ ਕਰ ਸਕਦੀ ਹੈ। ਲੰਕਾ ਨੂੰ ਭਬੀਖਣ ਨੇ, ਬਾਲੀ ਨੂੰ ਸੁਗਰੀਵ ਨੇ, ਕੌਰਵਾਂ ਪਾਂਡਵਾਂ ਨੂੰ ਸਕੁਨੀ ਨੇ, ਦੇਵਤਿਆਂ ਨੂੰ ਨਾਰਦ ਨੇ, ਭਰਤ ਨੂੰ ਜੈ ਚੰਦ ਨੇ, ਸਿੱਖ ਰਾਜ ਨੂੰ ਡੋਗਰੇ ਭਰਾਵਾਂ ਨੇ, ਬਰਬਾਦ ਕਰ ਦਿੱਤਾ ਸੀ।

☛ ਦੁਨੀਆਂ ਦੀ ਕੋਈ ਚੀਜ਼ ਅਧੂਰੀ ਚੰਗੀ ਨਹੀਂ ਲਗਦੀ। ਰਾਗ, ਕਵਿਤਾ, ਜਾਮਾ, ਚਿੱਤਰ, ਮਕਾਨ, ਵਿੱਦਿਆ, ਹੁਨਰ.... ਕੁੱਝ ਭੀ ਅਧੂਰਾ ਚੰਗਾ ਨਹੀਂ ਲਗਦਾ, ਪੂਰਾ ਹੀ ਸੋਹਣਾ ਲਗਦਾ ਹੈ। ਇਸੇ ਤਰ੍ਹਾਂ ਮਨੁੱਖ ਨੂੰ ਗੁਰਬਾਣੀ ਵਿੱਚ ਚਿਤਰੇ ਪੂਰੇ ਮਨੁੱਖ (ਗੁਰਮੁੱਖ) ਹੀ ਬਣਨਾ ਚਾਹੀਦਾ ਹੈ। ਅੱਧੇ ਅਧੂਰੇ ਨਹੀਂ।

☛ ਤਾਕਤਵਰ ਨੂੰ ਕੋਈ ਹੱਥ ਨਹੀਂ ਲਾਉਂਦਾ ਕਿਉਂਕਿ ਖ਼ਤਰਾ ਹੈ। "ਧਾਰਮਕ" ਅਖਵਾਉਣ ਵਾਲੇ ਮੁਖੀਆਂ ਨੇ ਬਲੀ ਤੇ ਕੁਰਬਾਨੀ ਦਾ ਦਸਤੂਰ ਚਾਲੂ ਕੀਤਾ ਸੀ ਪਰ ਬਲੀ ਜਾਂ ਕੁਰਬਾਨੀ (ਹਿੰਦੂ ਅਤੇ ਮੁਸਲਮਾਨ ਦੋਵੇਂ) ਕਮਜ਼ੋਰ ਜੀਵਾਂ ਦੀ ਹੀ ਪ੍ਰਵਾਨ ਕੀਤੀ ਗਈ ਹੈ, ਤਾਕਤਵਰਾਂ ਦੀ ਨਹੀਂ। ਹਾਥੀ, ਸ਼ੇਰ, ਰਿਛ, ਚੀਤਾ, ਘੋੜਾ ਆਦਿ ਨਹੀਂ ਮਾਰਿਆ ਜਾਂਦਾ। ਕਮਜ਼ੋਰਾਂ ਦੀ ਜਿਵੇਂ ਭੇਡ, ਬੱਕਰੀ, ਗਾਂ, ਮੱਝ, ਗ਼ਰੀਬ ਮਨੁੱਖ। ਮੰਦਰਾਂ ਦੇ ਮਾਲਕ ਤਾਕਤਵਰ (ਆਦਮੀ) ਬਣਦੇ ਹਨ। ਔਰਤਾਂ ਉਨ੍ਹਾਂ ਪੁਜਾਰੀਆਂ ਦਾ ਮਨੋਰੰਜਨ ਕਰਨ ਲਈ ਕੇਵਲ (ਦੇਵ) ਦਾਸੀਆਂ ਬਣਦੀਆਂ ਹਨ। ਸਾਰਾ ਜੀਵਨ ਪੁਜਾਰੀ ਲਈ ਕੁਰਬਾਨ। ਕਮਜ਼ੋਰਾਂ ਦੀ ਬਲੀ... ਮੌਤ।

☛ ਹਰਚੰਦ ਸਿੰਘ ਲੌਂਗੋਵਾਲ ਸਾਧ ਆਪਣੇ ਆਪ ਨੂੰ ਸਾਰੀ ਉਮਰ ਤਿਆਗੀ ਸਾਧ ਅਖਵਾਉਂਦਾ ਰਿਹਾ ਪਰ ਜਦੋਂ ਇਹ ਮਰਿਆ ਉਦੋਂ ਇਸ ਸਾਧ ਦੇ ਬੈਂਕਾਂ ਵਿਚਲੇ ਖਾਤਿਆਂ ਵਿੱਚੋਂ 47 ਲੱਖ ਰੁਪਏ ਜਮ੍ਹਾਂ ਸਨ। ਇਹ ਪੈਸਾ ਕਿਥੋਂ ਆਇਆ ? ਕੋਈ ਪਤਾ ਨਹੀਂ।

(ਹਵਾਲਾ- ਰੋਜ਼ਾਨਾ ਅਜੀਤ, 15-9-1988)

☛ 17-6-1984 ਨੂੰ ਹਜ਼ੂਰ ਸਾਹਿਬ ਦੇ ਪੰਜ ਪਿਆਰਿਆਂ ਨੇ ਇੱਕ ਹੁਕਮਨਾਮਾ ਜਾਰੀ ਕਰ ਕੇ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ ਅਤੇ ਰਾਸ਼ਟਰਪਤੀ ਜੈਲ ਸਿੰਘ ਨੂੰ ਤਨਖ਼ਾਈਆ ਕਰਾਰ ਦਿੱਤਾ। ਭਾਈ ਜਰਨੈਲ ਸਿੰਘ ਦਾ ਬਲੀਦਾਨ ਹੋਇਆ ਮੰਨਿਆ ਭਾਵ ਸ਼ਹੀਦ ਹੋ ਗਿਆ ਪਰ ਟਕਸਾਲ ਵਾਲੇ ਇਸ ਹੁਕਮਨਾਮੇ ਤੋਂ ਬਾਅਦ ਵੀ 21 ਸਾਲ ਤੱਕ ਝੂਠ ਬੋਲਦੇ ਰਹੇ ਕਿ ਜਰਨੈਲ ਸਿੰਘ ਜਿਉਂਦਾ ਹੈ। ਇਨ੍ਹਾਂ ਵਾਸਤੇ ਕਿੱਥੇ ਹੈ ਤਖ਼ਤਾਂ ਦਾ ਸਤਿਕਾਰ ? ਕੋਈ ਇਨ੍ਹਾਂ ਤੋਂ ਪੁੱਛਣ ਦੀ ਖੇਚਲ ਕਰੇਗਾ ?

☛ ਵਾਸੂ ਭਾਰਦਵਾਜ ਜੋ ਕਿ ਸੂਰਤ ਸ਼ਹਿਰ ਗੁਜਰਾਤ ਦਾ ਇੱਕ ਪੱਤਰਕਾਰ ਸੀ। ਕੈਂਸਰ ਦੀ ਬਿਮਾਰੀ ਦਾ ਵੱਡੇ ਹਸਪਤਾਲਾਂ ਵਿੱਚ ਇਲਾਜ ਕਰਵਾਇਆ ਪਰ ਠੀਕ ਨਾ ਹੋਇਆ। ਸੰਨ 2002 ਵਿੱਚ ਅੰਮ੍ਰਿਤਸਰ ਆ ਕੇ ਪਾਠ ਸੁਣਿਆ, ਅਰਦਾਸ ਕੀਤੀ ਤੇ (ਝੂਠ ਪ੍ਰਚਾਰਿਆ ਕਿ) "ਠੀਕ" ਹੋ ਗਿਆ। ਸਾਰੇ ਅਖ਼ਬਾਰਾਂ ਤੇ ਜਥੇਦਾਰਾਂ ਨੇ ਇਸ ਗੱਲ ਨੂੰ ਬਹੁਤ ਉਛਾਲਿਆ ਪਰ 2006 ਵਿੱਚ ਇਸ ਦੀ ਮੌਤ ਕੈਂਸਰ ਨਾਲ ਹੀ ਹੋਈ ਜਿਸ ਦੀ ਕਿਸੇ

ਨੇ ਅਖ਼ਬਾਰ ਨੇ ਕੋਈ ਖ਼ਬਰ ਨਹੀਂ ਦਿੱਤੀ। ਇੰਟਰਨੈੱਟ 'ਤੇ ਇਸ ਦੇ ਠੀਕ ਹੋਣ ਬਾਰੇ ਬਹੁਤ ਹੈ ਪਰ ਮਰਨ ਬਾਰੇ ਨਹੀਂ। ਸਰੋਵਰ ਅਤੇ ਪਾਠ ਨੂੰ ਕਰਾਮਾਤੀ ਬਣਾਉਣ ਵਾਸਤੇ ਲਗਾਤਾਰ ਝੂਠ ਬੋਲਿਆ ਗਿਆ ਤੇ ਬੋਲਿਆ ਜਾ ਰਿਹਾ ਹੈ। ਕੀ ਜਥੇਦਾਰ (ਅਖੌਤੀ) ਸਿੱਖ ਅਖਵਾਉਣ ਦੇ ਹੱਕਦਾਰ ਹਨ ?

☛ 9 ਜੁਲਾਈ 1994 ਨੂੰ ਪੰਜਾਬ ਦੇ ਗਵਰਨਰ ਸੁਰਿੰਦਰ ਨਾਥ ਦੀ ਪਰਿਵਾਰ ਦੇ ਬਾਕੀ ਨੌਂ ਜੀਆਂ ਸਮੇਤ ਹਵਾਈ ਹਾਦਸੇ ਵਿੱਚ ਮੌਤ ਹੋ ਗਈ। ਇਸ ਦੇ ਮਰਨ ਦੀ ਖ਼ਬਰ ਸੁਣਦੇ ਸਾਰ ਹੀ ਕੇਂਦਰੀ ਗ੍ਰਹਿ ਮੰਤਰੀ ਤੁਰੰਤ ਚੰਡੀਗੜ੍ਹ ਪਹੁੰਚਿਆ। ਉਹ ਸੁਰਿੰਦਰ ਨਾਥ ਦੇ ਘਰੋਂ ਬਹੁਤ ਸਾਰੇ ਬੰਡਲ (ਪੰਡਾਂ) ਬੰਨ੍ਹ ਕੇ ਨਾਲ ਲੈ ਗਿਆ। ਕੇਂਦਰੀ ਮੰਤਰੀ ਮੁਤਾਬਕ ਇਹ ਬੰਡਲ ਕੇਂਦਰ ਸਰਕਾਰ ਵੱਲੋਂ ਸਿੱਖ ਨਸਲਕੁਸੀ ਦੀਆਂ ਨੀਤੀਆਂ ਬਾਰੇ ਗੁਪਤ ਭੇਦ ਸਨ। ਪ੍ਰਧਾਨ ਮੰਤਰੀ ਦੇ ਦਫ਼ਤਰ ਨੂੰ ਮਿਲੀ ਸੂਚਨਾ ਮੁਤਾਬਕ ਇੱਕ ਕਰੋੜ 87 ਲੱਖ ਰੁਪਏ ਨਗਦ, 7 ਕਿੱਲੋ ਸੋਨਾ, 40 ਕਰੋੜ ਰੁਪਏ ਦੇ ਗਹਿਣੇ, ਦੋ ਅਰਬ ਪੰਜਾਹ ਕਰੋੜ ਰੁਪਏ ਦੀ ਜਾਇਦਾਦ ਦੇ ਦਸਤਾਵੇਜ ਸੁਰਿੰਦਰ ਨਾਥ ਦੇ ਘਰੋਂ ਮਿਲੇ ਸਨ। ਇਹ ਸਾਰਾ ਪੈਸਾ ਸਿੱਖਾਂ ਵਿਰੋਧੀ ਕੰਮ ਕਰਨ ਵਾਲੇ ਵਿਅਕਤੀਆਂ ਅਤੇ ਜਥੇਬੰਦੀਆਂ ਵਿੱਚ ਵੰਡਿਆ ਜਾਣ ਵਾਸਤੇ ਬਿਨਾਂ ਕਿਸੇ ਲਿਖਤੀ ਰਿਕਾਰਡ ਤੋਂ ਆਇਆ ਹੋਇਆ ਸੀ।

(- ਸੰਗਤ ਸਿੰਘ, ਸਪੋਕਸਮੈਨ, 11-10-08)

☛ ਅਯੁਧਿਆ ਬਾਬੂ ਜਗਨ ਨਾਥ ਬੀ.ਏ. ਨੇ ਅਗਸਤ 1922 ਵਿੱਚ ਇਸ ਪੱਤਰ ਦਾ ਪਹਿਲੀ ਵਾਰੀ ਜ਼ਿਕਰ ਕੀਤਾ। ਨਾਗਰੀ ਪ੍ਰਚਾਰਨੀ ਪਤ੍ਰਿਕਾ ਭਾਗ 3, ਅੰਕ 2, 1979 ਬਿਕਰਮੀ ਨੂੰ ਛਤਰਪਤੀ ਸਿਵਾਜੀ ਦੀ ਮਿਰਜਾ ਜੈ ਸਿੰਘ ਦੇ ਨਾਂ ਇੱਕ ਫ਼ਾਰਸੀ ਚਿੱਠੀ ਪ੍ਰਕਾਸ਼ਤ ਕੀਤੀ। ਉਸ ਦੀ ਭੂਮਿਕਾ ਵਿੱਚ ਉਨ੍ਹਾਂ ਨੇ 30 ਸਾਲ ਪਹਿਲਾਂ ਪਟਨਾ ਦੇ ਮਹੰਤ ਸੁਮੇਰ ਸਿੰਘ (1847-1903 ਬਿ.) ਤੋਂ ਦੋ ਇਤਿਹਾਸਕ ਪੱਤਰਾਂ ਦੀਆਂ ਨਕਲਾਂ ਲਈਆਂ ਸਨ। ਇਹ ਪੱਤਰ ਫ਼ਾਰਸੀ ਵਿੱਚ ਸਨ। ਇੱਕ ਸ਼ਿਵਾ ਜੀ ਵੱਲੋਂ ਜੈ ਸਿੰਘ ਵੱਲ ਇੱਕ ਗੁਰੂ ਗੋਬਿੰਦ ਸਿੰਘ ਵੱਲੋਂ ਔਰੰਗਜ਼ੇਬ ਵੱਲ ਸੀ। ਬਾਬੂ ਜਗਨ ਨਾਥ ਨੂੰ ਕੁੱਝ ਸਮਾਂ ਇਹ ਖ਼ਤ ਨਾ ਮਿਲੇ। ਪਿਆਰਾ ਸਿੰਘ ਪਦਮ ਦੇ ਹਵਾਲੇ ਮੁਤਾਬਕ ਕੁੱਝ ਸਮੇਂ ਮਗਰੋਂ ਗੁਰੂ ਗੋਬਿੰਦ ਸਿੰਘ ਵਾਲੇ ਖ਼ਤ ਦੀ ਨਕਲ ਮਿਲ ਗਈ। ਪੁਰਾਣੇ ਫਟੇ ਕਾਗ਼ਜ ਦੇ ਟੁਕੜੇ ਜੋੜ ਕੇ ਬਾਬੂ ਜੀ ਨੇ ਇਸ ਦੇ ਤੇਈ ਸਿਅਰ ਲਿਖ ਲਏ। ਇਸ ਦੀ ਨਕਲ ਭਾਈ ਉਮਰਾਓ ਸਿੰਘ ਮਜੀਠੀਆ, ਵੀਰ ਸਿੰਘ ਤੇ ਕਾਹਨ ਸਿੰਘ ਨੂੰ ਭੀ ਭੇਜ ਦਿੱਤੀ। ਭਾਈ ਵੀਰ ਸਿੰਘ ਨੇ ਪਹਿਲੀ ਵਾਰ 16-7-1942 ਦੇ ਖ਼ਾਲਸਾ ਸਮਾਚਾਰ ਵਿੱਚ ਇਸ ਨੂੰ ਛਾਪਿਆ। ਢਾਈ ਸਾਲ ਮਗਰੋਂ ਸ੍. ਕਪੂਰ ਸਿੰਘ ਨੇ ਅਜੀਤ ਉੜਦੂ (1944) ਵਿੱਚ ਇਹੀ ਖ਼ਤ ਛਾਪ ਕੇ ਨਾਮ "ਫ਼ਤਿਹਨਾਮਾ" ਰੱਖਿਆ ਫਿਰ ਇਹੀ ਨਾ ਪ੍ਰਚੱਲਤ ਹੋ ਗਿਆ। ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ "ਜ਼ਫ਼ਰਨਾਮਾ ਜਾਂ ਫ਼ਤਿਹਨਾਮਾ" ਆਖਿਆ ਜਾ ਰਿਹੈ ਹੈ, ਉਸ ਦਾ ਪਿਛੋਕੜ ਇਹ ਹੈ।

(- ਬ੍ਰ. ਦਲਜੀਤ ਸਿੰਘ, ਗੁਰਮਤਿ ਪ੍ਰਕਾਸ਼, ਫ਼ਰਵਰੀ 07,1944)

☛ ਸੱਚ ਕਹਿ ਦੂੰ ਐ ਬ੍ਰਾਹਮਣ ਗਰ ਤੂੰ ਬੁਰਾ ਨਾ ਮਾਨੇ,

ਮਿੱਟੀ ਕੀ ਮੂਰਤੀ ਕੋ ਤੂੰ ਸਮਝਤਾ ਖ਼ੁਦਾ ਹੈ।
ਮੇਰੇ ਲੀਏ ਦੇਸ਼ ਕੀ ਮਿੱਟੀ ਕਾ ਹਰ ਜ਼ਰਾ ਦੇਵਤਾ ਹੈ। (ਇਕਬਾਲ)

☛ ਜੋ ਬਾ - ਈਮਾਨ ਸਮਝੇ ਸਨ, ਉਹ ਬੇ - ਈਮਾਨ ਨਿਕਲੇ।
ਮੈਂ ਜਿਹੜੇ ਦੇਵਤੇ ਸਮਝੇ, ਨਿਰੇ ਸ਼ੈਤਾਨ ਨਿਕਲੇ। (ਈਸਰ ਸਿੰਘ ਭਾਈਆ)

☛ ਹਰ ਏਕ ਸਾਧੂ ਸੰਤ ਕਾ ਅਪਨਾ ਜਲਾਲ ਹੈ।
ਧਰਮ ਓ ਕਰਮ ਕੀ ਮੰਡੀ ਕਾ ਵੋਹ ਇੱਕ ਦਲਾਲ ਹੈ।
ਭਗਤਨੀ ਕੀ ਜੁਲਫ਼ੇਂ ਦੇਖ ਕਰ ਬੋਲਾ ਮਹਾਤਮਾ,
ਦੇਵੀ! ਤਮਾਮ ਦੁਨੀਆਂ ਇੱਕ ਮਾਇਆ ਜਾਲ ਹੈ। (ਅਗਿਆਤ)

☛ ਵੋਹ ਸ਼ਖ਼ਸ ਜਿਸ ਕਾ ਕਦ ਮੇਰੇ ਕਦ ਸੇ ਬੜਾ ਥਾ।
ਜਬ ਮੈਨੇ ਕਰੀਬ ਸੇ ਦੇਖਾ, ਵੋਹ ਕਿਸੀ ਅਉਰ ਕੇ ਕਦਮੋਂ ਮੇ ਪੜਾ ਥਾ। (ਅਗਿਆਤ)


☛ ਸਿੱਖ ਕੌਮ ਵਿੱਚ ਕਈ ਹਜ਼ਾਰ ਡੋਗਰੇ। ਇਕ ਦੋ ਤਿੰਨ ਨਹੀ, ਚਾਰ ਚਾਰ ਡੋਗਰੇ।
ਵੱਡੇ ਡੋਗਰੇ ਦਾ ਇੱਕ ਛੋਟਾ ਡੋਗਰਾ, ਛੋਟੇ ਡੋਗਰੇ ਦੇ ਕਈ ਯਾਰ ਡੋਗਰੇ।
(ਪਿਆਰਾ ਸਿੰਘ ਨਿਰਛਲ)

☛ ਖ਼ੁਦਾ ਨੇ ਆਜ ਤੱਕ ਉਸ ਕੌਮ ਕੀ ਹਾਲਤ ਨਹੀ ਬਦਲੀ,
ਨਾ ਹੋ ਜਿਸ ਕੋ ਖ਼ਿਆਲ ਖ਼ੁਦ ਅਪਨੀ ਹਾਲਤ ਬਦਲਨੇ ਕਾ। (ਅਗਿਆਤ)

☛ ਹੱਥ ਜੇ ਹੋਣ ਤਾਂ ਜੋੜਨ ਲਈ ਹੀ ਨਹੀਂ ਹੁੰਦੇ,
ਇਹ ਗਿੱਚੀਆਂ ਮਰੋੜਨ ਲਈ ਭੀ ਹੁੰਦੇ ਹਨ।
ਹੱਥ ਜੇ ਹੋਣ ਤਾਂ ਹੀਰ ਦੇ ਹੱਥੋਂ ਚੂਰੀ ਫੜਨ ਲਈ ਹੀ ਨਹੀਂ ਹੁੰਦੇ,
ਸੈਦੇ ਦੀ ਬਰਾਤ ਮੋੜਨ ਲਈ ਭੀ ਹੁੰਦੇ ਹਨ।
ਹੱਥ ਜੇ ਹੋਣ ਤਾਂ ਗਾਨੇ ਬਨਾਉਣ ਲਈ ਹੀ ਨਹੀਂ ਹੁੰਦੇ,
ਕੈਦੋਂ ਦੀਆਂ ਹੱਡੀਆਂ ਤੋੜਨ ਲਈ ਭੀ ਹੁੰਦੇ ਹਨ।
ਹੱਥ ਜੇ ਹੋਣ ਤਾਂ ਕਿਰਤ ਕਰਨ ਲਈ ਹੀ ਨਹੀਂ ਹੁੰਦੇ,
ਲੋਟੂ ਹੱਥਾਂ ਨੂੰ ਤੋੜਨ ਲਈ ਭੀ ਹੁੰਦੇ ਹਨ। (ਪਾਸ਼)

☛ ਗੁਰਵਾਕ ਹਨ...
ਜੀਵਦਿਆ ਲਾਹਾ ਮਿਲੇ, ਗੁਰ ਕਾਰ ਕਮਾਵੈ ॥
ਪੂਰਬਿ ਹੋਵੈ ਲਿਖਿਆ ਤਾਂ ਸਤਿਗੁਰੁ ਪਾਵੈ ॥
ਮਨਮੁਖ ਤੋਟਾ ਨਿਤ ਹੈ, ਭਰਮਹਿ ਭਰਮਾਏ ॥
ਮਨਮੁਖੁ ਅੰਧੁ ਨ ਚੇਤਈ, ਕਿਉ ਦਰਸਨ ਪਾਏ ॥
ਤਾ ਜਗਿ ਆਇਆ ਜਾਣੀਐ, ਸਾਚੈ ਲਿਵ ਲਾਏ ॥
ਗੁਰ ਭੇਟੇ ਪਾਰਸੁ ਭਏ, ਜੋਤੀ ਜੋਤਿ ਮਿਲਾਏ ॥ (ਮ.੧, 421)





ਪ੍ਰੋ: ਇੰਦਰ ਸਿੰਘ ਘੱਗਾ ਦੀਆਂ ਸਿਧਾਂਤਕ ਕਿਤਾਬਾਂ

1. ਧਰਮ ਦੇ ਨਾਂ 'ਤੇ.....।
2. ਸਾਡਾ ਬੇੜਾ ਇਉਂ ਗਰਕਿਆ.....।
3. ਪੌਰਾਣਕ ਕਥਾਵਾਂ ਦਾ ਅੰਤ
4. ਕਿਵੇਂ ਕੀਤਾ ਜਾ ਰਿਹੈ ਸਿੱਖਾਂ ਦਾ ਸਰਬਨਾਸ਼
5. ਦਾਨ ਦਸਵੰਧ ਜਾਂ ਵਪਾਰ
6. ਕਸੂਰਵਾਰ ਕੌਣ?
7. ਆਵਾਗਵਣ (ਚੌਰਾਸੀਂ ਲੱਖ ਜੂਨਾਂ)
8. ਜਿਨ੍ਹਾਂ ਨਾਮ ਜਪਿਆ, ਤਿਨ੍ਹਾਂ ਤੇਗ ਵਾਹੀ
9. ਤਬੀ ਚਲਾਇਓ ਪੰਥ ਜਾਂ ਡੇਰੇ ਟਕਸਾਲਾਂ?
10. ਗੁਰਮਤਿ ਦੇ ਕੁੱਝ ਚੋਣਵੇਂ ਲੇਖ
11. ਸਿੱਖੀ ਦੇ ਝੰਡਾ ਬਰਦਾਰ?
12. ਬੇਗਾਨੀ ਧੀ ਪਰਾਇਆ ਧਨ।
13. ਕਲਮ ਦੀ ਜੰਗ ਜਾਰੀ ਹੈ....
14. ਸੰਸਾਰ ਦਾ ਚੌਣਵਾਂ ਸਾਖੀ ਸਾਹਿਤ।

ਨੋਟ : 200 ਘੰਟੇ ਦੀਆਂ ਆਡਿਓ ਅਤੇ ਵੀਡਿਓ ਕਥਾ ਸੀਡੀਜ਼ ਰਿਕਾਰਡ ਹੋ ਚੁੱਕੀਆਂ ਹਨ। ਜਿਨ੍ਹਾਂ ਨੂੰ ਤੁਸੀਂ ਸਾਡੇ ਕੋਲੋਂ ਪ੍ਰਾਪਤ ਕਰ ਸਕਦੇ ਹੋ।

ਪ੍ਰਕਾਸ਼ਕ : ਫ਼ਤਿਹ ਪਬਲੀਕੇਸ਼ਨ

email : info@fatehpublications.com www : fatehpublications.com

ਪੁਸਤਕ : ਲੜੀ ਨੰ: 14 ਮੁੱਲ 200/- ਰੁਪਏ ਮਈ 2011